# ਕਿਵ ਕੂੜੈ ਤੁਟੈ ਪਾਲਿ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਕਿਵ ਕੂੜੈ ਤੁਟੈ ਪਾਲਿ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

**ਡਿਪਟੀ ਮੈਡੀਕਲ ਕਮਿਸ਼ਨਰ**

ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : ਸਤੰਬਰ, 2009

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : ਪੇਪਰ ਬੈਕ** 80/-
**ਸਜਿਲਦ** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   - ਭਾਗ–1
   - ਭਾਗ–2
   - ਭਾਗ–3
   - ਭਾਗ–4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼

# ਤਤਕਰਾ


1. ਕੀ ਅਜੋਕੀ ਨੌਜਵਾਨ ਪੀੜੀ ਬਨਾਮ ਵਿਵਸਥਾ / 5
2. ਪੰਜ ਸਾਲਾਂ 'ਚ ਕੀਤਾ ਕੀ? / 8
3. ਆਮ ਚੋਣਾਂ ਤੋਂ ਦੂਰ ਹੈ ਆਮ ਆਦਮੀ/ 10
4. ਨੋਟਾਂ ਦਾ ਵੋਟਾਂ ਨਾਲ ਸੰਬੰਧ / 19
5. ਲੋਕ ਸਭਾ ਚੋਣਾਂ 'ਚ ਖਰਚ / 24
6. ਚੋਣਾਂ ਪੈਸੇ ਵਾਲਿਆਂ ਦੀ ਖੇਡ / 27
7. ਨੋਟਾਂ ਤੇ ਵੋਟਾਂ ਦੀ ਸਿਆਸਤ 'ਚ ਵੱਧਦੀ ਮਹਿੰਗਾਈ / 30
8. ਪਾਰਟੀਆਂ ਵੱਲੋਂ ਅਪਰਾਧੀਆਂ ਨੂੰ ਟਿਕਟਾਂ /33
9. ਇਲੈਕਟ੍ਰਾਨਿਕ ਮੀਡੀਆ ਦਾ ਡਿਗਦਾ ਪੱਧਰ / 36
10. ਰਾਜਨੀਤੀ ਦੇ ਧੰਦੇ ਨਾਲ ਜੁੜਿਆ ਚੰਦਾ / 38
11. ਮੌਕਾਪ੍ਰਸਤ ਗਠਜੋੜ ਹਨ ਚੁਣਾਵੀ ਮੋਰਚੇ / 40
12. ਗਰੀਬ ਦੇਸ਼ ਦੇ ਅਮੀਰ ਸਾਂਸਦ / 45
13. ਯੂ. ਪੀ. ਏ. ਅਤੇ ਐਨ. ਡੀ. ਏ. ਸਾਮਰਾਜ ਦੇ ਚਾਕਰ / 47
14. ਰਾਜਸੀ ਪਾਰਟੀਆਂ ਦੇ ਰੰਗ ਬਰੰਗੇ ਮੈਨੀਫੈਸਟੋ ਦੇ ਕੋਰੇ ਦਾਅਵੇ / 55
15. ਵੋਟਾਂ ਤੋਂ ਟੁੱਟਦਾ ਮੋਹ ਲੋਕਾਂ ਦਾ / 57
16. ਲੋਕ ਸਭਾ ਚੋਣਾਂ-ਮੌਕਾਪ੍ਰਸਤੀ ਦਾ ਮੁਜ਼ਾਹਰਾ ਹਨ / 59
17. ਜਰਦਾਰੀ ਸਰਕਾਰ ਤੇ ਸ਼੍ਰੀਲੰਕਾ ਕ੍ਰਿਕਟ ਟੀਮ ਤੇ ਹਮਲਾ / 62
18. ਸ਼ੇਅਰ ਤੇ ਮੁਦਰਾ ਬਾਜ਼ਾਰ 'ਚ ਮੰਦੀ ਦੇ ਬਾਵਜੂਦ ਸੋਨੇ 'ਚ ਤੇਜ਼ੀ / 66
19. ਮਿਹਨਤ ਦਸ਼ਾ ਦਾ ਰਾਜ ਹੀ ਇਸ ਦਾ ਹੱਲ ਹੈ / 69
20. ਨਰੇਗਾ 'ਚ ਲੱਖਾਂ ਦਾ ਘਪਲਾ / 73
21. ਉੱਚ ਸਿੱਖਿਆ ਦਾ ਇਲਾਜ / 75
22. ਝਾਰਖੰਡ ਦੇ ਮੂਲ ਨਿਵਾਸੀ ਬਣੇ ਸਰਦਾਰ / 78
23. ਆਪਸੀ ਮਤਭੇਦਾਂ ਦਾ ਫਾਇਦਾ ਲਿਆ / 81
24. ਡਾਕ ਟਿਕਟਾਂ ਦਾ ਗੋਰਖ ਧੰਦਾ / 85
25. ਦੇਸ਼ ਮਨੁੱਖੀ ਵਿਕਾਸ ਦੇ ਸੂਚਕਾਂਕ 'ਚ ਕਾਫੀ ਹੇਠਾਂ / 88
26. ਛਤੀਸ਼ਗੜ੍ਹ 'ਚ ਲੋਕ ਬਣੇ ਕਰੋੜਪਤੀ / 92
27. ਪਾਸਵਾਨ ਦੀ 'ਲੋਜਪਾ' ਲੋਕ ਗਨਸ਼ਕਤੀ ਪਾਰਟੀ / 95
28. ਸਿੱਖਿਆ, ਅਧਿਆਪਕ ਤੇ ਸਮਾਜ ਸੰਕਟ 'ਚ / 98
29. ਜੋਕਾਂ ਦਾ ਨਹੀਂ, ਮੇਹਨਤਕਸ਼ਾਂ ਦਾ ਸਮਾਜ ਚਾਹੀਦੈ / 103
30. ਜੀ-20 ਦੇ ਸਿਖਰ ਸੰਮੇਲਨ ਦੀ ਕਾਰਗੁਜਾਰੀ / 106
31. ਅਮਰੀਕੀ-ਜਪਾਨੀ ਸਾਮਰਾਜਵਾਦ ਬਨਾਮ ਉਤਰੀ ਕੋਰੀਆ / 109
32. ਕਾਰਪੋਰੇਟ ਯੋਗੀ ਰਾਮਦੇਵ ਹੁਣ ਸਿਆਸਤ 'ਚ / 111
33. ਹਿਮਾਚਲ ਦੀਆਂ ਵਾਦੀਆਂ ਅਸ਼ਾਂਤ / 115
34. ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਪ੍ਰਭਾਵ / 117
35. ਮੈਡੀਕਲ ਸਦਾਚਾਰ 'ਚ ਸੰਕਟ / 127
36. ਸਾਮਰਾਜੀ ਪੈਂਤਰੇਬਾਜ਼ੀ ਹੈ ਓਬਾਮਾ ਦੀ ਇਰਾਨ ਪ੍ਰਤੀ ਦੋਸਤੀ / 132
37. ਝਾਰਖੰਡ 'ਚ ਪੁਲਸੀ ਕਤਲੇਆਮ ਦੀ ਦਹਿਸ਼ਤ / 135
38. ਆਈ. ਐਮ. ਐਫ਼. ਦੀ ਅਜੀਬੋ ਗਰੀਬ ਵਾਪਸੀ / 137
39. ਕਿਸ ਕੀਮਤ 'ਤੇ ਪ੍ਰਮਾਣ ਬਿਜਲੀ / 140
40. ਵੱਡੇ ਬਿਜਲੀ ਚੋਰਾਂ ਦੇ ਵੱਡੇ ਵੱਡੇ ਸਰਪ੍ਰਸਤ / 143
41. ਖਪਤ ਸਭਿਆਚਾਰ / 146
42. ਮਜ਼ਦੂਰ ਅੰਦੋਲਨ ਦੀ ਸ਼ੁਰੂਆਤ / 151
43. ਪ੍ਰਮਾਣੂ ਹਥਿਆਰਾਂ ਤੋਂ ਸੰਸਾਰ ਮੁਕਤ ਹੋਵੇ / 157
44. ਅਲ-ਸਲਵਾ ਡੋਰ 'ਚ 'ਖੱਬੇਪੱਖੀ' ਪਾਰਟੀ ਦੀ ਜਿੱਤ / 159
45. ਅਮੀਰਾਂ ਲਈ ਗੱਫੇ, ਗਰੀਬਾਂ ਲਈ ਧੱਕੇ / 161
46. ਗਰੀਬਾਂ ਦੀ ਖੁਸਦੀ ਰੋਟੀ-ਰੋਜ਼ੀ / 163
47. ਝਮੇਲਿਆਂ 'ਚ ਫਸਦੇ ਬਾਬੇ / 165
48. ਸ੍ਰੀ ਲੰਕਾ ਦੀ ਜਾਤੀ ਸਮੱਸਿਆ ਦਾ ਹੱਲ / 161
49. ਮਜ਼ਦੂਰਾਂ ਲਈ ਨਵੀਂ ਪੈਨਸ਼ਨ ਯੋਜਨਾ / 173
50. ਮਜ਼ਦੂਰਾਂ ਨੂੰ ਮੇਹਨਤ ਦੇ ਬਾਵਜੂਦ ਵੀ ਥੱਪੜ / 175

# ਕੀ ਅਜੋਕੀ ਨੌਜਵਾਨ ਪੀੜੀ ਬਨਾਮ ਵਿਵਸਥਾ

ਸਾਡੇ ਦੇਸ਼ ਦੀ ਕੁੱਲ ਅਬਾਦੀ 'ਚ ਮਹੱਤਵਪੂਰਨ ਭਾਗ ਨੌਜਵਾਨਾਂ ਦਾ ਹੈ, ਸਮਾਜ 'ਚ ਨੌਜਵਾਨਾਂ ਦਾ ਜਿਨ੍ਹਾਂ ਵੱਧ ਅਨੁਪਾਤ ਹੁੰਦਾ ਹੈ, ਉਨ੍ਹਾਂ 'ਚ ਸਭਿਆਚਾਰਕ ਤੇ ਸਮਾਜਕ ਤਬਦੀਲੀ ਦੀ ਸੰਭਾਵਨਾ ਉਨੀ ਹੀ ਵੱਧ ਹੁੰਦੀ ਹੈ। ਇਸ ਬਦਲਾਅ ਦੀ ਕਿਸਮ ਰਚਨਾਤਮਕ ਹੋ ਸਕਦੀ ਹੈ ਜਾਂ ਨਕਾਰਾਤਮਕ ਵੀ। ਨਿਰਭਰ ਇਸ ਗੱਲ 'ਤੇ ਕਰਦਾ ਹੈ ਕਿ ਨੌਜਵਾਨਾਂ ਦੀ ਊਰਜਾ ਕਿਸ ਦਿਸ਼ਾ ਵਿਚ ਮੋੜੀ ਜਾਂਦੀ ਹੈ ਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਮੌਕੇ ਮੁਹੱਈਆ ਕਰਵਾਏ ਜਾਂਦੇ ਹਨ। ਸੰਨ 2007 ਦੀ ਯੂ. ਐਨ. ਡੀ. ਪੀ. ਰਿਪੋਰਟ ਦੱਸਦੀ ਹੈ ਕਿ ਸਾਰਥਿਕ ਨਾਗਰਿਕ ਬਣਨ ਲਈ ਦੋ ਵੱਡੇ ਕਾਰਕਾਂ ਦੀ ਲੋੜ ਹੁੰਦੀ ਹੈ ਤੇ ਉਹ ਹਨ ਨੌਜਵਾਨਾਂ ਦੀ ਸਮੱਰਥਾ ਤੇ ਆਪਣੀ ਪਸੰਦ ਦੀ ਵਰਤੋਂ ਕਰ ਸਕਣ 'ਚ ਉਨ੍ਹਾਂ ਦੀ ਅਜ਼ਾਦੀ, ਨੌਜਵਾਨਾਂ ਦੀ ਭਾਗੀਦਾਰੀ ਨੂੰ ਕਈ ਪੱਧਰਾਂ 'ਤੇ ਅੰਗਿਆ ਜਾ ਸਕਦਾ ਹੈ। ਕੌਮੀ ਸੇਵਾ ਯੋਜਨਾ (ਜਿਸ ਦੇ ਨਾਲ 80 ਲੱਖ ਗੈਰ-ਵਿਦਿਆਰਥੀ ਪੇਂਡੂ ਨੌਜਵਾਨ ਸਬੰਧਤ ਹਨ) ਅਤੇ ਸਕਾਊਟ ਤੇ ਗਾਈਡ ਵਰਗੀਆਂ ਸਰਕਾਰੀ ਯੋਜਨਾਵਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਨੌਜਵਾਨਾਂ ਨੂੰ ਰਚਨਾਤਮਕ ਸਰਗਰਮੀਆਂ ਵਿਚ ਲਾਉਣ ਪਰ ਅਜਿਹੀਆਂ ਸਰਗਰਮੀਆਂ 'ਚ ਉਨ੍ਹਾਂ ਦੀ ਸ਼ਮੂਲੀਅਤ ਨਾ ਮਾਤਰ ਹੀ ਹੈ ਕਿਉਂਕਿ ਇਸ ਨੈੱਟਵਰਕ ਦਾ ਅਸਰ ਸਰਕਾਰ ਰਿਪੋਰਟਾਂ 'ਚ ਸਭਈ ਜ਼ਿਕਰ ਨੂੰ ਛੱਡ ਕੇ ਹੋਰ ਕਿਤੇ ਨਜ਼ਰ ਨਹੀਂ ਆਉਂਦਾ। ਰਾਜਨੀਤੀ ਨੂੰ ਸੱਤਾ ਦੀ ਗੰਦੀ ਖੇਡ ਦੇ ਬਰਾਬਰ ਮੰਨਿਆ ਜਾਂਦਾ ਹੈ ਇਸ ਲਈ ਜ਼ਿਆਦਾਤਰ ਨੌਜਵਾਨ ਇਸ ਤੋਂ ਦੂਰ ਹੀ ਰਹਿੰਦੇ ਹਨ, ਵਿਆਪਕ ਨਜ਼ਰੀਏ ਨਾਲ ਵੇਖੀਏ ਤਾਂ ਰਾਜਸੀ ਸਰਗਰਮੀ ਬਦਲਾਅ ਦਾ ਐਸਾ ਅਮਲ ਹੈ ਜਿਸ ਦਾ ਮਾਰਗ ਦਰਸ਼ਨ ਸਮਾਜਕ ਸਚਾਈਆਂ ਦੀ ਰਾਜਸੀ ਸਮਝ ਕਰਦੀ ਹੈ, ਅਜਿਹੀਆਂ ਪ੍ਰਤੀਕਿਰਿਆਵਾਂ ਜ਼ਿਆਦਾਤਰ ਵਿਦਿਆਰਥੀ ਸੰਗਠਨਾਂ 'ਚ ਨਾਂ ਦੇ ਬਰਾਬਰ ਹਨ ਜੋ ਰਾਜਸੀ ਪਾਰਟੀਆਂ ਨਾਲ ਜੁੜੇ ਹਨ, ਜਨਤਾ ਦੀ ਆਵਾਜ਼ ਨੂੰ ਲੈ ਕੇ ਸਾਰੀਆਂ ਅਲੋਚਨਾਵਾਂ ਦੇ ਬਾਵਜੂਦ ਨੌਜਵਾਨ ਸ਼ਮੂਲੀਅਤ ਦੇ ਪ੍ਰਦਰਸ਼ਨ ਦਾ ਜੋ ਸਭ ਤੋਂ ਵੱਡਾ ਅਯੋਜਨ ਨਜ਼ਰ ਆਉਂਦਾ ਹੈ ਉਹ ਹੈ ਆਮ ਚੋਣਾਂ। ਅਧਿਐਨ ਦੱਸਦੇ ਹਨ ਕਿ ਨੌਜਵਾਨਾਂ ਦੀ ਬਹੁ ਗਿਣਤੀ ਲੋਕਤੰਤਰ ਤੇ ਵੋਟ ਦੇ ਆਪਣੇ ਅਧਿਕਾਰ 'ਚ ਡੂੰਘਾ ਵਿਸ਼ਵਾਸ ਰੱਖਦੀ ਹੈ। ਨਰਮਦਾ ਬਚਾਓ ਅੰਦੋਲਨ ਅਤੇ ਚਿਪਕੋ ਵਰਗੇ ਅੰਦੋਲਨਾਂ ਨਾਲ ਮੋਟੇ ਤੌਰ 'ਤੇ ਅਜਿਹੇ ਨੌਜਵਾਨ ਜੁੜੇ ਹੋਏ ਹਨ ਜਿਨ੍ਹਾਂ ਨੇ ਵਿਕਾਸ ਦੀ ਕਿਸਮ 'ਤੇ ਵੀ ਉਂਗਲੀ ਉਠਾਈ ਸੀ ਅਤੇ ਜੋ ਪ੍ਰਸ਼ਾਸਨਿਕ ਰਾਜਸੀ ਤੇ ਆਰਥਕ ਪ੍ਰਣਾਲੀਆਂ 'ਚ ਢਾਂਚਾਗਤ ਬਦਲਾਅ ਚਾਹੁੰਦੇ ਸਨ। ਪਿੱਛੇ ਜਿਹੇ ਹੀ ਅਸੀਂ 'ਗਲਾਬੀਚੜੀ' ਵਾਲੀ ਮੁਹਿੰਮ ਦੇਖ ਚੁੱਕੇ ਹਾਂ ਜਿਸ ਨੇ ਨੈਤਿਕਤਾ ਦੇ ਪਹਿਲੂਆਂ ਰਾਹੀਂ ਔਰਤ ਅਧਿਕਾਰਾਂ ਦੀ ਉਲੰਘਣਾ ਦਾ ਵਿਰੋਧ ਕੀਤਾ, ਦੂਜੇ ਪਾਸੇ ਅਸਾਮ ਤੇ ਮਹਾਂਰਾਸ਼ਟਰ 'ਚ ਬਹਿਰਾਗਤਾਂ ਦੇ ਖਿਲਾਫ਼ ਜਬਰਦਸਤ ਫੁੱਟ ਪਾਊ ਮੁਹਿੰਮਾਂ ਦੇਖਣ ਵਿਚ ਆਈਆਂ ਹਨ। ਭਾਰਤ ਦਾ ਮਹੌਲ ਸਮਾਜਕ ਬਦਲਾਅ ਲਈ ਤਿਆਰ ਹੈ ਅਤੇ ਨੌਜਵਾਨ ਇਥੇ ਬਦਲਾਅ ਦੀ ਅਗਵਾਈ ਕਰਨ ਦੇ ਬੇਹਤਰਹੀਨ ਵਾਹਕ ਹੋਣਗੇ। ਪਰ ਨੌਜਵਾਨਾਂ ਨੇ ਅਨਿਆਂ ਵਿਰੁੱਧ ਲੜਨ ਦੀ ਬਜਾਏ ਮੋਟੇ ਤੌਰ 'ਤੇ ਸਮਝੌਤਾ

ਕਰਨ ਦਾ ਵਿਕਲਪ ਚੁਣ ਲਿਆ ਹੈ। ਵੱਖ ਵੱਖ ਖੇਤਰਾਂ 'ਚ ਮੌਕਿਆਂ ਦੀ ਨਾ ਬਰਾਬਰੀ ਕਾਰਨ ਉਨ੍ਹਾਂ 'ਚੋਂ ਕਈ ਨੌਜਵਾਨ ਖੁੰਡੇ ਤੇ ਬੇਸਹਾਰਾ ਹੋ ਗਏ ਹਨ। ਉਨ੍ਹਾਂ ਦੀ ਊਰਜਾ ਦੇਸ਼ ਦੀ ਉਸਾਰੀ 'ਚ ਲੱਗਣ ਦੀ ਬਜਾਏ 'ਆਪਣੀ ਹੋਂਦ ਬਚਾਉਣ' ਦੇ ਅਮਲ ਵਿਚ ਹੀ ਖਰਚ ਹੋ ਜਾਂਦੀ ਹੈ, ਦੇਸ਼ 'ਚ ਨੌਜਵਾਨਾਂ ਦਾ ਨਾ ਤਾਂ ਕੋਈ ਭਰੋਸੇਯੋਗ ਅੰਦੋਲਨ ਹੈ ਤੇ ਨਾ ਕੋਈ ਅਸਲੀ ਲੀਡਰਸ਼ਿਪ ਤੇ ਨਾ ਕੋਈ ਸਾਂਝਾ ਨਜ਼ਰੀਆ ਹੀ ਹੈ। ਨੌਜਵਾਨਾਂ ਨੂੰ ਅੱਜ ਵੀ ਐਸੇ ਸਮੂਹ ਵਜੋਂ ਵੇਖਿਆ ਜਾਂਦਾ ਹੈ ਜਿਨ੍ਹਾਂ ਤੇ ਨਿਗਰਾਨੀ ਰੱਖਣਾ ਤੇ ਜਿਸਦੇ ਕੰਮ 'ਚ ਦਖਲ ਅੰਦਾਜ਼ੀ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਅੱਜ ਦੇ ਨਾਗਰਿਕ ਹਨ, ਆਉਣ ਵਾਲੇ ਕੱਲ ਦੇ ਨਹੀਂ। ਉਮੀਦ ਤਾਂ ਨੌਜਵਾਨ ਦੇ ਯਤਨ ਤੋਂ ਹੀ ਰਹਿੰਦੀ ਹੈ ਜੋ ਇਹ ਦਰਸਾਉਂਦਾ ਹੈ ਕਿ ਉਹ ਬਦਲਾਅ ਦੇ ਪ੍ਰਤੀਕ ਹੋ ਸਕਦੇ ਹਨ। ਜੇ ਉਨ੍ਹਾਂ ਦਾ ਨਜ਼ਰੀਆ ਸੀਮਤ ਸਿੱਧ ਹੁੰਦਾ ਹੈ ਤਾਂ ਗਲਤੀ ਸਾਡੀ ਹੈ ਕਿਉਂਕਿ ਉਨ੍ਹਾਂ ਦੀ ਕਰਨੀ ਬਦਲਾਅ ਨੂੰ ਲੈ ਕੇ ਸਾਡੇ ਸੀਮਤ ਨਜ਼ਰੀਏ ਦੀ ਹੀ ਝਲਕ ਦਿੰਦੀ ਹੈ।

ਆਮ ਧਾਰਨਾ ਨੌਜਵਾਨਾਂ ਬਾਰੇ ਇਹ ਹੈ ਕਿ ਇਹ ਐਸੀ ਭਾਵਹੀਣ ਪੀੜੀ ਹੈ ਜੋ ਆਪਣੀ ਹੀ ਜੀਵਨ ਸ਼ੈਲੀ 'ਚ ਬਹੁਤ ਹੱਦ ਗੁਆਚ ਗਈ ਹੈ ਤੇ ਉਸ ਨੂੰ ਸਮਾਜ ਦੀ ਪ੍ਰਵਾਹ ਨਹੀਂ ਹੈ ਪਰ ਸਚਾਈ ਇਹ ਹੈ ਕਿ ਹਰ ਪੀੜੀ ਇਸ ਸਮਾਜ ਦਾ ਹੀ ਹਿੱਸਾ ਹੁੰਦੀ ਹੈ ਜਿਸ ਵਿਚ ਉਹ ਰਹਿੰਦੀ ਹੈ। ਅੱਜ ਜੇ ਨੌਜਵਾਨ ਭਾਵਹੀਣ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਉਹ ਨਿਰਾਸ਼ ਹਨ ਉਹ ਬੇਸਹਾਰਾ ਮਹਿਸੂਸ ਕਰਦੇ ਹਨ ਅਤੇ ਸਾਡੇ ਦੇਸ਼ ਦੀ ਨੌਕਰਸ਼ਾਹੀ ਵਿਵਸਥਾ ਦੀ ਲਾਲ ਫੀਤਾ ਸ਼ਾਹੀ 'ਚ ਗੁੰਮ ਹੋ ਗਏ ਨਜ਼ਰ ਆਉਂਦੇ ਹਨ।

ਦੇਸ਼ ਦੀ 70 ਫੀਸਦੀ ਅਬਾਦੀ 35 ਸਾਲਾਂ ਤੋਂ ਘੱਟ ਉਮਰ ਦੀ ਹੈ ਅਤੇ ਉਹ ਪਲਾਇਨ ਦੀ ਰਾਜ ਖੋਜ ਰਹੀ ਹੈ। ਇਹ ਰਾਹ ਉਨ੍ਹਾਂ ਨੂੰ ਆਪਣੀ ਵਿਕਲਪਿਕ ਜੀਵਨ ਸ਼ੈਲੀਆਂ ਵਿਚ ਨਜ਼ਰ ਆਉਂਦਾ ਹੈ ਜੋ ਉਸ ਅਸਿਭਅਕ ਸਮਾਜ ਤੋਂ ਬਿਲਕੁਲ ਵੱਖ ਹੈ ਜਿਸ ਦਾ ਅਸੀਂ ਹਿੱਸਾ ਬਣ ਚੁੱਕੇ ਹਾਂ ਪਹਿਲਾਂ ਜ਼ਮਾਨਾ ਨਿਸ਼ਚਿਤ ਤੌਰ 'ਤੇ ਬੇਹਤਰ ਸੀ, ਉਦੋਂ ਅਪਰਾਧ ਘੱਟ ਹੁੰਦੇ ਸਨ ਅਤੇ ਸਮਾਜਕ ਢਾਂਚਾ ਮਜ਼ਬੂਤ ਸੀ। ਹੁਣ ਸਮਾਜ ਪੱਛਮ ਦਾ ਪਿੱਛਲੱਗ ਹੈ ਤੇ ਭ੍ਰਿਸ਼ਟ ਵੀ ਹੈ। ਇਸ ਕਾਰਨ ਨੌਜਵਾਨਾਂ ਦਾ ਨਰਾਜ਼ ਤੇ ਨਿਰਾਸ਼ ਹੋਣਾ ਸੁਭਾਵਿਕ ਹੀ ਹੈ। ਹੋਰ ਕੋਈ ਤਬਦੀਲੀ ਚਾਹੁੰਦਾ ਹੈ ਪਰ ਨਿੱਜੀ ਤੌਰ 'ਤੇ ਅਸੀਂ ਸਭ ਅਜਿਹੇ ਅਹਿਸਾਸ ਵਿਚੋਂ ਲੰਘਦੇ ਹਾਂ ਜਦ ਸਥਿਤੀ ਨੂੰ ਬਦਲਣਾ ਚਾਹੁੰਦੇ ਹਾਂ ਪਰ ਬਦਲ ਨਹੀਂ ਸਕਦੇ। ਉਹ ਜਾਣ ਦੇ ਨਹੀਂ ਹਨ ਕਿ ਤਬਦੀਲੀ ਲਿਆਂਦੀ ਕਿਵੇਂ ਜਾਵੇ। ਨੌਜਵਾਨ ਐਸੇ ਪ੍ਰਬੰਧ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ ਜਿਥੇ ਉਨ੍ਹਾਂ ਦੀ ਆਪਣੀ ਆਵਾਜ਼ ਦਬ ਕੇ ਰਹਿ ਜਾਵੇ। ਸੁਆਲ ਇਹ ਵੀ ਹੈ ਕਿ ਜੇ ਨੌਜਵਾਨ ਬਦਲਾਅ ਲਿਆਉਣਾ ਚਾਹੁੰਦੇ ਹਨ ਤਾਂ ਉਹ ਇਸ ਵੱਲ ਰੁਖ ਕਿਉਂ ਨਹੀਂ ਕਰਦੇ? ਉਹ ਚੋਣਾਂ ਰਾਹੀਂ ਨੇਤਾ ਚੁਣਨ 'ਚ ਸਰਗਰਮ ਕਿਉਂ ਨਹੀਂ ਹੁੰਦੇ, ਇਸਦਾ ਜਵਾਬ ਵੀ ਸਿੱਧਾ ਹੈ ਕਿ ਰਾਜਨੀਤੀ ਅੱਜਕੱਲ ਗੰਦਾ ਸ਼ਬਦ ਹੋ ਗਈ ਹੈ। ਨੇਤਾਵਾਂ ਨੂੰ ਚੁਣਨ ਦੇ ਬਦਲ ਬਹੁਤ ਹੀ ਸੀਮਤ ਹਨ। ਹੁਣ ਸੁਆਲ ਇਹ ਨਹੀਂ ਹੈ ਕਿ ਤੁਸੀਂ ਕਿਹੋ ਜਿਹੀ ਲੀਡਰਸ਼ਿਪ ਚਾਹੁੰਦੇ ਹੋ ਬਲਕਿ ਇਹ ਹੈ ਕਿ ਚੋਣ ਮੈਦਾਨ ਵਿਚ ਉਤਰੇ ਨੇਤਾਵਾਂ ਵਿਚੋਂ ਘੱਟ ਖਰਾਬ ਕੌਣ ਹੈ। ਕੀ ਤੁਹਾਨੂੰ ਪਤਾ ਹੈ ਕਿ ਚੋਣ ਸੰਚਾਲਨ ਕਾਨੂੰਨ

1969 ਦੀ ਧਾਰਾ 49 (ੳ) ਮੁਤਾਬਕ ਸਾਡਾ ਸੰਵਿਧਾਨ ਇਹ ਗਰੰਟੀ ਦਿੰਦਾ ਹੈ ਕਿ ਕੋਈ ਵਿਅਕਤੀ ਮਤਦਾਨ ਕੇਂਦਰ 'ਚ ਜਾ ਕੇ ਆਪਣੀ ਉਂਗਲੀ 'ਤੇ ਨਿਸ਼ਾਨ ਲਵਾ ਕੇ ਕਹਿ ਸਕਦਾ ਹੈ ਕਿ ਉਹ ਕਿਸੇ ਨੂੰ ਵੀ ਵੋਟ ਨਹੀਂ ਦੇਣਾ ਚਾਹੁੰਦਾ ਐਸੀ ਵਿਵਸਥਾ ਹੈ ਪਰ ਨੇਤਾਵਾਂ ਨੇ ਆਪਣੇ ਸੁਆਰਥਾਂ ਲਈ ਕਦੀ ਇਸ ਨੂੰ ਜ਼ਾਹਰ ਨਹੀਂ ਕੀਤਾ। ਲੋਕਾਂ ਨੂੰ ਜਾਣਕਾਰੀ ਦੇ ਕੇ ਉਨ੍ਹਾਂ 'ਚ ਬਦਲਾਅ ਦੀ ਉਮੀਦ ਲਿਆਂਦੀ ਜਾ ਸਕਦੀ ਹੈ। ਜਦੋਂ ਸਾਰੇ ਉਮੀਦਵਾਰ ਚੋਰ ਹੋਣ ਤੋਂ ਚੋਣ ਕਿਸ ਦੀ ਕਰੋਗੇ? ਮੌਜੂਦਾ ਢਾਂਚੇ ਨੂੰ ਹੀ ਰੱਦ ਕਰੋਗੇ ਤੇ ਇਸ ਦਾ ਬਦਲਵਾਂ ਸਮਾਜ ਉਸਾਰਨ ਵੱਲ ਅੱਗੇ ਵਧਣਾ ਚਾਹੀਦੈ।

# ਪੰਜ ਸਾਲਾਂ 'ਚ ਕੀ ਕੀਤਾ ਕੀ?

ਚੋਣਾਂ ਦਾ ਮੌਸਮ ਹਿਸਾਬ ਕਿਤਾਬ ਦਾ ਮੌਸਮ ਹੁੰਦਾ ਹੈ, ਨੇਤਾਵਾਂ ਦੇ ਝੂਠੇ ਵਾਅਦਿਆਂ ਦਾ ਨਹੀਂ, ਉਨ੍ਹਾਂ ਦਾ ਹਿਸਾਬ ਲਾਉਣ ਲੱਗਾਂਗੇ ਤਾਂ ਉਸ ਵਿਚ ਹੀ ਉਲਝ ਕੇ ਰਹਿ ਜਾਵਾਂਗੇ। ਵਿਸਲੇਸ਼ਣ ਚੋਣਾਂ ਸਮੇਂ ਹੋਣਾ ਚਾਹੀਦਾ ਹੈ ਯਥਾਰਥ ਦਾ। ਕੀ ਤੁਹਾਡੇ ਜੀਵਨ 'ਚ ਤਬਦੀਲੀ ਆਈ, ਪਿਛਲੇ ਪੰਜ ਸਾਲਾਂ ਵਿੱਚ ਅਤੇ ਜੇ ਆਇਆ ਹੈ ਤਾਂ ਕਿਹੋ ਜਿਹਾ ਪ੍ਰੀਵਰਤਨ? ਦੇਸ਼ ਦਾ ਹਾਲ ਅੱਛਾ ਹੋਇਆ ਕਿ ਬੁਰਾ? ਇਨ੍ਹਾਂ ਸੁਆਲਾਂ ਦੇ ਜੁਆਬ ਹੈ ਸਾਰਾ ਯਥਾਰਥ। ਤਾਂ ਪਹਿਲਾਂ ਗੱਲ ਕਰਦੇ ਹਾਂ ਸਭ ਤੋਂ ਅਹਿਮ ਮੁੱਦੇ ਦੀ, ਦੇਸ਼ ਦੀ ਰਾਖੀ ਦੀ, ਦਾਲ ਰੋਟੀ ਦੀ ਗੱਲ ਕਰਨ ਦਾ ਕੀ ਫ਼ਾਇਦਾ ਜੇ ਦੇਸ਼ ਹੀ ਸੁਰੱਖਿਅਤ ਨਹੀਂ। ਹਿਸਾਬ ਲਾਉਣ 'ਤੇ ਪਤਾ ਲੱਗਦਾ ਹੈ ਕਿ ਤਕਰੀਬਨ ਕਿ ਪਿਛਲੇ ਪੰਜ ਸਾਲਾਂ 'ਚ ਤਕਰੀਬਨ ਹਰ ਦੂਜੇ-ਤੀਜੇ ਮਹੀਨੇ ਭਾਰਤ ਦੇ ਕਿਸੇ ਨਾ ਕਿਸੇ ਸ਼ਹਿਰ ਵਿਚ ਜੇਹਾਦੀ ਹਮਲਾ ਹੋਇਆ। ਬਨਾਰਸ ਅਯੋਧਿਆਂ ਤੇ ਮੰਦਰਾਂ 'ਤੇ, ਬੰਗਲੌਰ ਦੀਆਂ ਵਿਗਿਆਨਕ ਥਾਵਾਂ 'ਤੇ, ਮੁੰਬਈ ਦੀਆਂ ਰੇਲ ਗੱਡੀਆਂ 'ਤੇ, ਮਾਲੇਗਾਂਵ ਦੀ ਮਸਜਿਦ 'ਤੇ, ਅਹਿਮਦਾਬਾਦ 'ਚ ਹਸਪਤਾਲਾਂ 'ਤੇ, ਦਿੱਲੀ 'ਚ ਤਿਉਹਾਰਾਂ 'ਤੇ, ਜੈਪੁਰ 'ਚ ਬਜਾਰਾਂ 'ਤੇ ਅਤੇ ਅੰਤ 'ਚ ਇਹ ਭਿਅੰਕਰ ਹਮਲਾ ਮੁੰਬਈ 'ਤੇ, ਜਿਸ ਨੇ ਅੱਤਵਾਦ ਦਾ ਮਤਲਬ ਹੀ ਬਦਲ ਦਿੱਤਾ। ਜੇਹਾਦੀ ਅੱਤਵਾਦੀ ਹਮਲੇ ਦਾ ਮੁਕਾਬਲਾ ਕਿਵੇਂ ਕੀਤਾ ਮਨਮੋਹਨ-ਸੋਨੀਆ ਸਰਕਾਰ ਨੇ? ਸੰਖੇਪ 'ਚ ਜੁਆਬ ਬਣਦਾ ਹੈ - ਨਹੀਂ ਕੀਤਾ। ਮੁੰਬਈ ਹਮਲੇ ਪਿੱਛੋਂ ਗ੍ਰਹਿ ਮੰਤਰੀ ਤੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੇ ਆਪਣੀਆਂ ਨੌਕਰੀਆਂ ਗਵਾਈਆਂ ਕਿਉਂਕਿ ਮੁੰਬਈ ਦੇ ਨਾਗਰਿਕ ਸੜਕਾਂ 'ਤੇ ਉਤਰ ਆਏ ਰੋਸ ਪ੍ਰਗਟ ਕਰਨ, ਪਰ ਉਸ ਪਿੱਛੋਂ ਗੱਲਾਂ ਵੱਧ ਕੰਮ ਘੱਟ ਹੋਇਆ ਸਬੂਤ ਹੈ ਆਈ. ਪੀ. ਐਲ. ਦਾ ਦੇਸ਼ ਨਿਕਾਲਾ, ਨਹੀਂ ਜਾਣਾ ਚਾਹੁੰਦੇ ਸਨ ਆਈ. ਪੀ. ਐਲ. ਵਾਲੇ ਪਰ ਕਰਦੇ ਕਿ ਜਦ ਗ੍ਰਹਿ ਮੰਤਰੀ ਨੇ ਖੁਦ ਮੰਨਿਆ ਕਿ ਜਾਂ ਤਾਂ ਚੋਣਾਂ ਸੁਰੱਖਿਅਤ ਹੋ ਸਕਦੀਆਂ ਹਨ ਜਾਂ ਕ੍ਰਿਕਟ ਜੇ ਉਹ ਸਾਰੇ ਸੁਧਾਰ ਕੀਤੇ ਗਏ ਹੁੰਦੇ ਜਿਨ੍ਹਾਂ ਦਾ ਵਾਅਦਾ ਕੀਤਾ ਗਿਆ ਸੀ ਤਾਂ ਸ਼ਾਇਦ ਸੁਰੱਖਿਆ ਦੇਣੀ ਏਨੀ ਮੁਸ਼ਕਿਲ ਨਾ ਹੁੰਦੀ। ਕਿਥੇ ਹਨ ਉਹ ਕਮਾਂਡੋ ਟੁਕੜੀਆਂ ਜੋ ਸ਼ਹਿਰ ਸ਼ਹਿਰ 'ਚ ਦੇਣ ਵਾਲੇ ਸਨ ਚਿਤੰਬਰਮ ਸਾਹਿਬ? ਕੀ ਕੀਤਾ ਹੈ ਉਨ੍ਹਾਂ ਨੇ ਪਿਛਲੇ ਚਾਰ ਮਹੀਨਿਆਂ ਵਿਚ? ਇਸ ਪਿੱਛੋਂ ਅਹਿਮ ਮੁੱਦੇ ਹਨ ਸਿੱਖਿਆ ਤੇ ਸਿਹਤ, ਬੜੇ ਮਾਣ ਨਾਲ ਸਾਡੇ ਨੇਤਾ ਤੇ ਸਨਅਤਕਾਰ ਅੱਜਕੱਲ ਕਹਿੰਦੇ ਫਿਰਦੇ ਹਨ ਕਿ ਭਾਰਤ ਦੀ ਅੱਧੀ ਅਬਾਦੀ 25 ਸਾਲ ਤੋਂ ਘੱਟ ਉਮਰ ਦੀ ਹੈ। ਉਹ ਲੀਡਰ ਇਹ ਨਹੀਂ ਦੱਸਦੇ ਕਿ ਭਾਰਤ ਦੇ 45% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਭਾਰਤ ਦੇ ਬਹੁਤੇ ਬੱਚੇ ਜੇ ਸਕੂਲ ਜਾਂਦੇ ਵੀ ਹਨ, ਤਾਂ ਉਹ ਸਿਖਦੇ ਕੱਖ ਨਹੀਂ ਕਿਉਂਕਿ ਸਿੱਖਿਆ ਦਾ ਏਨਾ ਬੁਰਾ ਹਾਲ ਹੈ ਕਿਉਂਕਿ ਪਿਛਲੇ ਪੰਜ ਸਾਲਾਂ 'ਚ ਭਾਰਤ ਸਰਕਾਰ ਦੀਆਂ ਨੀਤੀਆਂ ਕਾਰਨ ਕੀ ਫਰਕ ਪਿਆ ਹੈ, ਇਸ ਸਥਿਤੀ ਵਿਚ? ਦੋ ਸ਼ਬਦਾਂ 'ਚ ਬਿਲਕੁਲ ਨਹੀਂ। ਗੱਲਾਂ ਬਹੁਤ ਹੋਈਆਂ ਖਰਚੇ ਵੀ ਘੱਟ ਨਹੀਂ, ਪੇਂਡੂ ਸਿਹਤ ਮਿਸ਼ਨ ਬਣਿਆ ਪਰ ਫਰਕ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਗਰੀਬ ਤੋਂ ਗਰੀਬ ਲੋਕ ਵੀ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਭੇਜਣਾ

ਚਾਹੁੰਦੇ ਹਨ ਅਤੇ ਇਲਾਜ ਕਰਵਾਉਣ ਲਈ ਵੀ ਨਿੱਜੀ ਡਾਕਟਰਾਂ ਕੋਲ ਜਾਂਦੇ ਹਨ। ਪੇਂਡੂ ਲੋਕ ਇਲਾਜ ਵਾਸਤੇ ਵੀ ਕਰਜੇ ਲੈ ਰਹੇ ਹਨ। ਕਾਂਗਰਸ ਚੋਣਾਂ ਵੇਲੇ ਨਰੇਗਾ ਨੂੰ ਸਭ ਤੋਂ ਵੱਡੀ ਪ੍ਰਾਪਤੀ ਦੱਸ ਕੇ ਕਹਿੰਦੀ ਹੈ ਕਿ ਕਰੋੜਾਂ ਨੂੰ ਰੁਜ਼ਗਾਰ ਮਿਲਿਆ ਹੈ, ਪਿਛਲੇ ਪੰਜ ਸਾਲਾਂ 'ਚ ਇਸ ਪ੍ਰੋਗਰਾਮ ਤਹਿਤ, ਪਰ ਇਹ ਨਹੀਂ ਦੱਸਦੀ, ਕਿ ਖਰਚ ਜਿੰਨਾ ਹੋਇਆ, ਉਨੀ ਪ੍ਰਾਪਤੀ ਨਹੀਂ ਹੋਈ। ਭਾਰਤ ਸਰਕਾਰ ਦੀ ਆਪਣੀ ਸੀਏਜੀ ਰਿਪੋਰਟ ਕਹਿੰਦੀ ਹੈ ਕਿ ਨਰੇਗਾ ਗਰੀਬੀ ਹਟਾਉਣ ਦਾ ਸਾਧਨ ਨਹੀਂ ਹੈ, ਗਰੀਬਾਂ ਨੂੰ ਗਰੀਬ ਰੱਖਦਿਆਂ ਰਾਹਤ ਪਹੁੰਚਾਉਣ ਦਾ ਹੈ। ਆਪ ਹੀ ਹਿਸਾਬ ਲਾਓ ਸੋਚੋ ਕਿ ਹਰ ਭਾਰਤੀ ਪਰਿਵਾਰ ਦੇ ਇਕ ਮੈਂਬਰ ਨੂੰ ਜੇ 100 ਦਿਨ ਰੁਜ਼ਗਾਰ ਮਿਲ ਵੀ ਜਾਂਦਾ ਹੈ, ਹਰ ਸਾਲ ਉਹ ਵੀ 100 ਰੁਪਏ ਦਿਹਾੜੀ 'ਤੇ ਤਾਂ ਕਿੰਨੀ ਕਮਾਈ ਹੁੰਦੀ ਹੈ? 10,000 ਰੁਪਏ ਸਲਾਨਾ, ਕੀ ਏਨੀ ਆਮਦਨ ਨਾਲ ਗਰੀਬੀ ਹਟ ਸਕਦੀ ਹੈ। ਮੁੰਬਈ ਦੀਆਂ ਸੜਕਾਂ 'ਤੇ ਭਿਖਾਰੀ ਇਸ ਤੋਂ ਵੱਧ ਕਮਾ ਲੈਂਦੇ ਹਨ ਪਰ ਸੋਨੀਆ ਦਾ ਤਾਂ ਇਹ ਮਨਭਾਉਂਦਾ ਪ੍ਰੋਗਰਾਮ ਹੈ। ਪਿਛਲੇ ਹਫਤੇ ਦਿੱਲੀ 'ਚ ਅਰਥਸਾਸ਼ਤਰੀ ਸੀ. ਕੇ. ਪ੍ਰਲਾਹਦ ਨੇ ਸੀ. ਆਈ. ਆਈ. ਦੇ ਸਲਾਨਾ ਸੰਮੇਲਨ 'ਚ ਭਾਸ਼ਣ ਦਿੱਤਾ ਸੀ ਜਿਸ ਅਨੁਸਾਰ ਹਰ ਮਿੰਟ 'ਚ 30 ਪੇਂਡੂ ਭਾਰਤੀ ਆਪਣੇ ਪਿੰਡ ਛੱਡ ਕੇ ਸ਼ਹਿਰਾਂ 'ਚ ਹਿਜਰਤ ਕਰ ਜਾਂਦੇ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਜੇ ਹੁਣ ਤੋਂ 500 ਨਵੇਂ ਸ਼ਹਿਰਾਂ ਦੀ ਉਸਾਰੀ ਸ਼ੁਰੂ ਨਹੀਂ ਕਰਦੇ ਤਾਂ ਸੰਭਵ ਹੈ ਕਿ ਅਗਲੇ ਵੀਹ ਸਾਲਾਂ 'ਚ ਸਾਰਾ ਦੇਸ਼ ਝੁੱਗੀਆਂ ਬਸਤੀਆਂ ਨਾਲ ਭਰ ਜਾਵੇ। ਤਾਂ ਪਿਛਲੇ ਪੰਜ ਸਾਲਾਂ ਵਿਚ ਸੋਨੀਆ-ਮਨਮੋਹਨ ਸਰਕਾਰ ਨੇ ਕੀਤਾ ਕੀ ਹੈ? ਗੱਲਾਂ ਵੱਡੀਆਂ ਵੱਡੀਆਂ ਤੇ ਜਵਾਹਰ ਲਾਲ ਨਹਿਰੂ ਦੇ ਨਾਂ 'ਤੇ ਇਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸ਼ਹਿਰਾਂ 'ਚ ਸੁਧਾਰ ਲਿਆਉਣ ਲਈ, ਕਾਗਜ਼ੀ ਕਾਰਵਾਈ। ਯਥਾਰਤ ਇਹ ਹੈ ਕਿ ਸਾਡੇ ਮਹਾਂਨਗਰ ਬੇਹਾਲ ਹਨ ਕਿ ਵਿਦੇਸ਼ੀ ਨਿਵੇਸ਼ਕ ਜਦ ਆਉਂਦੇ ਹਨ ਤਾਂ ਹੈਰਾਨ ਹੀ ਰਹਿ ਜਾਂਦੇ ਹਨ। ਪੰਜ ਸਾਲਾਂ 'ਚ ਸਰਕਾਰ ਦੀ ਪ੍ਰਾਪਤੀ ਸਿਫਰ ਦੇ ਬਰਾਬਰ ਹੈ।

# ਆਮ ਚੋਣਾਂ ਤੋਂ ਦੂਰ ਹੈ ਆਮ ਆਦਮੀ

ਲੋਕ ਸਭਾ ਚੋਣਾਂ ਹੁਣ ਸਾਹਮਣੇ ਹਨ ਤੇ ਸਾਰੇ ਦੇਸ਼ ਵਿਚ ਉਥਲ-ਪੁਥਲ ਮੱਚੀ ਹੋਈ ਹੈ। ਕੇਂਦਰ 'ਚ ਬੈਠੀ ਯੂ. ਪੀ. ਏ. ਸਰਕਾਰ ਇਕੋ ਵੇਲੇ ਕਈ ਵੱਡੀਆਂ-ਵੱਡੀਆਂ ਚੁਣੌਤੀਆਂ ਦੇ ਢੇਰ 'ਤੇ ਖੜੀ ਹੈ। ਇਹੀ ਨਹੀਂ ਇਸ ਸਮੇਂ ਦੇਸ਼ ਦੇ ਹਾਲਾਤ ਏਨੇ ਤਹਿਸ-ਨਹਿਸ ਹਨ ਕਿ ਆਉਣ ਵਾਲੇ ਚੁਣਾਅ 'ਚ ਤਸਵੀਰ ਕੀ ਬਣੇਗੀ ਅਜੇ ਕਹਿਣਾ ਮੁਸ਼ਕਲ ਹੈ। ਇਕ ਪਾਸੇ ਯੂ. ਪੀ. ਏ. ਸਰਕਾਰ ਰੋਜ਼ਾਨਾ ਨਵੇਂ ਤਜ਼ਰਬਿਆਂ ਤੇ ਜੋਖਿਆ 'ਚੋਂ ਗੁਜ਼ਰ ਰਹੀ ਹੈ, ਉਥੇ ਸੰਸਦ 'ਚ ਵਿਰੋਧੀ ਭਾਜਪਾ ਦੀ ਅਗਵਾਈ ਵਾਲੇ ਰਾਜਗ ਵੀ ਆਪਣੇ ਚੁਣਾਵੀ ਭਵਿੱਖ ਲਈ ਬਹੁਤਾ ਆਸਵੰਦ ਨਹੀਂ ਹੈ। ਰਹੀ ਗੱਲ ਤੀਜੇ ਮੋਰਚੇ ਦੀ, ਜੋ ਇਕ ਜ਼ੋਰਦਾਰ ਘੁਸਰ-ਮੁਸਰ ਜੋ ਪ੍ਰਮਾਣੂ ਕਰਾਰ ਸਮੇਂ ਮਾਇਆਵਤੀ ਦੀ ਅਗਵਾਈ 'ਚ ਹੋਈ ਸੀ, ਉਹ ਇਸ ਸਮੇਂ ਬਹੁਤਾ ਠੋਸ ਅਕਾਰ ਲੈਂਦੀ ਨਜ਼ਰ ਨਹੀਂ ਆਉਂਦੀ। ਬਾਵਜੂਦ ਇਸ ਦੇ ਕਿ ਇਸ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਪਰ ਮੂਲ ਰੂਪ 'ਚ ਵੇਖਿਆ ਜਾਵੇ ਤਾਂ ਇਸ ਵਾਰੀ ਵੀ ਲੋਕ ਸਭਾ ਚੋਣਾਂ ਦਾ ਦੰਗਲ ਮੁੱਖ ਤੌਰ 'ਤੇ ਯੂ. ਪੀ. ਏ. (ਕਾਂਗਰਸ ਦੀ ਅਗਵਾਈ) ਤੇ ਭਾਜਪਾ (ਰਾਜਗ) ਵਿਚ ਹੀ ਹੋਵੇਗਾ। ਲਿਹਾਜਾ ਦੋਨੋਂ ਪਾਰਟੀਆਂ ਦੀਆਂ ਚੁਣਾਵੀ ਸਰਗਰਮੀਆਂ ਬੇਹੱਦ ਤੇਜ਼ ਹੋ ਗਈਆਂ ਹਨ। 26 ਨਵੰਬਰ 2008 ਨੂੰ ਮੁੰਬਈ 'ਤੇ ਹੋਏ ਅੱਤਵਾਦੀ ਹਮਲਿਆਂ ਪਿੱਛੋਂ ਭਾਰਤ ਜਿਸ ਅਪਮਾਨਜਨਕ ਚੀਰਹਰਣ ਦੇ ਸ਼ਿਕਾਰ ਦੀ ਮੁਦਰਾ 'ਚ ਖੜਾ ਹੈ, ਉਸ ਤੋਂ ਉੱਭਰਨ ਤੇ ਆਪਣੇ ਕੱਟੜ ਦੁਸ਼ਮਣ ਪਾਕਿਸਤਾਨ ਨੂੰ ਉਸਦੀ ਜਗ੍ਹਾ ਦੱਸਣ ਲਈ ਜਿਸ ਵੱਡੇ ਸੂਝ-ਬੂਝ ਭਰੀ ਪਿਛਲੇ ਢਾਈ ਮਹੀਨਿਆਂ ਤੋਂ ਸਾਰਾ ਦੇਸ਼ ਸਾਹ ਰੋਕ ਕੇ ਕਰ ਰਿਹਾ ਹੈ। ਉਸ ਦਾ ਕੋਈ ਸਬੂਤ ਕਾਂਗਰਸ ਅੱਜ ਤੱਕ ਸਿਵਾਏ ਬਿਆਨਬਾਜ਼ੀ ਦੇ ਕੋਈ ਨਹੀਂ ਦੇ ਸਕੀ ਹੈ। ਬੇਹੱਦ ਮਹਿੰਗਾਈ ਅਤੇ ਆਰਥਿਕ ਮੰਦੀ ਤੋਂ ਪੈਦਾ ਹੋ ਰਹੀ ਬੇਤਹਾਸ਼ਾ ਬੇਰੁਜ਼ਗਾਰੀ ਹੁਣ ਆਮ ਆਦਮੀ ਦੇ ਸਿਰ ਚੜ੍ਹ ਕੇ ਬੋਲਣ ਲੱਗੀ ਹੈ। ਇਹ ਸਹੀ ਹੈ ਕਿ ਦੁਨੀਆ ਦੀ ਆਰਥਿਕ ਮੰਦੀ ਕਾਰਨ ਭਾਰਤ 'ਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਦੇ ਭਾਅ ਵੀ ਪੰਜ ਰੁਪਏ ਘਟੇ ਹਨ, ਪਰ ਇਸ ਦਾ ਆਸਰ ਰੋਜ਼ਮਾਰਾ ਦੀਆਂ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਤੇ ਮੁਕਾਬਲਤਨ ਬੇਹੱਦ ਘੱਟ ਹੋਇਆ ਹੈ। ਹਾਲਾਂਕਿ ਕੇਂਦਰ 'ਚ ਬੈਠੀ ਕਾਂਗਰਸ ਮਹਿੰਗਾਈ ਘੱਟ ਹੋਣ ਦੇ ਦਾਅਵੇ ਕਰ ਰਹੀ ਹੈ ਪਰ ਸੱਚਾਈ ਕੀ ਹੈ ਇਹ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਲਿਹਾਜਾ ਕਾਂਗਰਸ ਵੀ ਚੋਣਾਂ ਸੰਬੰਧੀ ਘੱਟ ਸਿਸ਼ੋਪੰਜ 'ਚ ਨਹੀਂ ਹੈ। ਪਿਛਲੇ ਦਿਨੀਂ ਮੁੰਬਈ 'ਤੇ ਹੋਏ ਅੱਤਵਾਦੀ ਹਮਲੇ ਪਿੱਛੋਂ ਪਾਰਟੀ ਪੱਧਰ 'ਤੇ ਅਚਾਨਕ ਵਿਦੇਸ਼ ਮੰਤਰੀ ਪ੍ਰਣਾਬ ਮੁਖਰਜੀ ਦੀ ਵੱਧਦੀ ਸਰਗਰਮੀ ਨੇ ਵੀ ਕਾਂਗਰਸ ਦੀ ਭਾਵੀ ਲਿਡਰਸ਼ਿਪ ਸੰਬੰਧੀ ਕਈ ਸਵਾਲ ਖੜੇ ਕਰ ਦਿੱਤੇ ਹਨ। ਮੁਖਰਜੀ ਜਿਸ ਤਰ੍ਹਾਂ ਨਾਲ ਲਗਾਤਾਰ 'ਫੋਰ ਗ੍ਰਾਉਂਡ' 'ਚ ਰਹੇ ਹਨ, ਉਸ ਨੇ ਕਿਆਸ ਨੂੰ ਭਰਪੂਰ ਹਵਾ ਦਿੱਤੀ ਕਿ ਅਗਲਾ ਪ੍ਰਧਾਨ ਮੰਤਰੀ ਕਾਂਗਰਸ ਕਿਤੇ ਪ੍ਰਣਬ ਮੁਖਰਜੀ ਨੂੰ ਤਾਂ ਨਹੀਂ ਉਭਾਰਨ ਜਾ ਰਹੀ ਅਤੇ ਅਜਿਹੇ ਕਿਆਸ ਨਿਰਅਧਾਰ ਵੀ ਨਹੀਂ ਸਨ। ਵਜਾਹ ਵਿਚੇ ਵਿਚ ਮਨਮੋਹਨ ਸਿੰਘ ਦੀ ਬਾਈ ਪਾਸ ਸਰਜਰੀ ਵੀ ਸੀ। ਇਸੇ ਪ੍ਰਸੰਗ 'ਚ ਪਾਰਟੀ ਸਕੱਤਰ ਰਾਹੁਲ ਗਾਂਧੀ

ਨੂੰ ਵੀ ਅਗਲਾ ਪ੍ਰਧਾਨ ਮੰਤਰੀ ਉਭਾਰਨ ਦੀ ਮੰਗ ਉੱਠਣ ਲੱਗੀ ਸੀ। ਪਰ ਨਾਲ ਹੀ ਨਾਲ ਕਾਂਗਰਸ ਬੁਲਾਰਿਆ ਨੇ ਸਪੱਸ਼ਟ ਕੀਤਾ ਕਿ ਪ੍ਰਣਾਬ ਮੁਖਰਜੀ ਪ੍ਰਧਾਨ ਮੰਤਰੀ ਦੇ ਉਤਰਾਧਿਕਾਰੀ ਨਹੀਂ ਹਨ। ਪਰ ਸਿਹਤ 'ਚ ਸੁਧਾਰ ਪਿੱਛੋਂ ਸੋਨੀਆ ਗਾਂਧੀ ਨੇ ਸੱਪਸ਼ਟ ਕੀਤਾ ਕਿ ਡਾ. ਸਿੰਘ ਹੀ ਅੱਗੇ ਤੋਂ ਪਾਰਟੀ ਤੇ ਦੇਸ਼ ਦੀ ਸੇਵਾ ਕਰਦੇ ਰਹਿਣਗੇ। ਕਾਂਗਰਸ ਪ੍ਰਧਾਨ ਨੇ ਆਪਣੇ ਪੱਤਰ 'ਚ ਡਾ. ਸਿੰਘ ਦੇ ਵਿਅਕੀਤਵ, ਉਹਨਾਂ ਦੀ ਸਮਝਦਾਰੀ, ਦੂਰਦ੍ਰਿਸਤਾ, ਨਿਮਰਤਾ, ਸਾਦਗੀ, ਦ੍ਰਿੜਤਾ, ਸੰਜਮ ਦੀ ਜਿਸ ਤਰ੍ਹਾਂ ਭਰਪੂਰ ਪ੍ਰਸੰਸ਼ਾ ਕੀਤੀ ਇਸ ਨਾਲ ਸਾਫ ਹੋ ਗਿਆ ਕਿ ਕਾਂਗਰਸ ਚੋਣਾਂ ਸੋਨੀਆ ਗਾਂਧੀ ਦੀ ਅਗਵਾਈ 'ਚ ਲੜੇਗੀ ਤੇ ਪਾਰਟੀ ਤਰਫ਼ੋਂ ਪ੍ਰਧਾਨ ਮੰਤਰੀ ਵਜੋਂ ਮਨਮੋਹਨ ਸਿੰਘ ਹੀ ਦਾਅਵੇਦਾਰ ਹੋਣਗੇ। ਸਪੱਸ਼ਟ ਹੈ ਕਿ ਮੌਜੂਦਾ ਚੋਣਾਵੀਂ ਪ੍ਰਸੰਗ ਵਿਚ ਕਾਂਗਰਸ ਬਹੁਤ ਦਿਨਾਂ ਤੱਕ ਆਪਣੀ ਲੀਡਰਸ਼ਿਪ ਪ੍ਰਤੀ ਅਸੰਜਮ ਨਹੀਂ ਬਣਾਈ ਰਖਣਾ ਲਹੀਂ ਚਾਹੁੰਦੀ ਸੀ। ਸੋਨੀਆ ਗਾਂਧੀ ਪ੍ਰਧਾਨ ਮੰਤਰੀ ਅਹੁਦੇ ਲਈ ਸਿੱਧੇ ਤੌਰ 'ਤੇ ਦਾਅਵੇਦਾਰ ਨਹੀਂ ਹੈ। ਕਾਂਗਰਸ ਪਾਰਟੀ ਦੇ ਚਾਰ ਸਾਲ ਪੂਰੇ ਹੁੰਦੇ ਸੰਨ 2008 'ਚ ਮਹਿੰਗਾਈ ਉਸ ਚਰਮ ਸੀਮਾ ਨੂੰ ਵੀ ਪਾਰ ਕਰ ਗਈ ਜਿਥੋਂ ਤੱਕ ਸਹਿਣ ਕਰਦਿਆਂ ਆਮ ਆਦਮੀ ਦਮ ਤੋੜ ਦਿੰਦਾ ਹੈ। ਦੇਸ਼ 'ਚ ਭੁੱਖਮਰੀ ਤੇ ਭੁੱਖ ਨਾਲ ਹੁੰਦੀਆਂ ਆਤਮ ਹੱਤਿਆਵਾਂ ਦੇ ਅੰਤਹੀਣ ਸਿਲਸਿਲੇ ਨੇ ਇਸ ਯੂ. ਪੀ. ਏ. ਸਰਕਾਰ ਦੀ ਏਨੀ ਮਿੱਟੀ ਪਲੀਤ ਕੀਤੀ ਕਿ ਅਜਿਹਾ ਲੱਗਿਆ ਕਿ ਇਹ ਕਾਂਗਰਸੀ ਅਗਵਾਈ ਵਾਲੀ ਸਰਕਾਰ ਅਗਲੀਆਂ ਚੋਣਾਂ 'ਚ ਸਿਰਫ ਜਾਨਲੇਵਾ ਮਹਿੰਗਾਈ ਦੇ ਸਿਰ 'ਤੇ ਹੀ ਚੋਣਾਂ ਹਾਰ ਜਾਵੇਗੀ। ਵੈਸੇ ਸਮੇਂ-ਸਮੇਂ ਸਿਰ ਡਾ. ਮਨਮੋਹਨ ਸਿੰਘ ਨੇ ਪ੍ਰਮਾਣੂ ਸਮਝੌਤੇ ਦੀ ਘੋਰ ਜ਼ਰੂਰਤ ਦਾ ਰਾਗ ਅਲਾਪਦਿਆਂ ਪੂਰੇ ਦੇਸ਼ ਨੂੰ ਜਿਸ ਬੇਲੋੜੀ ਬਹਿਸ 'ਚ ਉਲਝਾਇਆ, ਉਸ ਸੰਸਦ 'ਚ 'ਚ 'ਨੋਟ ਬਦਲੇ ਵੋਟ' 'ਤੇ ਜਾ ਕੇ ਰੁਕੀ। ਵਿਸਵਾਸ਼ ਮੱਤ ਜਿੱਤਣ ਦੇ ਬਾਵਜੂਦ ਕਾਂਗਰਸ ਨੇ ਆਪਣੇ ਪ੍ਰਤੀ ਘੋਰ ਬੇਵਿਸਵਾਸ਼ੀ ਪੈਦਾ ਕਰ ਲਈ ਪਰ ਇਸ ਸਾਰੇ ਹੰਗਾਮੇ ਵਿਚ ਇਹ ਜ਼ਰੂਰ ਹੋਇਆ ਕਿ ਮਹਿੰਗਾਈ ਦੀ ਹਾਏ-ਤੋਬਾ ਕੁਝ ਦੇਰ ਲਈ ਦਬ ਜਿਹੀ ਗਈ। ਜਨਤਾ ਨੂੰ ਲੱਗਾ ਸ਼ਾਇਦ ਕਾਂਗਰਸੀ ਪ੍ਰਧਾਨ ਮੰਤਰੀ ਦਾ ਅਰਥਸ਼ਾਸਤਰ ਪ੍ਰਮਾਣੂ ਊਰਜਾ ਦੀ ਬਜਾਇ ਮਹਿੰਗਾਈ ਰੋਕਣ ਦੀ ਕੋਈ ਜੁਗਤ ਭਿੜਾ ਲਵੇਗਾ। ਇਸ ਲਈ ਥੋੜ੍ਹੇ ਸਮੇਂ ਲਈ ਹੀ ਸਹੀ ਆਮ ਲੋਕਾਂ ਦਾ ਧਿਆਨ ਮਹਿੰਗਾਈ ਵਲੋਂ ਹਟ ਤਾਂ ਗਿਆ ਹੀ ਸੀ ਪਰ ਜਿਹੀ ਉਮੀਦ ਸੀ ਕਿ ਇਕ ਅਰਸੇ ਪਿੱਛੋਂ ਇਹ ਸਮੱਸਿਆ ਫਿਰ ਜਿਉਂ ਦੀ ਤਿਉਂ ਸਾਹਮਣੇ ਆ ਖੜੀ ਹੋਈ।

ਹਾਲਾਂਕਿ ਸਰਕਾਰੀ ਅੰਕੜੇ ਸਿੱਕੇ ਦੇ ਪਸਾਰ ਦੇ ਘੱਟਣ ਦੇ ਦਅਵੇ ਪੇਸ਼ ਕਰ ਰਹੇ ਸਨ, ਪਰ ਬਜ਼ਾਰ ਦੀ ਕੌੜੀ ਸੱਚਾਈ ਤੋਂ ਜਨਤਾ ਲਹੂ-ਲੁਹਾਨ ਸੀ ਤੇ ਹੁਣ ਵੀ ਹੈ। ਅਲਬੱਤਾ ਵਿਸ਼ਵੀ ਮੰਗ 'ਚ ਕਮੀ ਕਾਰਨ ਪੈਟਰੋਲ ਦੀਆਂ ਘਟੀਆਂ ਕੌਮਾਂਤਰੀ ਕੀਮਤਾਂ ਦੇ ਮੱਦੇਨਜ਼ਰ ਯੂ. ਪੀ. ਏ ਸਰਕਾਰ ਨੇ ਜੋ ਕੀਮਤਾਂ ਇਥੇ ਘਟਾਈਆਂ ਹਨ ਉਹਨਾਂ ਨਾਲ ਬਾਜ਼ਾਰ 'ਚ ਵਿਆਪਕ ਮਹਿੰਗਾਈ 'ਤੇ ਕੋਈ ਬਹੁਤ ਅਸਰ ਨਹੀਂ ਪਿਆ ਹੈ। ਬਾਵਜੂਦ ਇਸ ਦੇ ਕਾਂਗਰਸ ਲਈ ਮਨਮੋਹਨ ਸਿੰਘ ਤੋਂ ਬੇਹਤਰ ਇਸ ਸਮੇਂ ਕੋਈ ਨਹੀਂ ਹੈ। ਪਿਛਲੇ ਕਰੀਬ ਪੰਜ ਸਾਲਾਂ ਦੀ ਹਕੂਮਤ ਦੌਰਾਨ ਯੂ. ਪੀ. ਏ. ਦੀਆਂ ਸਾਰੀਆਂ ਨਾਕਾਮੀਆਂ ਸੰਬੰਧੀ ਵੀ ਡਾ. ਸਿੰਘ ਦੀ ਆਪਣੀ ਛਵੀ ਹੁਣ ਤੱਕ ਠੀਕ ਠਾਕ ਬਚੀ ਹੋਈ ਹੈ। ਇਹ ਕਾਂਗਰਸ ਦੀ ਪ੍ਰਾਪਤੀ ਹੈ। ਇਸ ਲਈ ਵੀ ਕਾਂਗਰਸ ਉਨ੍ਹਾਂ ਨੂੰ ਛੱਡਣਾ

ਨਹੀਂ ਚਾਹੁੰਦੀ। ਪਰ ਇਸ ਪੂਰੀ ਕਵਾਇਤ 'ਚ ਪ੍ਰਣਾਬ ਮੁਖਰਜੀ ਨੂੰ ਨੰਬਰ ਦੋ ਦਾ ਨੇਤਾ ਪ੍ਰੋਜੈਕਟ ਕਰ ਕੇ ਕਾਂਗਰਸ ਨੇ ਜਿਸ ਤਰ੍ਹਾਂ ਨਾਲ ਉਨ੍ਹਾਂ ਦੇ ਪ੍ਰਭਾਵੀ ਪ੍ਰਧਾਨ ਮੰਤਰੀ ਵਜੋਂ ਯੋਗ ਹੋਣ ਦੀਆ ਸੰਭਾਵਨਾਵਾਂ ਤੋਂ ਪੱਲਾ ਛੁਡਾਇਆ ਹੈ। ਕੀ ਉਸ ਨਾਲ ਵਾਕਿਆ ਹੀ ਪਾਰਟੀ ਅੰਦਰ ਕੋਈ ਸ਼ਕਤੀ ਧਰੁਵੀਕਰਨ ਜਾਂ ਰਸਾਕਸ਼ੀ ਪੈਦਾ ਨਹੀਂ ਹੋਵੇਗੀ? ਮੰਨਿਆ ਇਹ ਜਾ ਰਿਹਾ ਹੈ ਕਿ ਅੱਜਕਲ੍ਹ ਪ੍ਰਣਾਬ ਮੁਖਰਜੀ ਜਿੰਨੀਆਂ ਜ਼ਿੰਮੇਵਾਰੀਆਂ ਇਕੋ ਵੇਲੇ ਨਿਭਾਉਂਦੇ ਹੋਇਆ ਕੇਂਦਰੀ ਮੰਤਰੀ ਮੰਡਲ 'ਚ ਨੰਬਰ ਦੋ ਦੇ ਨੇਤਾ ਹਨ ਉਹ ਉਹਨਾਂ ਦੇ ਨੰਬਰ ਇਕ ਹੋਣ ਦੀ ਯੋਗਤਾ ਲਈ ਪੁਖਤਾ ਸਬੂਤ ਹਨ। ਮਾਮਲਾ ਚਾਹੇ ਇਸਲਾਮਾਬਾਦ ਜਾਂ ਕੋਲੰਬੋ ਦਾ ਹੋਵੇ। ਵੱਖ-ਵੱਖ ਕਿਸਮ ਦੇ ਕੌਮਾਂਤਰੀ ਪ੍ਰਤੀਨਿਧੀ ਮੰਡਲਾਂ ਨਾਲ ਬੈਠਕਾਂ ਕਰਨ ਦਾ ਹੋਵੇ, ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿਚ ਵਿੱਤ ਮੰਤਰਾਲੇ ਨਾਲ ਜੁੜੇ ਮਾਮਲਿਆਂ 'ਚ ਫੈਸਲਾ ਲੈਣ ਦਾ ਹੋਵੇ ਮੰਤਰੀ ਮੰਡਲ ਪੱਧਰ ਦੀਆਂ ਸੰਮਤੀਆਂ ਤੋਂ ਲੈ ਕੇ ਕਾਂਗਰਸ ਦੀਆਂ ਵੱਖ-ਵੱਖ ਕਾਰਜ ਸੰਮਤੀਆਂ ਦੇ ਵੱਡੇ ਸੰਕਟ ਤੋਂ ਪਾਰਟੀ ਨੂੰ ਉਭਾਰਨ ਦਾ ਹੋਵੇ। ਜਿਵੇਂ ਕਿ ਪ੍ਰਮਾਣੂ ਕਰਾਰ ਵਿਸਵਾਸ਼ ਮੱਤ ਹਾਸਲ ਕਰਨ ਦੌਰਾਨ ਸਰਗਰਮੀ ਉਹਨਾਂ ਦਿਖਾਈ, ਪ੍ਰਣਾਬ ਮੁਖਰਜੀ ਦੀ ਕਾਰਜ ਯੋਗਤਾ ਕਾਂਗਰਸ ਲਈ ਲਗਾਤਾਰ ਲਾਜ਼ਮੀ ਹੁੰਦੀ ਗਈ, ਇਸ ਲਈ ਇਸ ਨਾਜ਼ੁਕ ਦੌਰ ਵਿਚ ਜਦ ਸਾਹਮਣੇ ਭਾਰਤ-ਪਾਕਿ ਜੰਗ ਦੇ ਬੱਦਲ ਸਿਰ ਤੇ ਮੰਡਰਾ ਰਹੇ ਹੋਣ ਪ੍ਰਧਾਨ ਮੰਤਰੀ ਦੀ ਗੈਰ ਹਾਜ਼ਰੀ 'ਚ ਉਹਨਾਂ ਨੂੰ ਨੰਬਰ ਇਕ ਦੀ ਜ਼ਿੰਮੇਵਾਰੀ ਸੌਂਪਿਆ ਜਾਣਾ ਹੀ ਉਹਨਾਂ ਦੇ ਵਿਕੱਲਪ ਪ੍ਰਧਾਨ ਮੰਤਰੀ ਹੋਣ ਦੀ ਸਮਰੱਥਾ ਦਾ ਸਬੂਤ ਸਾਬਤ ਹੋਇਆ ਹੈ। ਸੱਚਾਈ ਇਹੀ ਹੈ ਕਿ ਸੋਨੀਆ ਗਾਂਧੀ ਪ੍ਰਧਾਨਗੀ 'ਚ ਪਾਰਟੀ ਦੇ ਅੰਦਰੂਨੀ ਅਨੁਸ਼ਾਸਨ ਦੀ ਲਗਾਮ ਸੱਤਾ ਗੁੱਟਾਂ ਨੂੰ ਬਹੁਤ ਜ਼ਿਆਦਾ ਉਭਾਰ ਦੇਣ ਨਾਲ ਕੁਲ ਮਿਲਾ ਕੇ ਰੁਕੀ ਰਹਿੰਦੀ ਹੈ। ਇਸ ਲਈ ਮਨਮੋਹਨ ਸਿੰਘ ਨੂੰ ਬਤੌਰ ਪ੍ਰਧਾਨ ਮੰਤਰੀ ਫਿਰ ਤੋਂ ਉਭਾਰਨ ਦੇ ਨਾਂ 'ਤੇ ਲਿਖੇ ਸੋਨੀਆ ਗਾਂਧੀ ਦੇ ਖਤ ਨੇ ਫਿਲਹਾਲ ਪ੍ਰਣਾਬ ਉਭਰ ਨੂੰ ਠੰਡਾ ਕਰ ਦਿੱਤਾ ਹੈ। ਇਸ ਦੇ ਦੂਰਗਾਮੀ ਸਿੱਟੇ ਚਾਹੇ ਜੋ ਵੀ ਹੋਣ। ਇਸ ਲਈ ਕੇਸ਼ ਦੀਆਂ 15ਵੀਂ ਆਮ ਚੋਣਾਂ 'ਚ ਕਾਂਗਰਸ ਆਪਣੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਦੇ ਦਿਸ਼ਾ-ਨਿਰਦੇਸ਼ ਤੇ ਛਤਰਛਾਇਆ ਹੇਠ ਮਨਮੋਹਨ ਸਿੰਘ ਦੀ ਛਵੀ ਨੂੰ ਲੈ ਕੇ ਉਤਰੀ ਹੈ। ਪਾਰਟੀ ਦੇ ਪ੍ਰਖੰਡ ਤੇ ਜ਼ਿਲ੍ਹਾ ਪ੍ਰਧਾਨਾਂ ਦੇ ਸੰਮੇਲਨ 'ਚ ਲੋਕ ਸਭਾ ਚੋਣਾਂ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਪਿਛਲੇ ਹਫ਼ਤੇ ਸੋਨੀਆ ਗਾਂਧੀ ਨੇ ਪਾਰਟੀ ਨੇਤਾਵਾਂ ਤੇ ਵਰਕਰਾਂ ਨੂੰ ਆਪਸੀ ਮੱਤਭੇਦ ਭੁਲਾ ਕੇ ਇਕਜੁੱਟ ਤੇ ਅਕੁਸਾਸ਼ਿਤ ਹੋ ਕੇ ਚੋਣ ਪ੍ਰਚਾਰ ਵਿਚ ਜੁੱਟ ਜਾਣ ਦਾ ਸੱਦਾ ਦਿੱਤਾ। ਉਹਨਾਂ ਸਾਫ-ਸਾਫ ਕਿਹਾ ਹੈ ਕਿ ਅੱਤਵਾਦ ਦੇਸ਼ ਦੀ ਰਾਖੀ, ਸਮਾਜਿਕ ਬਰਾਬਰੀ, ਵਿਕਾਸ ਤੇ ਮਨਮੋਹਨ ਸਿੰਘ ਸਰਕਾਰ ਦੀ ਪ੍ਰਾਪਤੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਦੇ ਮੁੱਖ ਮੁੱਦੇ ਹੋਣਗੇ। ਜਾਹਿਰ ਹੈ ਕਾਂਗਰਸ ਪਾਸ ਆਪਣੇ ਕੰਮਕਾਜ ਦਾ ਕੋਈ ਅਜਿਹਾ ਰਿਕਾਰਡ ਨਹੀਂ ਹੈ ਜਿਸ ਦੇ ਬੂਤੇ ਉਹ ਸੱਤਾ 'ਚ ਆਪਣੀ ਵਾਪਸੀ ਸੰਬੰਧੀ ਨਿਸ਼ਚਿਤ ਹੋ ਸਕਦੀ ਹੈ। ਚੋਣਾਂ ਦੇ ਮੁੱਦੇ ਵਜੋਂ ਉਹ ਭਲੇ ਹੀ ਦੇਸ਼ ਦੀ ਸੁਰੱਖਿਆ, ਸਮਾਜਿਕ 'ਤੇ ਵਿਕਾਸ ਦੀ ਗੱਲ ਕਰਨ ਪਰ ਹਕੀਕਤ ਇਹੀ ਹੈ ਕਿ ਉਹਨਾਂ ਦੀ ਅਗਵਾਈ 'ਚ ਪਿਛਲੇ ਪੰਜ ਸਾਲਾਂ ਵਿਚ ਪਾਕਿ ਪ੍ਰਯੋਜਿਤ ਜਿੰਨੇ ਹਮਲੇ ਭਾਰਤ 'ਤੇ ਹੋਏ ਹਨ। ਉਨੇ ਕਿੱਧਰੇ ਹੋਰ ਨਹੀਂ ਮਿਲਦੇ। ਏਨਾਂ ਹੀ ਨਹੀਂ, ਇਨ੍ਹਾਂ ਅੱਤਵਾਦੀ ਹਮਲਿਆਂ ਦੀ ਜਾਂਚ ਤੇ ਉਸ ਨਾਲ ਜੁੜੀ

ਕਾਰਵਾਈ ਸੰਬੰਧੀ ਕਾਂਗਰਸ ਨੇ ਜਿਸ ਵੋਟ ਬੈਂਕ ਦੀ ਰਾਜਨੀਤੀ ਸੰਬੰਧੀ ਆਪਣੀ ਘੋਰ ਹਮਲਾਵਰਤਾ ਵਿਖਾਈ ਉਸ ਨੇ ਦੇਸ਼ ਦੇ ਆਮ ਆਦਮੀ ਨੂੰ ਬੇਚੈਨ ਕਰ ਦਿੱਤਾ।

26 ਨਵੰਬਰ 2008 ਨੂੰ ਮੁੰਬਈ ਦੇ ਅੱਤਵਾਦੀ ਹਮਲੇ ਤੱਕ ਆਉਂਦੇ ਆਉਂਦੇ ਮੁੰਬਈ ਹੀ ਨਹੀਂ ਸਾਰਾ ਦੇਸ਼ ਇਸ ਵਿਰੁੱਧ ਸੜਕਾਂ 'ਤੇ ਉਤਰ ਆਇਆ। ਜਦ ਜਾ ਕੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਤਤਕਾਲੀਨ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਤੇ ਮਹਾਂਰਾਸ਼ਟਰ ਦੇ ਆਮ ਮਤਲਬ ਮੁਖ ਮੰਤਰੀ ਵਿਲਾਸ ਰਾਓ ਦੇਸ਼ਮੁਖ ਨੂੰ ਅਹੁਦੇ ਤੋਂ ਲਾਹਿਆ। ਪਰ ਸਿਰਫ ਉਨ੍ਹਾਂ ਦੇ ਅਹੁਦਿਆਂ ਤੋਂ ਜਾਣ ਨਾਲ ਪਾਰਟੀ ਦੀਆਂ ਨੀਤੀਆਂ ਤੇ ਕਾਰਜਸ਼ੈਲੀ 'ਚ ਕੋਈ ਫ਼ਰਕ ਆਇਆ? 26 ਨਵੰਬਰ 2009 ਨੂੰ ਦੇਸ਼ ਦੇ ਲੋਕ ਗਹੁ ਨਾਲ ਨਜ਼ਰਾਂ ਟਿਕਾਈ ਬੈਠੀ ਹੈ ਕਿ ਪਾਕਿਸਤਾਨ ਦੇ ਸ਼ਾਮਲ ਹੋਣ ਤੇ ਪਾਕਿਸਤਾਨ ਦੇ ਗ੍ਰਿਫ਼ਤਾਰ ਅੱਤਵਾਦੀ ਅਜਮਲ ਕਸਾਬ ਦੇ ਸਾਰੇ ਇਕਰਾਰਨਾਮੇ ਦੇ ਬਾਵਜੂਦ ਕਾਂਗਰਸ ਦੀ ਅਗਵਾਈ ਵਾਲਾ ਭਾਰਤ ਪਿਛਲੇ ਢਾਈ ਮਹੀਨਿਆਂ ਤੋਂ ਉਸ ਪਾਕਿਸਤਾਨ ਨਾਲ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਤਰਲੇ ਕਰ ਰਿਹਾ ਹੈ। ਵਿਸ਼ਵ ਬਰਾਦਰੀ ਨੂੰ ਉਸ 'ਤੇ ਅਜਿਹਾ ਕਰਨ ਲਈ ਦਬਾਅ ਪਾਉਣ ਦੀ ਬੇਨਤੀ ਕਰ ਰਿਹਾ ਹੈ। ਦੁਨੀਆ ਜਾਣਦੀ ਹੈ ਕਿ ਕਸ਼ਮੀਰ ਤੋਂ ਲੈ ਕੇ ਬੰਗਲੌਰ, ਬਨਾਰਸ, ਦਿੱਲੀ ਤੇ ਸੂਰਤ, ਅਹਿਮਤਾਬਾਦ ਤੋਂ ਲੈ ਕੇ ਮੁੰਬਈ ਤੱਕ ਹੋਏ ਸਾਰੇ ਆਤੰਕੀ ਹਮਲਿਆਂ ਪਿੱਛੇ ਪਾਕਿਸਤਾਨ ਹੈ। ਪਰ ਹੁਣ ਕਾਂਗਰਸ ਦੇਸ਼ ਦੀ ਸੁਰੱਖਿਆ ਤੇ ਅੱਤਵਾਦ ਵਰਗੇ ਮੁੱਦੇ ਉਠਾ ਕੇ ਆਮ ਲੋਕਾਂ ਕੋਲ ਵੋਟ ਮੰਗਣ ਚੱਲੀ ਹੈ ਜਦ ਕਿ ਹੁਣ ਤੱਕ ਇਨ੍ਹਾਂ ਮੁੱਦਿਆਂ ਦੇ ਹੱਲ ਨੂੰ ਟਾਲਦੀ ਆ ਰਹੀ ਹੈ। ਮਹਾਂਰਾਸ਼ਟਰ 'ਚ ਉਸੇ ਦੀ ਸਰਕਾਰ ਦੀ ਨੱਕ ਹੇਠ ਗੇਟਵੇ ਆਫ਼ ਇੰਡੀਆ, ਝਵੇਰੀ ਬਾਜ਼ਾਰ 'ਚ ਭਿਆਨਕ ਧਮਾਕੇ 'ਚ ਸੈਂਕੜਿਆਂ ਦੀ ਜਾਨ ਗਈ। ਇਸ ਤਰ੍ਹਾਂ ਸੰਨ 2006 'ਚ ਸੱਤ ਲੋਕਲ ਟ੍ਰੇਨਾ ਵਿਚ ਇਕ ਪਿੱਛੋਂ ਇਕ ਬੰਬ ਧਮਾਕੇ ਭਲਾ ਕੌਣ ਭੁੱਲ ਸਕਦਾ ਹੈ? ਇਨ੍ਹਾਂ ਤੋਂ ਇਲਾਵਾ ਵੀ ਧਮਾਕਿਆਂ ਦੀ ਸੂਚੀ ਲੰਬੀ ਹੈ। ਪਰ ਇਹਨਾਂ ਧਮਾਕਿਆਂ ਦੀ ਜਾਂਚ ਅਤੇ ਉਸ ਦਾ ਹਸਰ ਕੀ ਹੋਇਆ? ਕਾਂਗਰਸ ਕੋਲ ਇਸ ਦਾ ਕੋਈ ਜਵਾਬ ਨਹੀਂ। ਅਲਬੱਤਾ ਮਾਲੇ ਗਾਂਵ ਦੇ ਹਾਲੀਆ ਵਿਸਫੋਟ ਦੇ ਸਿਲਸਿਲੇ ਵਿਚ ਹਿੰਦੂਵਾਦੀ ਲੋਕਾਂ ਦੀ ਸ਼ਮੂਲੀਅਤ ਸੰਬੰਧੀ ਮਹਾਂਰਾਸ਼ਟਰ ਸਰਕਾਰ ਨੇ ਖੂਬ ਜਲਦਬਾਜ਼ੀ ਦਿਖਾਈ ਤਾਂ ਕਿ ਮੁਸਲਿਮ ਵੋਟਰਾਂ ਨੂੰ ਭਰਮਾਇਆ ਜਾ ਸਕੇ। ਤਾਂ ਕੀ ਕਾਂਗਰਸ ਆਪਣੀ ਸਸਤੀ ਚੁਣਾਵੀਂ ਰਾਜਨੀਤੀ ਦੇ ਬਲ 'ਤੇ ਦੇਸ਼ ਦੇ ਉਹਨਾਂ ਆਮ ਲੋਕਾਂ ਨੂੰ ਅੱਤਵਾਦ ਤੋਂ ਮੁਕਤੀ ਦੀ ਤਸੱਲੀ ਦੇਣਾ ਚਾਹ ਰਹੀ ਹੈ ਜੋ ਹੁਣ ਦੇਸ਼ ਦੇ ਕਿਸੇ ਵੀ ਵੱਡੇ ਸ਼ਹਿਰ ਦੀ ਭੀੜ-ਭਾੜ ਵਾਲੀਆਂ ਥਾਵਾਂ ਤੇ ਜਾਣੋ ਕਤਰਾਉਂਦੇ ਹਨ। ਦਰਅਸਲ ਬਿਨਾਂ ਕਿਸੀ ਠੋਸ ਕਲਪਨਾ ਤੇ ਪਾਰਦਰਸ਼ੀ ਇਰਾਦੇ ਦੇ ਕਾਂਗਰਸ ਕੋਲ ਵੀ ਜਨਤਾ ਨੂੰ ਭਰਮਾਉਣ ਲਈ ਹੋਰ ਹੈ ਹੀ ਕੀ। ਘੁਮਾ ਫਿਰਾ ਕੇ ਆਪਣੀ ਮੁਖ ਵਿਰੋਧੀ ਪਾਰਟੀ ਭਾਜਪਾ ਦੇ ਤੌਰ ਤਰੀਕਿਆਂ ਤੇ ਨੀਤੀਆਂ ਦੇ ਮੁਕਾਬਲੇ ਖੁਦ ਨੂੰ ਵੱਧ ਨਿਰਪੱਖ ਸਾਬਤ ਕਰਨ ਦੇ। ਭਲੇ ਹੀ ਇਹ ਨਿਰਪੱਖਤਾ ਵੋਟਾਂ ਵਟੋਰਨ ਦੇ ਚੱਕਰ ਦੇ ਵਿਚ ਅਸਿੱਧੇ ਤੌਰ 'ਤੇ ਭਾਜਪਾ ਤੋਂ ਕਿਤੇ ਵੱਧ ਫਿਰਕੂ, ਪੱਖਪਾਤੀ ਹੋਵੇ। ਅਜੇ ਭਾਜਪਾ ਦੀ ਨਾਗਪੁਰ 'ਚ ਹੋਈ ਰਾਸ਼ਟਰੀ ਕਾਰਜਕਾਰਨੀ ਦੀ ਮੀਟਿੰਗ ਵਿਚ ਵੀ ਅਗਾਮੀ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਤਹਿਤ ਜਦ ਇਕ ਵਾਰੀ ਫੇਰ 'ਰਾਮ' ਦੀ ਸ਼ਰਨ 'ਚ ਜਾਣ ਦਾ ਫੈਸਲਾ ਲਿਆ ਗਿਆ ਤਾਂ ਜਿਵੇਂ ਕਾਂਗਰਸ ਨੂੰ

ਭਾਜਪਾ ’ਤੇ ਵਾਰ ਕਰਨ ਦਾ ਮੁੱਦਾ ਮਿਲ ਗਿਆ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਭਾਜਪਾ ਲੋਕਾਂ ਨੂੰ ‘ਰਾਮ’ ਦੇ ਨਾਂ ’ਤੇ ਵਾਰ-ਵਾਰ ਗੁੰਮਰਾਹ ਕਰ ਰਹੀ ਹੈ। ਐਸੀ ਪਾਰਟੀ ਅੱਤਵਾਦ ਖਿਲਾਫ ‘ਕਾਰਗਰ ਔਜ਼ਾਰ’ ਨਹੀਂ ਬਣ ਸਕਦੀ। ਸੋਨੀਆ ਗਾਂਧੀ ਅੱਤਵਾਦ ਵਿਰੁੱਧ ਭਾਜਪਾ ਨੂੰ ਲੜ ਸਕਣ ’ਚ ਅਸਮਰੱਥ ਠਹਿਰਾਉਂਦਿਆਂ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦੀ ਹੈ ਕਿ ਜਿਸ ਕਾਂਗਰਸ ਪਾਰਟੀ ਨੇ ਅੱਤਵਾਦੀਆਂ ਹੱਥੋਂ ਆਪਣੇ ਦੋ ਆਗੂ ਗੁਆਏ ਹਨ ਉਸ ਨੂੰ ਕਿਸੇ ਤੋਂ ਪ੍ਰਮਾਣ ਪੱਤਰ ਦੀ ਲੋੜ ਨਹੀਂ ਹੈ। ਪਰ ਸੁਆਲ ਇਥੇ ਪੱਤਰ ਦਾ ਨਹੀਂ, ਪ੍ਰਮਾਣ ਦਾ ਹੈ। ਅੱਤਵਾਦ ਨੂੰ ਰੋਕਣ ਲਈ ਕਾਂਗਰਸ ਨੇ ਕੋਈ ਠੋਸ ਕੰਮ ਕੀਤਾ, ਇਸ ਦਾ ਸਬੂਤ ਕਿਥੇ ਪਾ ਰਹੇ ਹਨ ਲੋਕ? ਜੇ ਅਜਿਹਾ ਕੋਈ ਸਬੂਤ ਦਿੱਤਾ ਗਿਆ ਹੁੰਦਾ ਤਾਂ ਫਿਰ ਅਲਕਾਇਦਾ ਇਹ ਧਮਕੀ ਕਿਉਂ ਦਿੰਦਾ ਕਿ ਜੇ ਭਾਰਤ ਪਾਕਿਸਤਾਨ ’ਤੇ ਹਮਲਾ ਕਰਦਾ ਹੈ ਤਾਂ ਉਹ ਮੁੰਬਈ ਵਰਗੇ ਹੋਰ ਹਮਲਿਆਂ ਲਈ ਤਿਆਰ ਰਹੇ? ਜਾਂ ਫਿਰ ਪਾਕਿਸਤਾਨ ’ਚ ਛੁਪੇ ਭਾਰਤੀ ਅੱਤਵਾਦੀ ਦਾਊਦ ਇਬ੍ਰਾਹਿਮ ਗ੍ਰਿਫਤਾਰ ਅੱਤਵਾਦੀ ਅਜਮਲ ਕਸਾਬ ਦੀ ਹੱਤਿਆ ਦੀ ਸੁਪਾਰੀ ਲੈਂਦਾ ਹੈ। ਜ਼ਾਹਿਰ ਹੈ ਕਿ ਭਾਰਤ ਦੀ ਸਰਕਾਰ ਦੀ ਅੱਤਵਾਦੀ ਵਿਰੋਧੀ ਮੁਹਿੰਮ ਤੇ ਦੁਸ਼ਮਣ ਦੇਸ਼ ਨੂੰ ਉਸ ਦੀ ਇਸ ਸਾਜਿਸ਼ ਲਈ ਸਜ਼ਾ ਦੇਣ ਦੀ ਇੱਛਾ ਸ਼ਕਤੀ ਦੀਆਂ ਕੰਮਜ਼ੋਰੀਆਂ ਨੇ ਅੱਤਵਾਦੀਆਂ ਦੇ ਹੌਂਸਲੇ ਬੁਲੰਦ ਰੱਖੇ ਹਨ। ਇਸ ਲਈ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਜੇ ਕਾਂਗਰਸ ਅੱਤਵਾਦ ਵਿਰੁੱਧ ਆਪਣੇ ਕਰੜੇ ਇਰਾਦੇ ਦਾ ਇਜ਼ਹਾਰ ਕਰ ਰਹੀ ਹੈ ਤਾਂ ਉਸ ’ਤੇ ਸੌਖਿਆਂ ਹੀ ਵਿਸਵਾਸ਼ ਨਹੀਂ ਕੀਤਾ ਜਾ ਸਕਦਾ ਹੈ। ਲੱਗਭਗ ਇਹੀਂ ਹਾਲ ਭਾਜਪਾ ਦਾ ਹੈ। ਆਪਣੀ ਹਕੂਮਤ ਸਮੇਂ ਕਾਰਗਲ ਦੀਆਂ ਲਪਟਾਂ ਵਿਚ ਝੁਲਸਣ ਦੇ ਬਾਵਜੂਦ ਇਕ ਹੋਰ ਨਿਰਨਾਇਕ ਯੁੱਧ ਦੇ ਕੰਢੇ ਤੋਂ ਪੂਰੀ ਫ਼ੌਜ ਨੂੰ ਵਾਪਸ ਭੇਜ ਦੇਣ ਵਾਲੀ ਭਾਜਪਾ ਦੀਆਂ ਨੀਤੀਆਂ ਨੂੰ ਸਮਝਣਾ ਆਮ ਲੋਕਾਂ ਲਈ ਹੋਰ ਵੀ ਮੁਸ਼ਕਲ ਹੋ ਰਿਹਾ ਹੈ। ਪਿਛੇ ਜਿਹੇ ਹੀ ਭਾਜਪਾ ਕੌਮੀ ਕਾਰਜਕਾਰਨੀ ਤੇ ਕੌਮੀ ਪ੍ਰੀਸ਼ਦ ਦੀ ਬੈਠਕ ਵਿਚ ਜਿਥੇ ਲਾਲ ਕ੍ਰਿਸ਼ਨ ਅਡਵਾਨੀ ਨੇ ਐਲਾਨ ਕਰਦੇ ਕਿਹਾ ਕਿ ਲੋਕ ਭਾਵੇਂ ਹੀ ਕਹਿਣ ਕਿ ਭਾਜਪਾ ਫਿਰ ‘ਰਾਮ ਮੁੱਦੇ’ ’ਤੇ ਆ ਗਈ ਹੈ ਪਰ ਸੱਚਾਈ ਇਹ ਹੈ ਕਿ ਅਸੀਂ ਕਦੇ ਇਹ ਮੁੱਦਾ ਛੱਡਿਆ ਹੀ ਨਹੀਂ। ਪਾਰਟੀ ਪ੍ਰਧਾਨ ਰਾਜਨਾਥ ਨੇ ਕਿਹਾ ਕਿ ਭਾਜਪਾ ਨੂੰ ਡਰ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਚੋਣਾਂ ’ਚ ਹੋਰਨਾਂ ਪਾਰਟੀਆਂ ਨੂੰ ਹਾਈਸ਼ੇ ’ਤੇ ਧੱਕਣ ਲਈ ਪਾਕਿਸਤਾਨ ਸਥਿਤ ਅੱਤਵਾਦੀ ਟਿਕਾਣਿਆਂ ਤੇ ਹਮਲਾ ਕਰ ਸਕਦੀ ਹੈ। ਭਾਜਪਾ ਦਾ ਤਰਕ ਇਹ ਸੀ ਕਿ ਮੁੰਬਈ ਦੇ ਅੱਤਵਾਦੀ ਹਮਲੇ ਦੇ ਢਾਈ ਮਹੀਨੇ ਬੀਤ ਜਾਣ ਪਿੱਛੋਂ ਜੋ ਸਰਕਾਰ ਸਿਰਫ ਗੱਲਾਂ ਹੀ ਕਰਦੀ ਰਹੀ ਹੈ ਉਹ ਭਲਾ ਪਾਕਿਸਤਾਨ ਖਿਲਾਫ਼ ਸਿੱਧੀ ਕਾਰਵਾਈ ਦੇ ਵਿਕਲਪ ਖੁੱਲ੍ਹੇ ਰੱਖਣ ਦੀ ਗੱਲ ਕਰਨ ਲੱਗੀ ਹੈ, ਜਿਸ ਨਾਲ ਇਹ ਲੱਗਦਾ ਹੈ ਕਿ ਇਹ ਚੋਣਾਂ ਸਮੇਂ ਦੇਸ਼ ’ਤੇ ਯੁੱਧ ਠੋਸਣਾ ਚਾਹੁੰਦੀ ਹੈ ਤਾਂ ਕਿ ਬਾਕੀ ਪਾਰਟੀਆਂ ਹਾਸ਼ੀਏ ’ਤੇ ਚਲੀਆਂ ਜਾਣ। ਭਾਜਪਾ ਦੀਆਂ ਨਜ਼ਰਾਂ ਵਿਚ ਭਾਰਤ ਦਾ ਪਾਕਿਸਤਾਨ ਨਾਲ ਸਾਂਝਾ ਅੱਤਵਾਦ ਵਿਰੋਧੀ ਤੰਤਰ ਬਣਾਉਣਾ, ਪਾਕਿਸਤਾਨ ਮਨਮੋਹਨ ਸਿੰਘ ਵਲੋਂ ਪਾਕਿਸਤਾਨ ਨੂੰ ਵੀ ਅੱਤਵਾਦ ਦਾ ਸ਼ਿਕਾਰ ਕਰਾਰ ਦੇਣਾ ਅਤੇ ਕੇਂਦਰ ਸਰਕਾਰ ਦਾ ਇਹ ਕਹਿਣਾ ਕਿ ਅੱਤਵਾਦੀ ਹਮਲਿਆਂ ਨੂੰ ਪਾਕਿਸਤਾਨ ਨਾਲ ਦੁਵੱਲੇ ਸੰਬੰਧਾਂ ’ਚ ਅੜਿਕਾ ਬਣਨ ਨਹੀਂ ਦਿੱਤਾ ਜਾਵੇਗਾ, ਅਜਿਹੀਆਂ ਭੁਲਾਂ ਹਨ

ਜਿਨਾਂ ਦਾ ਖਮਿਆਜ਼ਾ ਅੱਜ ਸਾਰਾ ਦੇਸ਼ ਭੁਗਤ ਰਿਹਾ ਹੈ ਅਤੇ ਹੁਣ ਕਾਂਗਰਸ ਯੁੱਧ ਦਾ ਚੁਣਾਵੀ ਲਾਹਾ ਲੈਣ ਦੀ ਤਿਆਰੀ 'ਚ ਜੁੜੀ ਹੋਈ ਹੈ। ਵੈਸੇ ਤਾਂ ਭਾਜਪਾ ਦੇ ਇਹ ਦੋਸ਼ ਇਕ ਨਜ਼ਰੀਏ ਤੋਂ ਸਹੀ ਦਿੱਸਦੇ ਹਨ, ਪਰ ਆਪਣੀ ਹਕੂਮਤ ਦੌਰਾਨ ਹੀ ਪਾਕਿ ਪ੍ਰਯੋਜਿਤ ਵਿਰੁੱਧ ਭਾਜਪਾ ਦੇ ਐਸੀ ਕੋਈ ਦ੍ਰਿੜ ਇੱਛਾ ਸ਼ਕਤੀ ਵਾਲੀ ਕਾਰਵਾਈ ਨਹੀਂ ਕੀਤੀ। ਜਿਸ ਨਾਲ ਕੋਈ ਮਾਰਗ-ਦਰਸ਼ਨ ਹੋ ਸਕੇ। ਏਨਾ ਹੀ ਨਹੀਂ ਕਾਰਗਲ ਯੁੱਧ ਵੀ ਸਾਡੀਆਂ ਖੁਫੀਆ ਏਜੰਸੀਆਂ ਤੇ ਅੰਦਰੂਨੀ ਸੁਰੱਖਿਆ ਤਾਣੇ-ਬਾਣੇ ਦੀ ਅਸਫਲਤਾ ਦਾ ਹੀ ਸਿੱਟਾ ਸੀ। ਜਿਥੇ ਕਾਂਗਰਸ ਨੂੰ ਹੁਣ ਭਾਜਪਾ ਇਸ ਮੁੱਦੇ 'ਤੇ ਘੇਰ ਰਹੀ ਹੈ ਜਦਕਿ ਉਸ ਦੇ ਹੀ ਹਕੂਮਤ ਵਾਲੇ ਸੂਬਿਆਂ 'ਚ ਕੁਝ ਮਹੀਨੇ ਪਹਿਲਾਂ ਅੱਤਵਾਦੀ ਧਮਾਕਿਆਂ ਦੀ ਝੜੀ ਲੱਗ ਗਈ ਸੀ ਜੋ ਇਹਨਾਂ ਰਾਜਾਂ ਦੇ ਚੋਟੀ ਦੇ ਖੁਫੀਆ ਤੰਤਰ ਦੀ ਚਸ਼ਮਦੀਦ ਗਵਾਹ ਲਿਹਾਜਾ ਭਾਜਪਾ ਦਾ ਦੋਸ਼ ਹੈ ਕਿ ਚੋਣਾਂ ਸਮੇਂ ਕਾਂਗਰਸ ਯੁੱਧ ਦਾ ਜਨੂੰਨ ਪੈਦਾ ਕਰ ਰਹੀ ਹੈ। ਇਕ ਨਾਜ਼ੁਕ ਸਮੇਂ ਵਿਚ ਵੀ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੱਥ ਬੰਨਣ ਦੀ ਸਾਜ਼ਿਸ਼ ਜਿਹੀ ਲੱਗਦੀ ਹੈ ਤਾਂ ਕਿ ਜੇ ਕਦੀ ਜੰਗ ਹੋ ਵੀ ਜਾਏ ਤਾਂ ਇਸ ਦਾ ਲਾਭ ਕਾਂਗਰਸ ਨੂੰ ਮਿਲ ਜਾਵੇ।

ਇਹ ਸਹੀ ਹੈ ਕਿ ਪਿਛਲੇ ਢਾਈ ਮਹੀਨਿਆਂ ਤੋਂ ਦੇਸ਼ ਦੀ ਜਨਤਾ ਸਿਸ਼ੋਪੰਜ ਵਿਚ ਹੈ ਕਿ ਆਖਰ ਪਾਕਿਸਤਾਨ ਨੂੰ ਕੇਂਦਰ ਸਰਕਾਰ ਕਿਸ ਤਰੀਕੇ ਨਾਲ ਸਬਕ ਸਿਖਾਉਣਾ ਚਾਹੁੰਦੀ ਹੈ? ਅੱਤਵਾਦੀ 'ਤੇ ਕਾਰਵਾਈ ਦੇ ਨਾਂ 'ਤੇ ਪਾਕਿਸਤਾਨ ਜੋ ਅਮਰੀਕਾ ਦੀਆਂ ਅੱਖਾਂ 'ਚ ਘੱਟਾ ਪਾ ਸਕਦਾ ਹੈ, ਉਹ ਭਾਰਤ ਨੂੰ ਕਿਉਂ ਬਖਸ਼ੇਗਾ? ਪਰ ਨਾਲ ਹੀ ਨਾਲ ਇਹ ਵੀ ਸੱਚ ਹੈ ਕਿ ਪਿਛਲੇ ਦੋ ਢਾਈ ਮਹੀਨਿਆਂ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਕਾਰਨ ਕੇਂਦਰ ਸਰਕਾਰ ਦੇ ਸਾਹਮਣੇ ਜੋ ਹਾਲਤਾਂ ਪੈਦਾ ਹੋਈਆਂ, ਮੁਮਕਿਨ ਹੈ ਕਿਸੇ ਵੱਡੇ ਫੈਸਲੇ ਦੇ ਨਾ ਲਏ ਜਾਣ ਪਿੱਛੇ ਉਹ ਹੀ ਪ੍ਰਮੁੱਖ ਕਾਰਨ ਹਨ। ਸਭ ਤੋਂ ਸੀਨੀਅਰ ਮੰਤਰੀ ਹੋਣ ਦੇ ਨਾਤੇ ਕੈਬਨਿਟ ਬੈਠਕਾਂ ਦੀ ਪ੍ਰਧਾਨਗੀ ਪ੍ਰਣਬ ਮੁਖਰਜੀ ਨੂੰ ਦਿੱਤੀ ਗਈ ਸੀ। ਵਿੱਤ ਮਤਰਾਲੇ ਦੇ ਲੇਖਾ ਨੁਦਾਨ ਪੇਸ਼ ਕਰਨ ਦੀ ਜ਼ਿੰਮੇਵਾਰੀ ਵੀ ਉਹਨਾਂ ਨੂੰ ਸੌਂਪੀ ਗਈ ਸੀ ਜਦ ਕਿ ਗਣਤੰਤਰ ਦਿਵਸ ਮੌਕੇ ਆਯੋਜਿਤ ਸਮਾਰੋਹਾਂ 'ਚ ਪ੍ਰਧਾਨ ਮੰਤਰੀ ਦੀ ਹਾਜ਼ਰੀ 'ਚ ਸਲਾਮੀ ਰੱਖਿਆ ਮੰਤਰੀ ਏ. ਕੇ. ਐਨਾਟਨੀ ਨੇ ਲਈ। ਪਰ ਪ੍ਰਧਾਨ ਮੰਤਰੀ ਦੀ ਗੈਰ ਹਾਜ਼ਰੀ 'ਚ ਪ੍ਰਮਾਣੂ ਬਟਨ ਨੂੰ ਕਿਸ ਜਿੰਮੇ ਸੌਂਪਿਆ ਗਿਆ, ਇਹ ਕਿਧਰੇ ਸਪੱਸ਼ਟ ਨਹੀਂ ਸੀ। ਇਸ ਤਰ੍ਹਾਂ ਹੋਰ ਕੁਝ ਜ਼ਰੂਰੀ ਜ਼ਿੰਮੇਵਾਰੀਆਂ ਵੀ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਦੇ ਹਿੱਸੇ ਚਲੀਆਂ ਗਈਆਂ ਸਨ। ਕੁਲ ਮਿਲਾ ਕੇ ਜੰਗ ਦਾ ਡਰ ਸੀ ਅਤੇ ਕੇਂਦਰ 'ਚ ਫੈਸਲਾ ਲੈਣ ਦੀ ਸਥਿਤੀ ਪ੍ਰਧਾਨ ਮੰਤਰੀ ਦੀ ਬੀਮਾਰੀ ਕਾਰਨ ਬਣ ਨਹੀਂ ਸੀ ਸਕੀ। ਬਾਵਜੂਦ ਇਸ ਦੇ ਇਹ ਨਹੀਂ ਸੀ ਮੰਨਿਆ ਜਾ ਸਕਦਾ ਕਿ ਜੇ ਪ੍ਰਧਾਨ ਮੰਤਰੀ ਬੀਮਾਰ ਨਾ ਹੁੰਦੇ ਤਾਂ ਕਾਂਗਰਸੀ ਸਰਕਾਰ ਪਾਕਿਸਤਾਨ ਖਿਲਾਫ਼ ਕੋਈ ਫੈਸਲਾਕੁੰਨ ਜੰਗ ਛੇੜ ਦਿੰਦੀ। ਇਸ ਤਰ੍ਹਾਂ ਇਹ ਕਹਿਣਾ ਵੀ ਕਠਿਨ ਹੈ ਕਿ ਤਾਜ਼ਾ ਅੱਤਵਾਦੀ ਹਮਲਿਆਂ ਦੇ ਪ੍ਰਸੰਗ 'ਚ ਜੇ ਭਾਜਪਾ ਦੀ ਸਰਕਾਰ ਹੁੰਦੀ ਤਾਂ ਉਹ ਪਾਕਿਸਤਾਨ ਨੂੰ ਸਬਕ ਸਿਖਾ ਹੀ ਦਿੰਦੀ।

ਦਰਅਸਲ ਅਗਾਮੀ ਚੋਣਾਂ ਲਈ ਇਹਨਾਂ ਪਾਰਟੀਆਂ ਨੇ ਤਿਆਰੀਆਂ ਤਹਿਤ ਜੋ ਮੁੱਦੇ ਇਕ ਵਾਰ ਫਿਰ ਜ਼ੋਰ-ਜ਼ੋਰ ਨਾਲ ਉਠਾਉਣ ਦੀ ਸ਼ਿਕਾਇਤ ਕੀਤੀ ਹੈ, ਉਹ

ਦੇਸ਼ ਦੀ ਆਮ ਜਨਤਾ ਲਈ ਹਮੇਸ਼ਾ ਵਾਂਗੂੰ ਬੱਸ ਧੋਖਾ ਹੀ ਹੈ। ਭਾਜਪਾ ਨੇ ਇਕ ਵਾਰ ਫਿਰ ਰਾਮ ਮੰਦਰ ਦਾ ਛੋਛਾ ਛੱਡਿਆ ਹੈ। ਪਾਕਿਸਤਾਨ ਖਿਲਾਫ ਕਾਰਵਾਈ ਸੰਬੰਧੀ ਇਹ ਦਵੰਦ 'ਚ ਫਸੀ ਹੈ ਅਤੇ ਕਾਂਗਰਸ ਵਾਂਗੂੰ ਉਸ ਪਾਸ ਵੀ ਆਮ ਆਦਮੀ ਦੀ ਹੋਂਦ ਸੰਬੰਧੀ ਆਰਥਿਕ ਨਜ਼ਰੀਆਂ ਨਹੀਂ ਹੈ। ਡਾ. ਮਨਮੋਹਨ ਸਿੰਘ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਦੇ ਦੱਸੇ ਸਾਮਰਾਜੀ ਆਰਥਿਕ ਰਾਹ 'ਤੇ ਚੱਲਕੇ ਭੁੱਖਮਰੀ ਤੇ ਬੇਰੁਜ਼ਗਾਰੀ ਦੇ ਜਬਾੜੇ ਵਿਚ ਫਸ ਗਿਆ ਹੈ। ਭਾਰਤ 'ਚ ਸਾਮਰਾਜੀ ਬਹੁਕੌਮੀ ਕੰਪਨੀਆਂ ਤੇ ਸੈਸੇਂਕਸ ਦੇ ਉਛਾਲ ਮਾਰਦੇ ਅੰਕੜਿਆਂ ਦੀ ਖੇਡ ਖੇਡੀ ਗਈ। ਉਸ ਦਾ ਲਾਭ ਸਿਰਫ਼ ਦੇਸ਼ ਦੇ ਚੋਣਵੇਂ ਅਮੀਰ ਘਰਾਣਿਆਂ ਨੂੰ ਹੋਇਆ। ਜਦਕਿ ਆਮ ਆਦਮੀ ਦਾ ਪੈਸਾ ਸ਼ੇਅਰ ਬਾਜ਼ਾਰ 'ਚ ਲੱਗਦਾ ਰਿਹਾ। ਸਿੱਟਾ ਜਿਉਂ ਹੀ ਅਮਰੀਕੀ ਅਰਥਚਾਰੇ ਦਾ ਸੈਂਸੇਕਸ ਡਿੱਗਿਆ ਭਾਰਤੀ ਸੇਂਸੇਕਸ ਦੀ ਰੀੜ ਵੀ ਟੁੱਟ ਗਈ। ਪਰ ਇਸ ਨਾਲ ਬਰਬਾਦ ਕੌਣ ਹੋਇਆ? ਅਮੀਰ ਘਰਾਣੇ? ਬਿਲਕੁਲ ਨਹੀਂ। ਇਸ ਚੂਹੇ-ਬਿੱਲੀ ਦੀ ਖਤਰਨਾਕ ਖੇਡ ਵਿਚ ਫਿਰ ਮਾਰਿਆ ਗਿਆ ਆਮ ਆਦਮੀ, ਚੂਹੇ ਦੀ ਮੌਤ। ਵੱਡੇ ਨਕਲੀ ਸੇਂਸੇਕਸ ਤੇ ਆਈ. ਟੀ. ਸੈਕਟਰ ਦੀਆਂ ਵੱਡੀਆਂ ਵੱਡੀਆਂ ਬਾਹਰੀ ਕੰਪਨੀਆਂ ਦੇ ਵੱਡੇ ਵੱਡੇ ਭਰਮਾਊ ਤਨਖਾਹ-ਪੈਕੇਜਾਂ ਦੇ ਭਰੋਸੇ ਦੇਸ਼ 'ਚ ਜੋ ਇਕ ਤਾਜ਼ਾ ਨਵ-ਧਨਾਢ ਵਰਗ ਪੈਦਾ ਹੋਇਆ ਉਸ ਨੇ ਨਮਕ, ਤੇਲ, ਆਟਾ, ਦਾਲ, ਚੌਣ, ਸਾਬਣ, ਸੈਂਪੂ, ਪਾਊਡਰ ਤੋਂ ਲੈ ਕੇ ਰਿਅਲ ਸਟੇਟ ਤੱਕ ਸਭ ਦੀ ਕੀਮਤ ਅਸਮਾਨੀ ਪਹੁੰਚਾ ਦਿੱਤੀ। ਮਹਿੰਗਾਈ 11-12 ਦਾ ਅੰਕੜਾ ਪਾਰ ਕਰ ਗਈ। ਹਰ ਅੱਠ-ਦਸ ਦਿਨਾਂ ਪਿਛੋਂ ਰੋਜ਼ਮਾਰਾ ਦੀਆਂ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਵੱਧ ਜਾਂਦੀਆਂ। ਗਾਹਕ ਪੁੱਛਦਾ 'ਬਈ ਐਸਾ ਕਿਉਂ?' ਜੁਆਬ ਮਿਲਦਾ, ਦੇਸ਼ ਦੀ ਵਿਕਾਸ ਦਰ ਬਹੁਤ ਵੱਧ ਗਈ ਹੈ ਤਾਂ ਕੀ ਰੇਟ ਨਹੀਂ ਵੱਧਣਗੇ? ਆਮ ਆਦਮੀ ਦੀ ਸਮਝ 'ਚ ਮਨਮੋਹਨ ਸਿੰਘ-ਪੀ. ਚਿਦੰਬਰਮ ਦੀ ਇਸ ਆਰਥਿਕ-ਵਿਕਾਸ-ਵਿਵਸਥਾ ਦਾ ਮਤਲਬ ਅੱਜ ਤੱਕ ਸਮਝ ਵਿਚ ਨਹੀਂ ਆਇਆ ਹੈ। ਭਾਜਪਾ ਦੇ ਸਮੇਂ ਵੀ ਮਹਿੰਗਾਈ ਤੇ ਆਰਥਿਕ ਵਿਸੰਗਤੀਆਂ ਨੇ ਆਮ ਆਦਮੀ ਦੀ ਰੀੜ ਤੋੜ ਦਿੱਤੀ ਸੀ।

ਪਰ ਪਾਰਟੀ ਦੇਸ਼ ਦੇ ਲੋਕਾਂ ਨੂੰ ਵਿਖਾ ਰਹੀ ਸੀ 'ਸ਼ਾਈਨਿੰਗ ਇੰਡੀਆ' ਅਤੇ ਮਹਿਸੂਸ ਕਰਨ ਨੂੰ ਕਹਿ ਰਹੀ ਸੀ "ਫੀਲਡ ਗੁਡ ਫੈਕਟਰ?" ਪਰ ਪੇਟ ਦੀ ਅੱਗ ਵਿਚ ਖ਼ੁਦ ਜਲ ਰਹੀ ਆਮ ਜਨਤਾ ਨੂੰ ਸਿਵਾਏ ਭੁੱਖ ਦੇ ਨਾ ਕੁਝ ਦਿੱਸਿਆ, ਨਾ ਮਹਿਸੂਸ ਹੋਇਆ। ਇਸ ਸਮੇਂ ਵੀ ਹਾਲ ਕੁਝ ਅਜਿਹਾ ਹੀ ਹੈ। ਇਹ ਤਾਂ ਭਲਾ ਹੋਵੇ ਵਿਸ਼ਵੀ ਆਰਥਿਕ ਮੰਦੀ ਦਾ ਕਿ ਪੈਟਰੋਲ-ਡੀਜ਼ਲ ਦੀ ਦੁਨੀਆ ਭਰ 'ਚ ਖਪਤ ਘੱਟ ਹੋਈ ਤਾਂ ਉਹਨਾਂ ਦੇ ਭਾਅ ਖ਼ੁਦ ਘੱਟ ਗਏ। ਸੇਂਸੇਕਸ ਡਿੱਗਿਆ ਤਾਂ ਰਿਅਲ ਅਸਟੇਟ ਦੇ ਆਕਾਸ਼ ਛੂਹਦੇ ਭਾਅ ਥੋੜ੍ਹੇ ਜਿਹੇ ਖਿਸਕੇ। ਰੋਜ਼ਮਰਾ ਦੀਆਂ ਚੀਜ਼ਾਂ ਦੇ ਭਾਅ ਕੰਪਨੀਆਂ ਨੂੰ ਡਿੱਗਦੇ ਸੇਂਸੇਕਸ ਨੂੰ ਵੇਖ ਕੇ ਕੁਝ ਘਟਾਉਣੇ ਪਏ। ਪਰ ਇਸ ਦੇ ਬਾਵਜੂਦ ਮਹਿੰਗਾਈ ਨੂੰ ਰੋਕਣ ਦਾ ਕੋਈ ਹੱਲ ਸਰਕਾਰ ਕੋਲ ਨਹੀਂ ਹੈ। ਜਿਨ੍ਹਾਂ ਜਿਣਸਾਂ ਦੇ ਭਾਅ ਵਧਾਏ ਗਏ ਸਨ, ਉਸ ਦਾ ਮੁਨਾਫਾ ਕੰਪਨੀਆਂ ਤੇ ਸਰਕਾਰ ਦੇ ਏਜੰਟ ਹੀ ਮਿਲਕੇ ਵੰਡ ਖਾਂਦੇ ਰਹੇ। ਜਦ ਇਹ ਪਤਾ ਲੱਗ ਜਾਂਦਾ ਹੈ ਕਿ ਆਮ ਆਦਮੀ ਦੀ ਖਰੀਦ ਸ਼ਕਤੀ ਘੱਟ ਗਈ ਹੈ ਤਾਂ ਕੀਮਤਾਂ ਆਪਣੇ ਆਪ ਘਟਾ ਦਿੱਤੀਆਂ ਜਾਂਦੀਆਂ ਹਨ। ਪਰ ਇਸ ਖਰੀਦ ਸ਼ਕਤੀ ਨੂੰ ਮਾਪਣ ਦਾ ਪੈਮਾਨਾ ਸੇਂਸੇਕਸ ਤੇ ਸ਼ੇਅਰ ਮਾਰਕਿਟ

ਦੇ ਉਛਾਲ ਨੂੰ ਮੰਨ ਲਿਆ ਗਿਆ ਹੈ ਪਰ ਦੇਸ਼ ਦੀ ਜਿੰਨੀ ਫੀਸਦੀ ਅਬਾਦੀਆਂ ਦਾ ਰਿਸ਼ਤਾ ਸੇਂਸੇਕਸ ਤੇ ਸ਼ੇਅਰ ਮਾਰਕਿਟ ਨਾਲ ਹੈ? ਜਾਹਿਰ ਹੈ ਮੁੱਠੀਭਰ ਲੋਕਾਂ ਦੀ ਇਸ ਸੱਟੇ ਦੀ ਖੇਡ ਦੇ ਨਕਲੀ ਆਰਥਿਕ ਉਛਾਲ ਨੂੰ ਦੇਖ ਕੇ ਜੋ ਮਹਿੰਗਾਈ ਵਧਦੀ ਜਾ ਰਹੀ ਹੈ। ਉਸ ਦੇ ਦਮਘੋਟੂ ਫੰਡੇ 'ਚ ਵਿਚਾਰਾ ਆਮ ਆਦਮੀ ਮਾਰਿਆ ਜਾ ਰਿਹਾ ਹੈ। ਉਥੇ ਆਮ ਆਦਮੀ ਜਿਸ ਦੀ ਕੋਈ ਫ਼ਿਕਰ ਇਨ੍ਹਾਂ ਰਾਜਸੀ ਪਾਰਟੀਆਂ ਨੂੰ ਉੱਕਾ ਹੀ ਨਹੀਂ ਹੈ। ਉਨ੍ਹਾਂ ਨੇ ਤਾਂ ਸਿਰਫ਼ ਤੇ ਸਿਰਫ਼ ਚੋਣਾਂ ਜਿੱਤਣੀਆਂ ਹਨ। ਚਾਹੇ ਉਨ੍ਹਾਂ ਦੇ ਲਈ ਸ੍ਰੀ ਰਾਮ ਨੂੰ ਉਭਰਨਾ ਪਵੇ ਜਾਂ ਫਿਰ ਜ਼ਰੂਰੀ ਯੁੱਧ ਨੂੰ ਚੋਣਾਂ ਤੱਕ ਘਸੀਟ ਕੇ ਲੈ ਜਾਣਾ ਪਵੇ ਜਾਂ ਫਿਰ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਜਾਂ ਬਾਜ਼ੀਗਿਰੀ ਕਰਨੀ ਪਵੇ।

ਵਿਸਵਾਸ਼ ਮੱਤ ਸਮੇਂ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦੇ ਹੰਟਰ ਨਾਲ ਘਬਰਾਏ ਸਪਾਈ ਮੁਲਾਇਮ ਸਿੰਘ ਯਾਦਵ ਤੇ ਅਮਰ ਸਿੰਘ ਨੇ ਕੇਂਦਰ ਤੋਂ ਖੱਬੇ ਮੋਰਚੇ ਦੇ ਹਟਦਿਆਂ ਹੀ ਜਿਸ ਗਤੀ ਨਾਲ ਪਿਛਲਾ ਸਾਰਾ ਅਪਮਾਨ ਭੁਲਾ ਕੇ ਕਾਂਗਰਸ ਦਾ ਪੱਲਾ ਫੜਿਆ ਸੀ, ਹੁਣ ਓਨੀ ਹੀ ਕੁੜੱਤਣ ਉਨ੍ਹਾਂ ਦੇ ਸੰਬੰਧਾਂ 'ਚ ਆ ਗਈ ਹੈ। ਇਥੋਂ ਤੱਕ ਕਿ ਅਮਰ ਸਿੰਘ ਸਾਫ਼-ਸਾਫ਼ ਸੋਨੀਆ 'ਤੇ ਦੋਸ਼ਾਂ ਦਾ ਬੋਛਾੜ ਕਰ ਰਹੇ ਹਨ। ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿਚ ਸੀ. ਬੀ. ਆਈ. ਵੱਲੋਂ ਮੁਲਾਇਮ ਸਿੰਘ ਦੀ ਘੇਰਾਬੰਦੀ ਬਾਅਦ ਇਹ ਲੱਗਪਗ ਸਾਫ਼ ਹੋ ਗਿਆ ਹੈ ਕਿ ਕਾਂਗਰਸ-ਸਪ ਗੱਠਜੋੜ ਚੱਲਣ ਵਾਲਾ ਨਹੀਂ ਹੈ। ਜ਼ਾਹਿਰ ਹੈ ਕਿ ਉੱਤਰ ਪ੍ਰਦੇਸ਼ 'ਚ ਇਸ ਦਾ ਫ਼ਾਇਦਾ ਮਾਇਆਵਤੀ ਨੂੰ ਹੋਵੇਗਾ। ਅਮਰ ਸਿੰਘ ਨੇ ਕਾਂਗਰਸ ਦੇ ਵਫਾਦਾਰ ਸੁਨੀਲ ਦੱਤ ਪਰਿਵਾਰ ਵਿਚ ਵੀ ਤੋੜ-ਫੋੜ ਕਰਕੇ ਸੰਜੇ ਦੱਤ ਅਤੇ ਪ੍ਰਿਆ ਦੱਤ ਨੂੰ ਆਹਮਣੇ-ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਸਪੱਸ਼ਟ ਹੈ ਕਿ ਦੂਰੀਆਂ ਵਧਣਗੀਆਂ ਹੀ। ਮਹਾਂਰਾਸ਼ਟਰ 'ਚ ਉੱਤਰ ਭਾਰਤੀਆਂ ਦੀ ਦਾ ਮਨਸੇ ਦੇ ਝਮੇਲੇ 'ਚ ਮਰਾਠੀਆਂ ਵੱਲੋਂ ਨਾ ਸਿਰਫ਼ ਅਪਮਾਨ ਬਲਕਿ ਜਾਨ ਮਾਲ ਦੀ ਰਾਖੀ ਦੇ ਸਿਲਸਿਲੇ ਨੂੰ ਰੋਕਣ 'ਚ ਪੂਰੀ ਤਰ੍ਹਾਂ ਨਾਕਾਮ ਕੇਂਦਰ ਸਰਕਾਰ ਹੁਣ ਫਿਰ ਤੋਂ ਉੱਤਰ ਭਾਰਤੀਆਂ ਨੂੰ ਭਰਮਾਉਣ 'ਚ ਲੱਗੀ ਹੈ। ਜਦਕਿ ਭਾਜਪਾ ਗੁਜਰਾਤ ਦੇ ਫਾਇਰ ਬ੍ਰਾਂਡ ਨੇਤਾ ਨਰੇਂਦਰ ਮੋਦੀ ਨੂੰ ਮਹਾਂਰਾਸ਼ਟਰ ਦਾ ਉਭਾਰ ਦੇਖ ਕੇ ਹਿੰਦੂ ਵੋਟ ਵਟੋਰਨ ਦੀ ਮੁਹਿੰਮ ਚਲਾ ਰਹੀ ਹੈ। ਸ਼ਿਵ ਸੈਨਾ ਦੀ ਮੁਸੀਬਤ ਇਹ ਹੈ ਕਿ ਉਸ ਦਾ ਫਾਰਮੂਲਾ ਰਾਜ ਠਾਕਰੇ ਨੇ ਚੋਰੀ ਕਰ ਲਿਆ ਹੈ। ਇਸ ਲਈ ਲੜਾਈ ਮਰਾਠੀ ਵੋਟਰਾਂ ਸੰਬੰਧੀ ਚਾਚੇ-ਭਤੀਜੇ ਵਿਚਕਾਰ ਠਨੀ ਹੈ। ਪੱਛਮੀ ਬੰਗਾਲ ਤੋਂ ਲੈ ਕੇ ਦੱਖਣ ਤੱਕ ਖੱਬੇ ਮੋਰਚੇ ਦੀ ਭੂਮਿਕਾ ਹੁਣ ਵੀ ਧੁੰਦਲੀ ਹੈ। ਪਰ ਇਸ ਸਭ ਕਾਸੇ ਵਿਚਕਾਰ ਦੇਸ਼ ਦੇ ਆਮ ਆਦਮੀ ਦੇ ਹਿੱਤ ਦੀ ਚਿੰਤਾ ਕਿਥੇ ਹੈ? ਯੂ. ਪੀ. ਏ. ਸਰਕਾਰ ਦੀਆਂ ਆਰਥਿਕ ਨੀਤੀਆਂ ਨਾਲ ਜਿਥੇ ਸਹਿਰਾਂ 'ਚ ਰਹਿਣਾ ਦੁਭਰ ਹੋ ਗਿਆ, ਉਥੇ ਪਿੰਡਾਂ 'ਚ ਟੁੱਟਦੀ ਖੇਤੀ ਤੇ ਬੇਹੱਦ ਬੁਰੀ ਕਾਨੂੰਨੀ-ਵਿਵਸਥਾ ਨੇ ਵੀ ਲੋਕਾਂ ਦਾ ਜਿਉਣਾ ਹਰਾਮ ਕਰ ਦਿੱਤਾ ਹੈ। ਕਿਸਾਨਾਂ ਦੀ ਕਰਜ ਮਾਫ਼ੀ ਦੇ ਬਾਵਜੂਦ ਅਜੇ ਤੱਕ ਉਨ੍ਹਾਂ ਦੀਆਂ ਆਤਮ ਹੱਤਿਆਵਾਂ ਗਵਾਹ ਹਨ ਕਿ ਕਰਜ ਮਾਫ਼ੀ ਦਾ ਲਾਭ 80 ਫੀਸਦੀ ਕਿਸਾਨਾਂ ਨੂੰ ਨਹੀਂ ਮਿਲ ਸਕਿਆ ਹੈ। ਨਾਲ ਹੀ ਕਿਸਾਨਾਂ ਦੀ ਪੈਦਾਵਾਰ ਤੇ ਉਨ੍ਹਾਂ ਦੇ ਸਮੁੱਚੇ ਮੁੱਲ ਦੀ ਵਿਵਸਥਾ ਨਾ ਹੋਣ ਦੀ ਸਮੱਸਿਆ ਦੇ ਹੱਲ ਲਈ ਕੋਈ ਉਪਾਅ ਨਹੀਂ ਕੀਤੇ ਗਏ ਹਨ। ਇਸ ਦੇ ਬਾਵਜੂਦ

ਕਾਂਗਰਸ ਵਿਕਾਸ ਤੇ ਇਕਸਾਰਤਾ ਦੀ ਗੱਲ ਆਮ ਆਦਮੀ ਨਾਲ ਕਰਦੀ ਹੈ ਤਾਂ ਇਹ ਸੁਪਨੇ ਵਰਗਾ ਲੱਗਦਾ ਹੈ।

ਠੀਕ ਇਸੇ ਤਰ੍ਹਾਂ ਇਸ ਵਾਰੀ ਰਾਮ ਦੀ ਸ਼ਰਨ 'ਚ ਜਾਣ ਦੇ ਐਲਾਨ ਤੋਂ ਇਲਾਵਾ ਭਾਜਪਾ ਨੇ ਸੱਤਾ 'ਚ ਆਉਣ 'ਤੇ ਕਿਸਾਨਾਂ ਲਈ ਕਾਫ਼ੀ ਵਾਅਦੇ ਕੀਤੇ ਹਨ। ਪਰ ਸੁਆਲ ਇਹ ਹੈ ਕਿ ਉਹ ਪਾਰਟੀਆਂ ਆਮ ਆਦਮੀ ਦੀ ਜ਼ਿੰਦਗੀ ਨਾਲ ਜੁੜੇ ਸੁਆਲਾਂ 'ਤੇ ਚੋਣ ਨਾ ਲੜ ਕੇ ਰਾਮ ਜਨਮ ਭੂਮੀ ਜਾਂ ਸਿਰਫ਼ ਫਿਰਕਾਪ੍ਰਸਤੀ ਵਿਰੋਧ ਵਰਗੇ ਭੜਕਾਊ ਮੁੱਦਿਆਂ 'ਤੇ ਹੀ ਚੋਣਾਂ ਕਿਉਂ ਲੜਦੀਆਂ ਹਨ? ਕੀ ਇਸ ਲਈ ਨਹੀਂ ਕਿ ਇਹ ਪਾਰਟੀਆਂ ਆਮ ਆਦਮੀ ਦੀ ਸਮੱਸਿਆਵਾਂ ਤੋਂ ਦੂਰ ਹੀ ਰਹਿਣਾ ਚਾਹੁੰਦੀਆਂ ਹਨ।

# ਨੋਟਾਂ ਦਾ ਵੋਟਾਂ ਨਾਲ ਸੰਬੰਧ

ਸੰਨ 2004 'ਚ ਦਿੱਲੀ ਦੇ ਇੱਕ ਵੱਡੇ ਸਰਕਾਰੀ ਹਸਪਤਾਲ 'ਚ ਡਾਕਟਰਾਂ ਦੀ ਇਕ ਮੀਟਿੰਗ ਚਲ ਰਹੀ ਸੀ। ਉਦੋਂ ਮੈਡੀਕਲ ਮੁਖੀ ਨੂੰ ਫੋਨ ਆਇਆ ਫੋਨ ਚੁਕਦਿਆਂ ਹੀ ਉਧਰੋਂ ਆਵਾਜ਼ ਆਈ 'ਮੈਂ ਅਟਲ ਬਿਹਾਰੀ ਵਾਜਪਾਈ ਬੋਲ ਰਿਹਾ ਹਾਂ' ਇਹ ਸੁਣਦਿਆਂ ਹੀ ਉਹ ਆਪਣੀ ਕੁਰਸੀ ਤੋਂ ਬੁੜਕ ਪਏ ਤੇ ਤੁਰੰਤ ਖੜੇ ਹੋ ਕੇ ਬੋਲੇ 'ਸਰ' ਪਰ ਤੁਰੰਤ ਪਿੱਛੋਂ ਅਗਲੇ ਵਾਕ ਤੋਂ ਤਹਿ ਹੋ ਗਿਆ ਕਿ ਉਹ ਮੋੜ ਮੰਗਣ ਲਈ ਸੁਨੇਹਾ ਸੀ। ਸੰਨ 2009 'ਚ ਰਾਏਬਰੇਲੀ 'ਚ ਜਿਉਂ ਹੀ ਸੋਨੀਆ ਗਾਂਧੀ ਨੇ ਆਪਣੀ ਉਮੀਦਵਾਰੀ ਦਾ ਪਰਚਾ ਭਰਿਆ ਲਗਭਗ ਦਸ ਹਜ਼ਾਰ ਲੋਕਾਂ ਦੇ ਮੋਬਾਇਲ ਫੋਨ 'ਤੇ ਪ੍ਰਿਅੰਕਾ ਗਾਂਧੀ ਦਾ ਪਹਿਲਾਂ ਰਿਕਾਰਡ ਕੀਤਾ ਸੁਨੇਹਾ ਗਿਆ। ਜ਼ਾਹਿਰ ਹੈ ਚੋਣ ਪ੍ਰਚਾਰ ਦਾ ਤਰੀਕਾ ਬਹੁਤ ਬਦਲ ਗਿਆ ਹੈ ਪਿਛਲੇ ਕੁੱਝ ਸਾਲਾਂ ਵਿਚ। ਕੋਈ ਜ਼ਮਾਨਾ ਸੀ ਜਦ ਚੋਣ ਪ੍ਰਚਾਰ ਬਹੁਤ ਹੀ ਸ਼ਾਦਗੀ ਨਾਲ ਬਿਨਾ ਚਮਕ ਦਮਕ ਤੇ ਸ਼ੋਰ ਸ਼ਰਾਬੇ ਦੇ ਹੁੰਦਾ ਸੀ। ਇਕ ਵਾਰੀ ਚੋਣ ਪ੍ਰਚਾਰ ਸਬੰਧੀ ਨਹਿਰੂ ਤੇ ਸ਼ਾਸਤਰੀ ਇਲਾਹਾਬਾਦ ਜ਼ਿਲ੍ਹੇ ਵਿਚ ਸਨ ਰਾਤ ਨੂੰ ਚੋਣ ਸਭਾ ਪਿੱਛੋਂ ਉਹ ਚਾਹ ਪੀਣ ਲਈ ਰੇਲਵੇ ਸਟੇਸ਼ਨ ਗਏ ਕਿਉਂਕਿ ਵਰਕਰਾਂ ਨੇ ਉਨ੍ਹਾਂ ਨੂੰ ਚਾਹ ਨਹੀਂ ਸੀ ਪਿਆਈ। ਬਿਲ ਆਉਣ 'ਤੇ ਵਰਕਰਾਂ ਨੇ ਪੈਸੇ ਜੋੜ ਕੇ ਕਿਸੇ ਤਰ੍ਹਾਂ ਭੁਗਤਾਨ ਕੀਤਾ। ਖੁਦ ਲਾਲ ਬਹਾਦਰ ਸ਼ਾਸਤਰੀ ਨੇ ਇਹ ਘਟਨਾ ਕਈ ਸਾਲਾਂ ਪਿੱਛੋਂ ਬਿਆਨ ਕੀਤੀ। ਅੱਜ ਇਹ ਘਟਨਾ ਇਕ ਕਹਾਣੀ ਵਾਂਗੂੰ ਲੱਗਦੀ ਹੈ। ਹੁਣ ਚੋਣ ਜਿੱਤਣ ਲਈ ਪੈਸਾ, ਤਾਕਤ ਤੇ ਹਰ ਤਰ੍ਹਾਂ ਦੇ ਹੱਥਕੰਡੇ ਆਮ ਹਨ। ਨੇਤਾਵਾਂ ਨੂੰ ਚੋਣਾਂ ਲੜਾਉਣ ਲਈ ਆਰਥਕ ਤਾਕਤ ਚਾਹੀਦੀ ਹੈ ਅਤੇ ਪੈਸੇ ਵਾਲਿਆਂ ਨੂੰ ਆਪਣਾ ਧੰਦਾ ਚਲਾਉਣ ਲਈ ਰਾਜਸੀ ਤਾਕਤ।

ਇਕ ਮਸ਼ਹੂਰ ਪੱਤਰਕਾਰ ਮੁਤਾਬਕ ਸੰਨ 1989 ਦੀਆਂ ਚੋਣਾਂ ਦੌਰਾਨ ਜਦ ਬੋਫਰਜ ਮਾਮਲੇ ਕਾਰਨ, ਰਾਜੀਵ ਗਾਂਧੀ ਵਿਰੋਧੀ ਲਹਿਰ ਚਲ ਰਹੀ ਸੀ ਤਾਂ ਦੇਸ਼ ਦੇ ਵੱਡੇ ਵੱਡੇ ਸਨਅਤਕਾਰਾਂ ਨੇ ਵਿਸ਼ਵਾਨਾਥ ਪ੍ਰਤਾਪ ਸਿੰਘ ਨੂੰ ਫੋਨ ਕਰਕੇ ਪੈਸੇ ਦੀ ਪੇਸ਼ਕਸ਼ ਕੀਤੀ ਸੀ। ਯਾਨੀ ਜਦ ਪੈਸੇ ਵਾਲਿਆਂ ਨੂੰ ਕਿਸੇ ਪਾਰਟੀ ਜਾਂ ਨੇਤਾ ਦੀ ਜਿੱਤ ਤਹਿ ਲੱਗਦੀ ਹੈ। ਉਸ ਦੇ ਲਈ ਉਹ ਆਪਣਾ ਖਜ਼ਾਨਾ ਖੋਲ੍ਹ ਦਿੰਦੇ ਹਨ। ਕਾਰਨ ਸਪੱਸ਼ਟ ਹੈ ਕਿ ਲੋਕ ਸਭਾ ਖੇਤਰ ਵੱਡਾ ਹੋਣ ਕਰਕੇ ਉਮੀਦਵਾਰਾਂ ਨੂੰ ਵੋਟਰਾਂ ਤੱਕ ਪਹੁੰਚਣ ਲਈ ਸਾਧਨ ਚਾਹੀਦੇ ਹਨ। ਹੁਣ ਸਾਧਨ ਦਾ ਅਰਥ ਹੈ 'ਧਨ'। ਚੋਣ ਸੁਧਾਰਾਂ 'ਤੇ ਕੌਮੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਆਮ ਚੋਣਾਂ ਕਰਾਉਣਾ ਯੂਰਪ, ਅਮਰੀਕਾ, ਕੈਨੇਡਾ ਤੇ ਅਸਟਰੇਲੀਆ 'ਚ ਇਕ ਵੇਲੇ ਚੋਣਾਂ ਕਰਾਉਣ ਵਰਗਾ ਅਮਲ ਹੈ। ਇਹੀ ਕਾਰਨ ਹੈ ਕਿ ਪਿਛਲੀਆਂ 'ਚ ਚੋਣਾਂ ਦੇ ਮੁਕਾਬਲੇ ਆਉਣ ਵਾਲੀ ਹਰ ਚੋਣ ਮਹਿੰਗੀ ਹੁੰਦੀ ਜਾ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੰਨ 2004 'ਚ ਚੋਣਾਂ 'ਤੇ ਲਗਭਗ 1300 ਕਰੋੜ ਰੁਪਏ ਦਾ ਖਰਚ ਆਇਆ ਸੀ ਜੋ ਇਸ ਵਾਰੀ 1800 ਕਰੋੜ ਤੱਕ ਪਹੁੰਚ ਸਕਦਾ ਹੈ। ਇਸ ਵਿਚੋਂ ਜ਼ਿਆਦਾਤਰ ਸੁਰੱਖਿਆ ਬਲਾਂ ਤੇ ਚੋਣ ਕਰਮਚਾਰੀਆਂ ਦੀ ਤੈਨਾਤੀ ਅੱਸੀ ਲੱਖ ਤੋਂ ਵੱਧ ਮਤਦਾਨ ਕੇਂਦਰਾਂ ਦੀ

ਵਿਵਸਥਾ, ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੀ ਖਰੀਦਦਾਰੀ, ਮਤਦਾਤਾ ਫੋਟੋ ਪਹਿਚਾਣ ਪੱਤਰਾਂ ਆਦਿ ’ਤੇ ਖਰਚ ਹੋਵੇਗਾ। ਸੈਂਟਰ ਫਾਰ ਮੀਡੀਆ ਸਟੱਡੀਜ਼ ਦੀ ਇਕ ਰਿਪੋਰਟ ਅਨੁਸਾਰ ਚੋਣ ਕਮਿਸ਼ਨ ਕਰੀਬ 100 ਕਰੋੜ ਰੁਪਏ ਵੋਟਰਾਂ ਨੂੰ ਜਾਗਰੂਕ ਕਰਨ ’ਤੇ ਖਰਚ ਕਰੇਗਾ ਇੱਕ ਹੋਰ ਜਿੱਥੇ ਅਮਰੀਕਾ ਦੀਆਂ ਸੰਨ 2008 ’ਚ ਰਾਸ਼ਟਰਪਤੀ ਚੋਣਾਂ ਤੇ 1.8 ਬਿਲੀਅਨ ਡਾਲਰ ਖਰਚ ਹੋਏ ਸਨ ਉਥੇ ਦੂਜੇ ਪਾਸੇ ਭਾਰਤ ਵਿਚ ਲੋਕ ਸਭਾ ਚੋਣਾਂ ’ਤੇ ਦੋ ਬਿਲੀਅਨ ਡਾਲਰ ਖਰਚ ਹੋਣ ਦਾ ਅਨੁਮਾਨ ਹੈ। ਚੋਣ ਕਮਿਸ਼ਨ ਦੇ ਹੁਕਮਾਂ ਅਨੁਸਾਰ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਵਰਗੇ ਵੱਡੇ ਰਾਜਾਂ ਦੇ ਲੋਕ ਸਭਾ ਖੇਤਰਾਂ ’ਚ ਇਕ ਉਮੀਦਵਾਰ 25 ਲੱਖ ਤੱਕ ਖਰਚ ਕਰ ਸਕਦਾ ਹੈ। ਇਸ ਤਹਿ ਸੀਮਾ ਤੋਂ ਦਸ ਗੁਣਾ ਵੱਧ ਖਰਚ ਕਰਨ ਵਾਲੇ ਉਮੀਦਵਾਰ ਤੇ ਪਾਰਟੀਆਂ ਚੋਣ ਕਮਿਸ਼ਨ ਨੂੰ ਸਹੀ ਵੇਰਵੇ ਨਹੀਂ ਦਿੰਦੇ। ਕਾਂਗਰਸ ਦੇ ਇਕ ਸੂਤਰ ਮੁਤਾਬਕ ਪਾਰਟੀ ਉਮੀਦਵਾਰ ਨੂੰ ਟਿਕਟ ਦੇ ਨਾਲ ਧਨ ਵੀ ਮੁਹੱਈਆ ਕਰਵਾਉਂਦੀ ਹੈ। ਭਾਜਪਾ ’ਚ ਵੀ ਕੁੱਲ ਮਿਲਾ ਕੇ ਇਹੀ ਸਥਿਤੀ ਹੈ।

ਸਮਾਜਵਾਦੀ ਪਾਰਟੀ ਦੇ ਟਿਕਟ ਦੇ ਨਾਲ ਕੁੱਝ ਪੈਸਾ ਜ਼ਰੂਰੀ ਮਿਲਦਾ ਹੈ ਅਤੇ ਜੇ ਅਮਰ ਸਿੰਘ ਦੇ ਕਰੀਬੀ ਹੋਏ ਤਾਂ ਫਿਰ ਕੋਈ ਚਿੰਤਾ ਨਹੀਂ। ਬਹੁਜਨ ਸਮਾਜ ਪਾਰਟੀ ’ਚ ਉਮੀਦਵਾਰ ਨੂੰ ਟਿਕਟ ਹਾਸਲ ਕਰਨ ਲਈ ਪਾਰਟੀ ਨੂੰ ਚੰਦਾ ਦੇਣਾ ਪੈਂਦਾ ਹੈ। ਉਮੀਦਵਾਰ ਨੂੰ ਆਪਣੇ ਮਿੱਤਰਾਂ, ਸਹਿਯੋਗੀਆਂ, ਕਾਰਪੋਰੇਟ ਘਰਾਣਿਆਂ ਜਾਂ ਸੰਸਥਾਵਾਂ ਤੋਂ ਆਰਥਕ ਸਹਾਇਤਾ ਲੈਣ ਦੇ ਨਾਲ ਖੁਦ ਵੀ ਪੈਸੇ ਦਾ ਇੰਤਜ਼ਾਮ ਕਰਨਾ ਪੈਂਦਾ ਹੈ। ਅੱਜ ਚੋਣਾਂ ਲੜਨਾ ਏਨਾ ਮਹਿੰਗਾ ਹੈ ਕਿ ਆਮ ਨਾਗਰਿਕ ਲੋਕ ਸਭਾ ’ਚ ਪਹੁੰਚ ਵੀ ਨਹੀਂ ਸਕਦਾ ਸਾਡੇ ‘ਲੋਕਰਾਜ’ ਦੀ ਇਹ ਵੱਡੀ ਵਿਡੰਬਨਾ ਹੈ ਕਿ ਆਮ ਲੋਕਾਂ ਤੇ ਅੱਛੀ ਹਕੂਮਤ ਦੀ ਦੁਹਾਈ ਦੇਣ ਵਾਲੇ ਲੋਕ ਅਤੇ ਪਾਰਟੀਆਂ ਪੈਸੇ ਦੇ ਜ਼ੋਰ ’ਤੇ ਰਾਜਨੀਤੀ ਕਰਦੇ ਹਨ। ਸੈਂਟਰ ਫਾਰ ਮੀਡੀਆ ਸਟੱਡੀਜ਼ (ਸੀ. ਐੱਮ. ਐੱਸ.) ਦੀ ਰਿਪੋਰਟ ‘ਨੋਟ ਬਦਲੇ ਵੋਟ’ (ਕੈਸ਼ ਫਾਰ ਵੋਟ) ਅਨੁਸਾਰ ਸੰਨ 2007 ਅਤੇ 2008 ’ਚ ਕੀਤੇ ਗਏ ਸਰਵੇਖਣਾ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਚੋਣਾਂ ਤੋਂ ਇਕ ਦਿਨ ਪਹਿਲਾਂ ਪਾਣੀ ਵਾਂਗੂੰ ਪੈਸਾ ਵਹਾਇਆ ਜਾਂਦਾ ਹੈ। ਕੁਝ ਸੂਬਿਆਂ ਵਿਚ ਤਾਂ ਪਿਛਲੇ ਦਸ ਸਾਲਾਂ ਤੋਂ ਇਕ ਤਿਹਾਈ ਤੋਂ ਵੱਧ ਵੋਟਰਾਂ ਨੂੰ ਵੋਟ ਬਦਲੇ ਨੋਟ ਦਿੱਤੇ ਗਏ। ਸੀ. ਐੱਮ. ਐੱਸ. ਦੇ ਡਾ. ਐਨ. ਭਾਸਕਰ ਰਾਓ ਮੁਤਾਬਕ, ਇਹ ਸਭ ਭ੍ਰਿਸ਼ਟਾਚਾਰਾਂ ਦੀ ਜਨਨੀ ਹੈ। ਖੁਦ ਲਾਲ ਯਾਦਵ, ਜਸਵੰਤ ਸਿੰਘ ਤੇ ਗੋਬਿੰਦਾ ਵਰਗੇ ਨੇਤਾ ਪਿਛਲੇ ਦਿਨ ਸ਼ਰੇਆਮ ਨੋਟ ਵੰਡਦੇ ਟੈਲੀਵਿਜ਼ਨ ਚੈਨਲਾਂ ’ਤੇ ਵਿਖਾਏ ਗਏ। ਕਾਂਗਰਸ ਨੇਤਾ ਮਾਗਰਿਟ ਅਲਵਾ ਨੇ ਆਪਣੀ ਪਾਰਟੀ ਤੇ ਟਿਕਟ ਲੈਣ ਲਈ ਪੈਸੇ ਲੈਣ ਦਾ ਦੋਸ਼ ਲਾਇਆ ਸੀ। ਅਜਿਹੇ ਹੀ ਦੋਸ਼ ਭਾਜਪਾ ਨੇਤਾਵਾਂ ਨੇ ਵੀ ਆਪਣੀ ਪਾਰਟੀ ’ਤੇ ਲਾਏ ਸਨ। ਟੀ. ਆਰ. ਐੱਸ. ਦੇ ਇਕ ਨੇਤਾ ਨੇ ਟਿਕਟ ਬਦਲੇ ਦਸ ਕਰੋੜ ਰੁਪਏ ਦੇਣ ਦੀ ਗੱਲ ਕਹੀ ਸੀ। ਬੀ. ਬੀ. ਸੀ. ਦੀ ਇਕ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਪਾਰਟੀਆਂ ਵੱਲੋਂ ਚੰਦਾ ਲੈਣ ਤੇ ਉਸ ਬਾਰੇ ਸੂਚਨਾ ਦੇਣ ਦਾ ਕੀ ਹਾਲ ਹੈ। ਦਿੱਲੀ ਦੇ ਇਕ ਸਮਾਜਕ ਵਰਕਰ ਅਫਰੋਜ਼ ਆਲਮ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਇਸ ਬਾਬਤ ਸੂਚਨਾ ਮੰਗੀ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਏ। ਲੋਕ ਨੁਮਾਇੰਦਗੀ ਕਾਨੂੰਨ (1951) ’ਚ ਸੰਨ 2003 ’ਚ ਸੋਧ ਕਰਕੇ ਸਭ ਰਾਜਸੀ

ਪਾਰਟੀਆਂ ਲਈ ਇਹ ਲਾਜ਼ਮੀ ਬਣਾ ਦਿੱਤਾ ਗਿਆ ਸੀ ਕਿ ਉਹ 20 ਹਜ਼ਾਰ ਤੋਂ ਵੱਧ ਮਿਲਣ ਵਾਲੇ ਚੰਦੇ ਦਾ ਵੇਰਵਾ ਸ੍ਰੋਤ ਦੇ ਨਾਲ ਚੋਣ ਕਮਿਸ਼ਨ ਨੂੰ ਦੇਣ। ਪਰ ਦੇਸ਼ ਦੀਆਂ ਮਾਨਤਾ ਤੇ ਗੈਰ ਮਾਨਤਾ ਪ੍ਰਾਪਤ 1055 ਪਾਰਟੀਆਂ 'ਚੋਂ ਸਿਰਫ 21 ਪਾਰਟੀਆਂ ਨੇ ਸਾਲ 2004-2008 ਯਾਨੀ ਚਾਰ ਵਿੱਤੀ ਸਾਲ ਦਾ ਬਿਉਰਾ ਕਮਿਸ਼ਨ ਨੂੰ ਭੇਜਿਆ। 2004-07 ਵਿਚਕਾਰ 16 ਪਾਰਟੀਆਂ ਨੇ ਅਤੇ 2007-08 'ਚ ਸਿਰਫ 18 ਪਾਰਟੀਆਂ ਨੇ ਬਿਉਰਾ ਦਿੱਤਾ। ਮਜ਼ੇ ਦੀ ਗੱਲ ਇਹ ਹੈ ਕਿ ਕਈ ਸੰਸਥਾਵਾਂ ਤੇ ਕਾਰਪੋਰੇਟ ਘਰਾਣਿਆਂ ਨੇ ਭਾਜਪਾ ਤੇ ਕਾਂਗਰਸ ਦੋਨਾਂ 'ਚ ਚੰਦਾ ਦਿੱਤਾ। ਪਾਰਟੀਆਂ ਦੀ ਹਾਰ-ਜਿੱਤ ਦੀ ਸੰਭਾਵਨਾ ਅਨੁਸਾਰ ਚੰਦੇ ਦੀ ਰਕਮ ਘੱਟ ਵੱਧ ਹੁੰਦੀ ਹੈ। ਜ਼ਾਹਿਰ ਹੈ, ਦੋਨੋਂ ਵੱਡੀਆਂ ਕੌਮੀ ਪਾਰਟੀਆਂ ਨੂੰ ਚੰਦਾ ਮਿਲਣ 'ਚ ਕਠਿਨਾਈ ਨਹੀਂ ਹੁੰਦੀ। ਹਾਸਲ ਜਾਣਕਾਰੀ ਮੁਤਾਬਕ ਭਾਜਪਾ ਨੇ ਯੂਨੀਅਨ ਕਾਰਬਾਈਡ ਦੀ ਮੌਜੂਦਾ ਮਾਲਕ ਡਾਓ ਕੈਮੀਕਲਜ਼ ਕੰਪਨੀ ਤੋਂ ਵੀ ਚੰਦਾ ਲਿਆ ਹੈ। ਵੱਡੇ ਵੱਡੇ ਸਨਅਤਕਾਰਾਂ ਤੋਂ ਲੈ ਕੇ ਪਬਲਿਕ ਸਕੂਲ, ਸਿੱਖਿਆ ਅਦਾਰੇ, ਖੁਦਾਈ ਕੰਪਨੀਆਂ, ਪ੍ਰਾਪਰਟੀ ਡੀਲਰਜ਼, ਰਿਅਲ ਅਸਟੇਟ ਕੰਪਨੀਆਂ, ਰੇਡੀਏਂਟ ਵੈਲਫੇਅਰ ਐਸੋਸੀਏਸ਼ਨਾਂ ਬਰਾਮਦੇਕਾਰੀ ਤੇ ਬਹੁਕੌਮੀ ਕੰਪਨੀਆਂ, ਪਾਰਟੀਆਂ ਨੂੰ ਚੰਦਾ ਦੇਣ 'ਚ ਸ਼ਾਮਲ ਹਨ। ਫਾਰਮ 24 (ਏ) ਦੇ ਤਹਿਤ ਚੋਣ ਕਮਿਸ਼ਨ ਨੂੰ ਬਿਉਰਾ ਭੇਜਣ ਵਾਲੀਆਂ ਪਾਰਟੀਆਂ ਹਨ - ਕਾਂਗਰਸ, ਬੀ. ਜੇ. ਪੀ., ਸੀ. ਪੀ. ਆਈ., ਸੀ. ਪੀ. ਐੱਮ., ਨੇਸ਼ਨਲਿਸਟ ਕਾਂਗਰਸ ਪਾਰਟੀ, ਏ. ਡੀ. ਐੱਮ. ਕੇ., ਸਪਾ, ਜਦ (ਯੂ) ਟੀ. ਡੀ. ਪੀ., ਐਮ. ਡੀ. ਕੇ., ਸ਼ਿਵ ਸੈਨਾ, ਅਸਮ ਯੁਨਾਈਟਡ ਡੈਮੋਕਰੇਟਿਕ ਫਰੰਟ, ਮਾਤਰ ਭਗਤ ਪਾਰਟੀ, ਕੌਮੀ ਵਿਕਾਸ ਪਾਰਟੀ, ਭਾਰਤੀ ਵਿਕਾਸ ਪਾਰਟੀ, ਮਾਨਵ ਜਾਗ੍ਰਿਤੀ ਮੰਚ, ਭਾਰਤੀ ਮਹਾਂਸ਼ਕਤੀ ਮੋਰਚਾ, ਸਮਾਜਵਾਦੀ ਯੁਵਾ ਪਾਰਟੀ, ਸਤੇ ਵਿਜੈ ਪਾਰਟੀ, ਜਨ ਮੰਗਲ ਪੱਖ, ਲੋਕ ਸੱਤਾ ਪਾਰਟੀ ਅਤੇ ਥਰਡ ਵਿਊ ਪਾਰਟੀ। ਸੈਂਟਰ ਫਾਰ ਮਨੀਟਰਿੰਗ ਇੰਡੀਅਨ ਇਕਾਕਮੀ ਅਨੁਸਾਰ, ਚੋਣਾਂ ਦੇ ਕਾਲੇ ਧਨ ਦਾ ਲੈਣ ਦੇਣ ਜ਼ੋਰ ਸ਼ੋਰ ਨਾਲ ਵਧ ਰਿਹਾ ਹੈ। ਇਕ ਅਧਿਐਨ 'ਚ ਦੱਸਿਆ ਗਿਆ ਹੈ ਕਿ ਲਗਭਗ 11 ਅਰਬ ਡਾਲਰ ਦੇ ਬਰਾਬਰ ਕਾਲੇ ਧਨ ਦਾ ਲੈਣ ਦੇਣ ਹਰ ਸੰਸਦੀ ਚੋਣ 'ਚ ਹੁੰਦਾ ਹੈ ਚੁਣਾਵੀ ਸੁਧਾਰਾਂ ਦੀ ਲੜੀ ਵਿਚ ਬੁੱਧੀਜੀਵੀਆਂ ਨੇ ਵੋਟਰਾਂ ਨੂੰ ਸਭ ਉਮੀਦਵਾਰਾਂ ਨੂੰ ਨਾਕਾਰ ਦੇਣ ਦਾ ਅਧਿਕਾਰ ਦੇਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਵੋਟਿੰਗ ਮਸ਼ੀਨ 'ਚ ਕਲਾਜ 'ਇਨ੍ਹਾਂ ਵਿਚੋਂ ਕੋਈ ਨਹੀਂ' ਦਾ ਵੀ ਹੋਣਾ ਚਾਹੀਦਾ ਹੈ। ਐਸੋਚੈਮ ਦੀ ਇਕ ਰਿਪੋਰਟ ਮੁਤਾਬਕ ਕੌਮੀ ਤੇ ਖੇਤਰ ਪੱਧਰ 'ਤੇ ਸਭ ਪਾਰਟੀਆਂ ਨੂੰ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ। ਧਨ ਇਕੱਠਾ ਕਰਨ ਦਾ ਕੰਮ ਬਜਟ ਤਜਵੀਜ਼ਾਂ, ਕਾਰਪੋਰੇਟ ਖੇਤਰ ਤੇ ਵਿਅਕਤੀਗਤ ਚੰਦਿਆਂ ਰਾਹੀਂ ਪਾਰਦਰਸ਼ੀ ਤਰੀਕੇ ਨਾਲ ਹੋਣਾ ਚਾਹੀਦੈ। ਐਸੋਚਮ ਅਨੁਸਾਰ ਉਮੀਦਵਾਰ ਪੈਸਾ ਕਿਵੇਂ ਇਕੱਠਾ ਕਰਦੇ ਹਨ ਤੇ ਖਰਚ ਕਰਦੇ ਹਨ, ਇਹ ਸਭ ਪਰਦੇ ਪਿੱਛੇ ਹੀ ਹੁੰਦਾ ਹੈ। ਖਰਚੇ ਦੀ ਨਿਰਧਾਰਿਤ ਸੀਮਾ ਕਾਰਨ ਹੀ ਅਪਰਾਧੀ ਤੇ ਗੈਰ-ਸਮਾਜੀ ਤੱਤ ਰਾਜਨੀਤੀ 'ਚ ਪੈਸਾ ਲਾਉਂਦੇ ਹਨ। ਐਸੋਚਮ ਦੀ ਰਾਇ 'ਚ ਖਰਚੇ ਦੀ ਹੱਦ ਨੂੰ ਖਤਮ ਕਰਕੇ ਖਰਚੇ ਦਾ ਪੂਰਾ ਵੇਰਵਾ ਮੁਹੱਈਆ ਕਰਵਾਉਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਚੋਣਾਂ 'ਚ ਧਨ ਦੀ ਤਾਕਤ ਤੇ ਲੱਠਮਾਰਾਂ ਨੂੰ ਰੋਕਣ ਲਈ ਚੋਣ ਅਮਲ 'ਚ ਸੁਧਾਰ ਤੇ ਪਾਰਦ੍ਰਸ਼ਿਤਾ ਜ਼ਰੂਰੀ ਹੈ। ਹੁਣ

ਰਾਜਨੀਤੀ 'ਚ ਪੈਸਾ ਲਾਉਣਾ ਧੰਦੇ 'ਚ ਪੈਸਾ ਲਾਉਣਾ ਵਰਗਾ ਹੈ। ਯਾਨੀ ਇਹ ਨਿਵੇਸ਼ ਛੋਟੇ ਪੱਧਰ ਤੋਂ ਲੈ ਕੇ ਵੱਡੇ ਸਨਅਤਕਾਰ ਤੱਕ ਕਰ ਰਹੇ ਹਨ। ਇਸ ਪੈਸੇ ਦੀ ਤਾਕਤ ਤੇ ਗੁੰਡਿਆਂ ਦੀ ਵਰਤੋਂ ਸਰਕਾਰ ਬਚਾਉਣ ਤੇ ਡੇਗਣ ਲਈ ਵੀ ਕੀਤੀ ਜਾਂਦੀ ਹੈ। ਸਾਫ਼ ਦਿਖ ਵਿਖਾਉਣ ਵਾਲੀਆਂ ਪਾਰਟੀਆਂ 'ਤੇ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਉਮੀਦਵਾਰ ਬਣਾਉਣ ਦੇ ਦੋਸ਼ ਲੱਗਦੇ ਰਹੇ ਹਨ। ਲੱਠਮਾਰਾਂ ਨੂੰ ਟਿਕਟ ਦੇਣ ਪਿੱਛੇ ਇਨ੍ਹਾਂ ਪਾਰਟੀਆਂ ਦਾ ਇਰਾਦਾ ਚੋਣਾਂ ਲਈ ਵੱਧ ਪੈਸੇ ਦਾ ਜੁਗਾੜ ਕਰਨਾ ਹੁੰਦਾ ਹੈ। ਲੱਠਮਾਰ ਆਪਣੇ ਭ੍ਰਿਸ਼ਟ ਕਿਰਦਾਰ ਨਾਲ ਬੇਥਾਹ ਧਨ ਇਕੱਠਾ ਕਰਦੇ ਹਨ। ਠੇਕੇਦਾਰੀ, ਨਜਾਇਜ਼ ਵਸੂਲੀ ਅਗਵਾਹ ਆਦਿ ਰਾਹੀਂ ਉਹ ਅਥਾਹ ਧਨ ਬਟੋਰ ਲੈਂਦੇ ਹਨ। ਆਪਣੇ ਧੰਦੇ ਨੂੰ ਜਾਰੀ ਰੱਖਣ ਲਈ ਉਹ ਰਾਜਸੀ ਛਤਰ ਛਾਇਆ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਰਾਜਸੀ ਪਾਰਟੀਆਂ ਵੀ ਪੈਸਾ ਇਕੱਠਾ ਕਰਨ ਲਈ ਉਨ੍ਹਾਂ ਨੂੰ ਵਧਣ ਫੁੱਲਣ ਦਿੰਦੀਆਂ ਹਨ। ਚੋਣ ਪ੍ਰਚਾਰ ਹੁਣ ਪਰਚੇ, ਪੋਸਟਰਾਂ, ਬੈਨਰਾਂ ਨਾਲੋਂ ਕਿਤੇ ਅੱਗੇ ਨਿਕਲ ਗਿਆ ਹੈ। ਗੱਡੀਆਂ, ਹੈਲੀਕਾਪਟਰ, ਹਵਾਈ ਜਹਾਜ਼ਾਂ, ਟੀ. ਵੀ., ਰੇਡੀਓ ਦੇ ਰਾਹੀਂ ਇਸ਼ਤਿਹਾਰਬਾਜ਼ੀ 'ਤੇ ਪੈਸਾ ਪਾਣੀ ਵਾਂਗੂੰ ਵਹਾਇਆ ਜਾਂਦਾ ਹੈ। ਇਕ ਅੰਦਾਜ਼ੇ ਮੁਤਾਬਕ ਕਰੀਬ ਇਕ ਹਜ਼ਾਰ ਕਰੋੜ ਰੁਪਏ ਇਸ਼ਤਿਹਾਰ ਕੰਪਨੀਆਂ ਨੂੰ ਦਿੱਤੇ ਜਾ ਰਹੇ ਹਨ। ਕਾਂਗਰਸ, ਭਾਜਪਾ ਤੇ ਬਸਪਾ ਪ੍ਰਚਾਰ 'ਤੇ ਭਾਰੀ ਪ੍ਰਚਾਰ ਕਰ ਰਹੀ ਹੈ। ਲਗਭਗ 14-15 ਸਾਲ ਪਹਿਲਾਂ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਵਿਰੋਧੀ ਪਾਰਟੀਆਂ ਪੈਸੇ ਦੀ ਘਾਟ ਕਾਰਨ ਜਹਾਜ਼ ਰਾਹੀਂ ਪ੍ਰਚਾਰ ਨਹੀਂ ਕਰ ਸਕਦੀਆਂ। ਪਰ ਕੁੱਝ ਸਾਲਾਂ 'ਚ ਹਾਲਾਤ ਹੁਣ ਬਦਲ ਗਏ ਹਨ। ਹੁਣ ਨਿੱਜੀ ਕੰਪਨੀਆਂ ਦੇ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਅਗਾਊ ਬੁਕਿੰਗ ਕਰਨੀ ਪੈਂਦੀ ਹੈ। ਹਵਾਈ ਜਹਾਜ਼ ਰਾਹੀ ਇਕ ਘੰਟੇ ਦੀ ਉਡਾਨ ਦਾ ਖਰਚਾ 75 ਹਜ਼ਾਰ ਤੋਂ ਡੇਢ ਲੱਖ ਰੁਪਏ ਤੱਕ ਆਉਂਦਾ ਹੈ। ਇਕ ਸਰਕਾਰੀ ਜਹਾਜ਼ ਕੰਪਨੀ ਦੇ ਸੂਤਰ ਮੁਤਾਬਿਕ ਬਹੁਤੀਆਂ ਪਾਰਟੀਆਂ ਜਨਤਕ ਕੰਪਨੀਆਂ ਦੀ ਬਜਾਏ ਨਿੱਜੀ ਕੰਪਨੀਆਂ ਤੋਂ ਜਹਾਜ਼ ਲੈਂਦੀਆਂ ਰਹੀਆਂ ਹਨ ਕਿਉਂਕਿ ਸਰਕਾਰੀ ਜਨਤਕ ਕੰਪਨੀਆਂ 'ਚ ਭੁਗਤਾਨ ਸੰਬੰਧੀ ਨਿਯਮ ਕਰੜੇ ਹਨ। ਰਾਜਸੀ ਪਾਰਟੀਆਂ 'ਚ ਹਮੇਸ਼ਾ ਤੋਂ ਕਈ ਲੋਕ ਪੈਸਾ ਉਗਰਾਹੁਣ ਦਾ ਕੰਮ ਕਰਦੇ ਹਨ 'ਨਾ ਖਾਤਾ ਨਾ ਬਹੀ, ਜੋ ਕੇਸਰੀ (ਸੀਤਾ ਰਾਮ ਕੇਸਰੀ) ਕਹੇ, ਉਹੀ ਸਹੀ' ਤੇ ਅਮਲ ਕਰਨ ਵਾਲੀ ਕਾਂਗਰਸ ਕੋਲ ਅਜਿਹੇ ਕਈ ਨੇਤਾ ਹਨ ਜੋ ਫੰਡ ਸੰਭਾਲ ਦੇ ਹਨ। ਭਾਜਪਾ 'ਚ ਇਹੀ ਕੰਮ ਪ੍ਰਮੋਦ ਮਹਾਜਨ ਕਰਦੇ ਸਨ, ਸਪਾ ਲਈ ਅਮਰ ਸਿੰਘ ਕਰਦੇ ਹਨ ਤੇ ਬਸਪਾ ਵਿਚ ਤਾਂ ਜੱਗ ਜ਼ਾਹਿਰ ਹੈ ਖੁਦ ਭੈਣ ਜੀ ਹਿਸਾਬ ਕਿਤਾਬ ਰੱਖਦੀ ਹੈ। ਪ੍ਰਮੁੱਖ ਉਦਮੀ ਤੇ ਬਜਾਜ ਕੰਪਨੀ ਦੇ ਮੁਖੀ ਰਾਹੁਲ ਬਜਾਜ ਦਾ ਮੰਨਣਾ ਹੈ ਕਿ ਚੋਣਾਂ ਸਮੇਂ ਉਦਯੋਗਪਤੀ, ਨੇਤਾਵਾਂ ਤੇ ਪਾਰਟੀਆਂ ਤੋਂ ਬਹੁਤ ਡਰਦੇ ਹਨ ਅਤੇ ਬਿਲਕੁਲ ਜ਼ਾਹਿਰ ਨਹੀਂ ਹੋਣ ਦਿੰਦੇ ਕਿ ਕਿਸ ਪਾਰਟੀ ਨੂੰ ਉਨ੍ਹਾਂ ਨੇ ਕਿੰਨਾ ਚੰਦਾ ਦਿੱਤਾ ਹੈ। ਇਸਦੇ ਉਲਟ ਟਾਟਾ ਕੰਪਨੀ ਦੇ ਮੁਖੀ ਰਤਨ ਟਾਟਾ ਨੇ 1999 'ਚ ਰਾਜਸੀ ਪਾਰਟੀਆਂ ਨੂੰ ਪੈਸਾ ਦੇਣ ਲਈ ਇਕ ਫੰਡ ਦੀ ਸਥਾਪਨਾ ਕੀਤੀ ਸੀ। ਟਾਟਾ ਇਲੈਕਸ਼ਨ ਫੰਡ ਦੇ ਨਾਂ ਨਾਲ ਸਥਾਪਤ ਇਸ ਫੰਡ 'ਚ ਪਹਿਲਾਂ ਇਕ ਕਰੋੜ ਦੀ ਰਾਸ਼ੀ ਰੱਖੀ ਗਈ ਸੀ। ਜਿਸ ਨੂੰ 2004 ਦੀਆਂ ਲੋਕ ਸਭਾ ਚੋਣਾਂ 'ਚ 10 ਕਰੋੜ ਕਰ ਦਿੱਤਾ ਗਿਆ। 4200 ਵਪਾਰਿਕ ਘਰਾਣਿਆਂ ਦੀ ਮੈਂਬਰਸ਼ਿਪ ਵਾਲੀ

ਸੀ. ਆਈ. ਆਈ. ਨੇ ਆਪਣੇ ਮੈਂਬਰਾਂ ਨੂੰ ਚੈੱਕ ਰਾਹੀਂ ਰਾਜਸੀ ਪਾਰਟੀਆਂ ਨੂੰ ਚੰਦਾ ਦੇਣ ਦਾ ਨਿਰਦੇਸ਼ ਦਿੱਤਾ ਹੈ। ਸੀ. ਆਈ. ਆਈ. ਮੁਖੀ ਦਾ ਕਹਿਣਾ ਹੈ ਕਿ ਅਜਿਹਾ ਪਾਰਦਸ਼ਤਾ ਵਧਾਉਣ ਲਈ ਕੀਤਾ ਹੈ। ਇਕ ਵੱਡੇ ਕਾਰੋਬਾਰੀ ਐਸ. ਕੇ. ਅਗਰਵਾਲ ਅਨੁਸਾਰ ਨੇਤਾਵਾਂ ਲਈ ਧਨ ਉਗਰਾਹੀ ’ਚ ਪਾਰਟੀ ਵਰਕਰ ਹੀ ਨਹੀਂ ਬਲਕਿ ਕਈ ਨੌਕਰਸ਼ਾਹ ਵੀ ਸ਼ਾਮਲ ਹੋ ਜਾਂਦੇ ਹਨ। ਦੇਸ਼ ’ਚ ਚੋਣਾਂ ’ਤੇ ਏਨਾ ਪੈਸਾ ਖਰਚ ਹੋਣਾ ਚਾਹੀਦੈ ਜਾਂ ਨਹੀਂ ਇਸ ਤੋਂ ਵੀ ਵੱਡਾ ਸੁਆਲ ਰਾਜਨੀਤੀ ’ਚ ਅਪਰਾਧੀਆਂ ਦੀ ਵਧਦੀ ਮੌਜੂਦਗੀ ਹੈ। ਚੋਣ ਖਰਚੇ ਦੇ ਵੱਡੇ ਵੱਡੇ ਅੰਕੜੇ, ਨੇਤਾਵਾਂ ਤੇ ਪਾਰਟੀਆਂ ਦੇ ਦਾਅਵੇ ਕੁਲ ਮਿਲਾ ਕੇ ਸਾਡੇ ਇੱਥੇ ਬੁਰਜੂਆ ਜਮਹੂਰੀਅਤ ਦੀ ਪਤਨਸ਼ੀਲ ਤਸਵੀਰ ਪੇਸ਼ ਕਰਦੇ ਹਨ। ਸਿਆਸਤ ਅੱਜਕਲ ਸੇਵਾ ਨਹੀਂ ਵਪਾਰ ਹੈ।

# ਲੋਕ ਸਭਾ ਚੋਣਾਂ ’ਚ ਖਰਚ

ਪਿਛਲੇ ਇਕ ਸਾਲ ਤੋਂ ਚੱਲ ਰਹੀ ਵਿਸ਼ਵ ਵਿਆਪੀ ਆਰਥਕ ਮੰਦੀ ਦੀ ਮਾਰ ਨਾਲ ਦੇਸ਼ ਦੇ ਉਦਯੋਗ ਜਗਤ ਦੇ ਨਾਲ ਹੀ ਨੌਕਰੀ ਪੇਸ਼ਾ ਲੋਕਾਂ ਦੇ ਰੁਜ਼ਗਾਰ ਨੂੰ ਬਚਾਈ ਰੱਖਣ ਲਈ ਕੇਂਦਰ ਸਰਕਾਰ ਦੋ ਵਾਰੀ ਸਿਟਮੁਲਸ ਪੈਕੇਜ ਯਾਨੀ ਵੱਖ ਵੱਖ ਤਰ੍ਹਾਂ ਦੀਆਂ ਰਾਹਤਾਂ ਤੇ ਨਿਵੇਸ਼ ਦੀਆਂ ਯੋਜਨਾਵਾਂ ਦਾ ਐਲਾਨ ਕਰ ਚੁੱਕੀ ਹੈ। ਇਸ ਤੋਂ ਇਲਾਵਾ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੱਦੇ ਨਜ਼ਰ ਕੇਂਦਰੀ ਮੁਲਾਜ਼ਮਾਂ ਨੂੰ ਮਿਲੀ ਰਾਸ਼ੀ ਜਦ ਅਰਥਚਾਰੇ ’ਚ ਆਈ ਤਾਂ ਉਸ ਨੇ ਤੀਜੇ ਰਾਹਤ ਪੈਕੇਜ ਦਾ ਕੰਮ ਕੀਤਾ ਹੈ। ਹੁਣ ਚੌਥੇ ਰਾਹਤ ਪੈਕੇਜ ਵਜੋਂ ਦੇਸ਼ ਨੂੰ ਮਿਲਿਆ ਹੈ ਲੋਕ ਸਭਾ ਚੋਣਾਂ ਦਾ ਤੋਹਫ਼ਾ। ਹਾਲਾਂਕਿ ਲੋਕ ਸਭਾ ਚੋਣਾਂ ਵਿਚ ਰਾਜਸੀ ਦਲਾਂ ਅਤੇ ਚੋਣ ਲੜਨ ਵਾਲੇ ਉਮੀਦਵਾਰਾਂ ਵੱਲੋਂ ਖਰਚ ਕੀਤੇ ਜਾਣ ਵਾਲਾ ਧਨ ਦੇਸ਼ ਦੇ ਅਰਥਚਾਰੇ ’ਚ ਹੀ ਜਾਏਗਾ। ਇਸ ਧਨ ਦੀ ਬਦੌਲਤ ਕਈ ਖੇਤਰਾਂ ’ਚ ਸਰਗਰਮੀਆਂ ਵੱਧ ਚੁੱਕੀਆਂ ਹਨ ਤੇ ਆਉਣ ਵਾਲੇ ਦਿਨਾਂ ’ਚ ਇਨ੍ਹਾਂ ਸਰਗਰਮੀਆਂ ’ਚ ਹੋਰ ਤੇਜ਼ੀ ਆਵੇਗੀ। ਪਰ ਸੁਆਲ ਇਹ ਹੈ ਕਿ ਕੀ ਉਹ ਧਨ ਅਸਲ ਅਰਥਾਂ ’ਚ ਦੇਸ਼ ਦੇ ਅਰਥਚਾਰੇ ਲਈ ਚੌਥੇ ਰਾਹਤ ਪੈਕੇਜ ਵੱਲੋਂ ਕੰਮ ਕਰ ਸਕੇਗਾ ਕਿ ਨਹੀਂ। ਵੈਸੇ ਤਾਂ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ’ਚ ਹਰੇਕ ਉਮੀਦਵਾਰ ਦੇ ਖਰਚ ਦੀ ਵੱਧ ਤੋਂ ਵੱਧ ਸੀਮਾ 25 ਲੱਖ ਤਹਿ ਕੀਤੀ ਹੈ ਪਰ ਜਦ ਜਾਣਦੇ ਹਨ ਕਿ ਲੋਕ ਸਭਾ ਦਾ ਮੈਂਬਰ ਬਣਨ ਲਈ ਉਮੀਦਵਾਰ ਖਾਸ ਕਰਕੇ ਵੱਡੀਆਂ ਰਾਜਸੀ ਪਾਰਟੀਆਂ ਦੇ ਉਮੀਦਵਾਰ ਇਸ ਤੋਂ ਵੀ ਕਈ ਗੁਣਾ ਵੱਧ ਰਾਸ਼ੀ ਖਰਚ ਕਰਦੇ ਹਨ। ਅਨੁਮਾਨ ਮੁਤਾਬਕ ਇਸ ਤਰ੍ਹਾਂ ਦੇ ਹਰ ਉਮੀਦਵਾਰ ਵੱਲੋਂ ਇਸ ਵਾਰ ਲੋਕ ਸਭਾ ਚੋਣਾਂ ’ਚ ਕੀਤਾ ਜਾਣ ਵਾਲਾ ਖਰਚ ਔਸਤ 4 ਤੋਂ 5 ਕਰੋੜ ਰੁਪਏ ਦੇ ਕਰੀਬ ਹੈ। ਇਸ ਲੋਕ ਸਭਾ ਚੋਣਾਂ ’ਚ ਹੋਣ ਵਾਲੇ ਖਰਚ ਦਾ ਅਨੁਮਾਨ 10 ਤੋਂ 15 ਕਰੋੜ ਵਿਚਕਾਰ ਮੰਗਿਆ ਜਾ ਰਿਹਾ ਹੈ ਪਰ ਵੇਖਣਾ ਇਹ ਹੈ ਕਿ ਧਨ ਕਿਸ ਤਰ੍ਹਾਂ ਨਾਲ ਖਰਚ ਹੋਵੇਗਾ ਤੇ ਕਿਸ ਦੀ ਜੇਬ ਵਿਚ ਜਾਵੇਗਾ। ਰਾਜਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਮੋਟੇ ਤੌਰ ’ਤੇ ਪੈਸਾ ਇਸ਼ਤਿਹਾਰਬਾਜ਼ੀ, ਪ੍ਰਚਾਰ, ਟਰਾਂਸਪੋਰਟ ਤੇ ਦਫ਼ਤਰੀ ਰੱਖ ਰਖਾਅ ਤੇ ਵੋਟਰਾਂ ਨੂੰ ਸਿੱਧੇ ਦਿੱਤੇ ਜਾਣ ਵਾਲੇ ਨਜ਼ਰਾਨੇ ਵਜੋਂ ਖਰਚ ਕੀਤਾ ਜਾਂਦਾ ਹੈ। ਚੋਣਾਂ ਨਾਲ ਜੁੜੇ ਲੋਕਾਂ ਦਾ ਮੰਨਣਾ ਹੈ ਕਿ ਇਕ ਉਮੀਦਵਾਰ ਵੱਲੋਂ ਤਕਰੀਬਨ 35 ਫੀਸਦੀ ਇਸ਼ਤਿਹਾਰ ਤੇ ਪ੍ਰਚਾਰ 30 ਫੀਸਦੀ ਟਰਾਂਸਪੋਰਟ, 20 ਫੀਸਦੀ ਦਫਤਰੀ ਰੱਖ ਰਖਾਅ ਤੇ ਵਰਕਰਾਂ ਦੇ ਭੋਜਨ ਪਾਣੀ ਤੇ ਖਰਚ ਕੀਤਾ ਜਾਂਦਾ ਹੈ। ਬਾਕੀ 15 ਫੀਸਦੀ ਵੋਟਰਾਂ ਨੂੰ ਭਰਮਾਉਣ ਲਈ ਸਿੱਧੇ ਤੌਰ ’ਤੇ ਨਕਦ ਦੇਣ ਸ਼ਰਾਬ ਪਿਲਾਉਣ ਤੇ ਮੁਰਗੇ ਖਵਾਉਣ ’ਤੇ ਖਰਚ ਹੁੰਦੀ ਹੈ। ਮੋਟੇ ਤੌਰ ’ਤੇ ਜੇ ਇਹ ਮੰਨ ਲਈਏ ਕਿ ਇਸ ਵਾਰੀ ਲੋਕ ਸਭਾ ਚੋਣਾਂ ’ਚ ਕੁੱਲ 12 ਹਜ਼ਾਰ ਕਰੋੜ ਰੁਪਏ ਰਾਸ਼ੀ ਖਰਚ ਕੀਤੀ ਜਾਵੇਗੀ ਤਾਂ ਪ੍ਰਚਾਰ ਤੇ ਇਸ਼ਤਿਹਾਰਬਾਜ਼ੀ ਉੱਪਰ ਕਰੀਬ 35 ਫੀਸਦੀ ਰਾਸ਼ੀ 4200 ਕਰੋੜ ਰੁਪਏ ਬੈਠਦੀ ਹੈ। ਅੰਕੜੇ ਦੱਸਦੇ ਹਨ ਕਿ ਵੱਖ ਵੱਖ ਕੰਪਨੀਆਂ ਹਰ ਸਾਲ 16 ਤੋਂ 18 ਹਜ਼ਾਰ ਕਰੋੜ ਰੁਪਏ ਇਸ਼ਤਿਹਾਰਬਾਜ਼ੀ ਤੇ ਪ੍ਰਚਾਰ ਉੱਪਰ ਖਰਚ ਕਰ ਰਹੀਆਂ ਹਨ। ਵਿਸ਼ਵ ਵਿਆਪੀ

ਮੰਦੀ ਨਾਲ ਜੂਝ ਰਹੀਆਂ ਕੰਪਨੀਆਂ ਨੇ ਹਾਲ ਦੇ ਮਹੀਨਿਆਂ 'ਚ ਇਸ਼ਤਿਹਾਰਬਾਜ਼ੀ ਤੇ ਪ੍ਰਚਾਰ ਦੇ ਬਜਟ 'ਚ ਜਬਰਦਸਤ ਕਟੌਤੀ ਕੀਤੀ ਸੀ ਪਰ ਲੋਕ ਸਭਾ ਚੋਣਾਂ ਕਾਰਨ ਆਈ 4000-5000 ਕਰੋੜ ਰੁਪਏ ਦੀ ਰਾਸ਼ੀ ਇਸ਼ਤਿਹਾਰਬਾਜ਼ੀ ਉਦਯੋਗ ਲਈ ਵਰਦਾਨ ਸਾਬਤ ਹੋਵੇਗੀ ਅਤੇ ਇਹ ਅੰਮ੍ਰਿਤ ਵਰਖਾ ਇਸ਼ਤਿਹਾਰ ਕੰਪਨੀਆਂ ਰਾਹੀਂ ਅਖਬਾਰਾਂ, ਰਸਾਲਿਆਂ ਤੇ ਟੀ. ਵੀ. ਚੈਨਲਾਂ ਦੇ ਨਾਲ ਹੀ ਹੋਰਡਿੰਗ, ਬੈਨਰ ਤੇ ਝੰਡੇ ਬਣਾਉਣ ਵਾਲਿਆਂ 'ਤੇ ਵੀ ਹੋਵੇਗੀ।

ਇਸ ਵਾਰੀ ਦੀਆਂ ਚੋਣਾਂ ਵਿਚ ਰਾਜਸੀ ਪਾਰਟੀਆਂ ਵੱਡੇ ਪੈਮਾਨੇ 'ਤੇ ਐਮ. ਐਫ. ਰੇਡੀਓ ਤੇ ਵੈਬਸਾਈਟਾਂ 'ਤੇ ਵੀ ਆਪਣਾ ਪ੍ਰਚਾਰ ਕਰ ਰਹੀਆਂ ਹਨ। ਯਾਨੀ ਇਸ਼ਤਿਹਾਰਬਾਜ਼ੀ ਤੇ ਮੀਡੀਆ ਨਾਲ ਜੁੜੀ ਹਰ ਕੰਪਨੀ ਤੇ ਉਸ 'ਚ ਕੰਮ ਕਰਨ ਵਾਲੇ ਲੋਕ ਘੱਟੋ ਘੱਟ ਇਸ ਸਾਲ ਲਈ ਤਾਂ ਮੰਦੀ ਦੀ ਮਾਰ ਤੋਂ ਕੁੱਝ ਸੁਰੱਖਿਅਤ ਮਹਿਸੂਸ ਕਰ ਸਕਦੇ ਹਨ।

ਦੂਜਾ ਖੇਤਰ ਹੈ ਟਰਾਂਸਪੋਰਟ ਦਾ। ਇਸ ਮਦ 'ਚ ਰਾਜਸੀ ਪਾਰਟੀਆਂ ਤੇ ਉਨ੍ਹਾਂ ਦੇ ਉਮੀਦਵਾਰਾਂ ਵਜੋਂ ਆਪਣੇ ਕੁੱਲ ਖਰਚੇ ਦਾ 30 ਫੀਸਦੀ ਖਰਚ ਕਰਨ ਦਾ ਅਨੁਮਾਨ ਹੈ। ਇਸ ਤਰ੍ਹਾਂ ਤਕਰੀਬਨ 3800-4200 ਕਰੋੜ ਰੁਪਏ ਦੀ ਰਾਸ਼ੀ ਇਸ ਖੇਤਰ 'ਚ ਕੰਮ ਕਰ ਰਹੀਆਂ ਕੰਪਨੀਆਂ ਦੇ ਖਾਤੇ ਵਿਚ ਜਾਣ ਵਾਲੀ ਹੈ। ਇਸ ਰਕਮ ਦਾ ਇਕ ਵੱਡਾ ਹਿੱਸਾ ਪੈਟਰੋਲ ਤੇ ਡੀਜ਼ਲ ਵੰਡ ਕਰਨ ਵਾਲੀਆਂ ਸਰਕਾਰੀ ਤੇਲ ਕੰਪਨੀਆਂ ਦੇ ਖਾਤੇ 'ਚ ਜਾਵੇਗਾ। ਯਾਨੀ ਸਸਤੇ ਕੱਚੇ ਤੇਲ ਦੀ ਵਜ੍ਹਾ ਨਾਲ ਹੀ ਘਾਟੇ ਤੋਂ ਉੱਭਰ ਕੇ ਮੁਨਾਫੇ 'ਚ ਆ ਚੁੱਕੀਆਂ ਇਨ੍ਹਾਂ ਤੇਲ ਕੰਪਨੀਆਂ ਲਈ ਇਹ ਚੋਣਾਂ ਦੂਹਰੀ ਖੁਸ਼ੀ ਸਾਬਤ ਕਰਨ ਵਾਲੀਆਂ ਹੋਣਗੀਆਂ। ਦੂਜੇ ਪਾਸੇ ਕਿਰਾਏ 'ਤੇ ਵਾਹਨ ਮੁਹੱਈਆ ਕਰਵਾਉਣ ਵਾਲੀਆਂ ਟੂਰਿਸਟ ਕੰਪਨੀਆਂ ਨੂੰ ਖਾਸੀ ਰਕਮ ਮਿਲੇਗੀ। ਇਸ ਤੋਂ ਇਲਾਵਾ ਵੱਡੇ ਨੇਤਾ ਆਪਣਾ ਜਲਵਾ ਵਿਖਾਉਣ ਲਈ ਹੈਲੀਕਾਪਟਰ ਤੇ ਹਵਾਈ ਜਹਾਜ਼ ਕਿਰਾਏ 'ਤੇ ਲੈ ਰਹੇ ਹਨ। ਔਸਤ 80 ਤੋਂ 125 ਹਜ਼ਾਰ ਰੁਪਏ ਫੀ ਘੰਟਾ ਦੇ ਕਿਰਾਏ 'ਤੇ ਮਿਲਣ ਵਾਲੇ ਇਨ੍ਹਾਂ ਉੱਡਣ ਖਟੋਲਿਆਂ ਦੀ ਮਦ 'ਚ ਇਸ ਚੋਣਾਂ 'ਚ ਕਰੀਬ 120-150 ਕਰੋੜ ਰੁਪਏ ਦੀ ਰਾਸ਼ੀ ਰਾਜਸੀ ਪਾਰਟੀਆਂ ਖਰਚ ਕਰ ਰਹੀਆਂ ਹਨ। ਨਾਲ ਹੀ ਕਰੀਬ ਹਰ ਖੇਤਰ 'ਚ ਔਸਤਨ 3-4 ਉਮੀਦਵਾਰਾਂ ਵੱਲੋਂ ਨਵੇਂ ਵਾਹਨ ਵੀ ਖਰੀਦੇ ਜਾ ਰਹੇ ਹਨ। ਮਲਟੀ ਯੁਟਿਲਟੀ ਵਹੀਕਲ (SUV) ਅਤੇ ਮਲਟੀ ਯੁਟਿਲਟੀ ਵਹੀਕਲ (MUV) ਵਰਗ ਦੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਤਕਰੀਬਨ 8 ਮਹੀਨਿਆਂ ਦੌਰਾਨ ਘਰੇਲੂ ਆਟੋਮੋਬਾਇਲ ਖੇਤਰ 'ਚ ਸਭ ਤੋਂ ਵੱਧ ਗਿਰਾਵਟ ਇਸ ਵਰਗ ਦੇ ਵਾਹਨਾਂ ਦੀ ਵਿਕਰੀ ਵਿਚ ਵੇਖੀ ਗਈ ਹੈ। ਇਸ ਤਰ੍ਹਾਂ ਇਹ ਚੋਣਾਂ 1500-2000 ਨਵੇਂ ਐਮ. ਯੂ. ਵੀ ਉਦਯੋਗ ਵਿਚ ਵੀ ਇਕ ਜਾਨ ਫੂਕਣਗੀਆਂ। ਨਾਲ ਨਾਲ ਚੋਣ ਪ੍ਰਚਾਰ ਲਈ ਵੱਖ ਵੱਖ ਨੇਤਾ ਤੇ ਉਨ੍ਹਾਂ ਦੇ ਸੰਗੀ ਸਾਥੀ ਵੱਡੀ ਗਿਣਤੀ ਵਿਚ ਹਵਾਈ ਯਾਤਰਾ ਕਰਨਗੇ। ਇਸ ਨਾਲ ਮੰਦੀ ਦੀ ਵਜ੍ਹਾ ਕਾਰਨ ਖਾਲੀ ਸੀਟਾਂ ਦੇ ਨਾਲ ਜਹਾਜ਼ ਉਡਾ ਰਹੀਆਂ ਜਹਾਜ਼ੀ ਕੰਪਨੀਆਂ ਨੂੰ ਥੋੜੀ ਬਹੁਤ ਰਾਹਤ ਮਿਲਣ ਦੀ ਉਮੀਦ ਹੈ।

ਤੀਜਾ ਨੰਬਰ ਆਉਂਦਾ ਹੈ ਰਾਜਸੀ ਪਾਰਟੀਆਂ ਤੇ ਉਨ੍ਹਾਂ ਦੇ ਉਮੀਦਵਾਰਾਂ ਵੱਲੋਂ ਦਫ਼ਤਰੀ ਖਰਚਿਆਂ ਦਾ ਹੈ। ਇਸ ਮਦ 'ਚ 2200 ਤੋਂ 2800 ਕਰੋੜ ਖਰਚ

ਹੋਣਗੇ ਪਰ ਇਹ ਰਾਸ਼ੀ ਸਿੱਧੀ ਕਿਸੇ ਉਦਯੋਗ ਨੂੰ ਨਹੀਂ ਜਾਣੀ। ਦਫ਼ਤਰ ਕਿਰਾਏ ’ਤੇ ਹੁੰਦੇ ਹਨ ਪਰ ਕੈਟਰਿੰਗ ਵਾਲਿਆਂ ਨੂੰ ਲਾਭ ਮਿਲਦਾ ਹੈ। ਟੈਂਟ–ਫਰਨੀਚਰ ਵੀ ਵਰਤਿਆ ਜਾਂਦੈ। ਵੋਟਾਂ ਖਰੀਦਣ ਲਈ ਨਕਦੀ ਇਸ ਵਾਰੀ ਵੀ ਵੰਡੀ ਜਾਵੇਗੀ। ਸ਼ਰਾਬ ਵੰਡਣ ਦੀ ਬਦੌਲਤ ਸ਼ਰਾਬ ਉਦਯੋਗ ਨੂੰ 1000–1500 ਕਰੋੜ ਰੁਪਏ ਕਮਾਈ ਹੋਵੇਗੀ। ਪਰ ਕੀ ਇਹ ਚੋਣਾਂ ਦੇਸ਼ ਨੂੰ ਆਰਥਕ ਮੰਦੀ ’ਚ ਉਭਾਰਨ ਲਈ ਮਦਦਗਾਰ ਹੋਣਗੀਆਂ ਜੁਆਬ ਹੈ–ਨਹੀਂ। ਵਜ੍ਹਾ ਹੈ ਕਿ ਸਾਡੇ ਘਰੇਲੂ ਉਤਪਾਦ 50,00000 ਕਰੋੜ ਰੁਪਏ ਮੁਕਾਬਲੇ ਇਹ ਰਾਸ਼ੀ ਸਿਰਫ 0.2 ਤੋਂ 0.3 ਫੀਸਦੀ ਹੀ ਬੈਠਦੀ ਹੈ। ਰਾਹਤ ਪੈਕਜਾਂ ਰਾਹੀ ਦਿੱਤੀ 390,000 ਕਰੋੜ ਰੁਪਏ ਸਿਰਫ ਉੱਠ ਦੇ ਮੂੰਹ ’ਚ ਜੀਰਾ ਸਾਬਤ ਹੋਵੇਗੀ। ਵਿਸ਼ਵੀ ਮੰਦੀ ਨੇ ਭਾਰਤ ਦੀ ਸੂਚਨਾ ਟੈਕਨੋਲਜੀ (ਆਈ. ਟੀ.) ਤੇ ਬਰਾਮਦ ਦੇ ਨਾਲ ਹੀ ਭਵਨ ਨਿਰਮਾਣ ਖੇਤਰ ਨੂੰ ਵੱਧ ਪ੍ਰਭਾਵਿਤ ਕੀਤੈ। ਪਰ ਚੋਣਾਂ ’ਚ ਖਰਚ ਹੋਣ ਵਾਲੀ 10–15 ਹਜ਼ਾਰ ਕਰੋੜ ਰੁਪਏ ਦੀ ਕੁੱਲ ਰਾਸ਼ੀ ’ਚੋਂ 100–150 ਕਰੋੜ ਇਨ੍ਹਾਂ ਖੇਤਰਾਂ ਵੱਲ ਹੀ ਜਾਣਗੇ। ਦੂਜੇ ਖੇਤਰਾਂ ਨੂੰ ਭਲਾ ਨਹੀਂ ਹੋਣਾ।

# ਚੋਣਾਂ ਪੈਸੇ ਵਾਲਿਆਂ ਦੀ ਖੇਡ

ਸਲੀਪਿੰਗ ਪਾਰਟਨਰ ਯਾਨੀ ਲੁਕਵੀਂ ਸ਼ਮੂਲੀਅਤ। ਉਦਯੋਗ ਜਗਤ ਦਾ ਇਹ ਚਰਚਿਤ ਜੁਗਲਾ ਹੁਣ ਰਾਜਨੀਤੀ ਵਿਚ ਨਜ਼ਰ ਆਉਂਦਾ ਹੈ ਤਾਂ ਹੀ ਤਾਂ ਪੰਦਰਵੀਂ ਲੋਕ ਸਭਾ ਦੀਆਂ ਆਮ ਚੋਣਾਂ 'ਚ ਸਨਅਤਕਾਰਾਂ ਤੋਂ ਲੈ ਕੇ ਹੀਰੋਆਂ ਤੱਕ ਨੇ ਵੀ ਆਪਣੀ ਸ਼ਿਰਕਤ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਉਮੀਦਵਾਰਾਂ ਦੀ ਜਾਇਦਾਦ ਨਾਲ ਭਾਵੇਂ ਕੋਈ ਲੈਣਾ ਦੇਣਾ ਨਹੀਂ ਪਰ ਚੁਣਾਵੀ ਦੰਗਲ 'ਚ ਇਹ ਭਾਰੀ ਜ਼ਰੂਰ ਰਹਿੰਦੇ ਹਨ। ਦੇਸ਼ ਦੇ ਲੋਕ ਗਰੀਬ ਹੋਣ ਤਾਂ ਇਹ ਕੋਈ ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਉਮੀਦਵਾਰ ਵੀ ਗਰੀਬ ਹੋਵੇਗਾ ਰਾਜਸੀ ਲਾਲਸਾਵਾਂ ਤੋਂ ਪ੍ਰੇਰਿਤ ਇਨ੍ਹਾਂ ਧਨੀ ਨੇਤਾਵਾਂ ਦੇ ਯਸ਼ ਤੇ ਖੁਸ਼ਹਾਲੀ 'ਚ ਤਾਂ ਕਾਫੀ ਤੇਜ਼ੀ ਨਾਲ ਵਾਧਾ ਹੁੰਦਾ ਪਰ ਲੋਕਾਂ ਦੀ ਗਰੀਬੀ ਨਹੀਂ ਘੱਟਦੀ ਇਹ ਸੰਸਦ 'ਚ ਬੈਠੇ ਲੋਕ ਨੁਮਾਇੰਦਿਆਂ ਦੀ ਜਾਇਦਾਦ ਦੇ ਵੇਰਵਿਆਂ ਤੋਂ ਸਮਝਿਆ ਜਾ ਸਕਦਾ ਹੈ। ਦੇਸ਼ ਦੀ ਲਗਭਗ 77 ਫੀਸਦੀ ਅਬਾਦੀ ਯਾਨੀ 83.6 ਕਰੋੜ ਲੋਕਾਂ ਦੀ ਰੋਜ਼ਾਨਾ ਆਮਦਨ 20 ਰੁਪਏ ਹੈ। ਜਦ ਕਿ ਲਗਭਗ 30 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠ ਗੁਜ਼ਾਰਾ ਕਰ ਰਹੇ ਹਨ। ਦੂਜੇ ਪਾਸੇ ਅੱਜਕੱਲ ਰਾਜ ਸਭਾ ਦੇ ਅੱਧੇ ਮੈਂਬਰ ਤੇ ਲੋਕ ਸਭਾ ਦੇ ਇਕ ਤਿਹਾਈ ਮੈਂਬਰ ਦੀ ਜਾਇਦਾਦ ਕਰੋੜ ਰੁਪਏ ਤੋਂ ਵਧਦੀ ਹੈ। ਸੰਸਦ 'ਚ ਬੈਠ ਕੇ ਪੂਰੇ ਦੇਸ਼ ਦੀ ਗਰੀਬੀ ਤੇ ਬਦਹਾਲੀ 'ਤੇ ਬਹਿਸ ਕਰਨ ਵਾਲੇ ਦੋਨੋਂ ਸਦਨਾਂ ਦੇ ਮੈਂਬਰਾਂ ਦੀ ਜਾਇਦਾਦ 'ਚੋਂ ਉਪਰਲੇ ਸਿਰਫ 10 ਮੈਂਬਰਾਂ ਦੀ ਜਾਇਦਾਦ ਹੀ ਲਗਭਗ 1500 ਕਰੋੜ ਰੁਪਏ ਹੈ।

ਅੱਜਕੱਲ ਲੋਕ ਸਭਾ ਅਤੇ ਆਂਧਰਾ, ਉੜੀਸਾ ਤੇ ਸਿੱਕਮ ਵਿਚ ਵਿਧਾਨ ਸਭਾਵਾਂ ਲਈ ਹੋਣ ਵਾਲੀਆਂ ਚੋਣਾਂ 'ਚ ਉਮੀਦਵਾਰਾਂ ਨੇ ਜਾਇਦਾਦ ਦਾ ਜੋ ਬਿਉਰਾ ਦਿੱਤਾ ਹੈ ਉਸ ਨਾਲ ਭਾਰਤ ਵਰਗੇ ਦੇਸ਼ ਵਿਚ ਗਰੀਬ ਲੋਕਾਂ ਦਰਮਿਆਨ ਅਮੀਰ ਹੁੰਦੇ ਨੇਤਾ ਦੀ ਗੱਲ ਗਲਤ ਨਹੀਂ ਲੱਗਦੀ ਹੈ। ਜਾਇਦਾਦ ਦੇ ਕੇਸ 'ਚ ਸਭ ਤੋਂ ਵੱਡਾ ਨਾਂ ਗੁਜਰਾਤ ਦੇ ਸੁਰਿੰਦਰ ਨਗਰ ਲੋਕ ਸਭਾ ਹਲਕੇ ਤੋਂ ਕ੍ਰਾਂਤੀਕਾਰ ਜੈ ਹਿੰਦ ਸੈਨਾ ਦੇ ਉਮੀਦਵਾਰ ਉਦਯੋਗਪਤੀ ਖਿਮਜੀ ਭਾਈ ਪਾਂਡੇ ਦਾ ਹੈ। ਜਿਸ ਦੀ ਐਲਾਨੀ ਗਈ ਜਾਇਦਾਦ 514 ਕਰੋੜ ਰੁਪਏ ਦੀ ਹੈ। ਇਸ ਪਿੱਛੋਂ ਆਂਧਰਾ ਦੇ ਵਿਜੇਵਾੜਾ ਲੋਕ ਖੇਤਰ ਤੋਂ ਕਾਂਗਰਸ ਦੇ ਉਮੀਦਵਾਰ ਉਦਯੋਗਪਤੀ ਸ੍ਰੀ ਰਾਜਗੋਪਾਲ ਹਨ, ਇਨ੍ਹਾਂ ਦੀ ਕੁੱਲ ਜਾਇਦਾਦ ਕਰੀਬ 299 ਕਰੋੜ ਰੁਪਏ ਹੈ। ਇਨ੍ਹਾਂ ਦੀ ਜਾਇਦਾਦ ਨੂੰ ਲੈ ਕੇ ਭਾਵੇਂ ਕੋਈ ਝਮੇਲਾ ਨਾ ਹੋਵੇ ਪਰ ਸਾਲ 2004 'ਚ ਜਦ ਉਨ੍ਹਾਂ ਜਾਇਦਾਦ ਦਾ ਐਲਾਨ ਕੀਤਾ ਸੀ ਤਾਂ ਸਿਰਫ਼ 9.6 ਕਰੋੜ ਦਰਸਾਏ ਗਏ ਹਨ। ਪੰਜ ਸਾਲਾਂ ਦੀ ਯੂ. ਪੀ. ਏ. ਹਕੂਮਤ ਦੌਰਾਨ ਉਸ ਦੀ ਜਾਇਦਾਦ 'ਚ 30 ਗੁਣਾ ਵਾਧਾ ਹੋਇਆ ਹੈ। ਜੋ ਕਾਬਲ ਗੌਰ ਹੈ। ਇਸ ਸੂਚੀ 'ਚ ਸ਼ਾਮਲ ਹੈ ਦੱਖਣੀ ਦਿੱਲੀ ਤੋਂ ਲੋਕ ਸਭਾ ਸੀਟ ਤੋਂ ਚੋਣ ਲੜਨ ਵਾਲੇ ਬਹੁਜਨ ਸਮਾਜ ਪਾਰਟੀ ਦੇ ਕਰਣ ਸਿੰਘ ਤੰਵਰ ਉਨ੍ਹਾਂ ਨੂੰ ਅਜੇ ਤੱਕ ਕਾਗਜ਼ ਦਾਖਲ ਨਹੀਂ ਕੀਤੇ। ਪਰ ਪਿਛਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ 150 ਕਰੋੜ ਦੀ ਚਲ-ਅਚਲ ਸੰਪਤੀ ਦੇ ਮਾਲਕ ਸਨ। ਸਮਾਜਵਾਦੀ ਪਾਰਟੀ ਦਾ ਮਹਾਰਾਸ਼ਟਰ ਰਾਜ ਇਕਾਈ ਦੇ ਪ੍ਰਧਾਨ ਤੇ ਉੱਤਰ ਪ੍ਰਦੇਸ਼ ਤੋਂ ਰਾਜਸਭਾ

ਮੈਂਬਰ ਅਬੂ ਅਮੀਮ ਆਜਮੀ, ਜੋ ਉੱਤਰ-ਪੱਛਮੀ ਬੰਬਈ ਤੋਂ ਚੋਣ ਲੜ ਰਹੇ ਹਨ ਦੀ ਜਾਇਦਾਦ ਲਗਭਗ 124 ਕਰੋੜ ਰੁਪਏ ਹੈ, ਇਹ ਤਿੰਨੋਂ ਚੁਣਾਵੀ ਅਖਾੜੇ ਦੇ ਅਰਬਪਤੀ ਖਿਡਾਰੀ ਹਨ। ਦੇਸ਼ 'ਚ ਪਰਦੇ 'ਤੇ ਉਤਰਨ ਪਿੱਛੋਂ ਰਾਜਨੀਤੀ ਵਿਚ ਉਤਰਨਾ ਫਿਲਮੀ ਕਲਾਕਾਰਾਂ ਦੀ ਪੁਰਾਣੀ ਰਵਾਇਤ ਰਹੀ ਹੈ। ਹਾਲਾਂ ਕਿ ਇਕ ਦੁੱਕਾ ਨੂੰ ਛੱਡ ਕੇ ਉੱਤਰ ਭਾਰਤ ਦੀ ਰਾਜਨੀਤੀ ਵਿਚ ਕਦਮ ਰੱਖਣ ਵਾਲੇ ਬਹੁਤੇ ਫਿਲਮੀ ਅਭਿਨੇਤਾ ਸਿਆਸਤ ਦਾ ਲੰਬਾ ਸਫਰ ਪੂਰਾ ਨਹੀਂ ਕਰ ਸਕੇ ਪਰ ਦੱਖਣੀ ਭਾਰਤ ਦੇ ਫਿਲਮੀ ਅਭਿਨੇਤਾ ਇਸ ਮਾਮਲੇ 'ਚ ਅੱਗੇ ਹਨ। ਉਥੋਂ ਦੀ ਰਾਜਸੀ ਰਵਾਇਤ ਨੂੰ ਅੱਗੇ ਵਧਾਉਂਦਿਆਂ ਚਿਰੰਜੀਵੀ ਨੇ ਪ੍ਰਜਾ ਰਾਜਗ ਪਾਰਟੀ ਦੀ ਸਥਾਪਨਾ ਕੀਤੀ ਅਤੇ ਰਾਜਨੀਤੀ ਦੇ ਅਖਾੜੇ 'ਚ ਹਨ। ਅਭਿਨੇਤਾ ਤੋਂ ਰਾਜਨੇਤਾ ਬਣੇ ਐਨ. ਟੀ. ਰਾਮਾ ਰਾਓ ਦੀ ਤਰਜ਼ 'ਤੇ ਉਨ੍ਹਾਂ ਦੀ ਵੀ ਮੰਸ਼ਾ ਸੱਤਾ ਦੀ ਖੇਡ ਖੇਡਣ ਦੀ ਹੈ। ਤਿਰੁਪਤੀ ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਚਿਰੰਜੀਵੀ 88 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਦੇ ਮਾਲਕ ਹਨ। ਜਾਗੀਰਦਾਰੀ ਦਾ ਵੀ ਅਜੇ ਖਾਤਮਾ ਨਹੀਂ ਹੋਇਆ ਹੈ। ਰਾਜ ਪਰਿਵਾਰ ਵੀ ਸਿਆਸੀ ਖੇਡ ਖੇਡਣ 'ਚ ਪਿੱਛੇ ਨਹੀਂ ਹਨ। ਪਿਛਲੇ ਰਾਜਾਂ 'ਚ ਸ਼ਾਮਲ ਝਾਰਖੰਡ ਦੀ ਹਾਜ਼ਰੀ ਬਾਗ ਲੋਕ ਸਭਾ ਸੀਟ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਪਦਮਾ ਇਸਟੇਟ ਦੇ ਮਾਲਕ ਵੀ ਧਨ-ਕੁਬੇਰਾਂ 'ਚ ਸ਼ਾਮਲ ਹਨ ਤਾਂ ਸਾਲਾ ਸੋਰਭ ਨਰਾਇਣ ਸਿੰਘ 85 ਕਰੋੜ ਦਾ ਮਾਲਕ ਹੈ। ਉਨ੍ਹਾਂ ਦਾ ਮੁਕਾਬਲਾ ਸਾਬਕਾ ਕੇਂਦਰੀ ਮੰਤਰੀ ਤੇ ਭਾਜਪਾ ਨੇਤਾ ਯਸ਼ਵੰਤ ਸਿਨਹਾ ਨਾਲ ਹੈ। ਜਾਇਦਾਦ ਦੇ ਮਾਮਲੇ 'ਚ ਪਿਤਾ-ਪੁੱਤਰ ਦਾ ਵੱਡਾ ਫਰਕ ਆਂਧਰਾ ਪ੍ਰਦੇਸ਼ ਵਿਚ ਹੈ। ਮੁੱਖ ਮੰਤਰੀ ਵਾਈ. ਐਸ. ਰਾਜੇਸ਼ਵਰ ਰੈਡੀ ਪੁਲਿਵੇਂਡੁਲਾ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਨੇ ਸਿਰਫ 1.35 ਕਰੋੜ ਦੀ ਸੰਪਤੀ ਐਲਾਨੀ ਹੈ। ਕਾਂਗਰਸ ਦੇ ਕਡਾਪਾ ਲੋਕ ਸਭਾ ਸੀਟ ਦੇ ਮਾਲਕ ਹਨ। ਇਸ ਤਰ੍ਹਾਂ ਪ੍ਰਫੁਲ ਪਟੇਲ, ਕੈਪਟਨ ਗੋਪੀ ਨਾਥ, ਚੰਦਰ ਬਾਬੂ ਨਾਇਡੂ, ਫਿਲਮ ਨਿਰਦੇਸ਼ਕ ਪ੍ਰਕਾਸ਼ ਝਾ, ਸ਼ਰਦ ਪਵਾਰ ਦੀ ਪੁੱਤਰੀ ਸੁਪ੍ਰਿਆ ਸੂਲੇ ਆਦਿ ਐਸੇ ਉਮੀਦਵਾਰ ਹਨ ਜਿਨ੍ਹਾਂ ਦੀ ਜਾਇਦਾਦ 50 ਕਰੋੜ ਤੋਂ ਵੱਧ ਹੈ। ਲਗਭਗ 60 ਕਰੋੜ ਦੇ ਮਾਲਕ ਹਨ ਲਾਟਰੀ ਕਿੰਗ ਮਨੀ ਕੁਮਾਰ ਸੁੱਬਾ। ਅਸਮ ਦੇ ਤੇਜਪੁਰ ਲੋਕ ਸਭਾ ਖੇਤਰ ਤੋਂ ਆਪਣੀ ਕਿਸਮਤ ਅਜਮਾ ਰਹੇ ਸੁੱਬਾ 'ਤੇ ਕਈ ਗੰਭੀਰ ਦੋਸ਼ ਵੀ ਦਰਜ਼ ਹਨ। ਉਹ ਚੌਥੀ ਵਾਰੀ ਚੋਣ ਲੜ ਰਹੇ ਹਨ। ਆਂਧਰਾ ਪ੍ਰਦੇਸ਼ ਦੇ ਰਾਜਗੋਪਾਲ ਦੀ ਤਰ੍ਹਾਂ ਉਨ੍ਹਾਂ ਦੀ ਸੰਪਤੀ ਵਿਚ ਵੀ ਜਬਰਦਸਤ ਵਾਧਾ ਹੋਇਆ ਹੈ। ਪਿਛਲੀਆਂ ਚੋਣਾਂ 'ਚ ਉਨ੍ਹਾਂ ਦੀ ਕੁੱਲ ਸੰਪਤੀ 18 ਕਰੋੜ ਰੁਪਏ ਸੀ ਜੋ ਪੰਜ ਸਾਲ 'ਚ ਲਗਭਗ ਤਿੰਨ ਗੁਣਾ ਯਾਨੀ 300 ਫੀਸਦੀ ਵਧੀ। ਉਨ੍ਹਾਂ 'ਤੇ ਸਭ ਤੋਂ ਵੱਡਾ ਦੋਸ਼ ਨਾਗਰਿਕਤਾ ਤੇ ਜਨਮ ਸਥਾਨ ਸਬੰਧੀ ਹੈ। ਇਹ ਮਾਮਲਾ ਨੋਇਡਾ ਦੇ ਬਿਰੇਂਦਰ ਨਾਥ ਸਿੰਘ ਵੱਲੋਂ ਜਨਹਿਤ ਜਾਚਿਕਾ ਦਾਇਰ ਕਰਨ ਤੋਂ ਉਜਾਗਰ ਹੋਇਆ ਹੈ। ਜਿਸ 'ਚ ਸੁੱਬਾ ਨੂੰ ਨੇਪਾਲੀ ਦੱਸਿਆ ਗਿਆ ਹੈ। ਇਸ ਸਬੰਧੀ ਸੀ. ਬੀ. ਆਈ. ਦੀ ਜਾਂਚ ਚੱਲ ਰਹੀ ਹੈ। ਅਜਿਹੇ ਉਮੀਦਵਾਰਾਂ ਦੀ ਸੰਪਤੀ ਤੇ ਨੀਤੀ ਨਾਲ ਲੋਕਾਂ ਦਾ ਕਿੰਨਾ ਭਲਾ ਹੋਊ ਇਸ ਦਾ ਅੰਦਾਜ਼ਾ ਇਨ੍ਹਾਂ ਗੱਲਾਂ ਤੋਂ ਲਾਇਆ ਜਾ ਸਕਦਾ ਹੈ ਕਿ ਸੰਪਤੀ ਦਾ ਐਲਾਨ ਚੋਣ ਤੋਂ ਪਹਿਲਾਂ ਤੱਕ ਹੀ ਸੀਮਤ ਹੈ ਇਸ ਪਿੱਛੋਂ ਨਾ ਤਾਂ ਧਨ ਇਕੱਠਾ ਕਰਨ ਦੇ ਸਰੋਤਾਂ ਬਾਰੇ ਦੱਸਿਆ ਜਾਂਦਾ ਹੈ ਅਤੇ ਨਾ ਹੀ ਸੰਪਤੀ

'ਚ ਵਾਧੇ ਬਾਰੇ। ਅੱਜ ਵੀ ਲੋਕ ਸਭਾ ਦੇ 542 ਮੈਂਬਰਾਂ 'ਚੋਂ 522 ਮੈਂਬਰ ਦੀ ਜਾਇਦਾਦ ਦੇ ਵੇਰਵੇ ਮੁਹੱਈਆ ਹਨ ਤੇ ਰਾਜ ਸਭਾ 'ਚ ਸਿਰਫ 215 ਮੈਂਬਰਾਂ ਦੇ।

ਚੋਣ ਕਮਿਸ਼ਨ ਨੇ ਭਾਵੇਂ ਚੋਣ 'ਚ ਹਰੇਕ ਉਮੀਦਵਾਰ ਨੂੰ ਖਰਚ ਲਈ 25 ਲੱਖ ਰੁਪਏ ਦੀ ਇਜ਼ਾਜਤ ਦਿੱਤੀ ਗਈ ਹੈ। ਪਰ ਅਸਲੀ ਅੰਕੜਾ ਕਿਤੇ ਵੱਧ ਚਲਾ ਜਾਂਦਾ ਹੈ। ਚੋਣਾਂ 'ਚ ਪ੍ਰਚਾਰ, ਪਰਚਾ, ਦੌਰਾ, ਰੈਲੀ ਤੇ ਵਰਕਰਾਂ ਦੇ ਖਰਚੇ ਬਹੁਤ ਵੱਧ ਹੁੰਦੇ ਹਨ। ਇਸ ਲਈ ਪਾਰਟੀਆਂ ਕਰੋੜਪਤੀ ਤੇ ਸਨਅਤਕਾਰਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ। ਜਿਸ ਨਾਲ ਪਾਰਟੀ ਆਪਣੀ ਆਰਥਿਕ ਸਥਿਤੀ ਮਜ਼ਬੂਤ ਕਰਨ ਤੇ ਰਾਜਸੀ ਪਕੜੇ ਵਧਾਉਣ ਲਈ ਉਮੀਦਵਾਰ ਬਣਦੇ ਹਨ।

# ਨੋਟਾਂ ਤੇ ਵੋਟਾਂ ਦੀ ਸਿਆਸਤ 'ਚ ਵਧਦੀ ਮਹਿੰਗਾਈ

ਰਾਜਸੀ ਪਾਰਟੀਆਂ ਤੇ ਵਪਾਰੀਆਂ ਤੇ ਸਨਅਤਕਾਰਾਂ ਤੋਂ ਚੋਣਾਂ ਲੜਨ ਦੇ ਲਈ ਚੰਦਾ ਕੀ ਵਸੂਲਿਆ, ਖਪਤਕਾਰੀ ਵਸਤੂਆਂ ਦੀਆਂ ਕੀਮਤਾਂ ਨੂੰ ਅੱਗ ਲੱਗ ਗਈ ਹੈ। ਸਿੱਟੇ ਵਜੋਂ ਆਮ ਆਦਮੀ ਲਈ ਪੇਟ ਪਾਲਣਾ ਦੁਭਰ ਹੋ ਰਿਹਾ ਹੈ। ਆਖਰ ਕਿਉਂ ਵਧੀ ਏਨੀ ਤੇਜ਼ੀ ਨਾਲ ਮਹਿੰਗਾਈ? ਦੂਸਰਿਆਂ ਤੋਂ ਵੱਧ ਦਿੱਸਣ ਦਾ ਦਾਅਵਾ ਕਰਨ ਵਾਲੀ ਪਾਰਟੀ ਦੀ ਇਕ ਅੱਛੀ ਪਹਿਲ ਸੀ। ਚੋਣਾਂ ਦੀ ਤਿਆਰੀ 'ਚ ਲੱਗੀ ਭਾਜਪਾ ਨੇ ਰਾਜਧਾਨੀ 'ਚ ਹੋਈ ਇਕ ਪ੍ਰੈਸ ਕਾਨਫਰੰਸ 'ਚ ਜਦ ਇਕ ਸੰਸਦ ਨੂੰ ਚੋਣ ਲੜਨ ਲਈ 21 ਲੱਖ ਰੁਪਏ ਦੀ ਥੈਲੀ ਭੇਂਟ ਕੀਤੀ ਤਾਂ ਆਮ ਵੋਟਰ ਤੇ ਦੂਜੀਆਂ ਰਾਜਸੀ ਪਾਰਟੀਆਂ ਲਈ ਇਹ ਅੱਛਾ ਸੰਦੇਸ਼ ਸੀ ਕਿ ਮਹਿੰਗੀਆਂ ਚੋਣਾਂ ਦੇ ਇਸ ਦੌਰ ਵਿਚ ਵੀ ਪਾਰਟੀ ਵਰਕਰਾਂ ਤੇ ਜਨਤਾ ਦੇ ਆਰਥਿਕ ਸਹਿਯੋਗ ਨਾਲ ਚੋਣ ਲੜੀ ਜਾ ਸਕਦੀ ਹੈ। ਪਰ ਇਸ ਕਾਨਫਰੰਸ ਤੋਂ ਠੀਕ ਇਕ ਹਫਤੇ ਬਾਅਦ ਸੂਬਾ ਕਾਂਗਰਸ ਪ੍ਰਧਾਨ ਧਨੇਂਦਰ ਸਾਹੂ ਨੇ ਇਕ ਪ੍ਰੈਸ ਕਾਨਫਰੰਸ 'ਚ ਜਦ ਇਹ ਕਹਿ ਕਿ ਦੋਸ਼ ਲਾਇਆ ਕਿ ਰਾਜਸੀ ਚੰਦਾ ਵਸੂਲੀ ਲਈ ਭਾਜਪਾ ਨੇਤਾ ਤੇ ਵਰਕਰ ਵਪਾਰੀਆਂ 'ਤੇ ਨਜਾਇਜ਼ ਦਬਾਅ ਪਾ ਰਹੇ ਹਨ ਤਾਂ ਇਸ ਨੂੰ ਸਿਰਫ਼ ਰਾਜਸੀ ਬਿਆਨ ਕਹਿ ਕੇ ਠੰਡੇ ਬਸਤੇ 'ਚ ਪਾ ਦਿੱਤਾ ਗਿਆ ਪਰ ਇਸ ਦੇ ਬੁਰੇ ਅਰਥ ਹੁਣ ਸਮਝ ਵਿਚ ਆ ਰਹੇ ਹਨ। ਇਹ ਚੁਣਾਵੀ ਚੰਦੇ ਦਾ ਹੀ ਅਸਰ ਹੈ ਕਿ ਪਿਛਲੇ ਇਕ ਹਫਤੇ 'ਚ ਚਾਵਲ, ਕਣਕ, ਸ਼ੱਕਰ, ਤੇਲ ਤੇ ਸੀਮਿੰਟ ਦੇ ਭਾਅ ਆਕਾਸ਼ ਛੂਹ ਰਹੇ ਹਨ। ਸਤੀਸ਼ਗੜ੍ਹ ਨੂੰ ਚੌਲਾਂ ਦਾ ਕਟੋਰਾ ਕਿਹਾ ਜਾਂਦਾ ਹੈ ਪਰ ਬਾਜ਼ਾਰ 'ਚ ਆਮ ਕਿਸਮ ਦਾ ਚੌਲ 32 ਰੁਪਏ ਕਿਲੋ ਤੱਕ ਮਿਲ ਰਿਹਾ ਹੈ। ਜਦਕਿ ਇਹੀ ਚੌਲ ਕਦੀ 15 ਤੋਂ 18 ਰੁਪਏ ਕਿਲੋਂ ਵਿਕਦਾ ਸੀ। ਸ਼ੱਕਰ 25 ਰੁਪਏ ਕਿਲੋ ਤੇ ਤੇਲ 100 ਰੁਪਏ ਕਿਲੋ ਤੱਕ ਵਿਕ ਰਿਹਾ ਹੈ। ਇਕ ਕਰਿਆਨੇ ਦੀ ਦੁਕਾਨ ਵਿਚ ਚੌਲ ਖਰੀਦਣ ਆਈ ਇਕ ਗ੍ਰਹਿਣੀ ਕਹਿੰਦੀ ਹੈ ਕਿ ਪਿਛਲੇ ਹੀ ਮਹੀਨੇ ਮੈਂ ਚੌਲ 18 ਰੁਪਏ ਕਿਲੋ ਲਿਆ ਸੀ ਪਰ ਹੁਣ ਉਹੀ ਚੌਲ 28 ਰੁਪਏ ਕਿਲੋ ਵਿਕ ਰਿਹਾ ਹੈ। ਦੱਸੋ ਬਜ਼ਾਰ ਨੂੰ ਅਜਿਹੀ ਕਿਹੜੀ ਅੱਗ ਲੱਗ ਗਈ ਹੈ ਕਿ ਇਹ ਦਸ ਰੁਪਏ ਕਿਲੋ ਮਹਿੰਗਾ ਹੋ ਗਿਆ ਹੈ। ਗੁਡਿਆਰੀ ਥੋਕ ਬਾਜ਼ਾਰ 'ਚ ਖਰੀਦ ਫਰੋਖ਼ਤ ਕਰ ਰਹੇ ਵਪਾਰੀ ਭਾਜਪਾ ਦੇ ਹਮਾਇਤੀ ਮੰਨੇ ਜਾਂਦੇ ਹਨ। ਕਹਿੰਦੇ ਹਨ ਕਿ ਕੀਮਤਾਂ ਵਧਾਉਣ ਦਾ ਫੈਸਲਾ ਆਪਸੀ ਰਜ਼ਾਮੰਦੀ ਨਾਲ ਲਿਆ ਗਿਆ ਹੈ। ਇਹ ਸਥਿਤੀ ਕਈ ਕਾਰਨਾਂ ਕਰਕੇ ਬਣੀ ਹੈ ਜਿਹਨਾਂ 'ਚ ਇਕ ਕਾਰਨ ਚੋਣਾਵੀਂ ਚੰਦਾ ਵੀ ਹੈ। ਉਹ ਕਹਿੰਦੇ ਹਨ ਕਿ ਸਭ ਰਾਜਸੀ ਪਾਰਟੀਆਂ ਆਪਣੇ ਨੁਮਾਇੰਦੇ ਭੇਜ ਕੇ ਚੁਣਾਵੀਂ ਚੰਦਾ ਮੰਗ ਰਹੀਆਂ ਹਨ ਅਤੇ 500 ਤੋਂ ਲੈ ਕੇ 10,000 ਤੱਕ ਦੀ ਰਸੀਦ ਕੱਟ ਰਹੇ ਹਨ। ਇਹ ਚੰਦਾ ਦੇਣਾ ਵਪਾਰੀਆਂ ਜਾਂ ਸਨਅਤਕਾਰਾਂ ਦੀ ਮਜ਼ਬੂਰੀ ਹੋ ਗਈ ਹੈ। ਆਖਰ ਉਨ੍ਹਾਂ ਦੀ ਸਰਕਾਰ ਹੈ।

ਵੈਸੇ ਮਹਿੰਗਾਈ ਦੀ ਅੱਗ ਸੀਮਿੰਟ ਨੂੰ ਵੀ ਲੱਗੀ ਹੈ। ਜਿਸ ਨਾਲ ਆਮ ਆਦਮੀ ਦਾ ਘਰ ਬਣਾਉਣ ਦਾ ਸੁਪਨਾ ਦੁਭਰ ਹੁੰਦਾ ਜਾ ਰਿਹਾ ਹੈ। ਹਾਲਾਤ ਇਹ ਹੈ ਕਿ ਕਦੇ 180 ਰੁਪਏ 'ਚ ਮਿਲਣ ਵਾਲੀ ਸੀਮਿੰਟ ਦੀ ਬੋਰੀ ਹੁਣ 230 ਤੱਕ ਪਹੁੰਚ

ਗਈ ਹੈ। ਅਚਾਨਕ ਵਧੀਆ ਕੀਮਤਾਂ ਦਾ ਮੁੱਦਾ ਜਦ ਮੀਡੀਆ 'ਚ ਉਛਲਿਆ ਤਾਂ ਚੋਣਾਂ ਦਾ ਸਾਹਮਣਾ ਕਰ ਰਹੀ ਭਾਜਪਾ ਤੇ ਕਾਂਗਰਸ 'ਚ ਭਗਦੜ ਮੱਚ ਗਈ ਹੈ। ਕਾਂਗਰਸ ਨੇ ਦੋਸ਼ ਲਾਇਆ ਕਿ ਵਧੀਆ ਕੀਮਤਾਂ ਦਾ ਪੈਸਾ ਭਾਜਪਾ ਦੀ ਜੇਬ ਵਿਚ ਜਾ ਰਿਹਾ ਹੈ, ਇਸ ਨਾਲ ਭਾਜਪਾ ਕਦੋਂ ਚੁੱਪ ਰਹਿੰਦੀ। ਇਹੀ ਸੁਆਲ ਮੁੱਖ ਮੰਤਰੀ (ਸ਼ਤੀਸਗੜ੍ਹ) ਰਮਨ ਸਿੰਘ ਨੂੰ ਕੀਤਾ ਗਿਆ ਤਾਂ ਉਨ੍ਹਾਂ ਨੇ ਕਾਂਗਰਸ ਤੋਂ ਪੁੱਛ ਲਿਆ ਕਿ ਜੇ ਕਾਂਗਰਸ ਦੀ ਹਕੂਮਤ ਵਾਲੇ ਰਾਜਾਂ ਵਿਚ ਸੀਮਿੰਟ ਮਹਿੰਗਾ ਮਿਲ ਰਿਹਾ ਹੈ ਤਾਂ ਕੀ ਇਹ ਸਮਝਿਆ ਜਾਵੇ ਕਿ ਇਹ ਪੈਸਾ ਕਾਂਗਰਸ ਦੀ ਜੇਬ ਵਿਚ ਜਾ ਰਿਹਾ ਹੈ। ਰਮਨ ਸਿੰਘ ਸਰਕਾਰ ਨੇ ਸੀਮਿੰਟ ਦੀਆਂ ਕੀਮਤਾਂ ਘੱਟ ਕਰਨ 'ਚ ਜ਼ਰਾ ਵੀ ਦਿਲਚਸਪੀ ਨਹੀਂ ਦਿਖਾਈ। ਉਲਟਾ ਉਸ ਲਈ ਦਿੱਤੇ ਗਏ ਸੁਝਾਵਾਂ ਨੂੰ ਵੀ ਕੰਪਨੀਆਂ ਨੇ ਨਜ਼ਰਅੰਦਾਜ਼ ਕਰ ਦਿੱਤਾ। ਜਦਕਿ ਕਾਂਗਰਸ ਦੀ ਕੇਂਦਰ ਸਰਕਾਰ ਨੇ ਇਕ ਕਦਮ ਅੱਗੇ ਵਧਦਿਆਂ ਸਖ਼ਤ ਰੁਖ ਅਪਣਾਇਆ ਅਤੇ ਆਪਣੇ ਇਕ ਹੁਕਮ 'ਚ ਸਾਫ਼ ਕਰ ਦਿੱਤਾ ਹੈ ਕਿ ਜੇ ਸੀਮਿੰਟ ਦੀਆਂ ਕੀਮਤਾਂ ਨਾ ਘਟਾਈਆਂ ਤਾਂ ਕੰਪਨੀਆਂ ਨੂੰ ਅਗਲਾ ਪੈਕੇਜ ਦੇਣਾ ਮੁਸ਼ਕਲ ਹੋਵੇਗਾ। ਮਹਿੰਗਾਈ ਵੱਧਣ ਦੇ ਪਿੱਛੇ ਰਾਜਸੀ ਫੰਡ ਹਮੇਸ਼ਾ ਤੋਂ ਹੀ ਇਕ ਮੁੱਖ ਵਜ੍ਹਾ ਰਿਹਾ ਹੈ। ਰਾਜਸੀ ਦਬਾਅ ਏਨਾ ਹੈ ਕਿ ਸਨਅਤਕਾਰ ਤੇ ਵੱਡੇ ਸਨਅਤੀ ਘਰਾਣੇ ਵੀ ਫੰਡ ਦੇਣ ਲਈ ਮਜ਼ਬੂਰ ਹਨ। ਸਪੰਜ ਆਇਰਨ ਚਲਾ ਰਹੇ ਇਕ ਸਨਅਤਕਾਰ ਨੇ ਕਿਹਾ ਹੈ ਕਿ ਉਸ ਨੇ ਦਸ ਲੱਖ ਰੁਪਏ ਪਾਰਟੀ ਫੰਡ ਵਜੋਂ ਦਿੱਤੇ ਹਨ ਪਰ ਰਸ਼ੀਦ ਉਨ੍ਹਾਂ ਨੂੰ ਦਸ ਹਜ਼ਾਰ ਦੀ ਹੀ ਦਿੱਤੀ ਗਈ ਹੈ। ਭਾਜਪਾ ਦੇ ਆਰਥਿਕ ਪ੍ਰਬੰਧ ਨਾਲ ਜੁੜੇ ਇਕ ਸਖਸ਼ ਦੀ ਸੁਣੀਏ ਤਾਂ ਪਿਛਲੀਆਂ ਚੋਣਾਂ ਵਿਚ ਵੀ ਇਕੱਠੇ ਕੀਤੇ ਗਏ ਸਨ। ਹੁਣ ਜਦਕਿ ਭਾਜਪਾ ਦੀ ਸਰਕਾਰ ਹੈ ਤਾਂ 11 ਜਲ੍ਹਿਆਂ ਤੋਂ ਇਕੱਠਾ ਕੀਤਾ ਗਿਆ ਚੰਦਾ ਕਿੰਨਾ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਭਾਜਪਾ ਨੇ ਐਲਾਨੀਆ ਤੌਰ 'ਤੇ ਆਪਣੇ ਲੋਕ ਸਭਾ ਉਮੀਦਵਾਰਾਂ ਨੂੰ ਘੱਟੋ-ਘੱਟ 25 ਲੱਖ ਰੁਪਏ ਦੀ ਥੈਲੀ ਜਨਤਕ ਤੌਰ 'ਤੇ ਭੇਂਟ ਕੀਤੀ ਗਈ। ਇਸ 'ਤੇ ਭਾਜਪਾ ਦੇ ਉਮੀਦਵਾਰ ਰਾਜੀਵ ਅਗਰਵਾਲ ਕਹਿੰਦੇ ਹਨ ਕਿ ਭਾਜਪਾ ਪਾਰਟੀ ਦੇ ਆਰਥਿਕ ਸਹਿਯੋਗ ਨਾਲ ਹੀ ਚੋਣਾਂ ਲੜਦੇ ਹਨ। ਭਾਜਪਾ ਕੇਂਦਰ ਅਧਾਰਿਤ ਪਾਰਟੀ ਹੈ। ਇਸ ਲਈ ਉਸ ਨੇ ਚੰਦੇ ਵਜੋਂ ਚੋਣਾਂ ਤੋਂ ਪਹਿਲਾਂ ਹੀ ਰਾਸ਼ੀ ਇਕੱਠੀ ਕਰ ਲਈ ਸੀ। ਪਰ ਸ਼ਾਇਦ ਭਾਜਪਾ ਦੇ ਨੇਤਾ ਭ੍ਰਿਸ਼ਟਾਚਾਰ ਦੀ ਕਾਲੀ ਕਮਾਈ ਨੂੰ ਸਫੈਦ ਕਰਨ ਲਈ ਇਹ ਸਭ ਵਿਖਾ ਰਹੇ ਹਨ। ਭਾਜਪਾ ਦੇ ਨੇਤਾ ਵਪਾਰੀਆਂ ਨੂੰ ਡਰਾ ਕੇ ਚੰਦਾ ਵਸੂਲ ਰਹੇ ਹਨ। ਲੋਕਾਂ ਤੋਂ ਪੈਸਾ ਇਕੱਠਾ ਕਰ ਕੇ ਚੋਣ ਲੜਨ ਨੂੰ ਉਹ ਗਲਤ ਵੀ ਨਹੀਂ ਸਮਝਦੇ। ਚੰਦਾ ਵਸੂਲਣ ਦੇ ਮਾਮਲੇ 'ਚ ਕਾਂਗਰਸ ਵੀ ਦੁੱਧ ਧੋਤੀ ਨਹੀਂ ਹੈ। ਸੰਨ 2003 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਪਾਰਟੀ ਨੇ ਪੰਦਰਾਂ ਤੋਂ ਵੀਹ ਕਰੋੜ ਰੁਪਏ ਇਕੱਠੇ ਕੀਤੇ ਸਨ।

ਦਿਨ-ਬ-ਦਿਨ ਵੱਧਦੀ ਮਹਿੰਗਾਈ ਨੇ ਆਮ ਆਦਮੀ ਦੇ ਨਾਲ-ਨਾਲ ਰਾਜਸੀ ਪਾਰਟੀਆਂ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਹੈ। ਸੁਆਲ ਵੋਟ ਬੈਂਕ ਦਾ ਜੋ ਹੈ। ਇਸ ਲਈ ਦੋਸ਼ਾਂ ਦਾ ਦੌਰਾ ਵੀ ਜਾਰੀ ਹੈ। ਤੇਲ ਦੀਆਂ ਕੀਮਤਾਂ ਘੱਟਣ ਨਾਲ ਵੀ ਮਹਿੰਗਾਈ ਕਿਉਂ ਨਹੀਂ ਘਟੀ? ਮੁਲ ਕੰਟਰੋਲ, ਮੁਨਾਫਾਖੋਰਾਂ 'ਤੇ ਸਖਤੀ ਤੇ ਸਖਤ ਕੰਟਰੋਲ ਦਾ ਕੰਮ ਸਰਕਾਰ ਦਾ ਹੈ। ਪਰ ਉਹ ਇਸ ਵਿਚ ਅਸਫਲ ਕਿਉਂ ਹੈ? ਜੇ

ਸਨਅਤਕਾਰਾਂ ਵਾਪਰੀਆਂ ਤੋਂ ਚੰਦਾ ਜ਼ਬਰੀ ਵਸੂਲਿਆ ਜਾਂਦਾ ਰਿਹਾ ਤਾਂ ਉਹ ਮਹਿੰਗਾਈ ਕਿਉਂ ਘਟਾਉਣਗੇ। ਕੀਮਤਾਂ 'ਚ ਏਨੀ ਤੇਜ਼ੀ ਪਹਿਲਾਂ ਕਦੀ ਨਹੀਂ ਵੇਖੀ ਗਈ। ਇਸ ਤੇਜ਼ੀ ਦੇ ਬਣੇ ਰਹਿਣ ਦੀ ਸੰਭਾਵਨਾ ਬਹੁਤ ਹੈ। ਇਸ ਪਿੱਛੋਂ ਵਿਧਾਨ ਸਭਾ ਤੇ ਸਥਾਨਕ ਸਰਕਾਰ ਦੀਆਂ ਚੋਣਾਂ ਹੋਣੀਆਂ ਹਨ ਤਾਂ ਫਿਰ ਮਹਿੰਗਾਈ ਘਟਾਉਣੀ ਕਿਸ ਨੇ ਹੈ?

# ਪਾਰਟੀਆਂ ਵੱਲੋਂ ਅਪਰਾਧੀਆਂ ਨੂੰ ਟਿਕਟਾਂ

ਵਿਸ਼ਵ ਪੱਧਰ ਤੇ ਕਲਾਕਾਰਾਂ ਦੀ ਨਗਰੀ ਕਾਂਸ਼ੀ ਤੋਂ ਜੇ ਬਸਪਾ ਉਮੀਦਵਾਰ ਜਿੱਤਿਆ ਤਾਂ ਭਾਰਤੀ ਪਾਰਲੀਮੈਂਟ ਦਾ ਨੁਮਾਇੰਦਾ ਜ਼ੇਲ੍ਹ 'ਚ ਸਜਾ ਕੱਟ ਰਿਹਾ ਖੂੰਖਾਰ ਮਾਫੀਆ ਸਰਗਨਾ ਮੁਖਤਾਰ ਅੰਸਾਰੀ ਹੋਵੇਗਾ ਉਧਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਸੂਰੀਆਕਾਂਤ ਤ੍ਰਿਪਾਠੀ ਨਿਰਾਲਾ ਵਰਗੇ ਮਸ਼ਹੂਰ ਲੇਖਕ ਤੇ ਸ਼ਹੀਦ ਚੰਦਰ ਸ਼ੇਖਰ ਅਜਾਦ ਦੀ ਧਰਤੀ ਤੋਂ ਇਹ ਪ੍ਰਬੰਧ ਕਰਨ 'ਚ ਲੱਗੀ ਹੈ ਕਿ ਲੁੱਟ ਘਸੁੱਟ, ਅਗਵਾਅ ਤੇ ਕਤਲ ਦੇ ਕੋਈ 30 ਕੇਸ ਭੁਗਤ ਰਿਹਾ ਅਰੁਣ ਸ਼ੰਕਰ ਸ਼ੁਕਲਾ ਉਰਫ ਅੰਨਾ ਉਥੋਂ ਦਾ ਐਮ. ਪੀ. ਬਣੇ।

ਉੱਤਰ ਪ੍ਰਦੇਸ਼ 'ਚ ਲੋਕ ਸਭਾ ਵਾਸਤੇ ਅਪਰਾਧੀ ਪਿੱਠ ਭੂਮੀ ਦੇ ਉਮੀਦਵਾਰਾਂ ਦੀ ਖਾਸੀ ਮੰਗ ਹੈ। ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਲਈ ਭੱਜ ਨੱਠ ਕਰ ਰਹੀਆਂ ਬਹੁਤੀਆਂ ਪਾਰਟੀਆਂ ਨੇ ਅਪਰਾਧੀਆਂ, ਬਲਾਤਕਾਰੀਆਂ, ਕਾਤਲਾਂ, ਲੁਟੇਰਿਆਂ, ਮਾਫੀਆ ਸਰਗਨਿਆਂ ਤੇ ਅਗਵਾਅਕਾਰਾਂ ਨੂੰ ਖੜਾ ਕਰਨ ਤੋਂ ਪ੍ਰਹੇਜ਼ ਨਹੀਂ ਕੀਤਾ ਹੈ। 'ਵੱਖਰੀ ਤਰ੍ਹਾਂ ਦੀ ਪਾਰਟੀ' ਹੋਣ ਦਾ ਦਾਅਵਾ ਕਰਨ ਵਾਲੀ ਤੇ ਰਾਜਸੀ ਜੀਵਨ 'ਚ ਸੁੱਚਤਾ ਤੇ 'ਅਨੁਸ਼ਾਸਨ' ਦੀਆਂ ਸ਼ੇਖੀਆਂ ਮਾਰਦੇ ਨਾ ਥੱਕਣ ਵਾਲੀ ਭਾਜਪਾ ਨੇ ਵੀ ਹੱਥ ਖੜੇ ਕਰ ਦਿੱਤੇ ਅਤੇ ਮਸ਼ਹੂਰ ਲੇਖਕਾਂ-ਕਵੀਆਂ ਦੀ ਜਨਮ ਭੂਮੀ ਆਜਮਗੜ ਤੋਂ ਅਪਰਾਧਿਕ ਪਿੱਠ ਭੂਮੀ ਲਈ ਖੂੰਖਾਰ ਰਮਾਕਾਂਤ ਯਾਦਵ ਤੋਂ ਇਲਾਵਾ ਕਈ ਅਜਿਹੇ ਲੋਕਾਂ ਨੂੰ ਟਿਕਟਾਂ ਦੇ ਦਿੱਤੀਆਂ ਹਨ, ਰਾਜ ਦੀ ਰਾਜਨੀਤੀ 'ਚ ਮੁੱਖ ਖਿਡਾਰੀ ਹੋਣ ਦੀ ਹੋਂਦ ਬਚਾਈ ਰੱਖਣ ਲੱਗੀ ਸਪਾ ਨੇ ਇਕ ਕਤਲ ਕੇਸ ਵਿਚ ਸਜਾ ਯਾਫਤਾ ਮਿਤਰਸੈਨ ਯਾਦਵ 'ਤੇ ਟੇਕ ਲਾਈ ਹੈ ਅਤੇ ਉਨ੍ਹਾਂ ਨੂੰ ਫੈਜਾਬਾਦ ਤੋਂ ਖੜਾ ਕੀਤਾ ਹੈ। ਲੋਕ ਸਭਾ ਚੋਣਾਂ ਵਿਚ ਮੁਖ ਰਾਜਸੀ ਪਾਰਟੀਆਂ ਦੇ ਉਤਾਰੇ ਅਪਰਾਧੀ ਪਿੱਠਭੂਮੀ ਦੇ ਉਮੀਦਵਾਰਾਂ ਦੀ ਗਿਣਤੀ 37 ਹੋ ਗਈ ਜਦ ਕਿ 2004 'ਚ ਇਹ 28 ਸੀ। ਲੋਕ ਸਭਾ ਚੋਣਾਂ ਦਾ ਅਮਲ ਸ਼ੁਰੂ ਹੋ ਜਾਣ ਨਾਲ ਰਾਜਸੀ ਪਾਰਟੀਆਂ ਨੇ ਵਿਚਾਰਕ ਮਖੌਟੇ ਉਤਾਰ ਸੁੱਟੇ ਹਨ, ਇਕ ਵਾਰੀ ਫਿਰ ਅਪਰਾਧੀਆਂ ਤੇ ਮਾਫੀਆ ਸਰਗਣਿਆਂ 'ਤੇ ਦਾਅ ਲਾ ਕੇ ਉਨ੍ਹਾਂ ਨੇ ਸਾਫ਼ ਸੁਥਰੀ ਰਾਜਨੀਤੀ ਦੀਆਂ ਗੱਲਾਂ ਤਾਕ 'ਤੇ ਰੱਖ ਦਿੱਤੀਆਂ ਹਨ। ਰਾਜ ਨੂੰ ਅਪਰਾਧੀਆਂ ਤੇ ਮਾਫ਼ੀਆ ਤੋਂ ਅਜਾਦ ਕਰਾਉਣ ਦੇ ਇਕ ਵਾਇਦੇ 'ਤੇ ਜਬਰਦਸਤ ਬਹੁਮਤ ਨਾਲ ਵਿਧਾਨ ਸਭਾ ਚੋਣਾਂ ਜਿੱਤਣ ਵਾਲੀ ਬਸਪਾ ਸੁਪਰੀਮੋ ਨੇ ਦੂਜੀਆਂ ਰਾਜਸੀ ਪਾਰਟੀਆਂ ਦੇ ਮੁਕਾਬਲੇ ਸੰਸਦੀ ਚੋਣਾਂ 'ਚ ਸਭ ਤੋਂ ਵੱਧ ਦਾਗੀ ਉਮੀਦਵਾਰ ਖੜੇ ਕੀਤੇ ਹਨ। ਉਨ੍ਹਾਂ ਦੇ 80 ਉਮੀਦਵਾਰਾਂ ਦੀ ਸੂਚੀ ਵਿਚ 22 ਉੱਪਰ ਬਲਾਤਕਾਰ ਅਗਵਾਅ ਕਤਲ, ਲੁੱਟ ਤੇ ਫਿਰੌਤੀ ਦੇ ਦੋਸ਼ਾਂ ਵਿਚ ਅਪਰਾਧਿਕ ਮਾਮਲੇ ਦਰਜ ਹਨ। ਬਸਪਾ ਦੇ ਇਕ ਨੇਤਾ ਦਾ ਕਹਿਣਾ ਸੀ "ਉਨ੍ਹਾਂ ਦੇ ਜਿੱਤਣ ਦੀ ਸਮਰੱਥਾ ਤੇ ਬੂਥ ਪ੍ਰਬੰਧ ਦੀ ਸਮਰੱਥਾ ਤੋਂ ਭੈਣ ਜੀ ਪ੍ਰਭਾਵਿਤ ਹੋਈ।" ਦਰਅਸਲ ਅਪਰਾਧੀਆਂ ਤੇ ਦਾਗੀ ਤੱਤਾਂ ਦੇ ਨਾਲ ਬਸਪਾ ਦੇ ਸਬੰਧ ਨਵੇਂ ਨਹੀਂ ਹਨ। ਪਹਿਲਾ ਵੀ ਉਨ੍ਹਾਂ ਨੇ ਲਖਨਾਊ ਦੇ ਦਾਗੀ ਨਸ਼ੀਲੀਆਂ ਦਵਾਈਆਂ ਸਪਲਾਈ ਕਰਨ ਵਾਲੇ ਵੇਦ ਪ੍ਰਕਾਸ਼ ਗਰੋਵਰ ਦੇ ਬਾਂਡਾ ਵਿਚ ਚ੍ਰਿਤਕੁਟ ਦੇ ਜੰਗਲਾਂ 'ਚ ਦਨਕ ਨਾਕੇ

ਰਹੇ ਖ਼ੂੰਖਾਰ ਡਕੈਤ ਦਦੂਆ ਦੇ ਰੱਖਿਅਕ ਰਾਮ ਸੰਜੀਵਨ ਸਿੰਘ ਨੂੰ ਖੜਾ ਕੀਤਾ ਸੀ। ਸਾਬਕਾ ਪੁਲਿਸ ਮਹਾਂ ਨਿਰਦੇਸ਼ਕ ਪ੍ਰਕਾਸ਼ ਸਿੰਘ ਕਹਿੰਦੇ ਹਨ "ਹੈਰਾਨੀ ਹੈ ਕਿ ਡਕੈਤਾਂ ਤੇ ਮਾਫੀਆ ਦਾ ਖਾਤਮਾ ਕਰਨ ਦੇ ਇਕੋ ਇਕ ਵਾਇਦੇ 'ਤੇ ਵੋਟਾਂ ਹਾਸਿਲ ਕਰਨ ਵਾਲੀ ਹਾਕਮ ਪਾਰਟੀ ਨੇ ਉਨ੍ਹਾਂ ਨਾਲ ਹੀ ਦੋਸਤੀ ਕਰਕੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ 'ਚ ਉਮੀਦਵਾਰ ਬਣਾ ਦਿੱਤਾ ਹੈ।"

"ਦੋਸ਼ ਸਿੱਧ ਹੋਣ ਤੱਕ ਬੇਗੁਨਾਹ" ਜਾਂ 'ਬਸਪਾ 'ਚ ਆ ਕੇ ਮਾਫੀਆ ਦਾ ਦਿਲ ਪਰਿਵਰਤਨ" ਵਰਗੇ ਮਾਇਆਵਤੀ ਦੇ ਵਾਰ ਵਾਰ ਦੁਹਰਾਏ ਜਾਂਦੇ ਵਾਅਦੇ ਹੁਣ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰਦੇ। ਉਨ੍ਹਾਂ ਨੂੰ ਲੱਗਦਾ ਹੈ ਕਿ ਬਸਪਾ ਨੇ 2007, ਵਿਚ ਆਪਣੇ ਚੁਣਾਵੀ ਨਾਹਰੇ 'ਚੜ੍ਹੋ ਗੁੰਡਿਆਂ ਦੀ ਛਾਤੀ 'ਤੇ, ਮੋਹਰ ਲਾਓ ਹਾਥੀ 'ਤੇ ਨਾਲ ਉਨ੍ਹਾਂ ਨੂੰ ਠੱਗਿਆ ਹੁਣ ਇਸ ਨਾਹਰੇ ਨੂੰ ਘੁਮਾ ਕੇ ਕਿਹਾ ਜਾ ਰਿਹਾ ਹੈ 'ਗੁੰਡੇ ਚੜ ਗਏ ਹਾਥੀ 'ਤੇ ਗੋਲੀ ਮਾਰੋ ਛਾਤੀ 'ਤੇ ਕਦੀ ਪੱਛਮੀ ਉੱਤਰ ਪ੍ਰਦੇਸ਼ 'ਚ ਅਪਰਾਧ ਦੇ ਪ੍ਰਤੀਕ ਮੰਨੇ ਜਾਂਦੇ ਡੀ. ਪੀ. ਯਾਦਵ ਬਦਾਊ ਤੋਂ ਬਸਪਾ ਉਮੀਦਵਾਰ ਹਨ। ਮਾਇਆ ਦੇ ਪੁਰਾਣੇ ਮਾਫੀਆ ਸਰਗਨਾ ਮੰਨੇ ਜਾਂਦੇ ਹਰੀਸ਼ੰਕਰ ਤਿਵਾੜੀ ਤੇ ਧਨੰਜੇ ਸਿੰਘ ਨੂੰ ਵੀ ਅਸ਼ੀਰਵਾਦ ਦਿੱਤਾ ਹੈ। ਭੈਣ ਜੀ ਦੇ ਦਰਬਾਰ ਦੀ ਸ਼ੋਭਾ ਵਧਾਉਣ ਵਾਲੇ ਇਹ ਲੋਕ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨ 'ਤੇ ਮੰਤਰੀ ਵੀ ਬਣ ਸਕਦੇ ਹਨ।

ਰਾਜਨੀਤੀ ਦੇ ਅਪਰਾਧੀ ਕਰਨ ਦੇ ਮਾਮਲੇ 'ਚ ਸਪਾ ਪ੍ਰਮੁੱਖ ਮੁਲਾਇਮ ਸਿੰਘ ਯਾਦਵ ਬਾਰੇ ਜਿੰਨਾ ਕਹੀਏ ਘੱਟ ਹੈ। 1990 ਵਾਲੇ ਦਹਾਕੇ ਦੀ ਸ਼ੁਰੂਆਤ ਵਿਚ ਡੀ. ਪੀ. ਯਾਦਵ ਜਾਂ ਮਦਨ ਭਈਆ ਅਤੇ ਅਤੀਕ ਅਹਿਮਦ ਵਰਗੇ ਲੋਕਾਂ ਨੂੰ ਨਾਲ ਲੈਣ ਜਾਂ ਮਿਰਜਾਪੁਰ ਤੋਂ ਫੂਲਨ ਦੇਵੀ ਨੂੰ ਆਪਣੀ ਪਾਰਟੀ ਦਾ ਉਮੀਦਵਾਰ ਬਣਾ ਕੇ ਪ੍ਰਤੀਸ਼ੋਧ ਦੀ ਦੇਵੀ ਅਤੇ ਯਾਦਵ ਸਰਗਣਿਆਂ ਨੂੰ ਪਿਛੜਿਆ ਦੀ ਦਾਅਵੇਦਾਰੀ ਵਜੋਂ ਪੇਸ਼ ਕਰਨ ਦੇ ਉਨ੍ਹਾਂ ਦੇ ਕਾਰਨਾਮਿਆਂ ਦੀ ਕਿਸੀ ਵੀ ਸਮਾਜਿਕ ਜਾਂ ਰਾਜਸੀ ਸਮਰਪਣ ਤਹਿਤ ਕੈਫੀਅਤ ਨਹੀਂ ਕੀਤੀ ਜਾ ਸਕਦੀ। ਮਲਾਹ ਜਾਤੀ ਨਾਲ ਸਬੰਧ ਰੱਖਣ ਵਾਲੀ ਫੂਲਨ ਕਾਨਪੁਰ ਦੇ ਪਿੰਡ 'ਚ ਰਾਜਪੂਤਾਂ ਦੇ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਹੋਈ ਪਰ ਉਸ ਨੇ 1981 ਵਿਚ ਵਿਰੋਧ ਵਜੋਂ 21 ਬੇਗੁਨਾਹ ਠਾਕੁਰਾਂ ਨੂੰ ਗੋਲੀ ਨਾਲ ਉੱਡਾ ਦਿੱਤਾ, ਉਨ੍ਹਾਂ ਨੂੰ ਜਾਗੀਰੂ ਜਾਤੀ ਖਿਲਾਫ਼ ਹੇਠਲੀਆਂ ਜਾਤਾਂ ਦੀ ਲੜਾਈ ਦਾ ਪ੍ਰਤੀਕ ਦੱਸ ਕੇ ਅਤੇ ਆਪਣੀ ਪਾਰਟੀ ਦੀ ਉਮੀਦਵਾਰ ਬਣਾ ਕੇ ਮੁਲਾਇਮ ਸਿੰਘ ਨੇ ਰਾਜਨੀਤੀ ਦੇ ਅਪਰਾਧੀਕਰਨ ਨੂੰ ਖਤਰਨਾਕ ਪੱਧਰ ਤੱਕ ਲੈ ਆਇਆ।

ਦਰਅਸਲ ਸਪਾ ਮੁਖੀ ਡਕੈਤਾਂ, ਮਾਫੀਆ ਸਰਗਨਿਆਂ ਤੇ ਤਸਕਰਾਂ ਦੇ ਫੈਲਾਈ ਦਹਿਸ਼ਤ ਦਾ ਰਾਜਸੀ ਉਦੇਸ਼ ਨਾਲ ਵਰਤੋਂ ਕਰਨ 'ਚ ਮਾਹਿਰ ਹੋ ਗਏ ਹਨ। ਜਦ ਸਪਾ ਦੇ ਉਸ ਵੇਲੇ ਦੇ ਸਾਂਸਦ ਅਤੀਕ ਅਹਿਮਦ ਦੇ ਭਾਈ ਅਸ਼ਰਫ ਨੇ ਇਲਾਹਾਬਾਦ ਵਿਚ ਬਸਪਾ ਖਿਲਾਫ਼ ਰਾਜੂ ਪਾਲ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤਾਂ ਮੁਲਾਇਮ ਸਿੰਘ ਨੇ ਫੌਰਨ ਖਾਲੀ ਹੋਈ ਉਸ ਸੀਟ ਤੋਂ ਉਸ ਨੂੰ ਆਪਣੀ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ। ਮਾਫੀਆ ਸਰਗਨਾ ਤੋਂ ਵਿਧਾਇਕ ਬਣੇ ਮੁਖਤਾਰ ਅੰਸਾਰੀ ਨੂੰ ਭਾਜਪਾ ਵਿਧਾਇਕ ਕ੍ਰਿਸ਼ਨਾ ਨੰਦ ਰਾਏ ਦੇ ਸਨਸਨੀ ਖੇਜ ਕਤਲ ਵਿਚ ਮੁੱਖ ਦੋਸ਼ੀ ਨਾਮਜ਼ਦ ਕੀਤਾ ਗਿਆ ਤਾਂ ਮੁਲਾਇਮ ਨੇ ਇਹ ਕਹਿ ਕੇ ਅੰਸਾਰੀ ਦੀ

ਹਮਾਇਤ ਕੀਤੀ ਕਿ "ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿਚ ਵਿਧਾਇਕਾਂ ਦਾ ਕਤਲ ਕੋਈ ਖਾਸ ਗੱਲ ਨਹੀਂ ਹੈ।" ਉਦੋਂ ਅੰਸਾਰੀ ਮੁਲਾਇਮ ਸਰਕਾਰ ਦੀ ਹਮਾਇਤ ਕਰ ਰਹੇ ਸਨ। 1991 ਤੋਂ ਲੈ ਕੇ ਗਰੋਹਾਂ ਦਰਮਿਆਨ ਰਾਜਸੀ ਯੁੱਧ ਉੱਤਰ ਪ੍ਰਦੇਸ਼ 'ਚ ਵਿਧਾਇਕਾਂ, ਸਾਬਕਾ ਮੰਤਰੀਆਂ ਤੇ ਸਾਬਕਾ ਸਾਂਸਕਾਂ ਦੀਆਂ 21 ਜਾਨਾਂ ਲੈ ਚੁੱਕਿਆ ਹੈ। ਇਸ ਖਤਰਨਾਕ ਅੰਕੜੇ ਤੋਂ ਰਾਜਸੀ ਪਾਰਟੀਆਂ ਨੂੰ ਹੋਸ਼ ਨਹੀਂ ਆਈ ਹੈ ਤੇ ਉਹ ਲੋਕ ਸਭਾ 'ਚ ਆਪਣੀ ਤਾਕਤ ਵਧਾਉਣ ਲਈ ਇਕ ਵਾਰ ਫੇਰ ਅਪਰਾਧੀਆਂ ਅਤੇ ਮਾਫੀਆ ਸਰਗਨਿਆਂ ਦਾ ਸਹਾਰਾ ਲੈ ਰਹੇ ਹਨ। ਦੂਜੇ ਪਾਸੇ ਜਿਸ ਤਰ੍ਹਾਂ ਕਾਂਗਰਸ ਨੇ ਵਿਰੋਧੀਆਂ ਨੂੰ ਪਿਛਾੜਨ ਲਈ ਅਪਰਾਧੀਆਂ ਨੂੰ ਸ਼ਰਨ ਦਿੱਤੀ ਤੇ ਉਨ੍ਹਾਂ 'ਲੱਠਮਾਰਾਂ' ਦੀ ਵਰਤੋਂ ਕੀਤੀ, ਉਸ ਦਾ ਕੋਈ ਸਾਨੀ ਨਹੀਂ ਹੈ। 1988 ਦੀਆਂ ਉਪ ਚੋਣਾਂ 'ਚ ਉਸ ਵੇਲੇ ਦੇ ਮੁੱਖ ਮੰਤਰੀ ਬੀਰ ਬਹਾਦਰ ਸਿੰਘ ਨੇ ਬਾਗੀ ਕਾਂਗਰਸ ਨੇਤਾ ਹੇਮਵਤੀ ਲੰਦਨ ਬਹੁਗੁਣਾ ਨੂੰ ਹਰਾਉਣ ਦੀ ਠਾਨ ਲਈ, ਇਸ ਲਈ ਕਾਂਗਰਸੀ ਉਮੀਦਵਾਰ ਦੇ ਪੱਖ ਵਿਚ ਬੂਥ ਕਬਜੇ ਲਈ ਖੂੰਖਾਰ ਅਪਰਾਧੀ ਭੁੱਕਲ ਮਹਾਰਾਜ ਨੂੰ ਜ਼ੇਲ੍ਹ ਤੋਂ ਪੈਰੋਲ 'ਤੇ ਰਿਹਾ ਕਰਵਾਇਆ ਗਿਆ। ਚੋਣਾਂ ਪਿੱਛੋਂ ਉਸ ਨੂੰ ਫੇਰ ਜ਼ੇਲ੍ਹ ਪਹੁੰਚਾ ਦਿੱਤਾ ਗਿਆ ਤਾਂ ਉਸ ਨੇ ਸਰਕਾਰ ਦੇ ਰਵੱਈਏ 'ਤੇ ਵਿਰੋਧ ਜਾਹਰ ਕਰਨ ਲਈ ਅਦਾਲਤ 'ਚ ਹਲਫੀਆ ਬਿਆਨ ਦਿੱਤਾ ਕਿ ਬੀਰ ਬਹਾਦਰ ਨੇ ਉਸ ਨੂੰ ਬੂਥ 'ਤੇ ਕਬਜ਼ੇ ਲਈ ਜੇਲ੍ਹ ਤੋਂ ਰਿਹਾ ਕਰਵਾਇਆ ਸੀ। ਜਾਣਿਆ ਪਹਿਚਾਣਿਆ ਅਪਰਾਧੀ ਗੋਪਾਲ ਮਿਸ਼ਰ, ਜਹਾਜ਼ ਅਗਵਾ ਕਰਤਾ ਭੋਲਾ ਪਾਂਡੇ, ਕੇਂਦਰੀ ਮੰਤਰੀ ਕਪਿਲ ਨਾਥ ਦਾ ਭਤੀਜਾ ਅਤੇ ਜੇ ਹਸਪਤਾਲ ਦੀ ਗੋਲੀਬਾਰੀ ਵਿਚ ਫਰਾਰ ਵੀਰੇਂਦਰ ਰਾਏ ਕਦੀ ਨਾ ਕਦੀ ਕਾਂਗਰਸ ਦੇ ਉਮੀਦਵਾਰ ਰਹੇ ਹਨ। ਪਾਂਡੇ ਤਾਂ ਇਸ ਚੋਣਾਂ ਵਿਚ ਵੀ ਸਲੇਮਪੁਰ ਤੋਂ ਕਾਂਗਰਸੀ ਉਮੀਦਵਾਰ ਹਨ। ਇਨ੍ਹਾਂ ਚੋਣਾਂ 'ਚ ਅਪਰਾਧੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਉਤਾਰ ਕੇ ਰਾਜਸੀ ਪਾਰਟੀਆਂ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧ ਤੇ ਪੁਲਿਸ 'ਚ ਹਿਸਟਰੀ ਸ਼ੀਟਰ ਦਾ ਫਾਇਦਾ ਅੱਜ ਦੀ ਰਾਜਨੀਤੀ ਵਿਚ ਚੋਣਾਂ ਸਮੇਂ ਮਿਲਦਾ ਹੈ, ਚਾਹੇ ਜਿਸ ਵੀ ਤਰੀਕੇ ਨਾਲ ਸਹੀ ਧਨ ਬਲ ਤੇ ਬਾਹੂਬਲ ਉੱਪਰ ਕੰਟਰੋਲ ਰੱਖਣ ਵਾਲਿਆਂ ਮੂਹਰੇ ਅੱਜ ਬੁਧੀਜੀਵੀ ਲੋਕ ਬੇਮਾਨੇ ਹੋ ਗਏ ਹਨ। ਅਪਰਾਧਿਕ ਰਿਕਾਰਡ ਵਾਲੇ ਲੋਕ ਜਿੱਤ ਜਾਂਦੇ ਹਨ ਤੇ ਸਾਫ਼ ਸੁਥਰੇ ਲੋਕ ਹਾਰ ਜਾਂਦੇ ਹਨ। ਇਸ ਵਜ੍ਹਾ ਕਰਕੇ ਰਾਜਸੀ ਪਾਰਟੀਆਂ ਵਿਚ ਅਪਰਾਧੀਆਂ ਨੂੰ ਖੜ੍ਹਾ ਕਰਕੇ ਬਹੁਤੀਆਂ ਸੀਟਾਂ ਜਿੱਤਣ ਦੀ ਦੌੜ ਸ਼ੁਰੂ ਹੋ ਗਈ ਹੈ। ਚਿੰਤਾ ਦੀ ਗੱਲ ਹੈ ਕਿ ਅਪਰਾਧੀ ਰਾਜਨੀਤਕ ਇਕ ਪਾਰਟੀ 'ਚ ਹੋਣ ਜਾਂ ਦੂਸਰੀ 'ਚ ਵਧ ਫੁੱਲ ਰਹੇ ਹਨ ਜਦ ਕਿ ਅਨੇਕਾਂ ਸੂਬੇ ਸਿਹਤ, ਸਿੱਖਿਆ, ਸਨਅਤ ਬਰਾਮਦ, ਖੇਤੀ ਰੁਜ਼ਗਾਰ ਸਬੰਧੀ ਪਿੱਛੇ ਜਾ ਰਹੇ ਹਨ। ਜਾਂ ਫਿਰ ਉਥੇ ਦੇ ਉਥੇ ਖੜੇ ਹਨ। ਉੱਤਰ ਪ੍ਰਦੇਸ਼ 'ਚ ਜਿੱਥੇ ਸੰਸਾਰ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਅੱਠ ਫੀਸਦੀ ਗਰੀਬ ਵਸਦੇ ਹਨ, ਗੋਲੀਆਂ ਚਲਾ ਕੇ ਚੋਣਾਂ ਜਿੱਤਣ ਵਾਲਿਆਂ ਦੀ ਹਕੂਮਤ ਕਿਸੇ ਨੂੰ ਫਾਇਦਾ ਨਹੀਂ, ਨੁਕਸਾਨ ਹੀ ਪਹੁੰਚਾਉਂਦੀ ਹੈ। ਜਿਸ ਸੂਬੇ ਦੇ 11 ਕਰੋੜ ਵੋਟਰਾਂ 'ਚੋਂ ਛੇ ਕਰੋੜ ਕਰੋੜ 18-35 ਸਾਲ ਦੀ ਉਮਰ ਵਰਗ ਦੇ ਹਨ ਅਤੇ ਅੱਧੇ ਮਤਦਾਤਾ ਨੌਜਵਾਨ ਹਨ, ਉਨ੍ਹਾਂ ਨੂੰ ਉਹ ਰਾਜਸੀ ਰਾਹ ਬਦਲਣ ਦੀ ਲੋੜ ਹੈ, ਜੋ ਉਸਦੇ ਅਤੇ ਦੇਸ਼ ਦੇ ਭਵਿੱਖ ਨੂੰ ਵੀ ਧੁੰਦਲਾ ਬਣਾ ਰਿਹਾ ਹੈ।

# ਇਲੈਕਟ੍ਰਾਨਿਕ ਮੀਡੀਆ ਦਾ ਡਿਗਦਾ ਪੱਧਰ

ਸਰਕਾਰ ਨੇ ਖਬਰਾਂ ਦੇ ਚੈਨਲਾਂ ਦੇ ਸਿਟੰਗ ਲਈ ਕੁਝ ਪੈਮਾਨੇ ਨਿਰਧਾਰਿਤ ਕੀਤੇ ਹਨ। ਹੁਣ ਤੱਕ ਖਬਰਾਂ ਚੈਨਲਾਂ 'ਤੇ ਕਈ ਵੱਡੇ ਸਿਟੰਗ ਅਪ੍ਰੇਸ਼ਨਾਂ ਦੇ ਜ਼ਰੀਏ ਵੱਡੀ ਸਚਾਈ ਉਜਾਗਰ ਵੀ ਕੀਤੀ ਗਈ ਹੈ। ਪਰ ਕਈ ਖਬਰਾਂ ਦੇ ਚੈਨਲਾਂ ਨੇ ਸਿਟੰਗ ਅਪ੍ਰੇਸ਼ਨਾ 'ਤੇ ਅਦਾਲਤ ਅਤੇ ਮੀਡੀਆ ਵਲੋਂ ਹੀ ਉਂਗਲ ਉਠਾਈ ਜਾ ਚੁੱਕੀ ਹੈ। ਇਧਰ ਪਿਛਲੇ ਦਿਨੀਂ ਇਕ ਖਬਰ ਬੜੀ ਤੇਜ਼ੀ ਨਾਲ ਉਠੀ ਸੀ ਕਿ ਇਕ ਤਾਜ਼ਾਤਰੀਨ ਨਿਊਂਜ ਚੈਨਲ ਨੇ ਆਪਣੇ ਮਾਲਕ ਦਾ ਹੀ ਉਸ ਦੇ ਰਿਪੋਰਟਾਂ ਨੇ ਸਿਟੰਗ ਕਰ ਦਿੱਤਾ। ਉਸ ਸਿਟੰਗ 'ਚ ਉਹ ਆਪਣੇ ਰਿਪੋਰਟਾਂ ਨੂੰ ਬਾਜ਼ਾਰ ਤੋਂ ਪੈਸੇ ਬਟੋਰਨ ਦੇ ਗੁਰ ਦੱਸ ਰਿਹਾ ਸੀ। ਪਰ ਇਕ ਹੋਰ ਕਹਾਣੀ ਹੈ ਜੋ ਕੌੜੀ ਸੱਚਾਈ ਤਾਂ ਹੈ ਹੀ, ਇਲੈਕਟ੍ਰਾਨਿਕ ਮੀਡੀਆ ਦੇ ਡਿਗਦੇ ਪੱਧਰ ਵੱਲ ਵੀ ਇਸ਼ਾਰਾ ਕਰਦੀ ਹੈ।

ਪਿਛੇ ਜਿਹੇ ਹੀ ਇਕ ਖੇਤਰੀ ਸਮਾਚਾਰ ਚੈਨਲ ਨੇ ਆਪਣਾ ਇਕ ਹੋਰ ਚੈਨਲ ਲਾਂਚ ਕੀਤਾ। ਇਕ ਵਿਸੇਸ਼ ਰਾਜ ਨੂੰ ਟਾਰਗੇਟ ਕਰਕੇ ਲਾਂਚ ਕੀਤੇ ਇਸ ਚੈਨਲ ਨੇ ਇਸ ਰਾਜ ਲਈ ਇਕ ਵਿਸੇਸ਼ ਜਾਂਚ ਟੀਮ ਦਾ ਗਠਨ ਕੀਤਾ। ਪਹਿਲਾਂ ਤਾਂ ਤੁਹਾਨੂੰ ਇਹ ਦੱਸ ਦੇਈਏ ਕਿ ਪੁਲੀਸ ਦੀ ਛਾਣਬੀਣ ਕਰਨ ਲਈ ਵਿਸ਼ੇਸ਼ ਟੀਮ ਦਾ ਗਠਨ ਕਰਨ ਪਿਛੇ ਖਾਸ ਮਕਸਦ ਕੀ ਸੀ। ਚੈਨਲ ਨੇ ਸ਼ਾਰਟ ਕੱਟ 'ਚ ਇਸ ਟੀਮ ਨੂੰ ਐਸ ਆਈ ਟੀ ( STI) ਦਾ ਨਾਂ ਦਿੱਤਾ ਅਤੇ ਇਸ ਦੇ ਦਸ ਲੋਕਾਂ ਨੂੰ ਸਿਟੰਗ ਦੇ ਸਾਮਾਨ ਦੇ ਨਾਲ ਸਬੰਧਤ ਰਾਜਾਂ 'ਚ ਰਵਾਨਾ ਕੀਤਾ। ਟੀਮ ਨੇ ਸੂਬੇ ਦੇ ਇਕ ਸ਼ਹਿਰ 'ਚ ਜਾ ਕੇ ਸਰਕਾਰੀ ਰੈਸਟ ਹਾਊਸ 'ਤੇ ਕਬਜ਼ਾ ਜਮਾ ਲਿਆ ਅਤੇ ਇਕ ਵੇਲੇ ਕਈ ਸਿਟੰਗਾਂ 'ਤੇ ਲੱਗ ਗਈ। ਸਭ ਤੋਂ ਪਹਿਲਾਂ ਟੀਮ ਨੇ ਜਿਲੇ ਦੇ ਸਿਹਤ ਮਹਿਕਮੇ ਦੇ ਇਕ ਵੱਡੇ ਅਧਿਕਾਰੀ ਨਾਲ ਗੱਲਬਾਤ ਕੀਤੀ। ਉਹਨਾਂ ਨੇ ਆਪਣਾ ਮਕਸਦ ਦਸਿਆ ਕਿ ਪੋਲੀਓ ਬਾਰੇ ਉਹਨਾਂ ਦਾ ਚੈਨਲ ਇਕ ਖਾਸ ਪ੍ਰੋਗਰਾਮ ਬਣਾ ਰਿਹਾ ਹੈ ਜਿਸ ਵਿਚ ਅਸੀਂ ਵੇਖਾਂਗੇ ਕਿ ਆਪਣੇ ਜ਼ਿਲੇ 'ਚ ਕੰਮ ਅੱਛਾ ਹੋਇਆ ਹੈ ਕਿ ਨਹੀਂ। ਅਧਿਕਾਰੀ ਨਾਲ ਗੱਲਬਾਤ ਕਰਨ ਪਿਛੋਂ ਰਿਪੋਰਟ ਨੇ ਉਹਨਾਂ ਤੋਂ ਇਹ ਗੱਲ ਵੀ ਜਾਣ ਲਈ ਕਿ ਪੋਲੀਓ ਲਈ ਉਹਨਾਂ ਦੀ ਪੱਧਰ 'ਤੇ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ। ਰਿਪੋਰਟ ਅਧਿਕਾਰੀ ਨਾਲ ਗੱਲਬਾਤ ਕਰਨ ਪਿੱਛੋਂ ਪਿੰਡ ਦੇ ਇੱਕ ਸਿਹਤ ਕੇਂਦਰ 'ਤੇ ਪੁੱਜੇ ਡਾਕਟਰ ਨੂੰ ਕਿਹਾ ਕਿ ਪੋਲਿਓ ਦੀ ਮਦਦ 'ਚ ਜੋ ਪੈਸਾ ਖਰਚ ਹੋਇਆ ਹੈ ਉਸ ਦਾ ਹਿਸਾਬ ਦਿਓ। ਆਪ ਦੇ ਆਲਾ ਅਧਿਕਾਰੀ ਨੇ ਦੱਸਿਆ ਹੈ ਕਿ ਤੁਹਾਡੇ ਇੱਥੇ ਇਸ ਸਦ 'ਚ 25 ਲੱਖ ਰੁਪਿਆ ਖਰਚ ਹੋਇਆ ਹੈ। ਡਾਕਟਰ ਸਾਹਿਬ ਚੱਕਰ 'ਚ ਪੈ ਗਏ, ਜਦ ਉਹ ਮਨਾਂ ਕਰਨ ਲੱਗੇ ਤਾਂ ਰੀਪੋਰਟ ਨੇ ਉਹਨਾਂ ਨੂੰ ਆਪਣੇ ਕੈਮਰਿਆਂ ਦੀ ਐਲ ਸੀ. ਡੀ. 'ਚ ਅਧਿਕਾਰੀ ਨੂੰ ਇਹ ਕਹਿੰਦਿਆਂ ਸੁਣਾ ਦਿੱਤਾ ਕਿ ਉਥੇ ਪਿਛਲੇ ਮਹੀਨੇ 25 ਲੱਖ ਰੁਪਿਆ ਖਰਚ ਹੋਇਆ ਹੈ। ਡਾਕਟਰ ਨੇ ਕਹਿ ਦਿੱਤਾ ਕਿ ਉਹੀ ਅਧਿਕਾਰੀ ਦੱਸਣਗੇ ਪੈਸਾ ਕਿਥੇ ਗਿਆ। ਬਸ ਰਿਪੋਰਟ ਦਾ ਕੰਮ ਹੋ ਗਿਆ। ਉਹਨਾਂ ਨੇ ਇਸ ਬਾਈਟ ਨੂੰ ਸਿਟੰਗ 'ਚ ਕੈਦ ਕਰ ਲਿਆ ਅਤੇ ਵੱਡੇ ਅਧਿਕਾਰੀ ਕੋਲ ਜਾ ਪਹੁੰਚੇ। ਨਾਲ ਹੀ ਉਹਨਾਂ ਨੇ ਦਸ ਦਿੱਤਾ ਕਿ ਹੁਣ ਉਹ ਸਿਟੰਗ ਰਾਹੀਂ ਪਰਦਾਫਾਸ਼ ਕਰਨਗੇ

ਕਿ ਪੋਲੀਓ ਦੇ ਨਾਂ ਤੇ ਕੀ ਖੇਡ ਚਲ ਰਹੀ ਹੈ। ਅਧਿਕਾਰੀ ਹੱਕਾ ਬੱਕਾ ਰਹਿ ਗਿਆ। ਉਹਨਾਂ ਕਿਹਾ, 'ਰੁਕੋ, ਮੈਂ ਕੋਈ ਰਾਹ ਕੱਢਦਾ ਹਾਂ। ਕਈ ਦਿਨ ਤੱਕ ਅਖੌਤੀ ਐਸ. ਆਈ. ਟੀ. ਦੀ ਟੀਮ ਉਥੇ ਰੁਕ ਕੇ ਸੌਦਾ ਕਰਦੀ ਰਹੀ। ਅੰਤ 'ਚ ਅਧਿਕਾਰੀ ਨਾਲ ਉਹਨਾਂ ਦਾ ਸੌਦਾ ਤਹਿ ਹੋ ਗਿਆ। ਉਥੋਂ ਟੀਮ ਨੂੰ ਹੈਡ ਆਫ਼ਿਸ ਨੇ ਹੋਰ ਜ਼ਿਲੇ 'ਚ ਸ਼ਿਫਟ ਕਰ ਦਿੱਤਾ। ਉਸ ਜ਼ਿਲੇ 'ਚ ਵੀ ਸਿੱਖਿਆ ਵਿਭਾਗ ਦੇ ਇਕ ਵੱਡੇ ਅਧਿਕਾਰੀ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਤਰ੍ਹਾਂ ਟੀਮ ਨੇ ਇਕ ਮਹੀਨੇ 'ਚ ਪੰਜ ਵੱਡੇ ਅਧਿਕਾਰੀਆਂ ਨੂੰ ਆਪਣੇ ਪ੍ਰੋਗਰਾਮ ਦੇ ਅਧਾਰ 'ਤੇ ਫਸਾਇਆ ਤੇ ਵਸੂਲੀ ਕੀਤੀ।

ਟੀਮ 'ਚ ਦੋ ਨੌਜਵਾਨ ਪੱਤਰਕਾਰ ਵੀ ਸਨ, ਜੋ ਵੱਡੀ ਹਸਰਤ ਤੇ ਵੱਡੇ ਸੁਪਨੇ ਲੈ ਕੇ ਮੀਡੀਆ 'ਚ ਆਏ ਸਨ ਕਿ ਸਮਾਜ ਦੀ ਬੁਰਾਈਆਂ ਨੂੰ ਦੂਰ ਕਰਾਂਗੇ ਉਹਨਾਂ ਨੇ ਜਦ ਆਪਣੀਆਂ ਅੱਖਾਂ ਸਾਹਮਣੇ ਇਹ ਵੇਖਿਆ ਤਾਂ ਉਹਨਾਂ ਦੀ ਆਤਮਾ ਤੜਪ ਉਠੀ। ਉਸ ਟੀਮ ਦੇ ਇਕ ਮੈਂਬਰ ਦੇ ਅਨੁਸਾਰ ਜਦ ਇਕ ਅਧਿਕਾਰੀ ਨੇ ਉਹਨਾਂ ਨੂੰ ਕਿਹਾ ਕਿ ਬੇਟਾ ਮੇਰੀ 25 ਸਾਲ ਦੀ ਨੌਕਰੀ 'ਚ ਮੇਰੇ ਕੈਰੀਅਰ 'ਤੇ ਕੋਈ ਧੱਬਾ ਨਹੀਂ ਲੱਗਿਆ, ਮੇਰੀ ਮਦਦ ਕਰੋ, ਮੈਂ ਨਿਰਦੋਸ਼ ਹਾਂ, ਮੈਂ ਤਾਂ ਆਪਣੇ ਵੱਡੇ ਅਫਸਰਾਂ ਦਾ ਸਿਰਫ ਇਕ ਕਹਿੰਦਾ ਹਾਂ ਪਰ ਰਿਪੋਰਟ ਨਹੀਂ ਟਲੇ ਅਤੇ ਉਸ ਨੇ ਆਪਣੀ ਤਨਖਾਹ ਦਾ ਇਕ ਵੱਡਾ ਹਿੱਸਾ ਟੀਮ ਦੇ ਹਵਾਲੇ ਕਰ ਦਿੱਤਾ। ਐਸ. ਆਈ. ਟੀ. ਦੇ ਦੋ ਮੈਂਬਰਾਂ ਨੇ ਇਕ ਦਿਨ ਆਪਣੇ ਹੈਡ ਨੂੰ ਕਿਹਾ ਕਿ ਉਹ ਦਿੱਲੀ ਜਾ ਰਹੇ ਹਨ, ਉਹਨਾਂ ਨੇ ਨੌਕਰੀ ਨਹੀਂ ਕਰਨੀ ਅਤੇ ਦਿੱਲੀ ਜਾ ਕੇ ਉਹ ਦੁਨੀਆਂ ਨੂੰ ਦੱਸ ਦੇਣਗੇ ਕਿ ਕਿਸ ਤਰ੍ਹਾਂ ਸਿਟੰਗ ਦੇ ਨਾਂ 'ਤੇ ਕਿਸ ਤਰ੍ਹਾਂ ਨਾਲ ਚੈਨਲਾਂ ਨੇ ਧੰਦਾ ਚਲਾ ਰੱਖਿਆ ਹੈ। ਨਵੇਂ ਲੜਕਿਆਂ ਦੇ ਜਜ਼ਬਾਤਾਂ ਨੂੰ ਵੇਖ ਕੇ ਟੀਮ ਆਗੂ ਦੇ ਹੋਸ਼ ਉੱਡ ਗਏ ਤੇ ਉਹ ਵੀ ਦਿੱਲੀ ਚਲਾ ਗਿਆ। ਦਿੱਲੀ ਆ ਕੇ ਉਹਨਾਂ ਨੇ ਸਾਰੀ ਗੱਲ ਚੈਨਲ ਹੈਡ ਨੂੰ ਦੱਸੀ। ਉਹਨਾਂ ਨੇ ਫਟਾਫਟ ਐਸ. ਆਈ. ਟੀ. ਦੇ ਸਾਰੇ ਲੋਕਾਂ ਨੂੰ ਨੌਕਰੀ ਤੋਂ ਕੱਢਿਆ ਅਤੇ ਇਸ ਗੱਲ ਦਾ ਪ੍ਰਚਾਰ ਕਰ ਦਿੱਤਾ ਕਿ ਐਸੀ ਕੋਈ ਟੀਮ ਉਹਨਾਂ ਨੇ ਬਣਾਈ ਨਹੀਂ। ਸਿਟੰਗ ਦੀ ਆੜ 'ਚ ਇਸ ਟੀਮ ਨੇ ਇਕ ਮਹੀਨਾ ਮੋਟੀ ਕਮਾਈ ਕੀਤੀ ਜੋ ਪੂਰੇ ਚੈਨਲ ਦੀ ਕਈ ਮਹੀਨਿਆਂ ਦੀ ਤਨਖਾਹ ਦੇ ਬਰਾਬਰ ਸੀ। ਇਸ ਤਰ੍ਹਾਂ ਖਬਰ ਪਿਛੋਂ ਅਸਾਨੀ ਨਾਲ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੁਝ ਲੋਕ ਸਿਟੰਗ ਅਪ੍ਰੇਸ਼ਨ ਦੇ ਨਾਂ 'ਤੇ ਕਿਸ ਤਰ੍ਹਾਂ ਬਨੈਕਮੇਲਿੰਗ ਦਾ ਧੰਦਾ ਕਰ ਰਹੇ ਹਨ। ਨਿਊਜ਼ ਚੈਨਲਾਂ ਲਈ ਇਸ ਦੀਆਂ ਖਬਰਾਂ ਕਾਫੀ ਨਿਰਾਸ਼ਾਜਨਕ ਹਨ। ਇਸ ਤਰ੍ਹਾਂ ਦੇ ਲੋਕ ਨਿਊਜ਼ ਚੈਨਲਾਂ ਨੂੰ ਬਦਨਾਮ ਤਾਂ ਕਰ ਹੀ ਰਹੇ ਹਨ ਨਾਲ ਹੀ ਉਹ ਇਸ ਪੇਸ਼ੇ ਦੀ ਸਮਾਜਕ ਜ਼ਿੰਮੇਵਾਰੀ ਨੂੰ ਵੀ ਕਲੰਕਿਤ ਕਰ ਰਹੇ ਹਨ।

# ਰਾਜਨੀਤੀ ਦੇ ਧੰਦੇ ਨਾਲ ਜੁੜਿਆ ਚੰਦਾ

ਚੋਣਾਂ ਤੇ ਪੈਸ ਵਿਚਕਾਰ ਨਹੁੰ ਮਾਸ ਦੀ ਸਾਂਝ ਹੈ। ਦੇਸ਼ ਦਾ ਚੁਣਾਵੀ ਇਤਿਹਾਸ ਇਸ ਦਾ ਗਵਾਹ ਰਿਹਾ ਹੈ। 1952 ਤੋਂ ਪਹਿਲਾਂ ਆਮ ਚੋਣਾਂ ਤੋਂ ਲੈ ਕੇ 15ਵੀਂ ਲੋਕ ਸਭਾ ਚੋਣ 'ਚ ਪੈਸੇ ਦੀ ਤਾਕਤ ਦੀ ਵਰਤੋਂ ਵਧਦੀ ਗਈ ਹੈ। ਸੱਤਾ ਦਾ ਸੁੱਖ ਭੋਗਣ ਲਈ ਚੋਣਾਂ ਦੇ ਯੋਗ ਪੈਸਿਆਂ ਦੀ ਸਾਮਰਾਜੀ ਪਾਈ ਜਾਂਦੀ ਰਹੀ ਹੈ। 1947 ਤੋਂ ਛੇ ਦਹਾਕੇ ਬਾਅਦ ਵੀ ਭਾਰਤ 'ਚ ਪੈਸੇ ਦੀ ਤਾਕਤ ਦੇ ਨਾਲ ਨਾਲ ਜਾਤੀ, ਧਰਮ ਤੇ ਬਾਹੂਬਲ ਦੇ ਅਧਾਰ 'ਤੇ ਚੁਣਾਵੀ ਗਣਿਤ ਬਣਾਏ ਤੇ ਵਿਗਾੜੇ ਜਾਂਦੇ ਹਨ। ਵੋਟਰਾਂ ਨੂੰ ਭਰਮਾਉਣ ਲਈ ਰਾਜਸੀ ਪਾਰਟੀਆਂ ਨੂੰ ਪੈਸਾ ਚਾਹੀਦਾ ਹੈ। ਸਰਕਾਰ ਵਲੋਂ ਉਮੀਦਵਾਰਾਂ ਜਾਂ ਪਾਰਟੀਆਂ ਨੂੰ ਫੰਡ ਮੁਹੱਈਆ ਨਾ ਕਰਵਾਉਣ ਕਰਕੇ ਇਸ ਪੈਸੇ ਦਾ ਜੁਗਾੜ ਕਰਨਾ ਕਿਸੇ ਵੀ ਪਾਰਟੀ ਦੀ ਪਹਿਲੀ ਤਰਜੀਹ ਹੁੰਦੀ ਹੈ। ਪਾਰਟੀਆਂ ਧਨ ਕੁਬੇਰਾ ਨੂੰ ਖੁਸ਼ ਕਰਨ ਲਈ ਕਈ ਤਰੀਕੇ ਅਖਤਿਆਰ ਕਰਦੀਆਂ ਹਨ। ਮੈਂਬਰਾਂ ਵਲੋਂ ਦਿੱਤੇ ਜਾਂਦੇ ਪੈਸੇ ਪਿਛੋਂ ਸਨਅਤੀ ਘਰਾਣਿਆਂ ਦਾ ਪਾਰਟੀ ਫੰਡ 'ਚ ਯੋਗਦਾਨ ਸਭ ਤੋਂ ਵੱਡਾ ਹੁੰਦਾ ਹੈ। ਹਕੂਮਤ ਦੇ ਪਹਿਰੇਦਾਰਾਂ ਤੋਂ ਆਪਣੇ ਪੱਖ 'ਚ ਫੈਸਲੇ ਕਰਾਉਣ ਦੇ ਮਕਸਦ ਨਾਲ ਘਰਾਣਿਆਂ ਵਲੋਂ ਦਿੱਤੇ ਜਾਣ ਵਾਲੇ ਇਹ ਚੰਦੇ, ਕਨੂੰਨ 'ਚ ਸੋਧ ਪਿਛੋਂ ਹੁਣ ਚੈੱਕ ਰਾਹੀਂ ਵੀ ਦਿੱਤੇ ਜਾਂਦੇ ਹਨ। ਪਹਿਲਾਂ ਇਹ ਪੈਸਾ ਬੇਨਾਮੀ ਹੁੰਦਾ ਸੀ ਜਾਂ ਫਿਰ ਕੰਪਨੀਆਂ ਵਲੋਂ ਚਲਾਏ ਜਾ ਰਹੇ ਟਰੱਸਟ ਰਾਹੀਂ ਪਾਰਟੀ ਫੰਡ 'ਚ ਪਹੁੰਚਦਾ ਸੀ। ਕਈ ਸਾਲਾਂ ਤੱਕ ਚੋਣਾਂ 'ਚ ਵਧਦੇ ਕਾਲੇ ਧਨ ਦੀ ਵਰਤੋਂ ਰੋਕਣ ਅਤੇ ਪਾਰਟੀ ਫੰਡ ਨੂੰ ਵੱਧ ਪਾਰਦਰਸ਼ੀ ਬਣਾਉਣ ਲਈ ਰਾਜਗ ਸਰਕਾਰ ਨੇ ਸਾਲ 2003 ਵਿਚ ਲੋਕ ਪ੍ਰਤੀਨਿਧੀ ਕਨੂੰਨ 1957 'ਚ ਦੋ ਉਪਧਾਰਾਵਾਂ ਜੋੜ ਦਿੱਤੀਆਂ ਸਨ ਨਾਲ ਹੀ ਆਮਦਨ ਟੈਕਸ ਕਨੂੰਨ ਵਿਚ ਸੋਧ ਕਰਕੇ 80 ਜੀਜੀਬੀ ਅਤੇ 80 ਜੀ ਜੀ ਸੀ ਧਾਰਾ ਦਾ ਰਲਵੇਂ ਕੀਤਾ ਗਿਆ। ਇਹਨਾਂ ਸੋਧਾਂ ਰਾਹੀਂ ਚੋਣ ਕਮਿਸ਼ਨ ਕੋਲ ਰਜਿਸਟਰਡ ਪਾਰਟੀਆਂ ਨੂੰ ਕਿਸੇ ਵਿਅਕਤੀ ਜਾਂ ਕੰਪਨੀ ਤੋਂ ਚੰਦਾ ਮਨਜ਼ੂਰ ਕਰਨ ਲਈ ਪਾਬੰਦ ਬਣਾਇਆ ਗਿਆ। ਆਮਦਨ ਟੈਕਸ ਦੀਆਂ ਧਾਰਾਵਾਂ 'ਚ ਸੋਧ ਪਿਛੋਂ ਕੰਪਨੀਆਂ ਜਾਂ ਵਿਅਕਤੀਆਂ ਵਲੋਂ ਦਿੱਤੀ ਗਈ ਧਨ ਰਾਸ਼ੀ ਨੂੰ ਆਮਦਨ ਟੈਕਸ ਤੋਂ ਮੁਕਤ ਕਰ ਦਿੱਤਾ ਗਿਆ।

ਪਾਰਦਰਸ਼ਾ ਦੀ ਇਸ ਸਰਕਾਰੀ ਕੋਸ਼ਿਸ਼ ਪਿਛੋਂ ਸਾਲ 2004 'ਚ ਹੋਈਆਂ ਉਦਯੋਗ ਪ੍ਰੀਸੰਘ ਸੀ. ਆਈ. ਆਈ. ਨੇ ਆਪਣੀਆਂ ਮੈਂਬਰਾਂ ਕੰਪਨੀਆਂ 'ਤੇ ਦਬਾਅ ਬਣਾਇਆ ਗਿਆ ਕਿ ਉਹ ਰਾਜਸੀ ਪਾਰਟੀਆਂ ਨੂੰ ਦਿੱਤੇ ਜਾਣ ਵਾਲੇ ਚੰਦੇ ਨੂੰ ਚੈਕ ਰਾਹੀਂ ਦੇਣਾ ਇਸ ਦਿਸ਼ਾ 'ਚ ਸੀ. ਸੀ. ਆਈ. ਪੀ. ਐਚ. ਡੀ. ਚੈਂਬਰ, ਪਿਕੀ ਤੇ ਐਸੋਚਮ ਵਲੋਂ ਪਿਛਲੇ ਕੁਝ ਸਾਲਾਂ ਵਿਚ ਕਾਫੀ ਕੋਸ਼ਿਸ਼ ਕੀਤੀ ਗਈ। ਸਰਕਾਰੀ ਤੇ ਸਨਅਤੀ ਘਰਾਣਿਆਂ ਦੀਆਂ ਇਹਨਾਂ ਮੁਹਿੰਮਾਂ ਦੇ ਬਾਵਜੂਦ ਸਨਅਤੀ ਘਰਾਣਿਆਂ ਵਲੋਂ ਪਾਰਟੀਆਂ ਨੂੰ ਦਿੱਤੇ ਜਾਣ ਵਾਲੇ ਚੰਦੇ ਦਾ ਇਕ ਵੱਡਾ ਹਿੱਸਾ ਅਜੇ ਵੀ ਪਾਰਦਰਸ਼ੀ ਨਹੀਂ ਬਣਿਆ। ਚੋਣਾਂ 'ਚ ਪਾਰਟੀਆਂ ਵਲੋਂ ਦਿੱਤੇ ਜਾਣ ਵਾਲੇ ਵੱਡੇ ਫੰਡ ਤੇ ਚੋਣ ਕਮਿਸ਼ਨ ਕੋਲ ਜਮਾ ਕਰਾਏ ਜਾਂਦੇ ਹਲਫੀਆ ਬਿਆਨ ਤੋਂ ਨਹੀਂ ਲਗਦਾ ਕਿ ਪਾਰਟੀ ਅੰਦਰ ਸਭ ਲੇਖਾ ਪਾਰਦਰਸ਼ੀ ਹੋ ਗਿਆ ਹੈ। ਹੁਣ ਵੀ ਵੱਡੀ ਮਾਤਰਾ 'ਚ ਕਾਲਾ ਧਨ ਵੋਟਰਾਂ ਨੂੰ ਭਰਮਾਉਣ ਲਈ ਦਿੱਤਾ ਜਾ ਰਿਹਾ ਹੈ। ਚੋਣ ਕਮਿਸ਼ਨ ਦੇ

ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਨਿਸ਼ਾਨਾ ਨਹੀਂ ਬਣਨਾ ਚਾਹੁੰਦਾ ਵਿਸ਼ਵੀ ਮੰਦੀ ਦੇ ਬਹਾਨੇ ਦੇਸ ਵਿਚ ਵੀ ਮੰਦੀ ਦੇ ਮਗਰਮੱਛ ਹੰਝੂ ਵਹਾਉਣ ਵਾਲੀਆਂ ਕੰਪਨੀਆਂ ਚੋਣ ਯੱਗ 'ਚ ਚੰਦੇ ਰਾਹੀਂ ਆਪਣੀ ਸ਼ਮੂਲੀਅਤ ਲਗਾਤਾਰ ਬਰਾਬਰ ਜਾਰੀ ਰੱਖ ਰਹੀਆਂ ਹਨ। ਵੱਡੀਆਂ ਕੰਪਨੀਆਂ ਚੰਦਾ ਦੇਣ ਦੇ ਮਾਮਲੇ 'ਚ ਰਾਜਸੀ ਦਲਾਂ ਨੂੰ ਦੋ ਅੱਖ ਨਹੀਂ ਵੇਖਦੀਆਂ। ਕੀ ਪਤਾ ਕਿਹਾੜੇ ਪਾਰਟੀ ਦਾ ਗਠ ਜੋੜ ਲੋਕ ਸਭਾ ਦੀ ਚਾਬੀ ਹਥਿਆ ਕੇ ਕੁਰਸੀ 'ਤੇ ਕਾਬਜ਼ ਹੋ ਜਾਵੇ, ਇਸ ਗੱਲ ਦਾ ਅਹਿਸਾਸ ਸਨਅਤੀ ਘਰਾਣਿਆਂ ਨੂੰ ਭਲੀਭਾਂਤ ਹੁੰਦਾ ਹੈ। ਕਾਂਗਰਸ ਨੂੰ ਆਦਿਤਅ ਬਿਡਲਾ ਟਾਟਾ, ਸਮੂਹਾਂ ਤੋਂ ਚੰਦੇ ਦੀ ਥੈਲੀ ਆਉਂਦੀ ਹੈ ਤਾਂ ਭਾਜਪਾ ਨੂੰ ਅਨਿਲ ਅਗਰਵਾਲ ਦੀ ਸਟਾਰਲਾਈਟ ਗਰੁੱਪ ਅਤੇ ਗੁਜਰਾਤ ਦੇ ਅਦਾਣੀ ਸਮੂਹ ਤੋਂ।

ਖਪਤਕਾਰੀ ਵਸਤੂ ਬਣਾਉਣ ਵਾਲੀ ਕੰਪਨੀ ਵੀਡੀਓ ਕੋਨ ਸਮੂਹ ਦੋਨੋਂ ਵੱਡੀਆਂ ਰਾਜਸੀਆਂ ਪਾਰਟੀਆਂ ਤੋਂ ਇਲਾਵਾ ਮਹਾਂਰਾਸ਼ਟਰ ਵਿਚ ਸ਼ਿਵ ਸੈਨਾ ਨੂੰ ਚੰਦਾ ਦਿੰਦੀਆਂ ਹਨ। ਉਤਰ ਪ੍ਰਦੇਸ਼ 'ਚ ਸਨਅਤੀ ਸਰਗਰਮੀਆਂ ਸੀਮਤ ਖੇਤਰ ਵਿਚ ਵੀ ਹੋਣ ਕਾਰਣ ਬਸਪਾ ਨੂੰ ਵਪਾਰਿਕ ਘਰਾਣਿਆਂ ਤੋਂ ਬਹੁਤਾ ਚੰਦਾ ਨਹੀਂ ਮਿਲਦਾ। ਹਾਲਾਂਕਿ ਬਸਪਾ ਨੇ ਵੀ ਚੋਣ ਕਮਿਸ਼ਨ ਨੂੰ ਦੱਸਣ ਲਈ ਪਾਬੰਦ ਨਾ ਹੋਣ ਕਰਕੇ ਚੰਦੇ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਦੇਸ਼ ਦਾ ਸਭ ਤੋਂ ਵੱਡਾ ਸਨਅਤੀ ਘਰਾਣਾ ਅੰਬਾਨੀ ਸਮੂਹ ਦਾ ਨਾਂ ਕਿਸੇ ਵੀ ਪਾਰਟੀਆਂ ਨੇ ਦਾਤਿਆਂ ਦੇ ਸਮੂਹ 'ਚ ਸ਼ਾਮਲ ਨਹੀਂ ਕੀਤਾ ਹੈ। ਬਿਡਲਾ ਗਰੁੱਪ ਨੇ ਚੋਂਣਾਂ ਲਈ ਤਾਂ ਬਕਾਇਦਾ ਇਕ ਟਰੱਸਟ ਦਾ ਗਠਨ ਕੀਤਾ ਹੈ। ਸਮੂਹ ਵਲੋਂ ਇਹ ਟਰੱਸਟ ਦੋਨੋਂ ਮੁੱਖ ਕੌਮੀ ਪਾਰਟੀਆਂ ਕਾਂਗਰਸ ਤੇ ਭਾਜਪਾ ਨੂੰ ਚੰਦਾ ਦਿੰਦਾ ਹੈ। ਗੁਜਰਾਤ ਦੇ ਸਿਲਵਾਇਆ ਨਾਮਕ ਸ਼ਹਿਰ ਵਿਚ ਗਠਿਤ ਕੀਤਾ ਗਿਆ ਟਰੱਸਟ ਭਾਜਪਾ' ਦੀ ਵਿਚਾਰਧਾਰਾ ਨਾਲ ਪ੍ਰੇਰਕ ਵਿਖਾਈ ਦਿੰਦਾ ਹੈ। ਪਬਲਿਕ ਫੰਡ ਪੋਲੀਟੀਕਲ ਅਵੇਰਨੈਂਸ ਨਾਮਕ ਇਸ ਟਰੱਸਟ ਨੇ 2003 ਤੋਂ 2007 ਤਕ 9.5 ਕਰੋੜ ਰੁਪਏ ਭਾਜਪਾ ਦੇ ਫੰਡ 'ਚ ਦਾਨ ਦਿੱਤੇ। ਸਟਾਰਲਾਈਟ ਨੇ ਇਸ ਟਰੱਸਟ ਨੂੰ ਬਹੁਤੇ ਪੈਸੇ ਦਿੱਤੇ ਸੀ। ਅਜਿਹਾ ਨਹੀਂ ਕਿ ਇਹ ਸਮੂਹ ਸਿਰਫ ਭਾਜਪਾ ਦੇ ਮੋਹ ਨਾਲ ਹੀ ਬੱਝਿਆ ਹੋਇਆ ਹੈ। ਸਮੂਹ ਨੇ ਇਸ ਅਰਸੇ ਵਿਚ ਕਾਂਗਰਸ ਨੂੰ ਵੀ ਇਕ ਕਰੋੜ ਰੁਪਏ ਦਿੱਤੇ। ਰਾਜਸੀ ਪਾਰਟੀਆਂ ਨੂੰ ਖੁੱਲ੍ਹ ਕੇ ਪੈਸਾ ਦੇਣ ਲਈ ਮਸ਼ਹੂਰ ਵੀਡੀਓ ਕੋਨ ਗਰੁੱਪ ਨੇ ਇਸ ਅਰਸੇ ਦੌਰਾਨ 4.5 ਕਰੋੜ ਕਾਂਗਰਸ ਨੂੰ, 3.5 ਕਰੋੜ ਰੁਪਏ ਭਾਜਪਾ ਨੂੰ ਅਤੇ 2.63 ਕਰੋੜ ਰੁਪਏ ਸ਼ਿਵਸੈਨਾ ਨੂੰ ਦਿੱਤੇ। ਦੇਸ਼ ਦੇ ਦੋ ਮਸ਼ਹੂਰ ਪੁਰਾਣੇ ਕਾਰੋਬਾਰੀ ਘਰਾਣਿਆਂ ਵਿਚੋਂ ਇਕ ਟਾਟਾ ਸਮੂਹ ਨੇ ਚੁਣਾਵੀ ਚੰਦੇ 'ਚ ਪਾਰਦਰਸ਼ਿਤਾ ਲਈ ਬਕਾਇਦਾ ਇਕ ਚੁਣਾਵੀ ਟਰੱਸਟ ਕਾਇਮ ਕੀਤਾ ਹੈ। ਸਨਅਤੀ ਸੰਘ ਫਿਕੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਚੋਣਾਂ 'ਚ ਚੰਦਾ ਦੇਣ ਵਪਾਰਕ ਘਰਾਣਿਆਂ ਦੀ ਮਜ਼ਬੂਤੀ ਹੈ। ਵੱਡੇ ਪ੍ਰੋਜੈਕਟਾਂ ਨੂੰ ਹਾਸਲ ਕਰਨ ਲਈ ਕੰਪਨੀਆਂ ਆਪਣੀ ਰਾਜਸੀ ਪਹੁੰਚ ਦੀ ਵਰਤੋਂ ਕਰਦੀਆਂ ਹਨ। ਆਪਸੀ ਦੋਸਤੀ ਤੋਂ ਇਲਾਵਾ ਇਹ 'ਗਿਵ ਐਂਡਟੇਕ' ਦੇ ਅਧਾਰ 'ਤੇ ਪਹੁੰਚ ਬਣਾਈ ਜਾਂਦੀ ਹੈ। ਚੰਦਾ ਸਮੇਂ ਦਿੱਤਾ ਚੰਦਾ ਪੂਰੇ ਪੰਜ ਸਾਲ 'ਰਿਵਾਰਡ' ਦਿੰਦਾ ਹੈ। ਪੰਜ ਤਾਰਾ ਹੋਟਲਾਂ ਵਿੱਚ ਰਾਤਾਂ ਸਮੇਂ ਇਹ ਜਾਹਰ ਹੁੰਦਾ ਹੈ ਕਿ ਕਿਸ ਕੰਪਨੀ ਦੇ ਮਾਲਕ ਦੇ ਤਾਰਾ ਕਿਸ ਪਾਰਟੀ ਜਾਂ ਕਿਸ ਮੰਤਰੀ ਨਾਲ ਜੁੜੇ ਹੋਏ ਹਨ। ਚੰਦਾ ਰੂਪੀ ਚਿੰਨ ਦੋਹਾਂ ਪੱਖਾਂ ਤੋਂ ਲਾਭ ਦਿੰਦਾ ਹੈ। ਕਿਸੇ ਨੂੰ ਸੱਤਾ ਦੀ ਚਾਸ਼ਣੀ ਤੇ ਕਿਸ ਦੇ ਸਵਿਸ ਬੈਂਕ 'ਚ ਮੋਟੇ ਖਾਤੇ ਵਜੋਂ।

# ਮੌਕਾਪ੍ਰਸਤ ਗਠਜੋੜ ਹਨ ਚੁਣਾਵੀ ਮੋਰਚੇ

ਪੰਦਰਵੀਂ ਲੋਕ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਪੂੰਜੀਵਾਦੀ ਰਾਜਨੀਤੀ ਦਾ ਮੌਕਾ ਪ੍ਰਸਤ ਚੇਹਰਾ ਸਾਫ-ਸਾਫ ਨਜ਼ਰ ਆਉਣ ਲੱਗਿਆ ਹੈ। ਦੇਸ਼ ਪੱਧਰ ਤੇ ਤਿੰਨ ਰਾਜਸੀ ਮੋਰਚੇ ਦਿਸ ਰਹੇ ਹਨ ਜਿੰਨ੍ਹਾਂ ਦੀ ਅਗਵਾਈ 'ਚ ਲਗਭਗ ਸਾਰੀਆਂ ਪਾਰਟੀਆਂ ਲੋਕ ਸਭਾ ਚੋਣਾਂ ਦੀ ਤਿਆਰੀ 'ਚ ਜੁਟੀਆਂ ਹਨ। ਇਕ ਕਾਂਗਰਸ ਗਠਜੋੜ (UPA) ਦੂਜਾ ਭਾਜਪਾ ਗਰਜੋੜ (NDA) ਅਤੇ ਤੀਜਾ ਖੱਬਿਆਂ ਦਾ ਗਠਜੋੜ ਯਾਨੀ ਗੈਰ-ਭਾਜਪਾ, ਗੈਰ-ਕਾਂਗਰਸੀ ਗਠਜੋੜ। ਇਨ੍ਹਾਂ ਤਿੰਨ ਗਠਜੋੜਾਂ ਅੰਦਰ ਉਪ-ਗਠਜੋੜ ਜਾਂ ਖੇਤਰੀ ਗਠਜੋੜਾਂ ਦੀ ਐਸੀ ਖੇਡ ਸ਼ੁਰੂ ਹੋ ਗਈ ਹੈ ਕਿ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਚੋਣਾਂ ਦਾ ਅਸਲ ਪੂਰਾ ਹੋਣ ਤੱਕ ਗਠਜੋੜ ਦੀ ਰਾਜਨੀਤੀ ਦਾ ਚਿਹਰਾ ਵਿਗੜ ਜਾਵੇਗਾ। ਤਾਮਿਲਨਾਡੂ 'ਚ ਪੀ. ਐਮ. ਕੇ ਨੇ ਯੂ. ਪੀ. ਏ. ਨੂੰ ਛੱਡ ਕੇ ਜੈ ਲਲਿਤਾ ਦੇ AIAD MK ਨਾਲ ਸਥਾਨਕ ਪੱਧਰ 'ਤੇ ਗਠਜੋੜ ਕਰ ਚੁੱਕਿਆ ਹੈ। ਇਸ ਤਰ੍ਹਾਂ ਹਾਲ ਦੀ ਘੜੀ ਇਹ ਤੀਜੇ ਮੋਰਚੇ ਦਾ ਅਸਿੱਧਾ ਅੰਗ ਬਣ ਗਿਆ ਹੈ। ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਰਾਜਸੀ ਸੂਤਰਧਾਰ, ਲਾਲੂ ਪ੍ਰਸ਼ਾਦ ਯਾਦਵ, ਰਾਮ ਵਿਲਾਸ ਪਾਸਵਾਨ ਤੇ ਮੁਲਾਇਮ ਸਿੰਘ ਯਾਦਵ ਨੇ ਯੂ. ਪੀ. ਏ. ਨਾਲੋਂ ਨਾ ਤਾਂ ਤੋੜੇ ਬਗੈਰ ਇਕ ਨਵੀਂ ਤਿਕੜੀ ਬਣਾ ਲਈ ਹੈ। ਇਸ ਦਾ ਮਕਸਦ ਇਨ੍ਹਾਂ ਦੋਹਾਂ ਰਾਜਾਂ 'ਚ ਕਾਂਗਰਸ ਦੇ ਵਾਧੇ ਨੂੰ ਰੋਕਣਾ ਅਤੇ ਉਸ ਸਦਾ - ਲਈ ਆਪਣੇ 'ਤੇ ਨਿਰਭਰ ਬਣਾ ਕੇ ਰੱਖਣਾ ਹੈ। ਇਸ ਤਿਕੜੀ ਦੇ ਉਲਟ ਕਾਂਗਰਸ ਨੇ ਬਿਹਾਰ ਵਿਚ 37 ਤੇ ਉੱਤਰ ਪ੍ਰਦੇਸ਼ 'ਚ 60 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕਰਕੇ ਸੰਪ੍ਰਗ ਦੀ ਹਵਾ ਕੱਢ ਦਿੱਤੀ ਹੈ। ਹੈਰਾਨੀ ਦਾ ਵਿਸ਼ਾ ਹੈ ਕਿ ਇਸ ਦੇ ਬਾਵਜੂਦ ਇਹ ਸਭ ਪਾਰਟੀਆਂ ਇਹ ਵੀ ਦਾਅਵਾ ਕਰ ਰਹੀਆਂ ਹਨ ਕਿ ਮਨਮੋਹਨ ਸਿੰਘ ਹੀ ਉਨ੍ਹਾਂ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹਨ ਅਤੇ ਯੂ. ਪੀ. ਏ. ਇਕ ਜੁੱਟ ਹੈ।

ਹਾਲਾਂ ਕਿ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਕੁੱਝ ਮਹੀਨੇ ਪਹਿਲਾਂ ਤੱਕ ਕੌਮੀ ਪੱਧਰ 'ਤੇ ਦੋ ਮੋਰਚੇ ਦੀ ਹੋਂਦ ਵਿਚ ਸਨ - ਕਾਂਗਰਸ ਦੀ ਅਗਵਾਈ ਵਾਲਾ ਯੂ. ਪੀ. ਏ. ਤੇ ਭਾਜਪਾ ਦੀ ਅਗਵਾਈ ਵਾਲਾ ਐਨ. ਡੀ. ਏ.। ਖੱਬੇ ਮੋਰਚੇ ਦੀ ਵੱਖਰੀ ਹੋਂਦ ਤਾਂ ਸੀ ਪਰ ਯੂ. ਪੀ. ਏ. ਸਰਕਾਰ ਨੂੰ ਹਮਾਇਤ ਦੇ ਕੇ ਇਹ ਅਸਿੱਧੇ ਤੌਰ 'ਤੇ ਉਸ ਦਾ ਅੰਗ ਬਣ ਗਿਆ ਸੀ। ਇਸ ਤਰ੍ਹਾਂ ਇਨ੍ਹਾਂ ਦੋ ਰਾਜਸੀ ਗਠਜੋੜਾਂ ਦੇ ਝੰਡੇ ਹੇਠ ਸਿੱਧੇ ਜਾਂ ਅਸਿੱਧੇ ਤੌਰ 'ਤੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਇਕ ਜੁੱਟ ਤੇ ਸਰਗਰਮ ਸਨ। ਪਰ ਲੋਕ ਸਭਾ ਚੋਣਾਂ ਦਾ ਸਮਾਂ ਜਿਵੇਂ ਜਿਵੇਂ ਨੇੜੇ ਆਉਂਦਾ ਗਿਆ ਆਪਣੇ ਆਪਣੇ ਗੁਟਪੱਖੀ ਕਾਰਨਾਂ ਕਰਕੇ ਅਤੇ ਚੁਣਾਵ ਲਾਭ-ਹਾਨੀ ਦੇ ਮੱਦੇਨਜ਼ਰ ਕੁੱਝ ਘਟਕ ਪਾਰਟੀਆਂ ਜਿਥੇ ਸਨ ਉੱਥੇ ਹੀ ਰਹੀਆਂ ਪਰ ਕੁੱਝ ਨੇ ਇਨ੍ਹਾਂ ਦੋਹਾਂ ਗਠਜੋੜਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਤੇ ਇਕ ਨਵਾਂ ਤੀਜਾ ਮੋਰਚਾ ਬਣਾਇਆ ਹੈ। ਬਾਹਰੀ ਤੌਰ 'ਤੇ ਲੱਗਦਾ ਹੈ ਕਿ ਰਾਜਸੀ ਨਜਰੀਆਂ 'ਚ ਅਤੇ ਪ੍ਰੋਗਰਾਮਾਂ 'ਚ ਮੱਤਭੇਦ ਹੋਣ ਦੇ ਕਾਰਨ ਹਿੱਸੇਦਾਰ ਪਾਰਟੀਆਂ ਦਾ ਗਠਜੋੜ ਬਦਲਿਆ ਹੈ ਜਾਂ ਤੀਜਾ ਮੋਰਚਾ ਬਣਾਉਣ ਦੀ ਜ਼ਰੂਰਤ ਪਈ ਹੈ ਪਰ ਸੱਚ ਇਹ ਹੈ ਕਿ ਮਤਭੇਦ ਦੀ

ਜੜ ’ਚ ਰਾਜਸੀ ਸੁਆਲਾਂ ਜਾਂ ਸਿਧਾਂਤਾਂ ਦਾ ਟਕਰਾਅ ਘੱਟ ਹੈ, ਰਾਜਸੀ ਸੌਦੇਬਾਜ਼ੀ ਦੀ ਨਾਕਾਮੀ ਵੱਧ ਹੈ। ਇਸ ਮੌਕਾ ਪ੍ਰਸਤ ਰਣਨੀਤੀ ਦੇ ਵਿਕਾਸ ਦੇ ਕਾਰਨਾਂ ਨੂੰ ਸਮਝਣ ਲਈ ਅਤੀਤ ਦੀ ਰਾਜਨੀਤੀ ’ਤੇ ਗੌਰ ਕਰਨਾ ਬੇਹਤਰ ਹੋਵੇਗਾ। 1970-80 ਦੇ ਦਹਾਕੇ ਤੱਕ ਦੇਸ਼ ’ਚ ਰਾਜਸੀ ਚਿੰਤਨ ਦੇ ਪੱਧਰ ’ਤੇ ਵਿਕਾਸ ਦੇ ਦੋ ਮਾਡਲ ਦਿਸਦੇ ਸਨ। ਇਕ ਮਾਡਲ ਸੀ ਰਾਜ ਦੀ ਪੂੰਜੀਵਾਦ ਦਾ ਜਿਸ ਦਾ ਕੇਂਦਰੀ ਨਾਹਰਾ ਸੀ ਕੌਮੀਕਰਨ। ਖੱਬੇ ਪੱਖੀ ਪਾਰਟੀਆਂ ਤੇ ਕਾਂਗਰਸ ਇਸ ਨੀਤੀ ਦੇ ਝੰਡਾ ਬਰਦਾਰ ਸਨ। ਦੂਜਾ ਮਾਡਲ ਰਿਹਾ ਨਿੱਜੀ ਪੂੰਜੀਵਾਦ ਦਾ ਜਿਸ ਦੇ ਤਹਿਤ ਭਾਜਪਾ ਤੇ ਗੈਰ ਕਾਂਗਰਸੀ ਪਾਰਟੀਆਂ ਲਾਮਬੰਦ ਹੁੰਦੀਆਂ ਰਹੀਆਂ ਸਨ। ਦੇਸ਼ ਅੰਦਰ ਇਹ ਦੋਨੋ ਧਾਰਾਵਾਂ ਸੋਵੀਅਤ ਸਮਾਜਕ ਸਾਮਰਾਜਵਾਦ ਤੇ ਅਮਰੀਕੀ ਸਾਮਰਾਜਵਾਦ ਦੇ ਖੇਮੇ ਦੀ ਨੁਮਾਇੰਦਗੀ ਕਰਦੀ ਸੀ। ਪਰ 1990 ਦੇ ਦਹਾਕੇ ਸ਼ੁਰੂ ਹੁੰਦੇ ਹੀ ਅਰਥਨੀਤੀ ਅਤੇ ਰਾਜਸੀ ਪੱਧਰ ’ਤੇ ਵਿਕਾਸ ਦੀ ਧਾਰਨਾ ਯਾਨੀ ਵਿਕਾਸ ਦੇ ਮਾਡਲ ਦੀ ਇਹ ਵੰਡ ਖਤਮ ਹੋ ਗਈ ਅਤੇ ਕੁਲ ਮਿਲਾ ਕੇ ਪੂੰਜੀਵਾਦੀ ਰਣਨੀਤੀ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਨਵੀਂ ਆਰਥਕ ਨੀਤੀ ਭਾਵ ਵਿਸ਼ਵੀਕਰਨ-ਉਦਾਰੀਕਰਨ-ਨਿੱਜੀਕਰਨ ਦੇ ਪੱਖ ਵਿਚ ਖੜ੍ਹੀ ਹੋ ਗਈ ਹੈ। ਵਿਚ-ਵਿਚ ਬਣਦੀਆਂ ਵਿਗੜਦੀਆਂ ਰਾਜਸੀ ਹਾਲਤਾਂ, ਘਟਨਾਵਾਂ ਤੇ ਲੋਕ ਸੰਘਰਸ਼ਾਂ ਦੇ ਦਬਾਅ ਹੇਠ ਰਾਜਸੀ ਪਾਰਟੀਆਂ ਲੋਕਾਂ ’ਚ ਆਪਣੇ ਜਮਹੂਰੀ ਜਾਂ ਲੋਕ ਪੱਖੀ ਹੋਣ ਦਾ ਭਰਮ ਬਣਾਈ ਰੱਖਣ ਲਈ ਹਲਕੇ-ਫੁਲਕੇ ਦਿਖਾਵਟੀ ਤੇਵਰ ਬਦਲਦੀਆਂ ਰਹੀਆਂ ਹਨ। ਕੁੱਝ ਅਜਿਹੀ ਨਾਟਕਬਾਜ਼ੀ ਦਾ ਸਿੱਟਾ ਹੈ ਪਾਰਟੀਆਂ ਦਾ ਇਕ ਗਠਜੋੜ ਛੱਡ ਕੇ ਦੂਜੇ ਵਿਚ ਜਾਣਾ ਜਾਂ ਨਵੇਂ ਮੋਰਚੇ ਦਾ ਗਠਨ ਕਰਨਾ। ਇਸ ਨੂੰ ਸਮਝਣ ਦੀ ਸਭ ਤੋਂ ਅੱਛੀ ਉਦਾਹਰਣ ਹੈ ਉੜੀਸਾ ਬੀਜੂ ਜਨਤਾ ਦਲ (ਬੀਜਦ) ਅਤੇ ਭਾਜਪਾ ਗਠਜੋੜ ਦਾ ਟੁੱਟਣਾ।

ਪਿਛਲੀਆਂ ਤਿੰਨ ਲੋਕ ਸਭਾ ਚੋਣਾਂ ਦਾ ਵਿਸਲੇਸ਼ਣ ਕਰੀਏ ਤਾਂ 1996 ਦੀ ਚੋਣ ਕਾਂਗਰਸ ਦੀ ਸ਼ਰਮਨਾਕ ਹਾਰ ਅਤੇ ਉਸ ਦੇ ਦੇਸ਼ ਵਿਆਪੀ ਲੋਕ ਅਧਾਰ ਦੇ ਖਿਸਕਣ ਦੀ ਗਵਾਹ ਬਣੀ ਸੀ ਤਾਂ 2004 ਦੀਆਂ ਚੋਣਾਂ ’ਚ ਜਨਤਾ ਨੇ ਭਾਜਪਾ ਦੀ ਹਿੰਦੂਵਾਦੀ ਤੇ ਸਵਦੇਸ਼ੀ ਦਿੱਖ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ। ਯਕੀਨਨ 2009 ਦੀਆਂ ਲੋਕ ਸਭਾ ਚੋਣਾਂ ਵਿਚ ਪੂੰਜੀਵਾਦ ਲੋਕਤੰਤਰ ਦੀ ਪੂੰਜੀਵਾਦੀ ਰਾਜਨੀਤੀ ਦੇ ਨਾਲ ਖੱਬੀਆਂ ਪਾਰਟੀਆਂ ਦੇ ਜਮਹੂਰੀ ਮਖੌਟੇ ਨੂੰ ਲੋਕ ਉਤਾਰ ਕੇ ਸੁੱਟ ਦੇਣਗੇ। ਦੂਜੇ ਲਫਜ਼ਾਂ ’ਚ ਕਹੀਏ ਤਾਂ 2009 ਦੀ ਲੋਕ ਸਭਾ ਚੋਣ ਪੂੰਜੀਵਾਦੀ ਖੱਬੇ ਪੱਖ ਨੂੰ ਨਕਾਰਨ ਦੀ ਚੋਣ ਸਾਬਤ ਹੋਵੇਗੀ। ਵੈਸੇ ਹੀ ਉੱਤਰ ਪ੍ਰਦੇਸ਼ ਦੀਆਂ ਦੋਨੋਂ ਵੱਡੀਆਂ ਖੇਤਰੀ ਪਾਰਟੀਆਂ ਨੇ ਆਪਣੇ ਨੂੰ ਵੱਖ ਵੱਖ ਰੱਖ ਕੇ ਤੀਜੇ ਮੋਰਚੇ ਦੇ ਭਵਿੱਖ ’ਤੇ ਸੁਆਲੀਆ ਚਿੰਨ ਲਾ ਦਿੱਤਾ ਹੈ। ਪਹਿਲਾਂ ਸਮਾਜਵਾਦੀ ਪਾਰਟੀ ਨੇ ਖੱਬੇ ਮੋਰਚੇ ਦਾ ਸਾਥ ਛੱਡਕੇ ਪ੍ਰਮਾਣੂ ਕਰਾਰ ’ਤੇ ਯੂ. ਪੀ. ਏ. ਸਰਕਾਰ ਦਾ ਸਾਥ ਦੇ ਕੇ ਝਟਕਾ ਦਿੱਤਾ ਸੀ, ਤਾਂ ਹੁਣ ਬਹੁਜਨ ਸਮਾਜ ਪਾਰਟੀ (ਬਸਪਾ) ਸੁਪਰੀਮੋ ਮਾਇਆਵਤੀ ਨੇ ਇਕੱਲੇ ਚੋਣਾਂ ਲੜਨ ਦਾ ਐਲਾਨ ਕਰਕੇ ਤੀਜੇ ਮੋਰਚੇ ਦਾ ਬਣਦਾ ਅਧਾਰ ਹੀ ਹਿਲਾ ਦਿੱਤਾ ਹੈ। ਇਹ ਠੀਕ ਹੈ ਕਿ ਮਾਇਆਵਤੀ ਨੇ ਕਿਸੇ ਹੋਰ ਦੇ ਨਾਲ ਗਠਜੋੜ ਨਹੀਂ ਕੀਤਾ ਹੈ। ਪਰ ਚੋਣਾਂ ਪਿੱਛੋਂ ਹਮਾਇਤ ਦੇਣ ਲਈ ਤੀਜੇ ਮੋਰਚੇ ਸਾਹਮਣੇ ਪ੍ਰਧਾਨ ਮੰਤਰੀ ਅਹੁਦੇ ਦੀ ਦਾਅਵੇਦਾਰੀ ਕਰ ਚੁੱਕੀ ਹੈ। ਗੌਰ ਕਰਨ ਲਾਇਕ ਹੈ ਕਿ ਬਸਪਾ ਨੇਤਾ ਨੇ ਡਿਨਰ

ਪਾਰਟੀ ਜ਼ਰੀਏ ਤੀਜੇ ਮੋਰਚੇ ਦੇ ਨੇਤਾਵਾਂ ਦੀ ਰਾਇ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਤੇ ਚੋਣ ਪਿੱਛੋਂ ਮੋਰਚੇ ਦਾ ਫੈਸਲਾ ਕਰਨ ਦੀ ਗੱਲ ਕਹਿ ਕੇ ਇਹ ਸੰਕੇਤ ਦਿੱਤਾ ਹੈ ਕਿ ਚੋਣ ਪਿੱਛੋਂ ਜਿਧਰ ਪੱਲੜਾ ਭਾਰੀ ਹੋਵੇਗਾ, ਉਹ ਉਧਰ ਹੀ ਜਾਵੇਗੀ।

ਮਾਇਆਵਤੀ ਦੀ ਡਿਨਰ ਪਾਰਟੀ ਤੋਂ ਪਹਿਲਾਂ ਕਰਨਾਟਕ 'ਚ ਦੇਵ ਗੌੜਾ ਦੀ ਪਹਿਲ 'ਤੇ ਆਯੋਜਿਤ ਰੈਲੀ 'ਚ ਜੈਲਲਿਤਾ ਅਤੇ ਮਾਇਆਵਤੀ ਦੋਨੋਂ ਖ਼ੁਦ ਗੈਰ ਹਾਜ਼ਰ ਰਹੀਆਂ ਅਤੇ ਆਪਣੇ ਨੁਮਾਇੰਦਿਆਂ ਨੂੰ ਭੇਜ ਕੇ ਇਹ ਸਪੱਸ਼ਟ ਸੰਕੇਤ ਦਿੱਤਾ ਕਿ ਉਨ੍ਹਾਂ ਲਈ ਸਭ ਵਿਕਲਪ ਖੁੱਲ੍ਹੇ ਹਨ। ਯਾਨੀ ਉਨ੍ਹਾਂ ਦੀ ਰਾਜਨੀਤੀ ਤੀਜੇ ਮੋਰਚੇ ਤੱਕ ਸਹਿਮਤੀ ਜਾਂ ਉਨ੍ਹਾਂ ਪ੍ਰਤੀ ਵਚਨਬੱਧ ਨਹੀਂ ਹਨ। ਜ਼ਾਹਿਰ ਹੈ ਕਿ ਤੀਜੇ ਮੋਰਚੇ ਦਾ ਗਠਨ ਤੋਂ ਲੈ ਕੇ ਅਗਵਾਈ ਤੱਕ ਲਾਲਸਾਵਾਂ ਦਾ ਟਕਰਾਅ ਹੁਣ ਤੋਂ ਵਿਖਾਈ ਦੇ ਰਿਹਾ ਹੈ। ਸੰਖੇਪ 'ਚ ਕਹਿਣਾ ਹੋਵੇ ਤਾਂ ਰਾਜਸੀ ਲਾਲਸਾਵਾਂ ਦਾ ਗੱਠਜੋੜ ਹੈ – ਤੀਜਾ ਮੋਰਚਾ।

ਤੀਜੇ ਮੋਰਚੇ ਰਾਹੀਂ ਖੱਬੀਆਂ ਪਾਰਟੀਆਂ ਦੀ ਰਣਨੀਤੀ ਇਕ ਪਾਸੇ ਆਪਣੇ ਰਵਾਇਤੀ ਰਾਜਾਂ ਯਾਨੀ ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ 'ਚ ਫਿਰ ਤੋਂ ਕਾਬਜ਼ ਹੋਣ ਦੀ ਹੈ ਅਤੇ ਦੂਜੇ ਪਾਸੇ ਜ਼ਿੰਮੇਵਾਰੀ ਦੇ ਬਗੈਰ ਗੈਰ-ਭਾਜਪਾਈ ਗਠਜੋੜ ਨੂੰ ਬਾਹਰੋਂ ਹਮਾਇਤ ਦੇਣ ਦੀ ਹੈ। ਇਹ ਤਹਿ ਹੈ ਕਿ ਭਾਜਪਾ ਗਠਜੋੜ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਖੱਬੀਆਂ ਪਾਰਟੀਆਂ ਆਖਰ ਕਾਂਗਰਸ ਨੂੰ ਹਮਾਇਤ ਦੇਣਗੇ ਕਿਉਂਕਿ ਤੀਜੇ ਮੋਰਚੇ ਜਾਂ ਖੱਬਿਆਂ ਦੀ ਨਿੱਜੀ ਹੈਸੀਅਤ ਐਸੀ ਨਹੀਂ ਹੋਵੇਗੀ ਕਿ ਉਹ ਕੇਂਦਰ ਵਿਚ ਸਰਕਾਰ ਬਣਾ ਲੈਣ। ਜੇ ਅਜਿਹੀ ਸਥਿਤੀ ਬਣ ਗਈ ਤਾਂ ਵੀ ਇਹ ਮੋਰਚਾ ਕਾਂਗਰਸ ਦੀ ਹਮਾਇਤ ਲੈਣ ਲਈ ਮਜ਼ਬੂਰ ਹੋਵੇਗਾ। ਅਜਿਹੀ ਸਥਿਤੀ ਵਿਚ ਕੌਮੀ ਮੋਰਚਾ ਖੱਬਾ ਮੋਰਚਾ ਦੇਵਗੌੜਾ ਤੇ ਗੁਜਰਾਲ ਸਰਕਾਰ ਦਾ ਹਸ਼ਰ ਕੀ ਹੋਇਆ ਇਹ ਦੇਸ਼ ਦੇ ਸਾਹਮਣੇ ਹੈ ਕਿ ਚੋਣਾਂ ਪਿੱਛੋਂ ਸੱਤਾ ਦੀ ਵਾਗਡੋਰ ਉਨ੍ਹਾਂ ਦੇ ਹੱਥ 'ਚ ਹੋਵੇਗੀ। ਖੱਬਿਆਂ ਦੀ ਹਮਾਇਤੀ ਲੈ ਕੇ ਜਾਂ ਤੀਜੇ ਮੋਰਚੇ ਨੂੰ ਹਮਾਇਤੀ ਦੇ ਕੇ।

ਫਿਰਕਾਪ੍ਰਸਤੀ ਵਿਰੋਧੀ ਰਾਜਨੀਤੀ ਦਾ ਗੁਨਗਾਣ ਕਰਨ ਵਾਲੇ ਖੱਬਿਆਂ ਦਾ ਕਿਰਦਾਰ ਅਤੇ ਚਿੰਤਨ ਦੋਨੋ ਲੋਕ ਤੰਤਰ ਦਾ ਮਜ਼ਾਕ ਕਰਨ ਵਾਲੇ ਹਨ। ਗੰਭੀਰ ਤੇ ਸਮਝਦਾਰ ਮੰਨੀਆਂ ਜਾਣ ਵਾਲੀਆਂ ਪੂੰਜੀਵਾਦੀ ਪਾਰਟੀਆਂ ਇਹ ਤਹਿ ਨਹੀਂ ਕਰ ਸਕੀਆਂ ਹਨ ਕਿ ਮੌਜੂਦਾ ਦ੍ਰਿਸ਼ 'ਚ ਸਾਮਰਾਜ ਤੇ ਫਿਰਕਾਪ੍ਰਸਤੀ ਵਿਚਾਲੇ ਰਿਸ਼ਤਾ ਕੀ ਹੈ? ਸਿੱਟੇ ਵਜੋਂ ਖੱਬੀਆਂ ਪਾਰਟੀਆਂ ਫਿਰਕਾਪ੍ਰਸਤੀ ਨਾਲ ਲੜਨ ਦੇ ਅਮਲ 'ਚ ਕਾਂਗਰਸ ਦਾ ਸਾਥ ਦੇ ਕੇ ਸਾਮਰਾਜ ਨੂੰ ਮਜ਼ਬੂਤ ਕਰ ਰਹੇ ਹਨ। ਧਾਰਮਕ ਜਨੂੰਨ ਦੀ ਰਾਜਨੀਤੀ ਜਾਂ ਅਜਿਹੇ ਹੋਰ ਪਿਛਾਖੜੀ ਰਾਜਨੀਤੀ ਦੀ ਵਿਚਾਰਧਾਰਾ ਤੇ ਵਿੱਤੀ ਪੂੰਜੀ ਦੇ ਵਧਦੇ ਦਾਬੇ 'ਚ ਡੂੰਘਾ ਅੰਤਰ ਸਬੰਧ ਹੈ। ਇਸ ਲਈ ਜੇ ਅਸੀਂ ਫਿਰਕਾਪ੍ਰਸਤੀ ਖਿਲਾਫ਼ ਸੱਚਮੁੱਚ ਸੱਚੀਮੁਚੀ ਜਮਹੂਰੀ ਸੰਘਰਸ਼ ਛੇੜਨਾ ਚਾਹੁੰਦੇ ਤਾਂ ਵਿੱਤੀ (ਸਾਮਰਾਜੀ) ਪੂੰਜੀ ਦੇ ਵਧਦੇ ਦਾਬੇ ਵਿਰੁੱਧ ਉਨੀ ਹੀ ਜ਼ੋਰਦਾਰ ਮੋਰਚਾਬੰਦੀ ਕਰਨੀ ਪਵੇਗੀ। ਫਿਰਕਾਪ੍ਰਸਤੀ ਖਿਲਾਫ਼ ਉਹ ਨਹੀਂ ਲੜ ਸਕਦੇ ਜੋ ਸਾਮਰਾਜ ਦੇ ਸੇਵਾਦਾਰ ਹਨ। ਇਕੱਠੇ ਬਨਣਗੇ ਨਾ ਕਿ ਵੱਖੋ ਵੱਖਰੇ।

ਸੱਚ ਤਾਂ ਇਹ ਹੈ ਕਿ ਫਿਰਕਾਪ੍ਰਸਤੀ ਦੇ ਮੁੱਦੇ 'ਤੇ ਵੀ ਪੂੰਜੀਵਾਦੀ ਖੱਬੀਆਂ ਟੋਚਨ ਤੇ ਮੌਕਾਪ੍ਰਸਤ ਰਾਜਨੀਤੀ ਕਰ ਰਹੇ ਹਨ। ਇਹ ਕਿਹੋ ਜਿਹੀ ਫਿਰਕਾਪ੍ਰਸਤੀ

ਵਿਰੋਧੀ ਮੁਹਿੰਮ ਹੈ – ਗੁੜ ਤੋਂ ਪ੍ਰਹੇਜ ਪਰ ਗੁਲਗਲਿਆਂ ਨਾਲ ਜਾਰੀ। ਜੈ ਲਲਿਤਾ ਨੂੰ 2004 ਦੀਆਂ ਚੋਣਾਂ 'ਚ ਭਾਜਪਾ ਦੇ ਨਾਲ ਕੰਮ ਕਰਨ 'ਚ ਕੋਈ ਪ੍ਰੇਸ਼ਾਨੀ ਨਹੀਂ ਹੋਈ ਸੀ ਪਰ ਇਸ ਵਾਰੀ ਉਹ ਮਾਕਪਾ ਤੇ ਭਾਕਪਾ ਨਾਲ ਹੈ। ਇਹ ਉਹੀ ਜੈ ਲਲਿਤਾ ਹੈ ਜਿਸ ਨੇ ਆਪਣੀ ਮੁੱਖ ਮੰਤਰੀ ਹਕੂਮਤ ਦੌਰਾਨ ਹੜਤਾਲੀ ਮੁਲਾਜ਼ਮਾਂ ਨੇ ਵੱਡੇ ਪੈਮਾਨੇ 'ਤੇ ਨੌਕਰੀ ਤੋਂ ਕੱਢ ਦਿੱਤਾ ਸੀ। ਉਨ੍ਹਾਂ ਦੀ ਇਸ ਕਾਰਵਾਈ ਖਿਲਾਫ਼ ਕਰਮਚਾਰੀਆਂ ਦੀ ਅਪੀਲ ਦੀ ਸੁਣਵਾਈ 'ਚ ਸੁਪਰੀਮ ਕੋਰਟ ਨੇ ਮਜ਼ਦੂਰ ਵਿਰੋਧੀ ਫੈਸਲਾ ਦਿੱਤਾ ਕਿ ਕਰਮਚਾਰੀਆਂ ਨੂੰ ਹੜਤਾਲ ਦਾ ਅਧਿਕਾਰ ਨਹੀਂ ਹੈ। ਇਸ ਤਰ੍ਹਾਂ ਭਾਰਤ ਦੀ ਲੋਕ-ਵਿਰੋਧੀ ਰਾਜਨੀਤੀ 'ਚ ਜੈ ਲਲਿਤਾ ਮੀਲ ਦਾ ਪੱਥਰ ਬਣ ਗਈ ਹੈ।

ਚੰਦਰ ਬਾਬੂ ਨਾਇਡੂ ਜਿਨ੍ਹਾਂ ਨੂੰ ਕੱਲ ਤੱਕ ਖੱਬੀਆਂ ਪਾਰਟੀਆਂ ਅਮਰੀਕਾ ਦਾ ਏਜੰਟ, ਕਿਸਾਨ ਵਿਰੋਧੀ, ਡਾਲਰਾਂ ਦਾ ਪੁਜਾਰੀ, ਫਿਰਕਾਪ੍ਰਸਤ ਤੇ ਬਿਲ ਗੇਟਸ ਦਾ ਭਾਰਤੀ ਨੁਮਾਇੰਦਾ ਕਿਹਾ ਕਰਦੇ ਸਨ ਉਹ ਚੰਦਰ ਬਾਬੂ ਨਾਇਡੂ ਪੂੰਜੀਵਾਦੀ ਖੱਬਿਆਂ ਦੀਆਂ ਅੱਖਾਂ 'ਚ ਸ਼ੁਰਮੇ ਦੀ ਤਰ੍ਹਾਂ ਸੁਸ਼ੋਭਿਤ ਹਨ। ਮਾਇਆਵਤੀ ਜੋ ਮੌਕਾ ਪ੍ਰਸਤ ਰਾਜਨੀਤੀ ਤੇ ਨਵ-ਜਗੀਰਵਾਦੀ ਦੀ ਨੁਮਾਇੰਦਾ ਬਣ ਚੁੱਕੀ ਹੈ ਤੇ ਜੋ ਭਾਜਪਾ ਨਾਲ ਮਿਲ ਕੇ ਫਿਰਕਾਪ੍ਰਸਤ ਰਾਜਨੀਤੀ ਦੀ ਪਾਰੀ ਖੇਡ ਚੁੱਕੀ ਹੈ, ਉਸ ਮਾਇਆਵਤੀ 'ਚ ਖੱਬੀਆਂ ਪਾਰਟੀਆਂ ਲੋਕ ਰਾਜ ਦਾ ਭਵਿੱਖ, ਸਮਾਜਕ ਨਿਆਂ ਤੇ ਧਰਮ ਨਿਰਪੱਖਤਾ ਦੀ ਛਵੀ ਦੇਖ ਰਹੇ ਹਨ। ਵੈਸੇ ਪੂੰਜੀਵਾਦੀ ਰਾਜਨੀਤੀ ਦੇ ਨੁਮਾਇੰਦਿਆਂ 'ਚ ਸਮਾਜਵਾਦ ਦੀ ਛਵੀ ਦੇਖਣ ਦੀ ਨਕਲੀ ਖੱਬੀ ਪਾਰਟੀਆਂ ਦੀ ਪੁਰਾਣੀ ਆਦਤ ਹੈ। ਦੇਵੇਗੌੜਾ ਦਾ ਜਨਤਾ ਦਲ (ਐਸ) ਵੀ ਤੀਜੇ ਮੋਰਚੇ 'ਚ ਸ਼ਾਮਲ ਹੈ।

ਇਹ ਸਾਰੇ ਗਠਜੋੜ ਸੰਕੇਤ ਦੇ ਰਹੇ ਹਨ ਕਿ ਖੱਬੀਆਂ ਪਾਰਟੀਆਂ ਨੂੰ ਅਫਸਰਵਾਦੀ ਦੇ ਦੋਹਰੇ (ਕਦੀ UPA ਅਤੇ ਕਦੀ NDA ਦਾ ਸਾਥ ਦੇਣ ਵਾਲੇ) ਕਿਰਦਾਰ ਦੇ ਲੋਕ ਹੀ ਪਿਆਰੇ ਹਨ। ਕੀ ਇਹ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ ਸੀ ਕਿ ਛੋਟੀਆਂ ਅਸਹਿਮਤੀਆਂ ਦੇ ਬਾਵਜੂਦ ਸਾਮਰਾਜ ਵਿਰੋਧੀ ਖੱਬੀਆਂ ਪਾਰਟੀਆਂ ਦਾ ਇਕ ਸਾਂਝਾ ਮੋਰਚਾ ਬਣਾ ਕੇ ਪੂੰਜੀਵਾਦੀ ਰਾਜਨੀਤੀ ਦਾ ਇਕ ਬਦਲ ਤਿਆਰ ਕੀਤਾ ਜਾਂਦਾ। ਪਰ ਸੋਧਵਾਦ ਦੀ ਰਾਜਨੀਤੀ 'ਚ ਸਿਰ ਤੋਂ ਪੈਰਾਂ ਤੱਕ ਡੁੱਬੇ ਪੂੰਜੀਵਾਦੀ ਖੱਬੀਆਂ ਪਾਰਟੀਆਂ ਤੋਂ ਅਜਿਹੀਆਂ ਕੋਸ਼ਿਸ਼ਾਂ ਦੀ ਉਮੀਦ ਕਰਨੀ ਵਿਅਰਥ ਹੈ। ਵਿਡੰਬਨਾ ਇਹ ਵੀ ਹੈ ਕਿ ਜਨਤਾ ਦੇ ਸੁਆਲਾਂ ਨਾਲ ਜੁੜੀ ਲੜਾਈ ਨੂੰ ਸੜਕਾਂ 'ਤੇ ਲੜਨ ਦਾ ਐਲਾਨ ਕਰਨ ਵਾਲੀ ਲਿਬਰੇਸ਼ਨਾਂ ਵੀ ਅਜ਼ਾਦ ਤੌਰ 'ਤੇ 'ਸੜਕ ਤੋਂ ਸੰਸਦ ਤੱਕ' ਦੀ ਲੜਾਈ ਸ਼ੁਰੂ ਕਰਨ ਦੀ ਥਾਂ ਪੂੰਜੀਵਾਦੀ ਖੱਬੀਆਂ ਪਾਰਟੀਆਂ ਨਾਲ ਜੱਫੀ ਪਾ ਲਈ ਹੈ।

ਤੀਜੇ ਮੋਰਚੇ ਦੀ ਰਵਾਇਤ 'ਚ ਖੱਬਾ ਮੋਰਚਾ ਇਕ ਜੁਟ ਹੈ ਪਰ ਖੱਬੇ ਮੋਰਚੇ ਦਾ ਵੋਟ ਬੈਂਕ ਪਹਿਲੀ ਵਾਰੀ ਇਕ ਜੁਟ ਨਹੀਂ ਹੈ। ਨਾ ਸਿਰਫ ਪੱਛਮੀ ਬੰਗਾਲ 'ਚ ਬਲਕਿ ਕੇਰਲਾ ਦੇ ਵੋਟ ਬੈਂਕ 'ਚ ਸੰਨ ਲਗਣੀ ਵੀ ਲਗਭਗ ਤਹਿ ਹੈ। ਪੱਛਮੀ ਬੰਗਾਲ 'ਚ ਨੰਦੀਗ੍ਰਾਮ – ਲਾਲਗੜ ਦੇ ਘਟਨਾਕ੍ਰਮ ਤਾਂ ਕੇਰਲਾ 'ਚ ਭ੍ਰਿਸ਼ਟਾਚਾਰ ਦਾ ਮੁੱਦਾ ਖੱਬੇ ਮੋਰਚੇ ਦੀਆਂ ਸੀਟਾਂ ਦੀ ਗਿਣਤੀ ਨੂੰ ਪ੍ਰਭਾਵਿਤ ਕਰੇਗਾ। ਮੀਡੀਆ ਦੀ ਰਾਇ ਹੈ ਕਿ ਕੇਰਲਾ 'ਚ ਖੱਬੇ ਮੋਰਚੇ ਨੂੰ ਘੱਟੋ ਘੱਟ ਦਸ ਸੀਟਾਂ ਦਾ ਨੁਕਸਾਨ ਹੋਵੇਗਾ।

ਦੇਵਗੌੜਾ ਦਾ ਸੰਕਟ ਚਾਰ ਸੰਕਟਾਂ ਨੂੰ ਬਚਾਉਣ ਦਾ ਹੈ।

2004 'ਚ ਰਾਜਸ (NDA) ਨੂੰ 185 ਸੀਟਾਂ ਮਿਲੀਆਂ ਸਨ ਜਿਨ੍ਹਾਂ 'ਚੋਂ ਬੀਜਦ, ਤੇਲਗੂ ਦੇਸ਼ਮ ਪਾਰਟੀ ਤੇ ਤ੍ਰਿਣਮੂਲ ਕਾਂਗਰਸ ਵੱਖ ਹੋ ਚੁੱਕੀਆਂ ਹਨ। UPA ਦੀਆਂ 219 ਸੀਟਾਂ ਸਨ ਜਿਸ ਤੋਂ ਤੇਲੰਗਾਨਾ ਰਾਸ਼ਟਰ ਸੰਮਤੀ ਵੱਖ ਹੋ ਚੁੱਕੀ ਹੈ ਅਤੇ ਪੀ. ਐਮ. ਕੇ. ਕਾਂਗਰਸ ਤੋਂ ਵੱਖ ਰਹਿ ਰਹੀ ਹੈ। ਇਸ ਲਈ ਸੰਭਵ ਹੈ ਕਿ ਚੋਣਾਂ ਪਿੱਛੋਂ ਕਾਂਗਰਸ ਤੇ ਭਾਜਪਾ ਦੋਨੋਂ ਹੀ ਗਠਜੋੜ ਸੱਤਾ ਸਮੀਕਰਣ ਲਈ ਆਪਣੇ ਵਿਚਾਰਕ ਮੱਤਭੇਦ ਤੇ ਮੌਲਿਕ ਪ੍ਰੋਗਰਾਮਾਂ ਨੂੰ ਪਿੱਛੇ ਛੱਡ ਕੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਵਰਗੇ ਕਿਸੇ ਮੱਛੀ ਜਾਲ 'ਚ ਵੱਖ ਵੱਖ ਘਟਕ ਪਾਰਟੀਆਂ ਨੂੰ ਫਸਾਉਣ ਦੀ ਚਾਲ ਚਲਣਗੇ। ਪਿਛਲੀ ਵਾਰ ਵੀ ਰਾਜਗ ਦੀ ਵਾਜਪਾਈ ਸਰਕਾਰ ਨੇ ਅਯੋਧਿਆ ਦਾ ਸੁਆਲ ਤੇ ਧਾਰਾ 370 ਵਰਗੇ ਮੁੱਦਿਆਂ ਨੂੰ ਛੱਡ ਦਿੱਤਾ ਸੀ। ਦੂਜੇ ਪਾਸੇ ਪ੍ਰਮਾਣੂ ਕਰਾਰ ਦੇ ਝਮੇਲੇ ਨੂੰ ਛੱਡ ਕੇ UPA ਤੇ ਖੱਬਾ ਮੋਰਚਾ ਕੋਈ ਵੀ ਅੰਦਰੂਨੀ ਵਿਰੋਧ ਦਾ ਮੁੱਦਾ ਜਨਤਾ ਤੱਕ ਨਹੀਂ ਪਹੁੰਚਾ ਸਕਿਆ ਹੈ। ਸੱਚ ਤਾਂ ਇਹ ਹੈ ਕਿ ਪ੍ਰਮਾਣੂ ਕਰਾਰ ਦੇ ਵਿਰੋਧ 'ਚ ਸਰਕਾਰ ਤੋਂ ਹਮਾਇਤ ਵਾਪਸ ਲੈਣ ਦੀ ਘਟਨਾ ਨੇ ਵੀ ਕਈ ਸੁਆਲ ਖੜੇ ਕੀਤੇ ਹਨ। ਜਿਵੇਂ ਸੁਆਲ ਹੈ ਕੀ ਪ੍ਰਮਾਣੂ ਕਰਾਰ ਦਾ ਸਬੰਧੀ ਨਵੀਂ ਆਰਥਕ ਨੀਤੀ ਨਾਲ ਨਹੀਂ ਹੈ? ਜੋ ਕਾਂਗਰਸ ਦੀ ਰਾਜਨੀਤੀ ਦਾ ਅਧਾਰ ਹੈ। ਫਿਰ ਨਵੀਂ ਆਰਥਕ ਨੀਤੀ ਦਾ ਸਮੁੱਚੇ ਤੌਰ 'ਤੇ ਵਿਰੋਧ ਕਰਨ ਦੀ ਥਾਂ ਸਿਰਫ ਪ੍ਰਮਾਣੂ ਕਰਾਰ ਦਾ ਵਿਰੋਧ ਕਰਨਾ, ਹਮਾਇਤ ਵਾਪਸ ਲੈਣੀ ਤੇ ਫਿਰ ਇਹ ਕਹਿਣਾ ਕਿ ਲੋੜ ਪੈਣ 'ਤੇ ਕਾਂਗਰਸ ਨੂੰ ਹਮਾਇਤ ਦਿੱਤੀ ਜਾ ਸਕਦੀ ਹੈ – ਕੀ ਇਹ ਲੋਕਾਂ ਨਾਲ ਠੱਗੀ ਨਹੀਂ ਹੈ? ਮਹਿੰਗਾਈ, ਖੇਤੀ, ਨੇਤੀ, ਨਿੱਜੀਕਰਨ ਜਾਂ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ (FDI) ਦਾ ਮੁੱਦਾ ਹੋਵੇ ਖੱਬਿਆਂ ਨੇ ਕਦੀ ਸੰਘਰਸ਼ ਨਹੀਂ ਕੀਤਾ ਵਿਰੋਧੀ ਦੀ ਅਵਾਜ਼ ਦੋਸਤਾਨਾ ਰਹੀ ਹੈ। ਪ੍ਰਮਾਣੂ ਕਰਾਰ ਦਾ ਜ਼ੁਬਾਨੀ ਵਿਰੋਧ ਉਦੋਂ ਸ਼ੁਰੂ ਹੋਇਆ ਜਦੋਂ ਨੰਦੀਗ੍ਰਾਮ ਤੇ ਸਿੰਗੂਰ 'ਚ ਦਮਨ ਕਾਰਨ ਲੋਕਾਂ ਦਾ ਰੋਹ ਸੀ ਤੇ ਖੱਬਿਆਂ ਦੀ ਰਾਜਸੀ ਹੋਂਦ ਖਤਰਿਆਂ 'ਚ ਘਿਰਨ ਲੱਗਿਆ।

ਚੋਣਾਂ ਤੋਂ ਪਹਿਲਾਂ ਗੱਠਜੋੜਾਂ ਦਾ ਜੋ ਰੂਪ ਹੈ, ਚੋਣਾਂ ਪਿੱਛੋਂ ਅਜਿਹਾ ਹੀ ਰਹੇਗਾ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ। ਇਸ ਨਵੇਂ ਗਠਜੋੜ ਜਿਸ ਤੇ ਲੋਕਾਂ ਦਾ ਕੋਈ ਕੰਟਰੋਲ ਨਹੀਂ ਹੋਣਾ। ਕਾਂਗਰਸ ਤੇ ਭਾਜਪਾ ਦੋਨੋਂ ਵੱਡੇ ਗਠਜੋੜ ਚੋਣਾਂ ਪਿੱਛੋਂ ਐਸੀ ਹੈਸੀਅਤ 'ਚ ਨਹੀਂ ਹੋਣਗੇ ਕਿ ਬਗੈਰ ਖੇਤਰੀ ਪਾਰਟੀਆਂ ਦੀ ਹਮਾਇਤ ਦੇ ਕੇਂਦਰ 'ਚ ਸਰਕਾਰ ਬਣਾ ਸਕਣ। ਤਾਂ ਦੂਜੀਆਂ ਖੇਤਰੀ ਪਾਰਟੀਆਂ ਦੀ ਹਾਲਤ ਵੀ ਐਸੀ ਨਹੀਂ ਹੋਣੀ ਕਿ ਬਗੈਰ ਕਿਸੇ ਵੱਡੇ ਗਠਜੋੜ ਦੇ ਸਹਿਯੋਗ ਤੋਂ ਕੇਂਦਰ 'ਚ ਸਰਕਾਰ ਬਣਾ ਸਕਣ।

# ਗਰੀਬ ਦੇਸ਼ ਦੇ ਅਮੀਰ ਸਾਂਸਦ

ਕੀ ਤੁਸੀਂ ਕਲਪਨਾ ਕਰ ਸਕਦੇ ਹੋ ਪੰਜ ਸਾਲਾਂ ਦੇ ਅਰਸੇ ਵਿਚ ਕਿਸੇ ਸਾਂਸਦਾਂ ਦੀ ਜਾਇਦਾਦ ਕਿੰਨੀ ਵਧ ਸਕਦੀ ਹੈ। ਇੰਡੀਅਨ ਇਕਾਨਮੀ ਦੇ ਬੇਹਤਰਹੀਨ ਫਾਰਫਾਮੈਂਸ (ਭਾਰਤੀ ਅਰਥਚਾਰੇ ਦੀ ਵਧੀਆ ਕਾਰਗੁਜ਼ਾਰੀ) ਦੇ ਬਾਵਜੂਦ ਇਸ ਦੇਸ਼ ਵਿਚ ਸਾਲਾਂ 'ਚ ਜਾਇਦਾਦ ਦਾ ਤਿੰਨ-ਚਾਰ ਗੁਣਾ ਵਧਣਾ ਵੀ ਵੱਡੀ ਗੱਲ ਮੰਨੀ ਜਾਂਦੀ ਰਹੀ ਹੈ। ਜੇ ਤੁਸੀਂ ਕਿਸਾਨ ਵਿਕਾਸ ਪੱਤਰ ਤੇ ਦੂਜੀਆਂ ਬੱਚਤ ਯੋਜਨਾਵਾਂ 'ਚ ਪੈਸਾ ਨਿਵੇਸ਼ ਕੀਤਾ ਹੈ ਤਾਂ ਉਥੇ ਤੁਹਾਨੂੰ ਪੈਸਾ ਦੁਗਣਾ ਕਰਨ ਲਈ ਹੁਣ ਛੇ ਸਾਲਾਂ ਦੀ ਉਡੀਕ ਕਰਨੀ ਪੈਂਦੀ ਹੈ। ਸ਼ੇਅਰ ਬਜ਼ਾਰ 'ਚ ਜੇ 20 ਫੀਸਦੀ ਸਲਾਨਾ ਦੀ ਦਰ ਨਾਲ ਸਟਾਕ ਵੈਲਯੂ ਵਧਦੀ ਹੈ ਤਾਂ ਉਥੇ ਵੀ ਪੰਜ ਸਾਲਾਂ ਅੰਦਰ ਪੈਸਾ ਦੁਗਣੇ ਤੋਂ ਥੋੜ੍ਹਾ ਜਿਹਾ ਹੀ ਵੱਧ ਹੁੰਦਾ ਹੈ। ਪਰ ਕਈ ਪਾਰਲੀਮੈਂਟ ਮੈਂਬਰਾਂ ਦੀ ਜਾਇਦਾਦ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਹਜ਼ਾਰਾਂ ਫੀਸਦੀ ਹੈ।

### ਹੋਰ ਭਾਰੀ ਹੁੰਦੀ ਨੇਤਾਵਾਂ ਦੀ ਜੇਬ

| ਨਾਂ | ਪਾਰਟੀ-09 | ਰਾਜ | ਜਾਇਦਾਦ 2004 | ਜਾਇਦਾਦ 2009 | ਵਾਧਾ% |
|---|---|---|---|---|---|
| ਅਕਸ਼ੈ ਪ੍ਰਤਾਪ ਸਿੰਘ | ਸਪਾ | ਉੱਤਰ ਪ੍ਰਦੇਸ਼ | 2169847 | 4811809 | 1841.9 |
| ਸਚਿਨ ਪਾਈਲਟ | ਕਾਂਗਰਸ | ਰਾਜਸਥਾਨ | 2519000 | 46489558 | 1746 |
| ਚੰਦਰ ਪ੍ਰਤਾਪ ਸਿੰਘ | ਸਪਾ | ਮੱਧ ਪ੍ਰਦੇਸ਼ | 795619 | 12464,922 | 1466.69 |
| ਟੇਕ ਲਾਲ ਮਹਿਤੋ | ਜੇ ਐਮ ਐਮ | ਝਾਰਖੰਡ | 625.0008 | 550119 | 1268.12 |
| ਦੁਸ਼ੰਤ ਸਿੰਘ | ਭਾਜਪਾ | ਰਾਜਸਥਾਨ | 7082067 | 63054275 | 790.34 |
| ਰਾਹੁਲ ਗਾਂਧੀ | ਕਾਂਗਰਸ | ਉੱਤਰ ਪ੍ਰਦੇਸ਼ | 4527880 | 23274706 | 414.03 |
| ਬਾਬੂ ਲਾਲਾ ਮਰਾਂਡੀ | ਜੇ ਵੀ ਐਮ | ਝਾਰਖੰਡ | 500000 | 2137675 | 327.5 |
| ਲਾਲੂ ਪ੍ਰਸ਼ਾਦ | ਆਰ.ਜੇ.ਡੀ. | ਬਿਹਾਰ | 8669342 | 31702693 | 265.7 |
| ਜਾਰਜ ਫਰਾਨਾਡੇਸ | ਅਜ਼ਾਦ | ਬਿਹਾਰ | 33987410 | 95439798 | 180.8 |
| ਲਾਲ ਕ੍ਰਿਸ਼ਨ ਅਡਵਾਨੀ | ਭਾਜਪਾ | ਗੁਜਰਾਤ | 13042443 | 35543172 | 172.5 |

(ਸਰੋਤ ਨੈਸ਼ਨਲ ਇਲੈਕਸ਼ਨ ਵਾਚ)

ਨੈਸ਼ਨਲ ਇਲੈਕਸ਼ਨ ਵਾਚ ਨੇ ਇਸ ਵਾਰੀ ਦੀ ਚੋਣ ਲੜ ਰਹੇ ਸਾਸਦਾਂ ਦੇ ਹਲਫਨਾਮਿਆਂ ਦਾ ਅਧਿਐਨ ਕਰਕੇ ਉਨ੍ਹਾਂ ਦੀ ਜਾਇਦਾਦ 'ਚ ਵਾਧੇ ਦੇ ਅੰਕੜੇ ਕੱਢੇ ਹਨ। ਇਸ ਅਧਿਐਨ ਦੇ ਕੁਝ ਹੈਰਾਨ ਕੁੰਨ ਅੰਕੜੇ ਸਾਹਮਣੇ ਆਏ ਹਨ। ਉੱਤਰ ਪ੍ਰਦੇਸ਼ ਦੇ ਬਸਪਾ ਉਮੀਦਵਾਰ ਮੁਹੰਮਦ ਤਾਹਿਰ ਦੀ ਪਿਛਲੇ ਪੰਜ ਸਾਲਾਂ 'ਚ 9139 ਫੀਸਦੀ ਜਾਇਦਾਦ ਵਧੀ। 2004 'ਚ ਉਨ੍ਹਾਂ ਨੇ ਆਪਣੀ ਜਾਇਦਾਦ ਦਾ ਕੁਲ ਮੁੱਲ 16697 ਰੁਪਏ ਸੀ ਜੋ 2009 'ਚ ਵਧ ਕੇ 107,79,346 ਰੁਪਏ ਹੋ ਗਈ। ਯਾਨੀ ਉਨ੍ਹਾਂ ਦੀ ਜਾਇਦਾਦ ਦੇ ਮੁੱਲ 'ਚ 106,62,649 ਰੁਪਏ ਦਾ ਵਾਧਾ ਹੋਇਆ ਹੈ। ਦਿਲਚਸਪ

ਤੱਥ ਇਹ ਹੈ ਕਿ ਅਜਿਹੇ 13 ਮੈਂਬਰ ਪਾਰਲੀਮੈਂਟ ਹਨ ਜਿਨ੍ਹਾਂ ਦੀ ਜਾਇਦਾਦ ਦਾ ਮੁੱਲ 1000 ਫੀਸਦੀ ਤੋਂ ਵੱਧ ਵਧਿਆ ਹੈ। ਇਸ ਤਰ੍ਹਾਂ ਕਰਨਾਟਕਾ ਤੋਂ ਭਾਜਪਾ ਦੇ ਉਮੀਦਵਾਰ ਸੀ. ਐਸ., ਵਿਜੈਸ਼ੰਕਰ ਦੀ ਜਾਇਦਾਦ ਪਿਛਲੇ ਪੰਜ ਸਾਲਾਂ ਵਿਚ 263999 ਰੁਪਏ ਤੋਂ ਵਧ ਕੇ 17493189 ਰੁਪਏ ਹੋ ਗਈ ਯਾਨੀ 6526 ਫੀਸਦੀ 'ਚ ਅਜਿਹਾ ਬਰਦਾਸ਼ਤ ਇਜਾਫਾ ਉਦੋਂ ਹੋਇਆ ਜਦ ਦੇਸ਼ 'ਚ ਆਮ ਆਦਮੀ ਮਹਿੰਗਾਈ ਨਾਲ ਦੁਖੀ ਸੀ ਅਤੇ ਜਾਇਦਾਦ ਦਾ ਮੁੱਲ ਵੀ ਔਸਤਨ 13 ਫੀਸਦੀ ਸਲਾਨਾ ਦੀ ਦਰ ਨਾਲ ਹੀ ਵਧਿਆ। ਗਲੋਬਲ ਹਿਊਮਨ ਰਿਸੋਰਸਿਜ਼ ਤੇ ਆਊਟ ਸੋਰਸਿੰਗ ਕੰਸਲ ਟੈਂਸੀ ਫਰਮ ਡੇਵਿਟ ਅਸੋਸੀਏਟ ਦੇ ਪਿਛਲੇ ਸਾਲ ਹੋਏ ਇਕ ਸਰਵੇ ਮੁਤਾਬਕ ਭਾਰਤ ਵਿਚ 2003 ਤੋਂ 2008 ਵਿਚਕਾਰ 10.9 ਫੀਸਦੀ ਦੀ ਦਰ ਨਾਲ ਹੀ ਤਨਖਾਹਾਂ ਵਧੀਆਂ ਹਨ।

ਸਰਕਾਰੀ ਕਰਕਚਾਰੀਆਂ ਸਬੰਧੀ ਇਹ ਦਰ 6-7 ਫੀਸਦੀ ਤੱਕ ਹੀ ਰਹੀ। ਛੇਵੇਂ ਤਨਖਾਹ ਕਮਿਸ਼ਨ ਦਾ ਜ਼ਰੂਰ ਉਨ੍ਹਾਂ ਨੂੰ ਕੁਝ ਫਾਇਦਾ ਹੋਇਆ ਜਦ ਕਿ ਤਨਖਾਹ 'ਚ 21 ਫੀਸਦੀ ਤੱਕ ਦਾ ਵਾਧਾ ਹੋਇਆ। ਪਰ ਇਨ੍ਹਾਂ ਇਜਾਫਿਆਂ ਦੇ ਬਾਵਜੂਦ ਇਹ ਕਲਪਨਾ ਕਰਨੀ ਮੁਸ਼ਕਲ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਆਮ ਲੋਕਾਂ ਦੀ ਜਾਇਦਾਦ ਦਾ ਮੁੱਲ ਦੋ ਤਿੰਨ ਗੁਣਾ ਤੋਂ ਵੱਧ ਵਧਿਆ ਹੋਵੇਗਾ।

ਨੈਸ਼ਨਲ ਇਲੈਕਸ਼ਨ ਵਾਚ ਦੇ ਅਧਿਐਨ 'ਚ ਹਾਲਾਂਕਿ ਕਈ ਅਜਿਹੇ ਸਾਂਸਦਾਂ ਦੇ ਬਿਉਰੇ ਸ਼ਾਮਲ ਹਨ ਜਿਨ੍ਹਾਂ ਦੀ ਜਾਇਦਾਦ ਦਾ ਮੁੱਲ ਵਧਣ ਦੀ ਬਜਾਏ ਘਟਿਆ ਹੈ। ਇਨ੍ਹਾਂ ਵਿਚ ਕਰਨਾਟਕ ਦੇ ਕਾਂਗਰਸੀ ਉਮੀਦਵਾਰ ਐਸ ਬੰਗਾ ਰੱਪ ਪਹਿਲੇ ਨੰਬਰ 'ਤੇ ਹਨ। ਉਨ੍ਹਾਂ ਦੀ ਜਾਇਦਾਦ ਦਾ ਮੁੱਲ 33302318 ਰੁਪਏ ਤੋਂ ਘੱਟ ਕੇ 6754817 ਰੁਪਏ ਹੋ ਗਿਆ। ਯਾਨੀ ਉਨ੍ਹਾਂ ਦੀ ਜਾਇਦਾਦ 'ਚ ਘਾਟਾ 80 ਫੀਸਦੀ ਹੋਇਆ।

(ਸਰੋਤ ਨਵਭਾਰਤ ਟਾਈਮਜ਼ 5 ਮਈ 2009)

# ਯੂ. ਪੀ. ਏ. ਅਤੇ ਐਨ. ਡੀ. ਏ. ਸਾਮਰਾਜ ਦੇ ਚਾਕਰ ਹਨ

ਅਮਰੀਕਾ ਦੇ ਸਤਾ ਕੇਂਦਰ ਵਾਸ਼ਿੰਗਟਨ 'ਚ ਬਦਲਾਅ ਆ ਗਿਆ ਹੈ। ਬੁਸ਼ ਚਲੇ ਗਏ ਅਤੇ ਓਬਾਮਾ ਆ ਗਏ ਪਰ ਬੁਸ਼ ਪ੍ਰਸਾਸ਼ਨ ਵੱਲੋਂ ਦੱਖਣੀ ਏਸ਼ੀਆ ਨੂੰ ਅਸਥਿਰ ਕਰਨ ਦਾ ਜੋ ਅਮਲ ਸ਼ੁਰੂ ਕੀਤਾ ਗਿਆ ਸੀ, ਉਸ 'ਚ ਰਫ਼ਤਾਰ 'ਚ ਭੋਰਾ ਭਰ ਵੀ ਕਮੀਂ ਨਹੀਂ ਆਈ ਹੈ। ਇਸ ਦੇ ਉਲਟ ਇਹ ਅਮਲ ਤੇਜ਼ ਹੋਇਆ ਹੈ ਅਤੇ ਇਸ ਨੇ ਪੂਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਸਾਰਕ ਦੇ ਨਵੇਂ ਮੈਂਬਰ ਅਫਗਾਨਿਸਤਾਨ ਤੋਂ ਲੈ ਕੇ ਸ੍ਰੀ ਲੰਕਾ ਅਤੇ ਬੰਗਲਾ ਦੇਸ਼ ਤੱਕ ਦੀਆਂ ਘਟਨਾਵਾਂ ਅਤੇ ਪਾਕਿਸਤਾਨ ਤੇ ਭਾਰਤ 'ਚ ਕਟੜਪੰਥੀਆਂ ਦੀ ਮਜ਼ਬੂਤ ਹੁੰਦੀ ਪਕੜ ਬੁਸ਼ ਪ੍ਰਸਾਸ਼ਨ ਦੀ ਵਿਚਾਰਧਾਰਾ ਤਹਿਤ ਦਿੱਤੀ ਗਈ ਹੱਲਾਸ਼ੇਰੀ ਦਾ ਸਿੱਟਾ ਹੈ। 11 ਸਤੰਬਰ ਨੂੰ ਅਮਰੀਕਾ 'ਚ ਹਵਾਈ ਜਹਾਜ਼ਾਂ ਨਾਲ ਹੋਏ ਹਮਲੇ ਨੂੰ ਬਹਾਨਾ ਬਣਾ ਕੇ ਛੇੜਿਆ ਗਿਆ ਅੱਤਵਾਦ ਵਿਰੁੱਧ ਯੁੱਧ ਅਮਲ 'ਚ ਇਕ ਸੋਚੀ ਸਮਝੀ ਚਾਲ ਸੀ। ਇਸ ਐਲਾਨ ਪਿੱਛੇ ਇਕੀਵੀਂ ਸਦੀ ਨੂੰ ਅਮਰੀਕੀ ਸਦੀ 'ਚ ਬਦਲ ਦੇਣ ਦੀ ਯਾਨੀ ਦੁਨੀਆਂ 'ਤੇ ਇਕ ਤਰਫਾ ਦਾਬੇ ਦੀ ਲਾਲਸਾ ਛੁਪੀ ਸੀ। ਜਿਵੇਂ ਕਿ ਨਵ-ਅਨੁਦਾਰਵਾਦੀ ਚਾਹੁੰਦੇ ਸਨ। ਉਨ੍ਹਾਂ ਨੇ ਆਪਣੀ ਇਸ ਯੋਜਨਾ ਲਈ ਭਾਰਤ 'ਚ ਭਾਜਪਾ ਦੀ ਅਗਵਾਈ ਵਾਲੇ ਰਾਜਗ ਦੀ ਹਕੂਮਤ ਸਮੇਂ ਸੰਘ ਪਰਿਵਾਰ ਵਜੋਂ ਇਕ ਵਿਕਸਤ ਸਹਿਯੋਗੀ ਮਿਲ ਗਿਆ ਸੀ ਜੋ ਇਸਲਾਮ ਅੱਤਵਾਦ ਵਿਰੁੱਧ ਲੜਨ ਲਈ ਵਿਚਾਰਧਾਰਕ ਤੌਰ 'ਤੇ ਵਚਨਬੱਧ ਸੀ। ਕਾਂਗਰਸ ਤੇ ਹਕੂਮਤੀ ਜਮਾਤ ਦੀਆਂ ਹੋਰ ਪਾਰਟੀਆਂ ਵੀ ਇਸ ਦੀ ਪੈਰਵੀ ਕਰ ਰਹੀਆਂ ਸਨ। ਬੁਸ਼ ਨੇ ਇਹ ਐਲਾਨ ਕੀਤਾ ਸੀ ਕਿ ਜਾਂ ਤਾਂ ਸਾਡੇ ਨਾਲ ਹੋਵੋ "ਜਾਂ ਅੱਤਵਾਦੀਆਂ ਨਾਲ।" ਭਾਜਪਾ ਦੀ ਅਗਵਾਈ ਵਾਲੀ ਰਾਜਗ ਦੀ ਹਕੂਮਤ ਸਮੇਂ ਭਾਰਤ ਨੇ ਇਸ ਐਲਾਨ ਦਾ ਉਤਸ਼ਾਹ ਨਾਲ ਸੁਆਗਤ ਕੀਤਾ ਸੀ। 1947 ਦੀ ਸੱਤਾ ਬਦਲੀ ਪਿੱਛੋਂ ਭਾਰਤ ਨੇ ਮੁਕਾਬਲਾਤਨ ਪ੍ਰਗਤੀਸ਼ੀਲ ਵਿਦੇਸ਼ ਨੀਤੀ 'ਤੇ ਅਮਲ ਕੀਤਾ ਸੀ। ਰਾਜਗ ਸਰਕਾਰ ਨੇ ਜਾਣ ਬੁੱਝ ਕੇ ਇਸ ਵਿਦੇਸ਼ ਨੀਤੀ ਤੋਂ ਵੱਖ ਹੋ ਕੇ ਚਲਣਾ ਸ਼ੁਰੂ ਕੀਤਾ ਅਤੇ ਕੌਮੀ ਹਿੱਤਾਂ ਨੂੰ ਅਮਰੀਕੀ ਯੁੱਧ ਯੋਜਨਾ ਦੇ ਅਧੀਨ ਕਰ ਦਿੱਤਾ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਐਲਾਨ ਕੀਤਾ ਕਿ ਭਾਰਤ ਅਤੇ ਅਮਰੀਕਾ ਸੁਭਾਵਿਕ ਦੋਸਤ ਹਨ। ਭਾਰਤ ਦੀ ਵਿਦੇਸ਼ ਨੀਤੀ 'ਚ ਜੋ ਵੀ ਅਗਾਂਹ ਵਧੂ ਤੱਤ ਹਨ ਉਨ੍ਹਾਂ ਨੂੰ ਖਤਮ ਕਰਨ ਲਈ ਵਾਜਪਾਈ ਸਰਕਾਰ ਨੇ ਭਾਰਤ-ਅਮਰੀਕਾ ਇਜ਼ਰਾਇਲ ਸਬੰਧਾਂ ਨੂੰ ਮਜ਼ਬੂਤ ਕੀਤਾ। ਇਹੀ ਕਾਰਨ ਸੀ ਕਿ ਜਦ ਅਮਰੀਕੀ ਰਾਜਦੂਤ ਰਾਬਰਟ ਬਲੈਕ ਵਿਲ 2003 'ਚ ਆਪਣੇ ਅਹੁਦੇ ਤੋਂ ਜੁਦਾ ਹੋ ਰਹੇ ਸਨ ਤਾਂ ਉਨ੍ਹਾਂ ਨੇ ਦੰਭ ਦੇ ਨਾਲ ਕਿਹਾ ਸੀ ਕਿ ਸਾਡਾ ਰਣਨੀਤਕ ਉਦੇਸ਼ ਇਹ ਹੈ ਕਿ ਇਕ ਐਸੀ ਭਾਰਤੀ ਸੈਨਾ ਹੋਵੇ ਜੋ ਅਮਰੀਕੀ ਸੈਨਾ ਦੇ ਨਾਲ ਖੜ੍ਹੀ ਹੋ ਕੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੇ ਸਮਰਥ ਹੋਵੇ। ਉਨ੍ਹਾਂ ਕਿਹਾ ਸੀ, "ਸਾਡੇ ਰੱਖਿਆ ਸਹਿਯੋਗ ਤੇ ਫੌਜੀ ਸਮੱਗਰੀ ਦੀ ਵਿਕਰੀ ਦੀਆਂ ਕਾਰਵਾਈਆਂ ਦੋਨੋ ਫੌਜਾਂ ਵਿਚਾਲੇ ਸਬੰਧਾਂ ਨੂੰ ਵਧਾਏਗੀ। ਭਵਿੱਖ ਦੀਆਂ ਸਾਂਝੀਆਂ ਫੌਜੀ ਮੁਹਿੰਮਾਂ ਲਈ ਆਪਸੀ ਸਹਿਯੋਗ ਦੀ ਸਥਿਤੀ ਦੀ ਉਸਾਰੀ ਕਰੇਗੀ ਅਤੇ ਭਾਰਤ ਦੀ ਫੌਜੀ ਸ਼ਕਤੀ ਨੂੰ ਮਜ਼ਬੂਤ ਕਰੇਗੀ ਜੋ ਕਿ ਅਮਰੀਕਾ ਦੇ ਹਿੱਤ ਵਿਚ ਹੈ। ... ਐਸੀ ਇਕ ਭਾਰਤੀ ਫੌਜ ਜੋ ਅਮਰੀਕੀ ਫੌਜ ਦੇ ਲਾਗੇ ਖੜ੍ਹੀ ਹੋ ਕੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਿਚ ਸਮਰਥ ਹੋਵੇ, ਸਾਡੇ

ਦੁਪਾਸੜ ਫੌਜੀ ਸਬੰਧਾਂ ਦਾ ਇਕ ਮਹੱਤਵਪੂਰਨ ਉਦੇਸ਼ ਰਿਹਾ ਹੈ। ਇਸ ਦਿਸ਼ਾ 'ਚ 2007 ਤੋਂ ਲੈ ਕੇ ਹੁਣ ਤੱਕ ਅਸੀਂ ਜੋ ਹਾਸਲ ਕੀਤਾ ਹੈ ਉਸ ਨਾਲ ਇਕ ਮਜ਼ਬੂਤ ਅਧਾਰ ਬਣਿਆ ਹੈ ਜੋ ਪੂਰੇ ਏਸ਼ੀਆ ਵਿਚ ਅਤੇ ਉਸ ਤੋਂ ਅੱਗੇ ਅਮਨ ਤੇ ਅਜ਼ਾਦੀ ਨੂੰ ਉਤਸ਼ਾਹਿਤ ਕਰੇਗਾ।" ਇਸ ਪਿੱਛੋਂ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਸੱਤਾ 'ਚ ਆਈ ਜਿਸ ਨੂੰ ਖੱਬੇ ਮੋਰਚੇ ਨੇ ਹਮਾਇਤ ਦਿੱਤੀ ਸੀ। ਜੇ ਇਸ ਸਰਕਾਰ ਨੇ ਵੀ ਅਮਰੀਕੀ ਹਿੱਤਾਂ ਦੇ ਸਾਹਮਣੇ ਨਵ-ਬਸਤੀਵਾਦੀ ਗੋਡੇ ਟੇਕਣ ਦੇ ਅਮਲ ਨੂੰ ਉਲਟਾਇਆ ਨਹੀਂ। ਇਸ ਦੇ ਉਲਟ, "ਇਸ ਉਦੇਸ਼ ਨੂੰ ਪੂਰੀ ਤਰ੍ਹਾਂ ਹਾਸਲ ਕਰਨ ਲਈ" ਜਿਵੇਂ ਕਿ ਬਲੈਕ ਵਿਲ ਨੇ ਅਗਾਊਂ ਅੰਦਾਜ਼ਾ ਲਾਇਆ ਸੀ, 20 ਜੁਲਾਈ 2005 ਨੂੰ ਉਸ ਵੇਲੇ ਦੇ ਰੱਖਿਆ ਮੰਤਰੀ ਪ੍ਰਣਬ ਮੁਖਰਜੀ ਤੇ ਅਮਰੀਕੀ ਰਖਿਆ ਸਕੱਤਰ ਡੋਨਾਲਡ ਅਸਫੀਲਡ ਨੇ ਇਕ ਸਮਝੌਤੇ 'ਤੇ ਦਸਖਤ ਕੀਤੇ ਜਿਸ ਨੂੰ ਅਗਲੇ ਦਸ ਸਾਲਾਂ ਲਈ ਅਮਰੀਕਾ-ਭਾਰਤ ਰੱਖਿਆ ਸਹਿਯੋਗ ਦੀ ਨਵੀਂ ਚੌਖੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਬਾਰੇ ਜੋਰ ਦੇ ਕੇ ਕਿਹਾ ਗਿਆ ਕਿ ਇਹ ਬਹੁਕੌਮੀ ਕਾਰਵਾਈਆਂ ਦੇ ਨਾਲ ਨਾਲ ਸਾਂਝੀਆਂ ਫੌਜੀ ਮਸ਼ਕਾਂ ਤੇ ਆਪਸੀ ਵਟਾਂਦਰੇ ਰਾਹੀਂ ਵਿਆਪਕ ਦੋ ਧਿਰੀ ਰਾਜਸੀ ਸਾਂਝਦਾਰੀ ਦਾ ਹਿੱਸਾ ਹੋਵੇਗਾ ਅਤੇ ਉਸ ਨੂੰ ਮਜ਼ਬੂਤ ਬਣਾਵੇਗਾ। ਇਸ ਦੇ ਵੀਹ ਦਿਨਾਂ ਪਿੱਛੋਂ ਮਨਮੋਹਨ ਸਿੰਘ ਨੇ ਜਾਰਜ ਬੁਸ਼ ਦੇ ਨਾਲ ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਲਈ ਸਹਿਮਤੀ ਪੱਤਰ 'ਤੇ ਦਸਖਤ ਕੀਤੇ। ਇਸ ਤਰ੍ਹਾਂ 'ਰਾਜਸੀ ਗਠਜੋੜ' ਦਾ ਨਵੇਂ ਨਵੇਂ ਖੇਤਰਾਂ 'ਚ ਵਿਸਥਾਰ ਹੁੰਦਾ ਗਿਆ। ਸੰਖੇਪ 'ਚ ਕਿਹਾ ਜਾਵੇ ਤਾਂ ਯੂ. ਪੀ. ਏ. ਦੇ ਰਾਜ ਭਾਗ 'ਚ "ਅਮਰੀਕੀ ਉਦੇਸ਼ ਨੂੰ ਅੱਗੇ ਵਧਾਉਣ ਲਈ ਰਾਜਸੀ ਮੌਕਾ" ਮੁਹਈਆ ਕਰਦੇ ਹੋਇਆਂ ਭਾਰਤ ਨਵ-ਬਸਤੀਵਾਦੀ ਗੁਲਾਮੀ 'ਚ ਹੋਰ ਜਕੜਦਾ ਗਿਆ।

ਸਾਲ 2002 'ਚ ਅਮਰੀਕਾ ਨੇ ਐਲਾਨ ਕੀਤਾ ਸੀ ਕਿ "11 ਸਤੰਬਰ ਦੀ ਘਟਨਾ ਨੇ ਦੱਖਣੀ ਏਸ਼ੀਆਂ ਨੂੰ ਅੱਤਵਾਦ ਨਾਲ ਸੰਸਾਰ ਜੰਗ ਦੀ ਮੂਹਰਲੀ ਕਤਾਰ 'ਚ ਲਿਆ ਖੜ੍ਹਾ ਕੀਤਾ ਹੈ।" ਇਸ ਤਰ੍ਹਾਂ ਅਹੁਦਾ ਸੰਭਾਲਣ ਤੋਂ ਤੁਰੰਤ ਪਿੱਛੋਂ ਓਬਾਮਾ ਨੇ ਕਿਹਾ, "ਅੱਤਵਾਦ ਖਿਲਾਫ਼ ਅਮਰੀਕਾ ਦੀ ਜੰਗ 'ਚ ਅਫਗਾਨਿਸਤਾਨ ਤੇ ਪਾਕਿਸਤਾਨ ਕੇਂਦਰੀ ਮੋਰਚੇ ਹਨ.....।" ਦੱਖਣੀ ਏਸ਼ੀਆ "ਅੱਤਵਾਦ ਤੇ ਖਾੜਕੂਪੁਣੇ ਖਿਲਾਫ ਸਾਡੇ ਜਾਰੀ ਸੰਘਰਸ਼ ਦਾ ਕੇਂਦਰੀ ਮੋਰਚਾ ਹੈ।" ਇਸ ਤਰ੍ਹਾਂ "ਅੱਤਵਾਦ ਅਤੇ ਵਿਸ਼ਵ ਪਹੁੰਚ ਰੱਖਣ ਵਾਲੇ ਅੱਤਵਾਦੀ ਗੁਟਾਂ ਖਿਲਾਫ" ਜਾਰਜ ਬੁਸ਼ ਦੀ ਹਕੂਮਤ 'ਚ ਸ਼ੁਰੂ ਕੀਤੀ ਗਈ ਵਿਨਾਸ਼ਕਾਰੀ ਮੁਹਿੰਮ ਓਬਾਮਾ ਦੇ ਰਾਜ 'ਚ ਹੋਰ ਤੇਜ ਹੋ ਗਈ ਹੈ। ਜਿਸ ਦਾ ਦੱਖਣੀ ਤੇ ਪੱਛਮੀ ਏਸ਼ੀਆ ਦੇ ਦੇਸ਼ਾਂ 'ਚ ਤਬਾਹੀ ਮਚਾਉਣ ਵਾਲਾ ਸਿੱਟਾ ਹੋ ਸਕਦਾ ਹੈ। ਅਫਗਾਨਿਸਤਾਨ 'ਤੇ ਜੋ ਨਜਾਇਜ਼ ਜੰਗ ਠੋਸੀ ਗਈ ਸੀ ਅਤੇ ਉਸ 'ਤੇ ਅੱਜ ਵੀ ਜੋ ਕਬਜਾ ਜਗ੍ਹਾ ਕੇ ਰੱਖਿਆ ਹੋਇਆ, ਉਸ ਨੂੰ ਵਾਜ ਬੀਅਤ ਮੁਹਈਆ ਕਰਾਉਣ ਲਈ ਸਾਲ 2007 'ਚ ਰਵਾਇਤੀ ਤੌਰ 'ਤੇ ਸਾਰਕ ਦਾ ਮੈਂਬਰ ਬਣਾਇਆ ਗਿਆ। ਇਸ ਤੋਂ ਇਲਾਵਾ ਅਫਗਾਨਿਸਤਾਨ 'ਚ ਅਤੇ ਅਫਗਾਨ ਪਾਕਿ-ਸੀਮਾ 'ਤੇ ਨਾਟੋ ਫੌਜ ਭੇਜੀ ਗਈ ਜਿਸ ਨਾਲ ਦੱਖਣੀ ਏਸ਼ੀਆ ਦੇ ਦੇਸ਼ਾਂ 'ਚ ਇਸ ਦੀ ਦਖ਼ਲ ਅੰਦਾਜ਼ੀ ਦਾ ਖ਼ਤਰਾ ਵਧ ਗਿਆ ਹੈ। ਦੂਜੀ ਸੰਸਾਰ ਜੰਗ ਪਿੱਛੋਂ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀਆਂ ਨੇ ਨਵ-ਬਸਤੀਵਾਦੀਕਰਣ ਦੀ ਰਣਨੀਤੀ ਤਿਆਰ ਕੀਤੀ ਸੀ ਜਿਸ ਦੇ ਤਹਿਤ ਪੱਛਮੀ ਏਸ਼ੀਆ ਦੇ ਦੇਸ਼ਾਂ 'ਚ ਇਸ ਦੀ ਦਖ਼ਲ ਅੰਦਾਜ਼ੀ ਦਾ

ਖਤਰਾ ਹੋਰ ਵਧ ਗਿਆ ਹੈ। ਦੂਜੀ ਸੰਸਾਰ ਜੰਗ ਪਿੱਛੋਂ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀਆਂ ਨੇ ਨਵ-ਬਸਤੀਵਾਦੀਕਰਨ ਦੀ ਰਣਨੀਤੀ ਤਿਆਰ ਕੀਤੀ ਸੀ ਜਿਸ ਦੇ ਤਹਿਤ ਪੱਛਮੀ ਏਸ਼ੀਆ 'ਚ ਯਹੂਦੀ ਫਾਸ਼ੀਵਾਦੀਆਂ ਕੁਚਲਿਆ ਗਿਆ ਤੇ ਇਸ ਤਰ੍ਹਾਂ ਅੱਤਵਾਦ ਦੇ ਨਾਂ 'ਤੇ ਪੈਰ ਪਸਾਰਕੇ ਇਜ਼ਰਾਇਲ ਦੀ ਰਚਨਾ ਕੀਤੀ ਗਈ। ਇਸ ਤੋਂ ਪਿੱਛੋਂ 1970 ਦੇ ਦਹਾਕੇ 'ਚ ਅਫਗਾਨਿਸਤਾਨ ਤੋਂ ਸੋਵੀਅਤ ਸੰਘ ਦੀਆਂ ਫੌਜਾਂ ਨੂੰ ਖਦੇੜਨ ਦੇ ਨਾਂ 'ਤੇ ਮੁਜਾਹ ਦੀਨਾ ਨੂੰ ਸਾਰੇ ਕਿਸਮ ਦੀ ਮਦਦ ਦਿੱਤੀ ਤੇ ਉਸ ਨੂੰ ਦਹਿਸ਼ਤੀ ਸ਼ੈਲੀ 'ਚ ਸਿਖਲਾਈ ਦਿੱਤੀ ਗਈ। ਇਨ੍ਹਾਂ ਮੁਜਾਹ ਦੀਨਾ ਤੋਂ ਅੱਗੇ ਚਲ ਕੇ ਤਾਲਿਬਾਨ ਤੇ ਅਲਕਾਇਦਾ ਵਰਗੀਆਂ ਤਾਕਤਾਂ ਦਾ ਜਨਮ ਹੋਇਆ।

ਅੱਜ 'ਅੱਤਵਾਦ ਨਾਲ ਜੰਗ' ਦੇ ਐਲਾਨ ਨਾਲ ਅਮਰੀਕੀ ਸਾਮਰਾਜ ਦੀ ਜ਼ਹਿਰੀਲੀ-ਨਵ ਬਸਤੀਵਾਦੀ ਰਣਨੀਤੀ ਪੂਰੀ ਤਰ੍ਹਾਂ ਵਿਕਸਤ ਹੋ ਚੁੱਕੀ ਹੈ ਅਤੇ ਇਹ ਦੱਖਣੀ ਤੇ ਪੱਛਮੀ ਏਸ਼ੀਆ ਨੂੰ ਪੂਰੀ ਤਰ੍ਹਾਂ ਆਪਣੇ ਨਾਗਵਾਲ 'ਚ ਜਕੜ ਚੁੱਕੀ ਹੈ। ਅੱਜ ਪੂਰਾ ਦੱਖਣ-ਪੱਛਮੀ ਏਸ਼ੀਆ ਅਸਥਿਰਤਾ ਦਾ ਸ਼ਿਕਾਰ ਹੋ ਚੁੱਕਿਆ ਹੈ। ਅਮਰੀਕੀ ਸਾਮਰਾਜ ਦੇ ਨਾਲ "ਰਣਨੀਤਕ ਗਠਜੋੜ" ਬਣਾ ਕੇ ਰਾਜਗ ਸਰਕਾਰ ਤੇ ਉਸ ਪਿੱਛੋਂ ਯੂ. ਪੀ. ਏ. ਸਰਕਾਰ ਨੇ ਸਾਡੇ ਦੇਸ਼ ਨੂੰ ਇਸ ਖਤਰਨਾਕ ਜਾਲ 'ਚ ਫਸਾ ਦਿੱਤਾ ਹੈ। ਦਲਾਲ ਹਾਕਮ ਜਮਾਤ ਇਕ ਪੂਰੀ ਤਰ੍ਹਾਂ ਦਲਾਲ ਨੌਕਰਸ਼ਾਹੀ ਰਾਹੀਂ ਇਸ ਘ੍ਰਿਣਿਤ ਕੰਮ ਨੂੰ ਅੰਜਾਮ ਦੇ ਰਹੇ ਹਨ। ਇਨ੍ਹਾਂ ਨੇ ਭਾਰਤੀ ਵਿਦੇਸ਼ ਨੀਤੀ 'ਚ ਜੋ ਵੀ ਪ੍ਰਗਤੀਸ਼ੀਲ ਪਹਿਲੂ ਸਨ ਅਤੇ ਦੇਸ਼ ਦੇ ਜੋ ਵੀ ਬਚੀ ਖੁਚੀ ਖੁਦ ਮੁਖਤਿਆਰੀ ਸੀ, ਉਸ ਨੂੰ ਖਤਮ ਕਰ ਦਿੱਤਾ ਹੈ। ਅੱਜ ਸਾਡੇ ਦੇਸ਼ ਦੇ ਨੌਕਰਸ਼ਾਹ ਅਮਰੀਕੀ ਸਾਮਰਾਜੀਆਂ ਦੀ ਸੇਵਾ ਕਰਦੇ ਹੁੰਦੇ ਸਨ ਜਿਵੇਂ ਕਿ ਇਨ੍ਹਾਂ ਦੇ ਪੂਰਵਜ ਬ੍ਰਿਟਿਸ਼ ਬਸਤੀਵਾਦੀਆਂ ਦੀ ਸੇਵਾ ਕਰਦੇ ਹੁੰਦੇ ਸਨ। ਜਿਸ ਤਰ੍ਹਾਂ ਉਹ ਜੰਮੂ ਕਸ਼ਮੀਰ ਦੀ ਸਮੱਸਿਆ ਦੇ ਰਾਜਸੀ ਹੱਲ ਦੇ ਰਾਹ 'ਚ ਰੋੜੇ ਅਟਕਾ ਰਹੇ ਹਨ, ਉਸ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ। ਜਦ ਕਿ ਪਾਕਿਸਤਾਨ ਵਿਚ ਸਬੰਧ ਸੁਧਾਰਨ ਲਈ ਅਤੇ ਅੱਤਵਾਦ ਮਿਟਾਉਣ ਲਈ ਕਸ਼ਮੀਰ ਸਮੱਸਿਆ ਦਾ ਰਾਜਸੀ ਹੱਲ ਇਕ ਮਹੱਤਵਪੂਰਨ ਕਦਮ ਹੈ। ਜਦ ਅਮਰੀਕਾ ਨੇ 'ਅੱਤਵਾਦ ਨਾਲ ਯੁੱਧ' ਦਾ ਐਲਾਨ ਕੀਤਾ ਤਾਂ ਭਾਰਤ ਦੇ ਹਕੂਮਤੀ ਪ੍ਰਬੰਧ ਨੇ ਇਸ ਉਮੀਦ ਨਾਲ ਫੌਰਨ ਇਸ ਨਾਹਰੇ ਨੂੰ ਅਪਣਾ ਲਿਆ ਕਿ ਅਮਰੀਕਾ ਕਸ਼ਮੀਰ ਦੀਆਂ ਘਟਨਾਵਾਂ ਨੂੰ 'ਸੀਮਾ ਪਾਰ ਤੋਂ ਅੱਤਵਾਦ' ਵਜੋਂ ਵੇਖੇਗਾ। ਦੂਜੇ ਪਾਸੇ ਪਾਕਿਸਤਾਨ ਚਾਹੁੰਦਾ ਸੀ ਕਿ ਅਫਗਾਨਿਸਤਾਨ 'ਚ 'ਅੱਤਵਾਦ ਨਾਲ ਯੁੱਧ' 'ਚ ਪੂਰੀ ਤਰ੍ਹਾਂ ਸ਼ਾਮਲ ਹੋਣ ਲਈ ਅਮਰੀਕਾ ਕਸ਼ਮੀਰ ਦੇ 'ਮੁਕਤੀ ਸੰਘਰਸ਼' 'ਚ ਉਸ ਦੀ ਮਦਦ ਕਰੇ। ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਦੇ ਇਸ ਆਪਸੀ ਵਿਰੋਧੀ ਸਵਾਰਥਾਂ ਦੀ ਚਤੁਰਾਈ ਨਾਲ ਵਰਤੋਂ ਕੀਤੀ। ਉਸ ਨੇ ਤਣਾਅ ਨੂੰ ਬਣਾਈ ਰੱਖਿਆ। ਖਿੱਤੇ 'ਚ ਫੌਜੀ ਕਰਣ ਨੂੰ ਹੱਲਾਸ਼ੇਰੀ ਦਿੱਤੀ। ਇਸ ਤਰ੍ਹਾਂ 'ਸੀਮਾ ਪਾਰ ਤੋਂ ਅੱਤਵਾਦ' ਅਤੇ 26 ਅਕਤੂਬਰ ਦੇ ਮੁੰਬਈ ਹਮਲਿਆਂ 'ਚ ਪਾਕਿਸਤਾਨ ਦੀ ਸ਼ਮੂਲੀਅਤ ਬਾਰੇ ਸ਼ੋਰ ਮਚਾਉਣ ਦੇ ਬਾਵਜੂਦ ਭਾਰਤੀ ਹਾਕਮ ਚਾਹੇ ਉਹ ਯੂ. ਪੀ. ਏ. ਹੋਵੇ ਜਾਂ ਐਨ. ਡੀ. ਏ. ਇਸ ਦੇ ਬੁਨਿਆਦੀ ਕਰਨ ਕਸ਼ਮੀਰ ਸਮੱਸਿਆ ਦੇ ਰਾਜਸੀ ਹੱਲ 'ਚ ਬਿਲਕੁਲ ਹੀ ਰੁਚੀ ਨਹੀਂ ਰੱਖਦੇ ਹਨ। ਉਨ੍ਹਾਂ ਲਈ ਉਹ ਇਕ 'ਪਵਿੱਤਰ ਗਾਂ' ਵਰਗੀ ਹੈ।

ਭਾਰਤੀ ਹਾਕਮ ਦੇ ਇਸ ਰੁਖ ਨਾਲ ਪਾਕਿਸਤਾਨ ਨੂੰ ਹਮੇਸ਼ਾ ਲਈ ਅਸਥਿਰ ਬਣਾਈ ਰੱਖਣ 'ਚ ਅਮਰੀਕਾ ਨੂੰ ਮਦਦ ਮਿਲ ਰਹੀ ਹੈ। 1947 ਤੋਂ ਹੀ ਉਹ ਅਜਿਹਾ

ਕਰਨ ’ਚ ਸਫਲ ਰਹੇ ਹਨ। ਪਰ 2007 ’ਚ ਜਨਰਲ ਮੁਸ਼ੱਰਫ ਨੂੰ ਵਰਦੀ ਛੱਡਣ ਲਈ ਮਜ਼ਬੂਰ ਹੋਣਾ, ਫੌਜ ਨੂੰ ਆਪਣੇ ਪੈਰ ਪਿੱਛੇ ਖਿੱਚਣ ਲਈ ਮਜ਼ਬੂਰ ਹੋਣਾ ਅਤੇ 2008 ਦੇ ਸ਼ੁਰੂ ’ਚ ਹੋਈਆਂ ਚੋਣਾਂ ’ਚ ਹੇਰਾਫੇਰੀ ਕਰਨ ਤੋਂ ਇਨਕਾਰ ਕਰ ਦੇਣਾ, ਮੁਸ਼ੱਰਫ ਦੀ ਪਾਰਟੀ ਦੀ ਕਰਾਰੀ ਹਾਰ ਅਗਸਤ 2008 ’ਚ ਮੁਸ਼ੱਰਫ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾਇਆ ਜਾਣਾ ਪਾਕਿਸਤਾਨ ਪੀਪਲਜ਼ ਪਾਰਟੀ ਤੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਗੱਠਜੋੜ ਸਰਕਾਰ ਦਾ ਬਣਨਾ ਅਤੇ ਹੁਣ ਰਾਸ਼ਟਰਪਤੀ ਜ਼ਰਦਾਰੀ ਨੂੰ ਬਰਖਾਸਤ  ਮੁੱਖ ਜੱਜ ਇਫਤਿਖਾਰ ਚੌਧਰੀ ਨੂੰ ਬਹਾਲ ਕਰਨ ਲਈ ਮਜ਼ਬੂਰ ਹੋਣਾ ਪਿਆ। ਇਹ ਪਾਕਿਸਤਾਨ ਦੀਆਂ ਤਾਜੀਆਂ ਘਟਨਾਵਾਂ ਹਨ ਜਿਸ ਨਾਲ ਅਮਰੀਕੀ ਪ੍ਰਸਾਸ਼ਨ ਨੂੰ ਅਸਲ ਵਿਚ ਚੋਟ ਪੁੱਜੀ ਹੈ। ਇਹ ਨਵੇਂ ਓਬਾਮਾ ਪ੍ਰਸਾਸ਼ਣ ਲਈ ਚੋਟ ਹੈ ਜਿਸ ਨੇ ਅਫਗਾਨਿਸਤਾਨ ’ਚ ਹੋਰ ਵੀ ਅਮਰੀਕੀ ਫੌਜ ਭੇਜਣ ਦਾ ਐਲਾਨ ਕੀਤਾ ਹੈ ਅਤੇ ਜਿਸ ਨੇ ਅਲਕਾਇਦਾ ਦੇ ਅੱਡਿਆਂ ਨੂੰ ਨਸ਼ਟ ਕਰਨ ਦੇ ਨਾਂ ’ਤੇ ਪਾਕਿਸਤਾਨੀ ਸਰਹੱਦ ’ਚ ਹਵਾਈ ਹਮਲਿਆਂ ਨੂੰ ਤੇਜ਼ ਕਰ ਦਿੱਤਾ ਹੈ। ਸ੍ਰੀਲੰਕਾ ਦੇ ਕ੍ਰਿਕਟ ਖਿਡਾਰੀਆਂ ’ਤੇ ਹੋਏ ਦਹਿਸ਼ਤਗਰਦੀ ਹਮਲੇ ਨੂੰ ਵੀ ਇਸ ਪ੍ਰਸੰਗ ’ਚ ਵੇਖਿਆ ਜਾਣਾ ਚਾਹੀਦਾ ਹੈ। ਅਮਰੀਕਾ ਪਾਕਿਸਤਾਨ ਨੂੰ ਫੌਜੀਕ੍ਰਿਤ ਵੰਡਿਆ ਹੋਇਆ, ਅਸਥਿਰ ਤੇ ਆਪਣੇ ਪੂਰੇ ਕੰਟਰੋਲ ’ਚ ਰੱਖਣਾ ਚਾਹੁੰਦਾ ਹੈ ਲੋਕ ਇਸ ਦਾ ਪੁਰਜੋਰ ਵਿਰੋਧ ਕਰ ਰਹੇ ਹਨ। ਭਾਰਤੀ ਹਾਕਮ ਪਾਕਿਸਤਾਨ ਅਤੇ ਕਸ਼ਮੀਰ ਦੇ ਸੁਆਲ ’ਤੇ ਜੋ ਕਰ ਰਹੇ ਹਨ, ਉਸ ਨਾਲ ਅਮਰੀਕਾ ਨੂੰ ਹੀ ਮਦਦ ਮਿਲ ਰਹੀ ਹੈ ਅਤੇ ਲੋਕ ਦੇ ਜਮਹੂਰੀ ਅੰਦੋਲਨ ਨੂੰ ਹਰਜਾ ਪਹੁੰਚਾ ਰਹੀ ਹੈ।

ਜਿਥੋਂ ਤੱਕ ਅਫਗਾਨਿਸਤਾਨ ਦਾ ਸਬੰਧ ਹੈ, ਭਾਰਤੀ ਹਾਕਮ ਅਮਰੀਕਾ ਤੇ ਨਾਟੋ ਫੌਜ ਨੂੰ ਹਰ ਤਰ੍ਹਾਂ ਦੀ ਮਦਦ ਦੇਣ ’ਚ ਅੱਗੇ ਹਨ ਅਤੇ ਉਥੋਂ ਦੀ ਕਠਪੁਤਲੀ ਸਰਕਾਰ ਨੂੰ ਵਾਜਬੀਅਤ ਪ੍ਰਦਾਨ ਕਰ ਰਹੇ ਹਨ। ਇਹ ਦੁਨੀਆਂ ਦਾ ਸਭ ਤੋਂ ਵੱਡਾ ਅੱਤਵਾਦੀ ਅਮਰੀਕੀ ਸਾਮਰਾਜ ਹੈ ਜਿਸ ਨੇ 1970 ਦੇ ਦਹਾਕੇ ਵਿਚ ਅਫਗਾਨਿਸਤਾਨ ’ਚ ਦਹਿਸ਼ਤਗਰਦੀ ਨੂੰ ਜਨਮ ਦਿੱਤਾ ਸੀ। ਜੇ ਅਮਰੀਕੀ ਤੇ ਨਾਟੋ ਫੌਜਾਂ ਨੂੰ ਹਟਾ ਲਿਆ ਜਾਂਦਾ ਹੈ ਤੇ ਸਭ ਤਰ੍ਹਾਂ ਦੀ ਬਾਹਰੀ ਦਖਲ ਅੰਦਾਜ਼ੀ ਬੰਦ ਕਰ ਦਿੱਤੀ ਜਾਂਦੀ ਹੈ ਤਾਂ ਜਾ ਕੇ ਹੀ ਅਫਗਾਨਿਸਤਾਨ ਦੀ ਜਨਤਾ ਆਪਣੀਆਂ ਇੱਛਾਵਾਂ ਅਨੁਸਾਰ ਕੰਮ ਕਰ ਸਕੇਗੀ। ਇਸ ਲਈ ਸਾਰੀਆਂ ਜਮਹੂਰੀ ਸ਼ਕਤੀਆਂ ਨੂੰ ਚਾਹੀਦਾ ਹੈ ਕਿ ਉਹ ਅਫਗਾਨਿਸਤਾਨ ਤੋਂ ਕਬਜਾਧਾਰੀ ਫੌਜਾਂ ਦੀ ਵਾਪਸੀ ਅਤੇ ਸਾਰੀ ਬਾਹਰੀ ਦਖ਼ਲ ਅੰਦਾਜ਼ੀ ਬੰਦ ਕਰਨ ਦੀ ਮੰਗ ਕਰਨ। ਅਜਿਹਾ ਕਰਨ ਦੀ ਬਜਾਏ ਅੱਤਵਾਦ ਨਾਲ ਯੁੱਧ ਦੇ ਨਾਂ ’ਤੇ ਭਾਰਤ ਦੀ ਦਲਾਲ ਹਾਕਮ, ਪਾਕਿ ਦੇ ਹਾਕਮਾਂ ਵਾਂਗੂੰ ਉੱਥੇ ਅਮਰੀਕੀ ਅਗਵਾਈ ਵਾਲੀਆਂ ਫ਼ੌਜਾਂ ਨੂੰ ਜੰਗ ਤੇਜ਼ ਕਰਨ ’ਚ ਮੱਦਦ ਕਰ ਰਹੇ ਹਨ। ਇਹ ਦਲਾਲ ਨੀਤੀ ਭਾਰਤ ਦੀ ਜ਼ਮੀਨੀ ’ਤੇ ਵੀ ਅੱਤਵਾਦੀ ਸਰਗਰਮੀਆਂ ਦੇ ਤੇਜ਼ ਹੋਣ ਦੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੈ ਸ੍ਰੀਲੰਕਾ ’ਚ 1970 ਦੇ ਦਹਾਕੇ ਦੇ ਉਤਰਾਅ ’ਚ ਤਾਮਿਲ ਲੋਕਾਂ ਦਾ ਇਕ ਸ਼ਕਤੀਸ਼ਾਲੀ ਲੋਕਤੰਤਰ ਅੰਦੋਲਨ ਫੁਟ ਪਿਆ ਸੀ। ਉਸ ਸਮੇਂ ਭਾਰਤ ਦੇ ਹਾਕਮਾਂ ਨੇ ਜਿਨ੍ਹਾਂ ਨੇ ਕੌਮੀਅਤਾਂ ਨੂੰ ਆਤਮ ਨਿਰਣੇ ਦੇ ਅਧਿਕਾਰ ’ਤੇ ਦੇਸ਼ ਦੀ ਏਕਤਾ ਮਜ਼ਬੂਤ ਕਰਨ ਦੇ ਸਿਧਾਂਤ ਨੂੰ ਕਦੇ ਵੀ ਨਹੀਂ ਮੰਨਿਆ ਹੈ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੀ ਹਕੂਮਤ ’ਚ ਸ੍ਰੀਲੰਕਾ ਤਾਮਿਲਾਂ ਨੂੰ ਸਿਖਲਾਈ ਦਿੱਤੀ ਤੇ ਹਥਿਆਰਾਂ ਨਾਲ ਲੈੱਸ ਕੀਤਾ ਜਿਸ ਦੇ ਦੁਖਦਾਈ ਸਿੱਟੇ ਨਿਕਲੇ। ਜਦ ਉਨ੍ਹਾਂ ਵੱਲੋਂ

ਉਸਾਰਿਆ ਲਿਟੇ ਖੁਦ ਉਨ੍ਹਾਂ ਲਈ ਖਤਰਾ ਬਣ ਗਿਆ ਤਾਂ ਭਾਰਤੀ ਹਾਕਮਾਂ ਨੇ ਉਨ੍ਹਾਂ ਨੂੰ ਕੁਚਲਣ ਲਈ ਭਾਰਤੀ ਸ਼ਾਂਤੀ ਰੱਖਿਆ ਫੌਜ (ਆਈ. ਪੀ. ਕੇ. ਐਫ.) ਭੇਜ ਦਿੱਤੀ। ਸ਼ਰਮਨਾਕ ਹਾਲਤਾਂ 'ਚ ਉਥੋਂ ਵਾਪਸ ਮੁੜਨ ਦੇ ਬਾਵਜੂਦ ਉਨ੍ਹਾਂ ਨੇ ਉਸ ਤੋਂ ਸਿੱਖਿਆ ਗ੍ਰਹਿਣ ਨਹੀਂ ਕੀਤੀ। ਅੱਜ ਵੀ ਜਦ ਸ੍ਰੀਲੰਕਾ ਦੀ ਤਾਮਿਲ ਆਬਾਦੀ ਦੋਹਰੀ ਗੋਲਾਬਾਰੀ 'ਚ ਫਸ ਕੇ ਭਾਰੀ ਕਸ਼ਟ ਸਹਿ ਰਹੀ ਹੈ, ਭਾਰਤ ਸਰਕਾਰ ਸ੍ਰੀਲੰਕਾ ਦੀ ਸਰਕਾਰ ਨੂੰ ਹਥਿਆਰਾਂ ਦੀ ਸਪਲਾਈ ਨਹੀਂ ਰੋਕ ਰਹੀ ਹੈ। ਉਨ੍ਹਾਂ ਦਾ ਤਰਕ ਹੈ ਕਿ ਜੇ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਸ੍ਰੀ ਲੰਕਾ 'ਚ ਪਾਕਿਸਤਾਨ ਦਾ ਪ੍ਰਭਾਵ ਵਧ ਜਾਵੇਗਾ। ਇਸ ਤਰ੍ਹਾਂ ਭਾਰਤ ਦੇ ਹਥਿਆਰਾਂ ਦੀ ਮਾਰ ਸ੍ਰੀ ਲੰਕਾ ਦੇ ਤਾਮਿਲਾਂ 'ਤੇ ਪੈ ਰਹੀ ਹੈ। ਜਿਸ ਤਰ੍ਹਾਂ ਅਮਰੀਕਾ ਤੇ ਭਾਰਤ ਸਰਕਾਰ ਰਾਹੀਂ ਲਿੱਟੇ ਨੂੰ ਮਲੀਆਮੇਟ ਕਰਕੇ ਫ਼ੌਜੀ ਹੱਲ ਕੱਢਣ ਲਈ ਸ਼੍ਰੀਲੰਕਾ ਸਰਕਾਰ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਉਸ ਨਾਲ ਉੱਥੇ ਤਾਮਿਲ ਸਮੱਸਿਆ ਹੋਰ ਗੰਭੀਰ ਰੂਪ ਧਾਰਨ ਕਰੇਗੀ ਅਤੇ ਅੰਦਰੂਨੀ ਕਹਿਰ ਹੋਰ ਤੇਜ ਹੋਵੇਗਾ। 1947 ਪਿੱਛੋਂ ਕਾਂਗਰਸੀ ਸਰਕਾਰਾਂ ਨੇ ਫਿਰਕੂ ਨਜ਼ਰੀਏ ਦੀ ਨੀਤੀ 'ਤੇ ਅਮਲ ਕੀਤਾ ਅਤੇ ਫਿਰਕੂ ਦੰਗਿਆਂ ਨੂੰ ਹੱਲਾਸ਼ੇਰੀ ਦਿੱਤੀ ਜਿਸ ਨਾਲ ਆਮ ਤੌਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਨਾਲ ਦੇਸ਼ 'ਚ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਖਾਈ ਵਧਦੀ ਗਈ। ਕਾਂਗਰਸੀ ਸਰਕਾਰਾਂ ਦੇ ਫਿਰਕੂ ਨਜ਼ਰੀਏ ਕਾਰਨ ਹਿੰਦੂ ਕੱਟੜ ਪੰਥੀ ਤਾਕਤਾਂ ਨੂੰ ਵਧਣ ਫੁਲਣ ਦਾ ਮੌਕਾ ਮਿਲਿਆ। ਸੰਘ ਪਰਿਵਾਰ ਤੇ ਸ਼ਿਵ ਸੈਨਾ ਨੇ ਮੁਸਲਮਾਨਾਂ ਖਿਲਾਫ਼ ਨਫ਼ਰਤ ਫੈਲਾਉਣ ਦੀ ਮੁਹਿੰਮ ਤੇਜ਼ ਕਰ ਦਿੱਤੀ ਜਿਸ ਦਾ ਸਿੱਟਾ ਬਾਬਰੀ ਮਸਜਿਦ ਦੇ ਢਹਿ ਢੇਰੀ ਹੋਣ 'ਚ ਸਾਹਮਣੇ ਆਇਆ। ਇਸ ਪਿੱਛੋਂ ਘੱਟ ਗਿਣਤੀਆਂ 'ਤੇ ਹਮਲੇ ਹੋਰ ਤੇਜ਼ ਹੋ ਗਏ ਇਸ ਕਾਰਨ ਮੁਸਲਿਮ ਕੱਟੜ ਪੰਥੀ ਵੀ ਮਜ਼ਬੂਤ ਹੁੰਦੇ ਗਏ। ਜੋ ਜਿਸ ਰੂਪ 'ਚ ਵੀ ਸੰਭਵ ਹੋਏ ਪਲਟਵਾਰ ਕਰਨ ਲੱਗੇ। ਕਿਉਂਕਿ ਕਸ਼ਮੀਰ ਦੀ ਸਮੱਸਿਆ ਬਣੀ ਰਹੀ ਤੇ ਨਾਲ ਹੀ ਉਸ ਨੂੰ ਫਿਰਕੂ ਰੰਗ ਵੀ ਦਿੱਤਾ ਗਿਆ ਇਸ ਲਈ ਫਿਰਕੂ ਵੰਡ ਦੀ ਖਾਈ ਚੌੜੀ ਹੁੰਦੀ ਗਈ ਅਤੇ ਹਿੰਦੂ-ਮੁਸਲਮਾਨਾਂ ਦੋਨੋ ਕੱਟੜਪੰਥੀ ਵਧਦੇ ਫੁਲਦੇ ਰਹੇ। ਮਹਾਂਰਾਸ਼ਟਰ ਦੇ ਮਾਲੇਗਾਂਵ ਬੰਬ ਵਿਸਫੋਟ ਦੀ ਜਾਂਚ ਨੇ ਸਾਬਤ ਕਰ ਦਿੱਤਾ ਹੈ ਕਿ ਸੰਘ ਪਰਿਵਾਰ ਨਾਲ ਜੁੜੀਆਂ ਜਥੇਬੰਦੀਆਂ ਕਿਸ ਤਰ੍ਹਾਂ ਅੱਤਵਾਦ ਤੇ ਦਹਿਸ਼ਤਗਰਦ ਗੁੱਟਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਬਾਹਰੀ ਏਜੰਸੀਆਂ ਦੀ ਮਦਦ ਨਾਲ ਮੁਸਲਿਮ ਕੱਟੜਪੰਥੀ ਵੀ ਜੁਆਬੀ ਹਮਲੇ ਲਈ ਲਾਮਬੰਦ ਹੋ ਰਹੇ ਹਲ। ਇਸ ਤਰ੍ਹਾਂ ਹਿੰਦੂ ਕੱਟੜ ਪੰਥੀਆਂ ਦਾ ਵਿਕਾਸ ਮੁੱਖ ਕਾਰਨ ਹੈ ਜਿਸ ਨੇ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਨਾਲ ਸਬੰਧਾਂ ਨੂੰ ਤਲਖ ਬਣਾਇਆ ਹੈ। ਇਸ ਹਾਲਾਤ 'ਚ ਬੰਗਾਲ ਦੇਸ਼ ਦੇ ਬਣਨ 'ਚ ਭਾਰਤੀ ਫੌਜ ਵੱਲੋਂ ਦਿੱਤੀ ਮਦਦ ਨੇ ਦੱਖਣੀ ਏਸ਼ੀਆਈ ਦੇਸ਼ਾਂ ਵਿਚਕਾਰ ਫਿਰਕੂ ਵੰਡ ਤੇਜ ਕੀਤੀ।

ਬੰਗਲਾ ਦੇਸ਼ ਦੇ ਮੌਜੂਦਾ ਹਾਲਤਾਂ ਦਾ ਵਿਸਲੇਸ਼ਣ ਕਰਕੇ ਅਸੀਂ ਵੇਖ ਸਕਦੇ ਹਾਂ ਕਿ ਇਸ ਸਮੇਂ ਉੱਥੇ ਬੰਗਾਲੀ ਰਾਸ਼ਟਰਵਾਦ ਭਾਰੀ ਸੀ ਪਰ ਕਾਲਾਂਤਰ ਵਿਚ ਬੰਗਾਲੀ ਕੌਮ ਪ੍ਰਸਤੀ ਦੀ ਥਾਂ ਇਸਲਾਮੀ ਕੱਟੜ ਪੰਥੀ ਮਜ਼ਬੂਤ ਹੁੰਦੇ ਗਏ ਹਨ ਤਾਂ ਇਸ ਪਿੱਛੇ ਭਾਰਤੀ ਹਾਕਮਾਂ ਦੇ ਵੱਡੇ ਭਾਈ ਵਰਗਾ ਬਿਹਾਰ ਅਤੇ ਉਨ੍ਹਾਂ ਦੇ ਫਿਰਕੂ ਰਵਈਏ ਦੀ ਇਸ 'ਚ ਇਕ ਵੱਡੀ ਭੂਮਿਕਾ ਹੈ। ਪਿੱਛੇ ਜਿਹੇ ਹੀ 'ਬੰਗਲਾ ਸੀਮਾ ਸੁਰੱਖਿਆ ਫੌਜ ਦੀ ਬਗਾਵਤ' ਇਸ ਦਾ ਸਿੱਟਾ ਸੀ ਜਿਸ ਦਾ ਸਾਫ਼ ਮਕਸਦ ਸ਼ੇਖ

ਹਸੀਨਾ ਦੀ ਸਰਕਾਰ ਨੂੰ ਅਸਥਿਰ ਬਣਾਉਣਾ ਸੀ ਜੋ ਦਿਨ ਪਹਿਲਾਂ ਹੀ ਭਾਰੀ ਬਹੁਮਤ ਨਾਲ ਜਿੱਤ ਕੇ ਸੱਤਾ ਵਿਚ ਆਈ ਸੀ। 1971 ਵਿਚ ਬੰਗਲਾ ਦੇਸ਼ ਬਣਿਆ ਸੀ। ਉਸ ਸਮੇਂ ਇਸ ਖਿੱਤੇ ਵਿਚ ਫਿਰਕੂ ਮਹੌਲ ਵਿਆਪਕ ਸੀ। ਅਜਿਹੇ ਵਾਤਾਵਰਣ 'ਚ ਸ਼ੇਖ ਮਜੀਬੁ ਰਹਿਮਾਨ ਨੇ ਬੰਗਲਾ ਦੇਸ਼ ਬਣਨ ਦੇ ਫੌਰੀ ਪਿੱਛੋਂ ਹੀ ਇਸਲਾਮੀ ਤਾਕਤਾਂ ਨਾਲ ਸਮਝੌਤਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੇ ਕਤਲ ਪਿੱਛੋਂ ਅਗਲੇ ਰਾਸ਼ਟਰਪਤੀ ਜਿਆਉਰ ਰਹਿਮਾਨ ਨੇ ਬੰਗਲਾ ਦੇਸ਼ ਦੇ ਸੰਵਿਧਾਨ ਨੂੰ ਧਰਮ ਨਿਰਪੱਖ ਦੇ ਰਾਹ ਤੋਂ ਵੱਖ ਕਰ ਦਿੱਤਾ। ਇਸ ਪਿੱਛੋਂ ਰਾਸ਼ਟਰਪਤੀ ਇਰਸ਼ਾਦ ਨੇ ਇਸਲਾਮ ਨੂੰ ਰਾਜ ਕੀ ਧਰਮ ਬਣਾ ਦਿੱਤਾ। ਖਾਲੇਦਾ ਜ਼ਿਆ ਨੇ ਤਾਂ ਇਸਲਾਮੀ ਕੱਟੜ ਪੰਥੀਆਂ ਜਮਾਤ-ਏ-ਇਸਲਾਮੀ ਨਾਲ ਸ਼ਰੇਆਮ ਗੱਠਜੋੜ ਕੀਤਾ। ਪਿਛਲੇ ਇਕ ਦਹਾਕੇ ਦੌਰਾਨ ਇਸਲਾਮੀ ਕੱਟੜ ਪੰਥੀ ਕਾਫੀ ਵਧ ਫੁਲ ਰਹੇ ਹਨ ਅਤੇ ਅੱਤਵਾਦੀ ਗਰੁੱਪਾਂ ਦਾ ਵੀ ਜਨਮ ਹੋਇਆ ਹੈ। ਬੰਗਲਾ ਦੇਸ਼ ਸੀਮਾ ਸੁਰੱਖਿਆ ਬਾਲ ਦੀ ਬਗਾਵਤ ਦਾ ਸਾਫ਼ ਤੌਰ 'ਤੇ ਬਾਹਰੀ ਸਬੰਧ ਹੈ ਅਤੇ ਇਸ ਦਾ ਸਰੋਤ ਕੱਟੜਪੰਥੀ ਹੈ। ਇਸ ਪ੍ਰਸਥਿਤੀ ਵਿਚ ਸ਼ੇਖ ਹਸੀਨਾ ਦੀ ਮੌਜੂਦਾ ਸਰਕਾਰ ਨੇ ਅੱਤਵਾਦ ਨਾਲ ਲੜਨ ਲਈ ਦੱਖਣੀ ਏਸ਼ੀਆਈ ਕਾਰਜ ਬਲ ਬਣਾਉਣ ਦੀ ਤਜਵੀਜ਼ ਰੱਖੀ ਸੀ। ਇਸ ਨਾਲ ਅੱਤਵਾਦ ਤੇ ਉਸ ਨੂੰ ਜਨਮ ਦੇਣ ਵਾਲੀਆਂ ਹਾਲਤਾਂ 'ਤੇ ਰੋਕ ਲੱਗਣ 'ਚ ਮਦਦ ਮਿਲ ਸਕਦੀ ਸੀ। ਬੰਗਲਾ ਦੇਸ਼ ਸੀਮਾ ਸੁਰੱਖਿਆ ਬਲ ਦੀ ਬਗਾਵਤ ਨਾਲ ਪਹਿਲਾਂ ਹੀ ਇਹ ਤਜਵੀਜ਼ ਭਾਰਤ ਦੇ ਵਿਦੇਸ਼ ਮੰਤਰੀ ਨੂੰ ਦਿੱਤੀ ਗਈ ਸੀ ਪਰ ਭਾਰਤ ਸਰਕਾਰ ਨੇ ਇਸ ਨੂੰ ਖਾਰਜ ਕਰ ਦਿੱਤਾ ਸੀ। ਇਹ ਗੱਲ ਇਕਦਮ ਸਪੱਸ਼ਟ ਹੈ ਕਿ ਰਾਜਗ ਸਰਕਾਰ ਦੇ ਵਿਦੇਸ਼ ਮੰਤਰੀ ਵਾਂਗੂੰ ਯੂ. ਪੀ. ਏ. ਦੇ ਵਿਦੇਸ਼ ਮੰਤਰੀ ਪ੍ਰਣਬ ਮੁਕਰਜੀ ਅਮਰੀਕੀ ਹਿੱਤਾਂ ਦੀ ਸੇਵਾ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਅਮਰੀਕੀ ਹਿੱਤਾਂ ਦੀ ਸੇਵਾ ਸਬੰਧੀ ਭਾਰਤ ਤੇ ਪਾਕਿਸਤਾਨ ਦੋਨੋਂ ਦੇ ਦਲਾਲ ਹਾਕਮ ਇਕੋ ਜਿਹਾ ਸੋਚਦੇ ਹਨ। ਪਾਕਿਸਤਾਨ ਦੀ ਜਰਦਾਰੀ ਸਰਕਾਰ ਬੰਗਲਾ ਦੇਸ਼ ਦੀ ਸ਼ੇਖ ਹਸੀਨਾ ਸਰਕਾਰ 'ਤੇ ਦਬਾਅ ਪਾ ਰਹੀ ਹੈ ਕਿ ਉਹ ਜਮਾਤ-ਏ-ਇਸਲਾਮੀ ਸਮੇਤ ਇਸਲਾਮੀ ਕੱਟੜ ਪੰਥੀਆਂ ਦੀਆਂ ਸਰਗਰਮੀਆਂ ਦੀ ਜਾਂਚ ਕਰਨੀ ਬੰਦ ਕਰ ਦੇਵੇ। ਯੂ. ਪੀ. ਏ. ਸਰਕਾਰ ਦੇ ਵਿਦੇਸ਼ ਮੰਤਰੀ ਵੱਲੋਂ ਅੱਤਵਾਦ ਖਿਲਾਫ਼ ਸਾਂਝੀ ਕਾਰਵਾਈ ਤੋਂ ਇਨਕਾਰ ਕਰਨ ਨਾਲ ਹਿੰਦੂ ਕੱਟੜ ਪੰਥੀ ਵੀ ਖੁਸ਼ ਹਨ ਹਾਲਾਂਕਿ ਹਿੰਦੂ ਤੇ ਮੁਸਲਿਮ ਕੱਟੜ ਪੰਥੀ ਇਕ ਦੂਜੇ ਨਾਲ ਲੜਦੇ ਹਨ ਪਰ ਆਖ਼ਰਕਾਰ ਇਕ ਹੀ ਆਪ ਦੀ ਸੇਵਾ ਕਰਦੇ ਹਨ।

ਇਹ ਘਟਨਾਕ੍ਰਮ ਦਰਸਾਉਂਦਾ ਹੈ ਕਿ ਭਾਰਤ ਦੇ ਹਾਕਮ ਬੜੀ ਤੇਜ਼ੀ ਨਾਲ ਅਮਰੀਕੀ ਸਾਮਰਾਜ ਦੇ 'ਰਾਜਸੀ ਸਹਿਯੋਗੀ' ਵਜੋਂ ਪਾਕਿਸਤਾਨ ਦੀ ਥਾਂ ਲੈਂਦੇ ਜਾ ਰਹੇ ਹਨ। ਕਿਉਂਕਿ ਇਸ ਮਾਮਲੇ 'ਚ ਕਾਂਗਰਸ ਦੀ ਅਗਵਾਈ ਵਾਲੇ ਯੂ. ਪੀ. ਏ. ਤੇ ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਵਿਚਕਾਰ ਕੋਈ ਬੁਨਿਆਦੀ ਮੱਤਭੇਦ ਨਹੀਂ ਹਨ। ਉਹ ਸੁਚੇਤ ਤੌਰ 'ਤੇ ਇਸ ਮੁੱਦੇ ਨੂੰ ਜਨਤਾ ਤੋਂ ਵੱਖ ਰੱਖ ਰਹੇ ਹਨ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਦੇ ਕਈ ਹੁਕਮਾਂ ਦੇ ਬਾਵਜੂਦ ਯੂ. ਪੀ. ਏ. ਸਰਕਾਰ ਗੁਜਰਾਤ 'ਚ 2002 ਦੇ ਕਤਲੇਆਮ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਤੇਜ਼ ਨਹੀਂ ਕਰ ਰਹੀ ਹੈ। ਇਹੀ ਕਾਰਨ ਹੈ ਕਿ ਯੂ. ਪੀ. ਏ. ਸਰਕਾਰ ਗੋਦਰਾ ਦੀ ਘਟਨਾ ਨੂੰ ਇਕ ਦੁਰਘਟਨਾ ਮੰਨਣ ਤੋਂ ਇਨਕਾਰ ਕਰ ਰਹੀ ਹੈ ਅਤੇ ਗੁਜਰਾਤ ਕਤਲੇਆਮ ਪਿੱਛੇ ਨਰੇਂਦਰ ਮੋਦੀ ਸਰਕਾਰ ਦੀ ਸਾਜ਼ਿਸ਼ ਨੂੰ ਨਹੀਂ ਵੇਖ ਰਹੀ ਹੈ। ਇਹੀ ਕਾਰਨ ਹੈ ਕਿ

ਮਾਲੇਗਾਓ ਬੰਬ ਵਿਸਫੋਟ ਦੀ ਜਾਂਚ ਨੂੰ ਏਨਾ ਲੰਮਾ ਖਿੱਚਿਆ ਗਿਆ ਜਿਸ 'ਚ ਸੰਘ ਪਰਿਵਾਰਾਂ ਦੀਆਂ ਦਹਿਸ਼ਤਗਰਦ ਕਾਰਵਾਈਆਂ 'ਚ ਸ਼ਾਮਲ ਹੋਣ ਅਤੇ ਫੌਜ ਤੇ ਹੋਰ ਸੰਵੇਦਨਸ਼ੀਲ ਖੇਤਰਾਂ 'ਚ ਹਿੰਦੂ ਕੱਟੜ ਪੰਥੀਆਂ ਦੀ ਘੁਸਪੈਂਠ ਦੀਆਂ ਗੱਲਾਂ ਸਾਹਮਣੇ ਆਈਆਂ ਹਨ। ਇਥੇ ਇਕ ਵਾਰੀ ਫਿਰ ਸਮਾਨਤਾ ਵੇਖੀ ਜਾ ਸਕਦੀ ਹੈ ਕਿ ਪਾਕਿਸਤਾਨ ਦੀ ਜ਼ਰਦਾਰੀ ਸਰਕਾਰ ਉੱਥੇ ਦਹਿਸ਼ਤ ਫੈਲਾ ਰਹੇ ਇਸਲਾਮੀ ਕੱਟੜਪੰਥੀਆਂ ਖਿਲਾਫ਼ ਕਾਰਵਾਈ ਕਰਨ ਲਈ ਤਿਆਰ ਨਹੀਂ ਹਨ। ਭਾਜਪਾ ਦੀ ਫਿਰਕਾਪ੍ਰਸਤੀ ਬਾਰੇ ਉਹ ਚਾਹੇ ਕੁਝ ਵੀ ਕਿਉਂ ਨਾ ਕਹਿਣ ਪਰ ਯੂ. ਪੀ. ਏ. ਸਰਕਾਰ ਉੱਥੇ ਕਰਨ ਲਈ ਤਿਆਰ ਨਹੀਂ ਹਨ। ਇਸ ਤਰ੍ਹਾਂ ਮਨਮੋਹਨ ਸਿੰਘ ਸਰਕਾਰ ਚੁਣਾਵੀ ਭਾਸ਼ਣਾਂ 'ਚ ਫਿਰਕਾਪ੍ਰਸਤੀ ਖਿਲਾਫ਼ ਏਨਾ ਬੋਲਣ ਦੇ ਬਾਵਜੂਦ ਬਾਬਰੀ ਮਸਜਿਦ ਢਹਿਣ, 2002 ਦੇ ਗੁਜਰਾਤ ਕਤਲੇਆਮ ਤੇ ਮਾਲੇਗਾਂਵ ਵਰਗੇ ਦਹਿਸ਼ਤੀ ਹਮਲਿਆਂ 'ਚ ਸੰਘ ਪਰਿਵਾਰ ਦੀ ਸ਼ਮੂਲੀਅਤ ਚੋਣ ਦਾ ਪਰਦਾਫ਼ਾਸ ਕਰਨ ਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਤਿਆਰ ਨਹੀਂ ਹਨ। ਇਸ ਤਰ੍ਹਾਂ ਮਨਮੋਹਨ ਸਿੰਘ ਸਰਕਾਰ ਲਈ ਅੱਤਵਾਦ ਦਾ ਅਰਥ ਸਿਰਫ ਇਸਲਾਮੀ ਅੱਤਵਾਦ ਹੀ ਹੈ। ਭਾਰਤ ਤੇ ਪਾਕਿਸਤਾਨ ਦੋਹਾਂ ਦੇ ਦਲਾਲ ਹਾਕਮ ਅਮਰੀਕੀ ਏਜੰਡੇ ਅਨੁਸਾਰ ਚਲ ਰਹੇ ਹਨ। ਸਮਾਜਕ ਤੇ ਰਾਜਸੀ ਖੇਤਰ ਵਿਚ ਅਸਥਿਰਤਾ ਫੈਲਾਉਣ ਲਈ ਧਾਰਮਕ ਕੱਟੜਪੰਥੀਆਂ ਨੂੰ ਪੈਰ ਪਸਾਰਨ ਦਿਓ, ਪੂਰੇ ਦੱਖਣੀ ਤੇ ਪੂਰਵੀ ਏਸ਼ੀਆ ਵਿਚ ਹਿੰਦੂ ਕੱਟੜਪੰਥੀਆਂ ਦਾ ਸ਼ਰੇਆਮ ਅਤੇ ਮੁਸਲਿਮ ਕੱਟੜ ਪੰਥੀਆਂ ਦੀ ਗੁਪਤ ਤੌਰ 'ਤੇ ਵਰਤੋਂ ਕਰੋ ਤਾਂ ਕਿ ਇਸ ਖਿੱਤੇ 'ਚ ਅਮਰੀਕੀ ਤੇ ਨਾਟੋ ਫੌਜਾਂ ਨੂੰ ਘੁਸਣ ਦਾ ਮੌਕਾ ਮਿਲ ਸਕੇ। ਅਮਰੀਕੀ ਸਾਮਰਾਜ ਦੀ ਲੰਬੇ ਸਮੇਂ ਦੀ ਵਿਉਂਤ ਹੈ ਪੱਛਮੀ ਯੂਰਪ ਤੇ ਜਪਾਨ 'ਤੇ ਕੰਟਰੋਲ ਸਥਾਪਤ ਕਰਨਾ। ਇਸ ਲਈ ਉਹ ਯਹੂਦੀ ਇਸਲਾਮੀ ਤੇ ਹਿੰਦੂ ਕੱਟੜ ਪੰਥੀਆਂ ਦੀ ਵਰਤੋਂ ਕਰ ਰਿਹਾ ਹੈ ਤਾਂ ਕਿ ਨਾਟੋ ਫੌਜ ਦੇ ਦਾਖਲੇ ਲਈ ਰਾਹ ਬਣਾਇਆ ਜਾ ਸਕੇ। ਇਹ ਸਭ ਤੋਂ ਘ੍ਰਿਣਿਤ ਰੂਪ 'ਚ ਨਵ ਬਸਤੀਵਾਦ ਦਾ ਅਮਲ ਹੈ। ਪਾਕਿਸਤਾਨ ਦੇ ਦਲਾਲ ਹਾਕਮਾਂ ਵਾਂਗੂੰ ਯੂ. ਪੀ. ਏ. ਤੇ ਐਨ. ਡੀ. ਏ. ਸਰਕਾਰਾਂ ਇਸ ਅਮਰੀਕੀ ਯੋਜਨਾ ਨੂੰ ਅਮਲੀ ਜਾਮਾ ਪਹਿਨਾ ਰਹੀਆਂ ਹਨ। ਇਸ ਲਈ ਧਾਰਮਕ ਕੱਟੜਵਾਦ ਫਿਰਕਾਪ੍ਰਸਤ ਫਾਸ਼ੀਵਾਦ ਨੂੰ ਉਪਰੀ ਤੌਰ 'ਤੇ ਸਮਝਿਆ ਨਹੀਂ ਜਾ ਸਕਦਾ ਜਿਵੇਂ ਕਿ ਕਾਂਗਰਸ ਦੇ ਨੇਤਾ ਦੱਸਦੇ ਹਨ ਯੂ. ਪੀ. ਏ. ਸਰਕਾਰ ਪਿਛਲੇ ਪੰਜ ਸਾਲਾਂ ਦੌਰਾਨ ਅਮਲੀ ਤੌਰ 'ਤੇ ਜੋ ਕੰਮ ਕੀਤਾ ਉਹ ਅਮਰੀਕੀ ਸਾਮਰਾਜਵਾਦ ਦੇ ਨਾਲ 'ਰਾਜਸੀ ਗਠਜੋੜ' ਨੂੰ ਮਜ਼ਬੂਤ ਕਰਨ ਦੇ ਅਮਲ ਤੋਂ ਇਲਾਵਾ ਕੁਝ ਨਹੀਂ ਕੀਤਾ ਹੈ ਜਿਸ ਦੀ ਸ਼ੁਰੂਆਤ ਐਨ. ਡੀ. ਏ. ਵਾਂਗੂੰ ਯੂ. ਪੀ. ਏ. ਵੀ ਅੱਤਵਾਦ ਨੂੰ ਸਿਰਫ਼ ਇਸਲਾਮੀ ਅੱਤਵਾਦ ਤੱਕ ਸੀਮਤ ਕਰਕੇ ਵੱਧਦੀ ਹੈ। ਮਾਲੇਗਾਂਵ ਵਿਸਫੋਟ ਦੀ ਜਾਂਚ ਦਾ ਹਸ਼ਰ ਦਰਸਾਉਂਦਾ ਹੈ ਕਿ ਇਹ ਸਿਰਫ਼ ਹੇਮੰਤ ਕਰਕੇ ਵਰਗੇ ਇਕ ਪੁਲਿਸ ਅਫ਼ਸਰ ਦੀ ਪਹਿਲ ਕਦਮੀ ਸੀ ਜਿਸ ਕਾਰਨ ਸਾਧਵੀ ਪ੍ਰਭਾ ਕਰਨਲ ਪੁਰੋਹਿਤ ਤੇ ਹੋਰ ਲੋਕਾਂ ਦੀ ਗ੍ਰਿਫ਼ਤਾਰੀ ਹੋ ਸਕੀ ਸੀ। 26 ਨਵੰਬਰ ਦੇ ਮੁੰਬਈ ਦਹਿਸ਼ਤਗਰਦੀ ਹਮਲੇ 'ਚ ਉਨ੍ਹਾਂ ਦੀ ਮੌਤ ਪਿੱਛੋਂ ਮਾਲੇਗਾਂਵ ਵਿਸਫੋਟ ਦੀ ਜਾਂਚ ਨੂੰ ਅੱਗੇ ਲਿਜਾਣ ਲਈ ਕੀ ਕੀਤਾ ਗਿਆ, ਇਸ ਬਾਰੇ ਕੁੱਝ ਵੀ ਸੁਣਨ ਨੂੰ ਨਹੀਂ ਮਿਲਦਾ ਹੈ। ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਸੰਘ ਪਰਿਵਾਰ ਨੂੰ ਕਿਸੇ ਵੀ ਤਰ੍ਹਾਂ ਠੇਸ ਨਹੀਂ ਪਹੁੰਚਾਉਣਾ ਚਾਹੁੰਦੀ ਹੈ। ਰਾਜਗ ਵਾਂਗੂੰ ਹੀ ਯੂ. ਪੀ. ਏ. ਸਰਕਾਰ ਵੀ ਕਸ਼ਮੀਰ ਸਮੱਸਿਆ ਦੇ ਰਾਜਸੀ ਹੱਲ ਲਈ ਸਕਾਰਤਮਕ

ਕਦਮ ਨਹੀਂ ਉਠਾ ਰਹੀ ਹੈ। ਇਸ ਤਰ੍ਹਾਂ ਰਾਜਗ (NDA) ਤੇ ਪ੍ਰਗਤੀਸ਼ੀਲ ਮੋਰਚੇ (UPA) 'ਚ ਵਖਰੇਵੇਂ ਦੀ ਲੀਕ ਦਿਨ-ਬ-ਦਿਨ ਮਿਟਦੀ ਜਾ ਰਹੀ ਹੈ। UPA ਸਰਕਾਰ ਨੇ ਆਪਣੀਆਂ ਕਾਰਵਾਈਆਂ ਨਾਲ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਦੇ ਰਾਜਸੀ ਗਠਜੋੜ, ਅੱਤਵਾਦ ਆਦਿ ਮੁੱਦਿਆਂ 'ਤੇ ਉਨ੍ਹਾਂ ਦਾ ਪਹਿਲੀ NDA ਸਰਕਾਰ ਨਾਲ ਕੋਈ ਮੱਤਭੇਦ ਨਹੀਂ ਹੈ। ਸਿੱਟੇ ਵਜੋਂ ਪਿਛਲੇ ਇਕ ਦਹਾਕੇ ਦੌਰਾਨ ਤੇਜ਼ ਹੁੰਦੇ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਨਾਲ-ਨਾਲ ਵਿਦੇਸ਼ ਨੀਤੀ ਵਿਚ ਵੀ ਬੁਨਿਆਦੀ ਬਦਲਾਅ ਆ ਗਿਆ ਹੈ।

ਬਸਤੀਵਾਦੀ ਪੜਾਅ 'ਚ ਸਾਮਰਾਜੀ ਸ਼ਕਤੀਆਂ ਦਾ ਏਸ਼ੀਆ ਅਫਰੀਕਾ ਤੇ ਦੱਖਣੀ ਅਮਰੀਕਾ ਦੇ ਦੇਸ਼ਾਂ 'ਤੇ ਭੂਗੋਲਿਕ ਕਬਜ਼ਾ ਪੂਰਾ ਹੋ ਗਿਆ ਸੀ। ਉਹ ਆਪਣੇ ਦਾਬੇ ਨੂੰ ਕਾਇਮ ਰੱਖਣ ਲਈ ਜਾਗੀਰੂ ਤਾਕਤਾਂ ਦੇ ਨਾਲ-ਨਾਲ ਜਾਤੀਵਾਦ, ਨਸਲਵਾਦੀ ਤੇ ਤੰਗਨਜ਼ਰ ਤਾਕਤਾਂ ਦੀ ਆਪਣੇ ਸਮਾਜਕ ਅਧਾਰ ਵਜੋਂ ਵਰਤੋਂ ਕਰਦੇ ਸਨ। ਬ੍ਰਿਟਿਸ਼ ਸਾਮਰਾਜ ਨੇ ਫੁਟ ਪਾਓ ਤੇ ਰਾਜ ਕਰੋ ਦੀ ਨੀਤੀ ਲਈ ਫਿਰਕਾਪ੍ਰਸਤੀ ਨੂੰ ਹੀ ਮੋਹਰਾ ਬਣਾਇਆ ਸੀ। ਪਰ ਦੂਜੀ ਸੰਸਾਰ ਜੰਗ ਪਿੱਛੋਂ ਇਸ ਨਵ-ਬਸਤੀਵਾਦੀ ਪੜਾਅ 'ਚ ਇਸ ਖਿੱਤੇ 'ਚ ਅਸਥਿਰਤਾ ਫੈਲਾਅ ਕੇ ਉਨ੍ਹਾਂ 'ਤੇ ਕੰਟਰੋਲ ਕਰਨ ਲਈ ਸਭ ਕਿਸਮ ਦੀਆਂ ਧਾਰਮਿਕ ਕੱਟੜਪੰਥੀ ਤਾਕਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਮਰੀਕੀ ਸਾਮਰਾਜ ਨੇ ਪੱਛਮੀ ਏਸ਼ੀਆ 'ਚ ਇਜ਼ਰਾਇਲ ਰਾਹੀਂ ਦਹਿਸ਼ਤਗਰਦੀ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਸੀ। ਜਰਮਨੀ 'ਚ ਹਿਟਲਰ ਨੇ ਜਿੰਨਾ ਯਹੂਦੀਆਂ ਦਾ ਕਤਲੇਆਮ ਕੀਤਾ ਸੀ ਅਮਰੀਕਾ ਨੇ ਉਨ੍ਹਾਂ ਨੂੰ ਅੱਤਵਾਦ ਦਾ ਪ੍ਰਣੇਤਾ ਬਣਾ ਦਿੱਤਾ ਫਿਰ ਇਸ ਯਹੂਦੀ ਦਹਿਸ਼ਤ ਦਾ ਜੁਆਬ ਦੇਣ ਦੇ ਨਾਂ 'ਤੇ ਇਸਲਾਮੀ ਕੱਟੜਪੰਥੀ ਤਾਕਤਾਂ ਨੂੰ ਹੱਲਾਸ਼ੇਰੀ ਦਿੱਤੀ ਗਈ ਹਾਲਾਂਕਿ ਇਸ ਦਾ ਅਸਲੀ ਮਕਸਦ ਸੀ ਇਸ ਖਿੱਤੇ 'ਚ ਵਧਦੇ ਕਮਿਊਨਿਸਟ ਪ੍ਰਭਾਵ ਨੂੰ ਰੋਕਣਾ। ਇਸ ਤਰ੍ਹਾਂ ਸਮਾਜਵਾਦੀ ਦੇਸ਼ਾਂ ਨੂੰ ਪਤਿਤ ਕਰਨ ਲਈ ਧਾਰਮਿਕ ਕੱਟੜਪੰਥੀ ਤਾਕਤਾਂ ਦੀ ਵੱਡੇ ਪੈਮਾਨੇ 'ਤੇ ਵਰਤੋਂ ਕੀਤੀ ਗਈ ਅੱਜ ਅਮਰੀਕਾ ਦੀ ਅਗਵਾਈ ਵਾਲੀਆਂ ਸਾਮਰਾਜੀ ਤਾਕਤਾਂ ਆਪਣੀ ਨਵ-ਬਸਤੀਵਾਦੀ ਲੁੱਟ ਨੂੰ ਤੇਜ਼ ਕਰਨ ਲਈ ਸਭ ਕਿਸਮ ਦੇ ਕੱਟੜਪੰਥੀਆਂ ਤੇ ਉਨ੍ਹਾਂ ਵੱਲੋਂ ਗਠਿਤ ਅੱਤਵਾਦੀ ਸਮੂਹਾਂ ਦੀ ਬਾਖੂਬੀ ਵਰਤੋਂ ਕਰ ਰਹੀਆਂ ਹਨ। ਲੁੱਟ ਦੇ ਇਨ੍ਹਾਂ ਨਵੇਂ ਤਰੀਕਿਆਂ 'ਤੇ ਅਮਲ ਕਰਨ ਲਈ ਨਵ-ਬਸਤੀਵਾਦੀ ਦੇਸ਼ਾਂ ਦੇ ਦਲਾਲ ਹਾਕਮਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਇਸ ਦੇ ਲਈ ਸਮਾਜਕ, ਸਭਿਆਚਾਰਕ ਤੇ ਰਾਜਸੀ ਵਾਤਾਵਰਣ ਉਸਾਰਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ 'ਚ ਕੇਂਦਰ ਤੇ ਰਾਜਾਂ 'ਚ ਚਾਹੇ ਕਿਸੇ ਵੀ ਪਾਰਟੀ ਜਾਂ ਗਠਜੋੜ ਦੀ ਸਰਕਾਰ ਕਿਉਂ ਨਾ ਹੋਵੇ ਫਿਰਕਾਪ੍ਰਸਤੀ ਤੇ ਧਾਰਮਕ ਕਟੜਪੰਥੀ ਤਾਕਤਾਂ ਦਿਨ-ਬ-ਦਿਨ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ। ਚੋਣਾਂ ਦੇ ਦਿਨਾਂ 'ਚ ਕਾਂਗਰਸ ਤੇ ਭਾਜਪਾ ਤੋਂ ਲੈ ਕੇ ਸਮਾਜਕ ਜਨਵਾਦੀ ਮਾਕਪਾ ਤੱਕ ਦੇ ਨੇਤਾ, ਮਠਾਂ, ਮੁਸਲਿਮ ਕੱਟੜਪੰਥੀ ਤਾਕਤਾਂ ਅਤੇ ਬਿਸ਼ਪ ਦੇ ਘਰਾਂ 'ਚ ਕਤਾਰ ਬੰਨੀ ਖੜੇ ਹੁੰਦੇ ਹਨ। ਕੀ ਉਹ ਨਹੀਂ ਜਾਣਦੇ ਕਿ ਚੋਣਾਂ 'ਚ ਵੋਟ ਹਾਸਿਲ ਕਰਨ ਲਈ ਫਿਰਕਾਪ੍ਰਸਤੀ ਤੇ ਜਾਤੀਵਾਦ ਪੱਤੇ ਖੇਡਣ ਨਾਲ ਅਜਿਹੀਆਂ ਪਿਛਾਖੜੀਆਂ ਤਾਕਤਾਂ ਮਜ਼ਬੂਤ ਹੁੰਦੀਆਂ ਹਨ। ਇਸ ਲਈ ਜਦ ਤੱਕ ਇਹ ਦਲਾਲ ਹਕੂਮਤ ਜਾਰੀ ਰਹੇਗੀ। ਦੱਖਣੀ ਏਸ਼ੀਆ 'ਚ ਅਸਥਿਰਤਾ ਵਧਦੀ ਰਹੇਗੀ। ਅੱਤਵਾਦ ਫੈਲਦਾ ਰਹੇਗਾ ਅਤੇ ਸਾਮਰਾਜੀ ਹਿੱਤਾਂ ਦੀ ਘੁਸਪੈਂਠ ਮਜ਼ਬੂਤ ਹੁੰਦੀ ਰਹੇਗੀ।

# ਰਾਜਸੀ ਪਾਰਟੀਆਂ ਦੇ ਰੰਗ ਬਰੰਗੇ ਮੈਨੀਫੈਸਟੋ

ਕਾਂਗਰਸ, ਭਾਜਪਾ, ਕਮਿਊਨਿਸ਼ਟ ਪਾਰਟੀ, ਮਾਰਕਸਵਾਦੀ ਪਾਰਟੀ, ਕੌਮੀ ਕਾਂਗਰਸ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਮੈਨੀਫੈਸਟੋ ਭਰਮਾਊ ਵਾਅਦੇ ਕਰ ਰਹੇ ਹਨ। ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਵੀ ਹੈ ਜੋ ਮੈਨੀਫੈਸਟੋ ਦੀ ਜ਼ਰੂਰਤ ਹੀ ਨਹੀਂ ਸਕਝਦੀ ਹਾਲਾਂਕਿ ਕੁਝ ਪਹਿਲੂਆਂ ਤੇ ਅਪੀਲ ਜਾਰੀ ਕਰਦੀ ਹੈ। ਨਾ ਵਾਅਦੇ ਕਰਨਗੇ ਨਾ ਉਨ੍ਹਾਂ ਨੂੰ ਪੂਰਾ ਕਰਨ ਦੀ ਰਵਾਇਤੀ ਜ਼ਿੰਮੇਵਾਰੀ ਚੁੱਕਣੀ ਪੈਣੀ ਹੈ। ਅਰਜੁਨ ਸੇਨ ਗੁਪਤਾ ਦੀ ਰੀਪੋਟ ਨੂੰ ਮੰਨੀਏ ਤਾਂ ਦੇਸ਼ 'ਚ ਰੋਜ਼ 20 ਰੁਪਏ ਤੋਂ ਵੀ ਘੱਟ 'ਚ ਗੁਜ਼ਾਰਾ ਕਰ ਰਹੇ ਲੋਕਾਂ ਲਈ ਮੈਨੀਫੈਸਟੋ ਦੇ ਇਸ ਪਿਟਾਰੇ 'ਚ ਕੀ ਹੈ? 16 ਫੀਸਦੀ ਦਲਿਤਾਂ ਅਤੇ 6 ਕਰੋੜ ਅਪਾਹਜਾਂ ਲਈ ਆਉਣ ਲਈ ਕੀ ਕਰੇਗੀ? ਦੇਸ਼ 'ਚ ਸਿਰਫ਼ 7 ਫੀਸਦੀ ਕਾਮੇ ਸੰਗਠਿਤ ਸ਼੍ਰੇਣੀ ਵਿਚ ਆਉਂਦੇ ਹਨ। ਹੁਣ ਵਕਤ ਆ ਗਿਆ ਹੈ ਕਿ ਇਨ੍ਹਾਂ ਵਾਅਦਿਆਂ ਤੇ ਇਰਾਦਿਆਂ ਉੱਪਰ ਇੱਕ ਫੈਸਲਾਕੁੰਨ ਨਜ਼ਰ ਮਾਰੀ ਜਾਵੇ। ਰੁਜ਼ਗਾਰ ਤੇ ਅਨਾਜ ਸੁਰੱਖਿਆ ਦੀ ਹੀ ਗੱਲ ਕਰਦੇ ਹਾਂ। ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ ਦਾ ਦਾਇਰਾ ਵਧਾਉਣ ਦੀ ਗੱਲ ਕਹੀ ਗਈ ਹੈ। ਕਾਂਗਰਸ ਦਾ ਰਾਜ ਆਇਆ ਤਾਂ ਸਾਲ 'ਚ ਸੌ ਦਿਨ ਹਰ ਪੇਂਡੂ ਬਾਲਗ ਨੂੰ ਰੁਜ਼ਗਾਰ ਮਿਲਿਆ ਕਰੇਗਾ। ਕੌਮੀ ਅਨਾਜ ਸੁਰੱਖਿਆ ਕਾਨੂੰਨ ਦੀ ਗੱਲ ਵੀ ਕਹੀ ਗਈ ਹੈ। ਸਾਲ 2012 ਤੱਕ ਸਮੇਕਿਤ ਬਾਲ ਵਿਕਾਸ ਯੋਜਨਾ ਹਰ ਥਾਂ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ। ਤਿੰਨ ਰੁਪਏ ਦਰ 'ਚ ਹਰ ਬੀ. ਪੀ. ਐਲ. ਪਰਿਵਾਰ ਨੂੰ 25 ਕਿਲੋ ਅਨਾਜ ਮਿਲੇਗਾ। ਭਾਜਪਾ ਇਸ ਮਾਮਲੇ 'ਚ ਇਕ ਕਦਮ ਹੋਰ ਅੱਗੇ। ਉਹ ਦੋ ਰੁਪਏ ਦੀ ਦਰ ਨਾਲ 35 ਕਿਲੋ ਅਨਾਜ ਦੇਵੇਗੀ। ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕਰੇਗੀ। ਮਾਰਕਸਵਾਦੀ ਕਮਿਊਨਿਸਟ ਪਾਰਟੀ ਤਾਂ ਸਭ ਬਾਲਗਾਂ ਨੂੰ ਉਹ ਜਿੰਨੇ ਦਿਨ ਚਾਹੁਣ ਉਨ੍ਹੇ ਦਿਨ ਰੁਜ਼ਗਾਰ ਦੇਣ ਦਾ ਇਰਾਦਾ ਰੱਖਦੀ ਹੈ ਜਦ ਕਿ ਭਾਜਪਾ ਨੇ 100 ਦਿਨ ਹਰ ਬਾਲਗ ਨੂੰ ਕੰਮ ਦੇਣ ਦਾ ਵਾਅਦਾ ਕੀਤਾ ਹੈ। ਸ਼ਹਿਰੀ ਰੁਜ਼ਗਾਰ ਗਰੰਟੀ ਕਾਨੂੰਨੀ ਬਣਾਉਣ ਦੀ ਗੱਲ ਕਹੀ ਹੈ। ਸਿਹਤ, ਸਿੱਖਿਆ, ਰਿਹਾਇਸ਼, ਖੇਤੀ, ਅਰਥਚਾਰਾ, ਅੰਦਰੂਨੀ ਤੇ ਬਾਹਰੀ ਸੁਰੱਖਿਆ ਦੇ ਮਾਮਲਿਆਂ ਸੰਬੰਧੀ ਅਲੱਗ-ਅਲੱਗ ਪਾਰਟੀਆਂ ਦੀ ਆਪਣੀ ਵੱਖ-ਵੱਖ ਰਾਇ ਹੈ। ਇਨ੍ਹਾਂ ਐਲਾਨਨਾਮਿਆਂ 'ਚ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਜਦ ਕਾਂਗਰਸ ਨੇ ਕੌਮੀ ਰੁਜ਼ਗਾਰ ਗਰੰਟੀ ਯੋਜਨਾ ਤੇ ਸੂਚਨਾ ਦੇ ਅਧਿਕਾਰ ਨੂੰ ਆਪਣੀ ਪ੍ਰਾਪਤੀ ਦੱਸਦਿਆਂ ਉਸ ਤੋਂ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਹੈ ਤਾਂ ਭਾਜਪਾ ਨੇ ਰਾਮ ਰਾਸ਼ਟਰ ਤੇ ਸੁਰੱਖਿਆ ਦੇ ਮੁੱਦਿਆਂ ਉੱਪਰ ਅਗਲੀ ਸਰਕਾਰ ਦੀਆਂ ਤਰਜੀਹਾਂ ਦੀ ਨਿਸ਼ਾਨਦੇਹੀ ਕੀਤੀ ਹੈ। ਐਲਾਨ ਨਾਮਿਆਂ (ਮੈਨੀਫੈਸਟੋ) 'ਚ ਗਿਨਾਏ ਗਏ ਵਾਅਦਿਆਂ ਦੀ ਭੀੜ 'ਚ ਰਾਜਸੀ ਪਾਰਟੀਆਂ ਭੁੱਲ ਗਈਆਂ ਹਨ ਕਿ ਆਉਣ ਵਾਲੀ ਚੋਣ ਕੋਈ ਵੀ ਇਕ ਪਾਰਟੀ ਨਹੀਂ ਜਿੱਤ ਰਹੀ, ਚਾਹੇ ਯੂ. ਪੀ. ਏ. ਜਾਂ ਐਨ. ਡੀ. ਏ. ਜਾਂ ਕਿਸੇ ਹੋਰ ਗੱਠਜੋੜ ਦੀ, ਹਰ ਪਾਰਟੀ ਦਾ ਮੈਨੀਫੈਸਟੋ ਇਕ ਦੂਜੇ ਨਾਲ ਟਕਰਾਵੇਗਾ। ਜੁਲਾਈ 2008 'ਚ ਪ੍ਰਮਾਣੂ ਕਰਾਰ ਦੇ ਸੁਆਲ ਤੇ ਕਾਂਗਰਸ ਤੇ ਖੱਬਿਆਂ 'ਚ ਹੋਈ ਖਿਚੋਤਣ ਇਸ ਦਾ

ਸਬੂਤ ਹੈ। ਅਜਿਹੇ 'ਚ ਕੋਈ ਇਕ ਮੈਨੀਫੈਸਟੋ ਆਉਣ ਵਾਲੀ ਸਰਕਾਰ ਦੀਆਂ ਤਰਜੀਹਾਂ ਨੂੰ ਸਾਹਮਣੇ ਨਹੀਂ ਰੱਖ ਸਕਦਾ। ਪਾਰਟੀਆਂ ਨੇ ਆਪਣੇ ਵਿਚਾਰਕ ਤੇ ਮਿੱਥੇ ਸੁਆਰਥਾਂ ਦੇ ਆਧਾਰ 'ਤੇ ਨਵੀਂ ਸਰਕਾਰ ਦੇ ਏਜੰਡੇ ਵਿਚ ਫੇਰਬਦਲ ਹੁੰਦਾ ਰਹੇਗਾ। ਜੇ ਦੋ ਪਾਰਟੀਆਂ ਦੇ ਸਿਧਾਂਤਾਂ ਤਹਿਤ ਸਿਰਫ ਕਾਂਗਰਸ ਤੇ ਭਾਜਪਾ ਦੀ ਗੱਲ ਕਰੀਏ ਤਾਂ ਦੋਹਾਂ ਦੇ ਮੈਨੀਫੈਸਟੋ ਦੀ ਮੂਲ ਆਵਾਜ਼ ਇਕ ਹੈ। ਨਿੱਜੀ ਜ਼ਰੀਏ ਪੇਂਡੂ ਭਾਰਤ 'ਚ ਇਕ ਖਰੀਦਦਾਰ ਵਰਗ ਪੈਦਾ ਕਰਨਾ। ਸਰਕਾਰ ਕਿਵੇਂ ਆਪਣੇ ਵਾਅਦਿਆਂ ਤੇ ਅਮਲ ਕਰੇਗੀ, ਇਸ ਦਾ ਖੁਲਾਸਾ ਕਿਸੇ ਵੀ ਰਾਜਸੀ ਪਾਰਟੀ ਨੇ ਆਪਣੇ ਮੈਨੀਫੈਸਟੋ 'ਚ ਨਹੀਂ ਕੀਤਾ ਹੈ। ਖੱਬਿਆਂ ਕੋਲ ਭਵਿੱਖ ਦੇ ਭਾਰਤ ਦਾ ਨਜ਼ਰੀਆ ਨਹੀਂ ਹੈ।

ਮੈਨੀਫੈਸਟੋਆਂ 'ਚ ਵਾਅਦੇ 'ਫਾਸਟ ਫੂਡ' ਵਾਂਗੂੰ ਪਰੋਸੇ ਗਏ ਹਨ। ਅਜਿਹੇ 'ਚ ਮਾਇਆਵਤੀ ਨੂੰ ਮੂਰਖ ਤੇ ਤਾਨਾਸ਼ਾਹ ਕਹਿਣ ਵਾਲੀਆਂ ਪਾਰਟੀਆਂ ਤੇ ਨੇਤਾਵਾਂ ਨੂੰ ਦੁਬਾਰਾ ਇਹ ਸੋਚਣ ਦੀ ਲੋੜ ਹੈ ਕਿ ਕੀ ਚੁਣਾਵੀਂ ਮੈਨੀਫੈਸਟੋ ਉਨ੍ਹਾਂ ਲਈ ਸਿਰਫ ਇਕ ਵਿਧਾਇਕ ਲੋੜ ਹੈ ਜਾਂ ਕੋਈ ਵਿਚਾਰਕ ਆਧਾਰ ਹੈ। ਮਾਇਆਵਤੀ ਵਰਗੇ ਨੇਤਾਵਾਂ ਲਈ ਉਨ੍ਹਾਂ ਦਾ ਦਲਿਤ ਹੋਣਾ ਹੀ ਉਨ੍ਹਾਂ ਦੀ ਪਾਰਟੀ ਦਾ ਮੈਨੀਫੈਸਟੋ ਹੈ। ਨਵੇਂ ਦਲਿਤ-ਬ੍ਰਾਹਮਣ ਸਮੀਕਰਣ ਰਾਹੀਂ ਉਨ੍ਹਾਂ ਭਾਰਤੀ ਰਾਜਨੀਤੀ 'ਚ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਦੇਸ਼ ਭਰ ਦੇ ਪੱਧਰ 'ਤੇ ਵੀ ਜ਼ਿਆਦਾ ਜਨਤਕ ਜਥੇਬੰਦੀਆਂ ਨੇ ਮਾਰਚ 'ਚ ਲਖਨਾਊ 'ਚ ਦੋ ਦਿਨ ਦਾ ਸੰਮੇਲਨ ਕਰਕੇ ਲੋਕ ਰਾਜਸੀ ਮੰਚ ਦਾ ਗਠਨ ਕੀਤਾ ਅਤੇ ਆਪਣਾ ਮੈਨੀਫੈਸਟੋ ਲੈ ਕੇ ਆਏ ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਖੇਤੀ ਦੇ ਖੇਤਰ 'ਚ ਕੀ ਸੁਧਾਰ ਹੋ ਸਕਦੇ ਹਨ ਇਸ 'ਤੇ ਮੈਨੀਫੈਸਟੋ ਜਾਰੀ ਕੀਤਾ ਹੈ। ਵਾਤਾਵਰਣ ਦੇ ਖੇਤਰ 'ਚ ਕੰਮ ਕਰਨ ਵਾਲੇ ਸਮੂਹਾਂ ਨੇ ਬਦਲਦੀ ਆਬੋਹਵਾ ਤੇ ਭੁੱਖ ਵਿਚਕਾਰ ਰਿਸ਼ਤਿਆਂ 'ਤੇ ਆਪਣਾ ਮੈਲੀਫੈਸਟੋ ਜਾਰੀ ਕੀਤਾ ਹੈ। ਵਾਤਾਵਰਣ ਤੇ ਕੰਮ ਕਰਨ ਵਾਲੀ ਗਰੀਨ ਪੀਸ ਸੰਸਥਾ ਅਨੁਸਾਰ ਚੋਦਵੀਂ ਲੋਕ ਸਭਾ 'ਚ ਸੈਸ਼ਨ ਦੌਰਾਨ 80831 ਸੁਆਲ ਪੁੱਛੇ ਗਏ। ਜਿਨ੍ਹਾਂ 'ਚ ਵਾਤਾਵਰਣ ਨਾਲ ਸੰਬੰਧਿਤ ਸਿਰਫ 919 ਸੁਆਲ ਹਨ। ਗ੍ਰੀਨਪੀਸ ਨਾਲ ਸੰਬੰਧਿਤ 527, ਵਾਤਾਵਰਣ ਤਬਦੀਲੀਆਂ 'ਤੇ 74 ਸੁਆਲ ਪੁੱਛੇ ਗਏ। ਸੁਆਲ ਪੁੱਛਣ 'ਚ ਕਾਂਗਰਸ ਸਭ ਤੋਂ ਅੱਗੇ ਰਹੀ। ਉਸ ਨੇ ਕੁਲ 263 ਸੁਆਲ ਪੁੱਛੇ ਭਾਜਪਾ ਨੇ 233, ਸ਼ਿਵਸੈਨਾ ਤੇ ਖੱਬਿਆਂ ਨੇ 89 ਸੁਆਲ ਪੁੱਛੇ। ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਅਜਿਹੀ ਪਾਰਟੀ ਹੈ ਜਿਸ ਨੇ ਇਕ ਵੀ ਸੁਆਲ ਨਹੀਂ ਪੁੱਛਿਆ।

ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟ ਚੋਣਾਂ ਦੇ ਇਕ ਨਜ਼ਰ ਮਾਰਨ ਦੇ ਉਦੇਸ਼ ਨਾਲ ਦੇਸ਼ ਭਰ 'ਚ ਲੋਕ ਯਾਤਰਾਵਾਂ ਕਰ ਰਿਹਾ ਹੈ। ਔਰਤ ਸਮੂਹ, ਦਲਿਤਾਂ ਦੇ ਨੈੱਟਵਰਕ, ਅਪਾਹਜਾਂ ਦੇ ਵੱਖ-ਵੱਖ ਸਮੂਹ, ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਵਾਲੇ ਸਮੂਹ ਆਪਣਾ ਆਪਣਾ ਮੈਨੀਫੈਸਟੋ ਲੈ ਕੇ ਆਏ ਹਨ ਜਿਨ੍ਹਾਂ ਨੂੰ ਮੰਗ ਪੱਤਰ ਕਹਿਣਾ ਵੱਧ ਸਹੀ ਹੋਵੇਗਾ। ਅਗਲੇ ਪੰਜ ਸਾਲ ਉਨ੍ਹਾਂ ਨੇ ਇਨ੍ਹਾਂ ਮੰਗਾਂ ਦੇ ਦੁਆਲੇ ਸਰਕਾਰ ਵਿਰੁੱਧ ਪ੍ਰਚਾਰ ਕਰਨਾ ਹੈ। ਇਸ ਦੌਰਾਨ ਮਾਓਵਾਦੀਆਂ ਦਾ ਵੀ ਇਕ ਮੈਨੀਫੈਸਟੋ ਹੈ ਜੋ ਮੌਜੂਦਾ ਰਾਜਸੱਤਾ ਦੀ ਹੋਂਦ 'ਤੇ ਸੁਆਲ ਖੜੇ ਕਰਦਾ ਹੈ ਅਤੇ ਚੋਣਾਂ ਦੇ ਬਾਈਕਾਟ ਦਾ ਨਹਾਰਾ ਦਿੰਦਾ ਹੈ।

# ਵੋਟਾਂ ਤੋਂ ਟੁੱਟਦਾ ਮੋਹ ਲੋਕਾਂ ਦਾ

ਬਿਹਾਰ ਦੇ ਸੈਂਕੜੇ ਪਿੰਡਾਂ 'ਚ ਲੋਕ ਸੜਕਾਂ, ਪਾਣੀ, ਬਿਜਲੀ ਤੇ ਮੁਆਵਜ਼ੇ ਵਰਗੇ ਮੁੱਦਿਆਂ 'ਤੇ ਵੋਟਾਂ ਦਾ ਬਾਈਕਾਟ ਕਰ ਰਹੇ ਹਨ। ਉਹ ਭਰਿਸ਼ਟ ਨੁਮਾਇੰਦਿਆਂ ਨੂੰ ਨਹੀਂ ਚੁਣਨਾ ਚਾਹੁੰਦੇ। ਵੈਸੇ ਤਾਂ ਬਿਹਾਰ ਤੇ ਝਾਰਖੰਡ ਵਿਚ ਨਕਸਲੀ ਸੰਗਠਨਾਂ ਵਲੋਂ ਵੋਟ ਬਾਈਕਾਟ ਦੇ ਐਲਾਨ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਹਨ ਅਤੇ ਆਮ ਵੋਟਰਾਂ ਵੱਲੋਂ ਵੀ ਵੋਟ ਬਾਈਕਾਟ ਦੇ ਕੁਝ ਵਾਅਕੇ ਲਗਭਗ ਹਰ ਚੋਣਾਂ 'ਚ ਸਾਹਮਣੇ ਆਉਂਦੇ ਰਹੇ ਹਨ ਪਰ ਇਹ ਪਹਿਲਾਂ ਮੌਕਾ ਹੈ ਕਿ ਜਦ ਬਿਹਾਰ 'ਚ ਕਈ ਥਾਵਾਂ 'ਤੇ ਆਮ ਵੋਟਰ ਚੋਣ ਬਾਈਕਾਟ ਦੀ ਆਵਾਜ਼ ਬੁਲੰਦ ਕਰ ਰਹੇ ਹਨ। ਇਸ ਵਾਰੀ ਰਾਜ ਦਾ ਕੋਈ ਵੀ ਸੰਸਦੀ ਖੇਤਰ ਇਸ ਤੋਂ ਅਛੂਤ ਨਹੀਂ ਹੈ। ਮਾਰਕੇ ਦੀ ਗੱਲ ਤਾਂ ਇਹ ਹੈ ਕਿ ਇਸ ਪਾਸੇ ਨਾ ਤਾਂ ਕਿਸੇ ਸੰਗਠਨ ਦਾ ਹੱਥ ਹੈ ਅਤੇ ਨਾ ਹੀ ਕੋਈ ਪਹਿਲਾਂ ਘੜੀ ਸਾਜਿਸ਼। ਲੋਕ ਸੜਕ, ਪਾਣੀ, ਬਿਜਲੀ, ਸਿੰਚਾਈ ਤੇ ਸਿੱਖਿਆ ਵਰਗੀਆਂ ਸਹੂਲਤਾਂ ਸਬੰਧੀ ਲਾਮਬੰਦ ਹੋ ਰਹੇ ਹਨ ਅਤੇ ਇਹਨਾਂ ਦੀ ਕਮੀ ਲਈ ਲੋਕ ਨੁਮਾਇੰਦਿਆਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾ ਰਹੇ ਹਨ। ਬਕਸਰ ਜ਼ਿਲ੍ਹੇ ਦੀ ਅਟਾਂਵ ਪੰਚਾਇਤ ਦੇ ਇਕੌਨੀ ਪਿੰਡ ਦੇ ਚਾਲੀ ਸਾਲਾਂ ਕਿਸਾਨ ਵਿਸ਼ੋਕ ਸਿੰਘ ਕਹਿੰਦੇ ਹਨ, "ਹਰ ਚੋਣ 'ਚ ਉਮੀਦਵਾਰ ਸਾਡੀਆਂ ਦਿਕਤਾਂ ਦੂਰ ਕਰਨ ਦਾ ਵਾਅਦਾ ਤਾਂ ਕਰਦੇ ਹਨ ਪਰ ਜਿੱਤਣ ਪਿਛੋਂ ਉਹਨਾਂ ਨੂੰ ਖੇਤਰ ਦੀ ਬਦਤਰ ਹਾਲਤ ਨਾਲ ਕੋਈ ਵਾਸਤਾ ਨਹੀਂ ਰਹਿੰਦਾ। ਅਸੀਂ ਲੋਕਾਂ ਨੇ ਪ੍ਰਣ ਕੀਤਾ ਹੈ ਕਿ ਜਦ ਤੱਕ ਪਿੰਡ 'ਚ ਸੜਕ ਨਹੀਂ ਬਣੇਗੀ ਪੀਣ ਵਾਲੇ ਪਾਣੀ ਤੇ ਸਿੰਚਾਈ ਦੀ ਵਿਵਸਥਾ ਨਹੀਂ ਹੋਵੇਗੀ, ਉਹ ਵੋਟ ਨਹੀਂ ਦੇਣਗੇ। ਇਕ-ਇਕ ਵੋਟਰ ਆਪਣੇ ਵਚਨ 'ਤੇ ਕਾਇਮ ਹੈ ਅਤੇ ਅੱਗੇ ਵੀ ਰਹੇਗਾ। ਇਸ ਪਿੱਛੋਂ ਵੀ ਜੇ ਸਾਡੀਆਂ ਗੱਲਾਂ ਨਹੀਂ ਸੁਣੀਆਂ ਗਈਆਂ ਤਾਂ ਅਸੀਂ ਲੋਕ ਟੈਕਸ ਦੇਣਾ ਵੀ ਬੰਦ ਕਰ ਦਿਆਂਗੇ।

ਜ਼ਿਕਰਯੋਗ ਹੈ ਕਿ ਅਟਾਂਵ ਪੰਚਾਇਤ ਦੇ ਲੋਕਾਂ ਨੇ ਪਿਛਲੇ ਦਿਨੀਂ ਵਿਧਾਇਕ ਤੇ ਬਕਸਰ ਸੰਸਦੀ ਸੀਟ ਦੇ ਉਮੀਦਵਾਰ ਦਦਨ ਪਹਿਲਵਾਨ ਦੀ ਕੁਟਮਾਰ ਕਰ ਦਿੱਤੀ ਸੀ। ਇਸ ਪੰਚਾਇਤ ਦੇ ਪੰਜ ਪਿੰਡਾਂ ਕੁਦਰਿਆਂ, ਇਕੌਨੀ, ਅਟਾਂਵ ਖੈਰਹੀ ਤੇ ਮੁੰਗਾਸੀ ਦੇ ਪਿੰਡਾਂ ਨੇ ਚੋਣਾਂ ਦੇ ਐਲਾਨ ਤੋਂ ਤੁਰੰਤ ਬਾਅਦ ਨੇਤਾਵਾਂ ਨੇ ਇਹਨਾਂ ਪਿੰਡਾਂ 'ਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਸੀ ਅਤੇ ਕਿਹਾ ਸੀ ਕਿ ਜੇ ਕੋਈ ਨੇਤਾ ਵੋਟ ਮੰਗਣ ਪਹੁੰਚੇ ਤਾਂ ਉਹ ਲੋਕ ਉਹਨਾਂ ਦਾ ਲਾਠੀਆਂ, ਡੰਡਿਆਂ ਨਾਲ ਸਵਾਗਤ ਕਰਨਗੇ। ਲੋਕਾਂ ਦੇ ਰੋਹ ਨੂੰ ਦੇਖਦਿਆਂ ਦਦਨ ਪਹਿਲਵਾਨ ਨੂੰ ਛੱਡ ਕੇ ਕਿਸੇ ਵੀ ਨੇਤਾ ਨੇ ਪਿੰਡ ਜਾਣ ਦੀ ਹਿੰਮਤ ਨਹੀਂ ਦਿਖਾਈ। ਲਿਹਾਜਾ ਇਹਨਾਂ ਪਿੰਡਾਂ 'ਚ ਇਕ ਵੀ ਵੋਟ ਨਹੀਂ ਪਈ। ਜੇ ਅਪ੍ਰੈਲ 16 ਨੂੰ ਪਹਿਲੇ ਗੇੜ 'ਚ 13 ਸੰਸਦੀ ਸੀਟਾਂ ਲਈ ਹੋਏ ਮਤਦਾਨ ਦਾ ਜਾਇਜ਼ਾ ਲਈਏ ਤਾਂ ਸਥਿਤੀ ਦੀ ਗੰਭੀਰਤਾ ਦਾ ਪਤਾ ਲਗਦਾ ਹੈ। ਪਹਿਲੇ ਗੇੜ ਵਿਚ ਰਾਜ ਦੀਆਂ ਲਗਭਗ 50 ਪੰਚਾਇਤਾਂ 'ਚ ਵੋਟਾਂ ਦਾ ਨਾਗਰਿਕ ਬਾਈਕਾਟ ਕੀਤਾ ਗਿਆ। ਆਗ, ਸਾਸਾਰਾਮ, ਸੀਵਾਨ, ਜਮੁਈ, ਜਹਾਨਾਬਾਦ ਨਵਾਦਾ, ਸੰਸਦੀ ਸੀਟ ਦੇ ਕਰੀਬ 40-45 ਪਿੰਡਾਂ 'ਚ ਇਕ ਵੀ ਵੋਟ ਨਹੀਂ ਪਈ ਜਦ ਕਿ ਕਰੀਬ ਇਕ ਦਰਜ ਪਿੰਡਾਂ ਵਿਚ ਦੋ ਤਿੰਨ ਵੋਟਰਾਂ ਨੇ ਹੀ ਵੋਟ ਪਾਈ। ਆਰਾ

’ਚ ਡੇਢ ਦਰਜਨ ਬੂਥਾਂ ’ਤੇ ਸੜਕ, ਬਿਜਲੀ ਤੇ ਪਾਣੀ ਦੇ ਸੁਆਲ ’ਤੇ ਵੋਟਰਾਂ ਨੇ ਵੋਟਾਂ ਦਾ ਬਾਈਕਾਟ ਕੀਤਾ। ਸਭ ਤੋਂ ਵਧ ਰੋਹ ਤਰਾਰੀ ਵਿਧਾਨ ਸਭਾ ਖੇਤਰ ਵਿਚ ਦੇਖਿਆ ਗਿਆ। ਤਰਾਰੀ ਮਤਦਾਨ ਕੇਂਦਰ ਨੰ:-59 ਹੈਰਲਾ, ਕੇਂਦਰ ਨੰ:-61 ਤੇ 63 ਚਕਿਆਂ, ਕੇਂਦਰ ਨੰ: 62 ਬਲੂਆਂ ਤੇ ਮਤਦਾਨ ਕੇਂਦਰ ਨੰ:-90 ਤੇ 91 ਬਸੌਰੀ ’ਚ ਵੋਟਿੰਗ ਬੂਥ ਵੱਲ ਵੇਖਿਆ ਤਕ ਨਹੀਂ। ਜਹਾਨਾਬਾਦ ਸੰਸਦੀ ਖੇਤਰ ਦੇ ਸਮਹਰਿਆ ਤੇ ਰਾਜੇਪੁਰ, ਗੋਖਿਲਪੁਰ, ਮੁਬਾਰਕਪੁਰ ਅਤੇ ਨੋਨਹੀ-ਜਗਾਵਾਂ ਪਿੰਡ ਦੇ ਲੋਕਾਂ ਨੇ ਵਿਕਾਸ ਤੋਂ ਵੰਚਿਤ ਰਖੇ ਜਾਣ ਦੀ ਸ਼ਿਕਾਇਤ ਕਰਦਿਆਂ ਚੁਣਾਵ ਦਾ ਬਾਈਕਾਟ ਕੀਤਾ। ਸੀਵਾਨ, ਸੰਸਦੀ ਸੀਟ ਦੇ ਹਰਦੋਪੱਟੀ ਅਤੇ ਦਾਹਾ ਪਿੰਡ ਦੇ ਇਕ ਹਜ਼ਾਰ ਤੋਂ ਵੱਧ ਵੋਟਰਾਂ ਨੇ ਇਕ ਪੁਲ ਦੀ ਉਸਾਰੀ ਨਾ ਹੋਣ ਕਰਕੇ ਵੋਟਾਂ ਪਾਉਣ ਤੋਂ ਇਨਕਾਰ ਕਰ ਦਿੱਤਾ। ਇਹਨਾਂ ਪਿੰਡਾਂ ਦੇ ਲੋਕ ਸੋਨਾ ਨਦੀ ’ਤੇ ਪੁਲ ਬਣਾਉਣ ਦੀ ਮੰਗ ਪਿਛਲੇ 50 ਸਾਲਾਂ ਤੋਂ ਕਰ ਰਹੇ ਹਨ। ਨਵਾਦਾ ਸੰਸਦੀ ਖੇਤਰ ਦੇ ਚੜਿਹਾਰੀ, ਧਨਕੌਲ। ਤੇਲਡੀਹ, ਚੋਰਬਰ, ਇਸਮਾਈਲਪੁਰ, ਹਨੁਮਾਨਗੰਗਜ ਤੇ ਧਨਕੌਲ ਪਿੰਡ ਦੇ ਲੋਕਾਂ ਨੇ ਸੜਕ ਤੇ ਬਿਜਲੀ ਨੂੰ ਮੁੱਦਾ ਬਣਾ ਕੇ ਵੋਟ ਦਾ ਬਾਈਕਾਟ ਕੀਤਾ।

ਉਹਨਾਂ ਦਾ ਕਹਿਣਾ ਸੀ ‘ਹੁਣ ਵੋਟ ਦੇ ਕੇ ਅਸੀਂ ਠੱਗੀ ਦਾ ਸ਼ਿਕਾਰ ਨਹੀਂ ਹੋ ਸਕਦੇ।’ ਗਯਾ ਸੰਸਦੀ ਖੇਤਰ ਦੇ ਬੇਲਾਗੰਜ ਤੇ ਵਜੀਰਗੰਜ ਟਿਕਾਈ ਪੰਡਾ ਬਿਰਾਹਾ ਅਤੇ ਉਸਰੀ ’ਚ ਬਿਜਲੀ ਸੜਕ ਤੇ ਪਾਣੀ ਦੀ ਮੰਗ ਨੂੰ ਲੈ ਕੇ ਸਥਾਨਕ ਲੋਕਾਂ ਨੇ ਇਕ ਦਰਜਨ ਬੂਥਾਂ ’ਤੇ ਵੋਟਿੰਗ ਮਸ਼ੀਨ ਦਾ ਵਟਨ ਨਹੀਂ ਦਬਾਇਆ। ਅਗਲੇ ਪੜਾਵਾਂ ਵਿਚ ਜਿਹਨਾਂ ਦਾ ਸੰਸਦੀ ਸੀਟਾਂ ’ਤੇ ਮਤਦਾਨ ਹੋਣੇ ਹਨ, ਉਥੋਂ ਵੀ ਵੋਟ ਬਾਈਕਾਟ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ। ਇਹਨਾਂ ’ਚੋਂ ਕੋਸੀ ਪ੍ਰਮੰਡਲ ’ਚ ਤਾਂ ਵੋਟ ਬਾਈਕਾਟ ਦਾ ਮਾਮਲਾ ਅੰਦੋਲਨ ਦੀ ਸ਼ਕਲ ਅਖਤਿਆਰ ਕਰ ਚੁੱਕਿਆ ਹੈ। ਕੋਸੀ ਦੇ ਭਿਅੰਕਰ ਹੜ ਨਾਲ ਪੀੜਤ ਲੋਗ ਮੁੜ ਵਸੇਬੇ ਤੇ ਮੁਆਵਰੇ ਨੂੰ ਲੈ ਕੇ ਵੋਟ ਬਾਈਕਾਟ ਦਾ ਸੱਦਾ ਦੇ ਰਹੇ ਹਨ। ਕੋਸੀ ਤੱਦ ਬੰਧਾਂ ਅੰਦਰ ਦੇ ਪਿੰਡਾਂ ’ਚ ਤਾਂ ਵੋਟ ਬਾਈਕਾਟ ਲਈ ਬਕਾਇਦਾ ਕਈ ਸੰਗਠਨਾਂ ਦਾ ਗਠਨ ਕੀਤਾ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਉਹ ਸਰਕਾਰੀ ਅਣਦੇਖੀ ਤੋਂ ਤੰਗ ਆ ਚੁੱਕੇ ਹਨ ਅਤੇ ਜਦ ਤੱਕ ਸਾਲਾਂ ਤੋਂ ਮੁਲਤਵੀ ਪੁਨਰਵਾਸ ਮਾਮਲੇ ਨੂੰ ਸੁਲਝਾਇਆ ਨਹੀਂ ਜਾਵੇਗਾ ਉਹ ਵੋਟਾਂ ਦਾ ਬਾਈਕਾਟ ਕਰਦੇ ਰਹਿਣਗੇ।

# ਲੋਕ ਸਭਾ ਚੋਣਾਂ-ਮੌਕਾਪ੍ਰਸਤੀ ਦਾ ਮੁਜਾਹਰਾ ਹਨ

ਪੰਦਰਵੀਂ ਲੋਕ ਸਭਾ ਚੋਣ ਲਈ ਵੱਖ-ਵੱਖ ਪਾਰਟੀਆਂ ਵਲੋਂ ਗੱਠਜੋੜ ਬਣਾਉਣ ਤੇ ਉਮੀਦਵਾਰ ਖੜੇ ਕਰਨ ਦਾ ਕੰਮ ਜਾਰੀ ਹੈ। ਇਸ 'ਚ ਹੋ ਰਹੀ ਰਦੋਬਦਲ ਤੋਂ ਸਪੱਸ਼ਟ ਹੈ ਕਿ ਇਸ ਚੋਣ 'ਚ ਮੌਕਾਪ੍ਰਸਤੀ ਸਭ ਤੋਂ ਭੱਦੇ ਰੂਪ ਵਿਚ ਵੇਖਣ ਨੂੰ ਮਿਲੇਗੀ। ਭਾਵੇਂ ਮੀਡੀਆ ਨੇ ਇਸ ਸਭ ਤੋਂ ਵੱਡੀ ਘਟਨਾ", "ਵੱਡੀ ਲੋਕਰਾਜੀ ਘਟਨਾ" ਆਦਿ ਕਿਹਾ ਜਾ ਰਿਹਾ ਹੈ, ਪਰ ਹਰ ਚੋਣ ਦੇ ਨਾਲ ਇਸ ਦੀ ਜਮਹੂਰੀ ਅੰਤਰ ਵਸਤੂ ਨੂੰ ਖੋਰਾ ਲੱਗਦਾ ਜਾ ਰਿਹਾ ਹੈ। ਹਾਂ, ਵੋਟਾਂ ਪਾਉਣ ਵਾਲੇ ਲੋਕਾਂ ਦੀ ਤੈਦਾਦ ਜ਼ਰੂਰ ਵਧੀ ਹੈ। ਇਸ ਖੋਰੇ ਦਾ ਮੁੱਖ ਕਾਰਨ ਇਹ ਹੈ ਕਿ ਇਸ ਨੂੰ ਇਕ ਵੱਡੀ ਰਾਜਸੀ ਘਟਨਾ ਕਹਿਣ ਦੇ ਬਾਵਜੂਦ ਬੁਨਿਆਦੀ ਰਾਜਸੀ ਸੁਆਲਾਂ, ਆਰਥਿਕ ਮਾਮਲਿਆਂ 'ਤੇ ਚਰਚਾ ਕੀਤੀ ਹੀ ਜਾਂਦੀ ਨਹੀਂ ਜਦਕਿ ਇਹ ਚੋਣਾਂ ਵਿਸ਼ਵੀ ਆਰਥਿਕ ਸੰਕਟ ਦੀ ਨਾਜ਼ੁਕ ਘੜੀ ਵਿਚ ਹੋ ਰਹੀਆਂ ਹਨ।

ਸਾਮਰਾਜੀ ਅਰਥਚਾਰੇ ਦੇ ਸੰਕਟ, ਵਿਸ਼ਵੀ ਆਰਥਿਕ ਮੰਦੀ ਕਾਰਨ ਸਾਡੇ ਦੇਸ਼ 'ਚ ਜੋ ਹੋ ਰਿਹਾ ਹੈ ਉਸ ਨਾਲ ਉਨ੍ਹਾਂ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਪਿਛਾਕੜੀ ਸਾਰਤੱਤ ਨੂੰ ਅਜੇ ਤੱਕ ਦੇਖ ਨਹੀਂ ਸਕੇ ਸਨ। ਇਕ ਪਲ ਲਈ ਸਾਰੇ ਵਿੱਤ ਮੰਤਰੀ ਚਿਦੰਬਰਮ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਵੱਡੇ ਵੱਡੇ ਵਾਅਦਿਆਂ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਉਹ ਕੁਲ ਘਰੇਲੂ ਉਤਪਾਦ ਦੀ 9 ਫੀਸਦੀ ਵਾਧਾ ਕਰ ਤਕਰੀਬਨ ਅਜਿਹੇ ਹੀ ਵਿਕਾਸ ਦਰ ਛਾਲਾਂ ਭਰਦੇ ਸ਼ੇਅਰ ਬਾਜ਼ਾਰ ਦੇ ਦਾਅਵੇ ਕਰਦੇ ਰਹੇ ਸਨ। ਅੱਜ ਇਨ੍ਹਾਂ ਸਾਰੇ ਦਾਅਵਿਆਂ ਦਾ ਕੀ ਹੋਇਆ? ਵਿਸ਼ਵੀ ਆਰਥਿਕ ਸੰਕਟ ਨੂੰ ਅਜੇ ਛੇ ਮਹੀਨੇ ਵੀ ਨਹੀਂ ਹੋਏ ਅਤੇ ਵਿਕਾਸ ਦਰ ਘੱਟ ਕੇ 5.4 ਫੀਸਦੀ ਜਾ ਉਸ ਤੋਂ ਵੀ ਘੱਟ ਹੋ ਜਾਣ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਸਕਦੀ ਹੈ। ਸ਼ੇਅਰ ਬਾਜ਼ਾਰ 21000 ਅੰਕਾਂ ਤੋਂ ਲੁੱਟਕ ਕੇ 9000 ਦੇ ਆਸ ਪਾਸ ਆ ਗਿਆ ਹੈ। ਸੰਕਟ ਗ੍ਰਸਿਤ ਸਾਮਰਾਜੀ ਦੇਸ਼ਾਂ ਨੇ ਦਰਾਮਦ 'ਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਆਊਟ ਸਰੋਸਿੰਗ ਘੱਟ ਕਰਨ ਲੱਗੇ ਹਨ। ਸਿੱਟੇ ਵਜੋਂ ਉਦਯੋਗ ਖਾਸ ਕਰਕੇ ਬਰਾਮਦ ਮੁਖੀ ਉਦਯੋਗ ਖੇਤੀ ਖੇਤਰ ਅਤੇ ਇਥੋਂ ਤੱਕ ਕਿ ਬਹੁ ਚਰਚਿਤ ਸੂਚਨਾ ਤਕਨੋਲੋਜੀ ਸਾਫਟਵੇਅਰ ਖੇਤਰ ਵੀ ਸੰਕਟ ਦੀ ਗਿਰਫਤ ਵਿਚ ਆ ਗਏ ਹਨ। ਵੱਡੀ ਗਿਣਤੀ ਵਿਚ ਸਨਅਤੀ ਇਕਾਈਆਂ ਬੰਦ ਹੋ ਰਹੀਆਂ ਹਨ। ਲੱਖਾਂ ਮਜ਼ਦੂਰਾਂ ਨੂੰ ਕੰਮ ਤੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਇਹ ਸਿਲਸਿਲਾ ਅਜੇ ਜਾਰੀ ਹੈ। ਰੀਅਲ ਅਸਟੇਟ ਖੇਤਰ ਕਾਫੀ ਮੰਦਾ ਚਲ ਰਿਹਾ ਹੈ ਤੇ ਉਸਾਰੀ ਉਦਯੋਗ 'ਚ ਕਈ ਲੱਖਾਂ ਲੋਕ ਰੁਜ਼ਗਾਰ ਤੋਂ ਵਾਂਝੇ ਹੋ ਰਹੇ ਹਨ। ਚੋਣਾਂ ਸਮੇਂ ਇਸ 'ਤੇ ਪਰਦਾ ਪਾਉਣ ਲਈ ਹਕੂਮਤੀ ਪ੍ਰਬੰਧ ਤੇ ਸੰਚਾਰ ਮਾਧਿਅਮ ਅਸਲੀ ਕਾਰਨਾਂ ਨੂੰ ਬਾਹਰ ਨਹੀਂ ਆਉਣ ਦੇ ਰਹੇ ਹਨ। ਪਰ ਇਕ ਵਾਰ ਜਿਉਂ ਹੀ ਚੋਣਾਂ ਨੇਪਰੇ ਚੜ੍ਹ ਜਾਣਗੀਆਂ ਤਦ ਸਾਮਰਾਜੀ ਸੰਕਟ ਦੇ ਸਿੱਟਿਆਂ ਦਾ ਗੰਦਾ ਰੂਪ ਪ੍ਰਗਟ ਹੋਣਾ ਨਿਸ਼ਚਿਤ ਹੈ। ਅਰਥਚਾਰਾ ਹੋਰ ਸੁੰਗੜੇਗਾ ਅਤੇ ਹੋਰ ਵੀ ਲੋਕਾਂ ਨੂੰ ਰੁਜ਼ਗਾਰ ਗੁਆਉਣਾ ਪਵੇਗਾ। ਮੁਦਰਾ ਸਫਿਤੀ ਦੀ ਦਰ ਵਧੇ ਜਾਂ ਘਟੇ

ਮਹਿੰਗਾਈ ਰੁਕੇਗੀ ਨਹੀਂ। ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਦੀਆਂ ਹੀ ਜਾਣਗੀਆਂ। ਚੁਣਾਵੀਂ ਦ੍ਰਿਸ਼ ਦਾ ਸਭ ਤੋਂ ਭਿਆਨਕ ਪਹਿਲੂ ਇਹ ਹੈ ਕਿ ਸਾਮਰਾਜੀ ਸੰਕਟ ਦੇ ਚੋਣਾਂ ਮੌਕੇ ਵੀ ਮਾੜੇ ਪ੍ਰਭਾਵਾਂ ਸਬੰਧੀ ਹਾਕਮ ਜਮਾਤ ਦੀ ਕੋਈ ਵੀ ਮੁੱਖ ਪਾਰਟੀ ਗੰਭੀਰਤਾ ਨਾਲ ਚਰਚਾ ਕਰਨ ਲਈ ਤਿਆਰ ਨਹੀਂ ਹੈ। ਇਹ ਸਪੱਸ਼ਟ ਹੈ ਕਿ ਯੂ. ਪੀ. ਏ. ਸਰਕਾਰ ਅਜਿਹਾ ਕਰਨ ਦੀ ਇਛੁੱਕ ਨਹੀਂ ਹੈ। ਕਿਉਂਕਿ ਪਿਛਲੇ ਪੰਜ ਸਾਲਾਂ ਦੌਰਾਨ ਇਸ ਦੀ ਹਕੂਮਤ ਦੌਰਾਨ ਸਾਡੇ ਦੇਸ਼ ਦੇ ਅਰਥਚਾਰੇ ਨੂੰ ਵੱਧ ਤੇਜ਼ੀ ਨਾਲ ਵਿਸ਼ਵੀ ਸਾਮਰਾਜੀ ਵਿਵਸਥਾ ਨਾਲ ਨੂੜਨ ਦਾ ਕੰਮ ਕੀਤਾ ਗਿਆ। ਜਦੋਂ ਬੁਲਬਲੇ ਦੇ ਪਿਚਕਨ ਤੇ ਵਿਸ਼ਵੀ ਆਰਥਿਕ ਸੰਕਟ ਦੇ ਲੱਛਣ ਨਜ਼ਰ ਆਉਣ ਲੱਗੇ ਸਨ ਤਦ ਵੀ ਇਹ ਸਰਕਾਰ ਗੈਰ-ਜ਼ਿੰਮੇਵਾਰੀ ਭਰੇ ਢੰਗ ਨਾਲ ਜਾਂ ਜਾਣ ਬੁਝ ਕੇ ਇਹ ਪ੍ਰਭਾਵ ਦੇ ਰਹੀ ਸੀ ਕਿ ਭਾਰਤੀ ਅਰਥਚਾਰੇ ’ਤੇ ਇਸ ਦਾ ਅਸਰ ਨਹੀਂ ਪਵੇਗਾ। ਪਰ ਹਾਲ ਦੀਆਂ ਘਟਨਾਵਾਂ ਇਸ ਨੂੰ ਗ਼ਲਤ ਸਾਬਤ ਕਰ ਰਹੀਆਂ ਹਨ। ਇਸ ਕਾਰਨ ਯੂ. ਪੀ. ਏ. ਸਰਕਾਰ ਅਸਹਿਜ ਸਥਿਤੀ ਵਿਚ ਹੈ ਤਾਂ ਫਿਰ ਮੁੱਖ ਪਾਰਟੀਆਂ ਵੱਲੋਂ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਨਿਸ਼ਾਨਾਂ ਕਿਉਂ ਨਹੀਂ ਬਣਾਇਆ ਜਾ ਰਿਹਾ ਹੈ? ਕਾਰਨ ਸਪੱਸ਼ਟ ਹੈ: ਭਾਜਪਾ ਤੇ ਮੁੱਖ ਧਾਰਾ ਦੀਆਂ ਹੋਰ ਪਾਰਟੀਆਂ ਵੀ ਇਹਨਾਂ ਨਵ-ਉਦਾਰਵਾਦੀ ਨੀਤੀਆਂ ’ਤੇ ਅਮਲ ਕਰਦੀ ਰਹੀ ਹੈ। ਉਹ ਇਨ੍ਹਾਂ ਨੀਤੀਆਂ ਤੇ ਦਾਗ ਨਹੀਂ ਲੱਗਣ ਦੇਣਾ ਚਾਹੁਦੀ ਹੈ। ਇਸ ਲਈ ਮੁੱਖ ਵਿਸ਼ੇ ’ਤੇ ਪਰਦਾ ਪਾ ਕੇ ਬਹਿਸ ਨੂੰ ਹੋਰ ਸਤਈ ਮੁੱਦਿਆਂ ਤੇ ਕੇਦਰਿਤ ਕੀਤਾ ਜਾ ਰਿਹਾ ਹੈ। ਇਸ ਅਰਥ ਵਿਚ ਕਿਹਾ ਜਾ ਸਕਦਾ ਹੈ ਕਿ ਚੋਣਾਂ ਨੂੰ ਗੈਰ-ਸਿਆਸੀ ਬਣਾ ਦਿੱਤਾ ਗਿਆ ਹੈ। ਮਾਕਪਾ ਦੀ ਅਗਵਾਈ ਵਾਲਾ ਖੱਬਾ ਮੋਰਚਾ ਵੀ ਇਸ ਖੇਡ ’ਚ ਸ਼ਾਮਿਲ ਹੈ ਕਿਉਂਕਿ ਉਹ ਵੀ ਦੇਸ਼ ਦੀ ਮੌਜੂਦਾ ਦੁਰਦਸ਼ਾ ਨੀਤੀਆਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੇ ਪੱਖ ’ਚ ਨਹੀਂ ਹੈ। ਉਹ ਜਿਥੇ ਵੀ ਸੱਤਾ ਵਿਚ ਹੈ ਚਾਹੇ ਪੰਚਾਇਤ ਹੋਵੇ ਜਾਂ ਸਰਕਾਰੀ ਸੰਮਤੀ ਹੋਵੇ ਜਾਂ ਫਿਰ ਰਾਜ ਸਰਕਾਰ ਹੁਣ ਵੀ ਉਹ ਸੰਸਾਰ ਬੈਂਕ, ਆਈ. ਐਮ. ਐਫ. ਤੇ ਸੰਸਾਰ ਵਪਾਰ ਸੰਗਠਨ ਦੇ ਨਿਰਦੇਸ਼ ਤੇ ਬਣੀਆਂ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ’ਤੇ ਅਮਲ ਕਰ ਰਹੇ ਹਨ। 1991 ’ਚ ਜਦ ਨਰਸਿਮਾ ਰਾਓ ਤੇ ਮਨਮੋਹਨ ਸਿੰਘ ਦੀ ਜੋੜੀ ਨੇ ਇਨ੍ਹਾਂ ਨੀਤੀਆਂ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ, ਤਦ ਤੋਂ ਲੈ ਕੇ ਅੱਜ ਤੱਕ ਖੱਬੇ ਮੋਰਚੇ ਨੇ ਕਦੀ ਵੀ ਇਨ੍ਹਾਂ ਨੀਤੀਆਂ ਨੂੰ ਰੱਦ ਕਰਨ ਦੀ ਮੰਗ ਨਹੀਂ ਕੀਤੀ ਹੈ। ਅਜਿਹਾ ਕਰਨ ਦੀ ਬਜਾਏ ਇਹਨਾਂ ਦੀ ਪਹਿਲ ਤੇ ਬਣੀਆਂ ਦੇਵੇਗੌੜਾ ਤੇ ਗੁਜਰਾਤ ਦੀਆਂ ਸਰਕਾਰਾਂ ਨੇ 1966 ਤੋਂ ਲੈ ਕੇ 1998 ਤੱਕ ਇਨ੍ਹਾਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਸੀ। ਇਸ ਪਿੱਛੋਂ ਉਨ੍ਹਾਂ ਨੇ ਮਨਮੋਹਨ ਸਿੰਘ ਸਰਕਾਰ ਨੂੰ ਚਾਰ ਸਾਲ ਤੱਕ ਬਰਕਾਰ ਰੱਖਣਾ ਜਿਸ ਨੇ ਇਹਨਾਂ ਨਵ-ਉਦਾਰਵਾਦੀ ਨੀਤੀਆਂ ਨੂੰ ਹੋਰ ਤੇਜ਼ੀ ਨਾਲ ਲਾਗੂ ਕੀਤਾ। ਅੱਜ ਮਾ. ਕ. ਪ. ਤੇ ਮਾ. ਕ. ਪ. ਕਈ ਸਾਰੀਆਂ ਪਾਰਟੀਆਂ ਨੂੰ “ਤੀਜਾ ਮੋਰਚਾ” ’ਚ ਲਿਆਉਣ ਲਈ ਯਤਨਸ਼ੀਲ ਹੈ। ਪਰ ਇਸ ਤੀਜੇ ਮੋਰਚੇ ’ਚ ਇਨ੍ਹਾਂ ਨੀਤੀਆਂ ਨੂੰ ਰੱਦ ਕਰਨਾ ਸ਼ਾਮਿਲ ਹੈ? ਨਹੀਂ ਬਲਕਿ ਤੱਥ ਇਹ ਹੈ ਕਿ ਇਸ ਵਿਚ ਸ਼ਾਮਿਲ ਹੋਣ ਵਾਲੀਆਂ ਪਾਰਟੀਆਂ ਉਹ ਚਾਹੇ ਚੰਦਰ ਬਾਬੂ ਨਾਇਡੂ ਦੀ ਤੇਲਗੂ ਦੇਸ਼ਮ ਹੋਵੇ ਜਾਂ ਜੈਲਲਿਤਾ ਦੀ ਅੰਨਾ ਦ੍ਰਮੁਕ ਹੋਵੇ ਸਭ ਇਹਨਾਂ ਨੀਤੀਆਂ ਪ੍ਰਤੀ ਉਨੀਆਂ ਹੀ ਵਫ਼ਾਦਾਰ ਹਨ, ਜਿੰਨੀਆਂ

ਕੀ ਭਾਜਪਾ-ਨੀਤੀ ਰਾਜਗ ਤੇ ਕਾਂਗਰਸ-ਨੀਤ ਸੰਪ੍ਰਗ। ਸਾਮਰਾਜੀ ਸੰਕਟ ਕਹਿਰ ਮਚਾ ਰਿਹਾ ਹੈ, ਪਰ ਖੱਬੇ ਮੋਰਚੇ ਦੇ ਨੇਤਾਵਾਂ ਦੇ ਆਰਥਿਕ ਸਲਾਹਕਾਰਾਂ ਦੀ ਵੱਧ ਤੋਂ ਵੱਧ ਮੰਗ ਇਹੀ ਹੈ ਕਿ ਕਿਸਦੀਆਂ ਕਲਿਆਣਕਾਰੀ ਰਾਜ ਦੀਆਂ ਨੀਤੀਆਂ 'ਤੇ ਨਵੇਂ ਸਿਰੇ ਤੋਂ ਅਮਲ ਕੀਤਾ ਜਾਵੇ। ਇਸ ਤਰ੍ਹਾਂ ਇਹ ਖੱਬੇ ਪੱਤਿਤ ਹੋ ਕੇ ਹਾਕਮ ਜਮਾਤ ਦੇ ਪੱਕੇ ਸਮਰਥਕ ਬਣ ਗਏ ਹਨ। ਇਸ ਲਈ ਇਹ ਵੀ ਚੁਣਾਵੀਂ ਬਹਿਸ ਤੋਂ ਨਵ-ਉਦਾਰਵਾਦੀ ਨੀਤੀਆਂ ਨੂੰ ਵੱਖ ਰੱਖ ਰਹੇ ਹਨ। ਕਾਂਗਰਸ ਹੋਵੇ ਜਾਂ ਭਾਜਪਾ ਜਾਂ ਖੱਬਾ ਮੋਰਚਾ ਇਹਨਾਂ ਵਿਚਕਾਰ ਬੁਨਿਆਦੀ ਮੁੱਦਿਆਂ 'ਤੇ ਕੋਈ ਖਾਸ ਮਤਭੇਦ ਨਹੀਂ ਹੈ।

ਇਹੀ ਕਾਰਨ ਹੈ ਕਿ ਲੋਕ ਇਹਨਾਂ ਚੋਣਾਂ ਲਈ ਇਨ੍ਹਾਂ ਪਾਰਟੀਆਂ ਦੇ ਨੇਤਾ ਤੇ ਵਰਕਰ ਬੇਝਿਜਕ ਹੋ ਕੇ ਪਾਲਾ ਬਦਲ ਰਹੇ ਹਨ। ਬੀਜੂ ਜਨਤਾ ਦਲ ਨੇ ਭਾਜਪਾ ਦਾ ਸਾਥ ਛੱਡ ਦਿੱਤਾ ਹੈ ਤਾਂ ਇਸ ਪਿੱਛੇ ਕੋਈ ਵਿਚਾਰਧਾਰਕ ਕਾਰਨ, ਨਹੀਂ ਹੈ। ਇਹ ਸਿਰਫ ਸੀਟਾਂ ਦੀ ਮੰਗ ਤੇ ਸੱਤਾ 'ਚ ਹਿੱਸਾ ਵੰਡ ਦੇ ਸੁਆਲ ਤੇ ਇਹ ਵੱਖ ਹੋਏ ਹਨ। ਇਸ ਤਰ੍ਹਾਂ ਉੱਤਰ ਪ੍ਰਦੇਸ਼ 'ਚ ਅਜੀਤ ਸਿੰਘ ਭਾਜਪਾ ਨਾਲ ਚਲੇ ਗਏ ਹਨ ਇਹ ਆਇਆ ਰਾਮ ਤੇ ਗਿਆ ਰਾਮ ਦੀ ਖੇਡ ਚਲਦੀ ਰਹੇਗੀ। ਚੋਣਾਂ ਪਿੱਛੋਂ ਕਰੋੜਾਂ ਰੁਪਏ ਦੀ ਇਸ ਖੇਡ ਵਿਚ ਹੋਰ ਵੀ ਹੱਦੇ ਦ੍ਰਿਸ਼ ਦੇਖਣ 'ਚ ਆਉਣਗੇ। ਮਾਕਪਾ ਤੇ ਖੱਬਾ ਮੋਰਚਾ ਇਸ ਖੇਡ 'ਚ ਬਹੁਤ ਪਿੱਛੇ ਨਹੀਂ ਹਨ। ਆਂਧਰਾ 'ਚ ਦੇਸ਼ ਇਹ ਪਿਛਲੀ ਵਾਰੀ ਕਾਂਗਰਸ ਦੇ ਨਾਲ ਸਨ ਤਾਂ ਇਸ ਵਾਰੀ ਉਹ ਸਹਿਜੇ ਹੀ ਤੇਲਗੂ ਦੇਸ਼ਮ ਨਾਲ ਜਾ ਮਿਲੇ ਹਨ। ਤਾਮਿਲਨਾਡੂ ਵਿਚ ਦ੍ਰਮੁਕ ਨੂੰ ਛੱਡ ਉਹ ਅੰਨਾ ਦ੍ਰਮੁਕ ਦੇ ਨਾਲ ਹੋ ਗਏ ਹਨ। ਜਦ ਕਿ ਇਹ ਸਭ ਪਾਰਟੀਆਂ ਇਕ ਹੀ ਜਨ ਵਿਰੋਧੀ ਵਿਚਾਰਧਾਰਕ ਤੇ ਆਰਥਿਕ ਨੀਤੀਆਂ ਦੀ ਨੁਮਾਇੰਦਗੀ ਕਰਦੀਆਂ ਹਨ। ਅਜਿਹੀ ਸਥਿਤੀ ਵਿਚ ਪੱਛਮੀ ਬੰਗਾਲ 'ਚ ਟਿਕਟ ਨਾ ਮਿਲਣ ਕਰਕੇ ਮਾਕਪਾ ਇਕ ਸੰਸਦ ਭਾਜਪਾ 'ਚ ਚਲੇ ਗਏ ਹਨ ਜਦਕਿ ਇਕ ਹੋਰ ਕੇਰਲ 'ਚ ਕਾਂਗਰਸ ਦਾ ਹੱਥ ਫੜਨ ਦੀ ਤਿਆਰੀ ਕਰ ਰਹੇ ਹਨ।

# ਜਰਦਾਰੀ ਸਰਕਾਰ ਤੇ ਸ਼੍ਰੀਲੰਕਾ ਕ੍ਰਿਕਟ ਟੀਮ ਤੇ ਹਮਲਾ

ਆਪਣੀ ਪਿੱਠ 'ਤੇ ਬੈਗ ਟੰਗੀ ਤੇ ਹੱਥਾਂ ਵਿੱਚ ਕਲਾਸ਼ਿਨਕੋਵ ਰਾਈਫਲ ਲੈ ਕੇ ਜਨਤਕ ਥਾਂ 'ਤੇ ਖੁਲੇਆਮ ਘੁੰਮਦੇ ਹੋਏ ਪੁਲਸ ਤੇ ਆਮ ਲੋਕਾਂ ਉਪਰ ਅੰਧਾਧੁੰਦ ਗੋਲੀਆਂ ਵਰ੍ਹਾ ਰਹੇ ਨੌਜਵਾਨਾਂ ਨੇ 26/11 ਨੂੰ ਮੁੰਬਈ 'ਚ ਹੋਏ ਕਮਾਂਡੋ ਸਟਾਈਲ ਦੇ ਹਮਲਿਆਂ ਦੀ ਯਾਦ ਦਵਾ ਦਿੱਤੀ, ਪਰ ਹਮਲਿਆਂ ਵਿਚਕਾਰ ਬਰਾਬਰੀ ਇਥੇ ਹੀ ਖ਼ਤਮ ਹੋ ਜਾਂਦੀ ਹੈ। 3/3 ਹਮਲੇ (3 ਮਾਰਚ ਨੂੰ ਹੋਏ ਹਮਲੇ ਨੂੰ ਮੀਡੀਆ ਨੇ ਇਹੀ ਨਾਂ ਦਿੱਤਾ ਹੈ) ਦੀਆਂ ਇਹ ਤਾਜ਼ਾ ਤਰੀਨ ਖ਼ਬਰਾਂ ਸਭ ਤੋਂ ਪਹਿਲਾਂ ਪਾਕਿਸਤਾਨ ਦੇ ਟੀ. ਵੀ. ਸਕਰੀਨ 'ਤੇ ਝਲਕੀ ਜਿਨ੍ਹਾਂ ਨੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ ਦਿਲ ਵਿਚ ਵਸੇ ਲਾਹੌਰ ਤੇ ਲਾਹੌਰ ਦੇ ਠੀਕ ਵਿਚੋਂ ਵਿਚ ਸਥਿਤ ਲਿਬਰਟੀ ਚੌਂਕ 'ਤੇ ਕੈਮਰੇ 'ਚ ਕੈਦ ਕੀਤਾ ਗਿਆ ਸੀ। ਲਗਭਗ ਇੱਕ ਦਰਜਨ ਬੰਦੂਕਧਾਰੀ ਹਮਲਾਵਰਾਂ ਦਾ ਸਪੱਸ਼ਟ ਤੌਰ 'ਤੇ ਨਿਸ਼ਾਨਾਂ ਸੀ। ਮਹਿਮਾਨ ਸ਼੍ਰੀਲੰਕਾ ਟੀਮ, ਜੋ ਪਾਕਿਸਤਾਨ ਖਿਲਾਫ਼ ਦੂਜੇ ਟੈਸਟ ਮੈਚ ਦੇ ਤੀਸਰੇ ਦਿਨ ਦੀ ਖੇਡ ਲਈ ਗਦਾਫ਼ੀ ਸਟੇਡੀਅਮ ਵੱਲ ਜਾ ਰਹੀ ਸੀ। ਇਸ ਕਤਲੇਆਮ 'ਚ ਸਿਰਫ਼ ਇਕ ਘੰਟਾ ਲੱਗਿਆ ਜਿਸ ਵਿਚ ਛੇ ਪੁਲਿਸ ਵਾਲਿਆਂ ਸਮੇਤ ਅੱਠ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਜਦ ਕਿ ਹਮਲਾਵਰ ਆਰਾਮ ਨਾਲ ਭੱਜਣ ਵਿਚ ਕਾਮਯਾਬ ਹੋ ਗਏ ਅਤੇ ਸ਼੍ਰੀ ਲੰਕਾਈ ਖਿਡਾਰੀ ਬਗ਼ੈਰ ਕਿਸੇ ਵੱਡੇ ਹਰਜੇ ਦੇ ਚਮਤਕਾਰੀ ਰੂਪ ਨਾਲ ਬਚ ਗਏ। ਪਰ ਮੁੰਬਈ ਹਮਲਿਆਂ ਪਿੱਛੋਂ ਦੀ ਹਾਲਾਤ ਦੀ ਹੀ ਤਰ੍ਹਾਂ ਪਾਕਿਸਤਾਨ ਦੀ ਸੂਬਾਈ ਤੇ ਸੰਘੀ ਸਰਕਾਰ ਦੀ ਸ਼ਾਖ ਤਾਰ ਤਾਰ ਹੋ ਗਈ ਅਤੇ ਮੁਲਕ ਜਰਜਰ ਆਉਣ ਲੱਗਿਆ। ਹਮਲੇ ਦੇ ਫ਼ੌਰੀ ਪਿੱਛੋਂ ਹੀ ਇੱਥੇ ਦੌਰਾ ਕਰ ਰਹੇ ਮਹਿਮਾਨ ਸ਼੍ਰੀ ਲੰਕਾਈ ਟੀਮ ਨੂੰ ਦਿੱਤੀ ਜਾ ਰਹੀ ਸੁਰੱਖਿਆ ਦੀ ਮਜ਼ਬੂਤੀ ਸਬੰਧੀ ਕਈ ਸੁਆਲ ਉਠਣ ਲੱਗੇ। ਸ਼੍ਰੀ ਲੰਕਾਈ ਟੀਮ ਨੇ ਸਿਰਫ਼ 26/11 ਪਿੱਛੋਂ ਭਾਰਤੀ ਕ੍ਰਿਕਟ ਟੀਮ ਦੇ ਦੌਰੇ ਦੇ ਅਚਾਨਕ ਰੱਦ ਹੋਣ ਨਾਲ ਪੈਦਾ ਹੋਏ ਖਲਾਅ ਨੂੰ ਭਰਿਆ ਬਲਕਿ ਇੱਥੇ ਆ ਕੇ ਪਾਕਿਸਤਾਨ 'ਚ ਸੁਰੱਖਿਆ ਮਾਹੌਲ 'ਤੇ ਸ਼ਾਏ ਸੰਕਿਆਂ ਨੂੰ ਵੀ ਝੁਠਲਾਇਆ ਸੀ ਪਰ ਇਹ ਤੱਥ ਸੁਰੱਖਿਆ ਪ੍ਰਬੰਧ 'ਚ ਉਸ ਗੰਭੀਰ ਕੁਤਾਈ ਵੱਲ ਇਸ਼ਾਰਾ ਕਰਦਾ ਹੈ ਕਿ ਕਿਵੇਂ ਕਈ ਹਮਲਾਵਰ ਬੱਸ 'ਚ ਸਵਾਰ ਟੀਮ ਦੇ ਰਾਹ ਦੇ ਏਨੇ ਕਰੀਬ ਆ ਗਏ ਅਤੇ ਫਿਰ ਨਿਕਲਣ ਭੱਜਣ ਵਿੱਚ ਵੀ ਕਾਮਯਾਬ ਹੋ ਗਏ ਸਨ ਹਾਲਾਂ ਕਿ ਇਹ ਵੀ ਤੱਥ ਹੈ ਕਿ ਕੁਝ ਪੁਲਸ ਕਰਮੀਆਂ ਨੇ ਆਪਣੀ ਸੁਰੱਖਿਆ 'ਚ ਚੱਲ ਰਹੇ ਖਿਡਾਰੀਆਂ ਦੀ ਹਿਫਾਜਤ ਲਈ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ। ਦਰਅਸਲ ਇਹ ਇਕ ਕ੍ਰਿਸ਼ਮਾ ਹੀ ਸੀ ਕਿ ਹਮਲਾ ਕੋਈ ਜ਼ਿਆਦਾ ਘਾਤਕ ਸਾਬਤ ਨਹੀਂ ਹੋਇਆ। ਹਮਲਾਵਰਾਂ ਨੇ ਸਭ ਤੋਂ ਪਹਿਲਾਂ ਬੱਸ 'ਤੇ ਰਾਕਟ ਦਾਗਿਆ ਤੇ ਫੇਰ ਦੋ ਹੱਥ ਗੋਲੇ ਵੀ ਸੁੱਟੇ ਜਿਨ੍ਹਾਂ 'ਚੋਂ ਸਾਰੇ ਦੇ ਸਾਰੇ ਨਿਸ਼ਾਨੇ ਫੇਲ੍ਹ ਗਏ। ਇਸ ਨੂੰ ਖਿਡਾਰੀਆਂ ਦੀ 'ਅੱਛੀ ਕਿਸਮਤ' ਹੀ ਕਿਹਾ ਜਾ ਸਕਦਾ ਹੈ ਕਿ ਜਦ ਹਮਲਾਵਰਾਂ ਨੂੰ ਪੁਲਸ ਕਮਾਂਡੋ ਨੇ ਉਲਝਾ ਲਿਆ ਤਾਂ ਬੱਸ ਡਰਾਈਵਰ ਬਹੁਤ ਸੂਝ ਬੂਝ ਵਿਖਾਉਂਦਿਆਂ ਘਟਨਾ ਵਾਲੀ ਥਾਂ ਤੋਂ ਬੱਸ ਤੇਜ਼ੀ ਨਾਲ ਸਟੇਡੀਅਮ ਵੱਲ ਭਜਾ ਕੇ ਲੈ ਗਿਆ। ਇਸ ਲਈ ਸ਼੍ਰੀ ਲੰਕਾਈ ਟੀਮ ਹਮਲਾਵਰਾਂ ਹੱਥੋਂ ਬੰਦੀ ਬਣਨ

ਤੋਂ ਜਾਂ ਫਿਰ ਮਾਰੇ ਜਾਣ ਤੋਂ ਬਚ ਗਈ ਪਰ ਕ੍ਰਿਕਟ ਦੇ ਅਯੋਜਿਨ ਸਥਾਨ ਤੇ ਦਰਅਸਲ ਸੈਲਾਨੀ ਜਾਂ ਨਿਵੇਸ਼ ਜਗ੍ਹਾ ਵਜੋਂ ਪਾਕਿਸਤਾਨ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਸੀ। ਮੀਡੀਆ 'ਚ ਹੋਇਆ ਇਕ ਹੋਰ ਖੁਲਾਸਾ ਵੱਧ ਚੌਂਕਾ ਦੇਣ ਵਾਲਾ ਸੀ ਅਤੇ ਉਹ ਇਹ ਕਿ ਸਰਕਾਰ ਨੇ ਸੰਭਾਵਿਤ ਹਮਲਿਆਂ ਨਾਲ ਸਬੰਧਤ ਅਪਰਾਧ ਰੋਕੋ ਵਿਭਾਗ ਦੀਆਂ ਉਹਨਾਂ ਵਿਸ਼ੇਸ਼ ਖੁਫੀਆ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ (ਜਿਹਨਾਂ ਵਿਚ ਕਥਿਤ ਤੌਰ 'ਤੇ ਕਿਹਾ ਗਿਆ ਸੀ ਕਿ ਭਾਰਤੀ ਖੁਫੀਆ ਏਜੰਸੀ (ਰਿਸਰਚ ਐਂਡ ਏਨਾਲਿਸਿਸ ਵਿੰਗ) ਦੀ ਯੋਜਨਾ ਲੰਕਾਈ ਖਿਡਾਰੀਆਂ 'ਤੇ ਉਸ ਵਕਤ ਹਮਲਾ ਕਰਨ ਦੀ ਹੈ ਜਦ ਇਨ੍ਹਾਂ ਖਿਡਾਰੀਆਂ ਨੂੰ ਕ੍ਰਿਕਟ ਸਟੇਡੀਅਮ ਤੋਂ ਲਿਆਂਦਾ ਜਾਂ ਲਿਜਾਇਆ ਜਾ ਰਿਹਾ ਹੋਵੇਗਾ। ਚੇਤਾਵਨੀ ਐਨ ਸਟੀਕ ਸੀ ਅਤੇ ਐਨ ਸਮੇਂ ਤੇ (22 ਜਨਵਰੀ ਨੂੰ) ਹੀ ਦੇ ਦਿੱਤੀ ਗਈ ਸੀ। ਫਿਰ ਵੀ ਹਮਲਿਆਂ ਨੂੰ ਰੋਕਣ ਲਈ ਲੋੜੀਂਦੇ ਕਦਮ ਨਹੀਂ ਉਠਾਏ ਗਏ। ਅਜਿਹੇ ਵਿੱਚ ਇਸ ਨੂੰ ਅਪਰਾਧਿਕ ਕਾਰਵਾਈ ਹੀ ਮੰਨਿਆ ਜਾ ਸਕਦਾ ਹੈ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਪੰਜਾਬ ਸਰਕਾਰ ਨੇ ਖਾਸ ਕਰਕੇ 26 ਜਨਵਰੀ ਨੂੰ ਲਾਹੌਰ 'ਚ ਖੇਡੇ ਗਏ ਇਕ ਦਿਨਾ ਮੈਚ ਸਬੰਧੀ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਲਿਆ ਸੀ ਦਰਅਸਲ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ ਸ਼ਰੀਫ਼ ਖੁਦ ਇਸ ਮਾਮਲੇ ਸਬੰਧੀ ਹੋਈਆਂ ਮੀਟਿੰਗਾਂ ਵਿੱਚ ਸ਼ਾਮਲ ਹੋਏ ਸਨ ਅਤੇ ਉਹਨਾਂ ਨੇ ਖੁਦ ਮਹਿਮਾਨ ਟੀਮ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਸਨ ਤਾਂ ਕਿ ਸੁਰੱਖਿਆ ਯਕੀਨੀ ਬਣ ਸਕੇ। ਪਰ ਇਸ ਪਿੱਛੋਂ ਪਾਕਿਸਤਾਨ ਦੀ ਸੁਪਰੀਮ ਕੋਰਟ ਵੱਲੋਂ ਸ਼ਰੀਫ ਨੂੰ ਕਿਸੇ ਵੀ ਚੁਣੇ ਗਏ ਅਹੁਦੇ ਲਈ ਅਯੋਗ ਐਲਾਨੇ ਜਾਣ ਕਰਕੇ ਝੰਮੇਲਾ ਛਿੜ ਜਾਣ ਪਿੱਛੋਂ ਗਵਰਨਰ ਸਲਮਾਨ ਤਾਸੀਰ ਨੇ ਸ਼ਰੀਫ ਸਰਕਾਰ ਭੰਗ ਕਰ ਦਿੱਤੀ ਇਸ ਪਿੱਛੋਂ ਗਵਰਨਰੀ ਰਾਜ ਵਿਚ ਪੁਲਸ ਤੇ ਨੌਕਰਸ਼ਾਹੀ 'ਚ ਵੱਡੀ ਪੱਧਰ 'ਤੇ ਰੱਦੋ-ਬਦਲ ਕੀਤਾ ਗਿਆ ਅਤੇ ਗਵਰਨਰ ਨੇ ਪੰਜਾਬ 'ਚ ਪੀਪਲਜ਼ ਪਾਰਟੀ ਦੀ ਸਰਕਾਰ ਬਣਾਉਣ ਲਈ ਤਿਕੜਮਬਾਜੀ ਦਾ ਸਹਾਰਾ ਲਿਆ। ਹੁਣ ਦੋਸ਼ ਲਾਇਆ ਜਾ ਰਿਹਾ ਹੈ ਕਿ ਇਸ ਕਾਰਨ ਸੁਰੱਖਿਅਤ ਤੇ ਮੰਡਰਾ ਰਹੇ ਖ਼ਤਰੇ ਵੱਲੋਂ ਅਧਿਕਾਰੀਆਂ ਦਾ ਧਿਆਨ ਭਟਕ ਗਿਆ ਜਿਸ ਦਾ ਫਾਇਦਾ ਉਠਾਉਣ 'ਚ ਦਹਿਸ਼ਤਗਰਦ ਕਾਮਯਾਬ ਰਹੇ। ਸੁਰੱਖਿਆ 'ਚ ਰਹੀ ਗੰਭੀਰ ਕੋਤਾਹੀ ਦੇ ਚਾਹੇ ਜੋ ਮਰਜ਼ੀ ਕਾਰਨ ਰਹੇ ਹੋਣ, ਦੋਸ਼ਾਂ 'ਚ ਕੋਈ ਦਮ ਹੋਵੇ ਜਾਂ ਨਾ ਪਰ ਏਨਾ ਸਪੱਸ਼ਟ ਹੈ ਕਿ ਨੇੜ ਭਵਿੱਖ 'ਚ ਭਾਰਤ-ਪਾਕਿਸਤਾਨ ਦੇ ਰਿਸ਼ਤੇ ਆਮ ਹੋਣੇ ਮੁਸ਼ਕਲ ਹਨ। ਪਾਕਿਸਤਾਨ ਨੇ ਭਾਰਤ 'ਤੇ ਹਮਲਿਆਂ 'ਚ ਸ਼ਾਮਲ ਹੋਣ ਦਾ ਦੋਸ਼ ਅਜੇ ਤੱਕ ਅਧਿਕਾਰਿਤ ਤੌਰ 'ਤੇ ਨਹੀਂ ਲਾਇਆ ਹੈ ਪਰ ਲੱਗਦਾ ਹੈ ਕਿ ਆਖਰਕਾਰ ਉਹ ਅਜਿਹਾ ਕਰੇਗਾ ਹੀ, ਪਾਕਿਸਤਾਨ ਦੀ ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਇਸ ਹਮਲੇ ਪਿੱਛੇ "ਪਾਕਿਸਤਾਨ ਤੇ ਸ਼੍ਰੀ ਲੰਕਾ ਦੀ ਦੋਸਤੀ ਦੇ ਵਿਰੋਧੀਆਂ" ਦਾ ਹੱਥ ਹੈ ਤੇ ਫਿਰ ਮੀਡੀਆ 'ਚ ਬਹੁਤ ਸਾਰੇ ਲੋਕਾਂ ਨੇ ਦੋਨਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਚਲੇ ਆ ਰਹੇ ਰਾਜਸੀ ਫੌਜੀ ਸੰਬੰਧਾਂ ਵੱਲ ਇਸ਼ਾਰਾ ਕਰਦੇ ਹੋਏ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਦੇ ਮਨਾ ਕਰਨ ਦੇ ਅਨੇਕਾਂ ਯਤਨਾਂ ਦੇ ਬਾਵਜੂਦ ਸ਼੍ਰੀ ਲੰਕਾ ਨੇ ਇਹ ਦੌਰਾ ਕਰਨ ਦਾ ਪ੍ਰਸਤਾਵ ਮੰਨ ਲਿਆ ਸੀ। ਬਹੁਤੀ ਮਹੱਤਵਪੂਰਨ ਗੱਲ ਤਾਂ ਇਹ ਵੀ ਹੈ ਕਿ ਹਮਲੇ ਨੂੰ ਰੋਕ ਸਕਣ 'ਚ ਨਾਕਾਮੀ ਕਾਰਨ ਪਾਕਿਸਤਾਨ ਵਿਚ ਤੇਜ਼ੀ ਨਾਲ ਵਿਗੜਦੀ

ਰਾਜਸੀ ਸਥਿਤੀ ਸਬੰਧੀ ਬੇਚੈਨੀ ਦਾ ਭਾਵ ਵਧ ਰਿਹਾ ਹੈ, ਲਾਹੌਰ ਦੇ ਹਮਲਿਆਂ ਨਾਲ ਦੇਸ਼ ਅੰਦਰ ਇਹ ਭਾਵਨਾ ਪੁਖਤਾ ਹੋਈ ਹੈ ਕਿ ਇਸ ਸਰਕਾਰ ਵਿਚ ਹਾਲਾਤ ਨੂੰ ਕਾਬੂ 'ਚ ਰੱਖ ਸਕਣ ਦਾ ਮਾਦਾ ਨਹੀਂ ਹੈ ਚੇਤਾਵਨੀ ਦੀਆਂ ਘੰਟੀਆਂ ਬੀਤੇ ਸਾਲ ਤੋਂ ਹੀ ਵੱਜ ਰਹੀਆਂ ਹਨ ਜਦ ਸਰਕਾਰ ਨੇ ਸਵਾਤ ਘਾਟੀ ਵਿਚ ਦਹਿਸ਼ਤਗਰਦਾ ਮੂਹਰੇ ਗੋਡੇ ਟੇਕ ਦਿੱਤੇ ਹਨ। ਤਦ ਪੀਪਲਜ਼ ਪਾਰਟੀ ਤੇ ਅਵਾਮੀ ਨੈਸ਼ਨਲ ਪਾਰਟੀ ਦੇ ਹਾਕਮ ਗਠਜੋੜ ਨੇ ਕੱਟੜ ਪੰਥੀ ਮੌਲਾਨਾ ਸੂਫੀ ਮੁਹੰਮਦ ਦੇ "ਸ਼ਾਂਤੀ ਸਮਝੌਤੇ" ਨੂੰ ਮੰਨ ਲਿਆ ਸੀ। ਇਸ ਸੰਘਰਸ਼ ਬੰਦੀ ਦੀ ਸਥਿਤੀ ਡੋਲਦੀ ਦਿਸ ਰਹੀ ਹੈ ਅਤੇ ਸੂਫੀ ਦੋਸ਼ ਲਿਆ ਰਿਹਾ ਹੈ ਕਿ ਸਰਕਾਰ ਆਪਣੇ ਵਾਅਦਿਆਂ ਤੋਂ ਪਿੱਛੇ ਹਟ ਰਹੀ ਹੈ, ਤਹਿਰੀਕ-ਏ-ਤਾਲਿਬਾਨ ਵੱਲੋਂ ਫੌਜ 'ਤੇ ਹਮਲਿਆਂ ਦੇ ਚਲਦਿਆਂ ਵੀ ਸਥਿਤੀ ਬਦਤਰ ਹੋ ਗਈ ਹੈ। ਜੇ ਕਮਜੋਰ ਜੰਗ ਬੰਦੀ ਖਤਮ ਹੋ ਜਾਂਦੀ ਹੈ - ਜਿਸ ਦੇ ਪੂਰੇ ਪੂਰੇ ਆਸਾਰ ਨਜ਼ਰ ਆ ਰਹੇ ਹਨ ਤਾਂ ਖੂਨ-ਖਰਾਬਾ ਹੋਵੇਗਾ, ਇਸ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ ਹੈ। ਸੰਘੀ ਪ੍ਰਸ਼ਾਸ਼ਨ ਵਾਲੇ ਕਬਾਇਲੀ ਇਲਾਕਿਆਂ (ਫਾਟਾ) ਦੀ ਸਥਿਤੀ ਅਰਸੇ ਤੋਂ ਅਮਰੀਕਾ ਤੇ ਪਾਕਿਸਤਾਨ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ ਅਮਰੀਕਾ 'ਚ ਇਹ ਭਾਵਨਾ ਵਧਦੀ ਜਾ ਰਹੀ ਹੈ ਕਿ ਅਲਕਾਇਦਾ ਨਾਲ ਜੁੜੇ ਦਹਿਸ਼ਤਗਰਦ ਅਫਗਾਨਿਸਤਾਨ ਦੇ ਬਾਗੀਆਂ ਨੂੰ ਸੁਰੱਖਿਅਤ ਪਨਾਹਗਾਹਾਂ ਸਥਾਪਤ ਕਰਨ 'ਚ ਮਦਦ ਦੇ ਰਹੇ ਹਨ ਅਤੇ ਆਪਣੇ ਪਾਇਲਟ ਰਹਿਤ ਲੜਾਕੂ ਜਹਾਜ਼ਾਂ ਦੀ ਮਦਦ ਨਾਲ ਸਰਕਾਰੀ ਤੇ ਫੌਜੀ ਠਿਕਾਣਿਆਂ ਤੇ ਹਮਲੇ ਕਰ ਰਹੇ ਹਨ। ਇਸ ਕਾਰਨ ਇਸ ਖੇਤਰ ਵਿਚ ਵੀ ਅਮਰੀਕਾ ਵਿਰੋਧੀ ਮਹੌਲ ਬਣਦਾ ਜਾ ਰਿਹਾ ਹੈ। ਜਿਸ ਕਾਰਨ ਅੱਤਵਾਦ ਵਿਰੁੱਧ ਕਾਰਵਾਈ ਕਰਨੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਇਸ ਖੁਲਾਸੇ ਨੇ ਕਿ ਪਾਇਲਟ ਰਹਿਤ ਜਹਾਜ਼ ਪਾਕਿਸਤਾਨੀ ਹਵਾਈ ਅੱਡਿਆਂ ਤੋਂ ਉਡਾਣ ਭਰ ਰਹੇ ਹਨ ਪਾਕਿਸਤਾਨੀ ਸਰਕਾਰ ਨੂੰ ਤਾਂ ਪ੍ਰੇਸ਼ਾਨੀ 'ਚ ਪਾ ਹੀ ਦਿੱਤਾ ਹੈ। ਉਸ ਦੀ ਨੀਤੀ ਵੀ ਉਜਾਗਰ ਹੋਈ ਹੈ ਕਿ ਇਹ ਵਿਖਾਵੇ ਲਈ ਇਨ੍ਹਾਂ ਹਮਲਿਆਂ ਦਾ ਵਿਰੋਧ ਕਰਦੀ ਹੈ। 3 ਨਵੰਬਰ 2007 ਨੂੰ ਮੁਸ਼ੱਰਫ ਵੱਲੋਂ ਬਰਖਾਸਤ ਕੀਤੀ ਗਈ ਨਿਆਂਪਾਲਿਕਾ ਨੂੰ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਜਾਰੀ ਵਕੀਲਾਂ ਦੀ ਮੁਹਿੰਮ ਨਾਲ ਪੀਪਲਜ਼ ਪਾਰਟੀ ਸਮਰਥਕ ਕਈ ਵਕੀਲਾਂ ਦੇ ਹੱਥ ਖਿੱਚ ਲੈਣ ਤੇ ਜ਼ਿਆਦਾਤਰ ਬਰਖਾਸਤ ਜੱਜਾਂ ਵੱਲੋਂ ਸਮਝੌਤੇ ਦੇ ਤਹਿਤ ਦੁਬਾਰਾ ਨਿਯੁਕਤੀ ਸਵੀਕਾਰ ਕਰ ਲਈ ਜਾਣ ਕਰਕੇ ਇਸ ਅੰਦੋਲਨ ਦੀ ਧਾਰ ਵੀ ਖੁੰਡੀ ਹੋ ਗਈ ਹੈ। ਵੈਸੇ ਨਿਆਂਪਾਲਿਕਾ ਦੀ ਪੂਰੀ ਤਰ੍ਹਾਂ ਬਹਾਲੀ ਦਾ ਮੁੱਦਾ ਹੱਲ ਹੋਣ ਕਿਨਾਰੇ ਹੈ ਕਿਉਂਕਿ ਇਸ ਨਾਲ ਆਸਿਫ ਅਲੀ ਜਰਦਾਰੀ ਨੂੰ ਵਿਅਕਤੀਗਤ ਤੌਰ 'ਤੇ ਖਤਰਾ ਮਹਿਸੂਸ ਹੁੰਦਾ ਹੈ, ਇਸ ਤੋਂ ਇਲਾਵਾ ਵਰਤਮਾਨ ਚੀਫ ਜਸਟਿਸ ਏ. ਐਸ. ਡੋਗਰ, ਜੋ 21 ਮਾਰਚ ਨੂੰ ਰਿਟਾਇਰ ਹੋ ਰਹੇ ਹਨ। ਵਿਅਕਤੀਗਤ ਘਪਲਿਆਂ 'ਚ ਘਿਰੇ ਹੋਣ ਕਰਕੇ ਲੋਕਾਂ 'ਚ ਨਿੰਦਾ ਦੇ ਪਾਤਰ ਬਣ ਗਏ ਹਨ। ਉਨ੍ਹਾਂ ਬਾਰੇ ਦੋਸ਼ ਹੈ ਕਿ ਉਨ੍ਹਾਂ ਨੇ ਗਲਤ ਤਰੀਕਿਆਂ ਨਾਲ ਆਪਣੇ ਬੇਟੀ ਨੂੰ ਕਾਲਜ 'ਚ ਸੀਟ ਦਿਵਾਈ ਜਿਸ ਦੀ ਉਹ ਪਾਤਰ ਨਹੀਂ ਸੀ। ਵਕੀਲਾਂ ਵੱਲੋਂ ਇਸ 12 ਮਾਰਚ ਤੋਂ ਸ਼ੁਰੂ ਹੋਏ ਲੰਮੇ ਮਾਰਚ ਨੇ ਜਰਦਾਰੀ ਸਰਕਾਰ ਨੂੰ ਹਲਾ ਕੇ ਰੱਖ ਦਿੱਤਾ ਹੈ ਅਤੇ ਅੰਤ ਨੂੰ ਉਨ੍ਹਾਂ ਨੇ ਬਰਖਾਸਤ ਜੱਜਾਂ ਦੀ ਬਹਾਲੀ ਕਰਨੀ ਮੰਨ ਲਈ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਕਿ ਨਵਾਜ ਸ਼ਰੀਫ ਤੇ ਉਸ ਦਾ ਭਾਈ

ਸ਼ਾਹਬਾਜ ਸ਼ਰੀਫ ਕਿਸੇ ਵੀ ਸਰਕਾਰੀ ਅਹੁਦੇ ਦੇ ਅਯੋਗ ਹਨ, ਪਿੱਛੇ ਵੀ ਜਰਦਾਰੀ ਦਾ ਹੱਥ ਹੈ ਵਕੀਲਾਂ ਦੇ ਅੰਦੋਲਨ ਨੂੰ ਦਿੱਤੀ ਹਮਾਇਤ ਨੂੰ ਵਾਪਸ ਕਰਾਉਣ ਲਈ ਹੀ ਦਬਾਅ ਪੈਦਾ ਕਰਨ ਵਾਸਤੇ ਇਹ ਫੈਸਲਾ ਕਰਵਾਇਆ ਗਿਆ ਹੈ। ਪੰਜਾਬ ਪ੍ਰਾਂਤ 'ਚ ਪੀ. ਐਮ. ਐਲ. ਐਨ. ਦੇ ਬਹੁਮਤ 'ਚ ਹੋਣ ਦੇ ਬਾਵਜੂਦ ਉੱਥੇ ਸਰਕਾਰ ਨੂੰ ਹਟਾ ਕੇ ਗਵਰਨਰੀ ਰਾਜ ਲਾਗੂ ਕੀਤਾ ਗਿਆ। ਜ਼ਾਹਿਰ ਹੈ ਕਿ ਜਰਦਾਰੀ ਨੇ ਇਹ ਸੋਚਿਆ ਵੀ ਨਹੀਂ ਹੋਣਾ ਕਿ ਸ਼ਰੀਫ ਭਰਾਵਾਂ ਨੂੰ ਸਰਕਾਰੀ ਅਹੁਦੇ ਦੇਣ ਦੇ ਅਯੋਗ ਕਰਾਰ ਦੇਣ ਨਾਲ ਇਨੀ ਰਾਜਸੀ ਹਲਚਲ ਮੱਚ ਜਾਵੇਗੀ। ਦਿਲਚਸਪ ਗੱਲ ਤਾਂ ਇਹ ਹੈ ਕਿ ਪੀਪਲਜ਼ ਪਾਰਟੀ ਦੇ ਮਜ਼ਬੂਤ ਹੁੰਦੇ ਜਾਣ ਦੇ ਬਾਵਜੂਦ ਪਾਰਟੀ ਨੈਤਿਕਤਾ ਦੇ ਅਧਾਰ 'ਤੇ ਆਪਣੀ ਪਕੜ ਗੁਆਉਂਦੀ ਜਾ ਰਹੀ ਹੈ। ਦਬੀ ਜੁਬਾਨ 'ਚ ਕਹੀਆਂ ਜਾ ਰਹੀਆਂ ਇਨ੍ਹਾਂ ਗੱਲਾਂ ਨੂੰ ਪੀਪਲਜ਼ ਪਾਰਟੀ ਦੇ ਅੰਦਰ ਹੀ ਪਣਪ ਰਹੇ ਰੋਸ ਕਾਰਨ ਹਵਾ ਮਿਲ ਰਹੀ ਹੈ। ਪਾਰਟੀ ਵਰਕਰ ਜਰਦਾਰੀ ਦੇ ਤਾਨਾਸ਼ਾਹੀ ਤੌਰ ਤਰੀਕਿਆਂ ਤੋਂ ਬਹੁਤ ਨਰਾਜ਼ ਦੱਸੇ ਜਾਂਦੇ ਹਨ।

ਅਮਰੀਕਨ ਕਾਊਂਸਲ ਆਨ ਫੌਰਨ ਰਿਲਾਇੰਸ ਦੇ ਉੱਚ ਅਧਿਕਾਰੀ ਡੇਨੀਅਲ ਮਾਰਕੇ ਨੇ 2 ਮਾਰਚ ਨੂੰ ਆਪਣੇ ਖ਼ਤ ਵਿਚ ਲਿਖਿਆ ਕਿ ਪਾਕਿਸਤਾਨੀ ਸਰਕਾਰ 'ਖੁਦ ਨਾਲ ਲੜ ਰਹੀ ਹੈ' ਉਨ੍ਹਾਂ ਨੂੰ ਇਹ ਚਿਤਾਵਨੀ ਵੀ ਦਿੱਤੀ ਕਿ "ਅਸਥਿਰਤਾ ਨੂੰ ਜਨਮ ਦੇ ਰਹੀ ਹਿੰਸਾ ਤੇ ਲੰਮੇ ਸਮੇਂ ਚਲੀ ਆ ਰਹੀ ਰਾਜਸੀ ਅਨਿਸਚਤਤਾ" ਕਾਰਨ ਫੌਜ ਨੂੰ ਲੱਗ ਸਕਦਾ ਹੈ ਕਿ ਰਾਜਨੀਤੀ 'ਚ ਦੁਬਾਰਾ ਦਖ਼ਲ ਅੰਦਾਜ਼ੀ ਦਾ ਮੌਕਾ ਆ ਗਿਆ ਹੈ। ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਓਬਾਮਾ ਨੂੰ ਸਲਾਹ ਦਿੱਤੀ ਹੈ ਕਿ ਉਹ "ਕਿਸੇ ਵੀ ਨਵੇਂ ਫੌਜੀ ਪ੍ਰਸਾਸ਼ਨ ਲਈ ਆਪਣੀਆਂ ਤਰਜੀਹਾਂ ਦੀ ਸੂਚੀ ਬਣਾ ਕੇ ਕਿਸੇ ਵੀ ਅਣਚਾਹੀ ਸਥਿਤੀ ਲਈ ਤਿਆਰ ਰਹਿਣਾ।"

# ਸ਼ੇਅਰ ਤੇ ਮੁਦਰਾ ਬਾਜ਼ਾਰ 'ਚ ਮੰਦੀ ਦੇ ਬਾਵਜੂਦ ਸੋਨੇ 'ਚ ਤੇਜ਼ੀ

ਅਮਰੀਕਾ ਦੇ ਸਭ ਤੋਂ ਧਨੀ ਨਿਵੇਸ਼ਕ ਵਾਰੇਨ ਬਫ਼ੇ ਨੇ ਕਦੀ ਕਿਹਾ ਸੀ ਕਿ ਸੋਨਾ ਖਾਣਾਂ ਤੋਂ ਨਿਕਲਦਾ ਹੈ ਅਤੇ ਇਕ ਦੂਜੀ ਤਰ੍ਹਾਂ ਦੀਆਂ ਖਾਣਾਂ (ਬੈਂਕ ਲਾਕਰਜ਼) ਵਿਚ ਪਾ ਦਿੱਤਾ ਜਾਂਦਾ ਹੈ, ਇਸ ਦੀ ਕੋਈ ਉਪਯੋਗਿਤਾ ਨਹੀਂ। ਬਫੇ ਦਾ ਸੋਨੇ ਪ੍ਰਤੀ ਇਹ ਵਿਚਾਰ ਉਸ ਸਮੇਂ ਲਈ ਤਾਂ ਸਹੀ ਜਦ ਲੋਕਾਂ ਨੂੰ ਬੇਹਤਰ ਰਿਟਰਨ ਲਈ ਸੋਨੇ 'ਤੇ ਨਿਰਭਰ ਨਹੀਂ ਹੋਣਾ ਪੈਂਦਾ ਸੀ ਪਰ ਅੱਜ ਹਾਲਤਾਂ ਬਦਲ ਗਈਆਂ ਹਨ। ਨਿਵੇਸ਼ਕਾਂ ਦਾ ਪੀਲੀ ਧਾਤੂ ਪਤੀ ਵਧਦਾ ਪ੍ਰੇਮ, ਇਸ ਗੱਲ ਦਾ ਸੰਕੇਤ ਹੈ। ਫਿਲਹਾਲ ਵਿਸ਼ਵੀ ਅਰਥਚਾਰਾ ਮੰਦੀ ਦੇ ਦੌਰ ਤੋਂ ਗੁਜਰ ਰਿਹਾ ਹੈ ਫਿਰ ਵੀ ਸੋਨੇ ਦਾ ਮੁੱਲ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ ਕਿ ਜਿਥੇ ਨਿਵੇਸ਼ਕਾਂ ਨੂੰ ਨਿਵੇਸ਼ ਦੇ ਦੂਜੇ ਵਿਕਲਪਾਂ 'ਚ ਨਿਰਾਸ਼ਾ ਹੱਥੀ ਲੱਗੀ ਹੈ, ਉੱਥੇ ਸੋਨੇ 'ਚ ਨਿਵੇਸ਼ ਫਾਇਦਾ ਦੇਣ ਵਾਲਾ ਸਾਬਤ ਹੋਇਆ ਹੈ। ਨਿਵੇਸ਼ ਲਈ ਸ਼ੇਅਰ, ਪ੍ਰਾਪਰਟੀ, ਕਰੰਸੀ, ਸਰਕਾਰੀ ਬਾਂਡ 'ਚ ਵਧਦੇ ਜੋਖਿਮ ਨੇ ਸੋਨੇ ਨੂੰ ਬੇਹਤਰੀਨ ਵਿਕਲਪ ਵਜੋਂ ਸਥਾਪਤ ਕੀਤਾ ਹੈ। ਦੁਨੀਆਂ ਦੀ ਮੁੱਖ ਕਰੰਸੀ 'ਚ ਉਤਰਾਅ-ਝੜਾਅ ਜਾਰੀ ਹੈ। ਅਜਿਹੇ ਵਿਚ ਕਰੰਸੀ 'ਤੇ ਨਿਵੇਸ਼ ਕਰਨਾ ਜੋਖਿਮ ਭਰਿਆ ਹੈ। ਰਹੀ ਗੱਲ ਵੱਖ ਵੱਖ ਸਰਕਾਰੀ ਬਾਂਡਾ 'ਚ ਨਿਵੇਸ਼ ਦੀ ਤਾਂ ਬੈਂਕਾਂ 'ਤੇ ਵਿਆਜ ਦਰ ਘੱਟ ਕਰਨ ਦਾ ਦਬਾਅ ਹੈ। ਅਜਿਹਾ ਦੇਖਦੇ ਹੋਏ ਜਮਾ ਖਾਤਿਆਂ ਵਿਚ ਵੀ ਵਿਆਜ ਘੱਟ ਹੋਣਾ ਤੈਅ ਹੈ। ਨਿਵੇਸ਼ ਦੇ ਹੋਰ ਖੇਤਰਾਂ ਦੀ ਹਾਲਤ ਮੰਦੀ ਕਾਰਨ ਪਹਿਲਾਂ ਤੋਂ ਹੀ ਪਤਲੀ ਹੈ। ਜਦ ਨਿਵੇਸ਼ ਦੇ ਇਹ ਸਾਰੇ ਵਿਕਲਪ ਮੰਦੀ ਦੀ ਗ੍ਰਿਫ਼ਤ 'ਚ ਫਸੇ ਦਿਸ ਰਹੇ ਹਨ ਤਾਂ ਸਿਰਫ ਸੋਨਾ ਸਭ ਤੋਂ ਬੇਹਤਰ ਵਿਕਲਪ ਉੱਭਰ ਰਿਹਾ ਹੈ। ਲਿਹਾਜਾ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਸੋਨੇ ਦੀ ਚਮਕ ਕਦੀ ਫਿੱਕੀ ਨਹੀਂ-ਪੈਣ ਵਾਲੀ ਹੈ। ਵਜ੍ਹਾ ਇਹ ਹੈ ਕਿ ਸੋਨੇ ਨੇ ਅੱਜ ਤੱਕ ਨਿਵੇਸ਼ਕਾਂ ਨੂੰ ਨਿਰਾਸ਼ ਨਹੀਂ ਕੀਤਾ ਹੈ। ਆਨਲਾਈਨ ਕਮੋਡਟੀ ਅਨੁਸਾਰ ਪਿਛਲੇ 6 ਸਾਲਾਂ ਤੋਂ ਸੋਨੇ 'ਚ ਔਸਤਨ ਰਿਟਰਨ 20 ਫੀਸਦੀ ਸੀ ਜਦ ਕਿ 2008 ਵਿਚ ਕੀਮਤ ਦੇ ਹਿਸਾਬ ਨਾਲ ਸੋਨਾ 33% ਉੱਪਰ ਗਿਆ। ਜਿੱਥੇ ਦੂਜੀਆਂ ਜਾਇਦਾਦਾਂ ਵਿਚ 30 ਤੋਂ 50 ਫੀਸਦੀ ਦਾ ਨੁਕਸਾਨ ਹੋਇਆ ਹੈ ਉੱਥੇ ਸੋਨੇ 'ਚ ਲਗਾਤਾਰ ਫਾਇਦਾ ਦਿਸਿਆ। ਸਾਲ 2007 ਵਿਚ ਕੌਮਾਂਤਰੀ ਬਜ਼ਾਰ 'ਚ ਸੋਨੇ ਦੀ ਕੀਮਤ 697 ਡਾਲਰ ਪ੍ਰਤੀ ਔਂਸ ਸੀ ਜੋ 2008 'ਚ 872 ਡਾਲਰ ਪ੍ਰਤੀ ਔਂਸ ਹੋ ਗਈ। ਇਸ ਸਮੇਂ ਇਸ ਦੀ ਕੀਮਤ 963 ਡਾਲਰ ਪ੍ਰਤੀ ਔਂਸ 'ਤੇ ਚੱਲ ਰਹੀ ਹੈ। ਇਸ ਸਾਲ ਦੇ ਅੰਤ ਤੱਕ 1200 ਡਾਲਰ ਪ੍ਰਤੀ ਔਂਸ ਤੱਕ ਜਾ ਸਕਦੀ ਹੈ। ਯਾਨੀ ਕਿ ਆਉਣ ਵਾਲੇ ਸਮੇਂ 'ਚ ਵੀ ਸੋਨੇ ਦੀ ਕੀਮਤ 15000 ਰੁਪਏ ਪ੍ਰਤੀ ਦਸ ਗ੍ਰਾਮ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਬਾਜ਼ਾਰ ਦੇ ਭਵਿੱਖ ਨੂੰ ਵੇਖਦੇ ਹੋਇਆਂ ਨਿਵੇਸ਼ਕ ਸੋਨਾ ਅਧਾਰਤ ਸਕਿਓਰਟੀ ਅਤੇ ਗੋਲਡ ਅਕਸਚੇਂਜ ਟ੍ਰੇਡੇਡ ਫੰਡ (ਈ. ਟੀ. ਐਫ.) 'ਚ ਭਾਰੀ ਨਿਵੇਸ਼ ਕਰਨ ਲੱਗੇ ਹਨ ਇਹੀ ਵਜ੍ਹਾ ਹੈ ਕਿ ਗੋਲਡ ਈ. ਟੀ. ਐਫ. ਦਾ ਕਾਰੋਬਾਰ ਦਿਨ ਬ ਦਿਨ ਵਧਦਾ ਜਾ ਰਿਹਾ ਹੈ। ਕਾਰੋਬਾਰ ਦੇ ਵਧਣ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ

ਮਹਿਜ 5 ਸਾਲ ਪਹਿਲਾਂ ਸ਼ੁਰੂ ਹੋਏ ਇਸ ਫੰਡ ਦੇ ਬਾਂਡ ਕਰੀਬ 40 ਅਰਬ ਡਾਲਰ ਹੋ ਗਏ ਅਤੇ 1300 ਟਨ ਸੋਨਾ ਫੰਡ ਕੋਲ ਮੌਜੂਦ ਹੈ। ਨੈਸ਼ਨਲ ਕਮੋਡਿਟੀ ਐਂਡ ਡੈਰੀਵੇਟਿਵ ਐਕਸਚੇਂਜ ਲਿਮਟਿਡ (ਐਨ. ਸੀ. ਡੀ. ਈ. ਐਕਸ) ਅਨੁਸਾਰ ਦੁਨੀਆਂ ਦੇ ਕੁਲ ਸੋਨੇ ਦੀ ਖਪਤ ਦਾ ਦੋ ਤਿਹਾਈ ਭਾਰਤ 'ਚ ਹੁੰਦੀ ਹੈ।

ਪਿਛਲੇ ਇਕ ਸਾਲ ਦੌਰਾਨ ਗਹਿਣਿਆਂ ਦੀ ਬਜਾਏ ਸੋਨੇ 'ਚ ਨਿਵੇਸ਼ ਵਧਿਆ ਹੈ। ਸਾਲ 2007 'ਚ 68 ਫੀਸਦੀ ਸੋਨੇ ਦੀ ਖਪਤ ਗਹਿਣਿਆਂ ਲਈ ਅਤੇ 19 ਫੀਸਦੀ ਖਪਤ ਨਿਵੇਸ਼ ਵਜੋਂ ਹੋਈ ਪਰ 2008 'ਚ ਨਿਵੇਸ਼ ਪਹਿਲੂ 'ਤੇ ਜ਼ੋਰ ਰਿਹਾ। ਸਾਲ 2008 ਦੀਆਂ ਅੰਤਿਮ ਤਿਮਾਹੀਆਂ 'ਚ ਸੋਨੇ ਦੀ ਕੁੱਲ ਖਪਤ ਨਿਵੇਸ਼ ਦਾ ਹਿੱਸਾ ਕਰੀਬ 64 ਫੀਸਦੀ ਰਿਹਾ। ਐਕਸਚੇਂਜ ਟ੍ਰੇਡ ਫੰਡ (ਈ. ਟੀ. ਐਫ.) 'ਚ ਪੰਜ ਟਨ ਸੋਨੇ ਦੀ ਖਪਤ ਹੋਈ ਉੱਥੇ ਨਿਊਯਾਰਕ ਸਟਾਕ ਐਕਸਚੇਂਜ ਵਿਚ ਸੂਚੀਬੱਧ ਐਸ. ਪੀ. ਡੀ. ਆਰ. ਦੇ ਸੋਨੇ ਦੇ ਭੰਡਾਰ ਵਿਚ ਇਕ ਮਹੀਨੇ ਦੌਰਾਨ 14 ਫੀਸਦੀ ਦਾ ਉਛਾਲ ਆਇਆ ਹੈ।

ਸੋਨੇ ਦੀਆਂ ਕੀਮਤਾਂ 'ਚ ਮੰਗ ਤੇ ਪੂਰਤੀ ਦੇ ਸਮੀਕਰਣ ਨੂੰ ਵੀ ਵਾਧੇ ਦਾ ਇੱਕ ਪੱਖ ਮੰਨਿਆ ਜਾ ਰਿਹਾ ਹੈ। ਭਾਰਤ ਸਮੇਤ ਦੁਨੀਆਂ ਭਰ 'ਚ ਸੋਨੇ ਦੀ ਕੀਮਤ ਦਾ ਨਿਰਧਾਰਣ ਲੰਦਨ ਮੈਟਲ ਇੰਡੈਕਸ ਵੱਲੋਂ ਕੀਤਾ ਜਾਂਦਾ ਹੈ। ਉੱਥੇ ਇਸ ਦਾ ਮੁੱਲ ਖਪਤਕਾਰਾਂ ਦੀ ਮੰਗ ਦੇ ਅਨੁਸਾਰ ਹੁੰਦਾ ਹੈ। ਮੰਗ ਦੇ ਮੁਕਾਬਲੇ ਸਪਲਾਈ ਦਾ ਘੱਟ ਹੋਣਾ ਵੀ ਇਕ ਮੁੱਖ ਕਾਰਨ ਹੈ। ਪਿਛਲੇ ਕੁੱਝ ਸਾਲਾਂ ਤੋਂ ਦੇਸ਼ ਵਿਚ ਸੋਨੇ ਦੀ ਕੋਈ ਨਵੀਂ ਖਾਣ ਨਹੀਂ ਖੋਜੀ ਗਈ ਹੈ। ਕੋਲਾਰ ਨਾਂ ਦੀ ਸੋਨੇ ਦੀ ਖਾਨ ਵਿਚ ਇਹ ਬੇਹੱਦ ਹੇਠਲੇ ਪੱਧਰ 'ਤੇ ਹੈ। ਜਿਥੋਂ ਇਸ ਦੀ ਖਾਨ ਵਿਚ ਵੀ ਇਹ ਬੇਹੱਦ ਹੇਠਲੇ ਪੱਧਰ 'ਤੇ ਹੈ। ਜਿਥੋਂ ਇਸ ਦੀ ਖੁਦਾਈ ਵਿਹਾਰਿਕ ਨਹੀਂ ਰਹਿ ਗਈ ਹੈ। 1990 ਦੇ ਦਹਾਕੇ ਵਿਚ ਜਦ ਸੋਨੇ ਦੀਆਂ ਕੀਮਤਾਂ ਵਿਚ ਗਿਰਾਵਟ ਦਾ ਰੁੱਖ ਸੀ। 2002 ਤੱਕ ਖੁਦਾਈ ਤੇ ਪੈਦਾਵਾਰ 'ਚ ਕਮੀ ਲਿਆਂਦੀ ਗਈ ਸੀ। ਊਰਜਾ ਤੇ ਮਜ਼ਦੂਰਾਂ ਦੀ ਕਿੱਲਤ ਕਾਰਨ ਦੱਖਣੀ ਅਫਰੀਕਾ, ਆਸਟਰੇਲੀਆ ਤੇ ਇੰਡੋਨੇਸ਼ੀਆ ਤੋਂ ਸੋਨੇ ਦੀ ਸਪਲਾਈ 'ਚ ਲਗਾਤਾਰ ਤੀਜੇ ਸਾਲ ਯਾਨੀ 2008 ਵਿਚ ਵੀ ਚਾਰ ਫੀਸਦੀ ਗਿਰਾਵਟ ਦਰਜ ਕੀਤੀ ਗਈ। ਨਾਲ ਹੀ ਸਰਕਾਰੀ ਹੋਲਿੰਡਮਸ ਦੀ ਸਪਲਾਈ ਵਿਚ ਵੀ ਕਰੀਬ 42 ਫੀਸਦੀ ਦੀ ਗਿਰਾਵਟ ਆਈ। ਇਸ ਦਾ ਮੁੱਖ ਕਾਰਨ ਸੋਨੇ ਦੇ ਭਵਿੱਖ ਲਈ ਸਟਾਕ ਕਰਕੇ ਰੱਖਦਾ ਰਿਹਾ। ਸੋਨੇ ਦੇ ਮੁੱਲ 'ਤੇ ਫੌਰੀ ਕਾਰਨ 'ਚ ਰਾਜਸੀ, ਆਰਥਕ, ਸਿੱਕੇ ਦਾ ਫੈਲਾਅ, ਮੰਗ ਤੇ ਸਪਲਾਈ ਦੇ ਨਾਲ-ਨਾਲ ਡਾਲਰ ਦੀਆਂ ਕੀਮਤਾਂ 'ਚ ਉਤਰਾਅ-ਝੜਾਅ ਅਤੇ ਸ਼ੇਅਰ ਬਜ਼ਾਰ ਦਾ ਅਸਰ ਵੀ ਸ਼ਾਮਲ ਹੈ। ਪਿਛਲੇ ਸਾਲ ਨਿਵੇਸ਼ ਬੈਂਕ ਦੇ ਢਹਿ ਢੇਰੀ ਹੋਣ ਦੀਆਂ ਖ਼ਬਰਾਂ ਨਾਲ ਸੋਨੇ ਦੀਆਂ ਕੀਮਤਾਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਮੁੱਲ ਵਧਣ ਦਾ ਇੱਕ ਮੁੱਖ ਕਾਰਨ ਡਾਲਰ 'ਚ ਲਗਾਤਾਰ ਮਜ਼ਬੂਤੀ ਵੀ ਹੈ। ਸਿੱਕੇ ਦੇ ਫੈਲਾਅ 'ਤੇ ਕਾਬੂ ਪਾਉਣ ਲਈ ਸਰਕਾਰ ਵੱਲੋਂ ਜਦ ਤਰਲਤਾ ਵਧਾਉਣ ਲਈ ਨਕਦੀ ਬਜ਼ਾਰ 'ਚ ਵਧਾਈ ਜਾਂਦੀ ਹੈ। ਉਸ ਸਮੇਂ ਸੋਨੇ 'ਤੇ ਸੁਰੱਖਿਅਤਮਕ ਕੋਸ਼ ਵਾਂਗੂੰ ਨਿਵੇਸ਼ ਕੀਤਾ ਜਾਂਦਾ ਹੈ। ਗੋਲਡ ਬੇਸਡ ਫੰਡ ਦੀ ਆਸਾਨ ਉਪਲੱਭਤਾ ਵੀ ਇਸ ਕੀਮਤੀ ਧਾਤ 'ਤੇ ਨਿਵੇਸ਼ ਨੂੰ ਹਰਮਨ ਪਿਆਰਾ ਬਣਾ ਰਹੀ ਹੈ। ਜ਼ਾਹਿਰ ਹੈ ਕਿ ਜੇ ਸੋਨੇ ਦੀ ਮੰਗ ਵਿਚ ਤੇਜ਼ੀ ਆਉਂਦੀ ਹੈ ਤਾਂ ਇਸ ਦੀਆਂ ਕੀਮਤਾਂ ਵੀ ਵਧਣ

ਲੱਗਦੀਆਂ ਹਨ। ਵਰਲਡ ਗੋਲਡ ਕਾਊਂਸਿਲ ਦੇ ਧਰਮੇਸ਼ ਦਾ ਮੰਨਣਾ ਹੈ ਕਿ ਵਿਕਲਪਿਕ ਨਿਵੇਸ਼ ਦੀ ਘਾਟ ਕਾਰਨ ਲੋਕ ਈ. ਟੀ. ਐਫ. ’ਚ ਭਾਰੀ ਪੈਮਾਨੇ ’ਤੇ ਨਿਵੇਸ਼ ਕਰ ਰਹੇ ਹਨ। ਇਕ ਪਾਸੇ ਸੋਨੇ ਦੀ ਵਧਦੀ ਕੀਮਤ ਕਾਰਨ ਪੁਰਾਣਾ ਸੋਨਾ ਰੱਖਣ ਵਾਲਿਆਂ ਦੀ ਚਾਂਦੀ ਹੋ ਰਹੀ ਹੈ। ਉੱਥੇ ਦੂਜੇ ਪਾਸੇ ਸੋਨੇ ਦੇ ਗਹਿਣੇ ਬਣਾਉਣ ਵਾਲੇ ਕਾਰੀਗਰਾਂ ਦੇ ਸਾਹਮਣੇ ਰੋਟੀ ਰੋਜ਼ੀ ਦਾ ਸੰਕਟ ਖੜਾ ਹੋ ਗਿਆ ਹੈ। ਨਿਵੇਸ਼ ਪਹਿਲੂ ’ਤੇ ਜ਼ੋਰ ਰਹਿਣ ਦੇ ਕਾਰਨ ਗਹਿਣਿਆਂ ਦੇ ਖਰੀਦਦਾਰਾਂ ਦੀ ਗਿਣਤੀ ਘੱਟ ਰਹੀ ਹੈ। ਦੇਸ਼ ਵਿਚ ਸੋਨੇ ਦੇ ਗਹਿਣਿਆਂ ਦੀ ਸਭ ਤੋਂ ਵੱਧ ਪੈਦਾਵਾਰ ਅਤੇ ਵਿਕਰੀ ਕਰਨ ਵਾਲੇ ਮੁੰਬਈ ਦੇ ਝਾਵੇਰੀ ਬਜ਼ਾਰ ’ਚ 50 ਫੀਸਦੀ ਤੋਂ ਵੱਧ ਕਾਰੀਗਰ ਬੇਰੁਜ਼ਗਾਰ ਹੋ ਗਏ ਹਨ। ਬੇਰੁਜ਼ਗਾਰ ਕਾਰੀਗਰਾਂ ਵਿਚ 30 ਫੀਸਦੀ ਮੁੰਬਈ ਛੱਡ ਕੇ ਆਪਣੇ ਪਿੰਡ ਮੁੜ ਗਏ ਹਨ। ਝਾਵੇਰੀ ਬਜ਼ਾਰ ’ਚ ਲਗਭਗ ਸੱਤ ਹਜ਼ਾਰ ਕਾਰਖਾਨੇ ਹਨ। ਇਨ੍ਹਾਂ ਵਿਚ ਛੇ ਮਹੀਨੇ ਪਹਿਲਾਂ ਤੱਕ 1,20,000 ਤੋਂ ਵੀ ਵੱਧ ਕਾਰੀਗਰ ਕੰਮ ਕਰਦੇ ਸਨ। ਪਰ ਮੰਦੀ ਤੇ ਸੋਨੇ ਦੀਆਂ ਵਧਦੀਆਂ ਕੀਮਤਾਂ ਕਾਰਨ ਅੱਜ ਕਾਰੀਗਰਾਂ ਦੀ ਗਿਣਤੀ ਘੱਟ ਕੇ ਅੱਧੀ ਰਹਿ ਗਈ ਹੈ। ਦੇਸ਼ ਵਿਚ ਸੋਨੇ ਦੇ ਗਹਿਣਿਆਂ ਦੀ ਸਭ ਤੋਂ ਵੱਧ ਪੈਦਾਵਾਰ ਤੇ ਵਿਕਰੀ ਕਰਨ ਵਾਲੇ ਮੁੰਬਈ ਦੇ ਝਾਵੇਰੀ ਬਜ਼ਾਰ ’ਚ 50% ਕਾਰੀਗਰ ਬੇਰੁਜ਼ਗਾਰ ਹੋ ਗਏ ਹਨ। ਮੁੰਬਈ ਸ਼ਰਾਫਾ ਬਜ਼ਾਰ ਦੇ ਪ੍ਰਧਾਨ ਸੁਰੇਸ਼ ਇੰਡੀਆ ਅਨੁਸਾਰ ਪਹਿਲਾਂ ਇਥੇ ਰੋਜ਼ਾਨਾ ਇਕ ਟਨ ਸੋਨਾ ਦਰਾਮਦ ਕੀਤਾ ਜਾਂਦਾ ਸੀ ਤੇ ਏਨੇ ਹੀ ਸੋਨੇ ਦੇ ਗਹਿਣੇ ਬਣਾ ਕੇ ਦੇਸ਼ ਦੇ ਦੂਜੇ ਹਿੱਸਿਆਂ ’ਚ ਭੇਜੇ ਜਾਂਦੇ ਸਨ। ਪਰ ਹੁਣ ਮੁਸ਼ਕਲ ਨਾਲ ਦੋ ਸੌ ਕਿਲੋਗ੍ਰਾਮ ਗਹਿਣੇ ਬਣਦੇ ਹਨ। ਦੋ ਸ਼ਿਫਟਾਂ ਦੀ ਬਜਾਏ ਕਾਰਖਾਨਿਆਂ ’ਚ ਇਕ ਹੀ ਸ਼ਿਫਟ ’ਚ ਕੰਮ ਹੋ ਰਿਹਾ ਹੈ। ਇਸ ਤਰ੍ਹਾਂ ਇਕ ਪਾਸੇ ਤਾਂ ਸੋਨੇ ਦੀਆਂ ਕੀਮਤਾਂ ਅਕਾਸ਼ ਛੂਹ ਰਹੀਆਂ ਹਨ ਤਾਂ ਦੂਜੇ ਪਾਸੇ ਗਹਿਣਿਆਂ ਦਾ ਬਜ਼ਾਰ ਗੋਤੇ ਲਾ ਰਿਹਾ ਹੈ। ਇਸ ਦਾ ਇਕ ਕਾਰਨ ਗਹਿਣਿਆਂ ਦੇ ਬਜ਼ਾਰ ਦਾ ਗੈਰ ਜਥੇਬੰਦ ਹੋਣਾ ਵੀ ਹੈ ਜਿਸ ਵਿਚ ਗੁਣਵਣਤਾ ਦੀ ਚਿੰਤਾ ਹੁੰਦੀ ਹੈ ਪਰ ਪ੍ਰਮਾਣਿਕ ਹਾਲ ਮਾਰਕ ਸੋਨੇ ਦੀ ਖਰੀਦਦਾਰੀ ਬੈਂਕ ਡਾਕਘਰ ਤੇ ਕੁੱਝ ਸੰਗਠਿਤ ਰਟੇਲਰਾਂ ਦੇ ਰਾਹੀਂ ਕੀਤੀ ਜਾ ਸਕਦੀ ਹੈ। ਕਰ ਆਦਿ ਪਿੱਛੋਂ ਇਸ ਦੀ ਬਜ਼ਾਰ ਕੀਮਤ ਬੰਦ ਭਾਅ ਤੋਂ 10–20 ਫੀਸਦੀ ਵੱਧ ਹੁੰਦੀ ਹੈ। ਇਸ ਲਿਹਾਜ ਨਾਲ ਸੋਨੇ ਦੇ ਗਹਿਣਿਆਂ ਦੀ ਮੰਗ ਤਾਂ ਘੱਟ ਰਹੀ ਹੈ ਪਰ ਕੀਮਤੀ ਧਾਤ ਵਜੋਂ ਸੋਨੇ ’ਤੇ ਵਧਦੇ ਨਿਵੇਸ਼ ਕਾਰਨ ਮੰਗ ਵਧ ਰਹੀ ਹੈ ਤੇ ਕੀਮਤਾਂ ਨਵੀਆਂ ਉਚਾਈਆਂ ਪਾਰ ਕਰ ਰਹੀਆਂ ਹਨ।

# ਪਾਕਿਸਤਾਨ-ਮਿਹਨਤ ਦਸ਼ਾ ਦਾ ਰਾਜ ਹੀ ਇਸ ਦਾ ਹੱਲ

ਪਾਕਿਸਤਾਨ ਪਿਛਲੇ ਲੰਮੇਂ ਸਮੇਂ ਤੋਂ ਇਕ ਰਾਜਸੀ ਸੰਕਟ ਵਿਚ ਦੀ ਗੁਜਰ ਰਿਹਾ ਹੈ। ਖਾਸ ਕਰਕੇ ਅਫਗਾਨਿਸਤਾਨ 'ਤੇ ਅਮਰੀਕੀ ਹਮਲੇ (2001) ਤੋਂ ਬਾਅਦ ਪੈਦਾ ਹੋਏ ਮਹੌਲ ਨੇ ਪਾਕਿਸਤਾਨੀ ਸਮਾਜ ਵਿਚ ਮੌਜੂਦ ਸਮੱਸਿਆਵਾਂ ਨੂੰ ਅਨੇਕਾਂ ਮੌਕਿਆਂ 'ਤੇ ਵੱਧ ਤਿੱਖੇ ਢੰਗ ਨਾਲ ਉਜਾਗਰ ਕੀਤਾ ਹੈ। ਇਕ ਤੋਂ ਇਕ ਹੋਣ ਵਾਲੀਆਂ ਘਟਨਾਵਾਂ ਸਮੇਂ ਹਮੇਸ਼ਾ ਬਦਲ ਦਾ ਸੁਆਲ ਆਪਣੇ ਆਪ ਨੂੰ ਮੁਸਤੈਦੀ ਨਾਲ ਪੇਸ਼ ਕਰਦਾ ਹੈ। ਕਹਾਵਤ ਹੀ ਬਣ ਗਈ ਹੈ ਪਾਕਿਸਤਾਨ ਵਿਚ ਤਿੰਨ 'ਏ' ਬਲਵਾਨ ਹਨ 'ਆਰਮੀ, ਅੱਲਾ, ਅਮਰੀਕਾ' ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ 'ਚੋਂ ਕੋਈ ਇਕ ਵੀ ਪਾਕਿਸਤਾਨ ਲਈ ਸਹੀ ਬਦਲ ਨਹੀਂ ਹੈ। ਇਨ੍ਹਾਂ ਤਿੰਨਾਂ ਕਾਰਕਾਂ ਦੀ ਅੱਜ ਪਾਕਿਸਤਾਨ ਦੀ ਬਦਹਾਲੀ ਵਿਚ ਮਹੱਤਵਪੂਰਨ ਭੂਮਿਕਾ ਹੈ। ਚੁਣਾਵਬਾਜ ਪਾਰਟੀਆਂ ਨੇ ਵੀ ਆਪਣੇ ਆਪ ਨੂੰ ਵਿਕਲਪ ਵਜੋਂ ਨਕਾਰਾ ਸਾਬਤ ਕੀਤਾ ਹੈ। ਇਨ੍ਹਾਂ ਦੇ ਭ੍ਰਿਸ਼ਟਾਚਾਰ, ਪਰਿਵਾਰਵਾਦ, ਪਤਨ, ਫਿਰਕਾਪ੍ਰਸਤੀ ਤੇ ਸਮਝੌਤਾਪ੍ਰਸਤੀ ਨੇ ਲੋਕਾਂ 'ਚ ਇਨ੍ਹਾਂ ਪ੍ਰਤੀ ਲੋੜੀਂਦੀ ਘ੍ਰਿਣਾ ਨੂੰ ਜਨਮ ਦਿੱਤਾ ਹੈ, ਕੁੱਲ ਮਿਲਾ ਕੇ ਜੋ ਵੀ ਵਿਕਲਪ ਸਾਹਮਣੇ ਹਨ। ਉਨ੍ਹਾਂ ਨੂੰ ਵੇਖਦੇ ਹੋਏ ਵਿਕਲਪ ਦਾ ਸੁਆਲ ਸਾਹਮਣੇ ਹੈ ਜੋ ਅਜੇ ਹੀ ਮੌਜੂਦ ਹੈ। ਭਾਰਤ-ਸਰਕਾਰ ਦਾ ਰੁਖ ਪਾਕਿਸਤਾਨ ਦੀਆਂ ਪ੍ਰੇਸ਼ਾਨੀਆਂ ਤੋਂ ਇਕ ਤਰ੍ਹਾਂ ਦਾ ਸੁੱਖ ਹਾਸਲ ਕਰਨ ਤੇ ਵਿਸ਼ਵੀ ਜੋੜ ਤੋੜ ਰਸਾਲਿਆਂ ਦੇ ਮਾਧਿਅਮ ਨਾਲ ਇਹੀ ਭਾਵ ਉਹ ਭਾਰਤੀ ਜਨ-ਮਾਨਸ ਦੇ ਮਨ 'ਚ ਵੀ ਬਿਠਾਉਣ ਦੀ ਕੋਸ਼ਿਸ਼ ਕਰਦੀ ਹੈ। ਆਮ ਲੋਕਾਂ ਦੇ ਨਜ਼ਰੀਏ ਤੋਂ ਇਹ ਗੱਲ ਦੋ ਪੱਧਰਾਂ 'ਤੇ ਘਾਤਕ ਹੈ। ਇਕ ਇਹ ਕਿ ਆਮ ਆਦਮੀ ਪਾਕਿਸਤਾਨੀ ਜਨਤਾ ਦੀਆਂ ਦੁੱਖ ਤਕਲੀਫ਼ਾਂ ਪ੍ਰਤੀ ਭਾਰਤੀ ਜਨਤਾ 'ਚ ਸੰਵੇਦਨਹੀਣਤਾ ਪੈਦਾ ਕਰਦੀ ਹੈ, ਦੂਜਾ ਪਾਕਿਸਤਾਨ 'ਚ ਹੋਣ ਵਾਲੀਆਂ ਤਬਦੀਲੀਆਂ ਦਾ ਭਾਰਤੀ ਲੋਕਾਂ 'ਤੇ ਕੀ ਅਸਰ ਪਵੇਗਾ, ਇਹ ਸੁਆਲਾਂ ਨੂੰ ਧੁੰਦਲਾ ਕਰਦੀ ਹੈ। ਇਸ ਦੇ ਉਲਟ ਭਾਰਤ ਦੇ ਆਮ ਲੋਕ ਵੀ ਕਿਸ ਹੱਦ ਤੱਕ ਪਾਕਿਸਤਾਨ ਦੇ ਸਾਰੇ ਮਾਮਲਿਆਂ ਨੂੰ ਦੁਸ਼ਮਣ ਦੀ ਜ਼ਮੀਨ ਤੋਂ ਵੇਖਣ ਦੇ ਆਦੀ ਹਨ। ਸਾਡੇ ਲਈ ਇਸ ਸਥਿਤੀ 'ਚੋਂ ਬਾਹਰ ਆਉਣਾ ਬਹੁਤ ਜ਼ਰੂਰੀ ਹੈ। ਪਾਕਿਸਤਾਨ 'ਚ ਨਾ ਸਿਰਫ ਰਾਜਸੀ ਸੰਕਟ ਮੌਜੂਦ ਹੈ ਬਲਕਿ ਉਥੋਂ ਦੇ ਆਮ ਆਰਥਕ ਹਲਾਤ ਵੀ ਠੀਕ ਨਹੀਂ ਹਨ। ਖੇਤੀ ਪੂਰੇ ਦੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨ 'ਚ ਅਸਮਰਥ ਹੈ। ਉਸ ਵਿਚ ਵੀ ਬਲੋਚਿਸਤਾਨ ਤੇ ਪੱਛਮੀ ਉੱਤਰ ਸੂਬੇ ਲਗਭਗ ਪੂਰੀ ਤਰ੍ਹਾਂ ਨਾਲ ਦੂਜੇ ਖੇਤਰਾਂ 'ਤੇ ਨਿਰਭਰ ਹਨ। ਪਾਕਿਸਤਾਨ ਜ਼ਿਆਦਾਤਰ ਕਸ਼ਮੀਰ ਦੇ ਕਿਸਾਨਾਂ ਨੂੰ ਆਪਣੀਆਂ ਖੇਤੀ ਵਸਤਾਂ ਕੌਡੀਆਂ ਦੇ ਭਾਅ ਸਰਕਾਰੀ ਸੰਸਥਾਵਾਂ ਨੂੰ ਵੇਚਣ ਲਈ ਮਜ਼ਬੂਰ ਹੈ। ਇਹੀ ਕਾਰਨ ਹੈ ਕਿ ਉਹ ਦੋਹਾਂ ਕਸ਼ਮੀਰਾਂ ਵਿਚਕਾਰ ਆਰਥਕ ਸਬੰਧ ਬਹਾਲ ਹੋਣ ਦੇ ਜਬਰਦਸਤ ਸਮਰਥਕ ਹਨ। ਜ਼ਮੀਨ ਦਾ ਬਹੁਤਾ ਹਿੱਸਾ ਅਜੇ ਵੀ ਪੁਰਾਣੇ ਤੇ ਨਵੇਂ ਜ਼ਿਮੀਦਾਰਾਂ (ਜਿਨ੍ਹਾਂ 'ਚ ਸੈਨਾ ਦੇ ਅਧਿਕਾਰੀ ਵੀ ਸ਼ਾਮਲ ਹਨ) ਦੇ ਹੀ ਕਬਜ਼ੇ ਵਿਚ ਹੈ। ਲੋਕਾਂ ਦੇ ਹਲਾਤ ਖੇਤੀ ਮਜ਼ਦੂਰਾਂ ਜਾਂ ਦਰਮਿਆਨੇ ਕਿਸਾਨਾਂ ਤੱਕ ਸਿਮਟੇ ਹਨ। ਖੇਤੀ 'ਤੇ ਸਾਮਰਾਜੀ ਸੰਸਥਾਵਾਂ ਦਾ ਦਬਾਅ ਵੀ ਅੱਛਾ ਖਾਸਾ ਹੈ। ਪਿਛਲੇ

ਦਿਨੀਂ ਜਦ ਪਾਕਿਸਤਾਨ ਸਰਕਾਰ ਨੇ ਸੰਸਾਰ ਬੈਂਕ ਤੋਂ ਕਰਜ਼ਾ ਲਿਆ ਤੇ ਉਸ ਦੀਆਂ ਸ਼ਰਤਾਂ ਦੇ ਅਨੁਸਾਰ ਖੇਤੀ ਨੂੰ ਮੁਹੱਈਆ ਬਚੀਆਂ ਖੁਚੀਆਂ ਰਿਆਇਤਾਂ ਨੂੰ ਵੀ ਹਟਾ ਦਿੱਤਾ ਗਿਆ। ਪਿੰਡਾਂ ਤੇ ਸ਼ਹਿਰਾਂ 'ਚ ਇਕ ਬਹੁਤ ਵੱਡੀ ਅਬਾਦੀ ਜਾਂ ਤਾਂ ਬੇਰੁਜ਼ਗਾਰ ਹੈ ਜਾਂ ਫਿਰ ਛੋਟਾ ਮੋਟਾ ਕੰਮ ਕਰਕੇ ਗੁਜਾਰਾ ਕਰ ਰਹੀ ਹੈ। ਜਨਤਕ ਸਿੱਖਿਆ ਦਾ ਪਸਾਰ ਥੋੜਾ ਬਹੁਤਾ ਸ਼ਹਿਰਾਂ ਤੱਕ ਹੀ ਸੀਮਤ ਹੈ। ਜ਼ਿਆਦਾਤਰ ਸਿੱਖਿਆ ਪ੍ਰਬੰਧ ਮੁੱਲੇ-ਮੌਲਵੀਆਂ ਦੇ ਭਰੋਸੇ ਛੁਟੀ ਹੋਈ ਹੈ। ਮਹਿੰਗਾਈ ਨੇ ਵੀ ਲੋਕਾਂ ਦੀ ਕਮਰ ਤੋੜਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਫੈਕਟਰੀਆਂ 'ਚ ਮਜ਼ਦੂਰਾਂ ਦੀਆਂ ਹਾਲਤਾਂ ਭਾਰਤ ਵਾਂਗੂੰ ਹੀ ਬੁਰੀਆਂ ਹਨ। ਕਿਸੇ ਮਜ਼ਬੂਤ ਸ਼ਕਤੀਸਾਲੀ ਟ੍ਰੇਡ-ਯੂਨੀਅਨ ਦੀ ਨਾ-ਮੌਜੂਦਗੀ ਇਸ ਹਾਲਤ ਨੂੰ ਹੋਰ ਬੁਰਾ ਬਣਾ ਦਿੰਦੀ ਹੈ। ਸਨਅਤੀ ਮਾਲਾਂ ਦੀ ਲੋੜ ਸਬੰਧ ਵੀ ਪਾਕਿਸਤਾਨ ਦੀ ਨਿਰਭਰਤਾ ਪੱਛਮੀ ਦੇਸ਼ਾਂ ਤੇ ਚੀਨ ਉੱਪਰ ਕਾਫੀ ਬਣਦੀ ਹੈ।

ਉਪਰੋਕਤ ਹਾਲਤਾਂ ਦੇ ਬਾਵਜੂਦ ਪਾਕਿਸਤਾਨ ਸਰਕਾਰ ਦਾ ਫੌਜੀ ਬਜਟ ਹਰ ਸਾਲ ਵਧਦਾ ਹੀ ਜਾਂਦਾ ਹੈ। ਸਰਕਾਰੀ ਤਾਣੇ ਬਾਣੇ ਤੇ ਅਧਿਕਾਰੀਆਂ ਦੇ ਖਰਚੇ ਵਿਚ ਕੋਈ ਕਮੀ ਨਹੀਂ ਹੈ। ਇਹੀ ਵਜ੍ਹਾ ਹੈ ਕਿ ਜਨਤਾ ਦਾ ਗੁੱਸਾ ਕਦੇ-ਕਦੇ ਫੁਟਕਾ ਰਹਿੰਦਾ ਹੈ।

ਪਰ ਪਾਕਿਸਤਾਨ 'ਚ ਮੌਜੂਦ ਅੰਦੋਲਨਾਂ ਦੀ ਸਮੱਸਿਆ ਦੋ ਤਰਫ਼ਾ ਹੈ। ਇਕ ਜਨਤਾ ਇਕ ਜਾਂ ਦੂਜੇ ਵੋਟ ਵਟੋਰੂ ਨੇਤਾਵਾਂ ਪਿੱਛੇ ਲਾਮਬੰਦ ਹੈ। ਦੋ, ਚੁਣਾਵੀਂ ਰਾਜਨੀਤੀ ਦੇ ਬਾਹਰ ਉਹ ਕੱਟੜ ਪੰਥੀਆਂ ਦੇ ਪ੍ਰਭਾਵ ਵਿਚ ਹੈ। ਪ੍ਰਗਤੀਸ਼ੀਲ ਤੇ ਲੋਕ ਪੱਖੀ ਸ਼ਕਤੀਆਂ ਕੁੱਲ ਮਿਲਾ ਕੇ ਕਮਜ਼ੋਰ ਸਥਿਤੀ ਵਿਚ ਹਨ, ਵੋਟਾਂ ਵਟੋਰੂ ਰਾਜਸੀ ਨੇਤਾ ਲੋਕ ਰੋਹ ਦੀ ਵਰਤੋਂ ਸੱਤਾ ਦੀ ਮਲਾਈ 'ਚ ਆਪਣੇ ਲਈ ਹਿੱਸਾ ਪਾਉਣ ਵਜੋਂ ਕਰਦੇ ਹਨ, ਜਦ ਕਿ ਜਿਨ੍ਹਾਂ ਵਿਰੁੱਧ ਉਹ ਲੜਨ ਦਾ ਦਾਅਵਾ ਕਰਦੇ ਰਹੇ ਹੁੰਦੇ ਹਨ। ਉਨ੍ਹਾਂ ਨਾਲ ਇਨ੍ਹਾਂ ਦਾ ਕੋਈ ਬੁਨਿਆਦੀ ਝਗੜਾ ਨਹੀਂ ਹੁੰਦਾ। ਦੂਜੇ ਕਿਸੇ ਮੌਕੇ 'ਤੇ ਇਹੀ ਪਾਰਟੀਆਂ ਮਿਲ ਕੇ ਮੋਰਚਾ ਬਣਾ ਲੈਂਦੀਆਂ ਹਨ। ਅਜਿਹੀ ਸਥਿਤੀ ਵਿਚ ਪਾਕਿਸਤਾਨੀ ਜਨਤਾ ਹਮੇਸ਼ਾ ਖੁਦ ਨੂੰ ਠੱਗਿਆ ਮਹਿਸੂਸ ਕਰਦੀ ਹੈ। ਦੂਜੇ ਪਾਸੇ ਵੋਟਾਂ ਵਟੋਰੂ ਨੇਤਾਵਾਂ ਤੋਂ ਅੱਕਿਆ, ਲੋਕਾਂ ਦਾ ਇਕ ਵੱਡਾ ਹਿੱਸਾ ਕੱਟੜ ਪੰਥੀਆਂ ਨਾਲ ਲਾਮਬੰਦ ਹੈ। ਉਹ ਲੋਕਾਂ ਦੀਆਂ ਪਿਛੜੀਆਂ ਕਦਰਾਂ ਕੀਮਤਾਂ ਦੀ ਵਰਤੋਂ ਖੁਦ ਨੂੰ ਲੋਕ ਪੱਖੀ ਵਿਖਾਉਣ ਵਜੋਂ ਕਰਦੇ ਹਨ। ਪਾਕਿਸਤਾਨੀ ਲੋਕਾਂ ਲਈ ਇਕ ਹੋਰ ਵੱਡੀ ਰਾਜਸੀ ਸਮੱਸਿਆ ਅਮਰੀਕਾ (ਸਾਮਰਾਜ) ਦੇ ਸਿੱਧੇ ਅਸਿੱਧੇ ਦਖਲ ਦੇ ਰੂਪ ਵਿਚ ਹੈ। ਪਿਛਲੇ ਦਿਨੀਂ ਤਾਂ ਅਮਰੀਕੀ ਸੈਨਾ ਨੇ ਪਾਕਿਸਤਾਨੀ ਸਰਹੱਦ ਅੰਦਰ ਖੁੱਲ੍ਹ ਕੇ ਬੰਬਾਰੀ ਕੀਤੀ। ਇਨ੍ਹਾਂ ਕਰਤੂਤਾਂ ਕਾਰਨ ਪਾਕਿਸਤਾਨੀ ਜਨਤਾ 'ਚ ਅਮਰੀਕਾ ਵਿਰੁੱਧ ਵੀ ਕਾਫੀ ਘ੍ਰਿਣਾ ਹੈ। ਪਰ ਫਿਲਹਾਲ ਇਸ ਘ੍ਰਿਣਾ ਦੀ ਵਰਤੋਂ ਵੀ ਕੱਟੜਪੰਥੀ ਹੀ ਕਰ ਰਹੇ ਹਨ। ਉਹ ਅਮਰੀਕਾ ਨੂੰ ਇਕ ਸਾਮਰਾਜੀ ਤਾਕਤ ਦੀ ਬਜਾਏ ਮੁਸਲਿਮ ਵਿਰੋਧੀ ਦੇਸ਼ ਵਜੋਂ ਸਥਾਪਤ ਕਰਕੇ ਆਪਣੀ ਕੱਟੜਪੰਥੀ ਰਾਜਨੀਤੀ ਲਈ ਜਨਤਾ ਵਿਚਕਾਰ ਅਧਾਰ ਤਿਆਰ ਕਰਦੇ ਹਨ। ਮਜ਼ਦੂਰ ਅੰਦੋਲਨ ਦੀ ਕਮਜ਼ੋਰ ਸਥਿਤੀ ਵਿਚ ਕੱਟੜਪੰਥੀਆਂ ਦਾ ਇਹ ਉਭਾਰ ਪਾਕਿਸਤਾਨੀ ਜਨਤਾ ਲਈ ਫਾਸ਼ੀਵਾਦ ਦਾ ਖਤਰਾ ਵੀ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਫੌਜੀ ਤਾਨਾਸ਼ਾਹੀ ਦਾ ਖਤਰਾ ਤਾਂ ਲਗਾਤਾਰ ਬਣਿਆ

ਹੀ ਰਹਿੰਦਾ ਹੈ। ਨਿਸ਼ਚੈ ਹੀ ਤਾਨਾਸ਼ਾਹੀ ਜਾਂ ਫਾਸ਼ੀਵਾਦ ਲੋਕਾਂ ਲਈ ਕੋਈ ਬੇਹਤਰੀ ਨਹੀਂ ਲਿਆ ਸਕਦਾ, ਇਸ ਲਈ ਇਹ ਕੋਈ ਬਦਲ ਨਹੀਂ ਹੈ। ਅੱਜ ਪਾਕਿਸਤਾਨ ਜਿਨ੍ਹਾਂ ਹਾਲਤਾਂ ਵਿਚ ਹੈ। ਅਜਿਹੇ 'ਚ ਮਿਹਨਤਕਸ਼-ਮਜ਼ਦੂਰਾਂ-ਕਿਸਾਨਾਂ ਦਾ ਇਨਕਲਾਬੀ ਸੰਘਰਸ਼ ਸਮੇਂ ਦੀ ਅਤੀ ਜ਼ਰੂਰੀ ਮੰਗ ਬਣ ਚੁੱਕੀ ਹੈ। ਪਾਕਿਸਤਾਨ ਦੇ ਮਜ਼ਦੂਰਾਂ-ਕਿਸਾਨਾਂ ਨੂੰ ਚਾਹੀਦਾ ਹੈ ਕਿ ਇਨਕਲਾਬੀ ਰਾਜਨੀਤੀ ਦੇ ਦੁਆਲੇ ਖੁਦ ਨੂੰ ਜਥੇਬੰਦ ਕਰਨ। ਨਾਲ ਹੀ ਦਹਾਕਿਆਂ ਤੋਂ ਪੀੜਤ ਬਲੋਚ, ਕਸ਼ਮੀਰੀ ਤੇ ਸਰਹੱਦੀ ਕਬੀਲਾਈ ਜਨਤਾ ਨੂੰ ਉਨ੍ਹਾਂ ਦੀਆਂ ਨਿਆਪੂਰਣ ਜਮਹੂਰੀ ਮੰਗਾਂ ਦੀ ਹਮਾਇਤ ਕਰਦਿਆਂ ਇਸ ਸੰਘਰਸ਼ ਵਿਚ ਸ਼ਾਮਲ ਕਰਨ। ਪਾਕਿ ਜਨਤਾ ਨੂੰ ਅਮਰੀਕਾ ਦੇ ਸਾਮਰਾਜੀ ਕਿਰਦਾਰ ਨੂੰ ਸਮਝਦੇ ਹੋਇਆਂ ਉਸ ਦੀ ਕਿਸੇ ਵੀ ਤਰ੍ਹਾਂ ਦੀ ਦਖਲ-ਅੰਦਾਜ਼ੀ ਦਾ ਵਿਰੋਧ ਕਰਨਾ ਹੋਵੇਗਾ। ਇਸ ਤੋਂ ਇਲਾਵਾ ਕੱਟੜਪੰਥੀਆਂ ਦੇ ਖੋਖਲੇ ਅਮਰੀਕੀ ਵਿਰੋਧ ਦਾ ਵੀ ਪਰਦਾਫਾਸ਼ ਜ਼ਰੂਰੀ ਹੈ। ਤਾਲਿਬਾਨ ਤੇ ਅਲਕਾਇਦਾ ਵਰਗੇ ਕੱਟੜਪੰਥੀ ਕਦੀ ਇਕ ਤੇ ਕਦੀ ਦੂਜੇ ਸਾਮਰਾਜਵਾਦੀ ਮੁਲਕ ਦੀ ਸ਼ਰਨ ਲੈਂਦੇ ਰਹੇ ਹਨ। ਕੁਲ ਮਿਲਾ ਕੇ ਉਹ ਸਾਮਰਾਜ ਵਿਰੋਧੀ ਨਹੀਂ ਹਨ। ਬਲਕਿ ਉਨ੍ਹਾਂ ਦੀ ਕੁਲ-ਇਸਲਾਮ ਦੀ ਧਾਰਨਾ ਖੁਦ 'ਚ ਪ੍ਰਭੂਤਵਕਾਰੀ ਫਾਸਿਸਟ ਸੋਚ ਨੂੰ ਜ਼ਾਹਿਰ ਕਰਦੀ ਹੈ, ਹੋਰ ਤਾਂ ਹੋਰ ਪੂਰੇ ਸਮਾਜ ਨੂੰ ਮੱਧ ਯੁੱਗੀ ਪ੍ਰਬੰਧ 'ਚ ਧੱਕ ਦੇਣ ਦੇ ਉਨ੍ਹਾਂ ਦੇ ਯਤਨ ਇਤਿਹਾਸ ਨੂੰ ਉਲਟੀ ਦਿਸ਼ਾ 'ਚ ਲੈ ਜਾਣ ਵਾਲੇ ਹਨ। ਉਨ੍ਹਾਂ ਦੇ ਚੁੰਗਲ 'ਚੋਂ ਬਾਹਰ ਆਉਣਾ ਪਾਕਿਸਤਾਨੀ ਲੋਕਾਂ ਲਈ ਬੇਹੱਦ ਜ਼ਰੂਰੀ ਹੈ। ਉਪਰੋਕਤ ਸੰਘਰਸ਼ 'ਚ ਪਾਕਿਸਤਾਨੀ ਲੋਕਾਂ ਦਾ ਸਹਿਯੋਗ ਮਿਲਣਾ ਜ਼ਰੂਰੀ ਹੈ। ਨਿਸ਼ਚਤ ਤੌਰ 'ਤੇ ਪਾਕਿਸਤਾਨ 'ਚ ਇਸ ਤਰ੍ਹਾਂ ਦੇ ਸੰਘਰਸ਼ ਦਾ ਖੜਾ ਹੋਣਾ ਕੋਈ ਨੇੜ ਭਵਿੱਖ ਦੀ ਚੀਜ਼ ਨਹੀਂ ਲੱਗਦੀ ਹੈ ਬਲਕਿ ਦੂਜੇ ਰੁਝਾਣ ਹੀ ਵੱਧ ਮਜ਼ਬੂਤ ਹਨ। ਪਰ ਇਸ ਸੰਘਰਸ਼ ਲਈ ਕੋਸ਼ਿਸ਼ ਸ਼ੁਰੂ ਕਰ ਦੇਣੀ ਅੱਜ ਦੇ ਹਾਲਾਤ ਦੀ ਲੋੜ ਬਣ ਚੁੱਕੀ ਹੈ। ਅੱਜ ਪਾਕਿਸਤਾਨ ਲਈ 'ਅਸਫਲ ਰਾਜ' ਸ਼ਬਦ ਦੀ ਜੋ ਵਰਤੋਂ ਹੋ ਰਹੀ ਹੈ। ਸਾਮਰਾਜੀਆਂ ਲਈ ਇਸ ਦਾ ਮਤਲਬ ਦਖਲ-ਅੰਦਾਜ਼ੀ ਦੇ ਮੌਕੇ ਮੁਹੱਈਆ ਹੋਣਾ ਹੈ ਤਾਂ ਭਾਰਤੀ ਹਾਕਮਾਂ ਲਈ ਪਾਕਿਸਤਾਨ ਖਿਲਾਫ਼ ਆਪਣੇ ਪੱਖ ਵਿਚ ਵਿਸ਼ਵੀ ਲਾਮਬੰਦੀ ਕਰਨਾ। ਪਰ ਪਾਕਿ ਜਨਤਾ ਲਈ ਇਸ ਦਾ ਮਤਲਬ ਹੈ ਬਾਹਰੀ ਤੇ ਅੰਦਰੂਨੀ ਫੌਜੀ ਹਮਲਾ, ਭੁੱਖ, ਗਰੀਬੀ, ਬਦਹਾਲੀ, ਫਾਸ਼ੀਵਾਦ ਦਾ ਉਭਾਰ, ਜਮਹੂਰੀਅਤ ਦਾ ਕਤਲ ਆਦਿ। ਇਸ ਲਈ ਇਸ ਸਥਿਤੀ ਵਿਚੋਂ ਬਾਹਰ ਆਉਣ ਦਾ ਇਕ ਰਾਹ ਇਨਕਲਾਬੀ ਸੰਘਰਸ਼ ਨੂੰ ਤੇਜ਼ ਕਰਨਾ ਹੈ। ਵਰਨਾ ਪਾਕਿਸਤਾਨ ਨੂੰ ਦੂਜਾ ਅਫ਼ਗਾਨਿਸਤਾਨ ਬਣਨ 'ਚ ਦੇਰ ਨਹੀਂ ਲੱਗਣੀ। ਪਾਕਿਸਤਾਨ ਦੇ ਰਾਜਸੀ ਸੰਕਟ ਦੇ ਸਹੀ ਦਿਸ਼ਾ 'ਚ ਹੱਲ ਹੋਣ ਦਾ ਪਾਕਿ ਜਨਤਾ ਦੇ ਨਾਲ ਨਾਲ ਭਾਰਤੀ ਜਨਤਾ ਨਾਲ ਵੀ ਸਿੱਧਾ ਸਬੰਧ ਹੈ। ਉੱਥੇ ਮੌਜੂਦ ਰਾਜਸੀ ਅਸਥਿਰਤਾ ਸਾਮਰਾਜੀਆਂ ਨੂੰ ਸਿੱਧੀ ਦਾਅਵਤ ਦੇ ਰਹੀ ਹੈ ਅਤੇ ਪਾਕਿ 'ਚ ਸਾਮਰਾਜੀਆਂ ਦੀ ਸਿੱਧੀ ਦਖਲਅੰਦਾਜ਼ੀ ਪੜੌਸੀ ਹੋਣ ਦੇ ਨਾਤੇ ਭਾਰਤ ਨੂੰ ਨੁਕਸਾਨ ਪਹੁੰਚਾਏਗੀ। ਜੇ ਜੋ ਸਥਿਤੀ ਅਫਗਾਨਿਸਤਾਨ ਦੀ ਹੈ, ਉਹ ਪਾਕਿਸਤਾਨ ਦੀ ਹੁੰਦੀ ਹੈ ਤਾਂ ਨਿਸਚੈ ਹੀ ਜੋ ਸਥਿਤੀ ਪਾਕਿ ਦੀ ਹੈ, ਉਹ ਭਾਰਤ ਦੀ ਵੀ ਹੋਵੇਗੀ। ਪੂਰਾ ਉਪ ਮਹਾਂਦੀਪ ਸਾਮਰਾਜੀਆਂ ਦਾ ਅਖਾੜਾ ਬਣ ਕੇ ਰਹਿ ਜਾਵੇਗਾ। ਦੂਜਾ ਭਾਰਤ 'ਚ ਮਜ਼ਦੂਰਾਂ, ਕਿਸਾਨਾਂ ਤੇ ਕੌਮੀਅਤਾਂ ਦੇ ਜੋ ਵੀ ਸੰਘਰਸ਼ ਹਨ, ਉਨ੍ਹਾਂ 'ਤੇ ਹੀ ਮੁਸਲਿਮ ਕੱਟੜਪੰਥੀ ਸਭਾ ਤੱਕ ਪਹੁੰਚ ਜਾਂਦੇ

ਹਨ। ਤਾਂ ਬਦਲੇ 'ਚ ਭਾਰਤ ਅੰਦਰ ਵੀ ਮੌਜੂਦ ਕੱਟੜਪੰਥੀ ਤਾਕਤਾਂ ਨੂੰ ਬਲ ਮਿਲੇਗਾ। ਖਾਸ ਤੌਰ 'ਤੇ ਹਿੰਦੂ ਕੱਟੜਪੰਥੀਆਂ ਦਾ ਪ੍ਰਚਾਰ ਤੇ ਪ੍ਰਭਾਵ ਕਈ ਗੁਣਾ ਵਧ ਜਾਵੇਗਾ ਦੇਸ਼ 'ਚ ਮੌਜੂਦ ਹਿੰਦੂ-ਮੁਸਲਿਮਾਂ ਵਿਚਕਾਰ ਖਾਈ ਹੋਰ ਚੌੜੀ ਹੋ ਜਾਵੇਗੀ। ਇਸ ਦੀ ਸਿੱਧੀ ਕੀਮਤ ਮਿਹਨਤਕਸ਼ਾਂ ਨੂੰ ਆਪਣੀ ਏਕਤਾ ਤੇ ਸੰਘਰਸ਼ ਦੇ ਕਮਜ਼ੋਰ ਪੈਣਾ ਵਜੋਂ ਉਠਾਉਣੀ ਪਵੇਗੀ।

ਸਪੱਸ਼ਟ ਤੌਰ 'ਤੇ ਪਾਕਿਸਤਾਨ 'ਚ ਰਾਜਸੀ ਸੰਕਟ ਦੇ ਸਹੀ ਦਿਸ਼ਾ 'ਚ ਹੱਲ ਹੋਣਾ ਭਾਰਤ ਦੀ ਜਨਤਾ ਲਈ ਵੀ ਭਵਿੱਖ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਦੋਨੋਂ ਮੁਲਕਾਂ ਵਿਚ ਇਨਕਲਾਬੀ ਸੰਘਰਸ਼ ਨੂੰ ਖੜਾ ਕਰਨਾ, ਮਿਹਨਤਕਸ਼ਾਂ ਲਈ ਬਹੁਤ ਜ਼ਰੂਰੀ ਹੈ।

# ਨਰੇਗਾ ’ਚ ਲੱਖਾਂ ਦਾ ਘਪਲਾ

ਕੌਮੀ ਪੇਂਡੂ ਰੁਜਗਾਰ ਗਰੰਟੀ ਯੋਜਨਾ (ਨਰੇਗਾ) ’ਚ ਫਰਜੀ ਮਾਸਟਰ ਰੋਲ ਰਾਹੀਂ ਲੱਖਾਂ ਰੁਪਏ ਡਕਾਰਨ ਦੀ ਰਿਪੋਰਟ ਦਰਜ ਕਰਨ ਤੋਂ ਪੁਲਸ ਕਤਰਾ ਰਹੀ ਹੈ। ਤਹਿਸੀਲ ਵਿਕਾਸ ਅਧਿਕਾਰੀ ਵਲੋਂ ਪੁਲਸ ਨੂੰ ਐਫ. ਆਈ. ਆਰ. ਦਰਜ ਕਰਾਉਣ ਲਈ ਲਿਖੇ ਪ੍ਰਤ ਦੇ ਬਾਵਜੂਦ ਹੁਣ ਤਕ ਐਫ. ਆਈ. ਆਰ. ਦਰਜ ਨਹੀਂ ਕੀਤੀ ਗਈ ਹੈ। ਮਾਮਲਾ ਦੇਵੀਪਾਟਨ ਮੰਗਲ ਦੇ ਬਲਰਾਮਪੁਰ ਦੇ ਰੇਹਰਾ ਬਾਜ਼ਾਰ ਵਿਕਾਸ ਖੇਤਰ ਦੇ ਮਮਲਾ ਭਰਤਪੁਰ ਗਿੰ੍ਟ ਪਿੰਡ ਦਾ ਹੈ। ਇਥੋਂ ਦੇ ਤਹਿਸੀਲ ਵਿਕਾਸ ਅਧਿਕਾਰੀ ਅਜੇ ਪ੍ਰਤਾਪ ਸਿੰਘ ਨੇ 24 ਅਕਤੂਬਰ 2008 ਨੂੰ ਨਰੇਗਾ ਸਮੇਤ ਪਿੰਡ ’ਚ ਸੰਚਾਲਿਤ ਵਿਕਾਸ ਕੰਮਾਂ ਦਾ ਆਡਿਟ ਕੀਤਾ। ਆਡਿਟ ਵਿੱਚ ਨਰੇਗਾ ਤੇ ਫਰਜੀ ਮਾਸਟਰ ਪਲਾਨ ਰਾਹੀਂ ਭਾਰੀ ਮਾਤਰਾ ਵਿੱਚ ਧਨ ਰਾਸ਼ੀ ਦੀ ਦੁਰਵਰਤੋਂ ਪਾਈ ਗਈ। ਸਾਦਿਕ ਅਲੀ ਦੇ ਜਾਬ ਕਾਰਡ ’ਤੇ 7 ਦਿਨ ਤੇ ਖਾਲਾ ਪੁਟਣ ਲਈ ਚਾਰ ਦਿਨ ਦੀ ਮਜ਼ਦੂਰੀ ਦਰਜ ਕੀਤੀ ਗਈ ਪਰ ਰੁਜ਼ਗਾਰ ਰਜਿਸਟਰ ਵਿੱਚ ਉਸ ਦਾ ਨਾਂ ਹੀ ਨਹੀਂ ਲਿਖਿਆ ਗਿਆ। ਇਸ ਤਰ੍ਹਾਂ 2008-09 ’ਚ ਦਰੱਖਤ ਕਟਾਈ ਦਾ ਫਰਜ਼ੀ ਮਾਸਟਰ ਰੋਲ ਦਾ ਇੰਤਰਾਜ ਕਰਕੇ 36000 ਰੁਪਏ ਹੜੱਪ ਲਏ ਗਏ। ਕਈ ਮਜ਼ਦੂਰਾਂ ਨੂੰ ਮਾਸਟਰ ਰੋਲ ਵਿੱਚ ਕੰਮ ਕਰਦੇ ਵਿਖਾ ਕੇ ਉਹਨਾਂ ਦੇ ਨਾਂ ’ਤੇ ਮਜ਼ਦੂਰੀ ਕਢਵਾਈ ਗਈ ਸੀ ਪਰ ਉਹਨਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਸੀ। ਮਿਡ-ਡੇ-ਮੀਲ ਯੋਜਨਾ ’ਚੋਂ ਵੀ ਲੱਖਾਂ ਰੁਪਏ ਡਕਾਰ ਲੈਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਥੋਂ ਦੇ ਪ੍ਰਇਮਰੀ ਸਕੂਲ ਤੇ ਪਹਿਲੇ ਮਿਡਲ ਸਕੂਲ ’ਚ ਸੰਨ 2007-08 ਤੇ ਸੰਨ 2008-09 ’ਚ ਇਕ ਦਿਨ ਵੀ ਭੋਜਨ ਨਹੀਂ ਬਣਿਆ। ਇਸ ਦੌਰਾਨ ਠੇਕੇਦਾਰ, ਸਰਪੰਚ ਤੇ ਮੁੱਖ ਅਧਿਆਪਕ ਦੀ ਮਿਲੀ ਭੁਗਤ ਨਾਲ ਸਾਰਾ ਅਨਾਜ ਹੀ ਹੜੱਪ ਲਿਆ ਗਿਆ। ਭੋਜਨ ’ਚ ਲੱਗਣ ਵਾਲਾ ਕਨਵਰਜਨ ਕਾਸਟ ਵੀ ਕਢਵਾ ਕੇ ਹਜ਼ਮ ਕਰ ਲਿਆ ਗਿਆ। ਸੰਨ 2007-08 ਦੌਰਾਨ ਇਕ ਦਰਜਨ ਵਿਗਿਆਰਥੀਆਂ ਦਾ ਵਜੀਫਾ ਵੀ ਕਢਵਾ ਕੇ ਹਜ਼ਮ ਕਰ ਲਿਆ ਗਿਆ। ਤਹਿਸੀਲ ਵਿਕਾਸ ਅਧਿਕਾਰੀ ਨੇ ਆਪਣੀ ਆਡਿਟ ਰਿਪੋਰਟ ’ਚ ਲਿਖਿਆ ਕਿ ਸਰਪੰਚ ਤੇ ਪੰਚਾਇਤ ਸਕੱਤਰ ਵਲੋਂ ਨਰੇਗਾ ਕਾਨੂੰਨ ਦੇ ਉਲਟ ਕੰਮ ਕਰਦਿਆਂ ਫੇਰ ਬਦਲ ਕਰਕੇ ਫਰਜੀ ਮਾਸਟਰ ਰੋਲ ਦੇ ਸਹਾਰੇ ਲੱਖ ਰੁਪਏ ਹੜੱਪ ਕੀਤੇ ਗਏ ਹਨ। ਇਸ ਕੰਮ ’ਚ ਸਰਪੰਚ, ਪੰਚਾਇਤ ਵਿਕਾਸ ਅਧਿਕਾਰੀ ਤੇ ਗ੍ਰਾਮ ਸੇਵਕ ਖਿਲਾਫ ਮੁਕੱਦਮਾ ਦਰਜ ਕਰਨਾ ਜ਼ਰੂਰੀ ਹੈ। ਪਿੰਡ ’ਚ ਸੋਸ਼ਲ ਆਡਿਟ ਪਿਛੋਂ ਬੀ. ਡੀ. ਓ. ਨੇ ਉੱਚ ਅਧਿਕਾਰੀਆਂ ਨੂੰ ਆਪਣੀ ਰਿਪੋਰਟ ਦੇਣ ਦੇ ਨਾਲ ਹੀ 28 ਨਵੰਬਰ 2008 ਨੂੰ ਰੇਹਰਾ ਬਾਜ਼ਾਰ ਦੇ ਥਾਣਾ ਪ੍ਰਭਾਰੀ ਨੂੰ ਇਕ ਅਰਜ਼ੀ ਦੇ ਕੇ ਦੋਸ਼ੀਆਂ ਖਿਲਾਫ ਐਫ. ਆਈ. ਆਰ. ਦਰਜ ਕਰਨ ਨੂੰ ਕਿਹਾ ਪਰ ਇਕ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਪਿਛੋਂ ਵੀ ਹੁਣ ਤਕ ਪੁਲਸ ਨੇ ਰਿਪੋਰਟ ਦਰਜ ਨਹੀਂ ਕੀਤੀ ਹੈ। ਉਤਰੈ ਲਾ ਬਲਾਕ ਦੀ ਪੰਚਾਇਤ ਨਰਾਇਣਪੁਰ ’ਚ ਵੀ ਨਰੇਗਾ ਯੋਜਨਾ ਵਿੱਚ ਸੰਨ 2007-08 ਤੇ 2008-09 ਦੌਰਾਨ ਵੀ ਲੱਖਾਂ ਦਾ ਘਪਲਾ ਫੜਿਆ ਗਿਆ। ਜਾਹਲੀ ਨਾਂ ਦਰਜ ਕਰਕੇ ਪੈਸੇ ਕਢਵਾਏ ਗਏ। ਤਹਿਸੀਲ ਵਿਕਾਸ ਅਧਿਕਾਰੀ ਉਤਰੌਲਾ ਕੋਤਵਾਲੀ

ਨੂੰ ਪ੍ਰਤੂ ਲਿਖ ਕੇ ਇਹਨਾਂ ਦੋਹਾਂ ਪ੍ਰੋਜੈਕਟਾਂ 'ਚ ਸਰਕਾਰੀ ਦਸਤਾਵੇਜ਼ਾਂ 'ਚ ਹੇਰਾਫੇਰੀ ਕਰਕੇ ਫਰਜੀ ਮਾਸਟਰ ਰੋਲ ਤਿਆਰ ਕਰਕੇ ਸਰਕਾਰੀ ਧਨ ਦਾ ਗਬਨ ਕਰਨ ਦੇ ਦੋਸ਼ ਵਿਚ ਸਰਪੰਚ ਪਿੰਡ ਵਿਕਾਸ ਅਧਿਕਾਰੀ ਖਿਲਾਫ ਮੁਕੱਦਮਾ ਦਰਜ ਕਰਨ ਨੂੰ ਕਿਹਾ ਗਿਆ ਪਰ ਇਸ ਘਪਲੇ ਦੀ ਰੀਪੋਟ ਵੀ ਅਜੇ ਤਕ ਦਰਜ ਨਹੀਂ ਹੋਈ ਹੈ। ਹਕੂਮਤੀ ਪੱਖ ਦੇ ਦਬਾਅ ਹੇਠ ਪੁਲਸ ਸਰਕਾਰੀ ਧਨ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਬਚਾ ਰਹੀ ਹੈ। ਦੋਸ਼ੀ ਲੋਕਾਂ ਨੂੰ ਐਫ. ਆਈ. ਆਰ. ਦਰਜ ਕਰਕੇ ਜੇਲ ਭੇਜਿਆ ਜਾਣਾ ਚਾਹੀਦਾ ਹੈ। ਵਿਕਾਸ ਬਾਲਕਾਂ ਦਾ ਸੋਸ਼ਲ ਆਡਿਟ ਕਰਵਾ ਕੇ ਸਰਕਾਰੀ ਧਨ ਦੀ ਵਰਤੋਂ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਦੇਖਿਆ ਜਾਵੇ ਤਾਂ ਨਰੇਗਾ ਘਪਲਿਆਂ ਦੇ ਚੱਕਰ 'ਚ ਫਸਕੇ ਰਹਿ ਗਈ ਹੈ। ਇਸ ਯੋਜਨਾ ਦੇ ਅਸਲ ਮਕਸਦ ਦੀ ਤਾਂ ਪਰਛਾਈ ਵੀ ਨਜ਼ਰ ਨਹੀਂ ਆਉਂਦੀ।

# ਉੱਚ ਸਿੱਖਿਆ ਦਾ ਇਲਾਜ

ਬੀ. ਬੀ. ਸੀ. ਵਲੋਂ ਦੁਨੀਆਂ ਦੇ ਛੇ ਸਭ ਤੋਂ ਉਚੇ ਸਨਅਤੀ ਪ੍ਰਬੰਧ ਵਿਚ ਸ਼ਾਮਲ ਰੂਸੀ ਮੋਦੀ ਦਾ ਕਹਿਣਾ ਹੈ ਕਿ 'ਦੁਨੀਆਂ ਦਾ ਕੋਈ ਸਕੂਲ ਜਾਂ ਕਾਲਜ ਕਿਸੇ ਬੱਚੇ ਨੂੰ ਉਸ ਦੇ ਵਿਅਕਤੀਤਵ ਤੋਂ ਵੱਖਰਾ ਕੁਝ ਨਹੀਂ ਬਣਾ ਸਕਦਾ, ਕੋਈ ਸੰਸਥਾ ਸਿਰਫ ਬੱਚੇ ਜਾਂ ਨੌਜਵਾਨ ਵਿੱਚ ਛਿਪੀ ਖੂਬੀ ਨੂੰ ਨਿਖਾਰ-ਸੰਵਾਰ ਸਕਦੀ ਹੈ। ਇਹ ਵੀ ਸੱਚ ਹੈ ਕਿ ਆਜ਼ਾਦੀ ਦੇ ਕੁਝ ਸਮੇਂ ਬਾਅਦ ਸਿਖਿਆ, ਖਾਸ ਕਰਕੇ ਉਸ ਸਿੱਖਿਆ ਦੇ ਖੇਤਰ ਵਿਚ ਪਹਿਲ ਦਾ ਦੌਰ ਖਤਮ ਹੋ ਗਿਆ ਅਤੇ ਉਚ ਸਿੱਖਿਆ ਜੜ ਹੁੰਦੀ ਗਈ। ਅਜਿਹੇ ਵਿਚ ਯੂ. ਜੀ. ਸੀ. ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਯਸ਼ਪਾਲ ਦੀ ਅਗਵਾਈ 'ਚ ਭਾਰਤ 'ਚ ਉਚ ਸਿਖਿਆ 'ਤੇ ਤਿਆਰ ਅੰਤਰਿਮ ਰਿਪੋਰਟ 'ਰਿਨੋਵੇਸ਼ਨ ਐਂਡ ਰਿਜ਼ਵਿਨੇਸ਼ਨ ਆਫ ਯੂਨੀਵਰਸਿਟੀਜ਼' (ਯੂਨੀਵਰਸਿਟੀਆਂ ਦੇ ਪੁਨਰ ਨਿਰਮਾਣ ਤੇ ਪੁਨ-ਸੰਚਾਰ) ਜੜ ਹੋ ਚੁੱਕੀ ਉਚ ਸਿੱਖਿਆ ਦੀ ਪੜਤਾਲ ਕਰਦੀ ਹੈ। ਰਿਪੋਰਟ ਦੇ ਕੇਂਦਰ 'ਚ ਸਰਕਾਰੀ ਏਡਿਡ ਯੂਨੀਵਰਸਿਟੀਆਂ ਨੂੰ ਰੱਖਿਆ ਗਿਆ ਹੈ। 1947 ਤੋਂ ਬਾਅਦ ਵੀ ਉਚ ਸਿੱਖਿਆ ਦੇ ਬੁਨਿਆਦੀ ਰੂਪ 'ਚ ਕੋਈ ਵਿਕਾਸ ਨਹੀਂ ਹੋਇਆ ਬਲਕਿ ਇਹ ਅਮਲ ਹੋਰ ਵੀ ਮਾੜਾ ਹੋਇਆ ਹੈ। ਸਿੱਖਿਆ ਵਿਵਸਥਾ ਨੇ ਇਕ ਨਵੇਂ ਕਿਸਮ ਦੀ ਵਿਵਸਥਾ ਖੜੀ ਕਰ ਦਿੱਤੀ ਹੈ। ਜੋ ਚਲੀ ਆ ਰਹੀ ਜਾਤੀ-ਵਿਵਸਥਾ ਤੋਂ ਕਿਤੇ ਵੱਧ ਖਤਰਨਾਕ ਹੈ। ਨੌਜਵਾਨਾਂ ਦੇ ਇਸ ਦੇਸ਼ ਵਿਚ ਨੌਜਵਾਨਾਂ ਦੀ ਊਰਜਾ ਨੂੰ ਦਿਸ਼ਾ ਦੇਣ ਵਿਚ ਸਿਖਿਆ ਪ੍ਰਣਾਲੀ ਪੂਰੀ ਤਰ੍ਹਾਂ ਨਕਾਰਾ ਹੈ। ਰਿਪੋਰਟ ਦੇ ਅੰਦਰਲੇ ਸੰਕੇਤ ਸਿਖਿਆ ਪ੍ਰਣਾਲੀ 'ਚ ਨੌਕਰਸ਼ਾਹੀ ਤੇ ਨੇਤਾਵਾਂ ਦੇ ਭਰਿਸ਼ਟਾਚਾਰ ਕਾਰੋਬਾਰ ਵੱਲ ਸਾਫ ਇਸ਼ਾਰਾ ਕਰਦੇ ਹਨ। ਪ੍ਰੋਫੈਸਰ ਯਸ਼ਪਾਲ ਦੀ ਅਗਵਾਈ 'ਚ ਆਈ. ਆਈ. ਟੀ. ਕਾਨਪੁਰ ਦੇ ਪ੍ਰੋਫੈਸਰ ਅਨੰਦਕ੍ਰਿਸ਼ਣਨ, ਡੀ. ਐਸ. ਈ. ਦੇ ਨਿਰਦੇਸ਼ਕ ਪ੍ਰੋਫੈਸਰ ਪੁਲਿਸ ਨਾਇਕ ਇੰਡੀਅਨ ਇਸਟੀਚਿਊਟ ਆਫ ਸਾਇੰਸ (ਬੰਗਲੌਰ) ਦੇ ਫੈਲੋ ਪ੍ਰੋਫੈਸਰ ਗੋਵਰਧਨ ਮਹਿਤਾ ਪ੍ਰਧਾਨ ਮੰਤਰੀ ਦੇ ਆਰਥਕ ਸਲਾਹਕਾਰ ਅਤੇ ਦਕਸ਼ੇਸ ਯੂਨੀਵਰਸਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਪ੍ਰੋਫੈਸਰ ਜੀ ਕੇ ਚੌਡਾ ਸਮੇਤ ਦੇਸ਼ ਦੇ ਕੁਲ 22 ਸਿੱਖਿਆ ਸਾਸ਼ਤਰੀਆਂ ਨੇ ਇਹ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਸਾਫ ਕਹਿੰਦੀ ਹੈ 'ਦੁਨੀਆਂ ਭਰ ਖਾਸ ਤੌਰ 'ਤੇ ਵਿਕਸਤ ਦੇਸ਼ਾਂ ਦੀ ਸਿਖਿਆ ਪ੍ਰਣਾਲੀ 'ਚ ਹੋ ਰਹੇ ਬਦਲਾਵਾਂ ਤੋਂ ਭਾਰਤ ਕਦੋਂ ਦਾ ਕਿਨਾਰਾ ਕਰ ਚੁੱਕਿਆ ਹੈ। ਫਰਵਰੀ 2008 ਨੂੰ ਜਦ ਇਸ ਕਮੇਟੀ ਦਾ ਗਠਨ ਕੀਤਾ ਗਿਆ ਤਾਂ ਸ਼ੁਰੂਆਤੀ ਮਕਸਦ ਯੂ. ਜੀ. ਸੀ. ਤੇ ਅਖਿਲ ਭਾਰਤੀ ਤਕਨੀਕੀ ਸਿੱਖਿਆ ਪ੍ਰੀਸਦ ਦੇ ਕੰਮਕਾਜ ਦੀ ਸਮੀਖਿਆ ਕਰਨਾ ਹੀ ਸੀ। ਗਹਿਰੀ ਘੋਖ ਪਿਛੋਂ ਕਮੇਟੀ ਨੇ ਮਹਿਸੂਸ ਕੀਤਾ ਸਿਰਫ ਇਕ ਦੋ ਪਹਿਲੂਆਂ 'ਤੇ ਗੌਰ ਕਰਨ ਦੀ ਬਜਾਏ ਸਮੁੱਚੀ ਉਚ ਸਿੱਖਿਆ ਵਿਵਸਥਾ 'ਤੇ ਵਿਚਾਰ ਕਰਨਾ ਜ਼ਰੂਰੀ ਹੈ। ਅੰਕੜਿਆਂ ਦੇ ਜਾਲ 'ਚ ਫਸੇ ਬਿਨਾਂ ਰਿਪੋਰਟ ਦੱਸਦੀ ਹੈ ਕਿ ਅੱਜ ਦੀ ਪੇਂਡੂ ਤੇ ਸ਼ਹਿਰੀ ਭਾਰਤ ਦਾ ਬਹੁਤਾ ਨੌਜਵਾਨ ਉਚ ਸਿੱਖਿਆ ਲਈ ਰਵਾਇਤੀ ਯੂਨੀਵਰਸਿਟੀਆਂ ਵੱਲ ਵੀ ਵੇਖਦਾ ਹੈ। ਉਥੇ ਪਹਿਲੇ ਦੋ ਦਹਾਕਿਆਂ ਦੌਰਾਨ ਬਦਲੇ ਆਰਥਕ ਦ੍ਰਿਸ਼ ਦੇ ਨੌਕਰੀਆਂ ਦੇ ਜੋ ਮੌਕੇ ਮੁਹੱਈਆ ਕੀਤੇ ਹਨ ਉਸ ਮੁਤਾਬਕ

ਨੌਜਵਾਨਾਂ ਨੂੰ ਕੁਸ਼ਲ ਬਣਾਉਣ 'ਚ ਉਚ ਸਿੱਖਿਆ ਕੇਂਦਰ। ਉਹ ਚਾਹੇ ਸਰਕਾਰ ਹੋਣ ਜਾਂ ਨਿਜੀ ਹਰੇਕ ਦਾ ਹਾਲ ਇਕੋ ਜਿਹਾ ਹੀ ਹੈ।' ਕੀ ਵਾਕਿਆ ਹੀ ਦੇਸ਼ 'ਚ ਉਚ ਸਿੱਖਿਆ ਪ੍ਰਣਾਲੀ ਦੀ ਜਾਨ ਨਿਕਲ ਚੁੱਕੀ ਹੈ? ਅਜੇਹਾ ਹੈ ਤਾਂ ਵਜਾਹ ਕੀ ਹੈ? ਕੌਣ ਜਿੰਮੇਵਾਰ ਹੈ? ਦਰਅਸਲ ਸਿੱਖਿਆ ਦਾ ਖੇਤਰ ਸੰਵਿਧਾਨ ਤਹਿਤ ਸਰਾਵਰਤੀ ਸੂਚੀ ਦਾ ਹਿੱਸਾ ਹੈ ਜਿਸ 'ਚ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਦੀ ਬਰਾਬਰ ਦੀ ਭਾਗੀਦਾਰੀ ਤੇ ਜੁਆਬਦੇਹੀ ਹੈ। 'ਆਜ਼ਾਦੀ' ਪਿਛੋਂ ਸਿਖਿਆ ਅਦਾਰਿਆਂ, ਖਾਸ ਕਰਕੇ ਯੂਨੀਵਰਸਿਟੀਆਂ ਨੂੰ ਮੁਕਾਬਲਤਣ ਆਜ਼ਾਦੀ ਸੀ ਜੋ ਘੁਸਦੀ  ਗਈ ਤੇ ਹੁਣ ਯੂਨੀਵਰਸਿਟੀਆਂ ਆਟੇ 'ਚ ਲੂਣ ਬਰਾਬਰ ਗੱਲਬਾਤ ਦਾ ਮੁੱਦਾ ਹੀ ਰਹਿ ਗਈਆਂ ਹਨ। ਕੰਟਰੋਲ ਦੇ ਕਈ ਲਗਾਅ ਹਨ ਜੋ ਸੰਸਥਾਗਤ ਰੂਪ ਸੰਸਥਾਵਾਂ ਹਨ ਜੋ ਉਚ ਸਿੱਖਆ ਦੀ ਆਜ਼ਾਦੀ 'ਚ ਨਾ ਸਿਰਫ ਰੋੜਾ ਹਨ ਬਲਕਿ ਸਿੱਖਣ ਸੰਸਥਾਵਾਂ 'ਚ ਵਿਗਿਆਨਕ ਵਿਧੀ ਨੂੰ ਨਿਰਉਂਤ ਸ਼ਾਹਿਤ ਕਰਦੀਆਂ ਹਨ। ਰਿਪੋਰਟ ਇਸ਼ਾਰਾ ਕਰਦੀ ਹੈ 'ਪਿਛਲੇ ਦੋ ਦਹਾਕਿਆਂ ਦੌਰਾਨ ਸਰਕਾਰੀ ਖੇਤਰ ਤਾਣੇਬਾਣੇ 'ਚ ਡੀਗਡ ਯੂਨੀਵਰਸਿਟੀਆਂ ਦੇ ਨਾਂ 'ਤੇ ਉਚ ਸਿੱਖਿਆ ਇਕ ਭਰਸ਼ਿਟ ਕਾਰੋਬਾਰ ਦਾ ਰੂਪ ਲੈ ਚੁੱਕੀ ਹੈ।' ਜ਼ਰਾ ਅੰਕੜਿਆਂ 'ਤੇ ਗੌਰ ਕਰੀਏ ਸੰਨ 1950 ਤੋਂ 1990 ਦੇ 35 ਸਾਲਾਂ ਦਰਮਿਆਨ ਕੁਲ 29 ਯੂਨੀਵਰਸਿਟੀਆਂ ਨੂੰ ਡੀਮਡ ਯੂਨੀਵਰਸਿਟੀਆਂ ਦਾ ਦਰਜਾ ਦਿੱਤਾ ਗਿਆ ਜਦਕਿ ਪਿਛਲੇ 15 ਸਾਲਾਂ ਦੌਰਾਨ 63 ਯੂਨੀਵਰਸਿਟੀਆਂ ਨੂੰ ਡੀਮਡ ਯੂਨੀਵਰਸਿਟੀਆਂ ਦਾ ਦਰਜਾ ਦਿੱਤਾ ਗਿਆ ਅਤੇ ਅਜੇ ਸੈਂਕੜੇ ਅਰਜੀਆਂ ਕਤਾਰ ਵਿੱਚ ਹਨ।

ਪ੍ਰੋ. ਯਸ਼ਪਾਲ ਮੁਤਾਬਕ 'ਯੂ. ਜੀ. ਸੀ., ਏ. ਆਈ. ਸੀ. ਟੀ. ਈ., ਐਮ. ਸੀ. ਆਈ. ਵਰਗੀਆਂ ਨਗਰਾਨ ਸੰਸਥਾਵਾਂ ਦੀ ਭੂਮਿਕਾ ਪਿਛਾਖੜੀ ਤੇ ਕਾਰੋਬਾਰੀ ਹੋ ਚੁੱਕੀ ਹੈ। ਇਸ ਨੂੰ ਖਤਮ ਕਰਕੇ 'ਕੌਮੀ ਉਚ ਸਿਖਿਆ ਕਮਿਸ਼ਨ' ਦਾ ਗਠਨ ਹੀ ਇਕੋ ਇਕ ਬਦਲ ਹੈ। ਨਿਰਪੱਖ ਜਾਂਚ ਕਰੀਏ ਤਾਂ ਬਹੁਤੀਆਂ ਯੂਨੀਵਰਸਿਟੀਆਂ ਨੂੰ ਖਾਰਜ ਕਰਨੀਆਂ ਪੈਣੀਆਂ। ਇਨ੍ਹਾਂ ਹੀ ਨਹੀਂ ਡੀਮਡ ਯੂਨੀਵਰਸਿਟੀ ਮਾਪਿਆਂ ਨੂੰ ਝਾਂਸਾ ਦੇਣ ਦਾ ਮਜ਼ਬੂਤ ਸਾਧਨ ਬਣ ਚੁੱਕਿਆ ਹੈ। ਯੂ. ਜੀ. ਯੀ. ਵਰਗੀਆਂ ਸੰਸਥਾਵਾਂ ਨੂੰ ਖਤਮ ਕਰਨ ਸਬੰਧੀ ਯੂ. ਜੀ. ਸੀ. ਦੇ ਮੌਜੂਦਾ ਚੇਅਰਮੈਨ ਐਸ. ਕੇ. ਥੋਰਾਟ ਦਾ ਕਹਿਣਾ ਹੈ ਅਜੇ ਤਕ ਰਿਪੋਰਟ ਜਨਤਕ ਨਹੀਂ ਹੋਈ ਲਿਹਾਜ਼ਾ ਕੋਈ ਟਿੱਪਣੀ ਨਹੀਂ ਉਚ ਸਿੱਖਿਆ ਕਮਿਸ਼ਨ ਦੀ ਸਿਫਾਰਸ਼ ਕਰਦੀ ਹੈ ਜੋ ਚੋਣ ਕਮਿਸ਼ਨ ਵਾਂਗੂੰ ਤਾਂ ਆਜ਼ਾਦ ਹੋਵੇ ਹੀ ਤੇ ਇਸ ਦੀ ਚੋਣ ਭਾਰਤ ਦੇ ਚੀਫ ਜਸਟਿਸ ਕਰਨ। ਵੱਖ-ਵੱਖ ਨਿਆਂਇਕ ਸੰਸਥਾਵਾਂ ਨੂੰ ਖਤਮ ਕਰਕੇ ਕੌਮੀ ਉੱਚ ਸਿੱਖਿਆ ਕਮਿਸ਼ਨ ਦੀਆਂ ਸਿਫਾਰਸ਼ਾਂ ਪਿੱਛੇ ਦੋ ਮੁੱਖ ਵਜਾਹ ਹਨ। ਇਕ ਤਾਂ ਯੂ. ਜੀ. ਸੀ. ਜਾਂ (AICTI) ਵਰਗੀਆਂ ਨਿਆਂਇਕ ਸੰਸਥਾਵਾਂ ਖੁਦ ਹੀ ਇਕ ਦੂਜੇ ਦੇ ਖੇਤਰ 'ਚ ਦਾਖਲ ਹੋ ਕੇ ਅਰਾਜਕਤਾ ਪੈਦਾ ਕਰ ਰਹੀਆਂ ਹਨ। ਦੂਜਾ ਕੌਮੀ ਉਚ ਸਿੱਖਿਆ ਕਮਿਸ਼ਨ ਦਾ ਰੂਪ ਚੋਣ ਕਮਿਸ਼ਨ ਵਾਂਗੂੰ ਰੱਖਿਆ ਗਿਆ ਹੈ ਤਾਂ ਕਿ ਰਾਜਸੀ ਦਬਾਵਾਂ ਤੋਂ ਮੁਕਤ ਹੋ ਕੇ ਕੰਮ ਕਰ ਸਕੇ 'ਜਿਵੇਂ ਕਿ ਪ੍ਰੋ. ਯਸ਼ਪਾਲ ਕਹਿੰਦੇ ਹਨ ਕਿ ਅਸੀਂ ਖੁਦਮੁਖਤਿਆਰੀ ਦੇ ਨਾਂ 'ਤੇ ਲੁੱਟ ਦੇ ਹਮਾਇਤੀ ਵੀ ਨਹੀਂ ਪਰ ਇਕ ਸਮੇਕਿਤ ਤੇ ਦਬਾਅ ਸੰਸਥਾ ਕਿਤੇ ਬੇਹਤਰ ਤੇ ਠੋਸ ਨਤੀਜੇ ਦੇ ਸਕਦੀ ਹੈ। ਖੁਦ ਮੁਖਤਿਆਰੀ ਦੀ ਵਿਆਖਿਆ ਕਰਦਿਆਂ

ਕਮੇਟੀ ਨੇ ਚੇਨਈ ਵਰਗੇ ਕੁਝ ਭਾਰਤੀ ਤਕਨੀਕੀ ਅਦਾਰੇ ਆਈ. ਆਈ. ਟੀ. ਦਾ ਜ਼ਿਕਰ ਕੀਤਾ ਹੈ। ਜੋ ਵਿਸ਼ਵ ਵਿਸ਼ੇਸ਼ ਦੇ ਸੀਮਤ ਦਾਇਰੇ ਤੋਂ ਨਿਕਲ ਕੇ ਵਿਆਪਕ ਖੇਤਰ ਵਿਚ ਪ੍ਰਯੋਗ ਕਰਕੇ ਸਾਰਥਕ ਨਤੀਜੇ ਦੇ ਰਹੀ ਹੈ। ਇਕ ਦਾ ਰੂਪ ਇਕ ਯੂਨੀਵਰਸਿਟੀ ਵਰਗਾ ਹੋ ਗਿਆ ਹੈ। ਕਮੇਟੀ ਨੇ ਯੂਨੀਵਰਸਿਟੀਆਂ ਨਾਲ ਵਿਸਵਾਸ਼ ਰਿਸ਼ਤਾ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਤਾਂ ਕਿ ਅਮਨ ਗਿਆਨ ਦੇ ਵੱਖ-ਵੱਖ ਖੇਤਰਾਂ ਵਿਚ ਯੂਨੀਵਰਸਿਟੀ ਆਪਣੇ ਪੱਧਰ 'ਤੇ ਪਹਿਲ ਕਰ ਸਕੇ। ਕਮੇਟੀ ਦੀ ਸਿਫਾਰਸ਼ ਯੂਨੀਵਰਸਿਟੀਆਂ ਨੂੰ ਗਿਆਨ ਦਾ ਸਾਗਰ ਬਣਾਉਣ ਦੀ ਹੈ। ਤਾਂ ਕਿ ਅਮਨ ਕਚਰੂ ਵਰਗੇ ਰੈਗਿੰਗ ਨਾਲ ਕਿਸੇ ਵਿਦਿਆਰਥੀ ਦੀ ਮੌਤ ਦੇ ਹਾਦਸੇ ਨਾ ਹੋਣ। ਵਿਦਿਆਰਥੀ ਆਪਣੀ ਸਖਸ਼ੀਅਤ ਦਾ ਮੁਕੰਮਲ ਵਿਕਾਸ ਕਰ ਸਕੇ। ਚੇਤੇ ਕਰਾਉਣਯੋਗ ਹੈ ਕਿ ਜਿਥੇ ਸੈਮ ਪਿਤੋਦਾ ਦੀ ਅਗਵਾਈ ਵਾਲੀ (ਕੌਮੀ ਗਿਆਨ ਕਮਿਸਨ) ਦੀ ਹਾਲੀਆਂ ਰਿਪੋਰਟ 'ਚ ਪੂਰੀ ਤਰ੍ਹਾਂ ਨਾਲ ਉਦਾਰੀਕਰਣ ਕਰਕੇ ਇਕ ਤਰ੍ਹਾਂ ਨਾਲ ਸਿਖਿਆ ਨੂੰ ਬਾਜ਼ਾਰ ਹਵਾਲੇ ਕਰਨ ਦੀ ਸਿਫਾਰਸ਼ ਕੀਤੀ ਹੈ ਉਥੇ ਪ੍ਰੋ. ਯਸ਼ਪਾਲ ਦੀ ਕਮੇਟੀ ਨੇ ਸਿੱਖਿਆ ਪ੍ਰਤੀ ਫਰਜ਼ ਤੋਂ ਸਿਖਿਆ ਨੂੰ ਬਰੀ ਨਹੀਂ ਕੀਤਾ ਹੈ। ਪ੍ਰੋ. ਯਸ਼ਪਾਲ ਦਾ ਕਹਿਣਾਂ ਹੈ ਕਿ ਅਜੇ ਸਿਖਿਆ ਦੇ ਫਰਜ਼ ਪ੍ਰਤੀ ਸਰਕਾਰ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਕਮੇਟੀ ਨੇ ਮੌਜੂਦਾ ਭਾਰਤੀ ਤਕਨੀਕੀ ਸੰਸਥਾ ਵਰਗੀਆਂ ਉਚ ਸੰਸਥਾਵਾਂ 'ਚ ਸੰਭਾਵਨਾਵਾਂ ਨੂੰ ਵੀ ਤਲਾਸ਼ਿਆ। ਕਮੇਟੀ ਦਾ ਕਹਿਣਾ ਹੈ ਕਿ ਨਾ ਸਿਰਫ ਅਜਿਹੀਆਂ ਸੰਸਥਾਵਾਂ ਤਾਂ ਸਿੱਖਿਆ ਤਾਣਾ ਬਾਣਾ ਘੁਟਣ ਮਹਿਸੂਸ ਕਰ ਰਿਹਾ ਹੈ ਬਲਕਿ ਇਥੋਂ ਨਿਕਲਣ ਵਾਲੇ ਨੌਜਵਾਨ ਖੁਦ ਨੂੰ ਬਾਹਰੀ ਦੁਨੀਆ ਵਿਚ ਅਸਹਿਜ ਮਹਿਸੂਸ ਕਰ ਰਹੇ ਹਨ। ਅਜਿਹੀਆਂ ਸੰਸਥਾਵਾਂ ਆਪਣੀਆਂ ਯੋਗਤਾਵਾਂ ਦੀ ਪੂਰੀ ਵਰਤੋਂ ਕਰਨਾ ਚਾਹੁੰਦੀ ਹੈ। ਕਮੇਟੀ ਉਚ ਸਿੱਖਿਆ ਦੇ ਹਰ ਪਹਿਲੂ 'ਤੇ ਗਈ ਹੈ ਤੇ ਉਹਨਾਂ ਦੇ ਨਿਵਾਰਣ ਦੇ ਉਪਾਵਾਂ ਨਾਲ ਆਪਣੀ ਰਿਪੋਰਟ ਪੇਸ਼ ਕਰਦੀ ਹੈ। ਸੁਆਲ ਹੈ ਕੀ ਉੱਚ ਸਿੱਖਿਆ ਨੂੰ ਕਾਰੋਬਾਰੀ ਸ਼ਕਲ 'ਚ ਬਦਲਣ ਵਾਲੀ ਨੌਕਰਸ਼ਾਹੀ ਤੇ ਰਾਜਸੀ ਨੇਤਾ ਫਾਇਦੇ ਦੇ ਇਸ ਕਾਰੋਬਾਰ ਨੂੰ ਕੀ ਉਂਜ ਹੀ ਹੱਥਾਂ ਵਿਚੋਂ ਨਿਕਲਣ ਦੇਣਗੇ?

# ਝਾਰਖੰਡ ਦੇ ਮੂਲ ਨਿਵਾਸੀ ਬਣੇ ਸਰਦਾਰ

ਝਾਰਖੰਡ ਦੇ ਚਤਰਾ ਜਿਲਾਂ ਤਰਗਤ ਹੰਟਰਗੰਜ ਖੇਤਰ ਵਿਚ ਖੇਤੀ ਕਰਦੇ, ਦੁਕਾਨਾਂ ਚਲਾਉਦੇ ਤੇ ਮਗ ਹੀ ਬੋਲਦੇ ਸਿੱਖਾਂ ਨੂੰ ਦੇਖ ਕੇ ਹਰ ਕਿਸੇ ਨੂੰ ਥੋੜ੍ਹੀ ਦੇਰ ਲਈ ਹੈਰਤ ਹੋ ਸਕਦੀ ਹੈ ਕਿ ਨਕਸਲ ਪ੍ਰਭਾਵਿਤ ਪੇਂਡੂ ਇਲਾਕਿਆਂ 'ਚ 'ਸਰਦਾਰਾਂ' ਦਾ ਕੀ ਸਰੋਕਾਰ ਹੋ ਸਕਦਾ ਹੈ ਪਰ ਇਹ ਸਰਦਾਰ ਅਜਨਬੀ ਨਹੀਂ ਬਲਕਿ ਇਥੋਂ ਦੇ ਮੂਲ ਨਿਵਾਸੀ ਹਨ। ਇਹ ਕਦੀ ਇਸ ਇਲਾਕੇ ਦੇ ਜਿਮੀਂਦਾਰ ਹੋਇਆ ਕਰਦੇ ਸਨ। ਦੱਸਿਆ ਜਾਂਦਾ ਹੈ ਕਿ ਅੱਜ ਤੋਂ ਕੋਈ ਤਿੰਨ ਸਦੀਆਂ ਪਹਿਲਾਂ ਕੇਦਲੀ ਪਿੰਡ ਦੇ ਕੁਝ ਅਗ੍ਰਹਰਿ ਵੈਸਿਆਂ ਨੇ ਗੁਰੂ ਤੇਗ ਬਹਾਦਰ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਅਪਣਾ ਲਿਆ ਸੀ। ਸਿੱਖਾਂ ਦੇ ਨੌਂਵੇ ਗੁਰੂ ਤੇਗ ਬਹਾਦਰ ਧਰਮ ਪ੍ਰਚਾਰ ਦੇ ਸਿਲਸਿਲੇ 'ਚ ਸਾਸਾ ਰਾਮ ਆਏ ਸਨ। ਉਥੇ ਉਨ੍ਹਾਂ ਨੇ 16 ਦਿਨ ਤਪੱਸਿਆ ਕੀਤੀ ਸੀ। ਗਯਾ (ਬਿਹਾਰ) ਦੇ ਲਗਭਗ 50 ਕਿਲੋਮੀਟਰ ਦੂਰ ਨਕਸਲ ਪ੍ਰਭਾਵਿਤ ਹੰਟਰਗੰਜ ਇਲਾਕੇ ਵਿਚ ਸਿੱਖ ਭਾਈਚਾਰੇ ਦੇ ਕੋਈ 100 ਮੈਂਬਰ ਰਹਿੰਦੇ ਹਨ। ਸਿੱਖਾਂ ਦੀ ਸਭ ਤੋਂ ਵੱਧ ਗਿਣਤੀ ਕੇਦਲੀ ਪਿੰਡ ਵਿਚ ਹੈ। ਇਥੇ ਸਿੱਖਾਂ ਦੇ 60-65 ਪਰਿਵਾਰ ਰਹਿੰਦੇ ਹਨ। ਇਸ ਪਿੰਡ ਦੇ ਹੀ ਕੁਝ ਪਰਿਵਾਰ ਡੁਮਰੀ ਕਲਾਂ ਤੇ ਹੰਟਰਗੰਜ ਬਾਜ਼ਾਰ ਵਿਚ ਵਸ ਗਏ ਹਨ। ਬਹੁਤੇ ਸਿੱਖ ਜਿਮੀਂਦਾਰ ਬਸਾਵਨ ਸਿੰਘ ਦੇ ਵੰਸ ਦੇ ਹਨ। ਡੁਮਰੀ ਕਲਾਂ 'ਚ 75 ਸਾਲਾਂ ਰਾਮ ਚਰਿਤਰ ਸਿੰਘ ਦਾ ਪਰਿਵਾਰ ਤਿੰਨ ਪੀੜੀਆਂ ਤੋਂ ਰਹਿੰਦਾ ਆ ਰਿਹਾ ਹੈ। 77 ਸਾਲਾਂ ਨਾਗੋ ਪਾਸਵਨ ਦੱਸਦੇ ਹਨ, ਮੈਂ ਆਪਣੇ ਪਿੰਡ ਵਿਚ ਸਿੱਖ ਲੋਕਾਂ ਨੂੰ ਬਚਪਨ ਤੋਂ ਹੀ ਦੇਖਦਾ ਆ ਰਿਹਾ ਹਾਂ।' ਸਰਦਾਰ ਭੋਲਾ ਸਿੰਘ, ਸਰਦਾਰ ਟੇਂਗਰ ਸਿੰਘ, ਸਰਦਾਰ ਕੁੰਵਰ ਸਿੰਘ ਆਦਿ ਦੀ ਇਥੇ ਜਿਮੀਂਦਾਰੀ ਚੱਲਦੀ ਸੀ। ਮੁਗਲਾਂ ਅਤੇ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਕੇਂਦਲੀ ਦੇ ਸਿੱਖ ਇਸ ਇਲਾਕੇ ਦੇ ਜਿਮੀਂਦਾਰ ਸਨ। ਇਹ ਜਿਮੀਂਦਾਰੀ ਉਨ੍ਹਾਂ ਨੂੰ ਰਾਮਗੜ੍ਹ ਰਿਆਸਤ ਤੋਂ ਮਿਲੀ ਸੀ। ਜਿਮੀਂਦਾਰੀ ਵੇਲੇ ਉਨ੍ਹਾਂ ਕੋਲ ਲੱਗਪਗ 1000 ਏਕੜ ਜ਼ਮੀਨ ਸੀ। ਹੁਣ ਕੋਈ 200 ਏਕੜ ਜ਼ਮੀਨ ਹੀ ਉਨ੍ਹਾ ਕੋਲ ਰਹਿ ਗਈ ਹੈ। ਪਿੰਡ ਵਾਲੇ ਦੱਸਦੇ ਹਨ ਕਿ 1960 ਦੇ ਦਹਾਕੇ 'ਚ ਭੂ-ਦਾਨ ਅੰਦੋਲਨ ਦੇ ਪ੍ਰਣੇਤਾ ਵਿਨੋਭਾ ਭਾਵੇਂ ਕੇਦਲੀ ਪਿੰਡ ਆਏ ਸਨ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਉੱਥੋਂ ਦੇ ਸਿੱਖਾਂ ਨੇ 100 ਏਕੜ ਜ਼ਮੀਨ ਦਾਨ ਕਰ ਦਿੱਤੀ ਸੀ। ਪਰਿਵਾਰ ਵੱਧ ਜਾਣ ਕਰਕੇ ਜ਼ਮੀਨ ਵੀ ਵੰਡੀ ਗਈ ਤੇ ਖੇਤੀਬਾੜੀ ਨਾਲ ਗੁਜਾਰਾ ਕਰਨਾ ਮੁਸ਼ਕਿਲ ਹੋ ਗਿਆ। ਕੇਦਲੀ ਦੇ ਸਿੱਖਾਂ ਦਾ ਰੁਤਬਾ ਅੱਸੀ ਦੇ ਦਹਾਕੇ ਤੱਕ ਬਰਕਰਾਰ ਸੀ। ਸੰਨ 1977-78 'ਚ ਕੇਦਲੀ ਪਿੰਡ ਦੇ ਸਰਦਾਰ ਦੇਵਮੁਨੀ ਸਿੰਘ ਕੋਵਨਾ ਪੰਚਾਇਤ ਦੇ ਮੁਖੀ ਸਨ। ਉਹ ਇਸ ਪੰਚਾਇਤ ਦੇ ਆਖਰੀ ਮੁਖੀਆ ਸਨ। ਕਿਉਂਕਿ ਅਣਵੰਡੇ ਬਿਹਾਰ ਜਾਂ ਨਵਸੂਜਿਤ ਝਾਰਖੰਡ 'ਚ ਉਸ ਪਿੱਛੋਂ ਚੋਣਾਂ ਹੋਈਆਂ ਹੀ ਨਹੀਂ। ਕੇਦਲੀ ਦੇ ਸਰਦਾਰ ਵਸੰਤ ਨਰਾਇਣ ਸਿੰਘ ਹੰਟਰਗੰਜ ਸਥਿਤ ਰਾਮਨਰਾਇਣ ਕਾਲਜ ਦੇ ਪ੍ਰਚਾਰਕ ਵੀ ਰਹਿ ਚੁੱਕੇ ਹਨ। ਇਸ ਪਿੰਡ ਦੇ ਡਾ. ਲਾਲ ਸਿੰਘ ਅਜੇ ਅਮਰੀਕਾ 'ਚ ਡਾਕਟਰ ਹਨ। ਖੇਤੀ ਬਾੜੀ ਅਤੇ ਕਾਰੋਬਾਰ ਤੋਂ ਨਿਯਮਤ ਆਮਦਨ ਹੋਣ ਕਰਕੇ ਕੇਦਲੀ ਦੇ ਸਿੱਖ

ਪਰਿਵਾਰ ਪਹਿਲਾਂ ਕਾਫੀ ਸੁਖੀ ਤੇ ਰੱਜੇ ਪੁੱਜੇ ਸਨ। 'ਆਜ਼ਾਦੀ ਪਿੱਛੋਂ ਵੀ ਸਿੱਖ ਭਾਈਚਾਰੇ ਦੇ ਕਈ ਲੋਕ ਸਰਕਾਰੀ ਨੌਕਰੀ ਵਿਚ ਸਨ। ਪਰ ਅੱਜ ਇਸ ਪਿੰਡ ਦੇ ਕਈ ਸਿੱਖਾਂ ਦੀ ਮਾਲੀ ਹਾਲਤ ਅੱਛੀ ਨਹੀਂ ਹੈ। ਅੱਠ ਦਸ ਪਰਿਵਾਰਾਂ ਦੇ ਨਾਂ ਬੀ. ਪੀ. ਐਲ. ਸੂਚੀ ਵਿਚ ਵੀ ਸ਼ਾਮਲ ਹਨ। ਹਾਲਾਂਕਿ ਇਨ੍ਹਾਂ ਦਾ ਲਾਭ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਮਿਲ ਰਿਹਾ ਹੈ। ਸਰਦਾਰ ਗਿਆਨ ਸਿੰਘ ਦੱਸਦੇ ਹਨ 'ਪਹਿਲਾਂ ਸਾਡੇ ਭਾਈਚਾਰੇ 'ਚ ਕੋਈ ਡੇਢ ਦਰਜਨ ਲੋਕ ਕੇਂਦਰ ਤੇ ਰਾਜ ਸਰਕਾਰ ਦੇ ਵੱਖ-ਵੱਖ ਮਹਿਕਮਿਆਂ 'ਚ ਕੰਮ ਕਰਦੇ ਸਨ। ਅੱਜ ਸਾਡੇ ਭਾਈਚਾਰੇ ਦਾ ਇਕ ਹੀ ਬੰਦਾ ਸਰਕਾਰੀ ਨੌਕਰੀ ਕਰਦਾ ਹੈ। ਪੱਚੀ ਸਾਲਾਂ ਤੋਂ ਸਾਡੇ ਭਾਈਚਾਰੇ ਦੇ ਕਿਸੇ ਵੀ ਬੰਦੇ ਨੂੰ ਕੋਈ ਸਰਕਾਰੀ ਨੌਕਰੀ ਨਹੀਂ ਮਿਲੀ ਹੈ।' ਕੇਦਲੀ ਦੇ ਸਿੱਖ ਭਾਈਚਾਰੇ 17-18 ਪੀੜ੍ਹੀਆਂ ਤੋਂ ਰਹਿੰਦਾ ਆ ਰਿਹਾ ਹੈ। ਸਰਦਾਰ ਸਤਪਾਲ ਸਿੰਘ ਅਨੁਸਾਰ 'ਕੇਦਲੀ 'ਚ ਗੁਰਦੁਆਰਾ ਭਵਨ 1939 ਵਿਚ ਬਣਿਆ। ਇਸ ਤੋਂ ਪਹਿਲਾਂ ਇਥੇ ਸੰਗਤ ਸੀ ਜੋ ਗੁਰਦੁਆਰੇ ਦਾ ਹੀ ਇਕ ਰੂਪ ਹੈ। ਗੁਰਦੁਆਰੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਅੱਜ ਵੀ ਮੌਜੂਦ ਹੈ। ਇਨ੍ਹਾਂ ਨੂੰ ਵੇਖਣ ਲਈ ਦੂਰ ਦੁਰਾਡੇ ਤੋਂ ਵੀ ਸਿੱਖ ਇਥੇ ਆਉਂਦੇ ਹਨ।

ਹੋਰ ਜਾਤਾਂ ਦੇ ਬਰਅਕਸ ਸਿੱਖ ਭਾਈਚਾਰੇ 'ਚ ਸਾਖਰਤਾ ਦੀ ਪ੍ਰਤੀਸ਼ਤ ਵੱਧ ਹੈ। 90 ਫੀਸਦੀ ਸਿੱਖ ਪੜ੍ਹੇ ਲਿਖੇ ਹਨ। ਸਿੱਖ ਭਾਈਚਾਰੇ 'ਚ ਅਜੇ ਲੱਗਭਗ ਦੋ ਦਰਜਨ ਲੋਕ ਸਨਾਤਕ ਹਨ। ਸਰਦਾਰ ਗਿਆਨ ਸਿੰਘ ਨੇ ਸਾਲ 1977 ਵਿਚ ਅਰਥ ਸ਼ਾਸਤਰ 'ਚ ਸਨਾਤਕ ਕੀਤਾ ਸੀ। ਜਦਕਿ ਸਰਦਾਰ ਅਜੀਤ ਸਿੰਘ ਨੇ ਰਾਂਚੀ ਯੂਨੀਵਰਸਿਟੀ ਤੋਂ ਸਾਲ 1979 ਵਿਚ ਦਰਸ਼ਨ ਸ਼ਾਸਤਰ ਵਿਚ ਸਨਾਤਕ ਕੀਤਾ ਸੀ ਪਰ ਨੌਕਰੀ ਨਾ ਮਿਲਣ ਕਰਕੇ ਉਹ ਦੋਵੇਂ ਛੋਟੇ ਮੋਟੇ ਕਾਰੋਬਾਰ ਨਾਲ ਜੁੜ ਗਏ। ਸਰਦਾਰ ਅਜੀਤ ਸਿੰਘ ਦੱਸਦੇ ਹਨ 'ਪਿੰਡ 'ਚ ਹੀ ਮੈਂ ਇਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਖੋਲ੍ਹ ਰੱਖੀ ਹੈ। ਗੁਜਾਰੇ ਲਈ ਮੈਂ ਇਸ 'ਤੇ ਨਿਰਭਰ ਹਾਂ। ਸਿੱਖ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਇਹ ਪਿੰਡ ਹੁਣ ਸਰਕਾਰੀ ਅਣਦੇਖੀ ਦਾ ਸ਼ਿਕਾਰ ਹੈ। ਸਿੰਚਾਈ ਦੀ ਸਹੂਲਤ ਨਾ ਹੋਣ ਕਰਕੇ ਖੇਤੀ ਬਾੜੀ ਠੀਕ ਢੰਗ ਨਾਲ ਨਹੀਂ ਹੋ ਸਕਦੀ। ਉਨ੍ਹਾਂ ਨੂੰ ਓ. ਬੀ. ਸੀ. ਰਾਖਵੇਂਕਰਨ ਦੀ ਸਹੂਲਤ ਤਾਂ ਮਿਲਦੀ ਹੈ ਪਰ ਘੱਟ ਗਿਣਤੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਤੋਂ ਵੰਚਿਤ ਹੈ। ਸਰਕਾਰੀ ਅਣਦੇਖੀ ਦਾ ਸ਼ਿਕਾਰ ਤਾਂ ਉਹ ਹਨ ਹੀ ਸਿੱਖਾਂ ਦੇ ਕੌਮੀਂ ਤੇ ਕੌਮਾਂਤਰੀ ਸੰਗਠਨਾਂ ਤੋਂ ਵੀ ਉਨ੍ਹਾਂ ਨੂੰ ਕੋਈ ਮਦਦ ਨਹੀਂ ਮਿਲਦੀ। ਗੁਰਦਵਾਰਾ ਸਿੰਘ ਸਭਾ ਦੇ ਮੁੱਖ ਸਕੱਤਰ ਸੱਤਪਾਲ ਸਿੰਘ ਕਹਿੰਦੇ ਹਨ, ਅਕਾਲ ਤਖ਼ਤ ਤੋਂ ਸਿਰਫ਼ ਪੰਜਾਬੀ ਭਾਸ਼ਾ ਦੀਆਂ ਪੁਸਤਕਾਂ ਭੇਜੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਕੋਈ ਮਦਦ ਨਹੀਂ ਮਿਲਦੀ। ਆਰਥਿਕ ਤੰਗੀ ਕਾਰਨ ਅਸੀਂ ਲੋਕ ਪਿੰਡ ਦੇ ਗੁਰਦੁਆਰੇ ਵਿਚ ਸਾਲ ਭਰ 'ਚ ਦੋ-ਤਿੰਨ ਵਾਰ ਹੀ ਲੰਗਰ ਲਾ ਸਕਦੇ ਹਾਂ।' ਸਰਦਾਰ ਪ੍ਰਮੋਦ ਸਿੰਘ ਆਪਣੇ ਦੋ ਭਾਈਆਂ ਨਾਲ ਆਪਣੇ ਘਰ 'ਚ ਦਸਵੀਂ ਤੱਕ ਦੇ ਵਿਦਿਆਰਥੀਆਂ ਲਈ ਸਿੱਖਿਆ ਸੰਸਥਾ ਚਲਾਉਂਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦੀ ਸੰਸਥਾ ਵਿਚ ਸਭ ਧਰਮ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਪੜ੍ਹਨ ਆਉਂਦੇ ਹਨ। ਕਈ ਵਿਦਿਆਰਥੀ ਤਾਂ ਦਸ ਕਿਲੋਮੀਟਰ ਤੋਂ ਇਥੇ ਆਉਂਦੇ ਹਨ। ਕੇਦਲੀ ਦੇ ਸਿੱਖ ਚਾਹੁੰਦੇ ਹਨ ਕਿ ਇਥੋਂ ਦੇ ਸਰਕਾਰੀ ਸਕੂਲਾਂ

ਵਿਚ ਪੰਜਾਬੀ ਵੀ ਪੜਾਈ ਜਾਵੇ। ਬਿਹਾਰ ਦੇ ਮੁੱਖ ਸਤੇਂਦਰ ਨਰਾਇਣ ਸਿਨਹਾ ਦੇ ਕਾਰਜਕਾਲ ’ਚ ਇਸ ਸੰਬੰਧੀ ਕੁਝ ਪਹਿਲ ਵੀ ਹੋਈ ਸੀ। ਪਰ ਉਹ ਜ਼ਿਆਦਾ ਦਿਨਾਂ ਤੱਕ ਮੁੱਖ ਮੰਤਰੀ ਨਹੀਂ ਰਹੇ ਅਤੇ ਉਸ ਪਿੱਛੋਂ ਗੱਲ ਅੱਗੇ ਨਹੀਂ ਵੱਧ ਸਕਦੀ। ਬਕੌਲ ਸਰਦਾਰ ਸੱਤਪਾਲ ਸਿੰਘ ‘ਪਹਿਲਾਂ ਇਥੋਂ ਦੇ ਸਿੱਖ ਭਾਈਚਾਰੇ ਦੇ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਹਿੰਦੂ ਅਗ੍ਹਰੀ ਵੈਸ਼ਿਆਂ ਨਾਲ ਹੁੰਦੀਆਂ ਸਨ, ਮੇਰੇ ਮਾਮਾ ਸਤਿਆ ਨਰਾਇਣ ਪ੍ਰਸ਼ਾਦ ਅਗ੍ਹਰੀ ਵੈਸ਼ਿਆਂ ਸਮਾਜ ਦੇ ਮੁਖੀ ਹਨ, ਪਰ ਹੁਣ ਲੋਕਾਂ ਦੀਆਂ ਸ਼ਾਦੀਆਂ ਸਿੱਖ ਭਾਈਚਾਰੇ ’ਚ ਹੀ ਹੁੰਦੀਆ ਹਨ, ਕੀ ਤੁਹਾਡੇ ਲੋਕਾਂ ਦੀਆਂ ਸ਼ਾਦੀਆਂ ਪੰਜਾਬ ’ਚ ਹੁੰਦੀਆਂ ਹਨ, ਇਸ ਦੇ ਜਵਾਬ ’ਚ ਸਰਦਾਰ ਸੱਤਪਾਲ ਸਿੰਘ ਕਹਿੰਦੇ ਹਨ ਕਿ ਪੰਜਾਬ ਬਹੁਤ ਦੂਰ ਪੈਂਦਾ ਹੈ। ਕੋਈ ਵੀ ਪਰਿਵਾਰ ਲੜਕੇ ਜਾਂ ਲੜਕੀ ਨੂੰ ਭਲੀਭਾਂਤ ਦੇ ਕੇ ਹੀ ਸ਼ਾਂਦੀ ਤਹਿ ਕਰਦਾ ਹੈ। ਇਸੇ ਕਾਰਨ ਸਾਡੇ ਲੋਕਾਂ ਦੀਆਂ ਸ਼ਾਂਦੀਆਂ ਸਾਸਾਰਾਮ ਪਟਨਾ, ਧੁਨਬਾਦ, ਬਨਾਰਸ, ਕਲਕੱਤਾ ਆਦਿ ਸ਼ਹਿਰਾਂ ਵਿਚ ਹੁੰਦੀਆਂ ਹਨ। ਇਨ੍ਹਾਂ ਸ਼ਹਿਰਾਂ ਵਿਚ ਅਗ੍ਹਰੀ ਸਿੱਖ ਵੀ ਕਾਫੀ ਗਿਣਤੀ ਵਿਚ ਹਨ। ਇਥੋਂ ਤੱਕ ਕਿ ਅਮਰੀਕਾ ’ਚ ਰਹਿ ਰਹੇ ਡਾ. ਲਾਲ ਸਿੰਘ ਨੇ ਵੀ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਵੀ ਭਾਰਤ ਵਿਚ ਹੀ ਕੀਤੀਆਂ ਹਨ, ਡੁਮਰੀ ਕਲਾਂ ਦੇ ਪੰਕਜ ਤੇ ਮਿਸਰਾ ਕੇਦਲੀ ਦੇ ਉਮੇਸ਼ ਕੁਮਾਰ ਮਿਸ਼ਰ ਕਹਿੰਦੇ ਹਨ। ‘ਸਿੱਖਾਂ ਦੇ ਨਾਲ ਰਹਿੰਦੇ-ਰਹਿੰਦੇ ਸਿੱਖ ਧਰਮ ’ਚ ਸਾਡੀ ਵੀ ਰੁਚੀ ਵੱਧ ਗਈ ਹੈ। ਇਹੀ ਕਾਰਨ ਹੈ ਕਿ ਅਸੀਂ ਲੋਕ ਗੁਰਦੁਆਰੇ ਦੇ ਹਰ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹਾਂ। ਦੂਜੇ ਪਾਸੇ ਕੱਪੜਾ ਕਾਰੋਬਾਰੀ ਅਨੁਜ ਸਿੰਘ ਕਹਿੰਦੇ ਹਨ ਕਿ ਹਿੰਦੂਆਂ ਦੇ ਨਾਲ ਘੁਲ-ਮਿਲ ਕੇ ਰਹਿਣਾ ਅੱਛਾ ਲੱਗਦਾ ਹੈ। ਸਿੱਖਾਂ ਦੀ ਮਾਲੀ ਤੇ ਸਮਾਜਿਕ ਹੈਸੀਅਤ ਪਹਿਲਾਂ ਵਰਗੀ ਨਾ ਰਹਿ ਗਈ ਹੋਵੇ ਪਰ ਰੋਟੀ-ਰੋਜੀ ਦੇ ਜੁਗਾੜ ਵਿਚ ਹੋਰ ਸ਼ਹਿਰਾਂ ਜਾਂ ਸੂਬਿਆਂ ਵਿਚ ਹਿਜਰਤ ਨਾਂਹ ਦੇ ਬਰਾਬਰ ਹੈ। ਬਕੌਲ ਸਰਦਾਰ ਗਿਆਨ ਸਿੰਘ, ਬੜੀ ਮੁਸ਼ਕਲ ਨਾਲ ਪੰਜ ਫੀਸਦੀ ਸਿੱਖ ਹੀ ਰੁਜ਼ਗਾਰ ਆਦਿ ਲਈ ਬਾਹਰ ਗਏ ਹਨ। ਜ਼ਿਆਦਾਤਰ ਸਿੱਖ ਆਪਣਾ ਕਾਰੋਬਾਰ ਹੰਟਰਗੰਜ ਤੇ ਕੇਦਲੀ ਵਿਚ ਹੀ ਕਰ ਰਹੇ ਹਨ। ਸਰਦਾਰ ਸਤਪਾਲ ਕਹਿੰਦੇ ਹਨ ‘ਜੀਨਾ ਯਹਾਂ, ਮਰਨਾ ਵਹਾਂ, ਇਸ ਕੇ ਸਿਵਾ ਜਾਣਾ ਕਹਾਂ’....।’ ਕੇਦਲੀ ਵਿਚ ਸਿੱਖਾਂ ਤੋਂ ਬਿਨ੍ਹਾਂ ਮੁਸਲਮਾਨ, ਹਿੰਦੂ ਵੀ ਰਹਿੰਦੇ ਹਨ। ਹਿੰਦੂਆਂ ’ਚ ਤੇਲੀ, ਹਲਵਾਈ, ਯਾਦਵ, ਕੁਮਹਾਰ, ਚਰਮਕਾਰ, ਬ੍ਰਹਮਣ ਆਦਿ ਜਾਤੀਆਂ ਹਨ। ਸੰਨ 1984 ’ਚ ਸਿੱਖ ਵਿਰੋਧੀ ਦੰਗਿਆਂ ਦੀ ਅੱਗ ਨਾਲ ਸਾਰਾ ਦੇਸ਼ ਝੁਲਸ ਰਿਹਾ ਸੀ। ਉਸ ਵੇਲੇ ਸਿੱਖ ਇਥੇ ਸ਼ਾਂਤੀ ਪੂਰਵਕ ਰਹਿ ਰਹੇ ਸਨ। ਕੇਦਲੀ ਦੇ ਹਿੰਦੂ, ਸਿੱਖ, ਮੁਸਲਿਮ ਇਕ ਦੂਜੇ ਦੇ ਤਿਉਹਾਰਾਂ ’ਚ ਖੁੱਲ੍ਹ ਕੇ ਹਿੱਸਾ ਲੈਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਪੰਜ ਦਿਨ ਚੱਲਦਾ ਹੈ, ਉਸ ’ਚ ਦਸ ਹਜ਼ਾਰ ਲੋਕ ਸ਼ਾਮਲ ਹੁੰਦੇ ਹਨ। ਹਿੰਦੂ ਗੁਰੂ ਪੂਰਬ ’ਚ ਖੁੱਲ੍ਹ ਕੇ ਹਿੱਸਾ ਲੈਂਦੇ ਹਨ। ਸਿੱਖ ਦੀਵਾਲੀ, ਦੁਸ਼ਹਿਰਾ ਧੂਮ-ਧਾਮ ਨਾਲ ਮਨਾਉਂਦੇ ਹਨ। ਗੁਰਦੁਆਰੇ ’ਚ ਪੇਸ਼ਾਵਰ (ਪਾਕਿ) ਦੇ ਮੁਸਲਿਮ ਰਬਾਬੀ ਵੀ ਕੀਰਤਨ ’ਚ ਆਉਂਦੇ ਹਨ।

# ਆਪਸੀ ਮਤਭੇਦਾਂ ਦਾ ਫਾਇਦਾ

ਇਸ ਪਿੱਛੋਂ ਗਜਨੀ ਦੀ ਵਿਜੈ ਸੈਨਾ ਦਿਲੀ 'ਚ ਦਾਖਲ ਹੋਈ। ਉਸ ਨੂੰ ਆਪਣੇ ਅਧਿਕਾਰ 'ਚ ਲੈਣ ਪਿੱਛੋਂ ਸ਼ਹਾਬੁਦੀਨ ਮੁਹੰਮਦ ਗੌਰੀ ਦੀ ਫ਼ੌਜ ਨੇ ਦੇਸ਼ ਧ੍ਰੋਹੀ ਜੈ ਚੰਦ ਦੇ ਰਾਜ ਕਨੌਜ 'ਤੇ ਹਮਲਾ ਕੀਤਾ। ਜੈ ਚੰਦ ਘਬਰਾ ਕੇ ਕਨੌਜ ਤੋਂ ਭੱਜਿਆ। ਉਹ ਕਿਸ਼ਤੀ 'ਤੇ ਬੈਠ ਕੇ ਗੰਗਾ ਨਦੀ ਪਾਰ ਕਰ ਰਿਹਾ ਸੀ ਪਰ ਕਿਸ਼ਤੀ ਨਦੀ 'ਚ ਡੁੱਬ ਕਈ ਅਤੇ ਜੈ ਚੰਦ ਦਾ ਉਥੇ ਹੀ ਅੰਤ ਹੋ ਗਿਆ। ਇਹ ਗੱਲਾਂ ਪ੍ਰਸਿੱਧ ਇਤਿਹਾਸ਼ਕਾਰ ਕਰਨਲ ਟਾਡ ਨੇ 'ਰਾਜਸਥਾਨ ਦਾ ਇਤਿਹਾਸ' ਨਾਮੀ ਆਪਣੀ ਕਿਤਾਬ 'ਚ ਲਿਖੀਆਂ ਹਨ। ਇਸ ਨੂੰ ਪੜ੍ਹਨ ਤੋਂ ਲੱਗਦਾ ਹੈ ਕਿ ਜਿਸ ਜੈ ਚੰਦ ਨੇ ਪ੍ਰਿਥਵੀਰਾਜ ਚੌਹਾਨ ਨੂੰ ਤਬਾਹ ਕਰਨ ਲਈ ਗੌਰੀ ਨੂੰ ਭਾਰਤ ਬੁਲਾਇਆ, ਖ਼ੁਦ ਉਹ ਵੀ ਗੌਰੀ ਦਾ ਸ਼ਿਕਾਰ ਹੋ ਗਿਆ। ਯਾਦ ਰਹੇ ਪ੍ਰਿਥਵੀਰਾਜ ਚੌਹਾਨ ਸੰਨ 1165 ਤੋਂ 1192 ਤੱਕ ਆਮੇਰ ਤੇ ਦਿੱਲੀ ਦਾ ਹਾਕਮ ਸੀ। ਆਪਸੀ ਮਤਭੇਦਾਂ ਦਾ ਕਿਸ ਤਰ੍ਹਾਂ ਵਿਦੇਸ਼ੀ ਹਮਲਾਵਰਾਂ ਨੇ ਮੱਧ ਯੁੱਧ ਵਿਚ ਵੀ ਲਾਭ ਉਠਾਇਆ ਸੀ। ਇਹ ਕਥਾ ਉਸ ਦਾ ਸਬੂਤ ਹੈ। ਅੱਜ ਦੇ ਹਾਲਾਤ 'ਚ ਉਸ ਇਤਿਹਾਸ ਨੂੰ ਇਕ ਵਾਰ ਫੇਰ ਯਾਦ ਕੀਤਾ ਜਾਵੇਗਾ। ਕਰਨਲ ਟਾਡ ਦੇ ਸ਼ਬਦਾਂ ਵਿਚ ਉਹ ਇਤਿਹਾਸ ਇਥੇ ਪ੍ਰਸਤੁਤ ਹੈ। ਮੱਧ ਯੁੱਧ ਦੇ ਇਤਿਹਾਸ ਨੂੰ ਸਾਡੇ ਇਤਿਹਾਸਕਾਰਾਂ ਨੇ ਵੱਖ-ਵੱਖ ਤਰੀਕਿਆਂ ਨਾਲ ਲਿਖਿਆ ਤੇ ਵਿਸਲੇਸ਼ਿਤ ਕੀਤਾ ਹੈ। ਇਸ ਬਾਰੇ ਦੋ ਰਾਵਾਂ ਰਹੀਆਂ ਹਨ ਕਿ ਮੱਧ ਯੁੱਗ ਦੇ ਇਤਿਹਾਸ ਦੇ ਕਿਸ ਅੰਸ਼ ਨੂੰ ਸਿੱਖਿਆ ਸੰਸਥਾਵਾਂ 'ਚ ਪੜ੍ਹਾਇਆ ਜਾਣਾ ਚਾਹੀਦਾ ਹੈ ਤੇ ਕਿਸ ਅੰਸ ਨੂੰ ਨਹੀਂ। ਇਥੇ ਇਕ ਵਿਦੇਸ਼ ਇਤਿਹਾਸਕਾਰ ਕਰਨਲ ਟਾਡ ਦੀਆਂ ਨਜ਼ਰਾਂ ਨਾਲ ਵੇਖਿਆ ਜਾਵੇ। ਟਾਡ ਲਿਖਦੇ ਹਨ ਰਾਜਾ ਅਨੰਗਪਾਲ ਆਪਣੀ ਹਕੂਮਤ ਸਮੇਂ ਭਾਰਤ ਦੇ ਚੱਕਰਵਰਤੀ ਰਾਜਾ ਸਨ ਉਹ ਤੋਮਰ ਰਾਜਾ ਬਿਹਲਨ ਦੇਵ ਤੋਂ ਉਨੀਵੀਂ ਪੀੜੀ 'ਚ ਹੋਏ ਹਨ ਰਾਜਾ ਵਿਕਆਦੱਤ ਨੇ ਜਦ ਭਾਰਤ ਦੀ ਰਾਜਧਾਨੀ ਉਜੈਨ 'ਚ ਕਾਇਮ ਕੀਤੀ ਸੀ, ਉਸ ਸਮੇਂ ਦਿੱਲੀ ਦਾ ਮਹੱਤਵ ਬਿਲਕੁਲ ਜ਼ੀਰੋ ਹੋ ਗਿਆ ਸੀ ਉਸ ਤੋਂ ਪਿੱਛੋਂ ਰਾਜਾ ਬਿਹਲਨ ਦੇਵ ਨੇ ਦਿੱਲੀ ਦੀ ਮੁੜ ਉੱਨਤੀ ਕੀਤੀ ਸੀ। ਉਸ ਦੇ ਉਤਰਾਧਿਕਾਰੀਆਂ ਦੇ ਸਾਸ਼ਨ ਕਾਲ ਵਿਚ ਅਜਮੇਰ ਦੇ ਚੌਹਾਨ ਦਿਲੀ ਦੀ ਅਧੀਨਗੀ 'ਚ ਰਹਿੰਦੇ ਸਨ। ਬਿਹਲਨ ਦੀ ਹਕੂਮਤ ਵੇਲੇ ਅਜਮੇਰ ਦੇ ਚੌਹਾਨਾਂ ਨੂੰ ਵੱਧ ਉਚਤਾ ਮਿਲ ਗਈ ਸੀ ਅਤੇ ਉਸ ਸਮੇਂ ਤੋਂ ਉਨ੍ਹਾਂ ਦੀ ਉੱਨਤੀ ਆਰੰਭ ਹੋਈ।' ਜਿਹਨਾਂ ਦਿਨਾਂ 'ਚ ਦਿੱਲੀ ਦੇ ਰਾਜਾਂ ਆਨੰਗਪਾਲ ਦੇ ਨਾਲ ਕਨੌਜ ਦੇ ਰਠੋੜ ਰਾਜ ਦਾ ਯੁੱਧ ਹੋਇਆ ਉਹਨੀਂ ਦਿਨੀਂ ਸਾਮੇਸ਼ਵਰ ਨਾਂ ਦਾ ਇਕ ਚੌਹਾਨ ਰਾਜਾ ਅਜਮੇਰ ਦੇ ਸਿੰਘਾਸਨ 'ਤੇ ਸੀ। ਸਾਮੇਸਰ ਨੇ ਉਸ ਯੁੱਧ ਵਿਚ ਰਾਜਾ ਅਨੰਗਪਾਲ ਦੀ ਸਹਾਇਤਾ ਕੀਤੀ। ਉਸ ਤੋਂ ਖੁਸ਼ ਹੋ ਕੇ ਅਨੰਗਪਾਲ ਨੇ ਸਾਮੇਸ਼ਵਰ ਨਾਲ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ। ਉਸ ਲੜਕੀ ਤੋਂ ਪ੍ਰਿਥਵੀਰਾਜ ਦਾ ਜਨਮ ਹੋਇਆ। ਜੈ ਚੰਦ ਪ੍ਰਿਥਵੀਰਾਜ ਤੋਂ ਵੱਡਾ ਸੀ ਅਨੰਗਪਾਲ ਦੇ ਕੋਈ ਬੇਟਾ ਨਹੀਂ ਸੀ। ਇਸ ਲਈ ਉਸ ਨੇ ਪ੍ਰਿਥਵੀਰਾਜ ਨੂੰ ਆਪਣੇ ਰਾਜ ਦਾ ਵਾਰਿਸ ਬਣਾ ਦਿੱਤਾ। ਇਸ ਦੇ ਸਿੱਟੇ ਵਜੋਂ ਚੌਹਾਨਾਂ ਤੇ ਰਠੋੜਾਂ 'ਚ ਭਿਆਨਕ ਈਰਖਾ ਹੋ ਗਈ ਜੋ ਦੋਨੋਂ ਵੰਸਾਂ ਦੇ ਸਰਬਨਾਸ਼ ਦਾ ਕਾਰਨ ਬਣੀ,' ਪ੍ਰਿਥਵੀਰਾਜ ਜਦ ਦਿੱਲੀ ਦੇ ਸਿੰਘਾਸਨ 'ਤੇ ਬੈਠਾ ਤਾਂ ਜੈ ਚੰਦ ਨੇ ਉਸ ਦੀ ਪ੍ਰਧਾਨਗੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਅਨਹਿਲਵਾੜਾ ਪਟਨ ਦੇ ਰਾਜਾ ਨੇ ਜੋ ਚੌਹਾਨ

ਦਾ ਦੁਸ਼ਮਣ ਸੀ ਜੈ ਚੰਦ ਦਾ ਸਾਥ ਦਿੱਤਾ। ਮੰਡਰੌ ਦੇ ਪ੍ਰੀਤਰ ਰਾਜਾ ਨੇ ਵੀ ਜੈ ਚੰਦ ਦਾ ਸਾਥ ਦਿੱਤਾ। ਇਸ ਆਪਸੀ ਅਸ਼ਾਂਤੀ ਤੇ ਈਰਖਾ ਦਾ ਲਾਭ ਮੁਹੰਮਦ ਗੌਰੀ ਨੇ ਉਠਾਇਆ। ਪ੍ਰਿਥਵੀਰਾਜ ਦੀ ਭੈਣ ਦਾ ਵਿਆਹ ਚਿਤੌੜ ਦੇ ਰਾਜਾ ਸਮਰ ਸਿੰਘ ਨਾਲ ਹੋਇਆ ਸੀ। ਅਨਹਿਲਵਾੜਾ ਦੇ ਪਟਨ ਦੇ ਨਾਲ ਵੀ ਉਸ ਦੇ ਵਿਆਹੁਤਾ ਸੰਬੰਧ ਸਨ। ਫਿਰ ਵੀ ਪ੍ਰਿਥਵੀਰਾਜ ਦੇ ਨਾਲ ਸਮਰ ਸਿੰਘ ਦੀ ਜੋ ਨੇੜਤਾ ਤੇ ਮਿੱਤਰਤਾ ਸੀ, ਉਹ ਪਟਨ ਦੇ ਰਾਜੇ ਦੇ ਨਾਲ ਨਹੀਂ ਸੀ। ਇਹੀ ਕਾਰਨ ਸੀ ਕਿ ਅਨਹਿਲਵਾੜਾ ਪਟਨ ਦਾ ਰਾਜਾ ਸਮਰ ਸਿੰਘ ਤੋਂ ਖੁਸ਼ ਨਹੀਂ ਸੀ। ਸਭ ਤੋਂ ਪਹਿਲਾ ਮੌਕਾ ਉਹ ਸੀ ਜਦ ਉਸ ਦੀ ਸਹਾਇਤਾ ਨਾਲ ਨਗੌਰ ਵਿਚ ਸੱਤ ਕਰੋੜ ਰੁਪਏ ਦਾ ਸੋਨਾ ਪ੍ਰਿਥਵੀਰਾਜ ਨੂੰ ਮਿਲਿਆ ਸੀ। ਇਹ ਖਜ਼ਾਨਾ ਪ੍ਰਾਚੀਨ ਸਮੇਂ ਵਿਚ ਨਗੌਰ ਦੇ ਇਕ ਥਾਂ ’ਤੇ ਰੱਖਿਆ ਹੋਇਆ ਸੀ। ਇਸ ਨਾਲ ਕਨੌਜ ਅਤੇ ਨਗੌਰ ਪਟਨ ਦੇ ਰਾਜਿਆਂ ਦੇ ਦਿਲ ਵਿਚ ਪ੍ਰਿਥਵੀਰਾਜ ਪ੍ਰਤੀ ਈਰਖਾ ਹੋਰ ਵੱਧ ਗਈ। ਉਹ ਕਿਸੇ ਤਰ੍ਹਾਂ ਪ੍ਰਿਥਵੀਰਾਜ ਦੇ ਸਰਭਨਾਸ਼ ਦੇ ਉਪਾਅ ਲੱਭਣ ਲੱਗੇ। ਉਸੇ ਉਦੇਸ਼ ਦੀ ਪੂਰਤੀ ਲਈ ਉਹਨਾਂ ਦੋਨਾਂ ਨੇ ਗਜ਼ਨੀ ਦੇ ਸਹਾਬੁਦੀਨ ਨੂੰ ਭਾਰਤ ਆਉਣ ਲਈ ਸੱਦਿਆ।’

‘ਜੈ ਚੰਦ ਨੇ ਕਈ ਰਾਜਿਆਂ ਨੂੰ ਮਿਲਾ ਕੇ ਅਨਹਿਲਵਾੜਾ ਪਟਨ, ਮੰਡੋਰ ਤੇ ਧਾਰ ਦੇ ਰਾਜਿਆਂ ਦੀ ਸਲਾਹ ਨਾਲ ਇਕ ਯੋਜਨਾ ਤਿਆਰ ਕੀਤੀ ਗਈ। ਉਸ ਯੋਜਨਾ ਅਨੁਸਾਰ ਸਹਾਬੁਦੀਨ ਗੌਰੀ ਵੱਲੋਂ ਉਹ ਪ੍ਰਿਥਵੀਰਾਜ ਦਾ ਸ਼ਰਭਨਾਸ਼ ਚਾਹੁੰਦਾ ਸੀ। ਪ੍ਰਿਥਵੀਰਾਜ ਨੂੰ ਇਨ੍ਹਾਂ ਸਭ ਗੱਲਾਂ ਦਾ ਪਤਾ ਲੱਗ ਗਿਆ ਅਤੇ ਉਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਦਿੱਲੀ ’ਤੇ ਹਮਲਾ ਕਰਨ ਲਈ ਗਜਨੀ ਤੋਂ ਇਕ ਵਿਸ਼ਾਲ ਸੈਨਾ ਲੈ ਕੇ ਸ਼ਹਾਬੁਦੀਨ ਆ ਰਿਹਾ ਹੈ। ਉਸਨੇ ਇਸ ਮੌਕੇ ਸਮਰ ਸਿੰਘ ਨੂੰ ਬਲਾਉਣ ਲਈ ਆਪਣੇ ਸਾਮੰਤ ਚੰਡ ਪੁੰਡੀਰ ਨੂੰ ਚਿਤੌੜ ਭੇਜਿਆ। ਸਮਰ ਸਿੰਘ ਰਾਜਪੂਤਾਂ ਦੀ ਸ਼ਕਤੀਸ਼ਾਲੀ ਸੈਨਾ ਲੈ ਕੇ ਦਿੱਲੀ ਲਈ ਰਵਾਨਾ ਹੋਇਆ। ਪ੍ਰਿਥਵੀਰਾਜ ਅਨਹਿਲਵਾੜਾ ਪਟਨ ’ਤੇ ਹਮਲਾ ਕਰ ਕੇ ਉਸ ਨੂੰ ਹਰਾ ਦੇਣਾ ਚਾਹੁੰਦਾ ਸੀ। ਪਟਨ ਦੇ ਰਾਜੇ ਨਾਲ ਸੰਬੰਧ ਹੋਣ ਕਰਕੇ ਸਮਰ ਸਿੰਘ ਨੇ ਉਥੇ ਜਾਣਾ ਸਹੀ ਨਾ ਸਮਝਿਆ। ਇਸ ਲਈ ਪ੍ਰਿਥਵੀਰਾਜ ਆਪਣੀ ਫ਼ੌਜ ਦੇ ਨਾਲ ਪਟਨ ਵੱਲ ਰਵਾਨਾ ਹੋਇਆ ਅਤੇ ਸਮਰ ਸਿੰਘ ਨੂੰ ਉਸ ਦੀ ਫ਼ੌਜ ਦੇ ਨਾਲ ਸਾਹਬੁਦੀਨ ਨਾਲ ਜੰਗ ਕਰਨ ਲਈ ਛੱਡ ਦਿੱਤਾ। ਜਿਸ ਸਮੇਂ ਸ਼ਾਹਬੁਦੀਨ ਮੁਹੰਮਦ ਗੌਰੀ ਆਪਣੀ ਵਿਸ਼ਾਲ ਫ਼ੌਜ ਦੇ ਨਾਲ ਭਾਰਤ ਪੁੱਜਾ ਤਾਂ ਸਮਰ ਸਿੰਘ ਨੇ ਆਪਣੀ ਰਾਜਪੂਤ ਸੈਨਾ ਦੇ ਨਾਲ ਰਾਵੀ ਦੇ ਕੰਢੇ ਉਸ ਦਾ ਮੁਕਾਬਲਾ ਕੀਤਾ। ਦੋਹਾਂ ਪਾਸਿਆਂ ਤੋਂ ਭਿਆਨਕ ਯੁੱਧ ਆਰੰਭ ਹੋਇਆ। ਕਈ ਦਿਨਾਂ ਦੇ ਜ਼ਬਰਦਸਤ ਯੁੱਧ ਤੋਂ ਬਾਅਦ ਵੀ ਕੋਈ ਫੈਸਲਾ ਨਹੀਂ ਹੋਇਆ। ਸਮਰ ਸਿੰਘ ਦੀ ਸੈਨਾ ਨੇ ਗਜਨੀ ਦੀ ਸੈਨਾ ਨੂੰ ਅੱਗੇ ਹੀ ਨਹੀਂ ਵੱਧਣ ਦਿੱਤਾ। ਇਸ ਦੌਰਾਨ ਅਨਹਿਲਵਾੜਾ ਪਟਨ ਦੇ ਰਾਜਾਂ ਨੂੰ ਹਰਾ ਕੇ ਪ੍ਰਿਥਵੀਰਾਜ ਆਪਣੀ ਜੇਤੂ ਸੈਨਾ ਦੇ ਨਾਲ ਯੁੱਧ ਖੇਤਰ ਵਿਚ ਪਹੁੰਚ ਗਿਆ। ਅੰਤ ਵਿਚ ਗੌਰੀ ਦੀ ਸੈਨਾ ਦੀ ਹਾਰ ਹੋਈ। ਸ਼ਾਹਬੁਦੀਨ ਬਚ ਕੇ ਯੁੱਧ ਦੇ ਮੈਦਾਨ ’ਚੋਂ ਭੱਜਿਆ। ਰਾਜਪੂਤਾਂ ਨੇ ਉਸ ਦੇ ਸੈਨਾਪਤੀ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਸ਼ਾਹਬੁਦੀਨ ਦੇ ਅਨੇਕਾਂ ਹਮਲਿਆਂ ਨੂੰ ਅਸਫ਼ਲ ਬਣਾਇਆ ਗਿਆ।’

‘ਨਗੌਰ ਦੀ ਜੋ ਜਾਇਦਾਦ ਪ੍ਰਿਥਵੀਰਾਜ ਨੂੰ ਮਿਲੀ ਸੀ। ਉਹ ਉਸ ਨੇ ਸਮਰ ਸਿੰਘ ਨੂੰ ਦੇਣੀ ਚਾਹੀ। ਪਰ ਸਮਰ ਸਿੰਘ ਨੇ ਉਸ ’ਚੋਂ ਕੁਝ ਵੀ ਲੈਣ ਤੋਂ ਨਾਂਹ ਕਰ

ਦਿੱਤੀ। ਪ੍ਰਿਥਵੀਰਾਜ ਦੀ ਬਹੁਤ ਬੇਨਤੀ ਤੇ ਸਮਰ ਸਿੰਘ ਨੇ ਆਪਣੇ ਸਰਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਪ੍ਰਿਥਵੀਰਾਜ ਤੋਂ ਮਿਲਣ ਵਾਲੀ ਜਾਇਦਾਦ ਨੂੰ ਮਨਜ਼ੂਰ ਕਰ ਲੈਣ। ਇਸ ਪਿੱਛੋਂ ਕਈ ਸਾਲ ਬੀਤ ਗਏ। ਗੌਰੀ ਦੀ ਸੈਨਾ ਦੀ ਹਾਰ ਨਾਲ ਜੈ ਚੰਦ ਤੇ ਉਸ ਦੇ ਸਾਥੀ ਰਾਜਿਆਂ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ। ਉਹ ਲੋਕ ਪ੍ਰਿਥਵੀਰਾਜ ਨੂੰ ਹਰਾਉਣ ਲਈ ਅਨੇਕਾਂ ਉਪਾਅ ਸੋਚਣ ਲੱਗੇ। ਸਿੱਟਾ ਇਹ ਹੋਇਆ ਕਿ ਇਸ ਵਾਰੀ ਸ਼ਹਾਬੁਦੀਨ ਗੌਰੀ ਪਹਿਲਾਂ ਤੋਂ ਵੱਧ ਵਿਸ਼ਾਲ ਸੈਨਾ ਲੈ ਕੇ ਇਕ ਹੀ ਸਾਲ ਬਾਅਦ ਯਾਨੀ 1192 'ਚ ਭਾਰਤ ਵੱਲ ਰਵਾਨਾ ਹੋਇਆ। ਉਸ ਦੇ ਇਸ ਹਮਲੇ ਦੀ ਖਬਰ ਮਿਲਣ ਤੇ ਪ੍ਰਿਥਵੀਰਾਜ ਨੇ ਚਿਤੌੜ ਸੁਨੇਹਾ ਭੇਜਿਆ। ਰਾਜਾ ਸਮਰ ਸਿੰਘ ਨੇ ਪੂਰੀਆਂ ਸ਼ਕਤੀਆਂ ਨਾਲ ਯੁੱਧ ਦੀ ਤਿਆਰੀ ਕੀਤੀ। ਰਾਜ ਦਾ ਸਾਰਾ ਭਾਰ ਆਪਣੇ ਛੋਟੇ ਪੁੱਤਰ ਕਰਨ ਸਿੰਘ ਨੂੰ ਸੌਂਪ ਕੇ ਉਹ ਦਿੱਲੀ ਵੱਲ ਰਵਾਨਾ ਹੋਇਆ। ਗਜ਼ਨੀ ਦੀ ਫ਼ੌਜ ਭਾਰਤ ਪੁੱਜ ਚੁੱਕੀ। ਕਾਗਰ ਦੇ ਕੰਢੇ 'ਤੇ ਦੋਨਾਂ ਪਾਸਿਆਂ ਦੀਆਂ ਫੌਜਾਂ ਦਾ ਆਹਮਣਾ ਸਾਹਮਣਾ ਹੋਇਆ। ਤਿੰਨ ਦਿਨਾਂ ਤੱਕ ਭਿਆਨਕ ਮਾਰਕੁਟ ਹੋਈ। ਤੀਜੇ ਦਿਨ ਸਮਰ ਸਿੰਘ ਆਪਣੇ ਪੁੱਤਰ ਕਲਿਆਣ ਤੇ 13 ਹਜ਼ਾਰ ਰਾਜਪੂਤ ਸੈਨਿਕਾਂ ਅਤੇ ਤੇ ਸਰਦਾਰਾਂ ਨਾਲ ਯੁੱਧ ਵਿਚ ਮਾਰਿਆ ਗਿਆ। ਉਹਨਾਂ ਦੀ ਰਾਣੀ ਪ੍ਰਥਾ ਨੇ ਆਪਣੇ ਪੁੱਤਰ ਅਤੇ ਪਤੀ ਦੇ ਮਾਰੇ ਜਾਣ ਬਾਰੇ ਸੁਣਿਆ। ਉਸ ਨੇ ਇਹ ਵੀ ਖਬਰ ਸੁਣੀ ਕਿ ਉਸ ਦਾ ਭਾਈ ਪ੍ਰਿਥਵੀਰਾਜ ਦੁਸ਼ਮਣਾਂ ਵੱਲੋਂ ਕੈਦ ਕਰ ਲਿਆ ਗਿਆ ਅਤੇ ਦਿੱਲੀ ਤੇ ਚਿਤੌੜ ਦੇ ਰਾਜਪੂਤਾਂ ਤੇ ਸਰਦਾਰਾਂ ਦਾ ਕਤਲ ਹੋਇਆ ਹੈ। ਉਸ ਨੇ ਬਿਨਾਂ ਕਿਸੇ ਉਡੀਕ ਦੇ ਆਪਣੇ ਲਈ ਚਿਖਾ ਤਿਆਰ ਕਰਵਾਈ ਅਤੇ ਆਪਣੇ ਪਤੀ ਨਾਲ ਜਲ ਕੇ ਭਸਮ ਹੋ ਗਈ।' ਇਸ ਜਿੱਤ ਦੇ ਇਕ ਹੀ ਸਾਲ ਬਾਅਦ ਯਾਨੀ 1193 'ਚ ਗੌਰੀ ਕਿਸੇ ਤਰ੍ਹਾਂ ਕਨੌਜ 'ਤੇ ਹਮਲਾ ਕਰਕੇ ਜੈ ਚੰਦ ਦੀ ਮੌਤ ਦਾ ਕਾਰਨ ਬਣਿਆ। ਗੌਰੀ ਨੂੰ ਸਬਰ ਨਹੀਂ ਸੀ।

ਇਸ ਤੋਂ ਪਹਿਲਾਂ ਗੌਰੀ ਨੂੰ 17 ਵਾਰੀ ਪ੍ਰਿਥਵੀਰਾਜ ਚੌਹਾਨ ਨੇ ਹਰਾਇਆ ਸੀ। ਹਰ ਵਾਰੀ ਉਸ ਨੇ ਯੁੱਧ 'ਚੋਂ ਭੱਜ ਕੇ ਜਾਨ ਬਚਾਈ ਅਤੇ ਫਿਰ ਪ੍ਰਿਥਵੀਰਾਜ ਨੇ ਉਸ ਨੂੰ ਮਾਫ਼ ਕਰ ਦਿੱਤਾ। ਪਰ ਜਦ ਪ੍ਰਿਥਵੀਰਾਜ ਇਕ ਵਾਰੀ ਹਾਰਿਆ ਤਾਂ ਗੌਰੀ ਨੇ ਉਸ ਨੂੰ ਮੁਆਫ਼ ਨਹੀਂ ਕੀਤਾ। ਉਸ ਨੂੰ ਲੈ ਕੇ ਉਹ ਆਪਣੇ ਦੇਸ਼ ਚਲਾ ਗਿਆ। ਇਥੇ ਸ਼ਬਦ ਭੇਦੀ ਬਾਣ ਨਾਲ ਪ੍ਰਿਥਵੀਰਾਜ ਨੇ ਗੌਰੀ ਦੀ ਹੱਤਿਆ ਕਰ ਦਿੱਤੀ ਤੇ ਪਿੱਛੋਂ ਪ੍ਰਿਥਵੀਰਾਜ ਵੀ ਮਾਰਿਆ ਗਿਆ। ਇਸ ਘਟਨਾਕ੍ਰਮ ਬਾਰੇ ਟਾਡ ਨੇ ਲਿਖਿਆ ਕਿ 'ਰਾਜਪੂਤ ਸ਼ਰਨ ਵਿਚ ਆਏ ਹੋਏ ਦੁਸ਼ਮਣ ਦੀ ਰਾਖੀ ਕਰਨਾ ਆਪਣਾ ਫ਼ਰਜ਼ ਸਮਝਦਾ ਹੈ। ਜੀਵਨ ਦੇ ਇਸ ਮਹੱਤਵਪੂਰਨ ਸਿਧਾਂਤ ਦੀ ਉਚੱਤਾ ਕੌਣ ਨਹੀਂ ਸਵੀਕਾਰ ਕਰੇਗਾ।' ਪਰ ਇਹ ਤਾਂ ਟਾਡ ਦੀ ਗੱਲ ਹੋਈ। ਅੱਜ ਤਾਂ ਕਿਸੇ ਵੀ ਕੇਸ ਦੇ ਦੁਸ਼ਮਣ ਦੀ ਇਹੋ ਕਸੌਟੀ ਹੈ ਕਿ ਅਪਰਾਧੀਆਂ ਨੂੰ ਉਸ ਦੇ ਗੁਨਾਹ ਦੀ ਵਾਜਬ ਸਜ਼ਾ ਮਿਲੇਗੀ। ਕਰਨਲ ਟਾਡ ਨੇ ਸਮਰ ਸਿੰਘ ਬਾਰੇ ਲਿਖਿਆ ਹੈ ਕਿ 'ਸਮਰ ਸਿੰਘ ਜਦ ਯੁੱਧ ਵਿਚ ਮਾਰਿਆ ਗਿਆ, ਉਸ ਸਮੇਂ ਉਸ ਦਾ ਬੇਟਾ ਕਰਣ ਸਿੰਘ ਨਾਬਾਲਗ ਸੀ। ਸਮਰ ਸਿੰਘ ਦੇ ਕਈ ਛੋਟੇ ਬੇਟੇ ਸਨ। ਸਮਰ ਸਿੰਘ ਦੀ ਦੂਜੀ ਵਿਧਵਾ ਰਾਣੀ ਕਰਮ ਦੇਵੀ ਨੇ ਰਾਜ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ ਅਤੇ ਬੜੀ ਯੋਗਤਾ ਦੇ ਨਾਲ ਆਪਣੀ ਹਕੂਮਤ ਚਲਾਈ। ਉਸ ਦੀ ਹਕੂਮਤ ਸਮੇਂ ਕੁਤਬੁਦੀਨ ਨੇ ਮੇਵਾੜ 'ਤੇ ਹਮਲਾ ਕੀਤਾ। ਰਾਣੀ ਕਰਮ ਦੇਵੀ ਨੇ ਖ਼ੁਦ ਘੋੜੇ ਤੇ ਸਵਾਰ ਹੋ ਕੇ ਯੁੱਧ ਲਈ

ਗਈ। ਨੌ ਰਾਜੇ ਤੇ ਗਿਆਰਾਂ ਸੂਰਬੀਰ ਆਪਣੀਆਂ ਸੈਨਾਵਾਂ ਦੇ ਨਾਲ ਕਰਮ ਦੇਵੀ ਦੀ ਸਹਾਇਤਾ ਲਈ ਯੁੱਧ ਕਰਨ ਦੇ ਲਈ ਗਏ ਸਨ। ਬਾਮੇਰ ਕੋਲ ਦੋਨਾਂ ਸੈਨਾਵਾਂ ਦਾ ਆਹਮਣਾ ਸਾਹਮਣਾ ਹੋਇਆ। ਉਸ ਸੰਗਰਾਮ ਵਿਚ ਕੁਤਬੂਦੀਨ ਦੀ ਹਾਰ ਹੋਈ ਅਤੇ ਉਹ ਜ਼ਖ਼ਮੀ ਹੋ ਕੇ ਭੱਜਿਆ। ਰਾਣੀ ਕਰਮ ਦੇਵੀ ਦੀ ਜੇਤੂ ਫ਼ੌਜ ਦੁਸ਼ਮਣ ਨੂੰ ਭਜਾ ਕੇ ਮੁੜ ਗਈ। ਪ੍ਰਿਥਵੀਰਾਜ ਚੌਹਾਨ ਬਾਰੇ ਕਈ ਲਿਖਤੀ ਇਤਿਹਾਸ ਦੱਸਦੇ ਹਨ ਕਿ ਉਹ ਬਹੁਤੇ ਬਹਾਦੁਰ ਸਨ। ਉਹਨਾਂ ਦੇ ਜੀਵਨ ਤੇ ਇੰਨੀ ਦਿਨੀਂ ਚੱਲ ਰਹੇ ਸੀਰੀਅਲ ਦੇਖਣ ਤੋਂ ਲੱਗਦਾ ਹੈ ਕਿ ਉਹ ਕਈ ਵਾਰ ਬੇਲੋੜਾ ਯੁੱਧ ਕਰਕੇ ਵੀ ਆਪਣੀ ਸ਼ਕਤੀ ਬਰਬਾਦ ਕਰਦੇ ਸਨ। ਉਹਨੀਂ ਦਿਨੀਂ ਸ਼ਾਇਦ ਇਹੀ ਚਲਦਾ ਸੀ ਪਰ ਬੇਲੋੜੇ ਆਪਸੀ ਯੁੱਧਾਂ ਨੇ ਇਸ ਦੇਸ਼ ਨੂੰ ਜਿਨ੍ਹਾਂ ਬਰਬਾਦ ਕੀਤਾ ਉਹਨਾਂ ਸ਼ਾਇਦ ਹੀ ਕਿਸੇ ਹੋਰ ਤੱਤ ਨੇ ਕੀਤਾ ਹੋਵੇ ਅਤੇ ਅੰਦਰੂਨੀ ਘਾਤ ਆਮ ਗੱਲ ਹੈ। ਪਰ ਕਰਨਲ ਟਾਡ ਨੇ ਰਾਜਪੂਤਾਂ ਦੀ ਬਹਾਦਰੀ ਤੇ ਮਰਿਆਦਾਵਾਂ ਨੂੰ ਵਿਸਤਾਰ ਦਿੱਤਾ ਹੈ। ਪ੍ਰਿਥਵੀਰਾਜ ਦੇ ਸ਼ਬਦ ਭੇਦੀ ਬਾਣ ਨਾਲ ਪ੍ਰਭਾਵਿਤ ਅਧੁਨਿਕ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਨੇ ਆਪਣੀ ਮਿਜ਼ਾਇਲ ਦਾ ਨਾਂ ਪ੍ਰਿਥਵੀ ਮਿਜ਼ਾਇਲ ਰੱਖਿਆ ਹੈ, ਇਸ ਦੇ ਜਵਾਬ ਵਿਚ ਪਾਕਿਸਤਾਨ ਨੇ ਗੌਰੀ ਮਿਜ਼ਾਇਲ ਬਣਾਈ ਹੈ। ਇਹਨਾਂ ਕਹਾਣੀਆਂ ਤੋਂ ਇਹ ਵੀ ਸਿੱਖਿਆ ਮਿਲਦੀ ਹੈ ਕਿ ਬਹਾਦਰੀ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਅੱਜ ਵੀ ਜੇ ਸਾਡੇ ਕੋਲ ਪ੍ਰਮਾਣੂ ਹਥਿਆਰ ਹਨ ਤਾਂ ਉਹਨਾਂ ਦੀ ਦੁਰਵਰਤੋਂ ਨਾ ਹੋਵੇ। ਨਾਲ ਹੀ ਦੇਸ਼ਾਂ ਦੀਆਂ ਸਰਹੱਦਾਂ ਦੀ ਰਾਖੀ ਵਿਚ ਦੇਸ਼ਵਾਸੀਆਂ 'ਚ ਆਪਸੀ ਆਮ ਸਹਿਮਤੀ ਹੋਵੇ। ਆਮ ਦਿਨਾਂ 'ਚ ਵੀ ਬੇਲੋੜੇ ਝਗੜਿਆਂ ਝੰਜਟਾਂ ਤੋਂ ਬਚਿਆ ਜਾਵੇ। ਨਹੀਂ ਤਾਂ ਮੱਧ ਯੁੱਗ ਵਾਗੂੰ ਆਪਣੀ ਸਕਤੀ ਦੀ ਦੁਰਵਰਤੋਂ ਕਰਕੇ ਦੇਸ਼ ਨੂੰ ਕਮਜ਼ੋਰ ਹੀ ਕਰਾਂਗੇ। ਪ੍ਰਿਥਵੀਰਾਜ ਚੌਹਾਨ ਅਤੇ ਉਸ ਜ਼ਮਾਨੇ ਦੇ ਇਸ ਦੇਸ਼ ਦੇ ਛੋਟੇ ਵੱਡੇ ਰਾਜੇ ਤੇ ਸਰਦਾਰ ਵੀ ਐਨੇ ਬਹਾਦਰ ਸਨ ਕਿ ਉਹ ਕਦੀ ਇਕਜੁੱਟ ਹੁੰਦੇ ਤਾਂ ਵਿਦੇਸ਼ੀ ਹਮਲਾਵਰਾਂ ਦੀ ਇਥੇ ਕਦੀ ਦਾਲ ਨਾ ਗਲਦੀ। ਇਸ ਸਿਲਸਿਲੇ ਵਿਚ ਮੋਹਬਾ ਦੇ ਬਹਾਦਰ ਅੱਲਾ-ਉਦਲ ਦੀ ਚਰਚਾ ਠੀਕ ਰਹੇਗੀ। ਪ੍ਰਿਥਵੀਰਾਜ ਦੇ ਇਕ ਮਾਮੂਲੀ ਝਗੜੇ ਕਾਰਨ ਉਹਨਾਂ ਦਾ ਯੁੱਧ ਹੋ ਗਿਆ ਫਿਰ ਕੀ ਸੀ। ਮਹਾਂਬਲੀ ਅੱਲ੍ਹਾ ਨੇ ਪ੍ਰਿਥਵੀਰਾਜ ਦੇ ਛੱਕੇ ਛੁਡਾ ਦਿੱਤੇ। ਅੱਲ੍ਹਾ ਦੀ ਮਜ਼ਬੂਤ ਗਿਰਫਤ ਤੋਂ ਪ੍ਰਿਥਵੀਰਾਜ ਕਿਵੇਂ ਬਚਿਆ, ਉਸ ਸੰਬੰਧੀ ਕਈ ਕਹਾਣੀਆਂ ਹਨ। ਇਕ ਕਹਾਣੀ ਅਨੁਸਾਰ ਸੰਤਾ ਨੇ ਅੰਤਿਮ ਸਮੇਂ ਅੱਲ੍ਹਾ ਨੂੰ ਰੋਕ ਲਿਆ ਨਹੀਂ ਤਾਂ ਪ੍ਰਿਥਵੀਰਾਜ ਦਾ ਯੁੱਧ ਦੇ ਮੈਦਾਨ ਵਿਚ ਜ਼ਖ਼ਮੀ ਹੋ ਕੇ ਬਿਨਾਂ ਹਥਿਆਰ ਪਏ ਹੀ ਸਨ। ਅੱਲਾ ਨੇ ਆਖਰੀ ਵਾਰ ਲਈ ਹਥਿਆਰ ਚੁੱਕ ਲਿਆ ਸੀ ਤੇ ਪ੍ਰਿਥਵੀਰਾਜ ਨੂੰ ਬੇਹਥਿਆਰਾਂ ਕਰ ਦਿੱਤਾ ਸੀ। ਐਸੇ-ਐਸੇ ਵੀਰ ਸਨ ਉਦੋਂ। ਪਰ ਉਹਨਾਂ ਵਿਚ ਦੇਸ਼ ਲਈ ਏਕਤਾ ਨਹੀਂ ਸੀ। ਅੱਜ ਭਾਰਤ ਜਦ ਇਕ ਦੇਸ਼ ਹੈ ਪਰ ਸਾਡੇ ਨੇਤਾ ਦੇਸ਼ ਪ੍ਰਤੀ ਸੁਹਿਰਦ ਨਹੀਂ। ਸਾਮਰਾਜੀਆਂ ਦੇ ਦਲਾਲ ਬਣ ਦੇਸ਼ ਦੀ ਲੁੱਟ ਕਰਵਾ ਰਹੇ ਹਨ। ਉਹ ਆਪਣੇ ਇਤਿਹਾਸ ਤੋਂ ਕਦੋਂ ਸਿੱਖਿਆ ਗ੍ਰਹਿਣ ਕਰਨਗੇ?

# ਡਾਕ ਟਿਕਟਾਂ ਦਾ ਗੋਰਖ ਧੰਦਾ

ਡਾਕ ਟਿਕਟਾਂ ਇਕੱਠੀਆਂ ਕਰਨ ਦਾ ਸ਼ੌਕ ਕਈ ਲੋਕਾਂ ਨੂੰ ਹੁੰਦਾ ਹੈ ਤੇ ਇਸ ਲਈ ਉਹ ਹਜ਼ਾਰਾਂ ਲੱਖਾਂ ਰੁਪਏ ਤਕ ਖਰਚ ਵੀ ਕਰ ਦਿੰਦੇ ਹਨ। ਲੋਕਾਂ ਦੇ ਇਸ ਜਨੂੰਨ ਕਾਰਨ ਹੁਣ ਡਾਕ ਟਿਕਟਾਂ ਦੀ ਵਿਕਰੀ ’ਚ ਵੀ ਘਪਲਾ ਹੋਣ ਲੱਗਿਆ ਹੈ। ਉਂਜ ਤਾਂ ਭਾਰਤ ਦੇ ਲੱਗਭਗ ਹਰ ਸਰਕਾਰੀ ਵਿਭਾਗ ਵਿਚ ਕਿਸੇ ਨਾ ਕਿਸੇ ਘਪਲੇ ਦੀ ਰੂਪ ਰੇਖਾ ਦਿੱਸਦੀ ਹੀ ਹੈ। ਪਿੱਛੇ ਜਿਹੇ ਹੀ ਇਕ ਘਪਲਾ ਅਸਿੱਧੇ ਤੌਰ ’ਤੇ ਸਾਹਮਣੇ ਆਇਆ ਹੈ ਤੇ ਉਹ ਹੈ ਦੇਸ਼ ਦੇ ਡਾਕ ਵਿਭਾਗ ਵਿਚ ਟਿਕਟਾਂ ’ਚ ਹੋਣ ਵਾਲਾ ਘਪਲਾ। ਇਹ ਵਿਭਾਗ ਸੰਚਾਰ ਤੇ ਸੂਚਨਾ ਮੰਤਰਾਲੇ ਦੇ ਤਹਿਤ ਆਉਂਦੇ ਹਨ। ਇਹ ਘਪਲੇ ਦੀਆਂ ਜੜ੍ਹਾਂ ਸੂਚਨਾ ’ਚ ਪਾਈਆਂ ਹਨ ਜੋ ਨਿਯਮਤ ਤੌਰ ’ਤੇ ਡੀਲਰਾਂ ਨੂੰ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ। ਇਹਨਾਂ ਡੀਲਰਾਂ ਵਿਚੋਂ ਕੁਝ ਪਾਕਿਸਤਾਨ ਵਰਗੇ ਦੇਸ਼ਾਂ ਦੇ ਹਨ। ਇਹ ਸ਼ੱਕੀ ਡੀਲਰ ਭਾਰਤ ਸਰਕਾਰ ਵਲੋਂ ਅਧਿਕਾਰਿਤ ਤੌਰ ’ਤੇ ਡਾਕ ਟਿਕਟਾਂ ਜਾਰੀ ਕਰਨ ਤੋਂ ਹਫ਼ਤੇ ਇਥੋਂ ਤੱਕ ਕਿ ਮਹੀਨੇ ਪਹਿਲਾਂ ਉਸ ਨੂੰ ਹਾਸਲ ਕਰ ਲੈਂਦੇ ਹਨ ਅਤੇ ਭਾਰੀ ਕਮਾਈ ਕਰਦੇ ਹਨ। ਡਾਕ ਟਿਕਟਾਂ ਇਕੱਠੀਆਂ ਕਰਨ ਦੇ ਸ਼ੌਕੀਨ ਵਿਅਕਤੀ ਉਨ੍ਹਾਂ ਟਿਕਟਾਂ ਲਈ ਭਾਰੀ ਰਕਮ ਦੇਣ ਲਈ ਤਿਆਰ ਰਹਿੰਦੇ ਹਨ ਜੋ ਅਧਿਕਾਰਿਤ ਤੌਰ ’ਤੇ ਜਾਰੀ ਨਹੀਂ ਕੀਤੀਆਂ ਗਈਆਂ ਹੁੰਦੀਆਂ। ਦਰਅਸਲ ਇਹ ਘਪਲਾ ਕਾਫੀ ਵੱਡਾ ਹੈ। ਭਾਰਤੀ ਡਾਕ ਟਿਕਟਾਂ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਡਾਕ ਟਿਕਟਾਂ ਦੇ ਸੰਬੰਧਿਤ ਵੈਬ ਸਾਈਟਾਂ ਰਾਹੀਂ ਪੂਰੀ ਦੁਨੀਆ ’ਚ ਵੇਚ ਦਿੱਤਾ ਜਾਂਦਾ ਹੈ। ਇਹ ਭਾਰਤ ਰਿਜ਼ਰਵ ਬੈਂਕ ਦੇ ਨਵੇਂ ਕਰੰਸੀ ਨੋਟ ਛਾਪਣ ਵਰਗਾ ਹੈ। ਜੋ ਦੇਸ਼ ਦੀ ਚੋਟੀ ਦੀ ਵਿਤ ਸੰਸਥਾ ਵੱਲੋਂ ਜਾਰੀ ਕੀਤੇ ਜਾਣ ਤੋਂ ਪਹਿਲਾਂ ਹੀ ਬਜ਼ਾਰ ’ਚ ਮੁਹੱਈਆਂ ਹੋ ਜਾਂਦੀਆਂ ਹਨ। ਇਹ ਗੱਲ ਸਹੀ ਹੈ ਕਿ ਡਾਕ ਟਿਕਟਾਂ ਕਰੰਸੀ ਨੋਟ ਨਹੀਂ ਹਨ ਪਰ ਇਹ ਸਰਕਾਰੀ ਜਾਇਦਾਦ ਤਾਂ ਹਨ ਹੀ। ਜਿਨ੍ਹਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਲੋਕਾਂ ਨੂੰ ਨਹੀਂ ਵੇਚਿਆ ਜਾ ਸਕਦਾ। ਡਾਕ ਟਿਕਟ ਸੰਬੰਧੀ ਸਮਗਰੀ ’ਤੇ ਲਾਲ ਵੱਡੇ ਅੱਖਰਾਂ ’ਚ ਚਿਤਾਵਨੀ ਲਿਖੀ ਹੁੰਦੀ ਹੈ ਕਿ ‘ਜਦ ਤੱਕ ਮਹਾਂ ਨਿਰਦੇਸ਼ਕ ਡਾਕ ਨੂੰ ਜਾਰੀ ਕਰਨ ਦੀ ਤਰੀਕ ਬਾਰੇ ਨਿਰਦੇਸ਼ ਨਹੀਂ ਮਿਲਦਾ ਉਹਨਾਂ ਨੂੰ ਲੋਕਾਂ ਨੂੰ ਨਹੀਂ ਵੇਚਿਆ ਜਾ ਸਕਦਾ। ਇਥੇ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਡਾਕ ਵਿਭਾਗ ਦੇ ਲੋਕ ਇਸ ਨਿਰਦੇਸ਼ ਨੂੰ ਡਾਕ ’ਤੇ ਰੱਖ ਦਿੰਦੇ ਹਨ ਅਤੇ ਟਿਕਟਾਂ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਡੀਲਰਾਂ ਨੂੰ ਮੁਹੱਈਆਂ ਕਰਵਾ ਦਿੰਦੇ ਹਨ। ਇਸ ਤਰ੍ਹਾਂ ਉਹ ਨਜਾਇਜ਼ ਕਮਾਈ ਕਰਦੇ ਹਨ ਮਿਸਾਲਾਂ ਕਈ ਹਨ। ਪਾਕਿਸਤਾਨ ’ਚ ਇਕ ਡੀਲਰ ਜੂਹੀ ਦੀ ਸੁਗੰਧਿਤ ਟਿਕਟ ਸੀਟਾਂ 28 ਫਰਵਰੀ 2008 ਨੂੰ ਕੌਮਾਂਤਰੀ ਡਾਕ ਟਿਕਟ ਵਪਾਰ ਪੋਰਟਲ ‘ਡੇਲਕਾਮਪੇ ਡਾਟ ਨੇਟ’ ’ਤੇ ਵੇਚ ਰਿਹਾ ਸੀ, ਉਸ ਡੀਲਰ ਦਾ ਕੋਡ ਨਾ ਐਫ. ਡੀ. ਸੀ. 4 ਯੂ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਇਸ ਕਾਰੋਬਾਰ ਦਾ ਮੁੱਖ ਖਿਡਾਰੀ ਹੈ। ਜਿਸ ਦਿਨ ਉਹ ਸਟੈਂਪ ਸ਼ੀਟਾਂ ਵੇਚ ਰਿਹਾ ਸੀ, ਉਸ ਦੇ ਦੋ ਮਹੀਨੇ ਪਿੱਛੋਂ 26 ਅਪ੍ਰੈਲ 2008 ਨੂੰ ਭਾਰਤ ’ਚ ਉਨ੍ਹਾਂ ਨੂੰ ਜਾਰੀ ਕੀਤਾ ਗਿਆ। ਵੈਬਸਾਈਟ ’ਤੇ ਉਹ ਡਾਕ ਟਿਕਟਾਂ ਬਾਰੇ ਉਹ ਵਧਾ ਚੜ੍ਹਾ ਕੇ ਲਿਖਦਾ ਹੈ। ਇਹ

ਸਟੈਪ ਸ਼ੀਟ ਅਜੇ ਜਾਰੀ ਨਹੀਂ ਹੋਈ ਹੈ ਤੇ ਇਸ ਦੇ ਜਾਰੀ ਕਰਨ ਦੀ ਤਾਰੀਕ ਅੱਗੇ ਵਧਾ ਦਿੱਤੀ ਗਈ ਹੈ। ਅਲਡਾਰਬਾਂ ਵਿਸ਼ਾਲ ਕਛੂਆਂ ਟਿਕਟ ਸ਼ੀਟ ਉਹਨਾਂ ਟਿਕਟਾਂ ਵਿਚੋਂ ਹੈ। ਉਸ ਦੇ ਜਾਰੀ ਹੋਣ ਤੋਂ ਪਹਿਲਾਂ ਖੁੱਲ੍ਹੇਆਮ ਵੇਚਿਆ ਜਾਂ ਰਿਹਾ ਸੀ। ਇਸ ਟਿਕਟ ਨੂੰ ਅਜੇ ਰਲੀਜ਼ ਕੀਤਾ ਜਾਣਾ ਹੈ। ਮਿਸਾਲਾਂ ਹੋਰ ਵੀ ਕਈ ਹਨ। ਭਾਰਤੀ ਰੱਖਿਅਕ ਡਾਕ ਟਿਕਟ, ਜਿਸ ਦਾ ਮੁੱਲ ਵੀਹ ਰੁਪਏ ਹੈ। ਮਈ 'ਚ ਇੰਟਰਨੈੱਟ 'ਤੇ 869 ਰੁਪਏ 'ਚ ਵੇਚੀ ਜਾ ਰਹੀ ਸੀ। ਇਸ ਨੂੰ ਵੀ ਅਜੇ ਰਲੀਜ਼ ਕੀਤਾ ਜਾਣਾ ਹੈ। ਪ੍ਰਾਪਤ ਸਬੂਤ ਦਿੱਲੀ ਦੇ ਇਕ ਡੀਲਰ ਵੱਲ ਇਸ਼ਾਰਾ ਕਰਦੇ ਹਨ। 'ਡੇਲਕਾਪੇ ਡਾਂਟ ਨੈਟ 'ਤੇ ਉਸ ਦਾ ਕੌਡ ਨਾਂ ਸਟੈਪ 4 ਡਵਰ ਹੈ। ਆਪਣੀ ਪਹਿਚਾਣ ਛੁਪਾਉਣ ਲਈ ਆਪਣਾ ਕੋਡ ਨਾਂ ਵਾਰ ਵਾਰ ਬਦਲਦਾ ਰਹਿੰਦਾ ਹੈ। ਉਸ ਦਾ ਸ਼ੁਰੂ ਦਾ ਨਾਂ ਟਪੂ ਸੀ। ਜਾਂਚ ਪੜਤਾਲ ਤੋਂ ਪਤਾ ਲੱਗਿਆ ਕਿ ਟਪੂ ਉਰਫ ਸਟੈਂਪ 4 ਡਵਰ ਦਾ ਅਸਲੀ ਨਾਂ ਵਿਨੋਦ ਸਬਰਵਾਲ ਹੈ। ਉਹ ਦਿੱਲੀ ਦੇ ਪੱਛਮੀ ਬਿਹਾਰ ਦਾ ਵਾਸੀ ਹੈ। ਦਿੱਲੀ ਫਿਲਰਟੇਲੀ ਬਿਊਰੋ ਦੇ ਕਰਮਚਾਰੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਉਹ ਬਿਊਰੋ 'ਚ ਨਿਯਮਤ ਤੌਰ 'ਤੇ ਆਉਂਦਾ ਹੈ ਅਤੇ ਉਸ ਦੇ ਅਧਿਕਾਰੀਆਂ ਨਾਲ ਅੱਛੀ ਤਰ੍ਹਾਂ ਜੁੜਿਆ ਹੋਇਆ ਹੈ। ਬਿਊਰੋ ਦਿੱਲੀ ਸਥਿਤ ਡਾਕ ਭਵਨ 'ਚ ਹੈ। ਜਿਥੇ ਡਾਕ ਵਿਭਾਗ ਵੀ ਹੈ। ਡਾਕ ਵਿਭਾਗ ਦੇ ਆਲਾ ਅਫਸਰ ਇਸ ਭਵਨ 'ਚ ਬੈਠਦੇ ਹਨ। ਇਸ ਤਰ੍ਹਾਂ ਡਾਕ ਟਿਕਟ ਘਪਲਾ ਵਿਭਾਗ ਦੇ ਆਲਾ ਅਧਿਕਾਰੀਆਂ ਦੀ ਨੱਕ ਹੇਠ ਹੋ ਰਿਹਾ ਹੈ।

*ਡਾਕ ਟਿਕਟ ਘਪਲਾ ਕਿਸ ਤਰ੍ਹਾਂ ਹੁੰਦਾ ਹੈ?*

ਇਕ ਅਨੁਮਾਨ ਮੁਤਾਬਿਕ ਭਾਰਤ ਵਿਚ 250000 ਡਾਕ ਟਿਕਟਾਂ ਇਕੱਠੀਆਂ ਕਰਕੇ ਸਾਂਭਣ ਵਾਲੇ ਹਨ। ਡਾਕ ਵਿਭਾਗ ਦੋ ਤਰ੍ਹਾਂ ਦੀਆਂ ਟਿਕਟਾਂ ਜਾਰੀ ਕਰਦਾ ਹੈ-ਯਾਦ ਰੱਖੀਆਂ ਜਾਣ ਵਾਲੀਆਂ ਅਤੇ ਆਮ ਯਾਦਗਾਰੀ ਟਿਕਟਾਂ ਮਹੱਤਵਪੂਰਨ ਘਟਨਾਵਾਂ, ਵੱਡੀਆਂ ਹਸਤੀਆਂ ਕੌਮੀ ਜਾਂ ਕੌਮਾਂਤਰੀ ਮਾਮਲਿਆਂ, ਕੁਦਰਤ, ਦੁਰਲੱਭ ਵਸਤੂਆਂ, ਬਨਸਪਤੀਆਂ ਤੇ ਪ੍ਰਾਣੀਆਂ ਸੰਬੰਧੀ ਜਾਰੀ ਕੀਤੀਆਂ ਜਾਂਦੀਆਂ ਹਨ। ਇਹ ਟਿਕਟਾਂ ਸਾਂਭ ਕੇ ਰੱਖਣ ਵਾਲਿਆਂ ਲਈ ਹੁੰਦੀਆਂ ਹਨ। ਪਰ ਇਹ ਲੋਕ ਟਿਕਟਾਂ ਜਾਰੀ ਹੋਣ ਤੇ ਹੀ ਖਰੀਦ ਸਕਦੇ ਹਨ। ਇਹ ਦੇਸ਼ ਭਰ 'ਚ ਖੋਹਲੇ ਗਏ ਸਿਰਫ 68 ਫਿਲੋਟ੍ਰੋਪਿਕ ਬਿਊਰੋ 'ਚ ਹੀ ਮਹੁੱਈਆ ਹੁੰਦੀਆਂ ਹਨ। ਇਹਨਾਂ ਨੂੰ ਫਿਲੋਟ੍ਰੋਪਿਕ ਡਿਪਾਜ਼ਿਟ ਅਕਾਊਂਟ ਸਕੀਮ ਦੇ ਤਹਿਤ ਵੀ ਖਰੀਦਿਆਂ ਜਾ ਸਕਦਾ ਹੈ ਅਤੇ ਇਹ ਸੀਮਤ ਕੀਮਤ ਵਿਚ ਹੀ ਮੁਹੱਈਆ ਹੁੰਦੀਆਂ ਹਨ। ਇਸ ਲਈ ਇਨ੍ਹਾਂ ਦੀ ਮੰਗ ਬਹੁਤ ਹੁੰਦੀ ਹੈ। ਆਮ ਟਿਕਟਾਂ ਦੀ ਵਰਤੋਂ ਚਿੱਠੀ ਆਦਿ ਵਿਚ ਕੀਤੀ ਜਾਂਦੀ ਹੈ। ਇਹ ਡਾਕ ਘਰਾਂ 'ਚ ਮੁਹੱਈਆ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਕਈ ਵਾਰੀ ਛਾਪਿਆ ਜਾਂਦਾ ਹੈ। ਸਰਕਾਰੀ ਟਿਕਟ ਭੰਡਾਰ ਵੈਬਸਾਈਟ 'ਚ ਕਿਹਾ ਗਿਆ "ਬਹੁਤੇ ਡਾਕਘਰ ਯਾਦਗਾਰੀ। ਵਿਸ਼ੇਸ਼ ਟਿਕਟਾਂ ਦੇ ਰਲੀਜ਼ ਹੋਣ ਵਾਲੇ ਦਿਨ ਦੇ ਖਾਲੀ ਕਵਰ ਤੇ ਬੈਸ਼ਰ ਵੇਚਦੇ ਹਨ।" ਕਲਾ ਕਿਰਤੀਆਂ ਵਾਂਗੂੰ ਡਾਕ ਭੰਡਾਰ ਦੀਆਂ ਵਸਤੂਆਂ ਦੀ ਖਰੀਦ-ਫਰੋਖਤ ਨੂੰ ਵੀ ਡੀਲਰ ਲੋਕ ਪੂਰਣ ਕਾਲਿਕ ਕਾਰੋਬਾਰ ਮੰਨਦੇ ਹਨ ਕਿਉਂਕਿ ਇਸ ਵਿਚ ਖਾਸੀ ਵੱਡੀ ਰਕਮ ਸ਼ਾਮਲ ਹੈ। ਪੂਰੀ ਦੁਨੀਆ 'ਚ ਡਾਕ ਭੰਡਾਰਨ ਚੀਜ਼ਾਂ ਦੀ ਭਾਰੀ ਮੰਗ ਹੈ। ਜਦ ਤੋਂ 'ਡੇਲਕਾਮਪੇ ਡਾਟ ਨੇਟ' ਅਤੇ ਕਿਵੇਂ ਨਾ ਕਿਵੇਂ ਜਦੋਂ ਤੋਂ ਪੋਰਟਲਾਂ ਤੇ ਉਹਨਾਂ ਦਾ ਆਨ ਲਾਈਨ

ਕਾਰੋਬਾਰ ਸ਼ੁਰੂ ਹੋਇਆ ਹੈ। ਉਦੋਂ ਤੋਂ ਉਨ੍ਹਾਂ ਦੀ ਮੰਗ ਵੱਧਦੀ ਜਾ ਰਹੀ ਹੈ। ਭਾਰਤ ਵਿਚ ਡਾਕ ਟਿਕਟਾਂ ਦਾ ਕਾਰੋਬਾਰ ਪਿਛਲੇ ਦੋ ਤਿੰਨ ਸਾਲਾਂ ਵਿਚ ਅਸਿੱਧੇ ਤੌਰ 'ਤੇ ਵੱਧ ਰਿਹਾ ਹੈ। ਆਨ ਲਾਈਨ ਕਾਰੋਬਾਰ ਡੀਲਰਾਂ ਨੂੰ ਦੁਨੀਆ ਭਰ 'ਚ ਕੋਈ 50 ਲੱਖ ਟਿਕਟ ਭੰਡਾਰ ਕਰਨ ਵਾਲਿਆਂ ਨਾਲ ਜੋੜਦਾ ਹੈ। ਜਾਰੀ ਕਰਨ ਤੋਂ ਪਹਿਲਾਂ ਯਾਦਗਾਰੀ ਟਿਕਟਾਂ ਦੀ ਖਰੀਦ-ਫਰੋਖਤ 'ਚ ਬਹੁਤ ਸਾਰੀ ਰਕਮ ਸ਼ਾਮਲ ਹੁੰਦੀ ਹੈ। ਕਿਉਂਕਿ ਉਹ ਕਿਸੇ ਵਿਸ਼ੇਸ਼ ਡੀਲਰ ਕੋਲ ਹੀ ਮੁਹੱਈਆ ਹੁੰਦੀ ਹੈ। ਉਹ ਡੀਲਰ ਮਨਮਾਨੇ ਰੇਟ 'ਤੇ ਉਹਨਾਂ ਟਿਕਟਾਂ ਨੂੰ ਵੇਚਦਾ ਹੈ।

ਇਥੇ ਇਕ ਸਪੱਸ਼ਟ ਰੁਝਾਨ ਦੇ ਦੇਖਿਆ ਜਾ ਰਿਹਾ ਹੈ। ਜੂਹੀ ਟਿਕਟ ਤੋਂ ਲੈ ਕੇ ਭਾਰਤੀ ਤਦ ਰੱਖਿਅਕ ਟਿਕਟ ਦੀ ਉਦਘਾਟਨ ਤੋਂ ਪਹਿਲਾਂ ਵਿਕਰੀ 'ਚ ਮੁਨਾਫਾ ਕਾਫੀ ਵੱਧ ਗਿਆ ਹੈ। ਜੂਹੀ ਟਿਕਟ ਸੰਬੰਧੀ ਵਿਕਰੀ ਪ੍ਰੀਮੀਅਮ ਮੁੱਲ ਤੇ ਕੀਮਤ ਦਾ ਸਿਰਫ ਚਾਰ ਗੁਣਾਂ ਵੱਧ ਸੀ। ਯਾਦਗਾਰੀ ਟਿਕਟਾਂ ਦੀਆਂ ਸਭ ਤੋਂ ਵੱਧ ਹਰਮਨ ਪਿਆਰੀਆਂ ਸ਼੍ਰੇਣੀਆਂ ਵਨਸਪਤੀ, ਜੀਵ-ਜੰਤੂ, ਵਨਜੀਵਨ, ਫੁਲ ਤੇ ਪ੍ਰਤੀ ਰੱਖਿਆ ਹੈ। ਡਾਕ ਵਿਭਾਗ 'ਚ ਕੰਮ ਕਰਨ ਵਾਲੇ ਕਰਮਚਾਰੀ ਵੱਡੀ ਗਿਣਤੀ 'ਚ ਟਿਕਟਾਂ ਦੀ ਚੋਰੀ ਕਰਕੇ ਡੀਲਰਾਂ ਨੂੰ ਵੇਚ ਦਿੰਦੇ ਹਨ। ਫਿਰ ਡੀਲਰ ਉਨ੍ਹਾਂ ਨੂੰ ਉਦਘਾਟਨ ਤੋਂ ਪਹਿਲਾਂ ਹੀ ਦੇਸ਼-ਵਿਦੇਸ਼ 'ਚ ਵੇਚ ਦਿੰਦੇ ਹਨ। ਟਿਕਟ ਘਪਲੇ ਦਾ ਇਕ ਵੱਡਾ ਕਾਰਨ ਇਹ ਹੈ ਕਿ ਟਿਕਟਾਂ ਨੂੰ ਕਨੂੰਨੀ ਤੌਰ 'ਤੇ ਜਾਰੀ ਕਰਨ ਤੋਂ ਪਹਿਲਾਂ ਸਭ ਬਿਊਰੋ ਨੂੰ ਵੇਚ ਦਿੱਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਦੇ ਗੈਰ-ਕਾਨੂੰਨੀ ਕਾਰੋਬਾਰ ਨੂੰ ਉਤਸ਼ਾਹ ਮਿਲਦਾ ਹੈ। ਹਾਲਾਂਕਿ ਇਨ੍ਹਾਂ ਦੀ ਸਮੇਂ-ਸਮੇਂ ਸਿਰ ਜਾਂਚ ਲਈ ਉਪਾਅ ਕੀਤੇ ਗਏ ਹਨ। ਪਰ ਉਹਨਾਂ ਤੇ ਕੋਈ ਧਿਆਨ ਨਹੀਂ ਦਿੰਦਾ ਅਤੇ ਗਾਇਬ ਟਿਕਟਾਂ ਦੀ ਗੱਲ ਸ਼ਾਇਦ ਹੀ ਕਦੀ ਬਾਹਰ ਆਉਂਦੀ ਹੋਵੇ। ਕਨੂੰਨੀ ਡੀਲਰਾਂ ਦਾ ਦੋਸ਼ ਹੈ ਕਿ ਟਿਕਟਾਂ ਨੂੰ ਜ਼ਿਆਦਾਤਰ ਚੋਰੀ ਛਿਪੇ ਦਿੱਲੀ 'ਚ ਵੇਚਿਆ ਜਾਂਦਾ ਹੈ। ਡਾਕ ਵਿਭਾਗ ਦੇ ਅਧਿਕਾਰੀ ਇਸ ਬਾਰੇ ਕੁਝ ਨਹੀਂ ਦੱਸਦੇ। ਭਾਵੇਂ ਦੇਖਣ ਨੂੰ ਮਾਮਲਾ ਛੋਟਾ ਲੱਗਦਾ ਹੈ ਪਰ ਕਰੋੜਾਂ ਰੁਪਏ ਦੀ ਨਜਾਇਜ਼ ਕਮਾਈ ਇਹਨਾਂ ਉਹਲੇ ਛੁਪੀ ਹੋਈ ਹੈ।

# ਦੇਸ਼ ਮਨੁੱਖੀ ਵਿਕਾਸ ਦੇ ਸੂਚਕਾਂਕ 'ਚ ਕਾਫੀ ਹੇਠਾਂ

ਸ਼ਾਈਨਿੰਗ ਇੰਡੀਆ ਅਤੇ ਜੈ ਹੋ ਚਾਰ ਸਾਲਾਂ ਦੌਰਾਨ ਤੇਜ਼ ਵਿਕਾਸ, ਜਦ ਭਾਰਤ ਵਿਸ਼ਵੀਕਰਨ ਬਾਜ਼ਾਰ ਦਾ ਮਿਥਕ ਬਣ ਗਿਆ, ਤੋਂ ਲੱਗਦਾ ਹੈ ਕਿ ਜਮੀਨੀ ਪੱਧਰ 'ਤੇ ਕੁਝ ਨਹੀਂ ਬਦਲਿਆ ਹੈ, ਬੇਹਤਰ 'ਤੇ ਵੱਧ ਖੁਸ਼ਹਾਲ ਜੀਵਨ ਦੀ ਉਮੀਦ ਰੱਖਦੇ ਭਾਰਤੀਆਂ 'ਚ ਅੱਜ ਵੀ ਕਰੋੜਾਂ ਲੋਕ ਗਰੀਬੀ ਰੇਖਾ ਤੋਂ ਹੇਠ ਗੁਜਰ ਬਸਰ ਕਰ ਰਹੇ ਹਨ ਭਾਰੀ ਪੂੰਜੀ ਪ੍ਰਵਾਹ, ਪ੍ਰਭਾਵਸ਼ਾਲੀ ਵਿਕਾਸ ਦਰ, ਦੁਨੀਆਂ ਭਰ 'ਚ ਵੱਡੀਆਂ ਕੰਪਨੀਆਂ ਜ਼ਮੀਨਾਂ ਹੱੜਪਣ ਦਰਮਿਆਨ ਵੀ ਐਸਾ ਭਾਰਤ ਹੈ, ਜੋ ਮਹੱਤਵਪੂਰਨ ਮਨੁੱਖੀ ਵਿਕਾਸ ਪੈਮਾਨਿਆਂ 'ਚ ਬਿਲਕੁਲ ਹੇਠਾਂ ਖਿਸਕਿਆ ਹੋਇਆ ਹੈ। ਭਾਰਤ ਦੀ ਉੱਚੀ ਵਿਕਾਸ ਦਰ ਨੂੰ ਸਜਾ-ਸੰਵਾਰ ਕੇ ਦੁਨੀਆ ਦੇ ਸਾਹਮਣੇ ਪੇਸ਼ ਕਰਕੇ ਸੰਸਾਰ ਜਨਮਤ ਤਿਆਰ ਕਰਨ ਵਾਲੇ ਅਤੇ ਸ਼ੇਖੀ ਮਾਰਦੇ ਨਿਵੇਸ਼ਕਾਂ ਦਰਮਿਆਨ ਹੁਣ ਵੀ ਐਸੀ ਜਮਾਤ ਹੈ, ਜਿਸ ਦੇ ਲਈ ਭਾਰਤ ਆਰਥਿਕ ਅਜ਼ਾਦੀ ਤੇ ਖੁਸ਼ਹਾਲੀ 'ਚ ਬੇਹੱਦ ਪਿੱਛੇ ਹੈ।

ਹੁਣ ਇਸ ਲਈ ਹੇਠਲੀ ਪੱਧਰ ਤੱਕ ਨੀਤੀਆਂ ਦਾ ਲਾਭ ਨਾ ਪਹੁੰਚ ਸਕਣ ਦੀ ਦਹਾਕਿਆਂ ਪੁਰਾਣੀ ਭ੍ਰਿਸ਼ਟ ਵਿਵਸਥਾ ਨੂੰ ਦੋਸ਼ ਦੇਈਏ ਜਾਂ ਵਿਸ਼ਵੀ ਪੜਤਾਲ ਕਰਨ ਵਾਲਿਆਂ ਦੀ ਸਕਾਰਤਮਕ ਪਹਿਲੂ ਨੂੰ ਨਜ਼ਰ ਅੰਦਾਜ਼ ਕਰਨ ਦੇ ਰੁਝਾਨ ਨੂੰ, ਤੱਥ ਇਹੀ ਹੈ ਕਿ ਸ਼ਰਮਿੰਦਗੀ ਤੇ ਪ੍ਰਸ਼ਾਨੀ ਦੇ ਪਲਾਂ ਨੂੰ 'ਵਿਸ਼ਵ ਮੰਚ' 'ਤੇ ਆ ਪਹੁੰਚਣ ਦੇ ਭਾਰੀ ਜਸ਼ਨ 'ਚ ਤਬਦੀਲ ਕਰ ਸਕਣ ਵਾਲਿਆਂ ਦੀ ਤਾਕਤ ਸੰਸਾਰਕ ਪੈਮਾਨਿਆਂ 'ਚ ਦਰਜ ਨਹੀਂ ਹੋ ਰਹੀ ਹੈ, ਇਥੇ ਜ਼ਿਕਰ ਕਰਨ ਯੋਗ ਤੱਥ ਇਹ ਹੈ ਕਿ ਭਾਰਤ ਦੇ ਉਲਟ ਸ੍ਰੀਲੰਕਾ, ਬੋਲੀਵੀਆ, ਨਾਮੀਬੀਆ, ਅਤੇ ਗੁਏਨਾ ਵਰਗੇ ਸਮਾਜ ਸੁਧਾਰ 'ਤੇ ਘੱਟ ਖਰਚ ਕਰਨ ਵਾਲੇ ਦੇਸ਼ ਵੀ ਹਰ ਨਵੀਂ ਰਿਪੋਰਟ ਨਾਲ ਸੂਚੀ 'ਚ ਉੱਪਰ ਪਹੁੰਚਦੇ ਜਾ ਰਹੇ ਹਨ

ਇੰਟਰਨੈਸ਼ਨਲ ਫੂਡ ਪਾਲਸੀ ਰਿਸਰਚ ਇੰਸਟੀਚਿਊਟ IFPRT ਵਲੋਂ ਵਿਕਸਤ ਵਿਸ਼ਵ ਭੁਖਮਾਰੀ ਸੂਚਕਾਂਕ ਨੂੰ ਹੀ ਲਓ। ਖਾਣ ਵਾਲੇ ਪਦਾਰਥਾਂ ਦੀ ਉੱਚੀ, ਕੀਮਤ ਕਾਰਨ ਅਤੇ 66ਵੇਂ ਥਾਂ ਤੇ ਹੋਣ ਦੀ ਵਜਾਹ ਕਰਕੇ ਭਾਰਤ ਦੋ ਪੈਮਾਨਿਆਂ ਬੱਚਿਆਂ ਦੇ ਘੱਟ ਵਜਨ ਤੇ ਬਾਲ-ਮੌਤ ਦਰ ਦੇ ਮਾਮਲੇ 'ਚ ਬੰਗਲਾ ਦੇਸ਼ ਤੋਂ ਵੀ ਹੇਠਾਂ ਹੈ। IFPRT ਦਾ ਕਹਿਣਾ ਹੈ ਕਿ ਭਾਰਤ, ਯਮਨ ਤੇ ਤਿਮੂਰ-ਲੇਸਟ 'ਚ ਪੰਜ ਸਾਲ ਤੋਂ ਘੱਟ ਉਮਰ ਦੇ ਅਜਿਹੇ ਬੱਚੇ ਸਭ ਤੋਂ ਵੱਧ ਹਨ, ਜਿਨ੍ਹਾਂ ਦਾ ਵਜ਼ਨ ਘੱਟ ਹੈ। ਤਿੰਨੋ ਦੇਸ਼ਾਂ ਦੇ ਬੱਚਿਆਂ ਨੂੰ ਜੋੜੀਏ ਤਾਂ ਇਹ ਅੰਕੜਾ 40 ਫੀਸਦੀ ਬੈਠਦਾ ਹੈ। IFPRT ਦੀ ਪੁਰਨਿਮਾ ਮੇਨਨ ਕਹਿੰਦੀ ਹੈ, "ਇਹ ਅੰਕੜੇ ਭਾਰਤ ਨੂੰ ਕੁਪੋਸ਼ਣ ਵਾਲੇ ਬੱਚਿਆਂ ਸੰਬੰਧੀ ਤੀਜੇ ਨੰਬਰ 'ਤੇ ਰੱਖਦੇ ਹਨ ਪਰ ਹੇਠਾਂ ਤੋਂ।" ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੂਜੇ ਦੇਸ਼ਾਂ ਵਾਂਗੂੰ ਭੋਜਨ ਤੇ ਬਾਲਣ ਦੀਆਂ ਵੱਧਦੀਆਂ ਕੀਮਤਾਂ ਦੇ ਦੌਰ ਵਿਚ ਦੀ ਲੰਘ ਰਿਹਾ ਹੈ। ਜਿਸ ਨੇ ਭੁੱਖ ਤੇ ਕੁਪੋਸ਼ਣ ਨਾਲ ਨਿਪਟਣ ਦੀਆਂ ਕੋਸ਼ਿਸ਼ਾਂ ਨੂੰ ਪਿੱਛੇ ਧੱਕ ਦਿੱਤਾ ਹੈ ਪਰ ਭਾਰਤ ਦੇ ਹੇਠਾਂ ਪਹੁੰਚਣ ਦੀ ਵਜ੍ਹਾ ਹੈ ਜਨਤਕ ਵੰਡ ਪ੍ਰਣਾਲੀ ਤੇ ਦੁਪਹਿਰ ਦਾ ਭੋਜਨ ਵਰਗੀਆਂ ਯੋਜਨਾਵਾਂ ਦਾ ਕਾਮਯਾਬ ਨਾ ਹੋਣਾ

ਅਤੇ ਇਨ੍ਹਾਂ 'ਚ ਸੁਧਾਰ ਦੀ ਬਹੁਤ ਲੋੜ ਹੈ। ਖਾਣ ਵਾਲੀ ਸਮੱਗਰੀ ਦੀ ਕਮੀ ਹੀ ਇਕੋ ਇਕ ਪੈਮਾਨਾ ਨਹੀਂ ਹੈ ਜਿਸ 'ਤੇ ਭਾਰਤ ਹੇਠਾਂ ਹੈ ਬਲਕਿ ਸੰਯੁਕਤ ਰਾਸ਼ਟਰ ਦੇ ਤਹਿ ਕੀਤੇ ਮਿਲੇਨੀਅਮ ਡਿਵੈਲਮੈਂਟ ਗੋਲ HDGS ਪੂਰਾ ਨਾ ਕਰ ਸਕਣਾ ਵੀ ਮਹੱਤਵਪੂਰਨ ਰਿਹਾ ਹੈ। ਇਹਨਾਂ 'ਚ ਗਰੀਬੀ ਘੱਟ ਕਰਨਾ, ਲਿੰਗ ਭੇਦ-ਭਾਵ ਘੱਟ ਕਰਨਾ ਅਤੇ ਸਿਹਤ ਸੇਵਾਵਾਂ 'ਚ ਸੁਧਾਰ ਸ਼ਾਮਲ ਸੀ। ਸੰਸਾਰ ਦੀ ਦੂਜੇ ਨੰਬਰ ਦੀ ਸਭ ਤੋਂ ਉੱਚੀ ਵਿਕਾਸ ਦਰ ਪੇਸ਼ ਕਰਨ ਦੇ ਬਾਵਜੂਦ ਭਾਰਤ ਵਿਸ਼ਵ ਵਿਕਾਸ ਰੀਪੋਰਟ ਭੂਮੱਧ ਰੇਖੀ ਗੁਏਨਾ ਤੇ ਸੋਲੋਮਨ ਪ੍ਰਾਦੀਪ ਤੋਂ ਵੀ ਹੇਠਾਂ ਹੈ। ਸੰਸਾਰ ਬੈਂਕ ਮੁਤਾਬਕ ਇਥੇ ਔਰਤ-ਮਰਦ ਸਾਖਰਤਾ ਦਰ 0.65 ਹੈ ਅਤੇ 41.6 ਫੀਸਦੀ ਭਾਰਤੀ ਫਿਲਹਾਲ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਭਾਰਤ 'ਚ ਮਾਵਾਂ ਦੀ ਮੌਤ ਦਰ ਪ੍ਰਤੀ ਇਕ ਲੱਖ ਜਨਮ ਦੂਰ 450 ਹੈ ਜਦ ਕਿ 1998-99 'ਚ ਇਹ 540 ਸੀ ਇਹ ਅੰਕੜੇ HDGS ਤੋਂ ਬਹੁਤ ਪਿੱਛੇ ਹਨ ਜਿਸ ਨੂੰ 2015 ਤੱਕ ਇਸ ਨੂੰ 109 ਤੱਕ ਲਿਆਉਣਾ ਹੈ। ਸੰਸਾਰ ਬੈਂਕ ਚੇਤਾਵਨੀ ਦਿੰਦਾ ਹੈ ਕਿ ਭਾਰਤ ਵਿਚ ਮੁੱਢਲੀ ਸਿਹਤ ਵਰਕਰਾਂ ਦੀ ਗੈਰ ਮੌਜੂਦਗੀ ਦੀ ਦਰ ਸਭ ਤੋਂ ਵੱਧ 40 ਫੀਸਦੀ ਹੈ ਅਤੇ ਇਹ HDGS ਹਾਸਲ ਕਰਨ 'ਚ ਪਾਬੰਦ ਹੈ।

ਭਾਰਤ ਦੀਆਂ ਉੱਚੀਆਂ ਆਰਥਿਕ ਸੰਭਾਵਨਾਵਾਂ ਦਾ ਗੁਣਗਾਣ ਕਰਨ ਵਾਲੇ ਇਸ ਰੈਕਿੰਗ ਦੀ ਨੂੰ ਪੱਖਪਾਤੀ ਕਰਾਰ ਦੇਣਗੇ ਕਿਉਂਕਿ 2008 ਤੋਂ ਹੀ HDI ਰੈਕਿੰਗ 2006 ਦੇ ਅੰਕੜਿਆਂ 'ਤੇ ਅਧਾਰਤ ਹੈ, ਹਾਲਾਂਕਿ ਇਹ ਆਮ ਗੱਲ ਹੈ ਪਰ ਇਸ ਵਿਚ 2006 ਦੇ ਪਿੱਛੋਂ ਹੋਏ ਭਾਰਤੀ ਨਿਵੇਸ਼ਾਂ ਦੀ ਅਣਦੇਖੀ ਕੀਤੀ ਗਈ ਹੈ ਜੋ ਬੁਨਿਆਦੀ ਵਿਕਾਸ ਢਾਂਚੇ 'ਚ ਕੀਤੇ ਗਏ ਹਨ। UNDP ਦੀ ਉੱਚ ਸਹਾਇਕ ਕੰਟ੍ਰੀ ਨਿਵੇਸ਼ਕ ਸੀਤਾ ਪ੍ਰਭੂ ਕਹਿੰਦੀ ਹੈ ਕਿ ਭਾਰਤ ਬਾਰੇ ਕੋਈ ਰਾਇ ਬਣਾਉਣ ਸਮੇਂ ਇਸ ਗੱਲ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ HDI ਕਾਰਕ ਬਦਲਾਅ ਨੂੰ ਦਰਜ ਕਰਨ 'ਚ ਸਮਾਂ ਲੈਂਦੇ ਹਨ। ਪ੍ਰਭੂ ਕਹਿੰਦੀ ਹੈ, 'ਸਿਹਤ ਆਮਦਨ ਦੇ ਪੱਧਰ, ਸਾਫ ਜਲ ਸਪਲਾਈ, ਲੋੜੀਂਦਾ ਤੇ ਸਾਫ ਘਰ ਅਤੇ ਜਨਤਕ ਸਹੂਲਤਾਂ ਤੱਕ ਪਹੁੰਚ ਨਾਲ ਪ੍ਰਭਾਵਿਤ ਹੁੰਦਾ ਹੈ। NREG ਵਰਗੇ ਅਗਾਂਹਵਧੂ ਪ੍ਰੋਗਰਾਮ ਆਪਣਾ ਅਸਰ ਪਾਉਣ 'ਚ ਸਮਾਂ ਲੈਣਗੇ ਪਰ 2008-09 ਵਿਚ ਹੀ ਇਸ ਨੇ 1388 ਮਿਲੀਅਨ ਦਿਨਾਂ ਲਈ ਰੁਜ਼ਗਾਰ, ਪੈਦਾ ਕੀਤੇ ਹਨ ਜਿਨ੍ਹਾਂ ਨਾਲ 3.5 ਕਰੋੜ ਘਰਾਂ ਨੂੰ ਲਾਭ ਪਹੁੰਚਿਆ ਹੈ।' ਪਰ ਉਹ ਮੰਨਦੀ ਹੈ ਕਿ ਜੇ ਭਾਰਤ ਮੁਕਾਬਲਤਨ ਘੱਟ ਆਰਥਿਕ ਸਮਰੱਥਾ ਵਾਲੇ ਦੇਸ਼ਾਂ ਤੋਂ ਵੀ ਸੂਚੀ 'ਚ ਹੇਠਾਂ ਹੈ ਤਾਂ ਇਸ ਦੇ ਕਾਰਨ ਹਨ, ਭਾਰਤ ਆਪਣੇ G.D.P (ਕੁਲ ਘਰੇਲੂ ਪੈਦਾਵਾਰ) ਦਾ ਸਿਰਫ 3-4 ਫੀਸਦੀ ਸਿੱਖਿਆ 'ਤੇ ਖਰਚ ਕਰਦਾ ਹੈ ਅਤੇ 1-2 ਫੀਸਦੀ ਸਿਹਤ ਸਹੂਲਤਾਂ 'ਤੇ। ਇਹ ਨਾਮੀਬਿਆ ਤੇ ਬੋਲੀਵੀਆ ਵਰਗੇ ਦੇਸ਼ਾਂ ਤੋਂ ਵੀ ਘੱਟ ਹੈ। ਉਹ ਕਹਿੰਦੀ ਹੈ 'ਭਾਰਤ ਦੀਆਂ ਸਿਹਤ ਸਹੂਲਤਾਂ 'ਚ ਯੋਗ ਕਾਮਿਆਂ ਦੀ ਘਾਟ ਹੈ। ਇਥੋਂ ਤੱਕ ਕਿ ਘੱਟ ਆਮਦਨ ਤੇ ਜਨ ਸਿਹਤ 'ਤੇ ਭਾਰਤ ਜਿੰਨਾਂ ਹੀ ਖਰਚ G.D.P. ਕਰਨ ਵਾਲਾ ਬੰਗਲਾ ਦੇਸ਼ ਵੀ ਭਾਰਤ ਤੋਂ ਅੱਗੇ ਹੈ। ਇਥੇ 2005 'ਚ ਇਕ ਸਾਲ ਤੱਕ ਦੀ ਉਮਰ ਦੇ 99 ਫੀਸਦੀ ਬੱਚਿਆਂ ਨੂੰ ਟੀ. ਬੀ. ਵਿਰੋਧੀ ਤੇ 75 ਫੀਸਦੀ ਬੱਚਿਆਂ ਨੂੰ ਖਸਰਾ ਪ੍ਰਤੀਰੋਧੀ ਟੀਕਾ ਲਾਇਆ ਜਾ ਚੁੱਕਿਆ ਸੀ ਜਦਕਿ ਭਾਰਤ 'ਚ ਇਹ ਅੰਕੜਾ ਟੀ. ਬੀ. ਲਈ 75 ਫੀਸਦੀ ਤੇ

ਖਸਰੇ ਸੰਬੰਧੀ 58 ਫੀਸਦੀ ਹੈ।"

ਸਮਝਿਆ ਜਾ ਸਕਦਾ ਹੈ ਕਿ ਸਰਕਾਰ ਦੇ ਪੈਸਾ ਖਰਚ ਕਰਨ 'ਤੇ ਸਿਹਤ ਤੇ ਸਿੱਖਿਆ ਵਰਗੇ ਪੈਮਾਨਿਆਂ 'ਚ ਸੁਧਾਰ ਨਜ਼ਰ ਆਉਣ 'ਚ ਸਮਾਂ ਲੱਗੂ ਪਰ ਆਰਥਿਕ ਤੇ ਕਾਰੋਬਾਰੀ ਸੁਧਾਰਾਂ 'ਚ ਭਾਰਤ ਦੇ ਪਿੱਛੇ ਰਹਿਣ ਦੀ ਕੋਈ ਤਰਕਸੰਗਤ ਵਿਆਖਿਆ ਨਹੀਂ ਹੈ। ਉਦਾਰੀਕਰਨ ਦੇ 17 ਸਾਲਾਂ ਬਾਅਦ ਵੀ ਭਾਰਤ ਖੁਲ੍ਹੇਪਨ ਤੇ ਜਾਇਦਾਦਾਂ ਸੰਬੰਧੀ ਕਾਫੀ ਪਿੱਛੇ ਹੈ, ਵਿਦੇਸ਼ੀ ਨਿਵੇਸ਼ ਨੂੰ ਹੀ ਲੈ ਲਓ। ਭਾਰਤ ਨਿਵੇਸ਼ਕਾਂ ਲਈ ਸਭ ਤੋਂ ਘੱਟ ਦਿਲਚਸਪੀ ਵਾਲਾ ਦੇਸ਼ ਹੈ। ਇਥੇ ਕਾਰੋਬਾਰ ਸ਼ੁਰੂ ਕਰਨ 'ਚ ਸਮਾਂ ਲੱਗਦਾ ਹੈ ਅਤੇ ਉਸ ਤੋਂ ਵੀ ਵੱਧ ਸਮਾਂ ਲਾਇਸੰਸ ਲੈਣ, ਨਿਆਮਕ ਸੰਸਥਾ ਤੋਂ ਮੰਨਜੂਰੀ ਲੈਣ, ਕਰਜ਼ਾ ਲੈਣ 'ਚ, ਟਿਉਨਿਸ਼ੀਆ, ਚਿੱਲੀ ਤੇ ਪਾਕਿਸਤਾਨ ਵਰਗੇ ਆਰਥਿਕ ਤੌਰ 'ਤੇ ਪਿਛੜੇ ਦੇਸ਼ਾਂ ਦੀ ਤੁਲਨਾ ਵਿਚ ਵੀ ਸਾਡੇ ਇਥੇ ਕਾਰੋਬਾਰ ਬੰਦ ਕਰਨ 'ਚ ਵੀ ਕਿਤੇ ਵੱਧ ਸਮਾਂ ਲੱਗਦਾ ਹੈ। ਭਾਰਤ ਭਾਵੇਂ ਹੀ ਹਰ ਮਹੀਨੇ ਇਕ ਕਰੋੜ ਨਵੇਂ ਮੋਬਾਇਲ ਕੁਨੈਕਸ਼ਨ ਲੈਣ ਦੀ ਫੜ ਮਾਰਦਾ ਹੋਵੇ ਪਰ W.E.F ਮੁਤਾਬਕ ਭਾਰਤ ਆਵਾਜਾਈ ਤੇ ਸੰਚਾਰ ਸਬੰਧੀ ਕ੍ਰੋਸ਼ੀਆ, ਸਾਈਪ੍ਰਸ, ਜਾਰਡਨ ਇਥੋਂ ਤੱਕ ਕਿ ਲਾਤੀਵੀਆ ਤੋਂ ਵੀ ਪਿੱਛੇ ਹੈ।

ਜਿਥੋਂ ਤੱਕ ਨਿਆਮਕ ਵਾਤਾਵਰਣ ਦਾ ਸੁਆਲ ਹੈ ਤਾਂ ਭਾਰਤ ਇਸ ਸੰਬੰਧੀ 64ਵੇਂ ਨੰਬਰ 'ਤੇ ਰਹਿਣ ਵਾਲੇ ਇੰਡੋਨੇਸ਼ੀਆ ਤੋਂ ਬਹੁਤ ਪਿਛੇ, ਇਸ ਦੇ ਬਾਵਜੂਦ ਭਾਰਤ ਚੀਨ ਪਿਛੋਂ ਦੂਜੀ ਮੰਜਲ 'ਤੇ ਹੈ ਤਾਂ ਇਸ ਦੀ ਵਜਾਹ ਹੈ ਵਪਾਰ 'ਚ ਖੁਲਾਪਨ, ਮਜਬੂਤ ਆਰਥਿਕ ਮੰਡੀ, ਘੱਟ ਲਾਗਤ ਮਾਹਰ ਮਨੁੱਖੀ ਸ਼ਕਤੀ ਤੇ ਭਾਰਤ ਵਪਾਰ ਲਈ ਅੱਛੀ ਥਾਂ ਮੰਨਿਆ ਜਾਂਦਾ ਹੈ। ਅਪ੍ਰੈਲ-ਨਵੰਬਰ 2008 ਦੌਰਾਨ ਭਾਰਤ ਵਿਚ ਸਿੱਧਾ ਵਿਦੇਸ਼ੀ ਨਿਵੇਸ਼ 23.3 ਅਰਬ ਡਾਲਰ ਦਾ ਹੋ ਗਿਆ ਸੀ। ਜੇ ਭਾਰਤ ਇਕ ਵੱਡਾ ਬਾਜ਼ਾਰ ਨਾ ਹੁੰਦਾ, ਤਾਂ ਕੋਈ ਸਾਡੇ ਬੂਹੇ ਨਾ ਖੜਕਾਉਂਦਾ। ਹਮੇਸ਼ਾ ਦੀ ਤਰ੍ਹਾਂ ਇਸ ਸੰਬੰਧੀ ਵੀ ਵਿਆਖਿਆ ਤੇ ਧਾਰਨਾ ਦੇ ਮੁੱਦੇ ਰਹੇ ਹਨ ਜਿਹਨਾਂ ਦੀ ਇਹ ਸਰਵੇਖਕ ਉਮੀਦ ਕਰ ਦਿੰਦੇ ਹਨ। 2009 ਦੀ UNIDO ਰਿਪੋਰਟ ਭਾਰਤ ਨੂੰ ਸਾਲ 2008 'ਚ 51ਵੇਂ ਦੇ ਮੁਕਾਬਲੇ 54ਵੇਂ ਨੰਬਰ 'ਤੇ ਰੱਖਦੀ ਹੈ। ਮੁਕਾਬਲਾ ਸਨਅਤੀ ਵਿਖਾਵੇ ਸਬੰਧੀ ਇਹ ਭਾਰਤ ਨੂੰ ਸਲੋਵੇਨਿਆ ਸਾਈਪ੍ਰਸ ਤੇ ਅਲ ਸਲਵਾਡੋਰ ਦੇ ਵੀ ਹੇਠਾਂ ਰਖਦੀ ਹੈ ਜਦ ਇਨ੍ਹਾਂ ਚਾਰ ਸਾਲ ਦੀ ਉੱਚ ਵਿਕਾਸ ਦਰ ਦੇ ਮੁਕਾਬਲੇ ਆ ਗਿਆ ਤਾਂ ਤੱਥ ਦੀ ਰਿਪੋਰਟ ਦੀ ਪ੍ਰਮਾਣਿਕਤਾ 'ਤੇ ਸੁਆਲ ਉਠਾ ਦਿੰਦੇ ਹਨ।

ਦੱਖਣੀ ਏਸ਼ੀਆ 'ਚ UNIDO ਖੇਤਰੀ ਦਫਤਰ ਦੇ ਮੁਖੀ ਫਿਲਿਪ ਆਰ ਸੋਲਟ੍ਸ ਵੀ ਮੰਨਦੇ ਹਨ ਕਿ ਰਿਪੋਰਟ ਪੂਰੀ ਤਰ੍ਹਾਂ ਭਾਰਤ ਦੇ ਵਿਕਾਸ ਦੇ ਕਦਮਾਂ ਨੂੰ ਜਾਹਰ ਨਹੀਂ ਕਰਦੀ ਕਿਉਂਕਿ 2005 ਦੇ ਅੰਕੜੇ 'ਤੇ ਅਧਾਰਤ ਹੈ। ਪਰ ਇਸ ਦੇ ਬਾਵਜੂਦ ਤੱਥ ਇਹ ਹੈ ਕਿ 'ਭਾਰਤ ਨੂੰ ਸੰਸਾਰ ਬੈਕਿੰਗ 'ਚ ਸੁਧਾਰ ਲਈ ਬਹੁਤ ਕੁਝ ਕਰਨਾ ਹੋਵੇਗਾ' ਭਾਰਤ ਨੂੰ ਤਿਆਰ ਮਾਲ ਦੀ ਬਰਾਮਦ ਦਾ ਮਜਬੂਤ ਅਧਾਰ ਵਿਕਸਤ ਕਰਨਾ ਹੋਵੇਗਾ। ਚੀਨ ਵਿਚ ਵੀ ਇਸ ਨੇ ਵਿਕਾਸ ਦਾ ਰਾਹ ਪੱਧਰਾ ਕੀਤਾ ਸੀ।

ਬੇਸ਼ੱਕ ਇਹ ਬਿਆਨ ਨੈਸ਼ਨਲ ਕਾਊਂਸਿਲ ਫਾਰ ਮੈਨੂੰਫੈਕਚਰਿੰਗ ਕਮਪੀਟੀਟਿਵਨੈਸ ਦੇ ਪ੍ਰਧਾਨ ਰਹਿ ਚੁੱਕੇ ਵੀ. ਕ੍ਰਿਸ਼ਨਾ ਮੂਰਤੀ ਵਰਗੇ ਲੋਕਾਂ ਨੂੰ ਬਹੁਤ ਹੋਰ ਤਰ੍ਹਾਂ ਨਾਲ ਲੱਗੇਗਾ। ਸੱਚਾਈ ਇਹ ਹੈ ਕਿ ਭਾਰਤ ਵੱਡੇ ਘਰੇਲੂ ਬਾਜ਼ਾਰ ਦੇ ਭੂਗੋਲ

’ਤੇ ਹੀ ਜਿਉਂਦਾ ਨਹੀਂ ਰਹਿ ਸਕਦਾ ਬਲਕਿ ਇਸ ਨੂੰ ਮਨੁੱਖੀ ਤੇ ਭੌਤਿਕ ਬੁਨਿਆਦੀ ਮੁੱਦਿਆਂ ਨੂੰ ਸਾਧਾਰਨ ਦੀ ਦਿਸ਼ਾ ਵਿਚ ਵੀ ਕੰਮ ਕਰਨਾ ਹੋਵੇਗਾ; ਬੇਸ਼ੱਕ ਰਾਹਤ ਲਈ ਦਿੱਤੇ ਰਹੇ ਪੈਕਜਾਂ ਦੀ ਧਾਰਨਾ ਦਾ ਹਿੱਸਾ ਹੋ ਸਕਦਾ ਹੈ ਅਤੇ ਹੋਣਾ ਵੀ ਚਾਹੀਦਾ ਹੈ, ਹੁਣ ਹੇਠਲੇ ਪੱਧਰ ਤੇ ਮਿਹਨਤ ਭਾਰਤ ਨੂੰ ਉੱਪਰ ਜਾਣ ਦੀ ਤਾਕਤ ਦੇਵੇਗੀ। ਦਿਲਚਸਪ ਗੱਲ ਇਹ ਹੈ ਕਿ ਇਕ ਖੇਤਰ ਐਸਾ ਵੀ ਹੈ ਜਿਥੇ ਕਿਸੇ ਕਿਸਮ ਦੀ ਸਖਤਹ ਕਾਰਗਰ ਨਹੀਂ ਹੋ ਸਕਦੀ ਤੇ ਉਹ ਹੈ ਭ੍ਰਿਸ਼ਟਾਚਾਰ, ਸਰਕਾਰੀ ਨਿਗਰਾਨੀ, ਖਬਰਾਂ, ਬਹਿਸ ਤੇ ਵਿਸਲੇਸ਼ਣਾਂ ਦੇ ਬਾਵਜੂਦ ਇਸ ’ਚ ਕਿਧਰੇ ਕਮੀ ਨਜ਼ਰ ਨਹੀਂ ਆ ਰਹੀ। 2008 ਦਾ ਟਰਾਂਸਪੇਰੈਂਸੀ ਇੰਟਰਨੈਸ਼ਨਲ ਦਾ ਕਰੱਪਸ਼ਨ ਰੋਕੂ ਇੰਡੈਕਸ ਭਾਰਤ ਨੂੰ 85 ਵੀਂ ਥਾਂ ਤੇ ਰੱਖਦਾ ਹੈ ਜਦਕਿ 2004 ’ਚ ਇਹ 72ਵੀਂ ਥਾਂ ’ਤੇ ਸੀ, ਇਸ ਤੋਂ ਵੀ ਕਰਾਰਾ ਝਟਕਾ ਇਸ ਦੇ ਬਿਊਰੇ ਵਿਚ ਹੈ। ਸਰਵੇਖਣਾਂ ਦਾ ਕਹਿਣਾ ਹੈ ਕਿ “ਲਗਭਗ 30 ਫੀਸਦੀ ਸਦੀ ਭਾਰਤੀ ਜੋ ਕਿ ਸਰਕਾਰੀ ਅੰਕੜਿਆਂ ਮੁਤਾਬਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ, ਨੂੰ ਆਪਣਾ ਕੰਮ ਕਰਾਉਣ ਲਈ ਸਰਕਾਰੀ ਬਾਬੂਆਂ ਨੂੰ 900 ਕਰੋੜ ਰੁਪਏ ਦੀ ਰਿਸ਼ਵਤ ਦੇਣੀ ਪੈਂਦੀ ਹੈ।” ਤੁਲਨਾ ਤੋਂ ਪਰੇ ਰੈਂਕਿੰਗ ਸਰਕਾਰ ਦੀ ਨੀਂਦ ਖੋਹਲਣ ਵਾਲੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਲੋਕਾਂ ਦੀ ਹੋਣੀ ਸੰਵਾਰੇ, ਹੁਣ ਜਦ ਭਾਰਤ ਇਕ ਹੋਰ ਆਮ ਚੋਣਾਂ ਦਾ ਸਾਹਮਣਾ ਕਰ ਰਿਹਾ ਹੈ ਤਾਂ ਇਹ ਦੇਖਣਾ ਠੀਕ ਹੀ ਰਹੇਗਾ ਕਿ ਭਾਰਤ ਨੂੰ ਘੇਰੀ ਰੱਖਣ ਵਾਲੇ ਮੁੱਦੇ ਚੋਣ ਨਤੀਜਿਆਂ ਵਿਚ ਵੀ ਪ੍ਰਗਟ ਹੋਣ।

# ਸਤੀਸ਼ਗੜ੍ਹ ’ਚ ਲੋਕ ਬਣੇ ਕਰੋੜਪਤੀ

ਮੰਦੀ ਦੇ ਇਸ ਦੌਰ ਵਿਚ ਦੋ ਚਾਰ ਲੱਖ ਤੋਂ ਕਰੋੜ ਕਮਾਉਣ ਦੇ ਨੁਸਖੇ ਮੌਜੂਦ ਹਨ। ਬਸ ਲੋੜ ਹੈ ਜੁਗਾੜ ਦੀ। ਇਕ ਤਫਤੀਸ਼ ਇਸ ਤਰ੍ਹਾਂ ਦੀ ਖੇਡ ਦਾ ਪਰਦਾ ਫਾਸ਼ ਕਰਦੀ ਹੈ। ਇਸ ਵਿਚ ਵਜੂਦ ’ਚ ਬਣੇ ਕਨੂੰਨ ਨੂੰ ਵੀ ਥੋਥਾ ਦੱਸਿਆ ਗਿਆ ਹੈ। ਇਸ ਵਿਚ ਦੱਸਣਾ ਜ਼ਰੂਰੀ ਹੈ ਕਿ ਖੁਦਾਈ ਪੱਟੇ ਦੀ ਚੋਣ ਰਾਜ ਸਰਕਾਰ ਕਰਦੀ ਹੈ ਤੇ ਫਿਰ ਕੇਂਦਰ ਸਰਕਾਰ ਦੀ ਮੰਜੂਰੀ ਪਿਛੋਂ ਉਹੀ ਪੱਟਾ ਜਾਰੀ ਕਰਦੀ ਹੈ। ਖੁਦਾਈ ਤੇ ਖਣਿਜ ਕਨੂੰਨ, ਦੇ ਤਹਿਤ ਰਾਜ ਸਰਕਾਰ ਮੁਤਾਬਕ ਇਕ ਤਰ੍ਹਾਂ ਨਾਲ ਪੱਟਾ ਸੌਂਪਿਆ ਜਾਣਾ ਹੀ ਹੈ, ਕੇਂਦਰ ਉਸ ’ਤੇ ਰਸਮੀ ਮੋਹਰ ਹੀ ਲਾਉਂਦਾ ਹੈ। ਸਤੀਸ਼ਗੜ੍ਹ ਸਰਕਾਰ ਤੇ ਉਸ ਦੀ ਮਸ਼ੀਨਰੀ ਨੇ ਇਸ ਇਕ ਮਾਮਲੇ ’ਚ ਕਈ ਕਾਰਨਾਮੇ ਕਰ ਵਿਖਾਏ। ਖੁਦਾਈ ਵਿਭਾਗ ਨੇ ਦਿੱਲੀ ਦੀ ਪੁਸ਼ਪ ਸਟੀਲ ਐਂਡ ਪ੍ਰਾਈਵੇਟ ਲਿਮਟਿਡ ਦੇ ਨਾਲ ਸੱਤ ਜਨਵਰੀ 2005 ਨੂੰ ਇਕ ਸਹਿਮਤੀ ਪੱਤਰ ’ਤੇ ਦਸਖਤ ਕੀਤੇ। ਇਸ ਦੇ ਤਹਿਤ ਕਾਂਕੇਰ ਜ਼ਿਲ੍ਹੇ ਦੇ ਗਹਾਲਦੀ ਦੇ ਕਰੀਬ 215 ਹੈਕਟੇਅਰ ’ਤੇ ਲੋਹ ਤੱਤ ਦੀਆਂ ਖਾਨਾ (ਮਾਈਨਿੰਗ) ਲਾਇਸੰਸ ਅਤੇ 705 ਹੈਕਟੇਅਰ ’ਤੇ ਪੂਵੇਕਸ਼ਨ (ਪ੍ਰਾਸਪੇਕਟਿੰਗ) ਦਾ ਲਾਇਸੰਸ ਕੰਪਨੀ ਨੂੰ ਸੁਪਰਦ ਕੀਤਾ ਗਿਆ। ਖੁਦਾਈ ਦਾ ਇਏ ਖੇਤਰ ਸਤੀਸ਼ਗੜ੍ਹ ਸਰਕਾਰ ਵਲੋਂ ਦੋ ਚਾਰ ਵੱਡੇ ਖੇਤਰਾਂ ਵਿਚੋਂ ਇਕ ਹੈ। ਮਾਮਲੇ ’ਚ ਸਤੀਸ਼ਗੜ੍ਹ ਸਰਕਾਰ ਦੀ ਕਾਰਗੁਜਾਰੀ ਦਾ ਇਕ ਨਮੂਨਾ ਪੇਸ਼ ਹੈ। ਦੋ ਫਰਵਰੀ 1981 ਨੂੰ ਮੱਧ ਪ੍ਰਦੇਸ਼ ਸਰਕਾਰ ਵਲੋਂ ਜਾਰੀ ਇਕ ਨੋਟੀਫਿਕੇਸ਼ਨ ’ਚ ਸਾਫ ਕਿਹਾ ਗਿਆ ਹੈ ਕਿ ਲੋਹ ਤੱਤ ਹਿੱਤ ਹੋਰ ਨਿਜੀ ਅਦਾਰਿਆਂ ਦੀਆਂ ਅਰਜੀਆਂ ’ਤੇ ਵਿਚਾਰ ਕੀਤਾ ਜਾਵੇਗਾ ਜੋ ਇਸ ਖਣਿਜ ਦੇ ਆਧਰ ’ਤੇ ਸਨਅਤ ਕਰਕੇ ਪੱਟਾ ਪ੍ਰਾਪਤ ਕਰਨ ਦੀਆਂ ਇਛੁਕ ਹੋਣ।’ ਪੁਸ਼ਪ ਸਟੀਲ ਦੇ ਕੇਸ ਵਿਚ ਰਮਨ ਸਿੰਘ ਸਰਕਾਰ ਦੇ ਕੁਸ਼ਲ ਅਫ਼ਸਰਾਂ ਨੇ ਇਹ ‘ਕਰਕੇ’ ਸ਼ਬਦ ਨੂੰ ‘ਕਰਨ ਦੇ ਲਈ’ ਕਰ ਦਿੱਤਾ। ਹੁਣ ਕਿਸੇ ਕੰਪਨੀ ਨੂੰ ਪਹਿਲਾਂ ਸਨਅਤ ਲਾਉਣ ਦੀ ਲੋੜ ਨਹੀਂ ਹੈ। ਯਾਨੀ ਨਿਵੇਸ਼ ਤੋਂ ਪਹਿਲਾਂ ਮੁਨਾਫਾ ਸੁਰਖਿਅਤ। ਮੁਦੇ ’ਤੇ ਉਦੋਂ ਦੇ ਸਤੀਸ਼ਗੜ੍ਹ ਸਰਕਾਰ ਦੇ ਸਾਬਕਾ ਮੁੱਖ ਸਕੱਤਰ ਦੇ ਫਿਲਹਾਲ ਮੁੱਖ ਮੰਤਰੀ ਰਮਨ ਦੇ ਵਿਸ਼ੇਸ਼ ਅਧਿਕਾਰੀ ਵਜੋਂ ਤਾਇਨਾਤ ਸ਼ਿਵਰਾਜ ਸਿੰਘ ਨੇ ਕਿਹਾ ‘ਮੈਂ ਰਿਟਾਇਰ ਹੋ ਚੁੱਕਿਆ ਹਾਂ ਅਤੇ ਮੈਂ ਕੋਈ ਟਿੱਪਣੀ ਨਹੀਂ ਕਰਨੀ ਹੈ’ ਹਾਕਮ ਭਾਜਪਾ ਦੇ ਬਾਗੀ ਨੇਤਾ ਵੀਰੇਂਦਰ ਪਾਂਡੇ ਦੀ ਮੰਨੀਏ ਤਾਂ ਕੋਚੇ ਲੋਹੇ ਨਾਲ ਭਰਪੂਰ ਖੇਤਰ ਦੀ ਖੁਦਾਈ ਕਿਸ ਨੂੰ ਸੋਨੇ ਦੀ ਖਾਨ ਦਾ ਪਟਾ ਦੇਣਾ ਹੈ। ਰਮਨ ਸਿੰਘ ਸਰਕਾਰ ਨੇ ਸਤੀਸ਼ਗੜ੍ਹ ਦੀ ਦੌਲਤ ਲੁਟਣ ਦਾ ਪੂਰਾ ਬੰਦੋਬਸਤ ਕਰ ਲਿਆ ਹੈ।’ ਮਾਮਲੇ ’ਚ ਸਰਕਾਰ ਦੀ ਮੰਸ਼ਾ ਕੀ ਹੈ? ਇਸ ’ਤੇ ਵੀਰੇਂਦਰ ਪਾਂਡੇ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਨਾਲ ਪੁਸ਼ਪ ਸਟੀਲ ਨੂੰ ਖੁਦਾਈ ਪਟਾ ਦਿੱਤਾ ਜਾ ਰਿਹਾ ਹੈ। ਸਾਫ ਹੈ ਕਿ ਸਰਕਾਰ ਦੇ ਵੱਡੇ ਹੁਕਮਰਾਮਾ ਦੀ ਕੰਪਨੀ ’ਚ ਹਿੱਸੇਦਾਰੀ ਨਹੀਂ ਤਾਂ ਵੀ ਮੋਟਾ ਲੈਣ ਦੇਣ ਹੋ ਚੁੱਕਿਆ ਹੈ। ‘ਦਰਅਸਲ ਟਟਪੂੰਜੀਆਂ ਕੰਪਨੀਆਂ ਖੜੀਆਂ ਕਰਕੇ ਸਤੀਸ਼ਗੜ੍ਹ ’ਚ ਖੁਦਾਈ ਪਟਾ ਸੌਂਪੇ ਜਾਣਾ ਅਤੇ ਫਿਰ ਕੰਪਨੀ ਦੇ ਸ਼ੇਅਰ ਹੋਲਡਰ ਬਦਲ ਕੇ ਪਟੇ ਨੂੰ ਭਾਰੀ ਮੁਨਾਫੇ ’ਚ ਵੇਚਣ ਦਾ ਧੰਦਾ ਬਦਸਤੂਰ ਜਾਰੀ ਹੈ।’ ਵਿਰੋਧੀ ਪਾਰਟੀ

ਕਾਂਗਰਸ ਦੇ ਨੇਤਾ ਰਵਿੰਦਰ ਚੌਬੇ ਕਹਿੰਦੇ ਹਨ।

ਵਰਨਣਯੋਗ ਹੈ ਕਿ ਮਾਮਲੇ 'ਚ ਹੋਰ ਵੀ ਕਈ ਗੁਲਖਿਲੇ, ਇਥੇ ਦਸ ਦੇਈਏ ਕਿ ਪੁਸ਼ਪ ਸਟੀਲ ਦੇ ਦੋ ਸੰਚਾਲਕ ਅਤੁਲ ਜੈਨ ਤੇ ਸੰਜੈ ਜੈਨ ਹਨ ਅਤੇ ਕੰਪਨੀ ਦਾ ਪੰਜੀਕਰਣ (ਨੰ. 132-17) ਦੋ ਜੂਨ 2004 ਨੂੰ ਹੋਇਆ। ਛੇ ਅਗਸਤ 2007 ਨੂੰ ਇਸ ਕੰਪਨੀ ਦੀ ਪੂੰਜੀ ਸਿਰਫ਼ 50 ਹਜ਼ਾਰ ਰੁਪਏ ਤੇ ਪੈਡਅਪ ਕੈਪੀਟਲ ਦੋ ਲੱਖ 25 ਹਜ਼ਾਰ ਰੁਪਏ ਸੀ। ਯਾਨੀ ਕੁਲ ਪੌਣੇ ਤਿੰਨ ਲੱਖ ਦੀ ਕੰਪਨੀ ਨੂੰ ਕਰੋੜਾਂ ਦਾ ਖੁਦਾਈ ਪਟਾ ਦਿੱਤਾ ਗਿਆ। ਹਾਲਾਂਕਿ ਕੰਪਨੀ ਦੇ ਇਕ ਨਿਰਦੇਸ਼ਕ ਅਤੁੱਲ ਜੈਨ ਦਾ ਦਸਤਾਵੇਜੀ ਦਾਅਵਾ ਹੈ ਕਿ 'ਕੰਪਨੀ ਨੇ ਸਟੀਲ ਸਨਅਤ ਲਈ ਸਤੀਸ਼ਗੜ੍ਹ 'ਚ 35 ਕਰੋੜ ਰੁਪਏ ਨਿਵੇਸ਼ ਕਰ ਦਿੱਤੇ ਹਨ।' ਪਰ ਨਿਵੇਸ਼ ਤਾਂ ਕਰਾਰ ਪਿਛੋਂ ਹੋਇਆ। ਦੋਹਰੇ ਮਾਪਦੰਡ ਰਮਨ ਸਿੰਘ ਸਰਕਾਰ ਦੀ ਸੁਚਿਤਾ 'ਤੇ ਹੋਰ ਵੀ ਸੁਆਲ ਖੜ੍ਹੇ ਕਰਦੇ ਹਨ। ਟਾਟਾ ਅਤੇ ਇਸਾਰ ਸਟੀਲ ਵਰਗੀਆਂ ਕੰਪਨੀ ਨੂੰ 'ਖਾਣ ਤੇ ਖਣਿਜ (ਨਿਯਮਨ ਤੇ ਵਿਕਾਸ) ਦੀ ਧਾਰਾ (1) ਅਤੇ ਸੰਨ 1981 ਦੀ 'ਨੋਟੀਫੀਕੇਸ਼ਨ' ਦੀ ਕਸੌਟੀ ਵਿਚ ਸ਼ਬਦ : ਕਸਾ-ਘਿਸਾ ਗਿਆ ਪਰ ਪੁਸ਼ਪ ਸਟੀਲ ਇਹਨਾਂ ਤੋਂ ਬਰੀ ਰਿਹਾ। ਪਹਿਲਾਂ ਟਾਟਾ ਸਟੀਲ ਦੀ ਅਰਜੀ ਖਾਰਿਜ ਹੋਈ ਬਾਅਦ 'ਚ ਖੁਦਾਈ ਪਟਾ ਦੇਣ ਤੋਂ ਪਹਿਲਾਂ ਟਾਟਾ ਸਟੀਲ ਦੀ ਹੈਸੀਅਤ ਹਰ ਕੋਨੇ ਤੋਂ ਜਾਂਚੀ ਗਈ। ਇਸ ਵਿਚ ਟਾਟਾ ਸਟੀਲ ਦੀ ਵਿਤੀ ਸਥਿਤੀ, ਖੁਦਾਈ 'ਚ ਅਨੁਭਵ ਕੰਪਨੀ ਦੇ ਪ੍ਰਸਤਾਵਿਤ ਸੰਯੰਤਰ ਦੀ ਪ੍ਰਸਤਾਵਿਤ ਸਮਰਥਾ ਤੇ ਪ੍ਰਸਤਾਵਿਤ ਲਾਗਤ, ਪੈਦਾਵਾਰ ਯੋਗਤਾ ਦੇ ਅਨਰੂਪ ਕੱਚੇ ਲੋਹੇ ਦੀ ਜ਼ਰੂਰਤ ਤੋਂ ਇਲਾਵਾ ਪ੍ਰਸਤਾਵਿਤ ਪ੍ਰੋਜੈਕਟ ਲਈ ਅਜੇ ਤਕ ਟਾਟਾ ਸਟੀਲ ਨੇ ਕੀ ਪ੍ਰਭਾਵੀ ਕਦਮ ਉਠਾਏ ਹਨ ਵਰਗੇ ਸਾਰੇ ਪਹਿਲੂ ਸ਼ਾਮਲ ਸਨ। ਪਰ ਅਜਿਹਾ ਕੁਝ ਵੀ ਪੁਸ਼ਪ ਦੇ ਨਾਲ ਨਹੀਂ ਹੋਇਆ ਕਿਉਂ? ਏਨਾ ਹੀ ਨਹੀਂ, ਜਿਸ ਆਦੇਸ਼ (ਪੰਜ ਮਈ 2005) ਤੋਂ ਪੁਸ਼ਪ ਸਟੀਲ ਦੀ ਖੁਦਾਈ ਦੀ ਮੰਜੂਰੀ ਦਿੱਤੀ ਗਈ। ਉਸ ਹੁਕਮ ਵਿਚ ਰਾਏਗੜ੍ਹ ਦੀ ਸਿੰਘਲ ਇੰਟਰਪ੍ਰਾਈਜਜ ਦੀ ਖੁਦਾਈ ਅਰਜੀ ਖਾਰਜ ਕਰਕੇ ਸਿਰਫ ਪੂਰਵੇਕਕਸ਼ ਪਟੇ ਦੀ ਮੰਜੂਰੀ ਦਿੱਤੀ ਗਈ। ਜਦਕਿ ਸਿੰਘਲ ਇੰਟਰਪ੍ਰਾਈਜਜ਼ ਅਰਸੇ ਤੋਂ ਸਟੀਲ ਉਤਪਾਦਨ ਵਿਚ ਹੈ ਅਤੇ ਪੁਸ਼ਪ ਨੇ ਅਜੇ ਕਦਮ ਵੀ ਨਹੀਂ ਰਖਿਆ ਹੈ। ਸੁਆਲ ਹੈ ਆਖਰ ਕੀ ਪੈਦਾਵਾਰ ਕਰਨ ਜਾ ਰਿਹਾ ਹੈ ਪੁਸ਼ਪ ਸਟੀਲ? ਸਹਿਮਤੀ ਪੱਤਰ 'ਚ ਕੁਲ ਪੌਣੇ ਤਿੰਨ ਲੱਖ ਰੁਪਏ ਦੀ ਕੰਪਨੀ ਪੁਸ਼ਪ ਸਟੀਲ ਦੀ ਕੁਲ 380 ਕਰੋੜ ਰੁਪਏ ਦੀ ਯੋਜਨਾ ਦਾ ਸੰਖੇਪ ਖਾਕਾ ਸਤੀਸ਼ਗੜ੍ਹ ਸਰਕਰ ਨੂੰ ਸੌਂਪਿਆ ਹੈ। ਇਸ ਦੇ ਤਹਿਤ 80 ਕਰੋੜ ਰੁਪਏ ਵਿਚ ਸਪਾਂਜ ਆਇਰਨ, 75 ਕਰੋੜ ਰੁਪਏ 'ਚ 24 ਮੈਗਾਵਾਟ ਦਾ ਬਿਜਲੀ ਉਤਪਾਦਨ ਯੰਤਰ ਅਤੇ 225 ਕਰੋੜ ਰੁਪਏ 'ਚ ਵਾਹਨਾ ਲਈ ਯੂਰੋ-4 ਅਤੇ ਯੂਰੋ-5 ਪੈਮਾਨਿਆਂ ਦੇ ਹਿਸਾਬ ਨਾਲ ਪ੍ਰਦੂਸ਼ਣ ਕੰਟਰੋਲ ਕਰਨ ਵਾਲੇ ਪੁਰਜੇ ਬਣਾਉਣ ਦਾ ਕਾਰਖਾਨਾ ਲਾਉਣ ਦਾ ਭਰੋਸਾ ਪੁਸ਼ਪ ਸਟੀਲ ਨੇ ਦਿੱਤਾ ਹੈ ਹਾਲਾਂਕਿ ਇਸ ਆਖਰੀ 225 ਕਰੋੜ ਰੁਪਏ ਦੇ ਪੂੰਜੀ ਸਯੰਤਰ ਦਾ ਸਟੀਲ ਕਾਰਖਾਨਿਆਂ ਨਾਲ ਕੋਈ, ਤਾਰਕਿਕ ਰਿਸ਼ਤਾ ਨਹੀਂ ਹੈ। ਅਤੁਲ ਜੈਨ ਦੀ ਜਾਣਕਾਰੀ ਮੁਤਾਬਕ, 'ਸਟੀਲ ਉਦਯੋਗ ਸੰਯੰਤਰ ਲਈ ਚੀਨ ਦੀ ਇਕ ਕੰਪਨੀ ਨੂੰ 25 ਲੱਖ ਰੁਪਏ ਦਾ ਚੈਕ ਦਿੱਤਾ ਜਾ ਚੁਕਿਆ ਹੈ ਅਤੇ ਪੁਰਜੇ ਬਣਾਉਣ ਲਈ ਬ੍ਰਾਜ਼ੀਲ ਦੀ ਇਕ ਕੰਪਨੀ ਨਾਲ ਇਕਰਾਰ ਹੋਇਆ ਹੈ।' ਅਤੁਲ ਜੈਨ ਨੇ ਮੰਨਿਆ ਕਿ ਇਕਰਾਰ ਹੋਇਆ 28 ਮਹੀਨੇ

ਲੰਘ ਗਏ ਹਨ, ਅਤੇ ਅਜੇ ਤੱਕ ਉਦਯੋਗ ਦੀ ਵਿਸਥਾਰਿਤ ਕਾਰਜ ਯੋਜਨਾ (ਡੀ. ਪੀ. ਆਰ) ਤਿਆਰ ਨਹੀਂ ਹੈ।

ਇਕ ਹੋਰ ਪਹਿਲੂ, ਅਜਿਹੇ ਮਾਮਲਿਆ ਵਿਚ ਰਮਨ ਸਿੰਘ ਸਰਕਾਰ 'ਚ ਮੌਖਿਕ ਕੰਮ ਕਾਜ ਵੱਧ ਹੁੰਦਾ ਹੈ। 5 ਮਈ 2005 ਦੇ ਆਦੇਸ਼ ਨਾਲ ਹੀ ਨਾਗਪੁਰ ਦੀ ਸਨਵਿਜੈ ਸੋਲਿੰਗ ਤੇ ਇੰਜਨੀਰਿੰਗ ਲਿਮਟਿਡ ਦੀ 3 ਸਤੰਬਰ 2004 ਨੂੰ ਜਾਰੀ ਇਕ ਪੁਰਵੇਕਸ਼ਣ ਪਟਾ ਮੰਜੂਰੀ ਕਰ ਦਿੱਤੀ ਗਈ। ਕਿਉਂਕਿ 8 ਮਹੀਨਿਆਂ ਵਿਚ ਉਦਯੋਗ ਸਥਾਪਨਾ ਦੀ ਦਿਸ਼ਾ ਵਿਚ ਪ੍ਰਭਾਵੀ ਕਦਮ ਦੇ ਅਨੁਸਾਰ ਸਨਵਿਜੈ ਕੇਂਦਰ ਸਰਕਾਰ ਦੇ ਵਣ ਮੰਤਰਾਲੇ ਦੇ ਵਣ ਸੁਰਖਿਆ ਕਨੂੰਨ 1980 ਦੇ ਤਹਿਤ ਅਨਾਪਤਿਪਤ ਹਾਸਲ ਨਹੀਂ ਕਰ ਸਕਿਆ। ਇਹ ਦੀਗਰ ਹੈ ਕਿ ਔਸਤਨ ਇਕ ਤੋਂ ਢੇਡ ਸਾਲ ਪਹਿਲਾਂ ਕਿਸੇ ਵੀ ਉਦਯੋਗ ਨੂੰ ਵਣ ਮੰਤਰਾਲੇ ਤੋਂ ਪ੍ਰਮਾਣ ਪੱਤਰ ਨਹੀਂ ਮਿਲ ਸਕਿਆ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਸੰਨ ਵਿਜੈ ਨੂੰ ਪਟਾ ਅਲਾਟ ਕਰਦੇ ਸਮੇਂ ਇਕ ਵਾਰ ਫਿਰ ਖੁਦਾਈ ਤੇ ਖਨਿਜ ਕਨੂੰਨ ਦਾ ਮਰਸੀਆ ਪੜਿਆ ਗਿਆ ਕਿਉਂਕਿ 'ਸਾਇੰਸ ਕਨਸੇਸ਼ਨ ਐਕਟ' ਦੀ ਧਾਰਾ-59 (ਸ) ਸਾਫ ਕਹਿੰਦੀ ਹੈ, ਪੂਰਬ ਵਿਚ ਪ੍ਰਭਾਵਸਾਲੀ ਪਟੇ ਦੀ ਮੰਜੂਰੀ ਹੁਕਮਤਾਂ ਦੀ ਖਾਰਜ ਹੋ ਸਕਦਾ ਹੈ ਜੇ ਪਹਿਲਾਂ ਤੋਂ ਜਾਰੀ ਹੁਕਮ ਰੱਦ ਕਰ ਦਿੱਤਾ ਗਿਆ ਹੋਵੇ। ਇਹ ਇਲਾਕਾ ਦੁਬਾਰਾ ਮਨਜੂਰੀ ਲਈ ਅਧੀਸੂਚਿਤ (ਨੋਟੀਫਾਈ) ਕੀਤਾ ਜਾਵੇ ਅਤੇ ਇਲਾਕੇ 'ਤੇ ਪਟੇ ਦੇ ਦਾਅਵੇਦਾਰਾਂ ਦੀਆਂ ਉਹਨਾਂ ਅਰਜ਼ੀਆਂ 'ਤੇ ਗੌਰ ਕੀਤਾ ਜਾਵੇ ਜੋ ਅਧੀਸੂਚਨਾ ਜਾਰੀ ਕਰਨ ਦੀ ਤਾਰੀਕ ਪਿਛੋਂ ਹਾਸਲ ਹੋਏ ਹਨ। ਇਸ 'ਤੇ ਗਜ਼ਬ ਦੀ ਫੁਰਤੀ ਵਿਖਾਈ ਰਮਨ ਸਿੰਘ ਸਰਕਾਰ ਨੇ। ਪੰਜ ਮਈ 2002 ਦੇ ਜਾਰੀ ਆਦੇਸ਼ 'ਚ ਨਾ ਤਾਂ ਇਹ ਦੱਸਿਆ ਗਿਆ ਕਿ ਕਿਸ ਦੇ ਆਦੇਸ਼ ਨਾਲ ਸਨਵਿਜੈ ਰੋਲਿੰਗ ਐਂਡ ਇੰਜਨੀਰਿੰਗ ਨੂੰ ਜਾਰੀ ਪਟਾ ਮੰਜੂਰੀ ਖਾਰਜ ਕੀਤੀ ਗਈ, ਨਾ ਹੀ ਨਵੇਂ ਆਵੇਦਨ ਲਈ ਨੋਟੀਫਰੀਕੇਸ਼ਨ ਜਾਰੀ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਪਟੇ ਦੀ ਪੇਸਕਸ਼ ਪੁਸ਼ਪ ਸਟੀਲ ਨੂੰ ਅਰਪਿਤ ਹੋਈ ਤੇ ਇਸ ਦੇ ਲਈ ਪੁਸ਼ਪ ਸਟੀਲ ਨੇ 27 ਦਸੰਬਰ 2004 ਨੂੰ ਆਵੇਦਨ ਪੇਸ਼ ਕੀਤਾ ਗਿਆ ਸੀ। ਇਸ ਤਾਰੀਖ ਤਕ ਪਟਾ ਪੇਸ਼ਕਲ ਸੰਨ ਵਿਜੈ ਨੂੰ ਮਨਜੂਰ ਸੀ। ਪੁਸ਼ਪ ਸਟੀਲ 'ਤੇ ਰਮਨ ਸਿੰਘ ਸਰਕਾਰ ਦੀ ਮੇਹਰਬਾਨੀਆਂ ਇਥੇ ਹੀ ਖਤਮ ਨਹੀਂ ਹੋਈਆਂ। ਸਹਿਮਤੀ ਪਤਰ ਵਿਚ ਪੁਸ਼ਪ ਸਟੀਲ 315 ਹਜ਼ਾਰ ਟਨ ਦੀ ਸਾਲਾਨਾ ਪੈਦਾਵਾਰ ਸਮਰਥਾ ਵਾਲਾ ਸਯੰਤਰ ਲਾਉਣ ਦਾ ਦਾਅਵਾ ਪੇਸ਼ ਕਰਦਾ ਹੈ। ਨਾ ਜਾਣੇ ਕਿਉਂ ਆਪਣੀ ਮਰਜੀ ਨਾਲ ਸਰਕਾਰ ਖੁਦ ਪਹਿਲ ਕਰਕੇ 315 ਹਜ਼ਾਰ ਟਨ ਨੂੰ ਵਧਾ ਕੇ ਚਾਰ ਲੱਖ ਟਨ ਕਰ ਦਿੰਦੀ ਹੈ। ਆਖਰ ਕਿਉਂ? ਧਿਆਨ ਦੇਣ ਯੋਗ ਹੈ ਕਿ ਵਿਰੋਧੀ ਪਾਰਟੀ ਕਾਂਗਰਸ ਨੇ ਮੁਦਾ ਵਿਧਾਨ ਸਭਾ 'ਚ ਉਠਾਇਆ ਸੀ। ਸਰਕਾਰ ਨੇ ਸਦਨ ਨੂੰ ਭਰੋਸਾ ਦਿੱਤਾ ਅਤੇ ਪੁਸ਼ਪ ਸਟੀਲ ਦੇ ਨਾਲ ਕਰਾਰ ਰੱਦ ਕਰ ਦਿੱਤਾ ਗਿਆ ਦੂਜੇ ਪਾਸੇ ਪਟਾ ਪੇਸ਼ਕਸ਼ ਜਾਰੀ ਰਖੀ ਗਈ। ਐਸਾ ਕਿਉਂ? ਇਸ ਤੇ ਵਿਰੋਧੀ ਦਲ ਕਾਂਗਰਸ ਦੇ ਨੇਤਾ ਰਵਿੰਦਰ ਚੌਬੇ ਦਾ ਸਾਫ਼ ਦੋਸ਼ ਹੈ 'ਸਰਕਾਰ ਤੇ ਉਸ ਦੇ ਵੱਡੇ ਅਫਸਰ ਮਿਲ ਕੇ ਸਤੀਸ਼ਗੜ੍ਹ ਦੀ ਜਾਇਦਾਦ ਨੂੰ ਆਪਣੇ ਹਿੱਤ 'ਚ ਵੇਚ ਰਹੇ ਹਨ' ਇਹ ਇਕ ਗੰਭੀਰ ਦੋਸ਼ ਹੈ।

# ਪਾਸਵਾਨ ਦੀ 'ਲੋਜਪਾ' ਲੋਕ ਗਨਸ਼ਕਤੀ ਪਾਰਟੀ

ਤੇਲ ਮਾਫੀਆ, ਰੇਲ ਮਾਫੀਆ, ਤਸਕਰ ਸਮਰਾਟ, ਪੇਸ਼ਾਵਰ ਅਗਵਾਹਕਾਰ ਤੇ ਸੁਪਾਰੀ ਕਿਲਰ ਨੂੰ ਜਿਸ ਰਫਤਾਰ ਨਾਲ ਚੁਣਾਵੀ ਅਖਾੜੇ 'ਚ ਰਾਮਵਿਲਾਸ ਪਾਸਵਾਨ ਉਤਾਰ ਰਹੇ ਹਨ, ਉਸ ਤੋਂ ਸਾਫ ਸੰਕੇਤ ਮਿਲਦਾ ਹੈ ਕਿ ਲੋਕ ਜਨ ਸ਼ਕਤੀ ਪਾਰਟੀ ਅਪਰਾਧੀਆਂ ਦਾ ਸੰਗਠਿਤ ਗਰੋਹ ਬਣ ਚੁੱਕੀ ਹੈ.....ਇਸ ਅਖੌਤੀ ਦਲਿਤ ਦਿਗੱਜ ਨੇ ਜੋ ਇਹ ਨਾਹਰਾ ਦੇ ਰਖਿਆ ਹੈ ਕਿ 'ਮੈਂ ਉਸ ਘਰ 'ਚ ਦੀਵਾ ਜਗਾਉਣ ਚਲਿਆ ਹਾਂ ਜਿਥੇ ਸਦੀਆਂ ਤੋਂ ਹਨੇਰਾ ਹੈ।' ਉਹਨਾਂ ਨੂੰ ਹੁਣ ਗਲਾ ਪਾੜ ਕੇ ਚੀਕਣਾ ਚਾਹੀਦਾ ਹੈ ਕਿ 'ਜਨਤਾ ਸਾਵਧਾਨ, ਜਲਦੀ ਹੀ ਤੁਹਾਡੀ ਝੁੱਗੀ-ਝੌਂਪੜੀ ਦਾ ਚਿਰਾਗ ਬੁਝਣ ਵਾਲਾ ਹੈ ਕਿਉਂਕਿ ਮੈਂ ਲੋਕ 'ਗਨਸ਼ਕਤ' ਪਾਰਟੀ ਦੀ ਸਥਾਪਨਾ ਕਰ ਲਈ ਹੈ ਜਿਸ ਵਿਚ ਇਕ ਤੋਂ ਵਧਾ ਕੇ ਇਕ ਸੂਰਮਾ ਤੇ ਜਾਬਰ ਲੋਕ ਸ਼ਾਮਲ ਹਨ। ਇਹ ਤਿੱਖੀ ਟਿੱਪਣੀ ਲੋਕ ਸਭਾ ਦੇ ਸਪੀਕਰ ਰਹੇ ਇਕ ਗਾਂਧੀਵਾਦੀ ਰਾਜਨੇਤਾ ਦੀ ਹੈ। ਸੱਚਮੁੱਚ ਰਾਮਵਿਲਾਸ ਪਾਸਵਾਨ ਨੇ ਰਾਮ ਲਖਨ ਸਿੰਘ, ਰਾਮਾ ਸਿੰਘ, ਜਾਕਿਰ ਵਰਗੀਆਂ ਸਖਸ਼ੀਅਤਾਂ ਨੂੰ ਚੋਣਾਂ ਵਿਚ ਖੜਾ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਜ਼ਰੂਰਤ ਪੈਣ 'ਤੇ ਉਹ ਕਿਸੇ ਨਾਲ ਵੀ ਹੱਥ ਮਿਲਾ ਸਕਦੇ ਹਨ। ਲਾਲੂ-ਰਾਬੜੀ ਦੀ 15 ਸਾਲਾ ਦੀ ਹਕੂਮਤ ਨੂੰ 'ਜੰਗਲ ਦਾ ਰਾਜਾ' ਦੇ ਨਾਂ ਨਾਲ ਨਿਵਾਜਣ ਵਾਲੇ ਰਾਮ ਵਿਲਾਸ ਕੀ ਹੁਣ ਰਾਮਲਖਨ ਸਿੰਘ, ਰਾਮਾ ਸਿੰਘ, ਸੂਰਜਭਾਨ ਸਿੰਘ, ਜਾਕਿਰ ਅਨਵਰ ਆਦਿ ਦੀ ਮਾਰਫਤ ਲੋਕ ਸਭਾ ਨੂੰ ਕਿਤੇ 'ਹਿਸਟਰੀਸੀਟੇਡ' ਸਭਾ ਬਣਾਉਣ ਦਾ ਸੁਪਨਾ ਤਾਂ ਨਹੀਂ ਮਨ 'ਚ ਵਸਾਈ ਬੈਠੇ? ਇਸ ਲੱਖ ਟਕੇ ਦੇ ਸੁਆਲ ਦਾ ਜੁਆਬ ਤਾਂ ਖੁਦ ਪਾਸਵਾਨ ਹੀ ਦੇ ਸਕਦੇ ਹਨ। ਇਹਨਾਂ ਬਾਰੇ ਰਾਮਵਿਲਾਸ ਦਾ ਨਾਪੀ ਤੋਲੀ ਭਾਸ਼ਾ 'ਚ ਜੁਆਬ ਸੀ 'ਇਹ ਸਾਰੇ ਸਮਾਜ ਸੇਵਕ ਹਨ, ਗਰੀਬਾਂ ਦੇ ਮਸੀਹਾ, ਰਹਿਨੁਮਾ ਹਨ।' ਪਾਸਵਾਨ ਦੇ ਇਸ ਬਿਆਨ ਤੋਂ ਇਹਨਾਂ ਸਾਰੇ 'ਸਮਾਜ ਸੇਵਕਾਂ' ਦੀ ਕੁੰਡਲੀ ਫਰੋਲਣ ਦੀ ਲੋੜ ਹੈ। ਉਹਨਾਂ ਦੇ ਚਮਕਦੇ ਚੇਹਰਿਆਂ ਅਤੇ ਇਕੱਠੀ ਕੀਤੀ ਨਜਾਇਜ਼ ਜਾਇਦਾਦ ਦੇ ਭੇਦ ਤੋਂ ਪਰਦਾ ਉਠਦਾ ਗਿਆ ਹੈ। ਜਿਥੋਂ ਤੱਕ ਰਾਮਲਖਨ ਸਿੰਘ ਦਾ ਸੁਆਲ ਹੈ ਤਾਂ 'ਬਿਹਾਰ ਦਾ ਮਾਸਕੋ' ਬੇਗੂਸਰਾਏ 'ਚ ਤੇਲ ਦੀ ਕਾਲੀ ਕਮਾਈ ਨਾਲ ਉਹਨਾਂ ਨੇ ਆਪਣੀ ਸਲਤਨਮ ਕਾਇਮ ਕਰ ਰਖੀ ਹੈ। ਬੇਗੂਸਰਾਏ ਦੇ ਹੀ ਬੀਹਟ ਨਿਵਾਸੀ 55 ਸਾਲਾ ਰਾਮਲਖਨ ਮਾਫੀਆ ਸਰਗਨਾਂ ਤੇ ਬਲਿਆ ਲੋਕਪਾ ਸੰਸਦ ਸੂਰਜ ਭਾਨ ਦੇ ਉਸਤਾਦ ਹਨ। ਜੁਰਮ ਦਾ ਪਾਠ ਸੂਰਜਭਾਨ ਨੇ ਰਾਮਲਖਨ ਤੋਂ ਹੀ ਪੜ੍ਹਿਆ ਸੀ। ਸਿਆਸਤ 'ਚ ਪੈਰ ਜਮਾਉਣ ਤੋਂ ਪਹਿਲਾਂ ਸੂਰਜਭਾਨ ਦਾ ਅੱਡਾ ਰਾਮਲਖਨ ਸਿੰਘ ਦਾ ਇਬ੍ਰਾਹਿਮ ਟੋਲਾ ਬੀਹਟ ਦਾ ਵਿਸ਼ਾਲ ਮਕਾਨ 'ਤੇ ਹੁੰਦਾ ਸੀ। ਕਤਲ, ਆਰਮਜ਼ ਐਕਟ, ਰੰਗਦਾਰੀ ਦੇ ਅਨੇਕਾਂ ਮੁਕੱਦਮੇ ਰਾਮ ਲਖਨ 'ਤੇ ਲੱਦੇ ਹੋਏ ਹਨ। ਇਬ੍ਰਾਹਿਮ ਟੋਲੇ ਵਿਚੋਂ ਰਾਮਲਖਨ ਸਿੰਘ ਨੇ ਇਕ ਮੋਮਫੈਕਟਰੀ ਸਥਾਪਤ ਕੀਤੀ ਸੀ, ਦਿਖਾਉਣ ਲਈ ਤਾਂ ਉਹ ਮੋਮ ਦਾ ਕਾਰੋਬਾਰ ਹੁੰਦਾ ਸੀ ਪਰ ਉਸ ਦੀ ਆੜ ਵਿਚ ਉਥੇ ਸੰਗੀਨ ਵਾਰਦਾਤਾਂ ਨੂੰ ਨੇਪਰੇ ਚਾੜਨ ਦਾ ਤਾਣਾ ਬਣਿਆ ਰਚਿਆ ਜਾਂਦਾ ਸੀ। ਇਸ ਸਿਲਸਿਲੇ 'ਚ ਇਕ ਵਾਰੀ ਫਿਰ ਗੁਪਤ ਸੂਚਨਾ ਦੇ ਅਧਾਰ ਤੇ ਪੁਲਸ ਨੇ ਛਾਪਾ ਮਾਰਕੇ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਸੀ। ਉਸ ਵੇਲੇ ਸੂਰਜਭਾਨ ਤੇ ਮੋਕਾਮਾ ਦੇ ਖੂੰਖਾਰ

ਅਪਰਾਧੀ ਮਨੋਜ ਸਿੰਘ ਵੀ ਉਥੇ ਸਨ। ਕਿਸੇ ਤਰ੍ਹਾਂ ਪੁਲਸ ਨੂੰ ਚਕਮਾ ਦੇ ਕੇ ਸੂਰਜਭਾਨ ਤੇ ਮਨੋਜ ਫਰਾਰ ਹੋ ਗਏ।

ਬੇਗੂਸਰਾਏ ਦੇ ਸਟੇ ਰਿਫਾਇਨਰੀ ਵੱਲੋਂ ਵੱਡੇ-ਵੱਡੇ ਟੈਕਰਾਂ ਵਿਚ ਹਜ਼ਾਰਾਂ ਲਿਟਰ ਤੇਲ ਰੇਲਵੇ ਯਾਰਡ ਬੇਗੂਸਰਾਏ ਜਿਉਂ ਹੀ ਪਹੁੰਚਦਾ ਸੀ। ਰਾਮਲਖਨ ਦੇ ਪਿਆਦੇ ਉਸ ਵਿਚੋਂ ਅੱਧਾ ਤੇਲ ਕੱਢ ਲੈਂਦੇ ਸਨ। ਮਜਾਲ ਸੀ ਕਿ ਕੋਈ ਰੋਕ ਲੈਂਦਾ। ਕਮਿਊਨਿਸਟਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਖੱਬੇਪੱਖੀ ਚੰਦੇਸਵਾਰੀ ਸਿੰਘ ਨੇ ਰਾਮਲਖਨ ਨੇ ਬੰਬ ਨਾਲ ਹਮਲਾ ਕਰਵਾ ਦਿੱਤਾ। ਆਖਰ ਇਸ ਕੇਸ 'ਚ ਭਾਰਤ ਸਰਕਾਰ ਦੇ ਉਸ ਵੇਲੇ ਦੇ ਗ੍ਰਹਿ ਮੰਤਰੀ ਇੰਦਰਜੀਤ ਗੁਪਤ ਨੂੰ ਦਖਲ ਦੇਣਾ ਪਿਆ ਸੀ। ਗੁਪਤ ਬੇਗੂਸਰਾਏ ਗਏ ਸਨ ਤਾਂ ਉਹਨਾਂ ਨੇ CISF ਦੇ ਆਈ ਜੀ ਕਿਸ਼ੋਰ ਕੁਣਾਲ ਨੂੰ ਹੁਕਮ ਦਿੱਤਾ ਸੀ ਕਿ ਸਖਤੀ ਨਾਲ ਤੇਲ ਦੇ ਇਸ ਨਜਾਇਜ਼ ਧੰਦੇ 'ਤੇ ਰੋਕ ਲਾਈ ਜਾਵੇ। ਉਸ ਪਿੱਛੋਂ ਕੁਣਾਲ ਨੇ ਫਰਮਾਨ ਜਾਰੀ ਕੀਤਾ ਸੀ ਕਿ ਤੇਲ ਟੈਂਕਰ ਦੀ ਰਫ਼ਤਾਰ 30 ਕਿ. ਮੀ. ਘੱਟੋ-ਘੱਟ ਰਹੇਗੀ। ਦੱਸਣਯੋਗ ਹੈ ਕਿ ਰਾਮਲਖਨ ਦੀ ਆਲੀਸ਼ਾਨ ਕੋਠੀ ਰੇਲਵੇ ਟਰੈਕ ਦੇ ਬਿਲਕੁਲ ਨਜ਼ਦੀਕ ਹੀ ਹੈ ਅਤੇ ਉਹਨਾਂ ਦੀ ਦਹਿਸ਼ਤ ਦੇ ਮਾਰੇ ਡਰਾਈਵਰ ਟੈਂਕਰਾਂ ਦੀ ਰਫ਼ਤਾਰ ਪੰਜ ਕਿਲੋਮੀਟਰ ਪ੍ਰਤੀ ਘੰਟਾ ਕਰ ਦਿੰਦੇ ਸਨ। ਰਾਮਲਖਨ ਕੋਲ ਲੱਛਮੀ ਦੀ ਬਰਸਾਤ ਹੋਣ ਲੱਗੀ ਤਾਂ ਉਹਨਾਂ ਨੇ ਰਾਜਨੀਤੀ ਜੁਆਇਨ ਕਰ ਲਈ। ਆਪਣੇ ਰਾਸੂਖ ਤੇ 'ਥ੍ਰੀ' ਦੇ ਅਰਥਾਤ ਕਾਸਟ, ਕ੍ਰਿਮਿਨਲ ਤੇ ਕੈਸ਼ ਦੇ ਆਸਰੇ ਉਹਨਾਂ ਨੇ ਬੇਗੂਸਰਾਏ ਭਾਜਪਾ ਜ਼ਿਲ੍ਹਾ ਪ੍ਰਧਾਨ ਦੀ ਕੁਰਸੀ ਸੰਭਾਲ ਲਈ। 2000 ਦੀ ਵਿਧਾਨ ਸਭਾ ਚੋਣ 'ਚ ਬਰੌਨੀ ਤੋਂ ਰਾਮਲਖਨ ਨੇ ਕਮਲਛਾਪ 'ਤੇ ਆਪਣੀ ਕਿਸਮਤ ਵੀ ਅਜਮਾਈ ਸੀ ਪਰ ਸੀ. ਪੀ. ਆਈ. ਦੇ ਜਮੀਨੀ ਨੇਤਾ ਰਾਜੇਂਦਰ ਸਿੰਘ ਤੋਂ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਸੀ। ਫਿਰ ਪੰਦਰਵੀਂ ਲੋਕ ਸਭਾ ਲੋਕ ਸਭਾ ਚੋਣਾਂ ਮੌਕੇ ਰਾਮਲਖਨ ਦੇ ਸਾਗਿਰਦ ਸੂਰਜਭਾਨ ਨੇ ਆਪਣੇ ਸਿਆਸੀ ਆਕਾ ਰਾਮ ਵਿਲਾਸ ਤੋਂ ਟਿਕਟ ਪੈਰਵੀਂ ਕਰਕੇ ਆਪਣੇ ਗੁਰੂ ਨੂੰ ਬੇਗੂਸਰਾਏ ਸੀਟ ਬਤੌਰ ਦਕਸਣਾ ਦਿਵਾ ਕੇ ਹੀ ਸੁਖ ਦਾ ਸਾਹ ਲਿਆ। ਵੈਸੇ ਰਾਮਲਖਨ ਦੇ ਇਸ ਚੇਲੇ ਦੀ ਚੁਣਾਵੀ ਕਿਸ਼ਤੀ ਮਝਧਾਰ ਵਿਚ ਫਸੀ ਹੋਈ ਹੈ। ਦਰਅਸਲ ਸੂਰਜਭਾਨ ਨੂੰ ਬੇਗੂਸਰਾਏ ਫਾਸਟ ਟ੍ਰੈਕ ਕਚਹਿਰੀ ਨੇ ਉਸੇ ਜ਼ਿਲ੍ਹੇ ਦੇ ਘੜਾ ਬਲਾਕ ਬਾਸ਼ਿੰਦੇ ਰਾਮੀ ਸਿੰਘ ਦੇ ਕਤਲ ਦੇ ਦੋਸ਼ ਵਿਚ ਜੂਨ 2008 ਨੂੰ ਉਮਰ ਕੈਦ ਦੀ ਸਜਾ ਮੁਕਰਰ ਕੀਤੀ ਸੀ। ਸੂਰਜਭਾਨ ਇਕ ਮਹੀਨਾ ਜੇਹਲ 'ਚ ਬੰਦ ਰਿਹਾ ਸੀ। ਪਟਨਾ ਹਾਈ ਕੋਰਟ ਨੇ ਉਹਨਾਂ ਨੂੰ ਜਮਾਨਤ 'ਤੇ ਛੱਡ ਰੱਖਿਆ ਹੈ। ਆਪਣੀ ਸਜਾ ਨੂੰ ਮੁਲਤਵੀ ਕਰਵਾਉਣ ਹਿੱਤ ਉਹਨਾਂ ਨੇ ਹਾਈ ਕੋਰਟ 'ਚ ਅਰਜ਼ੀ ਦਿੱਤੀ ਹੈ। ਅਦਾਲਤ ਦੇ ਹੁਕਮ 'ਤੇ ਹੀ ਉਹ ਚੋਣਾਂ ਲੜ ਸਕਦੇ ਹਨ। ਲਿਹਾਜ਼ਾ, ਇਸ ਸੂਰਤ ਵਿਚ ਉਹਨਾਂ ਨੇ ਆਪਣੀ ਪਤਨੀ ਵੀਣਾ ਸਿੰਘ ਨੂੰ ਨਵਾਦਾ ਦੇ ਦੰਗਲ 'ਚ ਸ਼ਿਰਕਤ ਕਰਾਉਣ ਦਾ ਫੈਸਲਾ ਕੀਤਾ ਹੈ। ਸੂਰਜਭਾਨ 'ਤੇ ਚੱਲੇ ਅਪਰਾਧਿਕ ਕੇਸਾਂ ਦਾ ਜ਼ਿਕਰ ਕਰਨਾ ਆਪਣੇ ਆਪ 'ਚ ਬੇਮਾਨੀ ਹੋਵੇਗਾ। ਮੌਕਾਮਾ, ਬੇਗੂਸਰਾਏ ਪਟਨਾ ਤੋਂ ਲੈ ਕੇ ਉਤਰ ਪ੍ਰਦੇਸ਼ ਦੇ ਗੋਰਖਪੁਰ, ਲਖਨਊ ਤਕ ਉਹਨਾਂ ਤੇ ਕਤਲ, ਫਿਰੌਤੀ ਦੇ ਦੋ ਦਰਜਨ ਤੋਂ ਵੱਧ ਮੁਕਦਮੇ ਚਲਦੇ ਹਨ। ਸੂਬੇ ਦੇ ਸਾਬਕਾ ਮੰਤਰੀ ਇੰਜ. ਡਾ. ਬ੍ਰਿਜ ਬਿਹਾਰੀ ਦੇ ਕਤਲ 'ਚ ਸੀ. ਬੀ. ਆਈ. ਨੇ ਉਹਨਾਂ ਖਿਲਾਫ ਚਾਰਜਸੀਟ ਵੀ ਪੇਸ਼ ਕੀਤੀ ਸੀ। ਮਾਮਲਾ ਅਦਾਲਤ ਦੇ ਵਿਚਾਰਧੀਨ ਹੈ।

ਸੂਰਜਭਾਨ ਲੋਜਪਾ 'ਚ ਨੰਬਰ 2 ਦੀ ਐਸੀਅਤ ਰਖਦੇ ਹਨ। ਰੇਲਵੇ ਨੂੰ ਠੇਕਿਆਂ 'ਤੇ ਉਨ੍ਹਾਂ ਦੇ ਕਬਜੇ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਪਟਨਾ 'ਚ ਅੰਡਰਵਰਲਡ ਦੀ ਇਕ ਮੀਟਿੰਗ ਦੌਰਾਨ ਸੂਰਜਭਾਨ, ਜਦਯੂ ਵਿਧਾਇਕ ਸੁਨੀਲ ਪਾਂਡੇ ਤੇ ਪਾਂਡਵ ਗਿਰੋਹ ਨੇ ਰੇਲਵੇ ਠੇਕੇ ਦਾ ਆਪਸ 'ਚ ਬਟਵਾਰਾ ਕਰ ਲਿਆ ਸੀ। ਪਟਨਾ ਮੋਕਾਮਾ ਰੇਲਖੰਡ ਦੇ ਸਾਰੇ ਠੇਕਿਆਂ 'ਤੇ ਸੂਰਜਭਾਨ ਨੇ ਕਬਜ਼ਾ ਜਮਾਇਆ ਸੀ। ਸਿਰਫ ਪਰਸਾ ਬਜ਼ਾਰ 'ਚ ਉਹਨਾਂ ਨੇ ਰੇਲਵੇ ਟ੍ਰੈਕ ਨੂੰ ਦੂਹਰਾ ਕਰਨ ਵਾਸਤੇ ਬੱਤੀ ਕਰੋੜ ਦਾ ਠੇਕਾ ਮਿਲਿਆ ਸੀ। ਮੋਕਾਪਾ-ਬੇਗੂਸਰਾਏ ਦੀ ਗੈਂਗਵਾਰ 'ਚ ਸੂਰਜਭਾਨ ਤੇ ਜਦਯੂ ਐਮ. ਐਲ. ਏ. ਅਨੰਤ ਸਿੰਘ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹਨ। ਸੂਰਜਭਾਨ ਤੇ ਅਨੰਤ ਦਰਮਿਆਨ ਖ਼ੂਨ ਦੀ ਜੰਗ ਵਿਚ 20 ਤੋਂ ਵਧ ਲੋਕ ਹੁਣ ਤੱਕ ਖਪਾਏ ਜਾ ਚੁੱਕੇ ਹਨ। ਰਾਮਵਿਲਾਸ ਪਾਸਵਾਨ ਦੇ ਦੂਜੇ ਸਮਾਜ ਸੇਵਕ ਰਾਮਾ ਸਿੰਘ ਹਨ। ਰਾਮਾ ਅਜੇ ਮਹਨਾਰ ਤੋਂ ਵਿਧਾਨ ਸਭਾ ਮੈਂਬਰ ਹਨ। 2 ਫਰਵਰੀ 1989 ਨੂੰ ਸੀਵਾਨ ਜੇਲ 'ਚ ਬੰਦ ਮਹਾਂਬਲੀ ਸਾਂਸਦ ਸ਼ਾਹੂਬੂਦੀਨ ਦੇ ਨਾਲ ਮਿਲ ਕੇ ਰਾਮਾ ਸਿੰਘ ਨੇ ਇਸਪਾਤ ਨਗਰੀ ਜਮਸ਼ੇਦਪੁਰ ਵਿਚ ਆਨੰਤ ਰਾਓ ਜਨਾਰਦਨ ਚੋਬੇ ਤੇ ਟਾਟਾ ਨਗਰ ਯੁਵਾ ਕਾਂਗਰਸ ਦੇ ਉਸ ਵੇਲੇ ਦੇ ਪ੍ਰਧਾਨ ਪ੍ਰਦੀਪ ਮਿਸ਼ਰਾ ਦਾ ਦਿਨ ਦਿਹਾੜੇ ਕਤਲ ਕਰਕੇ ਸਨਸਨੀ ਫੈਲਾ ਦਿੱਤੀ ਸੀ। ਸਕ੍ਰੈਪ ਦੇ ਠੇਕੇ ਸਬੰਧੀ ਇਹ ਤੀਹਰਾ ਕਤਲ ਹੋਇਆ ਸੀ। ਅਖੰਡ ਬਿਹਾਰ ਦੇ ਸਭ ਤੋਂ ਵੱਡੇ ਮਾਫੀਆ ਸਰਗਨਾ ਸੂਰਜਦੇਵ ਸਿੰਘ ਦੇ ਇਸ਼ਾਰੇ 'ਤੇ ਇਹ ਕਤਲ ਹੋਇਆ। ਉਦੋਂ ਰਾਮਾ ਤੇ ਸ਼ਾਹਬੁਦੀਨ ਦੋਨੋਂ ਹੀ ਸੂਰਜਦੇਵ ਦੇ ਭਾੜੇ ਦੇ ਗੁੰਡੇ ਹੁੰਦੇ ਸਨ। ਕਲਾਂਤਰ ਵਿਚ ਰਾਮਾ ਸਿੰਘ ਤੇ ਸ਼ਾਹੂਬੂਦੀਨ ਤੇ ਸੂਰਜਦੇਵ ਤਿੰਨੋਂ ਹੀ ਐਮ. ਐਲ. ਏ. ਐਮਪੀ ਬਣੇ। ਇਸ ਚੋਣਾਂ 'ਚ ਰਾਮੇ ਦੀ ਨਜ਼ਰ ਸ਼ੁਰੂ ਤੋਂ ਹੀ ਸ਼ਿਵਹਰ ਖੇਤਰ ਤੇ ਲੱਗੀ ਹੋਈ ਸੀ। ਪਰ ਗੱਠਜੋੜ 'ਚ ਇਹ ਇਲਾਕਾ ਰਾਜਦ ਦੇ ਖਾਤੇ ਚਲਾ ਗਿਆ ਤਾਂ ਲੋਜਪਾ ਨੇ ਉਹਨਾਂ ਨੂੰ ਆਮ ਦੇ ਦੰਗਲ 'ਚ ਉਤਾਰਨਾ ਮੁਨਾਸਿਬ ਸਮਝਿਆ। 1991 ਦੀਆਂ ਲੋਕ ਸਭਾ ਚੋਣਾਂ ਉਹਨਾਂ ਦੇ ਗੁਰੂ ਸੂਰਜਦੇਵ ਨੇ ਵੀ ਆਰਾ ਤੋਂ ਲੜੀਆਂ ਸਨ। ਰਾਮ ਤੇ ਪੱਛਮੀ ਬੰਗਾਲ, ਸਤੀਸਗੜ, ਝਾਰਖੰਡ 'ਚ ਅਗਵਾ ਲੁੱਟ, ਖ਼ੂਨ ਖਰਾਬੇ ਦੇ ਤਕਰੀਬਨ ਡੇਢ ਦਰਜਨ ਮੁਕਦਮੇ ਚਲਦੇ ਹਨ। ਜਾਕਿਰ ਅਨਵਰ ਬੈਰਾਗ ਪਾਸਵਾਨ ਦੇ ਤੀਜੇ ਹੋਣਹਾਰ ਸਿਤਾਰੇ ਹਨ। ਸੂਬੇ ਦੀ ਅਪਰਾਧਕ ਰਾਜਨੀਤੀ ਵਿਚ ਜਾਕਿਰ ਦਾ ਕੀ ਯੋਗਦਾਨ ਹੈ, ਇਸ ਤੋਂ ਹਰ ਕੋਈ ਵਾਕਿਫ ਹੈ। ਜਾਕਿਰ ਅਰਿਆ 'ਚ ਲੋਜਪਾ ਦੇ ਚੀਫ ਸਕੱਤਰ ਹਨ। 2000 ਦੀ ਬਿਹਾਰ ਵਿਧਾਨ ਸਭਾ ਚੋਣ ਜਾਕਿਰ ਨੇ ਬਸਪਾ ਟਿਕਟ 'ਤੇ ਲੜੀ ਸੀ ਤੇ ਜਿਤੀ ਸੀ। ਨੇਪਾਲ ਦੇ ਨਾਮਵਰ ਸਨਅਤ ਕਾਰ ਤੁਲਸੀ ਅਗਰਵਾਲ ਦੇ ਅਗਵਾ 'ਚ ਜਾਕਿਰ ਦਾ ਨਾਂ ਜ਼ੋਰ ਨਾਲ ਆਉਂਦਾ ਸੀ। ਤਸਕਰੀ ਦੇ ਵੀ ਦੋਸ਼ ਸਨ। ਜਾਕਿਰ ਨੂੰ ਲੋਜਪਾ ਨੇ ਅਰਰਿਆ ਤੋਂ ਉਮੀਦਵਾਰ ਐਲਾਨਿਆ ਹੈ। ਸ਼ੰਕਰ ਝਾ 'ਨਾਰਥ ਲਿਬਰੇਸ਼ਨ ਆਰਮੀ' ਦੇ ਕਮਾਂਤਰ ਇਨ ਚੀਫ ਸੰਕਰ ਸਿੰਘ ਦੇ ਫਾਇਨੈਂਸਰ ਹਨ। ਉਹ 2005 'ਚ ਲੋਜਪਾ ਤੋਂ ਜਿਤੇ ਸਨ। ਸੰਕਰ ਸਿੰਘ 'ਤੇ ਕਤਲ ਦੇ ਕਈ ਜੁਰਮ ਹਨ। ਰਾਜਦ ਵਿਧਾਇਕਾ ਬੀਮਾ ਭਾਰਤੀ ਦੇ ਸੱਸ-ਸਹੁਰੇ ਦੇ ਕਤਲ ਦਾ ਦੋਸ਼ ਹੈ। ਅਜੇਹੇ ਸਖਸ਼ ਨੂੰ ਪੈਸੇ ਦੇਣ ਵਾਲਾ ਕਿਹਾ ਜਿਹਾ ਹੋਵੇਗਾ। ਇਸ ਸਮੇਂ ਲੋਜਪਾ 'ਚ ਅਜੇਹੇ ਸੂਰਜਭਾਨ, ਰਾਮਲਖਨਾ ਤੇ ਸੰਕਰਾ ਦੀ ਪੂਰੀ ਫੌਜ ਹੈ।

# ਸਿੱਖਿਆ, ਅਧਿਆਪਕ ਤੇ ਸਮਾਜ ਸੰਕਟ

ਸਿੱਖਿਆ, ਅਧਿਆਪਕ, ਸਮਾਜ ਤੇ ਵਿਦਿਆਰਥੀ ਦੀ ਸਥਿਤੀ ਨੂੰ ਕਿਸੇ ਦੇਸ਼ ਦੇ ਵਿਕਾਸ ਦੇ ਮੁੱਖ ਪੈਮਾਨੇ 'ਚ ਇਕ ਮੁੱਖ ਪੈਮਾਨਾ ਮੰਨਿਆ ਜਾਂਦਾ ਹੈ। ਕਿਸੇ ਦੇਸ਼ ਦੀ ਪਹਿਚਾਣ ਉਸ ਦੀ ਸਿੱਖਿਆ ਪ੍ਰਣਾਲੀ ਅਧਿਆਪਕਾਂ ਦੀ ਸਥਿਤੀ ਤੇ ਉਹਨਾਂ ਦੀ ਭੂਮਿਕਾਂ ਅਤੇ ਸਮਾਜ ਦੀ ਸਥਿਤੀ ਨਾਲ ਹੁੰਦੀ ਹੈ। ਇਸ ਅਧਾਰ 'ਤੇ ਵੇਖਿਆ ਜਾਵੇ ਤਾਂ ਸਾਡੇ ਦੇਸ਼ ਦੀ ਸਥਿਤੀ ਕਾਫ਼ੀ ਸੋਚਣ ਯੋਗ ਤੇ ਚਿੰਤਾਜਨਕ ਹੈ। ਭਾਰਤ ਨੂੰ ਪਾਕਿਸਤਾਨ ਤੇ ਬੰਗਲਾਦੇਸ਼ ਸਮੇਤ ਉਹਨਾਂ ਪੰਦਰਾਂ ਵਿਕਾਸਸ਼ੀਲ ਦੇਸ਼ਾਂ ਵਿਚ ਸ਼ਾਮਲ ਕੀਤਾ ਗਿਆ ਹੈ। ਜਿਥੇ ਸਿੱਖਿਅਕ ਵਿਕਾਸ ਦੀ ਰਫ਼ਤਾਰ ਬਹੁਤ ਮੱਠੀ ਹੈ। ਇਹਨਾਂ ਦੇਸ਼ਾਂ ਵਿਚ 27 ਕਰੋੜ ਤੋਂ ਵੱਧ ਲੋਕ ਅਨਪੜ੍ਹ ਹਨ। ਜਿਹਨਾਂ 'ਚ ਜ਼ਿਆਦਾਤਰ ਔਰਤਾਂ ਹਨ। ਪ੍ਰਾਇਮਰੀ ਸਕੂਲ ਤੋਂ ਲੈ ਕੇ ਉੱਚ ਸਿੱਖਿਆ ਦੀ ਸਥਿਤੀ ਕਾਫ਼ੀ ਭਿਆਨਕ ਤੇ ਚਿੰਤਾਜਨਕ ਹੈ। ਸਰਕਾਰੀ ਅੰਕੜਿਆਂ ਤੇ ਹੀ ਜੇ ਭਰੋਸਾ ਕਰੀਏ ਤਾਂ ਵੀ ਇਹ ਸਾਫ ਸਾਫ ਦਿੱਸਦਾ ਹੈ ਕਿ ਪੂਰੇ ਭਾਰਤ ਵਿਚ ਸਿੱਖਿਆ ਦੀ ਵਿਵਸਥਾ ਤੇਜ਼ੀ ਨਾਲ ਸੁੰਗੜਦੀ ਜਾ ਰਹੀ ਹੈ। ਕੌਮੀ ਸਿੱਖਿਆ ਯੋਜਨਾ ਦੇ ਪ੍ਰਸਾਸ਼ਨ ਯੂਨੀਵਰਸਿਟੀ (ਨਯੂਪਾ) ਦੀ ਰਿਪੋਰਟ ਦੱਸਦੀ ਹੈ ਕਿ ਇਕ ਲੱਖ ਤੋਂ ਵੱਧ ਸਕੂਲ ਇਕ ਜਮਾਤ ਦੇ ਸਹਾਰੇ ਚੱਲ ਰਹੇ ਹਨ। ਜਿਨ੍ਹਾਂ ਵਿਚ 95 ਫੀਸਦੀ ਸਕੂਲ ਪਿੰਡਾਂ ਦੇ ਹਨ। ਸਰਵੇਖਣ ਅਨੁਸਾਰ ਹੀ ਸਕੂਲ ਹਨ ਤਾਂ ਵਿਦਿਆਰਥੀ ਨਹੀਂ। ਵਿਦਿਆਰਥੀ ਹਨ ਤਾਂ ਅਧਿਆਪਕ ਨਹੀਂ। ਸੰਯੋਗ ਨਾਲ ਜੇ ਵਿਦਿਆਰਥੀ ਤੇ ਅਧਿਆਪਕ ਹਨ ਤਾਂ ਸਕੂਲ ਨਹੀਂ। ਇਕ ਹੀ ਵਰਗ ਵਿਚ ਦੋ ਤਿੰਨ ਜਮਾਤਾਂ ਦਾ ਇਕੋ ਵੇਲੇ ਹੋਣਾ ਆਮ ਗੱਲ ਹੈ। ਬਿਨਾਂ ਇਮਾਰਤਾਂ ਸਕੂਲਾਂ ਦੀ ਗਿਣਤੀ ਵੀ ਹਜ਼ਾਰਾਂ 'ਚ ਨਹੀਂ ਲੱਖਾਂ 'ਚ ਦੇਖਣ ਨੂੰ ਮਿਲਦੀ ਹੈ। 25 ਫੀਸਦੀ ਸਕੂਲਾਂ 'ਚ ਪੀਣ ਦਾ ਪਾਣੀ ਮੁਹੱਈਆਂ ਨਹੀਂ ਹੈ। ਦੇਸ਼ 'ਚ 32 ਹਜ਼ਾਰ ਅਜਿਹੇ ਸਕੂਲ ਹਨ ਜਿਥੇ ਇਕ ਵੀ ਵਿਦਿਆਰਥੀ ਨਹੀਂ ਜਿਸ ਦਾ ਕਾਰਨ ਅਧਿਆਪਕ ਦਾ ਨਾ ਹੋਣਾ ਹੈ। ਦੇਸ਼ 'ਚ ਕਰੀਬ ਇਕ ਲੱਖ ਤੋਂ ਵੱਧ ਅਜਿਹੇ ਸਕੂਲ ਹਨ ਜਿਥੇ ਅਧਿਆਪਕ ਇੱਕ ਹੀ ਹੈ। ਦੇਸ਼ 'ਚ ਪੰਦਰਾਂ ਤੋਂ ਸੋਲ੍ਹਾਂ ਸਾਲਾਂ ਦੇ ਲੜਕੇ ਲੜਕੀਆਂ ਦੇ ਸਰਕਾਰੀ ਸਕੂਲਾਂ 'ਚ ਦਾਖਲਾ ਲੈਣ ਦੀ ਦਰ 'ਚ ਕਮੀ ਆਈ ਹੈ। ਦੇਸ਼ 'ਚ ਮਿਡਲ ਪੱਧਰ 'ਤੇ 62 ਫੀਸਦੀ ਵਿਦਿਆਰਥੀ ਪੜਾਈ ਵਿਚ ਹੀ ਛੱਡ ਜਾਂਦੇ ਹਨ। ਦੇਸ਼ ਭਰ 'ਚ ਸਥਾਈ ਅਧਿਆਪਕਾਂ ਦੀ 'ਤੇ ਲੱਗਭਗ ਰੋਕ ਲੱਗੀ ਹੋਈ ਹੈ। ਸਿੱਖਿਆ ਮਹਿੰਗੀ ਤੇ ਵਿਕਾਊ ਬਣਦੀ ਜਾ ਰਹੀ ਹੈ। ਸਿੱਖਿਆ 'ਤੇ ਬਜਟ ਲਗਾਤਾਰ ਘੱਟਦਾ ਜਾ ਰਿਹਾ ਹੈ। ਆਰਥਿਕ ਸੁਧਾਰਾਂ ਦੇ ਨਾਂ ਤੇ ਲਾਗੂ ਨਵੀਂ ਆਰਥਿਕ ਨੀਤੀ 'ਤੇ ਨਵੀਂ ਸਿੱਖਿਆ ਨੀਤੀ ਨੇ ਪਹਿਲਾਂ ਬਚੇ ਖੁਚੇ ਖੰਡਰਾਂ ਨੂੰ ਵੀ ਢਾਹੁਣਾ ਸ਼ੁਰੂ ਕਰ ਦਿੱਤਾ ਹੈ। ਸਾਮਰਾਜੀ ਵਿਸ਼ਵੀਕਰਨ ਦੀ ਹਨੇਰੀ ਨੇ ਸਿੱਖਿਆ ਨੂੰ ਆਮ ਆਦਮੀ ਤੋਂ ਦੂਰ ਧੱਕ ਦਿੱਤਾ ਹੈ। ਨਿੱਜੀਕਰਨ ਤੇ ਸਿੱਖਿਆ ਦੇ ਵਪਾਰੀਕਰਨ ਨੇ ਸਰਕਾਰੀ ਸਿੱਖਿਆ ਦੀ ਹੋਂਦ ਤੇ ਹੀ ਸੁਆਲੀਆਂ ਚਿੰਨ੍ਹ ਲਾਉਣਾ ਤਹਿ ਕਰ ਦਿੱਤਾ ਹੈ। ਹੁਣ ਹਰ ਥਾਂ ਦੋ ਤਰ੍ਹਾਂ ਦੇ ਸਕੂਲ ਹਨ। ਹੈਸੀਅਤ ਅਨੁਸਾਰ ਪੜ੍ਹਾਈ ਦਾ ਪ੍ਰਬੰਦ ਪੂਰੇ ਦੇਸ਼ 'ਚ ਵੇਖਣ ਨੂੰ ਮਿਲ ਰਿਹਾ ਹੈ। ਸਰਕਾਰ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਸੋਚੀ ਸਮਝੀ ਚਾਲ ਦੇ ਤਹਿਤ ਚੌਪਟ ਕਰਕੇ ਨਿੱਜੀ ਸਕੂਲਾਂ 'ਚ ਪੜ੍ਹਾਈ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਵਾਸਤੇ

ਜੀ ਜਾਨ ਨਾਲ ਲੱਗੀ ਹੋਈ ਹੈ। ਅੱਜ ਰਵਾਇਤੀ ਸਿੱਖਿਆ ਦੀ ਥਾਂ ਤੇ ਗੈਰਰਵਾਇਤੀ ਸਿੱਖਿਆ ਵੱਲ ਸਰਕਾਰ ਲਗਾਤਾਰ ਕਦਮ ਵਧਾ ਰਹੀ ਹੈ। ਨਿੱਜੀ ਸਿੱਖਿਆ ਅਦਾਰਿਆਂ ਨੂੰ ਇਸ ਸੋਚ ਦੇ ਤਹਿਤ ਤਰਜੀਹ ਦਿੰਦਿਆਂ ਉਹਨਾਂ ਨੂੰ ਸਹੂਲਤ ਵੀ ਮੁਹੱਈਆਂ ਕੀਤੀ ਜਾ ਰਹੀ ਹੈ। ਨਿੱਜੀ ਸਿੱਖਿਆ ਅਦਾਰਿਆਂ ਨੂੰ ਇਸ ਸੋਚ ਦੇ ਤਹਿਤ ਤਰਜੀਹ ਦਿੰਦਿਆਂ ਉਹਨਾਂ ਨੂੰ ਸਹੂਲਤ ਵੀ ਮੁਹੱਈਆ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਸਿੱਖਿਆ ਨੂੰ ਇਕ ਖਾਸ ਵਰਗ ਲਈ ਸੁਰੱਖਿਅਤ ਰੱਖਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਆਮ ਆਦਮੀ ਦੇ ਬੱਚਿਆਂ ਨੂੰ ਸਿੱਖਿਆ ਤੋਂ ਵਾਂਝੇ ਰੱਖਣ ਦੀ ਸਾਰੀ ਤਿਆਰੀ ਕਰ ਲਈ ਗਈ ਹੈ। ਝਾਰਖੰਡ ਦੀ ਸਥਿਤੀ ਤਾਂ ਹੋਰ ਵੀ ਭਿਆਨਕ ਹੈ। ਝਾਰਖੰਡ 'ਚ 17 ਹਜ਼ਾਰ ਤੋਂ ਵੱਧ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ ਇਸ 'ਚ ਮੁੱਢਲੇ ਸਕੂਲਾਂ 'ਚ 13225 ਹਾਈ ਸਕੂਲਾਂ 'ਚ 3742 ਤੇ ਸਰਦਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ 134 ਅਸਾਮੀਆਂ ਖਾਲੀ ਪਈਆਂ ਹਨ। ਅਕਸਰ ਸਕੂਲਾਂ 'ਚ ਮੁੱਖ ਅਧਿਆਪਕ ਦੇ ਅਹੁਦੇ ਖਾਲੀ ਪਏ ਹਨ। ਇਥੇ ਸਕੂਲਾਂ ਦੀ ਗਿਣਤੀ ਵੀ ਕਾਫ਼ੀ ਘੱਟ ਹੈ। ਅਜੇ ਵੀ ਕਰੀਬ 50 ਲੱਖ ਬੱਚੇ ਸਕੂਲਾਂ ਤੋਂ ਬਾਹਰ ਆਪਣਾ ਭਵਿੱਖ ਤਹਿ ਕਰ ਰਹੇ ਹਨ। ਪੜ੍ਹਾਈ ਦੀ ਉਮਰ ਵਿਚ ਲੜਕੇ ਜਾਂ ਲੜਕੀਆਂ ਖੇਤਾਂ, ਘਰਾਂ, ਦੁਕਾਨਾਂ, ਢਾਬਿਆਂ, ਸਨਅਤਾਂ, ਆਦਿ 'ਚ ਕੰਮ ਕਰਦੇ ਜਾਂ ਕਚਰਿਆਂ 'ਚ ਆਪਣਾ ਭਵਿੱਖ ਲੱਭਦੇ ਮਿਲ ਜਾਣਗੇ। ਸਾਜ਼ਿਸ਼ ਤਹਿਤ ਤਿਆਰ ਕਰਕੇ ਲਾਗੂ ਕੀਤੀਆਂ ਨੀਤੀਆਂ ਤੇ ਆਪਣੇ ਫਰਜ਼ਾਂ ਤੋਂ ਪਿੱਛੇ ਹੱਟਣ ਵਰਗੇ ਮੁੱਦਿਆਂ ਨਾਲ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਸਰਭ ਸਿੱਖਿਆ ਅਭਿਆਨ, ਮਾਡਲ ਸਕੂਲ, ਜਵਾਹਰ ਨਵੋਦਿਆ ਸਕੂਲ, ਕਸਤੂਰਬਾ ਸਕੂਲ ਤੇ ਏਕਲ ਸਕੂਲ ਵੱਡੀ ਗਿਣਤੀ 'ਚ ਖੋਹਲਣ ਦਾ ਨਾਟਕ ਕਰਨ 'ਚ ਸਰਕਾਰ ਲੱਗੀ ਹੋਈ ਹੈ। ਸੰਵਿਧਾਨਕ ਵਿਵਸਥਾਵਾਂ ਦੇ ਬਾਵਜੂਦ ਵੀ ਸਭ ਨੂੰ ਸਿੱਖਿਆ ਦੇਣ ਦੇ ਫਰਜਾਂ ਤੋਂ ਪਿੱਛੇ ਹੱਟਦੀ ਸਰਕਾਰ ਸਿੱਖਿਆ ਨੂੰ ਆਮ ਆਦਮੀ ਤੋਂ ਦੂਰ ਕਰਦੀ ਨਜ਼ਰ ਆ ਰਹੀ ਹੈ। ਬਦਹਾਲ ਤੇ ਚੌਪਟ ਹੁੰਦੀ ਜਾ ਰਹੀ ਸਿੱਖਿਆ ਪ੍ਰਣਾਲੀ ਦੇਸ਼ 'ਚ ਬੁੱਧੀਜੀਵੀ ਲੋਕਾਂ ਨੂੰ ਸੋਚਣ 'ਤੇ ਮਜ਼ਬੂਰ ਕਰ ਰਹੀ ਹੈ। ਅਧਿਆਪਕ ਕਿਸੇ ਵੀ ਸਮਾਜ ਦਾ ਸਿਰਮੌਰ ਹੁੰਦਾ ਹੈ। ਇਹ ਕੌਮ ਉਸਰੀਏ ਵਜੋਂ ਜਾਣਿਆ ਜਾਂਦਾ ਰਿਹਾ ਹੈ। ਸਮਾਜ ਪ੍ਰਤੀ ਨਿਹਚਾ, ਸਿੱਖਿਆ ਤੇ ਵਿਦਿਆਰਥੀ ਪ੍ਰਤੀ ਸਮਰਪਿਤ ਅਧਿਆਪਕ ਸਤਿਕਾਰ ਦੇ ਪਾਤਰ ਰਹੇ ਹਨ। ਯੋਗ ਨਾਗਰਿਕ ਦੇ ਉਸਰੀਏ ਦੀ ਸਥਿਤੀ 'ਤੇ ਦੇਸ਼ ਦਾ ਬਹੁਤ ਕੁਝ ਨਿਰਭਰ ਕਰਦਾ ਹੈ। ਇਕ ਸਿਹਤਮੰਦ ਸਮਾਜ ਤੇ ਕੌਮ ਦੇ ਉਸਰੀਏ ਵਜੋਂ ਜਾਣਿਆ ਜਾਣ ਵਾਲਾ ਅਧਿਆਪਕ ਸਦਾ ਤੋਂ ਹੀ ਮਾਣ ਇੱਜ਼ਤ ਦਾ ਪਾਤਰ ਰਿਹਾ ਹੈ। ਅਧਿਆਪਕ ਆਪਣੀ ਭੂਮਿਕਾ ਨਾਲ ਸਨਾਤਨ ਕਾਲ ਤੱਕ ਪ੍ਰਭਾਵਿਤ ਕਰਦਾ ਹੈ। ਜਿਥੇ ਅਧਿਆਪਕ ਸਿਰਜਕ ਹਨ, ਉਥੇ ਰੱਖਿਅਕ ਦੀ ਭੂਮਿਕਾ ਵੀ ਨਿਭਾਉਂਦੇ ਹਨ। ਸਮਾਜ ਲਈ ਯੋਗ ਨਾਗਰਿਕਾਂ ਦੀ ਉਸਾਰੀ ਕਰਕੇ ਅਥਾਂਹ ਸੰਭਾਵਨਾਵਾਂ ਦਾ ਦਰਵਾਜ਼ਾ ਖੋਹਲਣ ਵਾਲਾ ਅਧਿਆਪਕ ਹੀ ਹੁੰਦਾ ਹੈ। ਪ੍ਰਚੀਨ ਕਾਲ ਦੇ ਕਈ ਆਦਰਸ਼ ਅਧਿਆਪਕ ਅੱਜ ਵੀ ਅੰਦਰ ਤੱਕ ਪ੍ਰਭਾਵਿਤ ਕਰਦੇ ਹਨ। ਇਕ ਸਮੇਂ ਅਧਿਆਪਕ ਸਭ ਤੋਂ ਹਰਮਨ ਪਿਆਰਾ ਹੁੰਦਾ ਸੀ। ਹਨੇਰੇ 'ਚੋਂ ਬਾਹਰ ਕੱਢ ਕੇ ਮੁਲ, ਮਾਨਵਤਾ ਤੇ ਮੁਕਤੀ ਦਾ ਪਾਠ ਪੜ੍ਹਾਉਣ ਵਾਲਾ ਅਧਿਆਪਕ ਅੱਜ ਕਿਸ ਮੋੜ ਤੇ ਖੜ੍ਹਾ ਹੈ, ਇਹ ਵੇਖਣਾ ਵੀ ਜ਼ਰੂਰੀ ਹੈ।

ਮੌਜੂਦਾ ਸਮੇਂ 'ਚ ਅਧਿਆਪਕ ਸ਼ਬਦ ਦਾ ਅਰਥ ਹੀ ਬਦਲਦਾ ਜਾ ਰਿਹਾ ਹੈ। ਅੱਜ ਇਸ ਸਮਾਨਯੋਗ ਅਹੁਦੇ ਦੀ ਕਦਰ ਘਟਾਈ ਹੋ ਰਹੀ ਹੈ। ਅਧਿਆਪਕ ਜਿਸ

ਦੇ ਅੱਗੇ ਰਾਜ ਕਰਨ ਵਾਲੇ ਵੀ ਕੰਬ ਜਾਂਦੇ ਸੀ, ਅੱਜ ਵਿਚਾਰੇ ਬਣਕੇ ਆਪਣੀ ਹੋਂਦ ਲਈ ਚਿੰਤਤ ਹਨ। ਕਈ ਪੱਧਰਾਂ 'ਤੇ ਅਧਿਆਪਕ ਉੱਪਰ ਹਮਲਾ ਜਾਰੀ ਹੈ। ਸੁਆਲ ਇਹ ਹੈ ਕਿ ਅੱਜ ਇਹ ਸਥਿਤੀ ਕਿਉਂ ਬਣੀ? ਕੀ ਅਧਿਆਪਕ ਖ਼ੁਦ ਆਪਣੀ ਭੂਮਿਕਾ ਤੋਂ ਕੱਟੇ ਗਏ ਹਨ ਜਾਂ ਉਹਨਾਂ ਨੂੰ ਮਜ਼ਬੂਰਨ ਇਸ ਸਥਿਤੀ ਵੱਲ ਧੱਕਿਆ ਜਾ ਰਿਹਾ ਹੈ? ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਹਿੱਤ ਵਿਚ ਸਿੱਖਿਆ ਦੀ ਲੋੜ ਅਨੁਸਾਰ ਹੀ ਅਧਿਆਪਕਾਂ ਦੀ ਭੂਮਿਕਾ ਸੱਤਾ ਵੱਲੋਂ ਤਹਿ ਕੀਤੀ ਜਾਂਦੀ ਰਹੀ ਹੈ। ਆਰੰਭ ਤੋਂ ਅੱਜ ਤੱਕ ਦੇ ਸਫ਼ਰ ਨੂੰ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਸੱਤਾ ਨੇ ਹੀ ਹਰ ਵਾਰੀ ਅਧਿਆਪਕਾਂ ਦੀ ਭੂਮਿਕਾ ਤਹਿ ਕੀਤੀ ਜਾਂਦੀ ਰਹੀ ਹੈ। ਇਸ ਤੋਂ ਵੱਧ ਵੀ ਅਧਿਆਪਕਾਂ ਨੇ ਆਪਣੀ ਭੂਮਿਕਾ ਸਮਾਜ ਤੇ ਲੋਕਾਂ ਦੇ ਪੱਖ 'ਚ ਨਿਭਾਈ ਹੈ। ਮੁਕਤੀ ਦਾ ਰਾਹ ਸਾਰੇ ਸਮਾਜ ਨੂੰ ਵਿਖਾਇਆ ਹੈ। ਪ੍ਰਤੀਬੱਧਤਾ ਤੇ ਨਿਸ਼ਚਾ ਦੀ ਮਿਸਾਲ ਅਧਿਆਪਕਾਂ ਨੇ ਕਈ ਵਾਰ ਪੇਸ਼ ਕੀਤੀ ਹੈ। ਪਹਿਲਾਂ ਅਧਿਆਪਕਾਂ ਨੂੰ ਕੁਝ ਹੱਦ ਤੱਕ ਸਨਮਾਨ ਤੇ ਸਹੂਲਤ ਦੇਣ ਦੀ ਗੱਲ ਸੋਚੀ ਜਾਂਦੀ ਸੀ ਪਰ ਅੱਜਕਲ੍ਹ ਸਥਿਤੀ ਬਿਲਕੁਲ ਬਦਲ ਗਈ ਹੈ। ਭੂ ਮੰਡਲੀਕਰਨ ਦੇ ਨਾਂ ਤੇ ਸਭ ਕੁਝ ਮਿਟਾ ਕੇ ਨਵੇ ਸਿਰਿਉਂ ਸਭ ਦੀ ਭੂਮਿਕਾ ਤੇ ਸਥਿਤੀ ਤਹਿ ਕੀਤੀ ਜਾ ਰਹੀ ਹੈ। ਅਧਿਆਪਕ ਵੀ ਇਸ ਤੋਂ ਅਛੂਤ ਨਹੀਂ ਹਨ। ਹੁਣ ਤਾਂ ਉਨ੍ਹਾਂ ਦੇ ਨਾਂ ਤੇ ਅਹੁਦੇ ਉੱਪਰ ਵੀ ਖਤਰਾ ਹੈ। ਸੰਸਾਰ ਬੈਂਕ ਸਭ ਨੀਤੀਆਂ ਤੇ ਸਭ ਦੀ ਭੂਮਿਕਾ ਤਹਿ ਕਰ ਰਿਹਾ ਹੈ। ਸਿੱਖਿਆ ਵਾਂਗੂੰ ਅਧਿਆਪਕ ਵੀ ਤਹਿਸ ਨਹਿਸ ਕੀਤੇ ਜਾ ਰਹੇ ਹਨ। ਹੁਣ ਤਾਂ ਅਧਿਆਪਕ ਨੂੰ ਮਿਸ਼ਨ ਵਜੋਂ ਨਾ ਲੈ ਕੇ, ਪੇਟ ਪਾਲਣ ਵਜੋਂ ਲਿਆ ਜਾਂਦਾ ਹੈ। ਸਹੂਲਤ, ਸਿਧਾਂਤ ਤੇ ਸਮਕਾਲੀਨ ਭੂਮਿਕਾ ਤੋਂ ਵਾਂਝੇ ਕੀਤੇ ਜਾ ਰਹੇ ਅਧਿਆਪਕ ਸਿਸਕ ਰਹੇ ਹਨ। ਉਲਟਾ ਸਿੱਖਿਆ ਪ੍ਰਣਾਲੀ ਵਿਗਾੜਨ ਲਈ ਉਨ੍ਹਾਂ ਨੂੰ ਹੀ ਜ਼ਿੰਮੇਵਾਰ ਬਣਾਇਆ ਜਾ ਰਿਹਾ ਹੈ। ਹੁਣ ਸਿੱਖਿਆ ਪ੍ਰਣਾਲੀ ਦੇ ਨਵੇਂ ਰੂਪ ਤੇ ਨਾਂ ਘੜੇ ਜਾ ਰਹੇ ਹਨ। ਅਧਿਆਪਕ, ਸਿੱਖਿਆ ਮਿੱਤਰ, ਠੇਕੇਦਾਰ ਅਧਿਆਪਕ, ਗੈਰ ਰਵਾਇਤੀ ਅਧਿਆਪਕ ਦੇ ਨਾਲ ਹੀ ਉਹਨਾਂ ਨੂੰ ਐਡਹਾਕ ਟੀਚਰ ਵਜੋਂ ਜਾਣਿਆ ਜਾਣ ਲੱਗਿਆ ਹੈ। ਉਹਨਾਂ ਨੂੰ ਨਾ ਤਾਂ ਘੱਟੋ ਘੱਟ ਸਹੂਲਤ ਹੀ ਦਿੱਤੀ ਜਾ ਰਹੀ ਹੈ ਤੇ ਨਾਲ ਹੀ ਗੁਜ਼ਾਰੇ ਲਾਇਕ ਤਨਖਾਹ। ਹੁਣ ਤੱਕ ਇਕ ਹਜ਼ਾਰ ਰੁਪਏ 'ਚ ਅਧਿਆਪਕਾਂ ਨੂੰ ਯੋਗ ਨਾਗਰਿਕ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਉਸ 'ਚ ਵੀ ਮਾਰਾਮਾਰੀ ਹੈ। ਯੂਨੀਵਰਸਿਟੀ ਤੋਂ ਲੈ ਕੇ ਮੁੱਢਲੇ ਸਕੂਲ ਤਾਂ ਅਜਿਹੇ ਹੀ ਅਧਿਆਪਕਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਝਾਰਖੰਡ 'ਚ ਅਧਿਆਪਕਾਂ ਦੀ ਹਾਲਤ ਤਾਂ ਹੋਰ ਵੀ ਮੰਦੀ ਹੈ। ਸ਼ਾਇਦ ਪੂਰੇ ਦੇਸ਼ ਵਿਚ ਝਾਰਖੰਡ ਹੀ ਐਸਾ ਸੂਬਾ ਹੈ ਜਿੱਥੇ ਬੀਤੇ 25 ਸਾਲਾਂ ਤੋਂ ਬਿਨਾਂ ਤਨਖਾਹ ਦੇ ਵਿੱਦਿਆ ਦਾਨ ਕਰਦੇ ਅਧਿਆਪਕ ਮਿਲ ਜਾਣਗੇ। ਜਿਸ ਨੇ ਹਜ਼ਾਰਾਂ ਅਧਿਆਪਕਾਂ ਨੂੰ ਮੌਤ ਦੇ ਮੂੰਹ 'ਚ ਧੱਕ ਦਿੱਤਾ ਹੈ। ਪ੍ਰੋਜੈਕਟ ਸਕੂਲ ਦੇ ਅਧਿਆਪਕ ਜੁੱਤੇ ਗੰਢਣ ਤੇ ਰਾਤ ਨੂੰ ਚੌਂਕੀਦਾਰ ਦੀ ਡਿਊਟੀ ਕਰਦੇ ਮਿਲ ਜਾਣਗੇ। ਭੁੱਖ ਅਤੇ ਇਲਾਜ ਦੀ ਘਾਟ 'ਚ ਦਮ ਤੋੜਦੇ ਅਧਿਆਪਕ ਵੀ ਝਾਰਖੰਡ ਵਿਚ ਵੇਖੇ ਜਾ ਸਕਦੇ ਹਨ। ਅਧਿਆਪਕ ਦਿਵਸ ਵਾਲੇ ਦਿਨ ਵੀ ਅਧਿਆਪਕਾਂ ਦੀਆਂ ਆਪਣੀਆਂ ਮੰਗਾਂ ਲਈ ਸੜਕ ਨਾਹਰੇ ਲਾਉਂਦਿਆਂ ਵੀ ਝਾਰਖੰਡ 'ਚ ਹੀ ਵੇਖਿਆ ਜਾ ਸਕਦਾ ਹੈ। ਅਧਿਆਪਕ ਦਾ ਕੰਮ ਸੱਚ ਤੇ ਪਹਿਰਾ ਦੇਣਾ ਹੁੰਦਾ ਹੈ। ਅਧਿਆਪਕ ਜੇ ਇਮਾਨਦਾਰੀ ਨਾਲ ਆਪਣੇ

ਵਿਦਿਆਰਥੀਆਂ ਦੀ ਜ਼ਿੰਦਗੀ ਬਦਲਣ ਦਾ ਸੂਤਰ ਉਹਨਾਂ ਨੂੰ ਫੜਾ ਦੇਵੇ ਤਾਂ ਚਾਣਕਿਆ ਦੀ ਭੂਮਿਕਾ ’ਚ ਆ ਸਕਦੇ ਹਨ। ਅੱਜ ਅਧਿਆਪਕ ਬਾਗੀ ਨਹੀਂ ਤੇ ਜੋ ਬਾਗੀ ਨਹੀਂ ਹਨ ਉਹ ਅਧਿਆਪਕ ਨਹੀਂ ਹਨ। ਇਹਨਾਂ ਸਾਰੀਆਂ ਭਿਆਨਕ ਤੇ ਚਿੰਤਾਜਨਕ ਸਥਿਤੀ ਦੇ ਬਾਵਜੂਦ ਹਰ ਯੋਗ ਤੇ ਆਪਣੇ ਖੇਤਰ ਵਿਚ ਸਫਲ ਵਿਅਕਤੀ ਪਿੱਛੋਂ ਕੋਈ ਨਾ ਕੋਈ ਮਾਹਰ ਅਧਿਆਪਕ ਹੀ ਖੜਾ ਮਿਲਦਾ ਹੈ। ਅੱਜ ਵੀ ਸਿਰਜਕ, ਰੱਖਿਅਕ ਦੀ ਭੂਮਿਕਾ ਨਿਭਾਉਂਦੇ, ਮੁਕਤੀ ਦਾ ਪਾਠ ਪੜ੍ਹਾਉਂਦੇ ਆਪ ਨੂੰ ਅਧਿਆਪਕ ਮਿਲ ਜਾਣਗੇ, ਭਾਵੇਂ ਉਨ੍ਹਾਂ ਦੀ ਗਿਣਤੀ ਘੱਟ ਹੋਵੇ। ਇਸ ਤਰ੍ਹਾਂ ਹਮਲਾ ਝੱਲ ਰਹੇ ਅਧਿਆਪਕ ਇਸ ਧੱਕੇ ਵਿਰੁੱਧ ਆਵਾਜ਼ ਬੁਲੰਦ ਕਰਦੇ ਵੀ ਮਿਲ ਜਾਣਗੇ। ਸਮਾਜ ਜੋ ਸਭ ਦਾ ਰਾਹ ਤੇ ਰਿਸ਼ਤਾ ਤਹਿ ਕਰਦਾ ਹੈ ਅੱਜ ਖ਼ੁਦ ਸੰਕਟ ਕਾਲ ’ਚੋਂ ਗੁਜ਼ਰ ਰਿਹਾ ਹੈ। ਬਜ਼ਾਰਵਾਦ ਦੇ ਇਸ ਦੌਰ ’ਚ ਸਮਾਜ, ਮਾਨਵਤਾ, ਸੱਭਿਆਚਾਰਕ ਤੇ ਨੈਤਿਕ ਮੁੱਲਾਂ ਦੇ ਪਤਨ ਦੇ ਸੰਕਟ ਨਾਲ ਜੂਝ ਰਿਹਾ ਹੈ। ਖਪਤਕਾਰ ਸੱਭਿਆਚਾਰ ਤੇ ਬਦਲਦੇ ਦਿਆਗੀ ਰੁਝਾਣ ਦੀ ਹਨੇਰੀ ਵਿਚ ਸਭ ਮਰਿਆਦਾਵਾਂ ਖਿੰਡ ਪੁੰਡ ਰਹੀਆਂ ਹਨ। ਸਮਾਜ ਅੰਦਰ ਵਿਆਪਕ ਮਾਨਵਤਾ, ਭਾਈਚਾਰਾ ਤੇ ਨੈਤਿਕ ਜ਼ਿੰਮੇਵਾਰੀ ਲਗਾਤਾਰ ਖ਼ਤਮ ਹੁੰਦੇ ਜਾ ਰਹੇ ਹਨ। ਸਮਾਜ ਤੇ ਰਾਜਸੀ ਪ੍ਰਸੰਗ ਬਦਲ ਰਿਹਾ ਹੈ। ਮਜਹਬ, ਫਿਰਕੇ, ਜਾਤੀ, ਨਸਲ ਆਦਿ ਦੇ ਨਾਂ ’ਤੇ ਮਨੁੱਖ ਨੂੰ ਮਨੁੱਖ ਤੋਂ ਤੋੜਨ ਦਾ ਕੰਮ ਜ਼ੋਰ ਫੜਦਾ ਜਾ ਰਿਹਾ ਹੈ। ਸਮਾਜਿਕ ਸੱਚ ’ਤੇ ਸਦਭਾਵ ਨੂੰ ਖਤਮ ਕਰਕੇ ਸਭ ਕੁਝ ਆਤਮ ਕੇਂਦਰਿਤ ਕੀਤਾ ਜਾ ਰਿਹਾ ਹੈ। ਪੂਰੇ ਸਮਾਜ ਨੂੰ ਬਿਮਾਰ ਬਣਾਇਆ ਜਾ ਰਿਹਾ ਹੈ। ਆਪ ਸੱਭਿਆਚਾਰ ਦੇ ਹੜ੍ਹ ’ਚ ਮਨੁੱਖੀ ਕਦਰਾਂ ਕੀਮਤਾਂ ਡੁੱਬ ਰਹੀਆਂ ਹਨ। ਅਜਿਹਾ ਸਮਾਜ ਮਨੁੱਖੀ ਭਲਾਈ ਨਹੀਂ ਕਰ ਸਕਦਾ, ਇਸ ਕਾਰਨ ਅੱਜ ਚਿੰਤਾ ਵੱਧਣੀ ਸੁਭਾਵਕ ਹੈ। ਤੇਜ਼ੀ ਨਾਲ ਸਿਮਟਦੀ ਸਿੱਖਿਆ, ਆਪਣੀ ਭੂਮਿਕਾ ਤੋਂ ਭਟਕਦੇ ਅਧਿਆਪਕ ਤੇ ਬੀਮਾਰ ਸਮਾਜ ਦੇ ਆਧਾਰ ’ਤੇ ਦੇਸ਼ ਤੇ ਦੇਸ਼ ਵਾਸੀਆਂ ਦੀ ਭਲਾਈ ਕਿਵੇਂ ਸੰਭਵ ਹੈ। ਇਹੀ ਵੱਡਾ ਸੁਆਲ ਸਭ ਦੇ ਸਾਹਮਣੇ ਹੈ।

ਸਮੱਸਿਆ ਨਾਲ ਨਿਬੜਨ ਲਈ ਰੋਜ਼ਾਨਾ ਨਵੇਂ ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ। ਪਰ ਸਮੱਸਿਆ ਘੱਟਣ ਦੀ ਬਜਾਏ ਵੱਧਦੀ ਹੀ ਜਾ ਰਹੀ ਹੈ। ਮੌਜੂਦਾ ਦੌਰ ’ਚ ਇਨ੍ਹਾਂ ਤਿੰਨਾਂ ਨੂੰ ਬਚਾਏ ਬਗੈਰ ਅੱਗੇ ਸੁਧਾਰ ਦੀ ਕਲਪਨਾ ਵੀ ਸੰਭਵ ਨਹੀਂ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੇ ਕਾਰਨਾਂ ਤੇ ਨਜ਼ਰ ਮਾਰੀ ਜਾਵੇ। ਸਿੱਖਿਆ, ਅਧਿਆਪਕ ਤੇ ਸਮਾਜ ਦੀ ਸਥਿਤੀ ਏਨੀ ਬਦਹਾਲ ਕਿਉਂ ਹੈ? ਇਸ ਪਿੱਛੇ ਕਾਰਨਾਂ ਨੂੰ ਤਲਾਸ਼ੇ ਵਗੈਰ ਹੱਲ ਵੀ ਸੰਭਵ ਨਹੀਂ ਹੈ। ਅੱਜ ਦੀ ਸਥਿਤੀ ਲਈ ਜੇ ਕੋਈ ਜ਼ਿੰਮੇਵਾਰ ਹੈ ਤਾਂ ਉਹ ਅੱਜ ਦੀ ਸੱਤਾ ਹੈ। ਹਕੂਮਤ ਚਲਾਉਣ ਵਾਲੇ ਆਪਣੀ ਲੋੜ ਤੇ ਹਾਲਤ ਅਨੁਸਾਰ ਸਭ ਨੀਤੀਆਂ ਦਾ ਨਿਰਧਾਰਨ ਕਰਦੇ ਹਨ। ਸਿਰਫ਼ ਸਿੱਖਿਆ ਤੇ ਅਧਿਆਪਕ ਦੀ ਭੂਮਿਕਾ ਹੀ ਨਹੀਂ ਬਲਕਿ ਹਰ ਉਹਨਾਂ ਕਾਰਕਾਂ ਦਾ ਜੋੜ ਸੱਤਾ ਹੁੰਦਾ ਹੈ ਜਿਸ ਨਾਲ ਉਹ ਸਿੱਧੇ ਜਾਂ ਅਸਿੱਧੇ ਤੌਰ ’ਤੇ ਸੰਬੰਧ ਰੱਖਦਾ ਹੈ। ਸੱਤਾ ਦੀ ਹਿਫਾਜ਼ਤ, ਸੰਚਾਲਨ ਤੇ ਸਥਾਪਤੀ ਲਈ ਉਹ ਉਹਨਾਂ ਨੀਤੀਆਂ ਨੂੰ ਬਣਾ ਕੇ ਲਾਗੂ ਕਰਵਾਉਂਦਾ ਹੈ ਜਿਸ ਨਾਲ ਉਸ ਦਾ ਮਕਸਦ ਪੂਰਾ ਹੋਵੇ। ਇਸ ਦੇ ਲਈ ਉਹ ਤਰ੍ਹਾਂ ਤਰ੍ਹਾਂ ਦੇ ਤਿਗੜਮ ਵੀ ਰਚਦਾ ਹੈ। ਰਾਜਤੰਤਰ ਤੋਂ ਲੈ ਕੇ ਬ੍ਰਿਟਿਸ਼ ਸਾਮਰਾਜ ਹੁੰਦੇ ਹੋਏ ਅੱਜ ਤੱਕ ਸਿੱਖਿਆ ਪ੍ਰਣਾਲੀ ਉਸੇ ਤਰ੍ਹਾਂ ਰੱਖੀ ਗਈ ਜਿਹੋ ਜਿਹੀ ਜ਼ਰੂਰਤ ਉਸ ਸਮੇਂ ਹਾਕਮਾਂ ਨੂੰ ਸੀ। ਰਾਜਤੰਤਰ ਨੇ ਆਪਣੇ ਰਾਜ ਭਾਗ ਨੂੰ ਸੁਰੱਖਿਅਤ ਰੱਖਣ ਦੇ ਲਿਹਾਜ ਨਾਲ ਸਿੱਖਿਆ,

ਅਧਿਆਪਕ ਤੇ ਸਮਾਜ ਦੇ ਵੱਖ-ਵੱਖ ਪਹਿਲੂਆਂ ਨੂੰ ਨਿਰਧਾਰਨ ਹਿੱਤ ਜ਼ਰੂਰੀ ਨੀਤੀਆਂ ਤੇ ਨਿਯਮਾਂ ਨੂੰ ਨਿਰਧਾਰਿਤ ਕਰਕੇ ਲਾਗੂ ਕੀਤਾ। ਬ੍ਰਿਟਿਸ਼ ਸਾਮਰਾਜ ਨੇ ਵੀ ਉਸ ਤਰ੍ਹਾਂ ਆਪਣੇ ਹਿੱਤ ਵਿਚ ਸਾਰੀਆਂ ਨੀਤੀਆਂ ਬਣਾਈਆਂ। ਜਾਣ ਤੋਂ ਪਿੱਛੋਂ ਵੀ ਉਨ੍ਹਾਂ ਆਪਣੇ ਹਿੱਤ ਸੁਰੱਖਿਅਤ ਰੱਖਣੇ ਸਨ, ਇਸ ਲਈ ਆਪਣੇ ਵਲੋਂ ਤਿਆਰ ਨੀਤੀਆਂ ਨੂੰ ਹੀ ਤਤਕਾਲੀਨ ਸੱਤਾ ਸੰਭਾਲਣ ਵਾਲਿਆਂ ਤੋਂ ਲਾਗੂ ਕਰਵਾਇਆ। ਅੱਜ ਵੀ ਕੁਲ ਮਿਲਾ ਕੇ ਉਹੀ ਨੀਤੀਆਂ ਥੋੜ੍ਹੇ ਬਹੁਤੇ ਸੁਧਾਰ ਦੇ ਨਾਲ ਦੇਸ਼ ਵਿਚ ਲਾਗੂ ਹਨ। ਇਹ ਗੱਲ ਸਿਰਫ਼ ਸਿੱਖਿਆ ਪ੍ਰਣਾਲੀ ਤੇ ਹੀ ਲਾਗੂ ਨਹੀਂ ਹੁੰਦੀ ਬਲਕਿ ਸਭ ਵਿਸ਼ਿਆਂ ਨਾਲ ਸੰਬੰਧਿਤ ਨੀਤੀਆਂ ਤੇ ਲਾਗੂ ਹੈ। ਸਾਡੇ ਦੇਸ਼ ਦੀਆਂ ਸਭ ਸੰਸਦੀ ਪਾਰਟੀਆ ਨੂੰ ਇਸ ਤੋਂ ਗੁਰੇਜ਼ ਨਹੀਂ ਹੈ। ਅੱਜ ਪੂਰਾ ਵਿਸ਼ਵ ਹੀ ਸਾਜ਼ਿਸ਼ ਤਹਿਤ ਸਾਮਰਾਜੀ ਦੇਸ਼ਾਂ ਵਲੋਂ ਇਕ ਵਿਸ਼ਵੀ ਪਿੰਡ ’ਚ ਬਦਲਿਆ ਜਾ ਰਿਹਾ ਹੈ ਤਾਂ ਕਿ ਵਿਕਾਸਸ਼ੀਲ ਦੇਸ਼ਾਂ ’ਤੇ ਕੰਟਰਲ ਆਸਾਨੀ ਨਾਲ ਕੀਤਾ ਜਾ ਸਕੇ ਤਾਂ ਉਨ੍ਹਾਂ ਦੀ ਭਰਪੂਰ ਲੁੱਟ ਕਰਕੇ ਅਸਾਨੀ ਨਾਲ ਵੱਧ ਤੋਂ ਵੱਧ ਲਾਭ ਕਮਾਇਆ ਜਾ ਸਕੇ। ਇਸ ਕਾਰਨ ਉਨ੍ਹਾਂ ਸਾਰੇ ਦੇਸ਼ਾਂ ਵਿਚ ਇਕ ਤਰ੍ਹਾਂ ਦੀਆਂ ਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਸੰਸਾਰ ਦੇ ਪਿਛੜੇ ਸਭ ਦੇਸ਼ਾਂ ਦੀਆਂ ਨੀਤੀਆਂ ਸੰਸਾਰ ਬੈਂਕ, ਵਿਸ਼ਵ ਵਪਾਰ ਸੰਗਠਨ ਤੇ ਕੌਮਾਂਤਰੀ ਮੁਦਰਾਕੋਸ਼ ਵਲੋਂ ਤਹਿ ਕੀਤੀਆਂ ਜਾ ਰਹੀਆਂ ਹਨ। ਪੂੰਜੀ ਨਿਵੇਸ਼, ਵਿਕਾਸ ਲਈ ਕਰਜ਼ਾ ਅਤੇ ਸਹਾਇਤਾ ਦੇ ਨਾਂ ਤੇ ਉਹਨਾਂ ਨੂੰ ਸਾਜ਼ਿਸ਼ ਤਹਿਤ ਫਸਾਏ ਜਾਣ ਦਾ ਕੰਮ ਬਦਸਤੂਰ ਜਾਰੀ ਹੈ। ਇਸ ਕੰਮ ’ਚ ਉਥੋਂ ਦੀਆਂ ਪਾਰਟੀਆਂ ਮਦਦਗਾਰ ਦੀ ਭੂਮਿਕਾ ’ਚ ਹੁੰਦੀਆਂ ਹਨ। ਸਾਡੇ ਦੇਸ਼ ’ਚ ਵੀ ਇਹੀ ਸਭ ਕੁਝ ਹੋ ਰਿਹਾ ਹੈ। ਆਰਥਿਕ ਸੁਧਾਰ ਦੇ ਨਾਂ ਤੇ ਉਹੀ ਸਭ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਜੋ ਸਾਮਰਾਜੀ ਦੇਸ਼ਾਂ ਲਈ ਫਾਇਦੇਮੰਦ ਹੋਣ। ਸਿੱਖਿਆ ਵੀ ਇਸ ਤੋਂ ਅਣਭਿੱਜ ਨਹੀਂ ਹੈ।

ਇਹੀ ਕਾਰਨ ਹੈ ਕਿ ਸਮਾਜ, ਅਧਿਆਪਕ ਤੇ ਸਿੱਖਿਆ ਪ੍ਰਣਾਲੀ ਇਕ ਵਾਢਿਓਂ ਬਦਲਦੇ ਜਾ ਰਹੇ ਹਨ। ਪੂੰਜੀ ਦੀ ਖੇਡ ਜ਼ੋਰਾਂ ਨਾਲ ਚੱਲ ਰਹੀ ਹੈ। ਹੁਣ ਤਾਂ ਉਸ ਦੇ ਉਦੇਸ਼ ਵੀ ਬਦਲਦੇ ਜਾ ਰਹੇ ਹਨ। ਬਾਜ਼ਾਰਵਾਦ ਦੇ ਦੌਰ ਵਿਚ ਸਭ ਕੁਝ ਬਾਜ਼ਾਰ ਹੀ ਤਹਿ ਕਰ ਰਿਹਾ ਹੈ। ਜ਼ਾਹਿਰ ਹੈ ਕਿ ਲੋਕਾਂ ਦੇ ਪੱਖ ਵਿਚ ਕੋਈ ਵੀ ਨੀਤੀ ਨਹੀਂ ਹੋਵੇਗੀ ਕਿਉਂਕਿ ਬਾਜ਼ਾਰ ਦਾ ਕੰਮ ਵੀ ਲਾਭ ਕਮਾਉਣਾ ਹੁੰਦਾ ਹੈ। ਸਿੱਖਿਆ ਦੀ ਸਮੁੱਚੀ ਦ੍ਰਿਸ਼ਟੀ ਵਿਗਿਆਨਕ ਸਮਝ, ਚੇਤਨਾ, ਵਿਸ਼ਲੇਸ਼ਣ ਦੀ ਯੋਗਤਾ ਤੇ ਹਰੇਕ ਸਥਿਤੀ ਲਈ ਜ਼ਿੰਮੇਵਾਰ ਕਾਰਕਾਂ ਨੂੰ ਖੋਜ ਨਿਕਾਲਣ ਦੀ ਯੋਗਤਾ ਤਦ ਤੱਕ ਸੰਭਵ ਨਹੀਂ ਹੈ ਜਦ ਤੱਕ ਸਿੱਖਿਆ ਨੂੰ ਔਜ਼ਾਰ ਵਜੋਂ ਵਰਤਿਆ ਜਾਂਦਾ ਰਹੇਗਾ। ਅਧਿਆਪਕਾਂ ਨੂੰ ਵੀ ਆਪਣੀ ਸਟੀਕ ਭੂਮਿਕਾ ਵਿਚ ਲਿਆਉਣ ਤੇ ਸਮਾਜ ਨੂੰ ਸਿਹਤਮੰਦ ਤੇ ਆਦਰਸ਼ ਬਣਾਉਣ ਲਈ ਲਾਜ਼ਮੀ ਹੈ ਕਿ ਨੀਤੀਆਂ ਆਮ ਆਦਮੀ ਨੂੰ ਕੇਂਦਰ ਬਿੰਦੂ ’ਚ ਰੱਖ ਕੇ ਬਣਾਈਆਂ ਜਾਣ ਨਾ ਕੇ ਲਾਭ ਨੂੰ ਕੇਂਦਰ ਬਿੰਦੂ ਬਣਾ ਕੇ। ਜਦ ਤੱਕ ਇਹ ਨਹੀਂ ਹੁੰਦਾ ਤਦ ਤੱਕ ਸੁਘੜ ਸਿੱਖਿਆ ਪ੍ਰਣਾਲੀ, ਅਧਿਆਪਕ ਤੇ ਸਿਹਤਮੰਦ ਸਮਾਜ ਦੀ ਉਸਾਰੀ ਸੰਭਵ ਨਹੀਂ ਹੈ। ਇਸ ਲਈ ਜ਼ਰੂਰੀ ਹੈ ਕਿ ਅਰਥਚਾਰੇ ’ਤੇ ਆਮ ਆਦਮੀ ਦਾ ਕੰਟਰੋਲ ਹੋਵੇ। ਇਹ ਤੱਦ ਸੰਭਵ ਹੈ ਜਦ ਲੋਕ ਪੱਖੀ ਪ੍ਰਬੰਦ ਕਾਇਮ ਹੋਵੇ।

# ਜੋਕਾਂ ਦਾ ਨਹੀਂ, ਮੇਹਨਤਕਸ਼ਾਂ ਦਾ ਸਮਾਜ ਚਾਹੀਦੈ

ਪੰਦਰਵੀਂ ਲੋਕ ਸਭਾ ਚੋਣਾਂ ਦੇ ਮਾਹੌਲ ਵਿਚ ਸਾਮਰਾਜ ਦੀਆਂ ਦਲਾਲ ਪੂੰਜੀਵਾਦੀ ਪਾਰਟੀਆਂ ਵੱਲੋਂ ਇਕ ਤੋਂ ਬਾਅਦ ਇਕ ਐਸੇ ਐਲਾਨ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਜਿਹਾ ਲੱਗਦਾ ਹੈ ਕਿ ਭਾਰਤ ਦੀ ਗਰੀਬੀ, ਬੇਰੁਜ਼ਗਾਰੀ ਬਸ ਹੁਣ ਦੂਰ ਹੋਣ ਵਾਲੀ ਹੈ। ਬਸ ਕੁੱਝ ਦਿਨਾਂ ਦੀ ਹੀ ਗੱਲ ਹੈ। ਕਾਂਗਰਸ, ਭਾਜਪਾ ਦੇ ਮੈਨੀਫੈਸਟੋ 'ਚ ਇਕ ਤੋਂ ਵਧ ਕੇ ਇਕ ਲੋਕ ਭਰਮਾਊ ਵਾਅਦੇ ਕੀਤੇ ਜਾ ਰਹੇ ਹਨ। ਇਹ ਸਭ ਇਨ੍ਹਾਂ ਤੱਥ ਦੇ ਬਾਵਜੂਦ ਕਿ 60 ਸਾਲ ਬਾਅਦ ਵੀ ਹਿੰਦੁਸਤਾਨ ਦੀ ਤਿੰਨ-ਚੌਥਾਈ ਅਬਾਦੀ 'ਚ ਇਕ ਚੌਥਾਈ (ਕਰੀਬ 26 ਕਰੋੜ) ਉਹ ਆਬਾਦੀ ਵੀ ਸ਼ਾਮਲ ਹੈ ਜਿਸ ਨੂੰ ਸਰਕਾਰ ਗ਼ਰੀਬੀ ਰੇਖਾ ਤੋਂ ਹੇਠਾਂ ਮੰਨਦੀ ਹੈ। ਇਸ ਅਬਾਦੀ ਦੀ ਤੁਲਨਾ ਭਾਰਤ ਦੇ ਉੱਚ ਵਰਗ (ਜਿਸ ਦੀ ਗਿਣਤੀ ਵੀ ਘੱਟ ਨਹੀਂ ਲਗਭਗ 5 ਕਰੋੜ ਹੈ) ਨਾਲ ਕਰੀਏ ਤਾਂ ਅਸੀਂ ਵੇਖਾਂਗੇ ਕਿ ਇਸ ਵਿਚ ਅਜਿਹੇ ਲੋਕ ਵੀ ਹਨ ਜਿਨ੍ਹਾਂ ਦੀ ਅਮੀਰੀ ਰੇਖਾ ਸਿੱਧੀ ਅਮਰੀਕਾ ਯੂਰਪ ਤੇ ਜਪਾਨ ਨਾਲ ਮਿਲਦੀ ਹੈ। ਅੰਬਾਨੀ, ਟਾਟਾ ਵਰਗੇ ਅਰਬਪਤੀ ਦੁਨੀਆਂ ਦੇ ਸਭ ਤੋਂ ਵੱਡੇ ਅਮੀਰਾਂ 'ਚ ਸ਼ਾਮਲ ਹਨ। ਤਿੰਨ ਚੌਥਾਈ ਤੋਂ ਵੱਧ ਅਬਾਦੀ 'ਚ ਉਹ ਲੋਕ ਸ਼ਾਮਲ ਹਨ ਜੋ ਭਾਰਤ ਦੀ ਮੇਹਨਤਕਸ਼ ਅਬਾਦੀ ਦਾ ਹਿੱਸਾ ਬਣਦੇ ਹਨ ਅਤੇ ਸ਼ਹਿਰੀ-ਪੇਂਡੂ ਮਜ਼ਦੂਰ ਹਨ, ਉਹ ਛੋਟੇ ਗਰੀਬ ਕਿਸਾਨ ਹਨ, ਉਹ ਬੁਨਕਰ, ਦਸਤਕਾਰ ਹਨ। ਉਹ ਦਲਿਤ ਪਿਛੜੇ ਤੇ ਆਦੀਵਾਸੀ ਹਨ, ਉਹ ਕਰੋੜਾਂ ਔਰਤਾਂ ਹਨ ਜੋ ਦਿਨ ਭਰ ਕਠੋਰ ਮੇਹਨਤ ਕਰਕੇ ਜ਼ਿੰਦਗੀ ਜਿਉਂਦੀਆਂ ਹਨ।

ਇਸ ਦੇ ਉਲਟ ਪੰਜ ਕਰੋੜ ਅਬਾਦੀ 'ਚ ਉਹ ਲੋਕ ਸ਼ਾਮਲ ਹਨ ਜੋ ਭਾਰਤ ਦੀ ਪ੍ਰਜੀਵੀ ਅਬਾਦੀ ਦਾ ਹਿੱਸਾ ਬਣਦੇ ਹਨ। ਇਹ ਪੂੰਜੀਪਤੀ ਹਨ। ਇਹ 'ਧਨੀ ਕਿਸਾਨ' ਹਨ, ਇਹ ਭੋਇੰ ਮਾਲਕ ਵੱਡੇ ਸਰਦਾਰ ਹਨ, ਇਹ ਛੋਟੇ ਛੋਟੇ ਕਸਬਿਆਂ ਤੋਂ ਲੈ ਕੇ ਰਾਜਧਾਨੀ 'ਚ ਬੈਠੇ ਰਾਜਨੇਤਾ ਹਨ। ਇਹ ਸ਼ੇਅਰ ਬਜ਼ਾਰ 'ਚ ਪੈਸਾ ਲਾ ਕੇ ਜਿਉਣ ਵਾਲੇ ਲੋਕ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਦੇਸ਼ ਦੇ ਸਭ ਥਾਵਾਂ 'ਤੇ ਸਿੱਧੇ ਜਾ ਕਬਜ਼ਾ ਜਮਾਇਆ ਹੋਇਆ ਹੈ। ਇਹ ਧਨੀ ਔਰਤਾਂ ਦਾ ਸਮੂਹ ਹੈ ਜੋ ਸਭ ਜਾਤੀ ਧਰਮ ਦੇ ਲੋਕਾਂ ਨੇ ਮਿਲ ਕੇ ਬਣਾਇਆ ਹੈ, ਇਹ ਮਾਇਆਵਤੀ, ਸੋਨੀਆ, ਜੈ ਲਲਿਤਾ, ਕਿਰਨ ਮਜੂਮਦਾਰ, ਐਸ਼ਵਰੀਆ ਰਾਏ ਵਰਗੀਆਂ ਔਰਤਾਂ ਹਨ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਨੂੰ ਮਿਟਾਉਣ ਦਾ ਦਾਅਵਾ ਕਰਦੇ ਹਨ। ਕੀ ਇਹ ਸੰਭਵ ਹੈ ਕਿ ਕਿਸੇ ਦਾ ਖੂਨ ਪੀ ਕੇ ਜਿਉਂਦੀ ਰਹਿਣ ਵਾਲੀ ਜੋਕ ਉਸ ਦੇ ਸਰੀਰ 'ਚ ਖੂਨ ਦੀ ਮਾਤਰਾ ਵਧਾ ਦੇਵੇ। ਆਪਣੇ ਵੱਲੋਂ ਪੈਦਾ ਕੀਤੀ ਪੀੜਾ ਨੂੰ ਹਰ ਲਵੇ। ਲੋਕ ਜੀਵਨ 'ਚ ਜੋਕਾਂ ਦਾ ਹੱਲ ਉਨ੍ਹਾਂ ਨੂੰ ਸਰੀਰ ਤੋਂ ਵੱਖ ਕਰਕੇ ਉਨ੍ਹਾਂ 'ਤੇ ਨਮਕ ਛਿੜਕਣ ਦਾ ਰਿਹਾ ਹੈ। ਲੋਕ ਜੀਵਨ ਦੀ ਇਹ ਆਮ ਮਿਸਾਲ ਭਾਰਤੀ ਸਮਾਜ 'ਚ ਇਨੇ ਅਸਾਨ ਤਰੀਕੇ ਨਾਲ ਲਾਗੂ ਨਹੀਂ ਹੁੰਦੀ ਹਾਲਾਂਕਿ ਜੋਕਾਂ ਤੋਂ ਛੁਟਕਾਰਾ ਪਾਉਣ ਦਾ ਇਹੀ ਬੇਹਤਰ ਉਪਾਅ ਹੈ। ਉਨ੍ਹਾਂ ਨੂੰ ਸਰੀਰ ਤੋਂ ਖਿੱਚ ਕੇ ਵੱਖ ਕੀਤਾ ਜਾਵੇ। ਨਮਕ ਉਸ ਜੋਕ ਦੇ ਸਰੀਰ ਨੂੰ ਹੌਲੀ ਹੌਲੀ ਗਾਲ ਦੇਵੇ। ਉਸ ਦਾ ਨਾਮੋ ਨਿਸ਼ਾਨ ਮਿਟਾ ਦੇਵੇ।

ਮਨੁੱਖੀ ਸਮਾਜ 'ਚ ਖਾਸ ਕਰਕੇ ਅਧੁਨਿਕ ਪੂੰਜੀਵਾਦੀ ਸਮਾਜ 'ਚ ਜਿਥੇ ਇਕ ਕਿਸਮ ਦਾ ਲੋਕ ਰਾਜ ਹੋਵੇ ਇਹ ਕੰਮ ਬੇਹੱਦ ਗੁੰਝਲਦਾਰ ਹੈ। ਉਸ ਨੂੰ ਖੁਦ ਮਰਜ਼ੀ ਨਾਲ ਵੇਚਿਆ ਤੇ ਮੈਂ ਉਸ ਨੂੰ ਇਕ ਰਕਮ ਅਦਾ ਕਰਕੇ ਖਰੀਦਿਆ। ਪੇਂਡੂ ਭੋਇੰ ਮਾਲਕ ਤੇ ਧਨੀ ਕਿਸਾਨ ਕਹਿ ਸਕਦਾ ਹੈ ਕਿ ਖੇਤ ਮਜ਼ਦੂਰ ਮੇਰੇ ਦਰਵਾਜ਼ੇ 'ਤੇ ਕੰਮ ਮੰਗਣ ਆਇਆ ਤਦ ਮੈਂ ਉਸ ਨੂੰ ਖੇਤ 'ਚ ਲਾਇਆ ਤਾਂ ਕਿ ਉਹ ਆਪਣਾ ਪੇਟ ਭਰ ਸਕੇ, ਜੀਵਨ ਜੀ ਸਕੇ। ਜੋਕਾਂ ਦਾ ਸਮੂਹ (ਸ਼ੇਅਰ ਦਲਾਲਾਂ, ਰਾਜ ਨੇਤਾਵਾਂ, ਨੌਕਰਸ਼ਾਹੀ ਆਦਿ) ਤਾਂ ਇਹ ਵੀ ਕਹਿ ਸਕਦਾ ਹੈ ਕਿ ਉਹ ਤਾਂ ਕਿਸੇ ਨੂੰ ਕੰਮ 'ਤੇ ਨਹੀਂ ਰੱਖਦੇ ਹਨ ਉਹ ਤਾਂ ਇਸ ਸਬੰਧ 'ਚ ਬੰਨੇ ਹੀ ਨਹੀਂ ਹਨ। ਉਹ ਤਾਂ ਆਪਣਾ ਕੰਮ ਕਰਦੇ ਹਨ। ਜ਼ਾਹਿਰ ਹੈ ਕਿ ਕੋਈ ਕੁਦਰਤੀ ਜੋਕਾਂ ਨਹੀਂ ਹਨ। ਇਹ ਮਨੁੱਖੀ ਸਮਾਜ ਦੀਆਂ ਜੋਕਾਂ ਹਨ। ਜੋ ਆਪਣੇ ਕੰਮ ਨੂੰ ਕਾਨੂੰਨੀ ਰੰਗਤ ਦੇ ਕੇ ਵੀ ਕਰਦੀਆਂ ਹਨ। ਇਹ ਦੇਸ਼ ਦੀ ਹਕੂਮਤ ਚਲਾਉਣ ਲਈ ਸਮੇਂ ਸਮੇਂ 'ਤੇ ਚੋਣਾਂ ਕਰਵਾਉਂਦੀਆਂ ਹਨ। ਚੋਣਾਂ 'ਚ ਸਭ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਕਿਸੇ ਕਿਸਮ ਦਾ ਕੋਈ 'ਭੇਦਭਾਵ' ਨਹੀਂ ਹੈ। ਜਾਤੀ, ਨਾ ਧਰਮ, ਨਾ ਲਿੰਗ ਦਾ, ਨਾ ਪੂੰਜੀਪਤੀ, ਨਾ ਮਜ਼ਦੂਰ ਦਾ, ਨਾ ਧਨੀ ਕਿਸਾਨ, ਛੋਟੇ ਕਿਸਾਨ ਦਾ, ਨਾ ਜੰਗਲ ਦਾ ਨਾ ਸ਼ਹਿਰ ਦਾ।

ਜੋਕਾਂ ਦੀ ਪੁਰਾਣੇ ਜ਼ਮਾਨੇ ਦੀ ਹਕੂਮਤ (ਜਾਗੀਰਦਾਰੀ ਵੇਲੇ) ਨਾਲ ਇਸ ਵਕਤ ਦੀ ਕਿ ਅੱਜ ਦਾ ਤਰੀਕਾ ਵੱਧ ਅੱਛਾ ਹੈ। ਤਦ ਜ਼ਿਮੀਦਾਰ-ਜਗੀਰੂ ਕਿਸਾਨ (ਭੂਮੀ ਦੇ ਦਾਸ) ਨੂੰ ਇਹ ਮੌਕਾ ਹੀ ਨਹੀਂ ਦਿੰਦੇ ਸਨ ਕਿ ਉਹ ਕਿਸੇ ਕਿਸਮ ਦੀ ਸਮਾਜਕ-ਰਾਜਸੀ ਅਜ਼ਾਦੀ ਦੀ ਵਰਤੋਂ ਕਰਨ। ਅਧੁਨਿਕ ਜੋਕਾਂ ਇਸ ਗੱਲ ਦੀ ਅਜ਼ਾਦੀ ਕਾਨੂੰਨੀ ਤੌਰ 'ਤੇ ਦਿੰਦੀਆਂ ਹਨ ਕਿ ਤੁਸੀਂ ਚਾਹੋ ਤਾਂ ਦਿੱਲੀ ਜਾਂ ਚੇਨਈ 'ਚ ਇਹ ਕੰਮ ਕਰ ਸਕਦੇ ਹੋ। ਆਪ ਸ਼ਹਿਰੀ ਹੋ ਤਾਂ ਆਪ ਕਾਨੂੰਨ, ਰਾਜ ਦੀ ਨਿਗਾਹ 'ਚ ਬਰਾਬਰ ਹੋ। ਇਹ ਬਰਾਬਰੀ ਇਸ ਮਾਮਲੇ 'ਚ ਅੱਗੇ ਦੀ ਚੀਜ਼ ਸੀ ਕਿ ਇਸ ਨੇ ਇਤਿਹਾਸ 'ਚ ਪਹਿਲੀ ਵਾਰ ਇਹ ਸਾਬਤ ਕਰਵਾਇਆ ਕਿ ਸਭ ਮਨੁੱਖ ਬਰਾਬਰ ਹਨ। ਕਾਨੂੰਨ ਦੀ ਨਿਗ੍ਹਾ 'ਚ ਕੋਈ ਛੋਟਾ ਵੱਡਾ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਰਵਾਇਤੀ ਤੇ ਅਸਲੀ ਬਰਾਬਰੀ ਵਿਚਕਾਰ ਦੀਵਾਰ ਦੀ ਤਰ੍ਹਾਂ ਨਿੱਜੀ ਜਇਦਾਦ ਖੜ੍ਹੀ ਸੀ। ਇਹ ਦੀਵਾਰ ਆਮ ਮੇਹਨਤਕਸ਼ ਆਦਮੀ ਹਰ ਥਾਂ ਮਹਿਸੂਸ ਕਰਦਾ ਹੈ, ਉਹ ਚਾਹੇ ਫੈਕਟਰੀ ਹੋਵੇ ਜਾਂ ਅਦਾਲਤ ਹੋਵੇ, ਜ਼ੇਲ੍ਹ ਹੋਵੇ ਜਾਂ ਫਿਰ ਚੋਣਾਂ ਹੋਣ। ਮੌਜੂਦਾ ਆਮ ਚੋਣਾਂ ਵਿਚ ਵੀ ਦੀਵਾਰ ਦੇ ਉਸ ਪਾਰ ਖੜ੍ਹੇ ਲੋਕ ਕਰੋੜਾਂ ਮੇਹਨਤਕਸ਼ਾਂ ਦੀ ਬੇਹਤਰੀ ਦਾ ਸੁਪਨਾ ਵੇਚ ਰਹੇ ਹਨ। ਗਰੀਬੀ-ਬੇਰੁਜ਼ਗਾਰੀ ਦੀ ਦਲਦਲ 'ਚੋਂ ਬਾਹਰ ਨਿਕਲਣ ਦਾ ਦਾਅਵਾ ਕਰ ਰਹੇ ਹਨ ਅਜਿਹੇ 'ਚ ਸੁਆਲ ਉੱਠਣਾ ਲਾਜਮੀ ਹੈ ਕਿ ਕਰੋੜਾਂ ਮੇਹਨਤਕਸ਼ਾਂ ਨੂੰ ਕਰਨਾ ਕੀ ਚਾਹੀਦਾ ਹੈ। ਜੋ ਪਾਰਟੀਆਂ ਉਸ ਦੇ ਸਾਹਮਣੇ ਖੜ੍ਹੀਆਂ ਹਨ ਉਹ ਉਹਨਾਂ ਦੀਆਂ ਨਹੀਂ ਬਲਕਿ ਛੋਟੀ-ਵੱਡੀ ਪੂੰਜੀ ਦੀਆਂ ਪ੍ਰਤੀਨਿਧ ਹਨ। ਕਿਸੇ ਨੂੰ ਭਾਰਤ ਦੇ ਵੱਡੇ ਅਜ਼ਾਰੇਦਾਰੀ ਘਰਾਣਿਆਂ (ਅੰਬਾਨੀ, ਟਾਟਾ, ਬਿਡਲਾ) ਦੀ ਹਮਾਇਤ ਹਾਸਲ ਹੈ। ਕਿਸੇ ਨੂੰ ਸਥਾਨਕ ਪੂੰਜੀਪਤੀ ਦੀ। ਕੋਈ ਧਨੀ ਕਿਸਾਨ ਦਾ ਪ੍ਰਤੀਨਿਧ ਹੈ ਤਾਂ ਕੋਈ ਵਪਾਰੀ ਵਰਗ ਦਾ। ਮਜ਼ਦੂਰਾਂ, ਛੋਟੇ-ਦਰਮਿਆਨੇ ਕਿਸਾਨਾਂ, ਦਸਤਕਾਰਾਂ, ਬੁਨਕਾਰਾਂ ਆਦਿ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੋਈ ਅਜਿਹੀ ਪਾਰਟੀ ਨਹੀਂ ਹੈ। ਜਿਸ ਦਾ ਦੇਸ਼ ਵਿਆਪੀ ਅਧਾਰ ਸਮਾਜ ਲਿਆ ਸਕੀਏ।

ਜੋ ਗਰੀਬਾਂ-ਬੇਰੁਜ਼ਗਾਰਾਂ ਦੇ ਇਸ ਬਦਲ ਤੋਂ ਬਾਹਰ ਨਿਕਲਣ ਦੀ ਲੜਾਈ 'ਚ ਉਸ ਨੂੰ ਅਗਵਾਈ ਤੇ ਸਾਥ ਦੇ ਸਕਣ। ਨਾਮਧਾਰੀ ਕਮਿਊਨਿਸਟ ਪਾਰਟੀਆਂ ਪਹਿਲਾਂ ਹੀ ਜੋਕਾਂ ਦੇ ਪਾਲੇ 'ਚ ਜਾ ਚੁੱਕੀਆਂ ਹਨ। ਮੇਹਨਤਕਸ਼ਾਂ ਨੇ ਬਹੁਤ ਲੰਮੇ ਸਮੇਂ ਤੱਕ ਉਨ੍ਹਾਂ ਦਾ ਸਾਥ ਦਿੱਤਾ। ਇਨ੍ਹਾਂ ਤੋਂ ਲੜਾਈ 'ਚ ਅਗਵਾਈ ਤੇ ਸਾਥ ਦੀ ਆਸ ਬੱਝੀ। ਇਹ ਵੱਖਰੀ ਗੱਲ ਹੈ ਕਿ ਅੱਜ ਵੀ ਮੇਹਨਤਕਸ਼ਾਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਪਿੱਛੇ ਲਾਮਬੰਦ ਹੈ। ਇਸ ਆਸ 'ਚ ਇਨ੍ਹਾਂ ਦੇ ਨਾਲ ਹੈ ਕਿ ਉਸ ਸੱਚੇ ਹਨ। ਮੇਹਨਤਕਸ਼ਾਂ ਦੇ ਸਾਥੀ ਹਨ। ਨੰਦੀਗ੍ਰਾਮ, ਸਿੰਗੂਰ ਵਰਗੀਆਂ ਘਟਨਾਵਾਂ ਨੇ ਇਸ ਹਿੱਸੇ ਦੇ ਭਰਮ ਨੂੰ ਤੋੜਿਆ ਪਰ ਅਜੇ ਵੀ ਉਨ੍ਹਾਂ ਨਾਲ ਕੋਈ ਲੱਖ-ਕਰੋੜ ਲੋਕ ਹਨ। ਅਜਿਹਾ ਨਹੀਂ ਹੈ ਕਿ ਮੇਹਨਤਕਸ਼ਾਂ ਦੇ ਹਿੱਤਾਂ ਲਈ ਲੜਨ ਵਾਲੇ ਲੋਕ ਨਹੀਂ ਹਨ, ਲੋਕ ਹਨ। ਸੰਗਠਨ ਹੈ ਪਰ ਇਕਜੁਟ ਨਹੀਂ ਹੈ। ਸਹੀ ਦਿਸ਼ਾ 'ਚ ਕੰਮ ਕਰਨ ਵਾਲੇ ਲੋਕਾਂ ਦਾ ਵਿਸਵਾਸ਼ ਮਜ਼ਦੂਰਾਂ-ਮੇਹਨਤਕਸ਼ਾਂ ਦੇ ਸਬੰਧਾਂ ਨੂੰ ਤੇਜ਼ੀ ਨਾਲ ਅੱਗੇ ਨਹੀਂ ਵਧਾ ਰਿਹਾ ਹੈ। ਕਈ ਅਜਿਹੇ ਹਨ ਜੋ ਮੇਹਨਤਕਸ਼ਾਂ ਦੇ ਸੱਚੇ ਦੋਸਤ ਹਨ ਪਰ ਉਨ੍ਹਾਂ ਨੇ ਸੰਘਰਸ਼ ਦੀ ਜੋ ਦਿਸ਼ਾ ਪਕੜੀ ਹੈ ਉਸ ਵਿਚ ਉਹ ਜਨਤਾ ਦੇ ਕਰੀਬ ਹੈ। ਦੀ ਬਜਾਏ ਉਸ ਤੋਂ ਦੂਰ ਹੋ ਜਾਂਦੇ ਹਨ। ਮਜ਼ਦੂਰਾਂ ਕੋਲ ਅਜਿਹੀ ਹੀ ਰਾਹ ਬਚਦੀ ਹੈ। ਇਕ ਤਰਫ ਉਹ ਹਨ ਜੋ ਉਸ ਦੇ ਸਰੀਰ 'ਤੇ ਜੋਕਾਂ ਵਾਂਗੂ ਪਲ ਰਹੇ ਹਨ ਅਤੇ ਦੂਜੇ ਪਾਸੇ ਉਸ ਦਾ ਸਾਥ ਦੇਣ ਵਾਲੇ ਹਨ, ਅਗਵਾਈ ਦੇਣ ਵਾਲੇ ਹਨ ਸੰਗਠਨ ਤੇ ਪਾਰਟੀਆਂ ਦੀ ਘਾਟ ਹੈ। ਅਜਿਹੀ ਹਾਲਤ 'ਚ ਮੇਹਨਤਕਸ਼ ਜਨਤਾ 'ਚੋਂ ਕਦੀ ਇਕ ਤੇ ਕਦੀ ਦੂਜੇ ਨੂੰ ਚੁਣਦੀ ਹੈ। ਹਰ ਵਾਰ ਉਹ ਦੇਖਦੀ ਹੈ ਕਿ ਕਦੀ ਨਾਗਰਾਜ ਤੇ ਕਦੀ ਸਾਂਪਨਾਥ ਲੱਦਿਆ ਹੋਇਆ ਹੈ। ਦੇਸ਼ ਪੱਧਰੀ ਕਮਿਊਨਿਸਟ ਪਾਰਟੀ ਲੋਕਾਂ ਨੂੰ ਜੁਟ ਕਰ ਸਕਦੀ ਹੈ। ਉਨ੍ਹਾਂ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਲਿਆ ਸਕੇ ਜੋ ਜੋਕਾਂ ਦੇ ਇਕ ਜਾਂ ਦੂਜੇ ਸਮੂਹ ਪਿੱਛੇ ਹਨ।

# ਜੀ-20 ਦੇ ਸਿਖਰ ਸੰਮੇਲਨ ਦੀ ਕਾਰਗੁਜਾਰੀ

ਲੰਦਨ 'ਚ 2-ਅਪ੍ਰੈਲ ਨੂੰ ਜੋ ਜੀ-20 ਸਿਖਰ ਸੰਮੇਲਨ ਦੇ ਸਮਾਪਤ ਹੋਣ ਪਿੱਛੋਂ ਬ੍ਰਿਟਿਸ਼ ਪ੍ਰਧਾਨ ਨੇ ਕੁੱਝ ਮਹੱਤਵਪੂਰਨ ਗੱਲਾਂ ਕਹੀਆਂ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਆਮ ਸਹਿਮਤੀ ਹੁਣ ਖਤਮ ਹੋ ਗਈ ਹੈ ਤੇ ਉਸ ਦੀ ਥਾਂ ਇਕ ਨਵੀਂ ਆਮ ਸਹਿਮਤੀ ਪੈਦਾ ਹੋਈ ਹੈ। ਅੱਜ ਵਿਸ਼ਵੀ ਸਮੱਸਿਆਵਾਂ ਦੇ ਵਿਸ਼ਵੀ ਹੱਲ ਦੀ ਜ਼ਰੂਰਤ ਹੈ ਅਤੇ ਕਿ ਇਕ ਨਵਾਂ ਵਿਸ਼ਵੀ ਅਰਥਚਾਰਾ ਜਨਮ ਲੈ ਰਿਹਾ ਹੈ। ਜੇ ਇਹ ਗੱਲ ਕਿਸੇ ਹੋਰ ਨੇ ਕਹੀ ਹੁੰਦੀ ਤਾਂ ਜ਼ਿਆਦਾ ਮਹੱਤਵਪੂਰਨ ਨਾ ਹੁੰਦੀ ਪਰ ਬ੍ਰਿਟਿਸ਼ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਦੇ ਮੂੰਹੋ ਇਹ ਮਹੱਤਵਪੂਰਨ ਹੋ ਜਾਂਦੀ ਹੈ। ਵਾਸ਼ਿੰਗਟਨ ਆਮ ਸਹਿਮਤੀ ਉਹ ਕੋਡ ਵਰਡ ਹੈ ਜੋ ਆਪਣੇ ਅੰਦਰ ਤਿੰਨ ਦਹਾਕਿਆਂ ਦੀਆਂ ਨਿੱਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਸਮੇਟੀ ਬੈਠੀਆਂ ਹਨ। ਮਿਲਟਨ ਫ੍ਰੀਡਮੈਨ ਦੀ ਅਗਵਾਈ 'ਚ 1970 ਦੇ ਦਹਾਕੇ 'ਚ ਉਦਾਰੀਕਰਨ ਦੀਆਂ ਨੀਤੀਆਂ ਨੇ ਜ਼ੋਰ ਫੜਨਾ ਸ਼ੁਰੂ ਕੀਤਾ ਕਿਹਾ ਜਾਣ ਲੱਗਿਆ ਕਿ ਦੂਜੀ ਸੰਸਾਰ ਜੰਗ ਪਿੱਛੋਂ ਜੋ ਨੀਤੀਆਂ ਚਲ ਰਹੀਆਂ ਹਨ ਉਹ ਪੂੰਜੀਵਾਦ 'ਚ ਪਹਿਲ ਕਦਮੀ 'ਚ ਅੜਿਕਾ ਬਣਦੀਆਂ ਹਨ ਅਤੇ ਮੁਨਾਫਾ ਘਟਾਉਣ ਤੋਂ ਲੈ ਕੇ ਆਮ ਠਹਿਰਾ ਨੂੰ ਜਨਮ ਦਿੰਦੀ ਹੈ। ਕਲਿਆਣਕਾਰੀ ਰਾਜ ਤੇ ਬ੍ਰਟੇਨ ਵੁਡਸ ਪ੍ਰਬੰਧ ਦਾ ਤਾਣਾ-ਬਾਣਾ ਸਮੱਸਿਆ ਦੀ ਜੜ੍ਹ ਵਿਚ ਹੈ। ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਬਜ਼ਾਰ ਦੀਆਂ ਸ਼ਕਤੀਆਂ ਨੂੰ ਪੂਰੀ ਛੋਟ ਮਿਲਣੀ ਚਾਹੀਦੀ ਹੈ। ਇਸ ਦੇ ਤਹਿਤ ਸਰਕਾਰੀ ਉਦਮਾ ਦਾ ਨਿੱਜੀਕਰਨ ਕਰ ਦਿੱਤਾ ਜਾਣਾ ਚਾਹੀਦਾ ਹੈ, ਪੂੰਜੀ ਦੇ ਵਹਾਅ ਤੇ ਕਾਰੋਬਾਰ 'ਤੇ ਕੰਟਰੋਲ ਖਤਮ ਹੋ ਜਾਣਾ ਚਾਹੀਦਾ ਹੈ। ਕੌਮਾਂਤਰੀ ਵਪਾਰ ਪੂਰੀ ਤਰ੍ਹਾਂ ਮੁਕਤ ਹੋ ਜਾਣਾ ਚਾਹੀਦਾ ਹੈ। ਖਾਸ ਕਰਕੇ ਪੂੰਜੀ ਦੇ ਵਹਾਅ 'ਤੇ ਕੰਟਰੋਲ ਦਾ ਖਾਤਮਾ ਮੁੱਖ ਚੀਜ਼ ਸੀ।

ਇਨ੍ਹਾਂ ਨੀਤੀਆਂ ਨੂੰ ਸਭ ਤੋਂ ਪਹਿਲਾਂ ਪਿਨੋਖਤੇ ਨੇ ਚਿਲੀ 'ਚ ਲਾਗੂ ਕੀਤਾ। ਫਿਰ ਰੋਨਾਲਡ ਰੀਗਨ ਨੇ ਇਸ ਨੂੰ ਅਮਰੀਕਾ 'ਚ ਤੇ ਮਾਮਰਿਟ ਥੈਚਰ ਨੇ ਇਸ ਨੂੰ ਇੰਗਲੈਂਡ 'ਚ ਲਾਗੂ ਕਰਨਾ ਸ਼ੁਰੂ ਕੀਤਾ। ਹੁਣ ਤੱਕ ਇਸ ਨੇ ਵਾਸ਼ਿੰਗਟਨ ਆਮ ਸਹਿਮਤੀ ਦਾ ਰੂਪ ਧਾਰਨ ਕਰ ਲਿਆ ਸੀ ਯਾਨੀ ਅਮਰੀਕੀ ਸਾਮਰਾਜੀ ਅਰਥ ਸ਼ਾਸਤਰੀਆਂ 'ਚ ਇਨ੍ਹਾਂ ਨੀਤੀਆਂ 'ਤੇ ਆਮ ਸਹਿਮਤੀ। ਇਨ੍ਹਾਂ ਨੀਤੀਆਂ ਨੂੰ ਹੁਣ ਕੌਮਾਂਤਰੀ ਮੁਦਰਾ ਕੋਸ਼ ਰਾਹੀਂ ਹੋਰ ਦੇਸ਼ਾਂ 'ਤੇ ਵੀ ਲਾਗੂ ਕੀਤਾ ਜਾਣ ਲੱਗਿਆ। ਜੋ ਵੀ ਪਿਛੜਿਆ ਦੇਸ਼ ਸੰਕਟਗ੍ਰਸਤ ਹੋ ਕੇ ਕੌਮਾਂਤਰੀ ਮੁਦਰਾ ਕੋਸ਼ ਕੋਲ ਸਹਾਇਤਾ ਲਈ ਜਾਂਦਾ ਉਸ ਨੂੰ ਇਨ੍ਹਾਂ ਨੀਤੀਆਂ ਨੂੰ ਸ਼ਰਤ ਵਜੋਂ ਸਵੀਕਾਰ ਕਰਨਾ ਪੈਂਦਾ। ਯੂਰਪੀ ਦੇਸ਼ਾਂ ਵਿਚ ਹਾਲਾਂਕਿ ਕਲਿਆਣਕਾਰੀ ਰਾਜ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ ਤਦ ਵੀ ਗਿਰਦੇ ਮੁਨਾਫੇ ਨੂੰ ਵਧਾਉਣ ਲਈ ਉਨ੍ਹਾਂ ਨੂੰ ਵੀ ਇਨ੍ਹਾਂ ਨੀਤੀਆਂ ਨੂੰ ਅਪਣਾਉਣਾ ਪਿਆ। ਇਨ੍ਹਾਂ ਨੀਤੀਆਂ ਦਾ ਕੇਂਦਰ ਅਮਰੀਕੀ ਸਾਮਰਾਜੀ ਸਨ ਅਤੇ ਉਨ੍ਹਾਂ ਨੂੰ ਇਨ੍ਹਾਂ ਨਾਲ ਸਭ ਤੋਂ ਵੱਧ ਫਾਇਦਾ ਹੋਇਆ ਇਨ੍ਹਾਂ ਨੀਤੀਆਂ ਦੇ ਚਲਦਿਆਂ ਪਿਛੜੇ ਦੇਸ਼ ਤਬਾਹ ਹੋ ਗਏ ਪਰ ਉਨ੍ਹਾਂ ਦੇਸ਼ਾਂ ਦੇ ਮੁਠੀਭਰ ਪੂੰਜੀਪਤੀਆਂ ਤੇ ਸਾਮਰਾਜੀਆਂ ਨੇ ਖੂਬ

ਫਾਇਦਾ ਉਠਾਇਆ। ਇਨ੍ਹਾਂ ਨੀਤੀਆਂ ਦੇ ਕਾਰਨ ਸਮੇਂ ਸਮੇਂ ਸਿਰ ਜਗ੍ਹਾ ਜਗ੍ਹਾ ਸੰਕਟ ਫੁਟਣ ਲੱਗੇ। 1982 ਦਾ ਲਤੀਨੀ ਅਮਰੀਕਾ ਦਾ ਕਰਜ਼ਾ ਸੰਕਟ, 1994 ਦਾ ਮੈਕਸੀਕੋ ਦਾ ਸੰਕਟ, 1997-98 ਦਾ ਦੱਖਣ ਪੂਰਬ ਏਸ਼ੀਆ ਤੇ ਰੂਸ ਦਾ ਸੰਕਟ, 2001 ਦਾ ਅਰਜਨਟਾਈਨਾ ਦਾ ਸੰਕਟ ਆਦਿ। ਖੁਦ ਅਮਰੀਕਾ 'ਚ 1984, 1987, 1994 ਤੇ 1998 'ਚ ਵਿੱਤੀ ਬਜ਼ਾਰ 'ਚ ਹਲਕਾ ਭੂਚਾਲ ਆਇਆ ਪਰ ਉਹ ਜਲਦੀ ਹੀ ਰੁਕ ਗਿਆ। ਅਮਰੀਕੀ ਸਾਮਰਾਜੀ ਆਪਣੇ ਬ੍ਰਿਟਿਸ਼ ਭਰਾਵਾਂ ਨਾਲ ਅੱਗੇ ਵਧਦੇ ਗਏ। ਪਰ ਅਮਰੀਕੀ ਸਾਮਰਾਜੀਆਂ ਦੀ ਵਾਸ਼ਿੰਗਟਨ ਆਮ ਸਹਿਮਤੀ ਵਾਲੀਆਂ ਨੀਤੀਆਂ ਆਪਣੀਆਂ ਹੱਦਾਂ ਪਾਰ ਕਰਦੀਆਂ ਗਈਆਂ ਅਤੇ 2002-07 ਦੇ ਦੌਰ 'ਚ ਤਾਂ ਉਹ ਸਿੱਧੀਆਂ ਆਕਾਸ਼ 'ਚ ਪਹੁੰਚ ਗਈਆਂ, ਜਿਸ ਵਿੱਤੀ ਢਹਿ ਢੇਰੀ ਦਾ ਡਰ 1980 ਦੇ ਦਹਾਕੇ 'ਚ ਜਾਹਰ ਕੀਤਾ ਜਾ ਰਿਹਾ ਸੀ ਉਹ ਆਖਰਕਾਰ ਅਥਾਰਥ ਬਣ ਗਿਆ। 2008 'ਚ ਵਿਸ਼ਵ ਵਿੱਤੀ ਵਿਵਸਥਾ ਠੱਪ ਹੋ ਗਈ। ਹਾਲਾਂਕਿ ਇਸ ਵਿੱਤੀ ਸੰਕਟ ਦੀ ਸ਼ੁਰੂਆਤ 2007 ਦੇ ਅੱਧ 'ਚ ਹੋਈ ਸੀ ਪਰ ਇਹ ਚੋਟੀ 'ਤੇ ਪਹੁੰਚਿਆ ਸਤੰਬਰ 2008 ਵਿਚ। ਉਦੋਂ ਤੋਂ ਹੁਣ ਤੱਕ ਸਾਮਰਾਜੀ ਦੇਸ਼ਾਂ ਸਮੇਤ ਸਾਰੀ ਦੁਨੀਆਂ ਦੀ ਵਿੱਤੀ ਵਿਵਸਥਾ ਜਾਮ ਪਈ ਹੋਈ ਹੈ। ਪੂੰਜੀ ਦੇ ਮੁਕਤ ਪ੍ਰਵਾਹ ਦੀ ਵਾਸ਼ਿੰਗਟਨ ਆਮ ਸਹਿਮਤੀ ਦਾ ਆਖਰੀ ਸਿੱਟਾ ਇਹ ਹੋਇਆ ਕਿ ਪੂੰਜੀ ਦਾ ਪ੍ਰਵਾਹ ਠੱਪ ਹੋ ਗਿਆ। ਚੀਜ਼ ਆਪਣੇ ਉਲਟ ਰੂਪ 'ਚ ਬਦਲ ਗਈ। ਇਸ ਭਿਅੰਕਰ ਸੰਕਟ ਦਾ ਸਾਹਮਣਾ ਹੋਣ 'ਤੇ ਹੀ ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਨੂੰ ਮੰਨਣ ਲਈ ਮਜ਼ਬੂਰ ਹੋਣਾ ਪਿਆ ਕਿ ਪਿਛਲੇ ਤਿੰਨ ਦਹਾਕੇ ਦੀਆਂ ਨੀਤੀਆਂ ਨੇ ਹੀ ਅਮਲੇ ਨੂੰ ਇਥੋਂ ਤੱਕ ਪਹੁੰਚਾਇਆ ਹੈ। ਪੂੰਜੀ ਪ੍ਰਵਾਹ ਦਾ ਕੇਂਦਰ ਲੰਦਨ ਦੇ ਮਾਲਿਕ ਗਾਰਡਨ ਬਰਾਊਨ ਵੀ ਇਹ ਮੰਨਣ ਲਈ ਮਜ਼ਬੂਰ ਹੋਏ ਹਨ। ਜਦ ਉਹ ਵਾਸ਼ਿੰਗਟਨ ਆਮ ਸਹਿਮਤੀ ਦੇ ਖਤਮ ਹੋਣ ਦੀ ਗੱਲ ਕਰਦੇ ਹਨ ਤਾਂ ਉਸ ਦਾ ਇਹੀ ਮਤਲਬ ਹੈ। ਹੁਣ ਸਾਮਰਾਜੀ ਵਿੱਤੀ ਉਦਾਰੀਕਰਨ ਦੀ ਇਸ ਨੀਤੀ ਨੂੰ ਬਦਲਣ ਦੀ ਗੱਲ ਕਰ ਰਹੇ ਹਨ। ਇਸ ਲਈ ਜੀ-20 ਦੀ ਬੈਠਕ 'ਚ ਕੁੱਝ ਚੀਜ਼ਾਂ 'ਤੇ ਸਹਿਮਤੀ ਬਣੀ, ਜਿਸ ਨੂੰ ਗਾਰਡਨ ਬਰਾਊਨ ਨਵੀਂ ਆਮ ਸਹਿਮਤੀ ਦੱਸ ਰਹੇ ਹਨ। ਇਸ 'ਚ ਮੁੱਖ ਇਹ ਹਨ ਬੈਂਕਾਂ ਤੇ ਵਿੱਤੀ ਸੰਸਥਾਵਾਂ 'ਤੇ ਨਿਯਮ ਦੇ ਕਾਨੂੰਨ ਸਖਤ ਬਣਾਏ ਜਾਣਗੇ ਹੇਜ ਫੰਡ ਆਦਿ ਵਿੱਤੀ ਸੰਸਥਾਵਾਂ ਨੂੰ ਵੀ ਨਿਯਮ ਤੇ ਕੰਟਰੋਲ ਦੇ ਦਾਇਰੇ 'ਚ ਲਿਆਂਦਾ ਜਾਵੇਗਾ। ਛੋਟੇ ਛੋਟੇ ਦੀਪਾਂ ਦੇ ਬੇਲਗਾਮ ਵਿੱਤੀ ਅਦਾਰੇ ਬੰਦ ਕੀਤੇ ਜਾਣਗੇ ਜਾਂ ਨਿਯਮਾਂ ਦੇ ਦਾਇਰੇ ਵਿਚ ਲਿਆਂਦੇ ਜਾਣਗੇ, ਬੈਂਕਿੰਗ ਖੁਫੀਆ ਤੰਤਰ ਦੀ ਆੜ ਨੂੰ ਖਤਮ ਕੀਤਾ ਜਾਵੇਗਾ। ਬੈਂਕਾਂ ਤੇ ਵਿੱਤੀ ਸੰਸਥਾਵਾਂ ਦੇ ਅਧਿਕਾਰੀਆਂ ਦੀ ਤਨਖਾਹ ਤੇ ਬੋਨਸ ਨੂੰ ਉਨ੍ਹਾਂ ਦੀ ਪ੍ਰਾਪਤੀ ਅਨੁਸਾਰ ਤੈਅ ਕੀਤਾ ਜਾਵੇਗਾ। ਇਨ੍ਹਾਂ ਵਿਵਸਥਾਵਾਂ 'ਤੇ ਮੰਦੀ 'ਚੋਂ ਉਭਰਨ ਲਈ 1000 ਅਰਬ ਡਾਲਰ ਦੀ ਉਤਪ੍ਰੇਰਕ ਰਾਸ਼ੀ ਦੇ ਕਾਰਨ ਹੀ ਗਾਰਡਨ ਬਰਾਊਨ ਨੇ ਕਿਹਾ ਕਿ ਵਿਸ਼ਵੀ ਸੰਕਟ ਵਿਸ਼ਵੀ ਹੱਲ ਦੀ ਮੰਗ ਕਰਦਾ ਹੈ ਕਿ ਇਕ ਨਵੀਂ ਵਿਸ਼ਵ ਵਿਵਸਥਾ ਜਨਮ ਲੈ ਰਹੀ ਹੈ। ਇਸ ਦਾ ਦੂਹਰਾ ਅਰਥ ਹੋ ਸਕਦਾ ਹੈ। ਪਹਿਲਾਂ ਤਾਂ ਇਹ ਕਿ ਅੱਜ ਵਿਸ਼ਵੀ ਪੱਧਰ 'ਤੇ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਤੇ ਉਸ ਦਾ ਵਿਸ਼ਵੀ ਹੱਲ ਖੋਜਿਆ ਜਾ ਰਿਹਾ ਹੈ। ਦੂਜਾ ਇਹ ਕਿ ਇਸ ਲਈ 1945 ਦੀ ਸੰਰਚਨਾ ਤੋਂ ਭਿੰਨ ਅੱਜ ਦੇ ਸ਼ਕਤੀ ਸੰਤੁਲਨ ਦੇ ਹਿਸਾਬ

ਨਾਲ ਇਕ ਨਵੀਂ ਵਿਸ਼ਵੀ ਸੰਰਚਨਾ ਹੋਂਦ ’ਚ ਆ ਰਹੀ ਹੈ। ਅੱਜ ਸਭ ਗਾਰਡਨ ਬਰਾਊਨ ਦੇ ਮੂੰਹ ਤੋਂ ਸੁਣਨਾ ਕਿਸ ਹੱਦ ਤੱਕ ਅਸਿਧ ਹੈ। ਇੰਗਲੈਂਡ ਮਾਰਗਰੇਟ ਥੈਚਰ ਦਾ ਦੇਸ਼ ਹੈ, ਇਹ ਟੋਨੀ ਬਲੇਅਰ ਦੇ ਨਿਊ ਲੇਬਰ ਦਾ ਦੇਸ਼ ਹੈ। ਇਹ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਅਮਰੀਕੀਆਂ ਦੇ ਉਸ ਤੋਂ ਵੱਧ ਵੱਡੇ ਸਮਰਥਕ ਰਹੇ ਹਨ, ਜਿੰਨੇ ਖੁਦ ਅਮਰੀਕੀ। ਹੁਣ ਉਹ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਪਰ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਮੌਜੂਦਾ ਭਿਅੰਕਰ ਸੰਕਟ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲਈ ਮਜ਼ਬੂਰ ਕਰ ਰਿਹਾ ਹੈ। ਇਸ ਯਥਾਰਥ ਨੂੰ ਉਨ੍ਹਾਂ ਉੱਪਰ ਠੋਸਿਆ ਜਾ ਰਿਹਾ ਹੈ। ਅੱਜ ਦੁਨੀਆਂ ਪਹਿਲਾਂ ਦੇ ਮੁਕਾਬਲੇ ਵੱਧ ਵਿਸ਼ਵੀ ਹੋ ਗਈ ਹੈ। ਹੁਣ ਵਿਸ਼ਵੀ ਪੈਮਾਨੇ ’ਤੇ ਪੈਦਾਵਾਰ-ਵੰਡ ਹੋ ਰਹੀ ਹੈ। ਪਰ ਪੂੰਜੀਵਾਦੀ ਪੈਦਾਵਾਰ ਦੀ ਅਰਾਜਕਤਾ ਕਾਰਨ ਇਹ ਲਗਾਤਾਰ ਇਕ ਪਿੱਛੋਂ ਇਕ ਵਿਸ਼ਵੀ ਸੰਕਟ ਨੂੰ ਜਨਮ ਦੇ ਰਿਹਾ ਹੈ। ਮੌਜੂਦਾ ਭਿਅੰਕਰ ਸੰਕਟ ਚੀਕ ਚੀਕ ਕੇ ਕਹਿ ਰਿਹਾ ਹੈ ਕਿ ਵਿਸ਼ਵੀ ਪੂੰਜੀਵਾਦੀ ਪੈਦਾਵਾਰ ਦੀ ਅਰਾਜਕਤਾ ਖਤਮ ਕੀਤੀ ਜਾਵੇ ਅਤੇ ਉਸ ਦਾ ਵਿਸ਼ਵੀ ਪੈਮਾਨੇ ’ਤੇ ਨਿਯਮਤ ਕੀਤਾ ਜਾਵੇ। ਜੀ-20 ਦੀ ਬੈਠਕ ਅਤੇ ਗਾਰਡਨ ਬਰਾਊਨ ਦੀ ਬੋਲੀ ਇਸ ਦੀਆਂ ਨਕਲਾਂ ਹਨ। ਦੂਜੀ ਗੱਲ ਇਹ ਹੈ ਕਿ ਅੱਜ ਵਿਸ਼ਵੀ ਸ਼ਕਤੀ ਸੰਤੁਲਨ ’ਚ ਕਾਫੀ ਤਬਦੀਲੀ ਹੋ ਚੁੱਕੀ ਹੈ। ਅੱਜ 1945 ਤੋਂ ਕਾਫੀ ਵੱਖਰੀ ਹੋਵੇਗੀ। ਕੌਮਾਂਤਰੀ ਮੁਦਰਾ ਕੋਸ਼ ਦੀ ਸੰਰਚਨਾ ਵਿਚ ਤਬਦੀਲੀ ਦੀ ਮੰਗ ਦਾ ਇਹ ਸਿੱਟਾ ਹੈ। ਪਰ ਪੂੰਜੀਵਾਦੀ ਦੇ ਅੰਦਰ ਇਹ ਕੋਸ਼ਿਸ਼ ਪੂੰਜੀਵਾਦ ਦੇ ਬੁਨਿਆਦੀ ਅੰਤਰ ਵਿਰੋਧਤਾਈ ਨੂੰ ਖਤਮ ਨਹੀਂ ਕਰ ਸਕਦੀ। ਉਹ ਦੂਜੇ ਰੂਪ ’ਚ ਫਿਰ ਤਿੱਖੇ ਹੋ ਜਾਣਗੇ ਅਤੇ ਨਵੇਂ ਸੰਕਟ ਨੂੰ ਜਨਮ ਦੇਣਗੇ। ਹੁਣ ਜੋ ਅੱਧੇ ਅਧੂਰੇ ਯਤਨ ਹੋ ਰਹੇ ਹਨ ਉਹ ਤਾਂ ਹੋਰ ਵੀ ਇਹੀ ਕਰਨਗੇ।

# ਅਮਰੀਕੀ-ਜਪਾਨੀ ਸਾਮਰਾਜਵਾਦ ਬਨਾਮ ਉਤਰੀ ਕੋਰੀਆ

ਆਪਸੀ ਵਿਰੋਧੀ ਦਾਅਵਿਆਂ ਦਰਮਿਆਨ 5 ਅਪ੍ਰੈਲ ਐਤਵਾਰ ਨੂੰ ਉਤਰੀ ਕੋਰੀਆ ਨੇ ਆਪਣੇ ਇਕ ਉਪਗ੍ਰਹਿ ਨੂੰ ਜਪਾਨੀ ਹਵਾਈ ਸਰਹੱਦ ਦੇ ਉਪਰੋਂ ਦੀ ਲੰਘਾਉਂਦਿਆਂ ਪੁਲਾੜ 'ਚ ਸਥਾਪਤ ਕੀਤਾ। ਉਤਰੀ ਕੋਰੀਆ ਦਾ ਦਾਅਵਾ ਹੈ ਕਿ ਉਸ ਨੇ ਇਕ ਉਪਗ੍ਰਹਿ ਨੂੰ ਪੁਲਾੜ 'ਚ ਸਥਾਪਤ ਕੀਤਾ ਜਦ ਕਿ ਅਮਰੀਕਾ, ਜਪਾਨ, ਦੱਖਣੀ ਕੋਰੀਆ ਅਨੁਸਾਰ ਇਹ ਇਕ ਅਜਿਹੇ ਰਾਕਟ ਦਾ ਪ੍ਰੀਖਣ ਸੀ, ਜੋ ਕਿ ਬੈਲਿਸਟਿਕ ਮਿਜ਼ਾਇਲ (6 ਹਜ਼ਾਰ ਕਿਲੋਮੀਟਰ ਤੱਕ ਮਾਰ ਕਰਨ 'ਚ ਸਮਰੱਥ) ਬਣਾਉਣ ਦੇ ਕੰਮ ਨੂੰ ਅੱਗੇ ਵਧਾ ਸਕਦਾ ਹੈ। ਅਮਰੀਕਾ ਅਨੁਸਾਰ ਉਤਰੀ ਕੋਰੀਆ ਨੇ ਕਿਸੇ ਉਪਗ੍ਰਹਿ ਨੂੰ ਪੁਲਾੜ 'ਚ ਸਥਾਪਤ ਨਹੀਂ ਕੀਤਾ ਬਲਕਿ ਇਹ ਰਾਕਟ ਪ੍ਰਸ਼ਾਂਤ ਮਹਾਂਸਾਗਰ 'ਚ ਡਿੱਗ ਪਿਆ। ਉਤਰੀ ਕੋਰੀਆ ਦੇ ਇਸ ਕਦਮ ਪਿੱਛੋਂ ਅਮਰੀਕਾ, ਜਪਾਨ ਅਤੇ ਦੱਖਣੀ ਕੋਰੀਆ ਨੇ ਉਤਰੀ ਕੋਰੀਆ ਦੇ ਖਿਲਾਫ਼ ਸਖਤ ਕਾਰਵਾਈ ਦੀਆਂ ਗੱਲਾਂ ਕੀਤੀਆਂ ਹਨ ਅਤੇ ਸੁਰੱਖਿਆ ਪ੍ਰੀਸ਼ਦ ਦੀ ਵਿਸ਼ੇਸ਼ ਬੈਠਕ ਬੁਲਾਉਣ ਦੀ ਗੱਲ ਕਹੀ ਹੈ। ਚੀਨ ਨੇ ਉਤਰੀ ਕੋਰੀਆ ਪ੍ਰਤੀ ਹਮਦਰਦੀ ਭਰਿਆ ਰੁਖ ਅਪਣਾਉਂਦਿਆਂ ਇਸ ਸਮੱਸਿਆ ਨੂੰ ਹੱਲ ਕਰਨ ਲਈ ਸਕਾਰਤਮਕ ਰੁਖ ਅਪਣਾਉਣ ਦੀ ਗੱਲ ਕੀਤੀ ਹੈ। ਕੁਲ ਮਿਲਾ ਕੇ ਅਜਿਹਾ ਹੀ ਰੁਖ ਰੂਸ ਦਾ ਵੀ ਹੈ। ਅਸਲ 'ਚ ਉਤਰੀ ਕੋਰੀਆ ਨੇ ਉਹੀ ਕੀਤਾ ਜੋ ਦਹਾਕਿਆਂ ਤੋਂ ਅਮਰੀਕਾ ਰੂਸ, ਬ੍ਰਿਟੇਨ, ਫਰਾਂਸ, ਚੀਨ, ਭਾਰਤ ਆਦਿ ਕਰਦੇ ਹਥਿਆਰ ਵਿਕਸਤ ਕਰਨਾ ਚਾਹੁੰਦਾ ਹੈ ਜੋ ਲੰਮੀ ਦੂਰੀ ਤੱਕ ਮਾਰ ਕਰ ਸਕਣ। ਮੁਖ ਸਾਮਰਾਜੀ ਦੇਸ਼ਾਂ ਦੇ ਨਾਲ-ਨਾਲ ਅਜਿਹੇ ਹਥਿਆਰ ਤੇ ਉਪਗ੍ਰਹਿ ਪ੍ਰਣਾਲੀ ਭਾਰਤ, ਚੀਨ ਤੇ ਇਜ਼ਰਾਇਲ ਦੇਸ਼ਾਂ ਕੋਲ ਪਹਿਲਾਂ ਤੋਂ ਹੀ ਹੈ ਇਸ ਤਰ੍ਹਾਂ ਨਾਲ ਵੇਖੀਏ ਤਾਂ ਉਤਰੀ ਕੋਰੀਆ ਅਜਿਹਾ ਕਦਮ ਉਠਾ ਨਹੀਂ ਰਿਹਾ ਹੈ ਜੋ ਪਹਿਲਾਂ ਤੋਂ ਹੀ ਵੱਖ-ਵੱਖ ਦੇਸ਼ ਨਹੀਂ ਉਠਾ ਚੁੱਕੇ ਹਨ। ਕੋਈ ਵੀ ਖੁਦਮੁਖਤਿਆਰ ਦੇਸ਼ ਅਜਿਹਾ ਕਦਮ ਉਠਾ ਸਕਦਾ ਹੈ। ਅਮਰੀਕਾ, ਜਪਾਨ, ਭਾਰਤ ਵਰਗੇ ਦੇਸ਼ਾਂ ਵੱਲੋਂ ਉਤਰੀ ਕੋਰੀਆ ਦੀ ਅਲੋਚਨਾ ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਬਣਾਈ ਰੱਖਣ ਦੀ ਰਵਾਇਤ ਹੈ। ਇਹ ਦੇਸ਼ ਨਹੀਂ ਚਾਹੁੰਦੇ ਹਨ ਕਿ ਉਤਰੀ ਕੋਰੀਆ ਤੇ ਇਰਾਨ ਵਰਗੇ ਦੇਸ਼ਾਂ ਦੀ ਉੱਨਤ ਤਕਨੀਕ ਹਾਸਲ ਕਰਕੇ ਆਪਣੀ ਅਖੰਡਤਾ ਦੀ ਰਾਖੀ ਕਰਨ। ਕੋਈ ਵੀ ਸਨਮਾਨਿਤ ਦੇਸ਼ ਚਾਹੇਗਾ ਕਿ ਉਸ ਪਾਸ ਅਜਿਹੇ ਹਥਿਆਰ ਹੋਣ ਜੋ ਕਿ ਉਸ ਦੀ ਪ੍ਰਭੂਸਤਾ ਤੇ ਰਾਖੀ ਲਈ ਜ਼ਰੂਰੀ ਹਨ। ਉਤਰੀ ਕੋਰੀਆ ਨੂੰ ਹਮਲਾਵਰ ਸੈਨਿਕ ਨੀਤੀ ਵੱਲ ਨਿਰੰਤਰ ਧੱਕਣ 'ਚ ਸਭ ਤੋਂ ਵੱਡੀ ਭੂਮਿਕਾ ਅਮਰੀਕਾ ਦੀ ਰਹੀ ਹੈ। 1950-53 ਵਿਚ ਅਮਰੀਕਾ ਨੇ ਦਖ਼ਲ ਅੰਦਾਜ਼ੀ ਕਰਕੇ ਵਿਨਾਸ਼ਕਾਰੀ ਯੁੱਧ ਠੋਸਿਆ ਜਿਸ ਵਿਚ ਲੱਖਾਂ ਲੋਕ ਮਾਰੇ ਗਏ। ਕੋਰੀਆ ਦੀ ਵੰਡ ਕਰਵਾ ਕੇ ਅਮਰੀਕਾ ਨੇ ਅੱਜ ਵੀ ਹਜ਼ਾਰਾਂ ਦੀ ਗਿਣਤੀ ਵਿਚ ਆਪਣੀ ਫੌਜ ਦੱਖਣੀ ਕੋਰੀਆ 'ਚ ਤੈਨਾਤ ਕੀਤੀ ਹੋਈ ਹੈ। ਇਹ ਫੌਜ ਬੇਹੱਦ ਅਤੀ ਅਧੁਨਿਕ ਹਥਿਆਰਾਂ ਤੇ ਮਿਜ਼ਾਇਲਾਂ ਨਾਲ ਲੈਸ ਹੈ। ਇਸ ਤਰ੍ਹਾਂ ਹੀ ਜਾਪਾਨ ਵਿਚ ਵੀ ਅਮਰੀਕਾ ਨੇ ਫੌਜੀ ਅੱਡੇ ਬਣਾਏ ਹੋਏ ਹਨ। ਸ਼ੀਤ ਯੁੱਧ ਦੇ ਕਾਲ ਬਾਅਦ ਵੀ ਲੰਮੇ ਸਮੇ ਤੱਕ ਖੁੱਲ੍ਹੇਆਮ ਨਿਊਕਲੀਅਰ ਹਥਿਆਰ

ਤੈਨਾਤ ਕਰੀ ਜਾ ਰਿਹਾ ਹੈ।

1953 ’ਚ ਹੋਈ “ਯੁੱਧ ਬੰਦੀ” ਹੀ ਅੱਜ ਤੱਕ ਉਤਰੀ ਕੋਰੀਆ ਤੇ ਦੱਖਣੀ ਕੋਰੀਆ ’ਚ ਚਲਦੀ ਆ ਰਹੀ ਹੈ। ਇਕ ਸਥਾਈ ਸ਼ਾਂਤੀ ਨੀਤੀ ਅਮਰੀਕੀ ਦਖਲ ਅੰਦਾਜ਼ੀ ਕਾਰਨ ਸੰਭਵ ਨਹੀਂ ਹੋ ਸਕੀ। ਇਹ ਦੁਨੀਆ ਦੀ ਅਨੋਖੀ ਯੁੱਧ ਬੰਦੀ ਹੈ ਜਿਸ ਨੂੰ ਅੱਧੀ ਸਦੀ ਤੋਂ ਵੀ ਵੱਧ ਸਮਾਂ ਹੋ ਗਿਆ ਹੈ। ਇਹ ਗੱਲ ਦਿਖਾਉਂਦੀ ਹੈ ਕਿ ਕੋਰੀਆਈ ਪ੍ਰਦੀਪ ’ਚ ਜੰਗੀ ਜਨੂੰਨ ਇਸ ਦੌਰਾਨ ਹਮੇਸ਼ਾ ਰਿਹਾ ਹੈ। ਹਾਲ ਦੀ ਘੜੀ ਕੋਰੀਆਈ ਪ੍ਰਦੀਪ ’ਚ ਜੰਗੀ ਜਨੂੰਨ ਭੜਕਾਉਣ ’ਚ ਅਮਰੀਕਾ ਦੀ ਰਹੀ ਹੈ। ਓਬਾਮਾ ਨੇ ਬੁਸ਼ ਦੀਆਂ ਨੀਤੀਆਂ ਨੂੰ ਹੀ ਅੱਗੇ ਵਧਾਉਂਦਿਆਂ ਉਤਰੀ ਕੋਰੀਆ ਤੇ ਦਬਾਅ ਬਣਾਇਆ ਹੋਇਆ ਹੈ। ਪਹਿਲਾਂ ਬਿਲ ਕਲਿੰਟਨ ਤੇ ਫੇਰ ਜਾਰਜ਼ ਬੁਸ਼ ਵੱਲੋਂ ਉਤਰੀ ਕੋਰੀਆ ਨੇ ਨਾਲ ਹੋਏ ਸਮਝੌਤੇ ਨੂੰ ਇੱਕ ਤਰਫ਼ਾ ਤੌਰ ਤੇ ਤੋੜ ਦਿੱਤੇ ਜਾਣ ਪਿੱਛੋਂ ਉਤਰੀ ਕੋਰੀਆ ਫਿਰ ਹਮਲਾਵਰ ਫੌਜੀ ਨੀਤੀ ਨੂੰ ਅਪਣਾ ਲਿਆ ਸੀ। ਅਮਰੀਕਾ, ਜਪਾਨ ਤੇ ਦੱਖਣੀ ਕੋਰੀਆ ਦੇ ਹਾਕਮਾਂ ਦੀ ਫੌਜੀ ਨੀਤੀ ਦੇ ਦਬਾਅ ’ਚ ਪੈਦਾ ਹੋਈ ਉਤਰੀ ਕੋਰੀਆ ਦੀ ਫੌਜੀ ਨੀਤੀ ਤਾਂ ਹੀ ਬਦਲ ਸਕਦੀ ਹੈ ਜੇ ਅਮਰੀਕਾ ਕੋਰੀਆਈ ਪ੍ਰਾਦੀਪ ਤੋਂ ਪੂਰੀ ਤਰ੍ਹਾਂ ਹਟ ਜਾਵੇ ਅਤੇ ਕੋਰੀਆਈ ਏਕਤਾ ਦੇ ਰਾਹ ’ਚ ਰੋੜਾ ਨਾ ਅਟਕਾਵੇ। ਕੋਰੀਆਈ ਲੋਕਾਂ ’ਚ ਏਕਤਾ ਦੀ ਭਾਵਨਾ ਬੇਹੱਦ ਪ੍ਰਬਲ ਰਹੀ ਹੈ। ਇਸ ਦਾ ਦਬਾਅ ਰਿਹਾ ਹੈ ਕਿ ਦੋਨੋਂ ਹੀ ਕੋਰੀਆਈ ਹਾਕਮਾਂ ਨੇ ਆਪਣੇ-ਆਪਣੇ ਦੇਸ਼ ’ਚ ਸ਼ਾਂਤੀ ਤੇ ਕਲੇਵੇਂ ਲਈ ਮੰਤਰਾਲੇ ਬਣਾਏ ਹੋਏ ਹਨ।

ਉਤਰੀ ਕੋਰੀਆ ਦੀ ਹਮਲਾਵਰ ਫੌਜੀ ਨੀਤੀ ਪਿੱਛੇ ਘਰੇਲੂ ਕਾਰਕਾਂ ਦੀ ਵੀ ਭੂਮਿਕਾ ਹੈ। ਉਤਰੀ ਕੋਰੀਆ ਇਕ ਸਮੇਂ ਸਮਾਜਵਾਦੀ ਦੇਸ਼ ਸੀ। ਅੱਸੀ ਦਾ ਦਹਾਕਾ ਆਉਂਦੇ ਆਉਂਦੇ ਇਹ ਇਕ ਰਾਜਸੀ ਪੂੰਜੀਵਾਦ ’ਚ ਤਬਦੀਲ ਹੋ ਗਿਆ ਤੇ ਤਦ ਤੋਂ ਇਕ ਪੂੰਜੀਵਾਦੀ ਦੇਸ਼ ਵਾਂਗੂੰ ਉਤਰੀ ਕੋਰੀਆ ਦੇ ਹਾਕਮ ਆਪਣੇ ਦੇਸ਼ ਦੀ ਮੇਹਨਤਕਸ਼ ਜਨਤਾ ਦੀ ਤਿੱਖੀ ਲੁੱਟ ਘਸੁੱਟ ਤੇ ਦਮਨ ਕਰਦੇ ਰਹੇ ਹਨ। ਇਸ ਲੁੱਟ ਘਸੁੱਟ ਤੇ ਜਬਰ ਖਿਲਾਫ਼ ਮਜ਼ਦੂਰਾਂ ਤੇ ਕਿਸਾਨਾਂ ’ਚ ਤਿੱਖਾ ਰੋਸ ਰਿਹਾ ਹੈ। ਖਾੜਕੂ ਫੌਜੀ ਨੀਤੀ ਰਾਹੀਂ ਉਤਰੀ ਕੋਰੀਆ ਦੇ ਹਾਕਮਾਂ ਨੂੰ ਖਾੜਕੂ ਕੌਮ ਪ੍ਰਸਤੀ ਦਾ ਪਰਚਮ ਲਹਿਰਾਉਂਦੇ ਹੋਇਆਂ ਮੇਹਨਤਕਸ਼ ਲੋਕਾਂ ਦੀ ਅਵਾਜ਼ ਨੂੰ ਦਬਾਉਣ ਦਾ ਮੌਕਾ ਦਿੰਦੀ ਰਹੀ ਹੈ। ਹਮਲਾਵਰ ਫੌਜੀ ਨੀਤੀ ਰਾਹੀਂ ਉਤਰੀ ਕੋਰੀਆ ਦੇ ਹਾਕਮ ਘਰੇਲੂ ਤੇ ਵਿਦੇਸ਼ੀ ਦੋਨੋਂ ਹੀ ਵਿਦਿਆਰਥੀ ’ਚ ਆਪਣੇ ਹਿੱਤਾਂ ਦੀ ਪੂਰਤੀ ਕਰਦੇ ਰਹੇ ਹਨ। ਇਸ ਵਿਚ ਕੁੱਝ ਵੀ ਅਨੋਖਾ ਨਹੀਂ ਹੈ। ਇਹ ਨੀਤੀ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਦੇ ਹਾਕਮ ਆਏ ਦਿਨ ਵਰਤਦੇ ਰਹੇ ਹਨ। ਉਤਰੀ ਕੋਰੀਆ ਦੇ ਹਾਕਮਾਂ ਨੇ ਆਪਣੇ ਅਨੁਭਵ ਤੋਂ ਸਿੱਖ ਲਿਆ ਹੈ ਕਿ ਸਾਮਰਾਜੀ ਅਮਰੀਕਾ-ਜਪਾਨ ਸਿਰਫ ਇਹੀ ਭਾਸ਼ਾ ਸਮਝਦੇ ਹਨ।

# ਕਾਰਪੋਰੇਟ ਯੋਗੀ ਰਾਮਦੇਵ ਹੁਣ ਸਿਆਸਤ 'ਚ

ਦੁਨੀਆ ਸੁਆਮੀ ਰਾਮਦੇਵ ਨੂੰ ਯੋਗੀ ਮੰਨਦੀ ਹੈ। ਹੈ ਵੀ ਉਹ ਯੋਗ ਗੁਰੂ ਪਰ ਉਹ ਕਿਸੇ ਸਾਧਾਰਨ ਆਸ਼ਰਮ 'ਚ ਧੂਈ ਲਾ ਕੇ ਯੋਗ ਦੀ ਸਿੱਖਿਆ ਦੇਣ ਵਾਲੇ ਸਾਧੂ ਨਹੀਂ ਹਨ। ਉਨ੍ਹਾਂ ਦਾ ਆਰਥਕ ਸਮਾਜਕ ਕਰੀਬ ਇਕ ਹਜ਼ਾਰ ਕਰੋੜ ਰੁਪਏ ਦਾ ਹੈ ਅਤੇ ਅਗਲੇ ਦੋ-ਤਿੰਨ ਸਾਲਾਂ ਵਿਚ ਉਸ ਦਾ ਟੀਚਾ ਇਕ ਲੱਖ ਕਰੋੜ ਤੋਂ ਵੱਧ ਦਾ ਕਾਰੋਬਾਰ ਕਰਨ ਦਾ ਹੈ। ਦੁਨੀਆਂ ਦੇ ਹਰ ਦੇਸ਼ ਵਿਚ ਉਨ੍ਹਾਂ ਦੇ ਬ੍ਰਾਂਡ ਦਾ ਦਬਦਬਾ ਹੈ ਅਤੇ ਵੱਡੇ ਵੱਡੇ ਸਨਅਤਕਾਰ, ਰਾਜਨੇਤਾ ਤੇ ਕਈ ਵਿਸ਼ਵ ਪ੍ਰਸਿੱਧ ਹਸਤੀਆਂ ਉਨ੍ਹਾਂ ਦੇ ਭਗਤ ਹਨ। ਸ਼ਾਇਦ ਤੁਹਾਨੂੰ ਲੱਗ ਰਿਹਾ ਹੋਵੇ ਕਿ ਰਾਮਦੇਵ ਦਾ ਭਗਤੀਗਾਨ ਕੀਤਾ ਜਾ ਰਿਹਾ ਹੈ। ਪਰ ਇਹ ਯਥਾਰਥ ਹੈ ਜਦ ਜ਼ਮਾਨਾ ਬਾਜ਼ਾਰ ਤੇ ਕਾਰਪੋਰੇਟ ਦਾ ਹੈ ਤਾਂ ਬਾਬਾ ਰਾਮਦੇਵ ਵਰਗੇ ਯੋਗ ਗੁਰੂ ਉਸ ਦੀ ਖਿੱਚ ਤੋਂ ਕਿਵੇਂ ਅਛੂਤ ਰਹਿ ਸਕਦੇ ਹਨ। ਇਸ ਯੋਗ ਗੁਰੂ ਦੇ ਆਰਥਕ ਸਾਮਰਾਜ ਦੀ ਹੀ ਤਾਕਤ ਹੈ ਪਿਛਲੇ ਦਿਨੀ ਗੁੜਗਾਵਾਂ 'ਚ ਆਯੋਜਿਤ ਸੁਆਮੀ ਰਾਮਦੇਵ ਦੇ ਯੋਗਾ ਕੈਂਪ 'ਚ ਖੁਦ ਸਿਹਤ ਮੰਤਰੀ ਅੰਬੂ ਮਨੀ ਰਾਮ ਦੋਸ਼ ਸ਼ਾਮਲ ਹੋ ਕੇ ਬਾਬੇ ਦੇ ਨਾਲ ਕਦਮ ਤਾਲ ਕਰਦੇ ਹੋਏ ਨਜ਼ਰ ਆਏ। ਇਸ ਤੋਂ ਪਹਿਲਾਂ ਵੀ ਹਰਿਦੁਆਰ ਤੋਂ ਲੈ ਕੇ ਇੰਗਲੈਂਡ ਅਮਰੀਕਾ ਤੇ ਚੀਨ ਦੇ ਮਹਾਂਸਾਗਰ 'ਚ ਅਤੀ ਅਧੁਨਿਕ ਕਰੂਜ ਤੇ ਰਾਮਦੇਵ ਦੇ ਯੋਗਾਂ ਕੈਂਪਾਂ ਦੀ ਸ਼ਾਨੋ ਸ਼ੋਕਤ ਨੇ ਵੱਡੀਆਂ ਵੱਡੀਆਂ ਕੌਮੀ ਤੇ ਕੌਮਾਂਤਰੀ ਕੰਪਨੀਆਂ ਦੇ ਪ੍ਰੋਗਰਾਮਾਂ ਨੂੰ ਪਿੱਛੇ ਛੱਡ ਦਿੱਤਾ। ਯੋਗ ਗੁਰੂ ਰਾਮਦੇਵ ਹੁਣ ਸੁਪਰ ਸੀ. ਈ. ਓ. ਬਣ ਗਏ ਹਨ। ਰਾਮਦੇਵ ਅੱਜ ਇਕ ਯੋਗੀ ਤੋਂ ਬਾਅਦ ਅਜਿਹਾ ਬ੍ਰਾਂਡ ਬਣ ਚੁੱਕੇ ਹਨ ਜੋ ਕਦੀ ਅਧਿਆਤਮ ਤੇ ਬ੍ਰਹਮ ਦੇ ਮਾਧਿਅਮ ਰਾਹੀ ਸਨਾਤਨ ਯੋਗ ਵਿੱਦਿਆ ਨੂੰ ਆਰਥਿਕ ਉਦਾਰਵਾਦ ਤੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਖਪਤਕਾਰਾਂ ਦੀ ਜੇਬ ਤੇ ਜ਼ਰੂਰਤ ਮੁਤਾਬਕ ਵੇਚਣ 'ਚ ਬਹੁਤ ਕਾਮਯਾਬ ਹੋ ਰਹੇ ਹਨ। ਵਿਸ਼ਵ ਸਵਾਮੀ ਰਾਮਦੇਵ ਨੂੰ ਦੁਨੀਆਂ ਲਾਇਲਾਜ ਰੋਗਾਂ ਦੇ ਇਲਾਜ ਦਾ ਬ੍ਰਾਂਡ ਮੰਨਦੀ ਹੈ। ਉਹ ਕਈ ਰਾਜਾਂ ਦੇ ਬ੍ਰਾਂਡ ਅੰਬੈਸਡਰ ਵੀ ਹਨ। ਉਨ੍ਹਾਂ ਦੇ ਯੋਗ ਕੈਂਪਾਂ 'ਚ ਭਾਰੀ ਭੀੜ ਹੁੰਦੀ ਹੈ। ਉਨ੍ਹਾਂ ਨੂੰ ਬੁਲਾ ਕੇ ਯੋਗਾ ਕੈਂਪ ਲਵਾਉਣ ਲਈ ਸੱਦਣ (ਇਹ ਸੱਦਾ ਮੁਫ਼ਤ ਨਹੀਂ ਹੁੰਦਾ, ਗੁਰੂ ਮਹਾਰਾਜ ਇਸ ਦੀ ਭਰਪੂਰ ਦਕਸ਼ਣਾ ਵੀ ਲੈਂਦੇ ਹਨ) ਵਾਲਿਆਂ ਦੀ ਵੀ ਕਮੀ ਨਹੀਂ ਹੈ। ਉਨ੍ਹਾਂ ਦੇ ਕੈਂਪਾਂ ਵਿਚ ਰਜਿਸਟ੍ਰੇਸ਼ਨ ਦੇ ਨਾਂ 'ਤੇ ਅੱਛੀ ਖਾਸੀ ਕਮਾਈ ਹੋ ਜਾਂਦੀ ਹੈ।

ਹਰਿਦੁਆਰ ਸਥਿਤ ਬਾਬਾ ਰਾਮਦੇਵ ਦੇ ਪਤੰਜਲੀ ਯੋਗ ਪੀਠ ਮੁੱਖ ਦਫਤਰ 'ਚ ਭੀੜ ਭਾੜ, ਚਹਿਲ-ਪਹਿਲ ਦਰ ਭਰ ਵੇਖੀ ਜਾ ਸਕਦੀ ਹੈ। ਭਾਰਤ ਹੀ ਨਹੀਂ ਵਿਦੇਸ਼ੀ ਇੱਥੇ ਆਪਣੀਆਂ ਸਰੀਰਕ ਤੇ ਮਾਨਸਿਕ ਮੁਸ਼ਕਲਾਂ ਦੇ ਹੱਲ ਦੀ ਉਮੀਦ 'ਚ ਭਟਕਦੇ ਦਿਸ ਜਾਂਦੇ ਹਨ। ਬਾਬਾ ਰਾਮਦੇਵ ਵੱਲੋਂ ਉਸਾਰਿਆ ਪਤੰਜਲੀ ਯੋਗਪੀਠ ਦਾ ਮੁਖ ਦਫਤਰ (ਹਰਿਦੁਆਰ ਤੇ ਰੁੜਕੀ ਦੇ ਵਿਚਕਾਰ ਬਹਾਦਰਾਬਾਦ 'ਚ ਸਥਿਤ ਹੈ) ਕਿਸੇ ਅਧੁਨਿਕ ਕਾਰਪੋਰੇਟ ਦਫ਼ਤਰ ਤੋਂ ਘੱਟ ਨਹੀਂ ਹੈ। ਪਤਾਂਜਲੀ ਯੋਗਪੀਠ ਹਰਿਦੁਆਰ 'ਚ ਨਾ ਸਿਰਫ ਅਧੁਨਿਕ ਇਲਾਜ ਉਪਕਰਣ ਲਾਏ ਗਏ ਹਨ ਬਲਕਿ ਭਗਤਾਂ ਦੀ

ਹੈਸੀਅਤ ਅਤੇ ਰੁਚੀ ਅਨੁਸਾਰ ਇੱਥੇ ਇਲਾਜ ਲਈ ਆਉਣ ਵਾਲਿਆਂ ਦੀ ਰਿਹਾਇਸ਼ ਲਈ ਏਅਰ ਕੰਡੀਸ਼ਨਰਡ ਕਮਰੇ ਤੇ ਡਾਰਮੈਂਟਰੀ ਤੱਕ ਦੀ ਵਿਵਸਥਾ ਹੈ। ਖਾਣ ਪੀਣ ਲਈ ਅਤੀ ਅਧੁਨਿਕ ਰੈਸਟੋਰੈਂਟਾਂ, ਮਿਠਾਈ ਭੰਡਾਰ ਤੋਂ ਲੈ ਕੇ ਸਭ ਕੁੱਝ ਹਾਜ਼ਰ ਹੈ। ਰਿਸ਼ੀਆਂ ਮੁਨੀਆਂ ਦੀ ਤਪ ਤੇ ਤਿਆਗ ਦੀ ਰਵਾਇਤ 'ਤੇ ਅਧੁਨਿਕ ਤਕਨੀਕ ਇੱਥੇ ਵੀ ਭਾਰੀ ਹੈ ਅਤੇ ਹਰ ਕਿਸਮ ਦੇ ਮੈਡੀਕਲ ਸਰੀਰਕ ਜਾਂਚ ਲਈ ਇੱਥੇ ਤੁਹਾਨੂੰ ਸਭ ਸਹੂਲਤਾਂ ਮਿਲ ਸਕਦੀਆਂ ਹਨ। ਇਹ ਆਸ਼ਰਮ ਯੋਗ-ਅਯੁਰਵੇਦ ਦਾ ਅਧੁਨਿਕਤਮ ਇਲਾਜ ਕੇਂਦਰ ਮੰਨਿਆ ਜਾਂਦਾ ਹੈ। ਇੱਥੇ ਇਲਾਜ ਲਈ, ਆਉਣ ਵਾਲੇ ਲੋਕਾਂ ਦੀ ਭੀੜ ਵੇਖ ਕੇ ਹੈਰਾਨੀ ਹੁੰਦੀ ਹੈ ਕਿਉਂਕਿ ਸਮੇਂ-ਸਮੇਂ 'ਤੇ ਬਾਬਾ ਰਾਮਦੇਵ ਵੱਲੋਂ ਬਣਾਈਆਂ ਦਵਾਈਆਂ ਸਬੰਧੀ ਝਮੇਲਾ ਵੀ ਪੈਦਾ ਹੋਇਆ ਹੈ। ਪਿਤਾਂਜਲੀ 'ਚ ਅਲਟ੍ਰਾਸਾਊਂਡ ਦੰਦਾਂ ਦਾ ਇਲਾਜ, ਅੱਖਾਂ ਦਾ ਇਲਾਜ, ਪੰਚਕ੍ਰਿਮ ਹੋਵੇ ਸਭ ਅਧੁਨਿਕ ਸਹੂਲਤਾਂ ਉੱਥੇ ਮੁਹੱਈਆ ਹਨ। ਗੁਰੂ ਪਾਸ ਐਸੀ ਕਿਹੜੀ ਮਨਮੋਹਕ ਸ਼ਕਤੀ ਹੈ ਕਿ ਲੋਕ ਉਸ ਕੋਲ ਖਿੱਚੇ ਚਲੇ ਆਉਂਦੇ ਹਨ। ਕੀ ਰਾਮਦੇਵ ਦੀਆਂ ਦਵਾਈਆਂ ਦੀ ਮੰਗ ਏਨੀ ਵਧ ਗਈ ਹੈ ਕਿ ਉਨ੍ਹਾਂ ਦੇ ਦਵਾਈ ਬਣਾਉਣ ਦੇ ਤਿੰਨ ਕਾਰਖਾਨੇ ਰਾਤ ਦਿਨ ਦਵਾਈਆਂ ਦੀ ਪੈਦਾਵਾਰ ਕਰਕੇ ਵੀ ਲੋੜ ਅਨੁਸਾਰ ਸਪਲਾਈ ਨਹੀਂ ਕਰ ਰਹੇ। ਇਨ੍ਹਾਂ ਕਾਰਖਾਨਿਆਂ 'ਚ ਇਕ ਸੌ ਪੰਜਾਹ ਦਵਾਈਆਂ ਵੱਖ ਵੱਖ ਰੋਗਾਂ ਲਈ ਬਣਾਈਆਂ ਜਾਂਦੀਆਂ ਹਨ। ਦਿਵਿਆ ਫਾਰਮੇਸੀ ਦੇ ਨਾਂ ਨਾਲ ਨਿਰਮਤ ਇਨ੍ਹਾਂ ਦਵਾਈਆਂ ਦੀ ਵੰਡ ਸਿਰਫ ਬਾਬੇ ਦੇ ਪੰਤਜਲੀ ਯੋਗ ਕੇਂਦਰਾਂ ਦੁਆਰਾ ਹੀ ਕੀਤੀ ਜਾਂਦੀ ਹੈ। ਆਪਣਾ ਕਾਰੋਬਾਰੀ ਯੋਗ ਸਾਮਰਾਜ ਫੈਲਾਉਣ ਲਈ ਬਾਬੇ ਨੇ ਅਧੁਨਿਕ ਉਦਯੋਗਾਂ ਦੀ ਫ੍ਰੰਚਾਈਜ ਪ੍ਰਣਾਲੀ ਨੂੰ ਵੀ ਅਪਣਾਇਆ ਹੈ। ਕਿਸੇ ਵੀ ਸਨਅਤੀ ਸਮੂਹ ਦੀ ਤਰ੍ਹਾਂ ਰਾਮਦੇਵ ਸਮੂਹ ਲਈ ਜਨ ਸੰਪਰਕ ਤੇ ਪ੍ਰਚਾਰ ਬੇਹੱਦ ਮਹੱਤਵਪੂਰਨ ਹੈ। ਇਸ ਲਈ ਦਿਵਿਆ ਪ੍ਰਕਾਸ਼ਨ ਤੋਂ ਪ੍ਰਕਾਸ਼ਿਤ ਯੋਗ ਸੰਦੇਸ਼ ਪੱਤ੍ਰਿਕਾ ਅੱਠ ਭਾਸਾਵਾਂ ਵਿਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਤੇ ਸਾਰੀ ਦੁਨੀਆਂ 'ਚ ਵੰਡੀ ਜਾਂਦੀ ਹੈ ਮਹਾਂਰਿਸ਼ੀ ਮਹੇਸ਼ ਯੋਗੀ ਜਾਂ ਰਜਨੀਸ਼ ਜਾਂ ਫਿਰ ਸੰਤ ਆਸ਼ਰਾਮ ਬਾਬੂ ਤੋਂ ਵੱਧ ਰਾਮਦੇਵ ਦੇ ਯੋਗ ਸਾਮਰਾਜ ਦਾ ਕੌਮਾਂਤਰੀ ਵਿਸਥਾਰ ਹੈ। ਭਾਰਤ ਤੋਂ ਇਲਾਵਾ ਅਮਰੀਕਾ, ਯੂਰਪ ਤੇ ਨੇਪਾਲ 'ਚ ਵੀ ਉਨ੍ਹਾਂ ਦੇ ਪੰਤਜਲੀ ਯੋਗ ਪੀਠ ਹਨ। ਮਹਾਰਿਸ਼ੀ ਮਹੇਸ਼ ਯੋਗੀ ਦੀ ਗੱਲ ਵੱਖਰੀ ਹੈ ਪਰ ਰਜਨੀਸ਼ ਤੇ ਆਸਾਰਾਮ ਬਾਪੂ ਦੇ ਆਸ਼ਰਮ ਦੀ ਪਿਛਲੇ ਦਿਨੀ ਜੋ ਪੋਲ ਖੁੱਲ੍ਹੀ ਹੈ ਉਸ ਨਾਲ ਸਾਵਧਾਨ ਹੋਣਾ ਜ਼ਰੂਰੀ ਹੈ। ਅਜਿਹੇ ਹੀ ਸਾਡੇ ਦੇਸ਼ ਦੇ ਕਈ ਅਖੌਤੀ ਸਾਧੂ ਤੇ ਯੋਗੀਆਂ ਨੇ ਆਪਣੇ ਕਈ ਕਰਤੱਵ ਵਿਖਾਏ ਹਨ। ਇਸ ਕਾਰਨ ਚੌਕਸੀ ਜ਼ਰੂਰੀ ਹੈ।

ਬਾਬਾ ਰਾਮਦੇਵ ਦੀ ਦਵਾ ਦੀ ਕੀਮਤ ਵੀ ਘੱਟ ਨਹੀਂ, ਅੱਛੀ ਖਾਸੀ ਮਹਿੰਗੀ ਦਵਾਈ ਹੈ। ਸਵਰਨ ਭਸਮ ਯੁਕਤ ਯੌਵਨ ਅਮ੍ਰਿਤ (ਸੈਕਸ ਦੀ ਤਾਕਤ ਵਧਾਉਣ ਵਾਲੀ ਦਵਾ) ਦੇ ਪੰਜ ਗ੍ਰਾਮ ਦੀ ਕੀਮਤ 210 ਰੁਪੈ ਹੈ। ਇਸੇ ਤਰ੍ਹਾਂ ਦਵਿਆ ਭਸਮ ਦੀ ਕੀਮਤ 1600 ਰੁਪਏ ਹੈ। ਇਨ੍ਹਾਂ ਹੀ ਨਹੀਂ ਦਿਵਿਆ ਫਾਰਮੇਸੀ 'ਚ ਹੀਰੇ ਦੀ ਭਸਮ ਵੀ ਵਿਕਦੀ ਹੈ। ਇਕ ਗ੍ਰਾਮ ਹੀਰੇ ਦੀ ਭਸਮ ਦੀ ਕੀਮਤ 2000 ਰੁਪਏ ਹੈ। ਹੀਰੇ ਦੀ ਭਸਮ ਨਾਲ ਤਾਂ ਕੈਂਸਰ ਨੂੰ ਭਸਮ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਅਯੁਰਵੇਦ ਦੇ ਕਈ ਜਾਣਕਾਰ ਇਹ ਕਹਿ ਚੁੱਕੇ ਹਨ ਕਿ ਸਵਰਨ ਭਸਮ ਨਾਲ ਮਰਦਾਨਗੀ

ਆਉਣ ਦੀ ਕਿਧਰੇ ਪੁਸ਼ਟੀ ਨਹੀਂ ਹੋਈ ਹੈ। ਇਸ ਗੱਲ ਦੀ ਵੀ ਪੁਸ਼ਟੀ ਨਹੀਂ ਹੋਈ ਹੈ ਕਿ ਭਸਮ 'ਚ ਮਿਲਿਆ ਪਾਰਾ ਸਰੀਰ ਲਈ ਹਾਨੀਕਾਰਕ ਨਹੀਂ ਹੈ। ਰਾਮਦੇਵ 'ਤੇ ਭਰੋਸਾ ਕਰੋ ਪਰ ਉਨ੍ਹਾਂ ਦੀਆਂ ਚਮਤਕਾਰੀ ਅਯੁਰਵੈਦਿਕ ਦਵਾਈਆਂ ਦਾ ਕੋਈ ਤਰਕ ਸੰਗਤ ਪ੍ਰਮਾਣ ਖੋਜੋਗੇ ਤਾਂ ਨਿਰਾਸ਼ਾ ਵੱਧ ਹੱਥ ਲੱਗੇਗੀ। ਆਪ ਨੂੰ ਉਨ੍ਹਾਂ ਦੀਆਂ ਦਵਾਈਆਂ ਦੇ ਦਾਅਵੇ ਦੇ ਅਨੁਕੂਲ ਪ੍ਰਭਾਵੀ ਤੇ ਸੁਰੱਖਿਅਤ ਹੋਣ ਦਾ ਕੋਈ ਪ੍ਰਮਾਣਿਕ ਦਸਤਾਵੇਜ ਚਾਹੀਦਾ ਹੈ ਤਾਂ ਨਹੀਂ ਮਿਲੇਗਾ। ਅਲਬਤਾ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਹਸਪਤਾਲਾਂ 'ਚ ਅਜਿਹੇ ਅਨੇਕਾਂ ਰੋਗੀ ਜ਼ਰੂਰ ਮਿਲ ਜਾਣਗੇ ਜੋ ਉਨ੍ਹਾਂ ਦੀਆਂ ਦਵਾਈਆਂ ਦੀ ਵਰਤੋਂ ਤੋਂ ਨਿਰਾਸ਼ ਹੋ ਕੇ ਹੁਣ ਹਸਪਤਾਲਾਂ ਦੀ ਸ਼ਰਨ ਵਿਚ ਹਨ। ਦਿੱਲੀ ਦੇ ਹਸਪਤਾਲਾਂ 'ਚ ਡਾਇਆ ਲਿਬਸ ਕਰਾਉਣ ਆਉਣ ਵਾਲੇ ਅਜਿਹੇ ਅਨੇਕਾਂ ਮਰੀਜ਼ ਮਿਲਣਗੇ ਜੋ ਕਿਡਨੀ ਨੂੰ ਪੂਰੀ ਤਰ੍ਹਾਂ ਠੀਕ ਕਰਨ ਦਾ ਦਾਅਵਾ (ਬਾਬਾ ਰਾਮਦੇਵ ਵੱਲੋਂ) ਅਜਮਾ ਚੁੱਕੇ ਹਨ ਪਰ ਬਾਬੇ ਦਾ ਦਾਅਵਾ ਥੋਥਾ ਸਾਬਤ ਹੋਇਆ। ਆਪਣੀਆਂ ਦਵਾਈਆਂ ਦੇ ਸਭ ਤੋਂ ਵੱਡੇ ਯੂ. ਐਸ. ਪੀ. ਖੁਦ ਰਾਮਦੇਵ ਹੀ ਹਨ। ਦਵਾਈਆਂ ਦੇ ਪ੍ਰਭਾਵ ਤੋਂ ਵੱਧ ਰਾਮਦੇਵ ਦੇ ਨਾਂ ਦੀ ਮਹਿਮਾ ਹੈ। ਟੀ. ਵੀ. ਦੇ ਪ੍ਰੋਗਰਾਮਾਂ 'ਤੇ ਵੀ ਉਨ੍ਹਾਂ ਦੇ ਕਈ ਮਰੀਜ਼ ਦਵਿਆ ਫਾਰਮੇਸੀ ਦੀਆਂ ਦਵਾਈਆਂ ਦੇ ਸੋਹਲੇ ਗਾਉਂਦੇ ਮਿਲ ਜਾਣਗੇ। ਜਿਸ ਤਰ੍ਹਾਂ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਲਾਲ ਕ੍ਰਿਸ਼ਨ ਅਡਵਾਨੀ ਤੱਕ ਉਨ੍ਹਾਂ ਤੋਂ ਚੁਣਾਵੀ ਖੁਰਾਕ ਲੈਣ ਦੀ ਗੱਲ ਕਰ ਰਹੇ ਹਨ ਉਸ ਤੋਂ ਲੱਗਦਾ ਹੈ ਕਿ ਚੋਣਾਂ 'ਚ ਸ਼ਰਤੀਆ ਜਿੱਤ ਦੀ ਦਵਾ ਵੀ ਰਾਮਦੇਵ ਕੋਲ ਹੀ ਹੈ। ਡਾਕਟਰੀ ਭਾਸ਼ਾ 'ਚ ਇਕ ਸ਼ਬਦ ਹੈ ਪਲੇਸਬੋ ਇਫੈਕਟ। ਇਸ ਨੂੰ ਠੀਕ ਹੋਣ ਦੀ ਖੁਸ਼ਫਹਿਮੀ ਵੀ ਕਿਹਾ ਜਾਂਦਾ ਹੈ। ਕਲੀਨੀਕਲ ਟਰਾਇਲ 'ਚ ਇਕ ਐਸਾ ਸਮੂਹ ਹੁੰਦਾ ਹੈ ਜਿਸ ਨੂੰ ਦਵਾ ਨਹੀਂ ਦਿੱਤੀ ਜਾਂਦੀ ਪਰ ਕਿਹਾ ਜਾਂਦਾ ਹੈ ਕਿ ਦਵਾ ਦਿੱਤੀ ਗਈ ਹੈ। ਇਨ੍ਹਾਂ ਮਰੀਜ਼ਾਂ ਨੂੰ ਸੱਚਮੁੱਚ ਫਾਇਦਾ ਮਹਿਸੂਸ ਹੋਣ ਲੱਗਦਾ ਹੈ। ਇਡੀਅਨ ਮੈਡੀਕਲ ਐਸੋਸੀਏਸ਼ਨ ਦੇ ਇਕ ਸਾਬਕਾ ਅਹੁਦੇਦਾਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕੋਈ ਬੀਮਾਰ ਵਿਅਕਤੀ ਹਸਪਤਾਲ ਦੇ ਚੱਕਰ 'ਚ ਨਹੀਂ ਪੈਣਾ ਚਾਹੁੰਦਾ। ਉਸ ਨੂੰ ਚਮਤਕਾਰੀ ਦੇ ਦਾਅਵੇ ਆਪਣੇ ਵੱਲ ਖਿੱਚਦੇ ਹਨ। ਰਾਮਦੇਵ ਦੇ ਕੇਸ 'ਚ ਯੋਗ ਤੇ ਦਵਾਈਆਂ ਦਾ ਗੱਠਜੋੜ ਰੋਗੀ ਦੇ ਠੀਕ ਹੋਣ ਦੀ ਖੁਸ਼ਫਹਿਮੀ ਦੀ ਸਥਿਤੀ ਪੈਦਾ ਕਰਨ ਲਈ ਕਾਰਗਰ ਸਾਬਤ ਹੋ ਰਿਹਾ ਹੈ। ਰਾਮਦੇਵ ਦੀਆਂ ਆਯੁਰਵੈਦਿਕ ਦਵਾਈਆਂ ਦੇ ਪੈਕਟ 'ਤੇ ਲੇਬਲਿੰਗ ਤੇ ਉਨ੍ਹਾਂ ਦੇ ਘਟਕਾਂ ਦੀ ਜਾਣਕਾਰੀ ਭਾਵੇਂ ਛਾਪੀ ਗਈ ਹੋਵੇ ਪਰ ਇਹ ਉਨ੍ਹਾਂ ਦੇ ਸੁਰੱਖਿਅਤ ਤੇ ਪ੍ਰਭਾਵੀ ਹੋਣ ਦੇ ਕੋਈ ਵਿਗਿਆਨ ਸਬੂਤ ਨਹੀਂ ਹਨ। ਰਾਮਦੇਵ ਦਿਵਿਆ ਯੋਗ ਫਾਰਮੇਸੀ ਨੂੰ ਆਈ. ਐਸ. ੳ. - 9001 ਤੇ ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸ (ਜੇ. ਐੱਮ. ਪੀ.) ਦੇ ਸਰਟੀਫਿਕੇਟ ਮਿਲਣ ਦਾ ਤਰਕ ਦਿੰਦੇ ਹਨ ਪਰ ਜਾਣਕਾਰਾਂ ਨੂੰ ਇਹ ਪਤਾ ਹੈ ਕਿ ਨਿੱਜੀ ਸੰਗਠਨ ਵੱਲੋਂ ਦਿੱਤੇ ਜਾਣ ਵਾਲੇ ਆਈ. ਐਸ. ੳ. - 9001 ਪ੍ਰਮਾਣ ਪੱਤਰ ਦੀ ਅਸਲੀਅਤ ਕੀ ਹੈ।

ਰਾਮਦੇਵ ਦੀਆਂ ਦਵਾਈਆਂ ਦਾ ਬਾਜ਼ਾਰ ਗਰਮ ਹੈ। ਰਾਮਦੇਵ ਦੀਆਂ ਦਵਾਈਆਂ ਦਾ ਕ੍ਰੇਜ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਇਸ ਕਾਰਨ ਰਾਮਦੇਵ ਹੁਣ ਯੋਗ ਗੁਰੂ ਘੱਟ, ਕਿਸੇ ਫਾਰਮਾਸਿਊਟੀਕਲ ਕੰਪਨੀ ਦੇ ਸੀ. ਈ. ੳ. ਵੱਧ ਲੱਗਣ

ਲੱਗੇ ਹਨ। ਹੁਣ ਰਾਮਦੇਵ ਸਬਜ਼ੀਆਂ - ਫਲਾਂ ਦੇ ਜੂਸ, ਬਿਸਕੁਟ, ਕ੍ਰੀਮ, ਪਾਊਡਰ ਅਤੇ ਵਾਲਾਂ ਦਾ ਸੁਗੰਧਿਤ ਤੇਲ ਵੀ ਵੇਚਣ ਦੀਆਂ ਯੋਜਨਾਵਾਂ ਬਣਾ ਲਈਆਂ ਹਨ। ਜਦੋਂ ਤੋਂ ਰਾਮਦੇਵ ਕੋਲ ਰਾਜਸੀ ਆਗੂਆਂ ਦਾ ਆਉਣਾ ਜਾਣਾ ਵੱਧ ਗਿਆ ਹੈ, ਉਦੋਂ ਤੋਂ ਰਾਮਦੇਵ ਦੀ ਮਾਨਸਿਕਤਾ 'ਚ ਤਬਦੀਲੀ ਆਉਣ ਲੱਗੀ ਹੈ ਅਤੇ ਨਾ-ਨਾ ਕਰਦੇ ਸਵਾਮੀ ਜੀ ਨੂੰ ਰਾਜਨੀਤੀ ਨਾਲ ਪਿਆਰ ਹੋ ਗਿਆ ਹੈ। ਨਾ ਵੋਟ, ਨਾ ਨੋਟ ਤੇ ਨਾ ਸੱਤਾ ਚਾਹੀਦੀ ਹੈ ਤਾਂ ਨਾਹਰਾ ਦੇਣ ਵਾਲੇ ਸਵਾਮੀ ਜੀ ਨੇ ਆਖਰਕਾਰ 14 ਫਰਵਰੀ ਨੂੰ ਇਹ ਐਲਾਨ ਕੀਤਾ ਕਿ ਉਹ ਰਾਜਨੀਤੀ 'ਚ ਵੀ ਆਪਣੀ ਜੋਰ-ਅਜਮਾਇਸ਼ ਕਰਨਗੇ। ਉਨ੍ਹਾਂ ਨੇ 'ਭਾਰਤ ਸਵਾਭੀਮਾਨ ਟਰੱਸਟ' ਨਾਂ ਦੀ ਜਥੇਬੰਦੀ ਦਾ ਐਲਾਨ ਵੀ ਕੀਤਾ। ਭਾਰਤੀ ਰਾਜਨੀਤੀ 'ਚ ਵਧਦੇ ਮਾਫੀਆ ਤੱਤਾਂ ਦੇ ਦਬਾਅ ਦਾ ਮੁਕਾਬਲਾ ਕਰਦਿਆਂ ਯੋਗ ਗੁਰੂ ਨੇ ਰਾਜਨੀਤੀ ਦੀ ਚਾਬੀ ਹਥਿਆਉਣ ਦੀ ਗੱਲ ਕਰਦਿਆਂ ਸੰਕੇਤ ਦਿੱਤਾ ਹੈ ਕਿ ਪੂਰੇ ਦਮਖਮ ਦੇ ਨਾਲ ਭਾਰਤੀ ਰਾਜਨੀਤੀ 'ਚ ਦਾਖਲ ਹੋਣਗੇ। ਨਵੀਂ ਦਿੱਲੀ 'ਚ ਰਾਮਦੇਵ ਨੇ ਆਪਣੀ ਪਾਰਟੀ ਦਾ ਨਾਂ 'ਭਾਰਤੀ ਸਵਾਭੀਮਾਨ ਟਰੱਸਟ' ਜਥੇਬੰਦੀ ਦਾ ਜੋ ਐਲਾਨ ਕੀਤਾ ਹੈ ਉਸ 'ਚ ਹੁਣ ਤੱਕ ਹਜ਼ਾਰਾਂ ਲੋਕਾਂ ਨੇ ਮੈਂਬਰਸ਼ਿਪ ਹਾਸਲ ਕਰ ਲਈ ਹੈ। ਰਾਮਦੇਵ ਵੱਲੋਂ ਸਥਾਪਤ ਕੀਤੇ ਗਏ ਇਸ ਟਰੱਸਟ 'ਚ ਖੁਸ਼ਹਾਲ ਵਰਗ ਦੇ ਲੋਕ ਫੀਸ ਦੇ ਕੇ ਮੈਂਬਰਸ਼ਿਪ ਹਾਸਲ ਕਰ ਰਹੇ ਹਨ। ਦੱਸਿਆ ਜਾਂਦਾ ਹੈ ਕਿ ਬਾਬੇ ਦੇ ਇਸ ਐਲਾਨ ਦਾ ਪੂਰੇ ਦੇਸ਼ 'ਚ ਸੁਆਗਤ ਕੀਤਾ ਜਾ ਰਿਹਾ ਹੈ। ਜਿਸ ਦਾ ਸਿੱਧਾ ਸਬੂਤ ਇਹ ਹੈ ਕਿ ਪੂਰੇ ਦੇਸ਼ ਹਰ ਕੋਨੇ ਤੋਂ ਲੋਕ ਬਾਬੇ ਵੱਲੋਂ ਸਥਾਪਤ ਟਰੱਸਟ ਦੇ ਮੈਂਬਰ ਬਣ ਰਹੇ ਹਨ। ਰਾਮਦੇਵ ਨੇ ਰਾਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲਿਆਂ ਦੀ ਖਾਸ ਖਬਰਸਾਰ ਲੈਂਦਿਆ ਕਿਹਾ ਕਿ ਜਿਸ ਰਾਮ ਸਿੰਘਾਸਨ ਦਾ ਮੋਹ ਤਿਆਗ ਕੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ, ਉਸੇ ਰ਼ਾਮ ਦਾ ਨਾਂ ਲੈ ਕੇ ਸੱਤਾ ਦਾ ਸਿੰਘਾਸਨ ਲੈਣਾ ਕਿਸੇ ਰਾਵਣ ਦੀ ਭੂਮਿਕਾ ਤੋਂ ਘੱਟ ਨਹੀਂ ਹੈ। ਉਨ੍ਹਾਂ ਨੇ ਅਯੋਧਿਆ 'ਚ ਰਾਮ ਮੰਦਰ ਦੇ ਸੁਆਲ 'ਤੇ ਕਿਹਾ ਕਿ ਜਦ ਅਯੋਧਿਆ 'ਚ ਹਿੰਦੂ-ਮੁਸਲਿਮ ਇਕ ਮੰਚ 'ਤੇ ਆਉਣਗੇ ਤਾਂ ਹੀ ਰਾਮ ਮੰਦਰ ਦੀ ਉਸਾਰੀ ਕੀਤੀ ਜਾ ਸਕਦੀ ਹੈ।

ਯੋਗ ਗੁਰੂ ਦੇ ਇਸ ਐਲਾਨ ਦਾ ਦੇਸ਼ ਦੇ ਹਰ ਕੋਨੇ ਤੋਂ ਉਨਾਂ ਦੇ ਹਜ਼ਾਰਾਂ ਸਮਰਥਕਾਂ ਨੇ ਜ਼ੋਰਦਾਰ ਸੁਆਗਤ ਕੀਤਾ ਹੈ। ਬਾਬੇ ਦੇ ਸਮਰੱਥਕ ਮੰਨਦੇ ਹਨ ਕਿ ਬਾਬੇ ਦੀ ਰਾਜਨੀਤੀ ਨੂੰ ਪਵਿੱਤਰ ਬਣਾਉਣ ਦੀ ਮੁਹਿੰਮ ਇਕ ਦਿਨ ਜ਼ਰੂਰ ਰੰਗ ਲਿਆਵੇਗੀ। ਪਰ ਸਮਰੱਥਕਾਂ ਦੀਆਂ ਭਾਵਨਾਵਾਂ ਜਿਉਂ ਦੀਆਂ ਤਿਉਂ ਰਹਿਣ ਇਸ ਲਈ ਯੋਗ ਗੁਰੂ ਰਾਜਨੀਤੀ 'ਚ ਅਜਿਹਾ ਕੀ ਕਰੇਗਾ ਜਿਸ ਨਾਲ ਨਵਾਂ ਝਮੇਲਾ ਨਾ ਖੜ੍ਹਾ ਹੋਵੇ? ਬੁਰਜੂਆ ਰਾਜਨੀਤੀ 'ਚ ਪੈਸੇ ਤੇ ਲੱਠਮਾਰਾਂ ਦੀ ਵਰਤੋਂ ਤੋਂ ਅੱਜ ਤੱਕ ਬਚਿਆ ਤਾਂ ਕੋਈ ਨਹੀਂ। ਬਾਬਾ ਰਾਮਦੇਵ ਕੋਲ ਅਜਿਹੀ ਕਿਹੜੀ ਗਿਦੜਸਿੰਗੀ ਹੈ ਕਿ ਉਹ ਕ੍ਰਿਸ਼ਮਾ ਕਰਕੇ ਵਿਖਾ ਸਕੇਗਾ?

# ਹਿਮਾਚਲ ਦੀਆਂ ਵਾਦੀਆਂ ਅਸ਼ਾਂਤ

ਦੇਵਭੂਮੀ ਹਿਮਾਚਲ ਦੀਆਂ ਸ਼ਾਂਤ ਵਾਦੀਆਂ 'ਚ ਅਸ਼ਾਤੀ ਦਾ ਮਹੌਲ ਹੈ। ਹਾਲ-ਫਿਲਹਾਲ ਹੱਤਿਆ, ਠੱਗੀ, ਬਲਾਤਕਾਰ, ਗੁੰਡਾਗਰਦੀ ਦਾ ਨੰਗਾ ਨਾਚ, ਇਸ ਦੀ ਵਜ੍ਹਾ ਬਣੀ ਹੈ। ਲੋਕ ਸਭਾ ਚੋਣਾਂ ਦਰਮਿਆਨ ਇਹ ਚੀਖਾਂ ਬੇਦਰਦ ਹਨ। ਸਾਰੇ ਆਪਣੀ ਹਕੂਮਤੀ ਕੁਰਸੀ ਦੀ ਦੌੜ 'ਚ ਲੱਗੇ ਹੋਏ ਹਨ। ਠੋਸ ਰਣਨੀਤੀ ਕਾਰਨ ਪੁਲਿਸ ਦੀ ਕਾਰਗੁਜ਼ਾਰੀ ਬੇਸ਼ੱਕ ਢਿੱਲੀ ਹੈ ਪਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੀ ਅਫ਼ਸਰਸ਼ਾਹੀ ਤੇ ਢਿੱਲੀ ਪਕੜ ਇਕ ਵਾਰ ਫਿਰ ਸਭ ਦੇ ਸਾਹਮਣੇ ਉਜਾਗਰ ਹੋ ਰਹੀ ਹੈ। ਜੋ ਵੀ ਇਹ ਮੁੱਖ ਮੰਤਰੀ ਬਣੇ ਅਫ਼ਸਰਸ਼ਾਹੀ ਬੇਲਗਾਮ ਹੋਈ ਹੈ। ਉਨ੍ਹਾਂ 'ਤੇ ਲਗਾਮ ਨਾ ਲਾ ਸਕਣ ਕਰਕੇ ਹੀ ਮੌਜੂਦਾ ਦੌਰ ਵਿਚ ਮਾੜੀਆਂ ਘਟਨਾਵਾਂ ਘਟੀਆਂ ਜਿਨ੍ਹਾਂ ਦੀ ਗੂੰਜ ਦੇਸ਼ ਭਰ 'ਚ ਗੂੰਜੀ। ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਸੂਬੇ ਤੋਂ ਬਾਹਰ ਜਿਨ੍ਹਾਂ ਦੋ ਘਟਨਾਵਾਂ ਦੀ ਗੂੰਜ ਪਈ ਹੈ, ਇਹ ਦੋਨੋਂ ਘਟਨਾਵਾਂ ਪਵਿੱਤਰ ਮੰਨੇ ਜਾਣ ਵਾਲੇ ਸਿੱਖਿਆ ਅਦਾਰਿਆਂ 'ਚ ਘਟੀਆ ਹਨ। ਇਨ੍ਹਾਂ ਵਿਚੋਂ ਇਕ ਦਾ ਸਿੱਧਾ ਸਬੰਧ ਮੈਡੀਕਲ ਕਾਲਜ ਨਾਲ ਰਿਹਾ। ਜਦ ਕਿ ਦੂਜੀ ਘਟਨਾ ਦਾ ਤਾਲੁਕ ਇਕ ਨਿੱਜੀ ਗੂੰਗੇ-ਬੋਲੇ ਸਕੂਲ ਨਾਲ। ਟਾਟਾ ਮੈਡੀਕਲ ਕਾਲਜ 'ਚ ਰੈਗਿੰਗ ਦੀ ਬੀਮਾਰੀ ਨੇ ਇਕ ਐਮ. ਬੀ. ਬੀ. ਐਸ. ਦੇ ਪਹਿਲੇ ਸਾਲ ਦੇ ਵਿਦਿਆਰਥੀ ਦੀ ਜਾਨ ਲੈ ਲਈ। ਰੈਗਿੰਗ ਦੀ ਇਹ ਬੁਰਾਈ ਇਥੇ ਕਈ ਸਾਲਾਂ ਤੋਂ ਚਲਦੀ ਆ ਰਹੀ ਸੀ। ਪਰ ਸਰਕਾਰ ਦੀ ਨੀਂਦ ਹੁਣ ਜਾ ਕੇ ਟੁੱਟੀ। ਦੂਜੀ ਸ਼ਰਮਨਾਕ ਘਟਨਾ ਸ਼ਿਮਲੇ ਦੇ ਨੇੜੇ ਟੁਟੂ 'ਚ ਵਾਪਰੀ। ਇੱਥੇ ਇਕ ਨਿੱਜੀ ਗੂੰਗੇ ਬੋਲੇ ਸਕੂਲ 'ਚ ਗੂੰਗੀਆਂ ਛੇ ਵਿਦਿਆਥਣਾਂ ਦੇ ਯੌਨ ਸਬੰਧ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਟੀਚਰ ਹੀ ਸ਼ਿਕਾਰੀ ਬਣ ਗਏ। ਇਨ੍ਹਾਂ ਨਾਲ ਇਹ ਕੁਕਰਮ ਪਿੱਛੇ ਇਕ ਸਾਲ ਤੋਂ ਚੱਲਦਾ ਆ ਰਿਹਾ ਸੀ। ਜਿਸ ਦੇ ਸੂਤਰਧਾਰ ਪ੍ਰਧਾਨ ਅਚਾਰੀਆ ਸਮੇਤ ਤਿੰਨ ਹੋਰ ਅਧਿਆਪਕ ਸਨ। ਜੋ ਹੋਸਟਲ 'ਚ ਇਨ੍ਹਾਂ 13 ਤੋਂ 21 ਸਾਲ ਦੀਆਂ ਇਨ੍ਹਾਂ ਬੇਜ਼ੁਬਾਨ ਬਾਲੜੀਆਂ ਨਾਲ ਬਲਾਤਕਾਰ ਕਰਦੇ ਰਹੇ। ਇਸ ਦੂਜੀ ਘਟਨਾ ਦੇ ਉਜਾਗਰ ਹੋਣ ਨਾਲ ਸਰਕਾਰ ਦੇ ਸਾਰੇ ਠੋਸ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉੱਡ ਗਈਆਂ। ਸੁਆਲ ਪੈਦਾ ਹੁੰਦਾ ਹੈ ਕਿ ਜਦ ਸਰਕਾਰ ਦੀ ਤਰਫ਼ੋਂ ਸਮਾਜਕ ਨਿਆਂ ਤੇ ਅਧਿਕਾਰਿਤਾ ਵਿਭਾਗ ਇਸ ਲਈ ਉਤਰਦਾਈ ਹੈ ਤਾਂ ਉਹ ਕੁੰਭਕਰਨੀ ਨੀਂਦ ਕਿਉਂ ਸੁੱਤਾ ਰਿਹਾ? ਏਨਾ ਹੀ ਨਹੀਂ ਪਿੱਛੇ ਜਿਹੇ ਹੀ ਸੂਬੇ 'ਚ ਕਰੋੜਾਂ ਦੀ ਠੱਗੀ, ਚੰਦਨਾ ਸਮੱਗਲਰਾਂ ਵੱਲੋਂ ਪੁਲਿਸ ਤੇ ਫਾਇਰਿੰਗ ਸਮੇਤ ਵਿਸ਼ੇਸ਼ ਸਕੂਲ ਅਬਜਰਵੇਸ਼ਨ ਹੋਮ ਉਨ੍ਹਾਂ ਤੋਂ ਤਿੰਨ ਬਾਲ ਕੈਦੀਆਂ ਦੇ ਫਰਾਰ ਹੋਣ ਦੇ ਨਾਲ-ਨਾਲ ਦਰਜਨਾਂ ਹੋ ਰਹੇ ਅਪਰਾਧ ਉਜਾਗਰ ਹੋਣ ਨਾਲ ਇਸ ਗੱਲ ਦੇ ਸਾਫ ਸੰਕੇਤ ਮਿਲੇ ਹਨ ਕਿ ਜਦ ਜਦ ਵੀ ਭਾਜਪਾ ਸਰਕਾਰ ਹਿਮਾਚਲ 'ਚ ਸੱਤਾ 'ਚ ਆਈ ਤਦ ਅਜਿਹੀਆਂ ਘਟਨਾਵਾਂ ਲਗਾਤਾਰ ਵਧੀਆਂ ਹੀ ਹਨ। ਬੰਦ ਤਾਂ ਇਹ ਕਾਂਗਰਸ ਵੇਲੇ ਵੀ ਨਹੀਂ ਹੋਈਆਂ ਸਨ। ਪਰ ਹੁਣ ਧੂਮਲ ਸਰਕਾਰ ਦੇ ਅਕਸ ਨੂੰ ਵੱਟਾ ਲੱਗਿਆ ਹੈ ਹੁਣ ਭਾਵੇਂ ਕਾਂਗਰਸ ਆਪਣੇ ਚੁਣਾਵੀਂ ਫ਼ਾਇਦੇ ਲਈ ਇਨ੍ਹਾਂ ਮੁੱਦਿਆਂ ਨੂੰ ਵਰਤ ਰਹੀ ਹੈ। ਸਾਰੀਆਂ ਹੀ ਚੁਣਾਵੀ ਪਾਰਟੀਆਂ ਇਸ ਮੌਜੂਦਾ ਧੋਖੇ ਗੈਰ ਜਮਹੂਰੀ ਨਿਜਾਮ

ਨੂੰ ਬਣਾਈ ਰੱਖਣ ਦੀਆਂ ਹਾਮੀ ਹਨ। ਮੁੱਦੇ ਸਿਰਫ਼ ਵੋਟਾਂ ਦੇ ਦਿਨਾਂ 'ਚ ਹੀ ਉਛਾਲੇ ਜਾਣਗੇ ਪਰ ਪਿੱਛੋਂ ਹਕੂਮਤੀ ਕੁਰਸੀ ਹਾਸਲ ਹੁੰਦਿਆਂ ਹੀ ਇਨ੍ਹਾਂ 'ਤੇ ਮਿੱਟੀ ਪਾ ਦਿੱਤੀ ਜਾਵੇਗੀ। ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਉਦਾਰੀਕਰਨ, ਨਿੱਜੀਕਰਨ ਤੇ ਵਪਾਰੀਕਰਨ ਦੀਆਂ ਆਪਣੀਆਂ ਲੋਕ ਦੋਖੀ ਨੀਤੀਆਂ ਨੂੰ ਅੱਗੇ ਵਧਾਉਂਦੀ ਰਹੇਗੀ ਤੇ ਲੋਕ ਆਪਣੀ ਕਿਸਮਤ ਨੂੰ ਰੋਂਦੇ ਰਹਿਣਗੇ।

# ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਪ੍ਰਭਾਵ

ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਸਿਹਤ ਦੇ ਖੇਤਰ ਵਿਚ ਨੀਤੀਆਂ ਨੂੰ ਇਸ ਤਰ੍ਹਾਂ ਲਾਗੂ ਕਰ ਰਹੀਆਂ ਹਨ ਕਿ ਲੋਕਾਂ ਲਈ ਬੁਨਿਆਦੀ ਸਿਹਤ ਸਹੂਲਤਾਂ ਹਾਸਲ ਕਰਨ ਦੀ ਬਜਾਏ ਲੋਕਾਂ ਨੂੰ ਬੁਨਿਆਦੀ ਸਿਹਤ ਸੇਵਾਵਾਂ ਤੋਂ ਵੀ ਵਾਂਝਿਆਂ ਕੀਤਾ ਜਾ ਰਿਹਾ ਹੈ। ਕੌਮੀ ਸਿਹਤ ਨੀਤੀ-2002, ਜਨਤਕ-ਨਿੱਜੀ ਸਾਂਝੇਦਾਰੀ (ਪੀ. ਪੀ. ਪੀ.) ਸਿਹਤ ਤੇ ਮੈਡੀਕਲ ਸੇਵਾਵਾਂ ਬਹੁਕੌਮੀ ਕਾਰਪੋਰੇਸ਼ਨ ਦੇ ਹੱਥਾਂ ਵਿਚ ਦੇਣੀਆਂ, ਸਿਹਤ ਬੀਮੇ, ਕੌਮੀ ਪੇਂਡੂ ਸਿਹਤ ਮਿਸ਼ਨ ਅਤੇ ਕੌਮੀ ਸ਼ਹਿਰੀ ਸਿਹਤ ਮਿਸ਼ਨ ਉਹ ਨੀਤੀਆਂ ਹਨ ਜੋ ਅਖਤਿਆਰ ਕੀਤੀਆਂ ਗਈਆਂ ਹਨ। ਦੇਖਣ ਨੂੰ ਭਾਵੇਂ ਇਹ ਲੱਗਦਾ ਹੈ ਕਿ ਜਿਵੇਂ ਉਨ੍ਹਾਂ ਸਾਰੇ ਬਹੁਗਿਣਤੀ ਲੋਕਾਂ ਨੂੰ ਸਿਹਤ ਸਹੂਲਤਾਂ ਦੇ ਦਾਇਰੇ 'ਚ ਲਿਆਂਦਾ ਜਾਵੇਗਾ ਜਿਨ੍ਹਾਂ ਦੀ ਪਹੁੰਚ 'ਚ ਅਜੇ ਇਹ ਸੇਵਾਵਾਂ ਨਹੀਂ ਹਨ ਪਰ ਅਸਲ ਮਕਸਦ ਕੁੱਝ ਹੋਰ ਹੈ। ਹਾਕਮ ਧਿਰ ਸਿਹਤ ਸੇਵਾ, ਡਾਕਟਰੀ ਸਿੱਖਿਆ, ਖੋਜ ਤੇ ਤਜਰਬਿਆਂ ਨੂੰ ਇਕ ਵਪਾਰ ਬਣਾਉਣਾ ਚਾਹੁੰਦੀ ਹੈ। ਇਹ ਹੋਰ ਕੁੱਝ ਨਹੀਂ ਬਲਕਿ ਇਕੋ ਰੱਥ ਦੇ ਪਹੀਏ ਹਨ - ਨਿੱਜੀਕਰਨ ਤੇ ਵਪਾਰੀਕਰਨ ਦੇ ਪਹੀਏ ਅਤੇ ਅੱਜ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਇਹ ਨੀਤੀਆਂ ਸੰਸਾਰ ਵਪਾਰ ਸੰਸਥਾ (W. T. O.), ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ (IMF), ਏਸ਼ੀਅਨ ਵਿਕਾਸ ਬੈਂਕ (ADB) ਤੇ ਇਹੋ ਜਿਹੀਆਂ ਹੀ ਹੋਰ ਬਹੁਕੌਮੀ ਸਾਮਰਾਜੀ ਏਜੰਸੀਆਂ ਦੇ ਸਿਧਾਂਤਾਂ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਘੜੀਆਂ ਗਈਆਂ ਹਨ। ਸਾਮਰਾਜ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੇ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਏ. ਡੀ. ਬੀ. ਅਨੁਸਾਰ 1994 'ਚ ਗੈਟ ਉੱਪਰ ਦਸਤਖਤ ਕੀਤੇ ਤਾਂ ਕਿ ਭਾਰਤੀ ਅਜ਼ਾਰੇਦਾਰਾਂ ਦੀਆਂ ਆਸਾਂ 'ਤੇ ਪੂਰਾ ਉਤਰਿਆ ਜਾਵੇ। ਇਸ ਮਕਸਦ ਦੀ ਪੂਰਤੀ ਲਈ ਭਾਰਤ ਸਰਕਾਰ ਨੇ ਜ਼ਰੂਰੀ ਢਾਂਚਾ ਢਲਾਈ ਲਈ ਇਹ ਅਹਿਮ ਭਲਾਈ ਸੈਕਟਰ ਦੀਆਂ ਨੀਤੀਆਂ ਤਿਆਰ ਕਰਕੇ ਕੌਮੀ ਸਿਹਤ ਪਾਲਸੀ-2002 ਬਣਾਈ ਜਿਸ ਦਾ ਸਪੱਸ਼ਟ ਮਕਸਦ ਸਿਹਤ ਦੇ ਨਿੱਜੀਕਰਨ ਤੇ ਵਪਾਰੀ ਕਰਨ ਲਈ ਬੂਹੇ ਚੌਪਟ ਖੋਲ੍ਹ ਕੇ ਸਾਮਰਾਜੀਆਂ ਦੀਆਂ ਇੱਛਾਵਾਂ ਦੀ ਪੂਰਤੀ ਕਰਨਾ ਹੈ। ਸਿਹਤ ਨੀਤੀ-2002 ਅਤੇ ਸੰਸਾਰ ਬੈਂਕ-ਆਈ. ਐਮ. ਐਫ. - ਏ. ਡੀ. ਬੀ. ਪਾਲਸੀਆਂ ਦਾ ਤੱਤ ਇਹ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਸ਼ਹਿਰੀਆਂ ਨੂੰ ਸਿਹਤ ਸਹੂਲਤ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ ਅਤੇ ਲੋਕਾਂ ਦੀ ਬਿਮਾਰ ਸਿਹਤ, ਮੈਡੀਕਲ ਸਿੱਖਿਆ ਤੇ ਸਿਖਲਾਈ ਦੇ ਖੇਤਰ 'ਚ ਵਪਾਰ ਕਰਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਨਿੱਜੀ ਪੂੰਜੀ (ਦੇਸੀ ਤੇ ਵਿਦੇਸੀ) ਲਈ ਦਰਵਾਜੇ ਖੋਲ੍ਹ ਰਹੀ ਹੈ।

ਨਿੱਜੀਕਰਨ ਦੇ ਪ੍ਰਭਾਵ - ਪੰਜਾਬ, ਤਾਮਿਲਨਾਡੂ ਤੇ ਹੁਣ ਪੱਛਮੀ ਬੰਗਾਲ ਅੰਦਰ ਸਿਹਤ ਦੇ ਖੇਤਰ 'ਚ ਕਾਰਪੋਰੇਸ਼ਨਾਂ ਬਣਨਾ ਜਨਤਕ ਸਿਹਤ ਸੇਵਾਵਾਂ ਦੇ ਨਿੱਜੀਕਰਨ ਵੱਲ ਵੱਡੇ ਕਦਮ ਹਨ। ਸੂਬਾਈ ਸਰਕਾਰਾਂ ਦੇ ਦਾਅਵੇ ਜੋ ਮਰਜ਼ੀ ਹੋਣ ਅਤੇ ਕੰਪਨੀ ਐਕਟ-1956 ਤਹਿਤ ਇਨ੍ਹਾਂ ਨਵੇਂ ਬਣੇ ਅਦਾਰਿਆਂ ਦੀਆਂ ਸਰਗਰਮੀਆਂ ਦਾ ਦਾਇਰਾ ਜੋ ਮਰਜ਼ੀ ਹੋਵੇ ਭਲਾਈ ਕੰਮਾਂ ਨੂੰ ਮੁਨਾਫਾ ਬਟੋਰੂ ਵਪਾਰ 'ਚ ਬਦਲਿਆ

ਗਿਆ ਹੈ। ਸ਼ੁਰੂਆਤ ’ਚ ਭਾਵੇਂ ਰਾਜ ਸਰਕਾਰ ਆਪਣਾ ਹਿੱਸਾ 100 ਫੀਸਦੀ ਰੱਖ ਕੇ ਕੰਪਨੀ ਸ਼ੁਰੂ ਕਰਦੀ ਹੈ ਪਰ ਸਮਝੌਤੇ ਅਧੀਨ ਕਾਰਪੋਰੇਟ ਸੈਕਟਰ (ਦੇਸੀ ਤੇ ਵਿਦੇਸ਼ੀ) ਦਾ ਦਾਖਲਾ ਵੱਧ ਕੇ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ ਤੇ ਇਸ ਤਰ੍ਹਾਂ ਨਾਲ ਇਹ ਇਕ ਨਿੱਜੀ ਕੰਪਨੀ ’ਚ ਤਬਦੀਲ ਹੋ ਜਾਂਦੀ ਹੈ। ਰਾਜ ਸਰਕਾਰ ਵੱਲੋਂ ਚਲਾਏ ਜਾਂਦੇ ਹਸਪਤਾਲ ਤੇ ਸਿਹਤ ਕੇਂਦਰਾਂ ਵਪਾਰੀਕਰਨ ਨਾਲੋਂ ਗੁਣਾਤਮਕ ਤੌਰ ’ਤੇ ਇਹ ਕਦਮ ਭਾਵੇਂ ਵੱਖਰਾ ਹੈ ਪਰ ਕਿਤੇ ਵਧਵਾਂ ਹੈ। ਇੱਥੋਂ ਤੱਕ ਕਿ ਜਨਤਕ ਨਿੱਜੀ ਸਾਂਝੇਦਾਰੀਆਂ ਦੀਆਂ ਨੀਤੀਆਂ (PPPP) ’ਚ ਵੀ ਭਾਵੇਂ ਨਿੱਜੀ ਪੂੰਜੀ ਸਰਕਾਰੀ ਹਸਪਤਾਲਾਂ ਤੇ ਸਿਹਤ ਕੇਂਦਰਾਂ ’ਚ ਲੱਗਦੀ ਹੈ ਪਰ ਕਾਰਪੋਰੇਸ਼ਨ ਤਾਂ ਇਸ ਨਾਲੋਂ ਕਿਤੇ ਵੱਧ ਵਪਾਰੀਕਰਨ ਹੈ ਕਿਉਂਕਿ ਕੰਟਰੋਲ ਇੱਥੇ ਸਮੁੱਚੇ ਤੌਰ ’ਤੇ ਹੀ ਕਾਰਪੋਰੇਸ਼ਨ ਦੇ ਹੱਥਾਂ ਵਿਚ ਆ ਜਾਂਦਾ ਹੈ ਤੇ ਸਰਕਾਰ ਇਸ ’ਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰਦੀ। ਜਿਹੜੀਆਂ ਵੀ ਬਸਤੀਆਂ ਬਣਾਈਆਂ ਜਾਂਦੀਆਂ ਤੇ ਪਾਲਸੀਆਂ ਤਹਿ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਇਕੋ ਇਕ ਮਕਸਦ ਹੁੰਦਾ ਹੈ ਪੈਸਾ ਕਮਾਉਣਾ। ਕਾਰਪੋਰੇਸ਼ਨ ਦੇ ਮੁਲਾਜ਼ਮ ਸਰਕਾਰੀ ਮੁਲਾਜ਼ਮ ਵਾਂਗੂੰ ਰੈਗੂਲਰ ਨਹੀਂ ਹੁੰਦੇ ਉਨ੍ਹਾਂ ਨੂੰ ਠੇਕੇ ’ਤੇ ਭਰਤੀ ਕੀਤਾ ਜਾਂਦਾ ਹੈ, ਉਨ੍ਹਾਂ ਦੇ ਕੋਈ ਜਮਹੂਰੀ ਹੱਕ ਨਹੀਂ ਹੁੰਦੇ ਅਤੇ ਨਾ ਹੀ ਉਹ ਯੂਨੀਅਨ ਬਣਾ ਕੇ ਹੱਕ ਮੰਗ ਸਕਦੇ ਹਨ। ਉਨ੍ਹਾਂ ਨੂੰ ਤਾਂ ਹਾਇਰ ਐਂਡ ਫਾਇਰ ਦੀ ਨੀਤੀ ਤਹਿਤ ਭਰਤੀ ਕੀਤਾ ਹੁੰਦਾ ਹੈ ਅਤੇ ਕਿਸੇ ਵੀ ਵੇਲੇ ਬਿਨਾ ਨੋਟਿਸ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਲੋਕਾਂ ਦੀਆਂ ਸਿਹਤ ਸਮੱਸਿਆਵਾਂ ਹੱਲ ਕਰਨ ਲਈ ਬੁਨਿਆਦੀ ਸਿਹਤ ਸੇਵਾਵਾਂ ਦੇਣ ਦੀ ਇਨ੍ਹਾਂ ਦੀ ਕੋਈ ਗਰੰਟੀ ਨਹੀਂ ਅਤੇ ਹੀ ਪੰਜਾਬ ਤੇ ਤਾਮਿਲਨਾਡੂ ’ਚ ਪਹਿਲਾਂ ਬਣੀਆਂ ਸਿਹਤ ਕਾਰਪੋਰੇਸ਼ਨਾਂ ਅਜਿਹਾ ਕਰ ਸਕੀਆਂ ਹਨ। ਕਿਸੇ ਨਾ ਕਿਸੇ ਬਹਾਨੇ ਸਰਕਾਰਾਂ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਸੰਸਾਰ ਬੈਂਕ ਵਰਗੇ ਕੌਮਾਂਤਰੀ ਸੂਦਖੋਰ ਅਦਾਰਿਆਂ ਦੇ ਆਦੇਸ਼ਾਂ ਤਹਿਤ ਕਾਰਪੋਰੇਸ਼ਨਾਂ ਜਾਂ ਜਨਤਕ ਖੇਤਰਾਂ ’ਚ ਸਰਕਾਰ ਦਾ ਸ਼ੇਅਰ ਜਾਂ ਤਾਂ ਘਟਾਇਆ ਜਾ ਰਿਹਾ ਹੈ ਜਾਂ ਫਿਰ ਇਨ੍ਹਾਂ ਨੂੰ ਬੰਦ ਕਰਕੇ ਉਹ ਥਾਂ ਆਪਣੀ ਬਣਾਈ ਜਾ ਰਹੀ ਹੈ, ਜਿਸ ਨੂੰ ਨਿੱਜੀ ਪੂੰਜੀ (ਕੌਮੀ ਤੇ ਕੌਮਾਂਤਰੀ) ਆਪਣੀ ਪੈਦਾਵਾਰੀ ਇਕਾਈਆਂ ਲਈ ਵਰਤ ਸਕਦੀ ਹੈ। ਅਤੇ ਕਾਰਪੋਰੇਸ਼ਨ/ਕੰਪਨੀ ਜੋ ਸੂਬਾ ਸਰਕਾਰ ਵੱਲੋਂ ਲਿਆਂਦੀਆਂ ਜਾਂਦੀਆਂ ਹਨ, ਦੇਖਣ ਨੂੰ ਸਰਕਾਰ ਦੇ ਅਦਾਰਿਆਂ ਨੂੰ ਭੰਗ ਕਰਨ ਦੇ ਉਲਟ ਲੱਗਦੀਆਂ ਹਨ ਪਰ ਇਸ ਖੇਤਰ ’ਚ ਨਿੱਜੀ ਪੂੰਜੀ ਦੀ ਸੌਖੀ ਪਹੁੰਚ ਪੈਦਾ ਕਰਕੇ ਇਹ ਉਹੋ ਮਕਸਦ ਹੱਲ ਕਰਦੀਆਂ ਹਨ।

ਸਿਹਤ ਬੀਮਾ - ਸਿਹਮ ਬੀਮਾ ਇਕ ਹੋਰ ਖੇਤਰ ਸਰਕਾਰ ਦੀ ਲੰਮੇ ਸਮੇਂ ਤੋਂ ਜਿਸ ਤੇ ਅੱਖ ਹੈ। ਇਹ ਸੋਚ ਪ੍ਰਚਾਰੀ ਜਾ ਰਹੀ ਹੈ ਕਿ ਮੁਫਤ ਸੇਵਾ ਦਾ ਨਾ ਤਾਂ ਕੋਈ ਮੁੱਲ ਹੁੰਦਾ ਤੇ ਨਾ ਹੀ ਕਦਰ। ਸਾਡੇ ਸ਼ਹਿਰੀ ਕਦੋਂ ਤਾਂ ਮੁਫਤੋਮੁਫਤੀ ਸੇਵਾ ਕਰਵਾਉਂਦੇ ਰਹਿਣਗੇ? ਜੇ ਪੈਸੇ ਵਾਲੇ ਲੋਕ ਸੇਵਾਵਾਂ ਲੈਣ ਲਈ ਫੀਸ ਅਦਾ ਕਰਦੇ ਹਨ ਤਾਂ ਇਸ ਵਿਚ ਹਰਜ ਵੀ ਕੀ ਹੈ? ਸਾਰੇ ਸ਼ਹਿਰੀਆਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਜਮਹੂਰੀ ਜ਼ਿੰਮੇਵਾਰੀ ’ਤੇ ਮਿੱਟੀ ਪਾਉਂਦਿਆਂ ਨਿੱਜੀਕਰਨ, ਉਦਾਰੀਕਰਨ ਦੀ ਵਕਾਲਤ ਕਰਨ ਵਾਲੇ ਸਾਰਿਆਂ ਲਈ ਸਿਹਤ ਬੀਮਾ ਕਰਵਾਉਣ ਦੀ ਸਲਾਹ ਦੇ ਰਹੇ ਹਨ। ਭਾਰਤ ’ਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁੱਝ ਹੱਦ ਬੀਮੇ ਦੇ ਪ੍ਰੀਮੀਅਮ

ਗਰੀਬੀ ਰੇਖਾ ਤੋਂ ਹੇਠਾ ਵਾਲਿਆਂ ਲਈ ਸਰਕਾਰ ਅਦਾ ਕਰੇਗੀ। ਜੇ ਅਸੀਂ ਸਿਹਤ ਨੂੰ ਜਨਮ ਸਿੱਧ ਤੇ ਜਮਹੂਰੀ ਹੱਕ ਮੰਨਦੇ ਹਾਂ ਜੋ ਸ਼ਹਿਰੀ ਅਜ਼ਾਦੀਆਂ ਵਾਲੇ ਸਮਾਜਾਂ ਵੱਲੋਂ ਦਿੱਤਾ ਜਾਣਾ ਬਣਦੈ ਤਾਂ ਸਾਨੂੰ ਸਿਹਤ ਬੀਮੇ ਲਿਆਉਣ ਦੀ ਸਾਡੀ ਸਰਕਾਰ ਦੀ ਨੀਤੀ ਦੀ ਲਾਜ਼ਮੀ ਚੀਰਫਾੜ ਕਰਨੀ ਚਾਹੀਦੀ ਹੈ।

ਅੱਜ ਤੱਕ 10% ਅਜਿਹੇ ਭਾਰਤੀ ਹਨ ਜਿਨ੍ਹਾਂ ਦਾ ਕਿਸੇ ਨਾ ਕਿਸੇ ਕਿਸਮ ਦਾ ਸਿਹਤ ਬੀਮਾ ਹੋਇਆ ਹੈ। ਅਮਰੀਕਾ ਉਹ ਮੋਹਰੀ ਦੇਸ਼ ਜਿੱਥੇ ਉਸ ਦੇ ਲੋਕਾਂ ਦੇ ਵੱਧ ਤੋਂ ਵੱਧ ਸਿਹਤ ਬੀਮੇ ਹੋਏ ਹਨ। ਪਰ ਉੱਥੇ ਵੀ 12% ਅਬਾਦੀ ਅਜਿਹੀ ਹੈ ਜਿਨ੍ਹਾਂ ਦੇ ਸਿਹਤ ਬੀਮੇ ਨਹੀਂ ਹੋਏ। ਅਮਰੀਕਾ ਤੇ ਜੀ-8 ਦੇਸ਼ ਆਗੂ ਹਨ ਅਤੇ ਉਹ ਹੀ ਨਿੱਜੀਕਰਨ, ਉਦਾਰੀਕਰਨ ਤੇ ਵਪਾਰੀਕਰਨ ਸਬੰਧੀ ਫੈਸਲੇ ਲੈਂਦੇ ਹਨ ਇਹੀ ਦੇਸ਼ ਸਾਡੀਆਂ ਕੇਂਦਰ ਤੇ ਰਾਜ ਸਰਕਾਰਾਂ ਲਈ ਭਾਰਤ ਅੰਦਰ 1991 'ਚ ਨਵੀਂ ਸਨਅਤੀ ਨੀਤੀ ਤੇ ਨਵੀਂ ਆਰਥਕ ਨੀਤੀ ਅਖਤਿਆਰ ਕਰਨ ਪਿੱਛੋਂ ਕੁੱਝ ਦਹਾਕਿਆਂ ਤੋਂ ਆਦਰਸ਼ ਬਣੇ ਹੋਏ ਹਨ। ਸਿਹਤ ਦੀ ਜ਼ਿੰਮੇਵਾਰੀ ਤੋਂ ਸਰਕਾਰਾਂ ਦੇ ਭੱਜ ਜਾਣ ਕਰਕੇ ਸਿਹਤ ਬੀਮੇ ਇਕ ਮੁੱਖ ਏਜੰਡਾ ਬਣ ਗਿਆ ਹੈ।

ਕੌਮੀ ਸਿਹਤ ਪਾਲਿਸੀ-2002 ਸ਼ਰੇਆਮ ਸਿਹਤ-ਬੀਮੇ ਦੀ ਵਕਾਲਤ ਕਰਦੀ ਹੈ ਅਤੇ ਕੌਮੀ ਪੇਂਡੂ ਸਿਹਤ ਮਿਸ਼ਨ (NR HM-2005-12) ਅੰਦਰ ਇਸ ਦਾ ਇਜ਼ਹਾਰ ਵੀ ਹੋਇਆ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਦੀ ਅਬਾਦੀ ਨੂੰ ਸਿਹਤ ਬੀਮਾ ਤਾਣੇ ਬਾਣੇ ਅਧੀਨ ਲਿਆਉਣ ਵੱਲ ਇਸ਼ਾਰਾ ਕਰਦੀ ਹੈ। ਸਿਹਤ ਬੀਮਾ ਇਕ ਵਪਾਰ ਹੈ ਜਿਸ 'ਚ ਵੱਡੀਆਂ ਬੀਮਾ ਕੰਪਨੀਆਂ ਭਾਰੀ ਮੁਨਾਫ਼ਾ ਕਮਾਉਂਦੀਆਂ ਹਨ। ਇਹ ਸਥਾਪਤ ਤੱਥ ਹੈ ਕਿ ਮਸ਼ਹੂਰ ਬੀਮਾ ਕੰਪਨੀਆਂ ਵੀ ਜਾਇਜ਼ ਕਲੇਮ ਵੀ ਦੇਣੋ ਇਨਕਾਰ ਕਰਦੀਆਂ ਹਨ। ਹੁਣ ਤਾਂ ਉਨ੍ਹਾਂ ਨੇ ਥਰਡ ਪਾਰਟੀ ਸੈਟਲਮੈਂਟ ਲਿਆਂਦੀ ਹੈ ਜਿਸ ਅਧੀਨ ਕੁਝ ਅਜਿਹੀਆਂ ਲੰਡੂ ਏਜੰਸੀਆਂ ਨੂੰ ਸ਼ਾਮਲ ਕਰ ਲਿਆ ਹੈ ਜੋ ਪਾਲਿਸੀ ਹੋਲਡਰਾਂ ਦੇ ਪਾਲਿਸੀ ਕਲੇਮ ਦੇਣ ਤੋਂ ਟਾਲਾ ਹੀ ਵੱਟਦੀਆਂ ਹਨ। ਕੋਈ ਬੀਮਾ ਅਜਿਹਾ ਨਹੀਂ ਜੋ ਸਹੀ ਹੋਵੇ ਅਤੇ ਬੀਮਾਰੀ ਤੇ ਉਸ ਦੇ ਇਲਾਜ ਦੀ ਪੂਰੀ ਪੂਰੀ ਕਵਰੇਜ ਯਕੀਨੀ ਬਣਾਉਂਦਾ ਹੋਵੇ। ਕਿਸੇ ਨਾ ਕਿਸੇ ਬਹਾਨੇ ਬਹੁਤੀਆਂ ਕੰਪਨੀਆਂ ਜਾਇਜ਼ ਮੈਡੀਕਲ ਕਲੇਮ ਦੇ ਪੈਸੇ ਬੇਹੱਦ ਘਟਾ ਕੇ ਦਿੰਦੀਆਂ ਹਨ। ਸਹੀ ਤੇ ਪੂਰਾ ਕਲੇਮ ਲੈਣ ਲਈ ਕੰਪਨੀ ਦੇ ਅਧਿਕਾਰੀਆਂ ਨੂੰ ਜਾਂ ਤਾਂ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਫਿਰ ਕਲੇਮ ਦਾ ਕੁੱਝ ਪ੍ਰਤੀਸ਼ਤ ਹਿੱਸੇ ਵਜੋਂ ਦੇਣਾ ਪੈਂਦਾ ਹੈ। ਜਿਹੜੀ ਪੜੀ ਲਿਖੀ ਅਬਾਦੀ ਇਨ੍ਹਾਂ ਬੀਮਾ ਕਲੇਮਾ ਦੀ ਕੁੱਝ ਹੱਦ ਤੱਕ ਆਦੀ ਵੀ ਹੋ ਗਈ ਹੈ, ਉਨ੍ਹਾਂ ਦਾ ਵੀ ਹਾਲ ਕੋਈ ਵੱਖਰਾ ਨਹੀਂ ਹੈ। ਕਈਆਂ ਨੂੰ ਤਾਂ ਕਲੇਮ ਲੈਣ ਵਾਸਤੇ ਖਪਤਕਾਰ ਅਦਾਲਤ ਵਿਚ ਵੀ ਜਾਣਾ ਪੈਂਦਾ ਹੈ। ਗਰੀਬੀ ਰੇਖਾ ਤੋਂ ਹੇਠਾਂ ਦੀ ਅਬਾਦੀ ਨਾਲ ਕੀ ਬੀਤਦੀ ਹੋਣੀ ਹੈ ਜੋ ਅਣਪੜ੍ਹ ਵੀ ਹੈ ਤੇ ਉਨ੍ਹਾਂ ਨੂੰ ਬੀਮੇ ਦਾ ਕਲੇਮ ਲੈਣ ਵਾਸਤੇ ਨਾ ਤਾਂ ਗਿਆਨ ਹੈ ਤੇ ਨਾ ਹੀ ਉਹ ਇਸ ਦੇ ਆਦੀ ਹਨ।

ਬੀਮਾ ਪਾਲਿਸੀ ਦੇ ਸ਼ੁਰੂ ਹੋਣ ਤੋਂ ਲੈ ਕੇ ਕਲੇਮ ਲੈਣ ਤੱਕ ਉਸ ਕਿਸੇ ਨਾ ਕਿਸੇ ਏਜੰਟ ਜਾਂ ਸਿਆਸੀ ਟਾਊਟ ਦੇ ਅੜਿੱਕੇ ਆ ਜਾਂਦੇ ਹਨ। ਇਨ੍ਹਾਂ ਕੁੱਝ ਕਰਨ ਪਿੱਛੋਂ ਵੀ ਮਰੀਜ਼ ਦੇ ਪੱਲੇ ਅੱਧਾ ਪਚੱਦਾ ਕਲੇਮ ਹੀ ਪੈਂਦਾ ਹੈ। ਕਹਿਣ ਦਾ ਭਾਵ ਉਸ ਦੀ ਭਕਾਈ ਉਨੀ ਹੀ ਹੋ ਜਾਂਦੀ ਹੈ ਜਿੰਨੀ ਕਿਸੇ ਅਜਿਹੇ ਬੰਦੇ ਦੀ ਜਿਸ ਦਾ

ਬੀਮਾ ਅਜੇ ਹੋਇਆ ਨਹੀਂ ਹੁੰਦਾ। ਤਾਂ ਫਿਰ ਸਿਹਤ ਬੀਮੇ ਤੋਂ ਸੰਤੁਸ਼ਟ ਕੌਣ ਹੈ? ਬਿਨਾ ਸ਼ੱਕ ਇਹ ਬੀਮਾ ਕੰਪਨੀਆਂ ਅਤੇ ਇਨ੍ਹਾਂ ਪਾਲਿਸੀਆਂ ਦੇ ਕਰਤਾ-ਧਰਤਾ ਹੀ ਹਨ ਜਿਨ੍ਹਾਂ ਨੂੰ ਫਾਇਦਾ ਹੁੰਦਾ ਹੈ ਨਾ ਕਿ ਬੀਮਾਰ ਲੋਕ, ਇੱਥੋਂ ਤੱਕ ਕਿ ਅਮਰੀਕਾ ਵਿਚ ਜੋ ਉੱਚ ਸਿੱਖਿਆ ਪ੍ਰਾਪਤ ਲੋਕ ਹਨ ਤੇ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਸੰਸਾਰ 'ਚ ਸਭ ਤੋਂ ਵੱਧ ਸ਼ਹਿਰੀ ਆਜ਼ਾਦੀ ਦੇ ਹੱਕ ਹਾਸਲ ਹਨ, ਉਨ੍ਹਾਂ ਦੀ ਵੀ ਲੁੱਟ ਹੁੰਦੀ ਹੈ ਅਤੇ ਉਹ ਬੇਹੱਦ ਪ੍ਰੇਸ਼ਾਨ ਹਨ। ਸਿਹਤ ਬੀਮਾ "ਸਭ ਲਈ ਸਿਹਤ" ਜਾਂ "ਸਿਹਤ ਦਾ ਅਧਿਕਾਰ" ਦਾ ਬਦਲ ਨਹੀਂ ਹੈ ਸਿਹਤ ਇਕ ਬੁਨਿਆਦੀ ਜਮਹੂਰੀ ਹੱਕ ਹੈ ਜਿਸ ਨੂੰ ਮੁਹੱਈਆ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਸਿਹਤ 'ਚ ਉਪਾਅ, ਪ੍ਰਹੇਜ ਤੇ ਇਲਾਜ ਦੇ ਸਾਰੇ ਪੱਖ ਸ਼ਾਮਲ ਹਨ। ਸਿਹਤ ਬੁਨਿਆਦੀ ਜਮਹੂਰੀ ਹੱਕ ਵੱਲੋਂ ਕੀਤੀ ਸੀ ਜਿਸ ਸਿਹਤ ਬੀਮਿਆਂ ਦੇ ਆਗੂ ਹੋਣ ਨਾਲ ਲੋਕ ਵਾਂਝੇ ਹੋ ਗਏ ਹਨ।

ਕੌਮੀ ਪੇਂਡੂ ਸਿਹਤ ਮਿਸ਼ਨ (HR HM) - HR HM ਇਕ ਸੋਚੀ ਸਮਝੀ ਚਾਲ ਹੈ ਕਿ ਪਿੰਡ ਪੱਧਰ ਤੱਕ ਨਿੱਜੀਕਰਨ, ਵਪਾਰੀਕਰਨ ਤੇ ਉਦਾਰੀਕਰਨ ਲਾਗੂ ਹੋਵੇ ਪਰ ਇਸ ਨੂੰ ਪੇਸ਼ ਤਾਂ ਇਉਂ ਕੀਤਾ ਗਿਆ ਹੈ ਜਿਵੇਂ ਕਿ ਇਹ ਵਿਸ਼ਾਲ ਪੇਂਡੂ ਲੋਕਾਂ ਲਈ ਵਰਦਾਨ ਹੋਵੇ। ਇਹ ਭਾਵੇਂ 18 ਸੂਬਿਆਂ 'ਚ ਲਾਗੂ ਹੋਇਆ ਹੈ ਪਰ ਸਾਰੇ ਦੇਸ਼ ਨੇ ਹੀ ਇਸ ਨੂੰ ਅਖਤਿਆਰ ਕਰ ਲਿਆ ਹੈ ਅਤੇ ਇਸ ਦੀਆਂ ਮਸ਼ਕਾਂ ਜਾਰੀ ਹਨ। ਜਿਵੇਂ ਕਿ ਮਿਸ਼ਨ ਪਾਲਿਸੀ ਅੰਦਰ ਹੀ ਦਰਜ ਹੈ ਇਹ ਪੁਰਾਣੇ ਢਾਂਚੇ ਨੂੰ ਢਹਿ ਢੇਰੀ ਕਰਕੇ ਨਵਾਂ ਢਾਂਚਾ ਸਮਾਨੰਤਰ ਉਸਾਰੇਗਾ। ਇਸ ਦਾ ਪ੍ਰਬੰਧਕੀ ਤਾਣਾ ਬਾਣਾ ਵੀ ਅਲੱਗ ਹੀ ਹੋਵੇਗਾ। ਬਿਨਾ ਕਿਸੇ ਟਰੇਨਿੰਗ ਜਾਂ ਮੁਹਾਰਤ ਦੇ NGOs ਕਮਿਊਨਿਟੀ ਗਰੁੱਪਾਂ ਨੂੰ ਪੂਰੀ ਜਾਂ ਅਧੂਰੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਪ੍ਰੋਗਰਾਮ ਦੇ ਪੈਮਾਨਿਆਂ ਨੂੰ ਬਰਕਰਾਰ ਰੱਖਣ ਲਈ ਮੈਡੀਕਲ ਅਫ਼ਸਰਾਂ, ਨਰਸਾਂ, ਫਾਰਮਾਸਿਸਟਾਂ ਤੇ ਟੈਕਨੀਸ਼ੀਅਨਾਂ ਆਦਿ ਦੀਆਂ ਅਸਾਮੀਆਂ ਲੋੜੀਂਦੀ ਤੈਦਾਦ 'ਚ ਨਹੀਂ ਭਰੀਆਂ ਜਾਂਦੀਆਂ ਜੋ ਵੀ ਅਸਾਮੀ ਭਰੀ ਜਾਂਦੀ ਹੈ ਉਹ ਠੇਕਾ ਅਧਾਰਤ ਏਜੰਟਾਂ ਦੇ ਮਾਰਫਤ ਭਰੀ ਜਾਂਦੀ ਹੈ। ਹਸਪਤਾਲ 'ਚ ਜਣੇਪਾ ਦਰ ਵਧਾਉਣ ਤੇ ਸਿਸੂ ਮੌਤ ਦਰ, ਜੱਚਾ ਮੌਤ ਦਰ ਘੱਟ ਕਰਨ ਲਈ ਘਟੀਆ ਕਿਸਮ ਦੀਆਂ ਸਹੂਲਤਾਂ ਵਾਲੇ ਪ੍ਰਾਈਵੇਟ ਨਰਸਿੰਗ ਹੋਮ ਨੂੰ ਧੜਾਧੜ ਮਾਨਤਾ ਦਿੱਤੀ ਜਾ ਰਹੀ ਹੈ। ਜਦ ਕਿ ਪੀ. ਐਚ. ਸੀ. ਤੇ ਸੀ. ਐਚ. ਸੀ. ਨੂੰ ਮਾਹਰ ਲੇਡੀ ਡਾਕਟਰਾਂ ਤੇ ਸਿੱਖਿਅਤ ਨਰਸਾਂ ਲਾ ਕੇ ਮਜ਼ਬੂਤ ਨਹੀਂ ਕੀਤਾ ਜਾ ਰਿਹਾ। ਐਮ. ਬੀ. ਬੀ. ਐਸ. ਡਾਕਟਰਾਂ ਦੀ ਬਜਾਏ ਦੇਸੀ (AYUSH) ਡਾਕਟਰ ਠੇਕੇ 'ਤੇ ਭਰਤੀ ਕੀਤੇ ਜਾ ਰਹੇ ਹਨ ਅਜਿਹੇ ਦੇਸੀ ਡਾਕਟਰਾਂ ਨੂੰ ਆਮ ਧਾਰਾ 'ਚ ਲਿਆਉਣ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ। ਇਸ ਨੀਤੀ ਕਾਰਨ ਮਰੀਜ਼ਾਂ ਦਾ ਇਲਾਜ ਤੇ ਪੇਂਡੂ ਅਬਾਦੀ ਦੀ ਦੇਖਭਾਲ (ਸਮੇਤ ਜਣੇਪਾ ਤੇ ਐਮਰਜੈਂਸੀ ਕੇਸਾਂ ਦੇ) ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਸੀ. ਐਚ. ਸੀ. ਤੇ ਬਲਾਕ ਪੱਧਰ PHC ਵਾਸਤੇ ਕੋਈ ਬੱਚਿਆਂ ਦੇ ਮਾਹਰ ਡਾਕਟਰਾਂ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਨਾ ਈ CHC ਪੱਧਰ 'ਤੇ ਸ਼ਿਸ਼ੂ ਯੂਨਿਟ (ਐਮਰਜੈਂਸੀ) ਸਥਾਪਤ ਦਾ ਸੁਆਲ ਕੋਈ ਹੈ। ਫਿਰ IMR ਕਿਵੇਂ ਘੱਟ ਤੇ ਪੰਜ ਸਾਲ ਤੋਂ ਛੋਟਿਆਂ ਦੀ ਬਿਮਾਰ ਦਰ ਤੇ ਮੌਤ ਦਰ ਕਿਵੇਂ ਘੱਟ ਹੋਊ? ਇਸ ਸੁਆਲ ਦਾ ਕੌਮੀ ਪੇਂਡੂ ਸਿਹਤ ਮਿਸ਼ਨ ਕੋਲ ਕੋਈ ਜੁਆਬ ਨਹੀਂ। NRHM ਦੀਆਂ ਬਹੁਤੀਆਂ ਸਕੀਮਾਂ

ਤੇ ਪ੍ਰੋਗਰਾਮ ਪੰਚਾਇਤ ਰਾਜ ਸੰਸਥਾਵਾਂ ਰਾਹੀਂ ਲਾਗੂ ਹੁੰਦੀਆਂ ਹਨ। ਇਨ੍ਹਾਂ ਅੰਦਰ ASHA, RMP ਅਤੇ HA(m) ਉੱਪਰ ਸਾਰਾ ਦਾਰੋਮਦਾਰ ਹੁੰਦਾ ਹੈ। ਨਵੀਆਂ ਸਹੂਲਤਾਂ ਦੇ ਨਿਰਮਾਣ ਕੰਮ ਤੇ ਪੁਰਾਣੀਆਂ ਸਹੂਲਤਾਂ ਨੂੰ ਬਰਕਰਾਰ ਰੱਖਣ ਦਾ ਕੰਮ ਨਿੱਜੀ ਏਜੰਸੀਆਂ ਤੇ ਬਹੁਕੌਮੀ ਕਾਰਪੋਰੇਸ਼ਨ ਨੂੰ ਸੌਂਪਿਆ ਜਾਂਦਾ ਹੈ। ਇਨ੍ਹਾਂ ਏਜੰਸੀਆਂ 'ਚ ਕੰਮ ਪੂਰਾ ਹੋਣ ਪਿੱਛੋਂ ਕੰਮ ਪੂਰਾ ਹੋਣ ਦਾ ਸਰਟੀਫਿਕੇਟ ਦੇਣ ਲਈ ਪੰਚਾਇਤਾਂ ਕੋਲ ਕੋਈ ਮਾਹਰ ਨਹੀਂ ਹੁੰਦਾ। ਪੰਚਾਇਤ ਰਾਜ ਸੰਸਥਾ ਵੱਲੋਂ ਥੋੜ੍ਹੀ ਬਹੁਤੀ ਪੜ੍ਹੀ ਲਿਖੀ ਨੂੰ ASHA ਭਰਤੀ ਕਰਕੇ ਕੁੱਝ ਹਫ਼ਤਿਆਂ ਦੀ ਸਿਖਲਾਈ NGO ਵੱਲੋਂ ਦਿੱਤੀ ਜਾਂਦੀ ਹੈ ਅਤੇ ਉਹ ਕਰੀਬ 800 ਰੁਪਏ ਮਾਸਕ ਤੇ ਹਰ ਕਿਸਮ ਦੀਆਂ ਸਿਹਤ ਸਰਗਰਮੀਆਂ ਕਰਦੀ ਹੈ। ਟੀ. ਬੀ., ਮਲੇਰੀਆ, ਏਡਜ਼, ਗਰਭ ਅਵਸਥਾ, ਟੀਕਾ ਕਰਨ, ਗੁਪਤ ਰੋਗਾਂ ਤੇ ਬੱਚਿਆਂ ਦੀ ਸਿਹਤ ਸਬੰਧੀ ਉਹ ਲੋਕਾਂ ਨੂੰ ਨਸੀਹਤ ਦਿੰਦੀਆਂ ਹਨ।

ਬਿਨਾਂ ਕਿਸੇ ਸਿਖਲਾਈ ਦੇ ਛੋਲਾ ਛਾਪ ਡਾਕਟਰਾਂ ਨੂੰ NRHM ਤਾਣੇ ਬਾਣੇ ਅੰਦਰ ਲਿਆਂਦਾ ਜਾਵੇਗਾ ਭਾਵੇਂ ਕੁੱਝ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਪਿੰਡ ਪੱਧਰ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਵੀ ਲਾਇਆ ਗਿਆ ਹੈ। ਪਰ ਇਨ੍ਹਾਂ ਨੂੰ ਪਿੰਡ 'ਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਹੀ ਅਰਥ 'ਚ ਲਾਇਆ ਨਹੀਂ ਜਾਂਦਾ। ਬੁਨਿਆਦੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਾਇਮਰੀ ਹੈਲਥ ਸੈਂਟਰਾਂ 'ਚ ਕੁੱਝ ਸਮਾਂ ਸਿਖਲਾਈ ਦੇਣ ਪਿੱਛੋਂ ਵਰਕਰਾਂ ਦੀ ਪੂਰੀ ਵਰਤੋਂ ਕਰਨ ਦੀ ਬਜਾਏ, ਉਨ੍ਹਾਂ 'ਚੋਂ ਸਿਰਫ ਥੋੜ੍ਹਿਆਂ ਨੂੰ ਹੀ ਪੰਚਾਇਤੀ ਕੰਮ ਦਿੱਤਾ ਜਾਂਦਾ ਹੈ। ਸਿਆਸੀ ਦਖਲਅੰਦਾਜ਼ੀ ਤੇ ਪੰਚਾਇਤ ਦੇ ਨਿੱਜੀ ਹਿੱਤਾਂ ਕਾਰਨ ਪੇਂਡੂ ਮਡੀਕਲ ਪ੍ਰੈਕਟੀਸ਼ਨਰਾਂ 'ਚ ਜਿਸ ਨੂੰ ਮਰਜ਼ੀ ਭਰਤੀ ਕਰ ਲਿਆ ਜਾਂਦਾ ਹੈ ਕੋਈ ਸਥਾਈ ਪ੍ਰਣਾਲੀ ਨਹੀਂ ਬਣੀ ਹੈ। ਕੋਈ ਫਿਕਸ ਤਨਖਾਹ ਨਹੀਂ ਤੇ ਨਾ ਹੀ ਡਿਊਟੀ ਦਾ ਕੋਈ ਇਲਾਕਾ ਫਿਕਸ ਹੈ। ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿਖੇ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਇਕ ਸਮੂਹ ਨੂੰ ਲੈ ਕੇ ਪਾਇਲਟ ਅਧਿਐਨ ਕੀਤਾ ਹੈ ਤੇ ਸਿੱਟਾ ਕੱਢਿਆ ਹੈ ਕਿ MBBS ਜਾਂ AYUSH ਡਾਕਟਰਾਂ ਦੀ ਕਮੀ ਦੀ ਆੜ ਹੇਠ ਗੈਰ ਮਾਨਤਾ ਪ੍ਰਾਪਤ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਸੇਵਾਵਾਂ ਰਾਹੀਂ ਮੁੱਢਲੇ ਸਿਹਤ ਕੇਂਦਰ ਦੀਆਂ ਸੇਵਾਵਾਂ ਨੂੰ ਬਦਲਿਆ ਜਾ ਰਿਹਾ ਹੈ। ਪਿੰਡਾਂ ਦੇ ਡਾਕਟਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਦਾ ਇਹ ਸਾਂਝਾ ਉਦਮ ਨਾ ਤਾਂ ਉਨ੍ਹਾਂ ਨੂੰ ਕੋਈ ਮਾਨਤਾ ਦਿੰਦਾ ਹੈ, ਜਾ ਸਿਖਲਾਈ ਤੇ ਨਾ ਹੀ ਕੋਈ ਪੱਕੀ ਭਰਤੀ ਅਤੇ ਨਾ ਹੀ ਪੇਂਡੂ ਅਬਾਦੀ ਲਈ ਸਿਹਤ ਸਹੂਲਤਾਂ 'ਚ ਕੋਈ ਸੁਧਾਰ ਲਿਆਉਣ ਦੀ ਸਮਝ ਹੈ। ਸਿਹਤ ਮੁਹੱਈਆ ਕਰਨ ਵਾਲੇ ਅਜਿਹੇ ਲੋਕਾਂ ਰਾਹੀਂ ਸਾਡੇ ਪਿੰਡਾਂ ਨੂੰ ਕਿਹੋ ਜਿਹੀਆਂ ਸਿਹਤ ਸਹੂਲਤਾਂ ਮਿਲਣਗੀਆਂ? ਵਰਕਰਾਂ ਦੀ ਚੋਣ ਤੋਂ ਲੈ ਕੇ ਕਾਰਗੁਜਾਰੀ ਮਾਪਣ ਤੱਕ ਭ੍ਰਿਸ਼ਟਾਚਾਰ ਤੇ ਸਿਆਸੀ ਦਖਲ ਅੰਦਾਜ਼ੀ ਵਧੇ ਫੂਲੇਗੀ ਜਿਸ ਨਾਲ ਸਿਆਸੀ ਪਾਰਟੀਆਂ ਨੂੰ ਵਾਧੂ ਸ਼ਹਿ ਮਿਲੇਗੀ।

ਕੌਮੀ ਗਿਆਨ ਕਮਿਸ਼ਨ ਤੇ ਮੈਡੀਕਲ ਸਿੱਖਿਆ – ਮੈਡੀਕਲ ਨਰਸਿੰਗ ਤੇ ਪੈਰਾਮੈਡੀਕਲ ਸਿੱਖਿਆ ਅਮੀਰਾਂ ਲਈ ਇਕ ਵਿਕਾਊ ਤੇ ਖਰੀਦਣ ਯੋਗ ਵਸਤੂ ਬਣ ਗਈ ਹੈ ਖਾਸ ਕਰਕੇ ਡੋਨੇਸ਼ਣ ਅਧਾਰਤ ਨਿੱਜੀ ਸੰਸਥਾਵਾਂ ਅੰਦਰ ਜਦ ਕਿ ਸਰਕਾਰ ਵੱਲੋਂ ਚਲਾਏ ਜਾਂਦੇ ਕਾਲਜਾਂ ਅੰਦਰ ਟਿਊਸ਼ਨ ਫੀਸਾਂ, ਇਮਤਿਹਾਨਾਂ ਸਬੰਧੀ ਤੇ ਹੋਸਟਲ

ਸਬੰਧੀ ਫੀਸਾਂ ’ਚ ਅਥਾਹ ਵਾਧੇ ਕਾਰਨ ਹੋਣਹਾਰ ਵਿਦਿਆਰਥੀਆਂ ਨੂੰ ਮੈਡੀਕਲ, ਨਰਸਿੰਗ ਤੇ ਪੈਰਾਮੈਡੀਕਲ ਸਿੱਖਿਆ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਰਾਜੀਵ ਗਾਂਧੀ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਲਿਆਂਦੀ ਨਵੀਂ ਸਿੱਖਿਆ ਨੀਤੀ ਕਾਰਨ ਅਜਿਹਾ ਹੋਇਆ ਤੇ ਪਿੱਛੋਂ ਇਸ ਨੂੰ ਬਲ ਮਿਲਿਆ, ਸੰਸਾਰੀਕਰਨ, ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨਾਲ, ਜਿਨ੍ਹਾਂ ਨੇ ਸਿਹਤ ਤੇ ਮੈਡੀਕਲ ਸਿੱਖਿਆ ਦੇ ਖੇਤਰ ਨੂੰ ਭਲਾਈ ਵਿਭਾਗ ਤੋਂ ਮੁਨਾਫ਼ਾ ਕਮਾਊ ਵਪਾਰ ਮਕਸਦ ’ਚ ਬਦਲ ਦਿੱਤਾ। ਕੇਂਦਰ ਸਰਕਾਰ ਦੀ ਦੂਜੀ ਕੌਮੀ ਸਿਹਤ ਨੀਤੀ-2002 ਨੇ ਜਨਤਕ-ਨਿੱਜੀ ਭਾਗੀਦਾਰੀ (PPP) ਦੀਆਂ ਨੀਤੀਆਂ ਰਾਹੀਂ ਮੈਡੀਕਲ ਸਿੱਖਿਆ ਤੇ ਪੈਰਾ ਮੈਡੀਕਲ ਸਿੱਖਿਆ ਤੇ ਸਿਖਲਾਈ ਸਮੇਤ ਸਾਰੇ ਪਾਸੇ ਨਿੱਜੀ ਪੂੰਜੀ ਦੇ ਦਾਖਲੇ ਨੂੰ ਉਤਸ਼ਾਹਿਤ ਕੀਤਾ।

ਕੌਮੀ ਗਿਆਨ ਕਮਿਸ਼ਨ NKC ਨੇ ਉਹੀ ਸੁਰ ਬਰਕਰਾਰ ਰੱਖਦਿਆਂ ਨਾ ਸਿਰਫ ਨਿੱਜੀ ਪੂੰਜੀ ਅਧਾਰਤ ਮੈਡੀਕਲ ਕਾਲਜਾਂ ਨੂੰ ਜੀ ਆਇਆਂ ਆਖਦਾ ਹੈ ਬਲਕਿ ਉਨ੍ਹਾਂ ਦੀ ਟਿਊਸ਼ਨ ਫੀਸ (ਜੋ ਜਿੰਨੀ ਮਰਜੀ ਹੋਵੇ) ’ਚ ਪਾਰਦਰਸ਼ਤਾ ਦਾ ਸੱਦਾ ਦਿੰਦਾ ਹੈ। ਅਜਿਹੇ ਨਿੱਜੀ ਪੂੰਜੀ ਅਧਾਰਤ ਕਾਲਜਾਂ ’ਚ ਦਾਖਲੇ ਲਈ ਇਕ ਵੱਖਰੇ ਕੁਲ ਹਿੰਦ ਦਾਖਲਾ ਟੈਸਟ ਬਾਰੇ ਇਸ ਨੇ ਸਾਫ ਸਾਫ ਇਸ਼ਾਰਾ ਕੀਤਾ ਹੈ ਜਦ ਕਿ ਹੁਣ ਸੀ. ਬੀ. ਐਸ. ਈ. ਵਿਦਿਆਰਥੀਆਂ ਦੇ ਕੇਂਦਰ ਸਰਕਾਰ ਦੇ 15% ਕੋਟੇ ਲਈ ਇਕ ਟੈਸਟ ਲਿਆ ਜਾਂਦਾ ਹੈ। ਮੌਜੂਦਾ ਮੈਡੀਕਲ ਸਲੇਬਸ ’ਚ ਰੈਡੀਕਲ ਤਬਦੀਲੀ ਦੀ ਮੰਗ ਐਨ. ਕੇ. ਸੀ. ਕਰਦਾ ਹੈ ਤਾਂ ਕਿ ਇਸ ਨੂੰ ਕੌਮੀ ਪੱਧਰ ਤੇ ਸੰਵੇਦਨਸ਼ੀਲ ਅਤੇ ਸੰਸਾਰ ਪੱਧਰ ’ਤੇ ਮੁਕਾਬਲਾ ਯੋਗ ਬਣਾਇਆ ਜਾ ਸਕੇ। ਮੈਡੀਕਲ ਸਿੰਘ ਨੂੰ ਨਿਯਮਬੱਧ ਕਰਨ ਲਈ ਐਨ. ਕੇ. ਸੀ. MCI ਨੂੰ ਕਮਜ਼ੋਰ ਕਰਨ ਲਈ ਉੱਚ ਸਿੱਖਿਆ ਲਈ ਆਜ਼ਾਦ ਰੇਗੂਲੇਟਰੀ ਅਥਾਰਟੀ ਅਧੀਨ ਇਕ ਸਟੈਡਿੰਗ ਕਮੇਟੀ ਬਣਾਉਣ ਦੀ ਸਿਫਾਰਸ਼ ਕਰਦਾ ਹੈ। ਅਤੇ ਇਸ ਨੂੰ ਕੌਮੀ ਪੱਧਰ ’ਤੇ ਇਮਤਿਹਾਨ ਲੈਣ ਲਈ ਸਿਰਫ ਇਕ ਐਸੋਸੀਏਸ਼ਨ ’ਚ ਤਬਦੀਲ ਕਰਨ ਲਈ ਕਹਿੰਦਾ ਹੈ ਤਾਂ ਕਿ ਜੋ ਮੈਡੀਕਲ ਕਿੱਤੇ ’ਚ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਲਾਇਸੰਸ ਦਿੱਤੇ ਜਾ ਸਕਣ। ਅਜਿਹੇ ਸੁਧਾਰਾਂ ਦੀ ਐਨ. ਕੇ. ਸੀ. ਨੇ ਨਰਸਿੰਗ, ਡੈਂਟਲ, ਫਾਰਮੇਸੀ ਤੇ ਮੁੜ ਵਸੇਬਾ ਕੇਂਦਰਾਂ ’ਚ ਸਿਫਾਰਸ਼ ਕੀਤੀ ਹੈ।

ਐਨ. ਕੇ. ਸੀ. ਨੇ ਐਮ. ਬੀ. ਬੀ. ਐਸ. ਪਾਸ ਕਰਨ ਪਿੱਛੋਂ ਇਕ ਕੌਮੀ ਐਗਜਿਟ ਪ੍ਰੀਖਿਆ (NEE) ਦੀ ਵੀ ਸਿਫਾਰਸ਼ ਕੀਤੀ ਹੈ, ਜੋ ਪੋਸਟ ਗ੍ਰੈਜੂਏਟ ਕੋਰਸਾਂ ਲਈ ਮਿਆਰੀ ਟੈਸਟ ਵਜੋਂ ਮੰਨਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇੰਟਰਸ਼ਿਪ ਤੋਂ ਪਹਿਲਾਂ ਤੇ ਪਿੱਛੋਂ ਕਲੀਨੀਕਲ ਅਸੈਸਮਿੰਟ ਪ੍ਰੀਖਿਆਵਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ ਜੋ ਪੋਸਟ ਗ੍ਰੈਜੂਏਟ ’ਚ ਚੋਣ ਲਈ ਇਕ ਸਪਲੀਮੈਂਟ ਢੰਗ ਦਾ ਕੰਮ ਕਰੇਗਾ। ਇਕ ਸਾਲ ਦੀ ਇੰਟਰਸ਼ਿਪ ਨੂੰ 3 ਮਹੀਨੇ ਸੀ. ਐਸ. ਸੀ., 6 ਮਹੀਨੇ ਜ਼ਿਲ੍ਹਾ ਹਸਪਤਾਲ ਅਤੇ 3 ਮਹੀਨੇ ਮੈਡੀਕਲ ਕਾਲਜ ਕਿਸੇ ਗਾਈਡ ਤਹਿਤ ਕੰਮ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਗਾਈਡ ਦੀ ਸਿਫਾਰਸ਼ ਗੰਭੀਰ ਮੰਨੀ ਜਾਵੇਗੀ। ਇਨ੍ਹਾਂ ਨਵੀਆਂ ਸਿਫਾਰਸ਼ਾਂ ਦੇ ਮੱਦੇਨਜ਼ਰ ਮੈਡੀਕਲ ਸਿੱਖਿਆ ਤੇ ਸਿਖਲਾਈ ਬਾਰੇ ਕਿਸ ਕਿਸਮ ਦੇ ਸੁਧਾਰ ਦੀ ਭਾਲ ਕੀਤੀ ਜਾ ਰਹੀ ਹੈ। ਇਹ ਸਮਝਣਾ ਬੇਹੱਦ ਮੁਸ਼ਕਲ ਹੈ। ਇਸ ਤੋਂ ਇਲਾਵਾ ਐਨ. ਕੇ. ਸੀ. ਨੇ ਮੈਡੀਕਲ ਵੰਨਗੀਆਂ ਨੂੰ ਵਾਧੂ ਉਤਸ਼ਾਹ ਕੀਤੇ। ਜੋ ਸੰਸਾਰ

ਰੁਝਾਣ ਵਜੋਂ ਮੰਨਿਆ ਜਾਵੇਗਾ। ਅਤੇ ਇਹ ਨੋਟ ਕੀਤਾ ਕਿ ਮੌਜੂਦਾ ਸੰਸਾਰਕ ਸਿਹਤ ਸੈਕਟਰ 'ਚ ਐਮਰਜੈਂਸੀ ਕਾਰਕਾਂ ਵਜੋਂ ਰਵਾਇਤੀ ਮੈਡੀਕਲ ਸਿਸਟਮਾਂ ਨੂੰ ਯੋਗਦਾਨ ਪਾ ਸਕਦੇ ਹਨ।

ਸਿਹਤ ਮੰਤਰਾਲੇ 'ਚ AYUSH ਰਾਹੀਂ ਅਤੇ CSIR, ICMR ਵਰਗੀਆਂ ਏਜੰਸੀਆਂ 'ਚ ਵੱਖ ਵੱਖ ਸਹਾਇਕ ਪ੍ਰੋਗਰਾਮਾਂ ਦੇ ਨਿਰਮਾਣ ਰਾਹੀਂ ਸਰਕਾਰ ਪਹਿਲਾਂ ਹੀ ਰਵਾਇਤੀ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਪਰ NRHM ਅਨੁਸਾਰ ਇਸ ਦੀ ਨੀਅਤ ਆਲਮੀ ਸਿਹਤ ਵਪਾਰ ਅੰਦਰ ਮੰਡੀ 'ਤੇ ਕਬਜ਼ਾ ਕਰਨਾ ਅਤੇ ਦੇਸ਼ ਦੀਆਂ ਸਿਹਤ ਪ੍ਰਣਾਲੀਆਂ ਇਸ ਦੇ MBBS ਡਾਕਟਰਾਂ, ਅਧੁਨਿਕ ਮੈਡੀਸਨ ਨੂੰ ਤਬਦੀਲ ਕਰਨ ਦੀ ਹੈ। ਕੌਮੀ ਗਿਆਨ ਸਚਾਈ ਲੱਭਣ ਲਈ ਵਿਗਿਆਨ ਮੁਲਾਂਕਣ ਕਰਨ ਦਾ ਲੰਮੇ ਸਮੇਂ ਤੋਂ ਪਿਆ ਕੰਮ ਅਣਗੌਲਿਆ ਹੋ ਜਾਵੇਗਾ। ਮੈਡੀਕਲ ਵੰਨਗੀ ਨੂੰ ਪ੍ਰਫੁਲਿਤ ਕਰਨ ਨਾਲ ਵਿਗਿਆਨਕ ਸੱਚਾਈ ਪਰਦੇ ਓਹਲੇ ਹੋ ਜਾਵੇਗੀ ਤੇ ਪ੍ਰਣਾਲੀਆਂ ਦੀ ਅਜਾਦਾਨਾ ਹਸਤੀ ਨਹੀਂ ਰਹਿਣੀ। ਕੌਮੀ ਗਿਆਨ ਕਮਿਸ਼ਨ NKC ਦੀਆਂ ਸਿਫਾਰਸ਼ਾਂ ਫਾਰਮਾ ਕੋਜਿਨੋਮਿਕਸ, ਇਮੂਨੋਲੋਜੀ, ਦਵਾ ਖੋਜ ਤੇ ਕਾਰਡਿਓਲੋਜੀ ਵਰਗੇ ਖੇਤਰਾਂ ਅੰਦਰ ਮੈਡੀਸਨ ਜਗਤ 'ਚ ਤੱਥਾਂ ਤੇ ਅਧਾਰਤ ਯੋਗਦਾਨ ਪਾਉਣਾ ਭਾਰਤ ਲਈ ਜ਼ਰੂਰੀ ਹੈ। ਅਜਿਹਾ RASA ਜਾਂ ਰਸਾਇਣਾਂ, ਪ੍ਰਕਿਰਤੀ ਵਰਗੇ ਰਵਾਇਤੀ ਵਿਚਾਰਾਂ ਦੀ ਕਾਲਪਨਿਕ ਜਾਂਚ ਕਰਨ ਨਾਲ ਕੀਤਾ ਜਾਵੇ। ਇਸ ਨਾਲ ਸੰਸਕਾਰਾਂ 'ਚ ਵਿਸ਼ਵਾਸ ਤਾਂ ਸਥਾਪਤ ਹੋ ਜੂ ਪਰ ਇਨ੍ਹਾਂ 'ਚ ਸੱਚ ਜਾਂ ਝੂਠ ਕੀ ਹੈ ਇਹ ਪਤਾ ਨਹੀਂ ਲੱਗਣਾ। ਮੈਡੀਕਲ ਸਿੱਖਿਆ ਤੇ ਸਿਖਲਾਈ ਦੇ ਖੇਤਰ ਵਿਚ NKC ਦੀਆਂ ਸਿਫਾਰਸ਼ਾਂ ਨਾਲ ਬਚੀਆਂ ਖੁਚੀਆਂ ਇਨਸਾਨੀ ਕਦਰਾਂ ਕੀਮਤਾਂ ਦਾ ਵੀ ਭੋਗ ਪੈ ਜਾਵੇ ਜੋ ਕਿ ਪਹਿਲਾਂ ਹੀ ਮੈਡੀਕਲ ਸਿੱਖਿਆ 'ਚ ਨਿੱਜੀ ਪੂੰਜੀ ਦੀ ਆਮਦ ਤੇ ਡੋਨੇਸ਼ਨ ਫੀਸ ਨਾਲ ਬੁਰੀ ਤਰ੍ਹਾਂ ਤੋੜੀਆਂ ਭੰਨੀਆਂ ਜਾ ਚੁੱਕੀਆਂ ਹਨ। ਸਿੱਖਿਆ ਅੰਦਰ ਵਪਾਰੀ ਕਰਨ ਤੇ ਨਿੱਜੀਕਰਨ ਨਾਲ ਆਈ ਬੁਰਾਈ ਨੂੰ ਡੋਨੇਸ਼ਨ ਫੀਸ ਹਵਾ ਦੇ ਰਹੀ ਹੈ। ਇਕ ਵਾਰੀ ਸੁਪਰੀਮ ਕੋਰਟ ਪੀ. ਏ. ਇਨਾਮਦਾਰ ਬਨਾਮ ਮਹਾਂਰਾਸ਼ਟਰ ਸਰਕਾਰ ਕੇਸ 'ਚ ਡੋਨੇਸ਼ਨ ਦੇ ਵਰਤਾਰੇ ਨੂੰ ਬਿਆਨਿਆ ਹੈ ਕਿ "ਡੋਨੇਸ਼ਨ ਫੀਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਅਤੇ ਡੋਨੇਸ਼ਨ ਫੀਸ ਰਾਹੀਂ ਕੋਈ ਵੀ ਸੀਟ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।" ਇਸ ਕਿੱਤੇ ਨੂੰ "ਵਪਾਰ ਜਾਂ ਕਾਰੋਬਾਰ" ਨਾਲੋਂ ਵੱਖਰੇ ਤੌਰ 'ਤੇ ਪਹਿਚਾਣੇ ਜਾਣ ਦੀ ਲੋੜ ਹੈ। ਵਪਾਰ ਤੇ ਕੁੱਝ ਹੱਦ ਤੱਕ ਕਾਰੋਬਾਰ 'ਚ ਮੁੱਖ ਉਦੇਸ਼ ਮੁਨਾਫਾ ਕਮਾਉਣਾ ਹੁੰਦਾ ਹੈ ਜਦ ਕਿ ਇਹ ਕਿੱਤਾ ਸਮਾਜ ਦੀ ਸੇਵਾ ਹੈ ਜਦ ਕਿ ਇਸ ਵਿਚੋਂ ਕੋਈ ਕਮਾਈ ਤਾਂ ਮੌਕਾਮੇਲ ਹੀ ਹੋ ਸਕਦੈ। ਜੋ ਵਿਦਿਆਰਥੀ ਡੋਨੇਸ਼ਨ ਦੇ ਕੇ ਮੈਡੀਕਲ ਡਿਗਰੀ ਲੈਂਦਾ ਹੈ। ਉਸ ਦਾ ਮੁੱਖ ਉਦੇਸ਼ ਪਿੱਛੋਂ ਪੈਸਾ ਕਮਾਉਣਾ ਹੀ ਰਹਿ ਜਾਂਦਾ ਹੈ, ਸੇਵਾ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸਮਾਜ ਲਈ ਉਹ ਇਕ ਕਿਸਮ ਦੀ ਜੋਕ ਹੀ ਬਣ ਜਾਂਦਾ ਹੈ।...... ਇਸੇ ਤਰ੍ਹਾਂ ਮੁਨਾਫਾ ਕਮਾਉਣ ਦੀ ਵੀ ਇਜਾਜ਼ਤ ਨਹੀਂ ਹੈ। ਅਦਾਲਤ ਸਿੱਖਿਆ ਦੇ ਵਪਾਰੀਕਰਨ ਅਤੇ ਨਿੱਜੀ ਹਿੱਤਾਂ ਦੇ ਸੁਆਰਥਾਂ ਲਈ ਵੱਡੀ ਕਮਾਈ ਖਾਤਰ ਕਈ ਸੰਸਥਾਵਾਂ ਵੱਲੋਂ ਅਪਣਾਏ ਜਾਂਦੇ ਅਮਲਾਂ ਦੀਆਂ ਤਲਖ ਹਕੀਕਤਾਂ ਤੋਂ ਅੱਖਾਂ ਨਹੀਂ ਬੰਦ ਕਰ ਸਕਦੀ।

ਪਰ ਮੈਡੀਕਲ ਕਿਤੇ ਤੇ ਸਿਹਤ ਸੇਵਾਵਾਂ ਸਬੰਧੀ ਵਪਾਰ ਦੀ ਖੋਜ 'ਚ ਪੈਸੇ

ਵਾਲੇ ਕੇਂਦਰੀ ਤੇ ਰਾਜ ਸਰਕਾਰ ਨਾਲ ਮਿਲ ਕੇ ਸੁਪਰੀਮ ਕੋਰਟ ਵੱਲੋਂ ਲਾਈਆਂ ਪਾਬੰਦੀਆਂ ਤੇ ਘੱਟੋ ਘੱਟ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਦੇ।

ਪਰ ਉਹ ਦਿਨ ਦੂਰ ਨਹੀਂ ਜਦੋਂ ਕਿਉਂਕਿ ਕਾਰਪੋਰੇਟ ਘਰਾਣੇ ਮੌਜੂਦਾ "ਫੀਸ ਰੇਗੂਲੇਟਰੀ ਕਮੇਟੀ", "ਦਾਖਲ ਰੇਗੂਲੇਟਰੀ ਕਮੇਟੀ" ਅਤੇ CET ਰਾਹੀਂ 'ਇਕੋ ਖਿੜਕੀ' ਦੇ ਅਸੂਲ ਨੂੰ ਸੁਪਰੀਮ ਕੋਰਟ ਦੇ ਵੱਡੇ ਬੈਂਚ ਰਾਹੀਂ ਜਾਂ ਫਿਰ ਪਾਰਲੀਮੈਂਟ 'ਚ ਬਿਲ (ਜੋ ਲਿਆਂਦਾ ਵੀ ਜਾ ਰਿਹੈ) ਲਿਆ ਕੇ ਖਤਮ ਕਰਨ ਦੀ ਫੇਰ ਕੋਸ਼ਿਸ਼ ਕਰਨਗੇ। "ਕੌਮੀ ਸਿੱਖਿਆ ਦਾ ਕਿਰਦਾਰ ਇਹੋ ਜਿਹਾ ਹੈ ਕਿ ਇਹ ਮੁਫਤ ਹੋਵੇ। ਜਿਸ ਤਰ੍ਹਾਂ ਸੂਰਜ ਆਪਣੀ ਰੋਸ਼ਨੀ ਸਭ ਨੂੰ ਬਰਾਬਰ ਦਿੰਦਾ ਹੈ। ਮੀਹਾਂ ਦੀਆਂ ਬੂੰਦਾਂ ਸਭ ਲਈ ਇਕੋ ਜਿਹੀਆਂ ਹੁੰਦੀਆਂ ਹਨ ਇਸ ਤਰ੍ਹਾਂ ਹੀ ਸਿੱਖਿਆ ਮੁਹੱਈਆ ਹੋਣੀ ਚਾਹੀਦੀ ਹੈ।" ਗਾਂਧੀ ਦੇ ਉਕਤ ਲਫਜ ਵੀ ਅੱਜਕੱਲ ਦੇ ਹਾਕਮਾਂ ਦੇ ਹਜ਼ਮ ਨਹੀਂ ਹੁੰਦੇ। ਇਹ ਤਾਂ ਲਾਲਾ ਲਾਜਪਤ ਰਾਏ ਦੇ ਇਨ੍ਹਾਂ ਕਥਨਾਂ ਦੇ ਵੀ ਉਲਟ ਹਨ, "ਸਰਕਾਰ ਨੂੰ ਲੋਕਾਂ ਦੀ ਸਿੱਖਿਆ ਲਈ ਪ੍ਰਬੰਧ ਕਰਨਾ ਪੈਣਾ ਹੈ। ਸਿੱਖਿਆ ਖਜ਼ਾਨੇ ਦੀ ਮੁੱਖ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਨਿੱਜੀ ਪੈਸੇ ਰਾਹੀਂ ਕੌਮੀ ਸਿੱਖਿਆ ਜਾਰੀ ਰੱਖਣਾ ਬੇਮਤਲਬ ਹੁੰਦੈ। ਇਹ ਵਿਚਾਰ ਕਿ ਸਿਰਫ ਮੁੱਢਲੀ ਸਿੱਖਿਆ ਹੀ ਸਰਕਾਰ ਦੀ ਜ਼ਿੰਮੇਵਾਰੀ ਹੈ। ਪੁਰਾਣਾ ਹੋ ਚੁੱਕਿਆ ਹੈ। ਅੱਜ ਕੱਲ ਸੰਸਾਰ ਅੰਦਰ ਇਹ ਗੱਲ ਸਥਾਪਤ ਹੋ ਚੁੱਕੀ ਹੈ ਕਿ ਉੱਚ ਸਿੱਖਿਆ ਦੀ ਲੋੜ ਨੂੰ ਸੱਤਾ ਅਣਗੌਹਲਿਆਂ ਨਹੀਂ ਕਰ ਸਕਦੀ।"

ਯੂਨੀਵਰਸਿਟੀ ਸਿੱਖਿਆ ਕਮਿਸ਼ਨ ਜੋ ਡਾ. ਐਸ. ਰਾਧਾਕ੍ਰਿਸ਼ਨ ਦੀ ਚੇਅਰਮੈਨੀ ਹੇਠ ਨਵੰਬਰ 4, 1948 ਨੂੰ ਨਿਯੁਕਤ ਕੀਤਾ ਗਿਆ ਸੀ ਨੇ ਵੀ ਇਕ ਸੁਰ 'ਚ ਕਿਹਾ ਹੈ ਕਿ ਸਿੱਖਿਆ ਹਕੂਮਤ ਦੀ ਜ਼ਿੰਮੇਵਾਰੀ ਹੈ ਪਰ ਜਮਹੂਰੀ 'ਤੇ ਅਧਾਰਤ ਵਿਅਕਤੀਗਤ ਵਿਕਾਸ ਲਈ ਯੂਨੀਵਰਸਿਟੀ ਨੂੰ ਖੁਦ ਮੁਖਤਿਆਰੀ ਵੀ ਜ਼ਰੂਰੀ ਹੈ। ਅੱਜਕੱਲ ਦੇ ਨੀਤੀ ਘਾੜਿਆਂ ਦੀ ਮੂੰਹ 'ਤੇ ਚਪੇੜ ਹੈ ਕੋਠਾਰੀ ਕਮਿਸ਼ਨ ਦਾ ਕਥਨ, "ਫੀਸ ਨੂੰ ਧਨ ਇਕੱਠਾ ਕਰਨ ਦੇ ਜ਼ਰੀਏ ਵਜੋਂ ਲੈਣਾ ਦਰੁਸਤ ਨਹੀਂ ਹੈ, ਇਹ ਟੈਕਸ ਲਾਉਣ ਦਾ ਹੀ ਕੁਢਰ ਤਰੀਕਾ ਹੈ ਜੋ ਸਮਾਜ ਦੀਆਂ ਗਰੀਬ ਜਮਾਤ 'ਤੇ ਸਭ ਤੋਂ ਵੱਧ ਭਾਰ ਪਾਉਂਦਾ ਹੈ।" ਭਾਰਤ ਦੀ ਸੁਪਰੀਮ ਕੋਰਟ ਨੇ ਮੋਹਨੀ ਜੈਨ ਬਨਾਮ ਕਰਨਾਟਕਾ ਸਰਕਾਰ ਦੇ ਮਸ਼ਹੂਰ ਮੁਕੱਦਮੇ 'ਚ ਕਿਹਾ ਹੈ ਕਿ "ਇਕ ਗਰੀਬ ਤੇ ਹੋਣਹਾਰ ਮੈਰਿਟ ਵਾਲਾ ਵਿਦਿਆਰਥੀ ਇਸ ਲਈ ਦਾਖਲਾ ਨਹੀਂ ਲੈ ਸਕਦਾ ਕਿ ਉਸ ਕੋਲ ਪੈਸਾ ਨਹੀਂ ਹੈ ਜਦੋਂ ਕਿ ਅਮੀਰ ਦਾਖਲਾ ਖਰੀਦ ਲੈਂਦਾ ਹੈ। ਇਹੋ ਜਿਹਾ ਵਿਹਾਰ ਧੱਕੇਸ਼ਾਹੀ ਹੈ, ਅਨਿਆਂ ਹੈ, ਗੈਰ ਕਾਨੂੰਨੀ ਹੈ। ਇਸ ਲਈ ਵਿਦਿਅਕ ਅਦਾਰਿਆਂ 'ਚ ਦਾਖਲੇ ਵਾਸਤੇ ਡੋਨੇਸ਼ਨ ਫੀਸ ਪੂਰੀ ਤਰ੍ਹਾਂ ਨਜਾਇਜ਼ ਹੈ ਅਤੇ ਭਾਰਤ ਦੇ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੈ।" ਇਨ੍ਹਾਂ ਜਮਹੂਰੀ ਤੇ ਕਾਨੂੰਨੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਨੂੰ ਡੋਨੇਸ਼ਨ ਫੀਸ ਤੇ ਮੈਡੀਕਲ ਸਿੱਖਿਆ ਦੇ ਵਪਾਰੀਕਰਨ ਤੇ ਕੌਮੀ ਗਿਆਨ ਕਮਿਸ਼ਨ ਦੀਆਂ ਸ਼ਰਾਰਤਾਂ ਵਿਰੁੱਧ ਸਾਨੂੰ ਲੜਨਾ ਪੈਣਾ ਹੈ।

ਜੀ ਐਨ. ਐਮ. ਕੋਰਟ ਦਾ ਖਾਤਮਾ ਤੇ ਨਰਸਿੰਗ ਸਿੱਖਿਆ ਦਾ ਵਪਾਰੀਕਰਨ– ਜੀ. ਐਨ. ਐਮ. ਡਿਪਲੋਮਾ ਕੋਰਸ ਜੋ ਦੇਸ਼ ਤੇ ਵਿਦੇਸ਼ 'ਚ ਨੌਕਰੀ ਦਾ ਬੁਨਿਆਦੀ ਅਧਾਰ ਹੈ, ਨੂੰ ਖਤਮ ਕਰਨ ਦੀ ਕੋਸ਼ਿਸ਼ ਹੈ ਅਤੇ ਇਸ ਦੀ ਥਾਂ ਨਰਸਿੰਗ ਕਾਲਜਾਂ

ਰਾਹੀਂ ਡਿਗਰੀ ਕੋਰਸ ਲਾਗੂ ਕੀਤਾ ਜਾਵੇਗਾ। ਦੇਖਣ ਨੂੰ ਭਾਵੇਂ ਲੱਗਦੈ ਕਿ ਸਰਕਾਰ ਸਿੱਖਿਆ ਦਾ ਮਿਆਰ ਵਧਾਉਣਾ ਚਾਹੁੰਦੀ ਹੈ। ਪਰ ਇਹ ਸਰਕਾਰੀ ਹਸਪਤਾਲ 'ਚ ਚਲਦੇ ਨਰਸਿੰਗ ਸਕੂਲਾਂ ਨੂੰ ਤਬਾਹ ਕਰਕੇ ਡੋਨੇਸ਼ਨ ਫੀਸ ਤੇ ਅਧਾਰਤ ਬੀ. ਐਸ. ਨਰਸਿੰਗ ਕਰਵਾਉਂਦੇ ਨਰਸਿੰਗ ਕਾਲਜ ਨੂੰ ਇਜਾਜ਼ਤ ਦੇਣ ਦਾ ਕੋਝਾ ਜ਼ੁਰਮ ਹੈ। ਸਾਨੂੰ ਸਰਕਾਰ ਦੀ ਇਸ ਬੁਰੀ ਡਿਜ਼ਾਨਿੰਗ ਤੇ ਨਰਸਿੰਗ ਕਾਊਂਸਿਲ ਵਿਰੁੱਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਪਹਿਲਾਂ ਹੀ ਕਈ ਸਰਕਾਰੀ ਨਰਸਿੰਗ ਸਕੂਲ ਬੰਦੇ ਬੰਦ ਕੀਤੇ ਜਾ ਚੁੱਕੇ ਹਨ ਅਤੇ ਥੋੜੇ ਬਹੁਤੇ ਸੁਧਾਰ ਕਰਕੇ ਉਨ੍ਹਾਂ ਨੂੰ ਨਰਸਿੰਗ ਕਾਲਜਾਂ 'ਚ ਬਦਲ ਦਿੱਤਾ ਗਿਆ ਹੈ। ਵਿਦਿਆਰਥੀਆਂ ਨੂੰ ਮਿਲਦੇ ਵਜ਼ੀਫੇ ਕਈ ਸਾਲਾਂ ਤੋਂ ਬੰਦ ਕਰ ਦਿੱਤੇ ਗਏ ਹਨ। ਸਾਡੇ ਦੇਸ਼ 'ਚ ਨਰਸਾਂ ਦੀ ਬਹੁਤ ਕਮੀ ਹੈ ਅਤੇ ਨਰਸ : ਅਬਾਦੀ ਤੇ ਮਰੀਜ : ਨਰਸ ਅਨੁਪਾਤ ਵਿਕਸਿਤ ਮੁਲਕਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਵਿਦਿਆਰਥੀ ਵਿਰੋਧੀ ਤੇ ਕਾਰਪੋਰੇਟ ਪੱਖੀ NKC (ਕੌਮੀ ਗਿਆਨ ਕਮਿਸ਼ਨ) ਨੇ ਕਿਹਾ ਹੈ ਕਿ "ਟਰੇਨਿੰਗ ਸਟਾਫ ਦੀ ਵਾਧੂ ਸਮੱਰਥਾ ਵਧਾਉਣ ਦੀ ਲੋੜ ਹੈ। ਹਰੇਕ ਸਰਕਾਰੀ ਹਸਪਤਾਲ ਨਾਲ ਇਕ ਨਰਸਿੰਗ ਡਿਪਲੋਮਾ ਕੋਰਸ ਸਕੂਲ ਹੋਵੇ ਜਿਥੋਂ ਤਿਆਰ ਹੋ ਕੇ ਨਰਸਾਂ ਮੁੱਢਲੇ ਸਿਹਤ ਕੇਂਦਰਾਂ 'ਚ ਕੰਮ ਕਰਨ।" ਸਰਕਾਰੀ ਨਿੱਜੀ ਹਸਪਤਾਲਾਂ ਲਈ ਸੇਵਾ ਦੇਣ ਵਾਸਤੇ ਏਨੀ ਕਾਹਲੀ ਹੈ ਤੇ ਦਿਲਚਸਪੀ ਵੀ ਰੱਖਦੀ ਹੈ ਕਿ ਗ੍ਰੈਜੂਏਟ ਟਰੇਡ ਨਰਸਿੰਗ ਸਟਾਫ ਦੀ ਕਾਫੀ ਗਿਣਤੀ ਵਿਹਲੀ ਤੇ ਬੇਰੁਜ਼ਗਾਰ ਹੈ ਸਰਕਾਰ ਨੇ ਕੋਈ ਭਰਤੀ ਕੀਤੀ ਨਹੀਂ ਤੇ ਅਸਾਮੀਆਂ ਖਾਲੀ ਪਈਆਂ ਹਨ। ਮਜ਼ਬੂਰੀ ਵੱਸ ਬੇਰੁਜ਼ਗਾਰ ਗ੍ਰੈਜੂਏਟ ਨਰਸਾਂ ਨੂੰ ਬੇਹੱਦ ਘੱਟ ਤਨਖਾਹ ਤੇ ਪ੍ਰਾਈਵੇਟ ਹਸਪਤਾਲ 'ਚ ਘੰਟਿਆਂ ਬੱਧੀ ਵੱਧ ਸਮਾਂ ਡਿਊਟੀ ਕਰਨੀ ਪੈ ਰਹੀ ਹੈ। ਸਰਕਾਰ ਵੀ ਉਨ੍ਹਾਂ ਦੀ ਭਰਤੀ ਠੇਕੇ 'ਤੇ ਅਧਾਰਤ ਘੱਟ ਪੈਸੇ ਦੇ ਕੇ ਕਰਦੀ ਹੈ ਜਿੱਥੇ ਉਨ੍ਹਾਂ ਲਈ ਕੰਮ ਦੀਆਂ ਹਾਲਤਾਂ ਨਾ ਤਸੱਲੀ ਯੋਗ ਹੁੰਦੀਆਂ ਹਨ। ਐਨ. ਆਰ. ਐਚ. ਐਮ. ਦੀ ਭਾਰਤੀ ਜਨਤਕ ਸਿਹਤ ਪੈਮਾਨੇ (IPHS) ਅਨੁਸਾਰ, ਮੰਗ ਪੂਰੀ ਕਰਨ ਲਈ ਯੋਗਤਾ ਪ੍ਰਾਪਤ ਕੁੱਝ ਲੱਖਾਂ ਨਰਸਾਂ ਦੀ ਹੀ ਹੈ। ਜਣੇਪੇ ਦੌਰਾਨ ਮਾਵਾਂ ਤੇ ਬੱਚਿਆਂ ਦੀ ਮੌਤ ਦਰ ਘੱਟ ਕਰਨ ਵਾਲੇ NRHM ਤੇ NUHM ਦੇ ਕੁੰਜੀਵਤ ਪਹਿਲੂਆਂ ਲਈ ਅਤੇ CHC-PHC-SHC ਨੂੰ ਚਲਾਉਣ ਵਾਸਤੇ GNM ਸਕੂਲਾਂ ਨੂੰ ਬੰਦ ਕਰਨ ਦੀ ਬਜਾਏ, ਹਰ ਜ਼ਿਲ੍ਹੇ 'ਚ ਹੋਰ ਵੱਧ GNM ਡਿਪਲੋਮਾ ਸਕੂਲ ਖੋਲ੍ਹਣੇ ਚਾਹੀਦੇ ਹਨ। ਮੈਡੀਕਲ ਟੇਕਜੋਲੋਜਿਸਟਾਂ ਤੇ ਫਾਰਮਾਸਿਸਟਾਂ ਦੀ ਹੋਣੀ ਵੀ ਇਨ੍ਹਾਂ ਨਰਸਾਂ ਤੋਂ ਕੋਈ ਵੱਖਰੀ ਨਹੀਂ ਹੈ।

ਕੌਮੀ ਸ਼ਹਿਰੀ ਸਿਹਤ ਮਿਸ਼ਨ (NUHM) ਪਿੰਡਾਂ ਪਿੱਛੋਂ ਹੁਣ ਸ਼ਹਿਰੀ ਗਰੀਬਾਂ ਤੇ ਸਹੂਲਤਾਂ ਤੋਂ ਵਾਂਝੇ ਲੋਕਾਂ ਵੱਲ ਸਰਕਾਰ ਨੇ ਧਿਆਨ ਕੀਤਾ ਹੈ ਅਤੇ ਆਪਣੇ ਸਿਹਤ ਮੰਤਰਾਲੇ ਰਾਹੀਂ ਕੌਮੀ ਸ਼ਹਿਰੀ ਸਿਹਤ ਮਿਸ਼ਨ, ਭਾਰਤ ਦੇ 450 ਸ਼ਹਿਰਾਂ ਤੇ ਕਸਬਿਆਂ ਲਈ 22.5 ਕਰੋੜ ਦੇ ਪੈਕੇਜ ਵਾਲਾ ਇਕ ਹੋਰ ਸਿਹਤ ਕੈਸ ਸੂਲ ਲਿਆਂਦਾ ਹੈ। NRHM ਦੇ ਨਾਲ-ਨਾਲ NUHM ਦਾ ਟੀਚਾ 2012 ਤੱਕ ਇਕ ਲੱਖ ਦੀ ਆਬਾਦੀ ਵਾਲੇ ਸਾਰੇ ਸ਼ਹਿਰਾਂ ਨੂੰ ਇਸ ਮਿਸ਼ਨ ਹੇਠ ਲਿਆਉਣਾ ਹੈ ਜੋ ਪੜਾਅ ਹਰ ਵਾਰ 50,000 ਅਬਾਦੀ ਪਿੱਛੇ ਸਿਹਤ ਕੇਂਦਰ 2000 ਦੀ ਅਬਾਦੀ ਪਿੱਛੇ ਇਕ USHA ਅਤੇ ਮਹਿਲਾ ਅਰੋਗਿਆ ਸੰਮਤੀਆਂ (ਸਵੈ ਸਹਾਇਤਾ ਗਰੁੱਪ) ਬਣਾਵੇਗਾ। NUHM ਅਧੀਨ ਮੁੱਖ ਕੰਮ ਹੱਥ ਹੇਠ ਲਏ ਜਾਣਗੇ ਜਿਨ੍ਹਾਂ 'ਚ ਜਨਤਕ ਨਿੱਜੀ ਭਾਗੀਦਾਰੀ

ਨੀਤੀ ਤਹਿਤ ਕਾਰਪੋਰੇਟ ਸੈਕਟ ਤੇ NGO ਨੂੰ ਨਾਲ ਲਿਆ ਜਾਵੇਗਾ। ਸਰਕਾਰੀ ਤੇ ਨਿੱਜੀ ਹਸਪਤਾਲਾਂ ਰਾਹੀਂ ਤਹਿਸ਼ੁਦਾ ਅਬਾਦੀ ਨੂੰ ਸਿਹਤ ਸੇਵਾਵਾਂ ਹੇਠ ਲਿਆਉਣ ਲਈ ਸਿਹਤ ਬੀਮਾ (ਜਿਸ ਦੀ ਕਿਸ਼ਤ ਗਰੀਬ ਰੇਖਾ ਤੋਂ ਹੇਠਾਂ ਵਾਲਿਆਂ ਦੀ ਸਰਕਾਰ ਭਰੇਗੀ) ਦਾ ਪ੍ਰਬੰਧ ਕੀਤਾ ਜਾਵੇਗਾ। NUHM ਜਿਸ ਦਾ ਮਕਸਦ ਵਪਾਰੀਕਰਨ ਤੇ ਸਿਹਤ ਬੀਮਾ ਹੈ, ਦਾ ਹਸ਼ਰ ਵੀ NRHM ਵਰਗਾ ਹੀ ਹੋਵੇਗਾ।

ਹਸਪਤਾਲ ਤੇ ਸਿਹਤ ਕੇਂਦਰਾਂ ਉੱਪਰ ਹਿੰਸਾ ਤੇ ਸਿਹਤ ਕਾਮਿਆਂ ਤੇ ਹਮਲੇ – ਸਰਕਾਰੀ ਤੇ ਨਿੱਜੀ ਹਸਪਤਾਲ ਤੇ ਮੈਡੀਕਲ ਕੇਂਦਰਾਂ ਦੀ ਭੰਨ ਤੋੜ ਨਿੱਤ ਦਾ ਕੰਮ ਹੋ ਗਿਆ ਹੈ। ਡਾਕਟਰ ਮਰੀਜ਼ ਦਾ ਰਿਸ਼ਤਾ ਦਿਨ-ਬ-ਦਿਨ ਨਿਘਰਦਾ ਜਾ ਰਿਹੈ ਜਦ ਕਿ ਸਮੱਸਿਆ ਦੀ ਧਾਰ ਗਲਤ ਪਾਸੇ ਜਾ ਰਹੀ ਹੈ। ਸਰਕਾਰ ਜਿਨ੍ਹਾਂ ਵੱਧ ਸਿਹਤ ਸੇਵਾਵਾਂ ਦੀ ਜ਼ਿੰਮੇਵਾਰੀ ਨਿੱਜੀ ਸੰਸਥਾਵਾਂ ਨੂੰ ਦੇ ਰਹੀ ਹੈ ਉਨ੍ਹਾਂ ਹੀ ਲੋਕਾਂ ਦੀ ਆਰਥਕ ਤੇ ਮਾਨਸਿਕ ਲੁੱਟ ਵੱਧ ਰਹੀ ਹੈ। ਨਾਲ ਹੀ ਨਾਲ ਖਪਤਕਾਰ ਸੁਰੱਖਿਆ ਕਾਨੂੰਨ (CPA) ਲਿਆਉਣ ਨਾਲ ਡਾਕਟਰ ਤੇ ਮਰੀਜ਼ ਦਾ ਰਿਸ਼ਤਾ ਗ੍ਰਾਹਕ ਤੇ ਵਿਕ੍ਰੇਤਾ ਵਾਲਾ ਬਣ ਗਿਆ ਹੈ। ਸਰਕਾਰ ਲੋਕਾਂ ਨੂੰ CPA ਰਾਹੀਂ ਲੋੜੀਦੀਆਂ ਸਿਹਤ ਸੇਵਾਵਾਂ ਲੈਣ ਵਾਸਤੇ ਉਕਸਾ ਰਹੀ ਹੈ। ਇਕ ਪਾਸੇ ਤਾਂ ਸਰਕਾਰੀ ਸਿਹਤ ਸਹੂਲਤਾਂ ਲੋੜੋਂ ਘੱਟ ਹਨ ਜਿਸ ਕਾਰਨ ਲੋਕਾਂ ਨੂੰ ਸੇਵਾਵਾਂ ਤੋਂ ਵਾਂਝਿਆ ਕੀਤਾ ਜਾ ਰਿਹਾ ਹੈ ਜਦ ਕਿ ਦੂਜੇ ਪਾਸੇ ਪ੍ਰਾਈਵੇਟ ਹਸਪਤਾਲਾਂ 'ਚ ਮਰੀਜ਼ਾਂ ਦੇ ਬੇਲੋੜੇ ਤੇ ਗੁੰਝਲਦਾਰ ਟੈਸਟ ਕਰਕੇ ਤੇ ਭਾਰੀ ਮਸ਼ਵਰਾ ਫੀਸਾਂ ਵਸੂਲ ਕੇ ਮਰੀਜ਼ਾਂ ਦੀ ਭਾਰੀ ਲੁੱਟ ਕੀਤੀ ਜਾਂਦੀ ਹੈ। ਆਪਣੇ ਗ੍ਰਾਹਕ ਤੋਂ ਵੱਧ ਤੋਂ ਵੱਧ ਪੈਸੇ ਵਸੂਲਣ ਦਾ ਇਥੇ ਇਕੋ ਮਕਸਦ ਹੁੰਦਾ ਹੈ। ਦੋਨੋਂ ਹਾਲਤਾਂ ਕਾਰਨ ਮਰੀਜ਼ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ 'ਚ ਗੁੱਸਾ ਭਰਦਾ ਜਾਂਦੈ ਅਤੇ ਜਦੋਂ ਵੀ ਕੋਈ ਵੱਡਾ ਨੁਕਸਾਨ ਜਾਂ ਮੌਤ ਹੁੰਦੀ ਹੈ ਤਾਂ ਭੰਨ ਤੋੜ ਤੇ ਹਿੰਸਕ ਹਮਲਾ ਸ਼ੁਰੂ ਹੋ ਜਾਂਦੈ। ਇਥੇ ਸਿਹਤ ਪ੍ਰਣਾਲੀ, ਸਰਕਾਰ ਦੀ ਨਿੱਜੀਕਰਨ ਦੀ ਮੁਹਿੰਮ ਅਤੇ ਨਿੱਜੀ ਖੇਤਰ ਦਾ ਬੇਹੱਦ ਮੁਨਾਫਾਖੋਰ ਰਵੱਈਆ ਇਸ ਗੜਬੜ ਦੇ ਮੁੱਖ ਕਾਰਨ ਹਨ। ਜਿੱਥੇ ਸੇਵਾ ਦੇਣ ਵਾਲਿਆਂ ਦਾ ਰਵੱਈਆ ਮਨੁੱਖੀ, ਸੰਵੇਦਨਸ਼ੀਲ ਤੇ ਜ਼ਿੰਮੇਵਾਰ ਨਾ ਹੋਣਾ ਚਾਹੀਦਾ ਹੈ ਉੱਥੇ ਲੋਕਾਂ ਉੱਪਰ ਦਬਾਅ ਤੇ ਦੁੱਖ ਹੈ ਉਹ ਵੀ ਵਾਜਬ ਹੋਵੇ।

# ਮੈਡੀਕਲ ਸਦਾਚਾਰ 'ਚ ਸੰਕਟ

ਜਦੋਂ ਤੋਂ ਮਨੁੱਖੀ ਸੱਭਿਅਤਾ ਦਾ ਵਿਕਾਸ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਮਨੁੱਖਤਾ ਨੇ ਨਾ ਸਿਰਫ ਕੁਦਰਤ ਦੀਆਂ ਹਮਲਾਵਰ ਤਾਕਤਾਂ ਤੋਂ ਮਨੁੱਖਤਾ ਨੂੰ ਅਜ਼ਾਦ ਕਰਾਉਣ ਤੇ ਮੈਡੀਕਲ ਵਿਗਿਆਨ ਦੇ ਵਿਕਾਸ ਲਈ ਰਾਹ ਪੱਧਰਾ ਕਰਨ ਲਈ ਸਭ ਕੁੱਝ ਦਾਅ ਤੇ ਲਾਇਆ ਹੈ ਬਲਕਿ ਇਸ ਨੂੰ ਬੀਮਾਰੀ, ਦਰਦ ਤੇ ਮਹਾਂਮਾਰੀਆਂ ਦੇ ਦੁੱਖਾਂ ਤੋਂ ਬਚਾਉਣ ਦੀ ਵੀ ਅਥਾਹ ਕੋਸ਼ਿਸ਼ ਕੀਤੀ ਹੈ। ਹਿਪੋਰਕੇਟਸ, ਚਰਕ, ਸੁਸਰਤ, ਹਨੇਮਨ, ਪਾਸਚਰ, ਅਲੈਂਗਜੇਂਡਰ ਫਲੇਮਿੰਗ, ਮੈਡਮ ਕਿਊਰੀ, ਰੋਬਰਟ ਕੌਕ, ਫਲੋਰੈਂਸ ਨਾਈਟਿੰਗੇਲ, ਨਾਰਮਾਨ ਬੈਥਿਊਨ ਤੇ ਹੋਰ ਮਹਾਨ ਸਖਸ਼ੀਅਤਾਂ ਦੇ ਯੋਗਦਾਨ ਨੂੰ ਕੀ ਅਸੀਂ ਕਦੇ ਭੁੱਲ ਸਕਦੇ ਹਾਂ? ਇਨ੍ਹਾਂ ਮਹਾਨ ਸਖਸ਼ੀਅਤਾਂ ਨੇ ਤਾਂ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਵਾਰਿਸ ਉਨ੍ਹਾਂ ਦੀ ਮਿਹਨਤ ਨਾਲ ਨਿਕਲੀਆਂ ਕਾਂਢਾਂ ਵਾਲੀ ਹਰ ਚੀਜ਼ ਦਾ ਵਪਾਰੀਕਰਨ ਕਰਕੇ ਸਿਰਫ ਪੈਸੇ ਹੀ ਕਮਾਉਣਗੇ? ਅਸੀਂ ਅੱਜ ਜੋ ਮੈਡੀਕਲ ਵਿਗਿਆਨ ਦੀ ਚੜ੍ਹਤ ਵੇਖਦੇ ਹਾਂ ਉਸ ਲਈ ਅਨੇਕਾਂ ਜ਼ਿੰਦਗੀਆਂ ਦਾਅ 'ਤੇ ਲੱਗੀਆਂ ਹੋਣਗੀਆਂ। ਮੈਡੀਕਲ ਕਾਲਜਾਂ 'ਚ ਜਿਨ੍ਹਾਂ ਨੇ ਦਾਖਲਾ ਲਿਆ ਉੱਥੇ ਲੱਗੀ ਪੂੰਜੀ ਨੂੰ ਸਰਕਾਰ ਨੇ ਲੋਕਾਂ 'ਤੇ ਭਾਰੀ ਟੈਕਸ ਲਾ ਕੇ ਇਕੱਠਾ ਕੀਤਾ ਹੋਵੇਗਾ ਜਦ ਕਿ ਗਰੀਬ ਲੋਕ, ਬਿਮਾਰੀਆਂ, ਭੁੱਖਮਰੀ, ਹੜ, ਸੋਕੇ, ਕੁਪੋਸ਼ਣ ਤੇ ਭੂਚਾਲ ਵਰਗੀਆਂ ਤਰਾਸਦੀਆਂ 'ਚ ਜਿਊਂ ਰਹੇ ਹਨ। ਸਮਾਜਕ ਫਰਜ਼, ਨੈਤਿਕ ਜ਼ਿੰਮੇਵਾਰੀ ਤੇ ਸਹੀ ਡਿਊਟੀ ਦੀ ਭਾਵਨਾ ਦੀ ਅੱਜਕੱਲ ਬੇਹੱਦ ਕਮੀ ਹੈ। ਮੌਜੂਦਾ ਹਾਕਮਾਂ ਦੀ ਇਹ ਪਹੁੰਚ ਕਿ "ਡਾਕਟਰ ਸੇਵਾ ਦੇਣ ਵਾਲੇ" ਤੇ "ਮਰੀਜ਼ ਲੈਣ ਵਾਲੇ" ਹਨ, ਸਿਹਤ ਇਕ "ਬਜ਼ਾਰੀ ਵਸਤੂ" ਹੈ ਨਾ ਕਿ ਨਾਗਰਿਕ ਦਾ ਬੁਨਿਆਦੀ ਅਧਿਕਾਰ। ਵਿਅਕਤੀਗਤ ਡਾਕਟਰ ਤੇ ਕਾਰਪੋਰੇਟ ਸੈਕਟਰ ਨੂੰ ਬਿਮਾਰ ਮਨੁੱਖਾਂ ਨੂੰ ਸਿਹਤ ਸੇਵਾਵਾਂ ਵੇਚਣ ਲਈ ਸਰਕਾਰ ਦੀ ਪਹੁੰਚ ਉਤਸ਼ਾਹਿਤ ਕਰਦੀ ਹੈ। ਜੇ ਖਰੀਦੀਆਂ ਗਈਆਂ ਸਿਹਤ ਸੇਵਾਵਾਂ ਤੋਂ ਲੋਕ ਖੁਸ਼ ਨਾ ਹੋਣ ਤੇ ਕੋਈ ਲੜਾਈ ਝਗੜਾ ਹੋ ਜਾਵੇ ਤਾਂ ਸਰਕਾਰ ਲੋਕਾਂ ਨੂੰ ਇਨਸਾਫ ਲਈ ਖਪਤਕਾਰ ਅਦਾਲਤਾਂ ਵੱਲ ਧੱਕਦੀ ਹੈ। ਉਕਤ ਕਾਰਨ ਹਨ ਮੈਡੀਕਲ ਸਦਾਚਾਰ (ਨੈਤਿਕਤਾ) 'ਚ ਆਈ ਭਾਰੀ ਗਿਰਾਵਟ ਦੇ ਸਾਡੇ ਡਾਕਟਰ 'ਚੋਂ ਵੀ ਬਹੁਤ ਇਹ ਜਾਣਨ ਦਾ ਕਸ਼ਟ ਨਹੀਂ ਕਰਦੇ ਕਿ ਡਾਕਟਰੀ ਸਦਾਚਾਰ ਹੈ ਕੀ? ਇਹ ਵਿਕਸਿਤ ਕਿਵੇਂ ਹੋਇਆ ਅਤੇ ਅੱਜਕੱਲ ਸੰਕਟ 'ਚ ਕਿਵੇਂ ਹੈ? ਅਸੀਂ ਇਹ ਵੀ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਇਹ ਸਮਾਜਿਕ ਸਦਾਚਾਰ, ਨੈਤਿਕਤਾ ਤੇ ਕਦਰਾਂ ਕੀਮਤਾਂ ਤੋਂ ਕਿੰਨਾ ਕੁ ਵੱਖਰਾ ਹੈ? ਕੀ ਇਹ ਸਿਰਫ ਖਾਧੀ ਗਈ ਸਹੁੰ ਪ੍ਰਤੀ ਨਿਹਚਾ ਹੈ ਜਾਂ ਫਿਰ ਬਿਮਾਰੀ ਮਨੁੱਖਤਾ ਲਈ ਜ਼ਿੰਮੇਵਾਰੀ ਨਿਭਾਉਣ ਦੀ ਸੁਹਿਰਦਤਾ?

ਡਾਕਟਰੀ ਸਦਾਚਾਰ ਮੈਡੀਕਲ ਵਿਦਿਆਰਥੀਆਂ ਨੂੰ ਸਲੇਬਸ ਅੰਦਰ ਪੜਾਇਆ ਜਾਂਦਾ ਤੇ ਨਾ ਹੀ ਮੈਡੀਕਲ ਅਧਿਆਪਕਾਂ ਵੱਲੋਂ ਇਸ ਨੂੰ ਪ੍ਰਚਾਰਿਆ ਹੀ ਜਾਂਦਾ ਹੈ। ਉਨ੍ਹਾਂ ਨੂੰ ਤਾਂ ਵੱਧ ਤੋਂ ਵੱਧ 'ਕਿਤੇ ਦੇ ਸਹੁੰ' ਹਿਪੋਕੇਟ੍ਰਿਕ ਬਾਰੇ ਹੀ ਪਤਾ ਹੁੰਦਾ ਹੈ। ਜਨੇਵਾ ਦਾ ਐਲਾਨਨਾਮਾ ਜਾਂ ਮੈਡੀਕਲ ਸਦਾਚਾਰ ਦਾ ਕੌਮਾਂਤਰੀ ਕੋਡ ਪਤਾ ਹੁੰਦਾ ਹੈ ਪਰ ਉਨ੍ਹਾਂ ਸਾਹਮਣੇ ਜਿਉਂਦੀ ਜਾਗਦੀ ਕੋਈ ਅਸਲੀ ਮਿਸਾਲ ਨਹੀਂ ਹੁੰਦੀ ਜੋ ਇਸ

ਮੈਡੀਕਲ ਸਦਾਚਾਰ ਦਾ ਝੰਡਾ ਬੁਲੰਦ ਰੱਖਦੀ ਹੋਵੇ। ਇਕ ਦੋਸਤ ਫਿਲਾਸਫਰ ਜਾਂ ਸਮਾਜ ਅੰਦਰ ਰਾਹ ਦਰਸਾਵੇ ਵਜੋਂ ਡਾਕਟਰ ਜ਼ਿੰਮੇ ਇਹ ਜ਼ਿੰਮੇਵਾਰੀ ਆਉਂਦੀ ਹੈ ਕਿ ਤਕਨੀਕੀ ਮੁਹਾਰਤ ਤੋਂ ਇਲਾਵਾ ਡਾਕਟਰ ਦੀ ਨਿੱਜੀ ਤੇ ਸਮਾਜਕ ਜ਼ਿੰਦਗੀ, ਮਨੁੱਖੀ ਸੂਝਬੂਝ ਹੀ ਹੈ ਜੋ ਉਸ ਨੂੰ ਨੋਬੇਲ ਪ੍ਰੋਫੈਸ਼ਨ ਦਾ ਸੱਚਾ-ਸੁੱਚਾ ਦਰਜਾ ਦਿੰਦੀ ਹੈ।

ਮੈਡੀਕਲ ਸਦਾਚਾਰ ਦੀ ਵਿਆਖਿਆ ਜੇ ਕਰਨੀ ਹੋਵੇ ਤਾਂ ਇਹ ਇਕ ਉਹ ਸਵੈ-ਇੱਛਤ ਵਿਹਾਰ ਦਾ ਕੋਡ ਹੈ ਜੋ ਦਫ਼ਤਰੀ ਕਾਨੂੰਨ ਰਾਹੀ ਲਾਗੂ ਬਿੱਲ ਤੋਂ ਇਲਾਵਾ ਹੁੰਦਾ ਹੈ। ਸੰਸਾਰ ਸਿਹਤ ਸੰਸਥਾ ਇਸ ਦੀ ਪਰਿਭਾਸ਼ਾ ਕੁੱਝ ਇਸ ਤਰ੍ਹਾਂ ਪੇਸ਼ ਕਰਦੀ, "ਡਾਕਟਰ ਉਹ ਵਿਅਕਤੀ ਹੈ, ਜਿਸਨੇ ਰੈਗੂਲਰ ਦਾਖਲਾ ਲੈ ਕੇ ਕਿਸੇ ਮੈਡੀਕਲ ਸਕੂਲ (ਜੋ ਮਾਨਤਾ ਪ੍ਰਾਪਤ ਹੋਵੇ) ਤੋਂ ਮੈਡੀਸਨ ਦੇ ਨਿਰਧਾਰਿਤ ਕੋਰਸਾਂ ਦੀ ਪੜ੍ਹਾਈ ਸਫਲਤਾ ਪੂਰਵਕ ਮੁਕੰਮਲ ਕੀਤੀ ਹੋਵੇ ਤੇ ਸਹੀ ਡਿਗਰੀ ਹਾਸਲ ਕਰਕੇ ਮੈਡੀਸਨ ਦੀ ਪ੍ਰੈਕਟਿਸ (ਜਿਸ ਅੰਦਰ ਬਚਾਅ ਦੇ ਉਪਾਅ, ਬਿਮਾਰੀ ਦੀ ਸ਼ਨਾਖਤ, ਇਲਾਜ ਸ਼ਾਮਲ ਹੋਵੇ) ਕਰਨ ਦਾ ਲਾਇਸੰਸ ਮਿਲਿਆ ਹੋਵੇ। ਇਹ ਡਾਕਟਰ ਵਿਅਕਤੀਗਤ ਤੇ ਕਮਿਊਨਿਟੀ ਦੀ ਸਿਹਤ ਨੂੰ ਪ੍ਰਮੋਟ ਕਰਨ ਲਈ ਆਪਣੀ ਅਜ਼ਾਦ ਅਸੈਸਮੈਂਟ ਲਾਉਂਦਾ ਹੋਵੇ।"

ਹਿਪੋਰੇਟਿਕ ਓਥ ਦੀ ਰੋਸ਼ਨੀ 'ਚ ਤਿਆਰ ਜਨੇਵਾ ਐਲਾਨਨਾਮਾ ਹੇਠ ਲਿਖਿਆ ਹੈ:-

**ਮੈਡੀਕਲ ਕਿੱਤੇ 'ਚ ਮੈਂਬਰ ਵਜੋਂ ਦਾਖਲੇ ਸਮੇਂ :**

• ਮੈਂ ਸਹੁੰ ਖਾਂਦਾ ਹਾਂ ਕਿ ਮੈਂ ਆਪਣੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਲਈ ਲਾਵਾਂਗਾ।

• ਮੈਂ ਆਪਣੇ ਅਧਿਆਪਕਾਂ ਨੂੰ ਬਣਦੀ ਇੱਜ਼ਤ-ਮਾਣ ਦਿਆਂਗਾ।

• ਮੈਂ ਆਪਣੇ ਕਿੱਤੇ 'ਚ ਜ਼ਮੀਰ ਤੇ ਸ਼ਾਨ ਨਾਲ ਪ੍ਰੈਕਟਿਸ ਕਰਾਂਗਾ।

• ਮਰੀਜ਼ ਦੀ ਸਿਹਤ ਮੇਰੀ ਪਹਿਲੀ ਤਰਜੀਹ ਹੋਵੇਗੀ।

• ਮੈਂ ਮਰੀਜ਼ ਦੇ ਸਾਰੇ ਭੇਦ ਆਪਣੇ ਕੋਲ ਹੀ ਰੱਖਾਂਗਾ ਭਾਵੇਂ ਮਰੀਜ਼ ਦੀ ਮੌਤ ਹੀ ਕਿਉਂ ਨਾ ਹੋ ਗਈ ਹੋਵੇ।

• ਮੈਂ ਮੈਡੀਕਲ ਕਿੱਤੇ ਦੀ ਇੱਜ਼ਤ ਮਾਣ ਹਰ ਤਰੀਕੇ ਨਾਲ ਬਰਕਰਾਰ ਰੱਖਾਂਗਾ।

• ਮੇਰੇ ਸਾਥੀ ਡਾਕਟਰ ਮੇਰੇ ਭਰਾ ਹੋਣਗੇ।

• ਮੇਰੀ ਡਿਊਟੀ ਤੇ ਮਰੀਜ਼ਾਂ ਵਿਚਾਲੇ ਮੈਂ ਧਰਮ, ਕੌਮ, ਜਾਤ, ਪਾਰਟੀ ਸਿਆਸਤ ਜਾਂ ਸਮਾਜਕ ਰੁਤਬੇ ਨੂੰ ਨਹੀਂ ਆਉਣ ਦਿਆਂਗਾ।

• ਮੈਂ ਸ਼ੁਰੂ ਤੋਂ ਹੀ ਮਨੁੱਖੀ ਜ਼ਿੰਦਗੀ ਦੀ ਇੱਜ਼ਤ ਕਰਾਂਗਾ ਮੈਨੂੰ ਭਾਵੇਂ ਧਮਕੀਆਂ ਹੀ ਕਿਉਂ ਨਾ ਮਿਲਣ। ਮੈਂ ਮਨੁੱਖਤਾ ਦੇ ਕਾਨੂੰਨਾਂ ਤੋਂ ਲਾਂਭੇ ਜਾ ਕੇ ਆਪਣੀ ਡਾਕਟਰ ਸਮਝ ਦੀ ਵਰਤੋਂ ਨਹੀਂ ਕਰਾਂਗਾ।

• ਮੈਂ ਇਹ ਵਾਅਦੇ ਆਪਣੇ ਪੂਰੇ ਮਾਣ ਨਾਲ ਕਰਦਾ ਹਾਂ।

ਜਿਵੇਂ-ਜਿਵੇਂ ਸਾਇੰਸ ਪਦਾਰਥ ਤੇ ਸਮਾਜ ਸਬੰਧੀ ਸੱਚਾਈ ਦੇ ਸਿਧਾਂਤ ਦਾ ਵਿਕਾਸ ਕਰ ਰਹੀ ਹੈ ਇਹ ਹੋਰ ਵੱਧ ਲੋੜੀਂਦੀ ਤੇ ਠੋਸ ਬਣਦੀ ਜਾਂਦੀ ਹੈ। ਇਸ ਲਈ ਮੈਡੀਕਲ ਤੇ ਸਮਾਜਕ ਕਦਰਾਂ ਕੀਮਤਾਂ ਨੂੰ ਦੁਬਾਰਾ ਪ੍ਰਭਾਸ਼ਿਤ ਕਰਨ ਦਾ ਸੁਆਲ ਅਹਿਮ ਹੋ ਜਾਂਦਾ ਹੈ। ਡਾ. ਨਾਰਮਨ ਬੈਥਿਊਨ ਜੋ ਕਿ ਮਹਾਨ ਕੌਮਾਂਤਰੀ ਡਾਕਟਰ

ਹੋਇਆ ਹੈ। ਉਨ੍ਹਾਂ ਨੇ ਕੈਨੇਡਾ ਅੰਦਰ ਤਪਦਿਕ ਖਿਲਾਫ, ਸਪੇਨ ’ਚ ਫਾਸ਼ੀਵਾਦ ਖਿਲਾਫ਼, ਚੀਨ ’ਚ ਸਾਮਰਾਜ ਖਿਲਾਫ਼ ਆਪਣੀ ਜੰਗ ਰਾਹੀਂ ਅਤੇ ਸਮਾਜਵਾਦੀ ਰੂਸ ’ਚ ਆਪਣੇ ਤਜਰਬਿਆਂ ਰਾਹੀਂ ਮੈਡੀਕਲ ਸਦਾਚਾਰ ਨੂੰ ਨਵੀਆਂ ਬੁਲੰਦੀਆਂ ’ਤੇ ਪਹੁੰਚਾਇਆ ਹੈ। ਉਨ੍ਹਾਂ ਕਿਹਾ, “....ਡਾਕਟਰ ਨੇ ਬਿਮਾਰੀ ਦੇ ਸਰੋਤ ਤੱਕ ਪਹੁੰਚ ਕੇ ਡਿਊਟੀ ਕਰਨੀ ਹੁੰਦੀ ਹੈ।” “ਅਸੀਂ ਬਤੌਰ ਡਾਕਟਰ ਭਾਵੇਂ ਬਾਹਰੀ ਵਾਤਾਵਰਣ ਨੂੰ ਤਾਂ ਬਹੁਤ ਤਬਦੀਲ ਨਹੀਂ ਕਰ ਸਕਦੇ ਜਿਸ ਕਾਰਨ ਇਨਫੈਕਸ਼ਨ-ਦਰ-ਇਨਫੈਕਸ਼ਨ ਹੁੰਦੀ ਰਹਿੰਦੀ ਹੈ। ਗਰੀਬੀ, ਮਾੜਾ ਖਾਣਾ, ਦੂਸ਼ਿਤ ਆਲਾ ਦੁਆਲਾ, ਇਲਫੈਕਸ਼ਨ ਦੇ ਸਰੋਤਾਂ ਨਾਲ ਸੰਪਰਕ, ਬੇਲੋੜਾ ਕੰਮ ਦਾ ਭਾਰ, ਮਾਨਸਿਕ ਪ੍ਰੇਸ਼ਾਨੀ ਸਾਡੇ ਕੰਟਰੋਲ ਵਿਚ ਨਹੀਂ। ਸਮਾਜ ਸਾਸ਼ਤਰੀਆਂ ਦੀਆਂ ਸਮੱਸਿਆਵਾਂ ਹਨ।”

“ਮੈਡੀਸਨ ਨੂੰ ਸਮਾਜਕ ਢਾਂਚੇ ਦਾ ਅੰਗ ਮੰਨਿਆ ਜਾਣਾ ਚਾਹੀਦਾ ਹੈ। ਇਹ ਇਕ ਸਮੇਂ ਮੌਜੂਦ ਸਮਾਜਕ ਵਾਤਾਵਰਣ ਦੀ ਦੇਣ ਹੈ। ਮੈਡੀਸਨ ਉਹ ਨਿੱਜੀ ਸਨਅਤ ਹੈ ਜੋ ਵਿਅਕਤੀਗਤ ਤੇ ਢਿੱਲੀ ਢਾਲੀ ਜਥੇਬੰਦ ਹੈ। ਇਸ ਅੰਦਰ ਸਰਮਾਏਦਾਰਾਂ ਨਿਜ਼ਾਮ ਨਿੱਜੀ ਮੁਨਾਫੇ ’ਤੇ ਅਧਾਰਤ ਇਕ ਅਜ਼ਾਰੇਦਾਰੀ ਵਜੋਂ ਕੰਮ ਕਰਦਾ ਹੈ।” ਲੋਕਾਂ ਦੀ ਸਿਹਤ ਦੀ ਰਾਖੀ ਸਰਕਾਰ ਦਾ ਬੁਨਿਆਦੀ ਫਰਜ਼ ਹੈ ਜੋ ਇਸ ਦਾ ਸ਼ਹਿਰੀਆਂ ਪ੍ਰਤੀ ਫਰਜ਼ ਬਣਦਾ ਹੈ।

ਆਓ ਆਪਾਂ ਡਾਕਟਰੀ ਸਦਾਚਾਰ (Medical Ethics) ਨੂੰ ਮੁੜ ਪ੍ਰਭਾਸ਼ਿਤ ਕਰੀਏ। ਇਸ ਦਾ ਮਤਲਬ ਸਿਰਫ ਡਾਕਟਰਾਂ ਦਰਮਿਆਨ ਕਿੱਤੇ ਦਾ ਇਕ ਕੋਡ ਹੀ ਨਹੀਂ ਹੋਣਾ ਚਾਹੀਦਾ ਬਲਕਿ ਇਸਦਾ ਮਤਲਬ ਡਾਕਟਰਾਂ ਤੇ ਲੋਕਾਂ ਦਰਮਿਆਨ ਬੁਨਿਆਦੀ ਨਿਆਂ ਤੇ ਨੈਤਿਕਤਾ ਹੋਣੀ ਚਾਹੀਦੈ। ਸਾਨੂੰ ਆਪਣੇ ਸਮੇਂ ਦੀਆਂ ਗੰਭੀਰ ਸਮੱਸਿਆਵਾਂ ’ਤੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ। ਡਾਕਟਰ ਤੇ ਦਵਾਈਆਂ ਦਾ ਹਕੂਮਤ ਨਾਲ ਸਬੰਧ ਕੀ ਹੈ? ਲੋਕਾਂ ਪ੍ਰਤੀ ਡਾਕਟਰਾਂ ਦੇ ਫਰਜ਼ ਕੀ ਹਨ? ਜਿੱਥੇ ਅਸੀਂ ਰਹਿੰਦੇ ਹਾਂ ਉਥੋਂ ਦਾ ਅਰਥਚਾਰਾ ਤੇ ਸਮਾਜਕ ਬਣਤਰ ਕਿਸ ਤਰ੍ਹਾਂ ਦੀ ਹੈ। ਵੇਖਿਆ ਜਾਵੇ ਤਾਂ ਸਾਡੀਆਂ ਸਮੱਸਿਆਵਾਂ ਦਾ ਮੁੱਖ ਅਧਾਰ ਸਿਰਫ ਵਿਗਿਆਨਕ ਤੇ ਤਕਨੀਕੀ ਨਹੀਂ ਹੈ ਬਲਕਿ ਇਹ ਆਧਾਰ ਆਰਥਕ ਅਤੇ ਸਮਾਜਕ ਹੈ। ਸਾਰੇ ਦਾ ਸਾਰਾ ਮੈਡੀਕਲ ਕਿੱਤਾ ਮੁੜ ਜਥੇਬੰਦ ਕੀਤਾ ਜਾਣਾ ਚਾਹੀਦੈ। ਇਸ ਤੋਂ ਇਲਾਵਾ ਇਹ ਇਕਜੁੱਟ ਵੀ ਹੋਣਾ ਚਾਹੀਦੈ। ਜਿਸ ਅੰਦਰ ਡਾਕਟਰਾਂ, ਡੈਂਟਿਸਟਾਂ, ਨਰਸਾਂ, ਤਕਨੀਸ਼ੀਅਨਾ ਤੇ ਸਮਾਜਕ ਸੇਵਕਾਂ ਦੀ ਸਮੂਲੀਅਤ ਹੋਵੇ ਤਾਂ ਕਿ ਬਿਮਾਰੀ ਉੱਪਰ ਸਾਂਝਾ ਹਮਲਾ ਕੀਤਾ ਜਾ ਸਕੇ। ਇਸ ਟੀਮ ਦੇ ਸਾਰੇ ਮੈਂਬਰਾਂ ਦੀ ਮੌਜੂਦਾ ਵਿਗਿਆਨ ਗਿਆਨ ਇਸ ਕੰਮ ਲਈ ਵਰਤਿਆ ਜਾਵੇ। ਡਾਕਟਰਾਂ ਨੂੰ ਲੋਕਾਂ ਵੱਲ ਇਹ ਕਹਿੰਦਿਆਂ ਸਮਰਪਤ ਹੋਣਾ ਚਾਹੀਦੈ ਕਿ “ਅਸੀਂ ਤੁਹਾਡੀ ਸੇਵਾ ਕਿਸ ਤਰ੍ਹਾਂ ਵਧੀਆ ਕਰ ਸਕਦੇ ਹਾਂ?” ਜਿਸ ਤਰ੍ਹਾਂ ਸਕੂਲ, ਅਦਾਲਤਾਂ, ਨੇਵੀ, ਫੌਜ ਤੇ ਡਾਕਖਾਨੇ ਸਰਕਾਰ ਦੀ ਜਾਇਦਾਦ ਹਨ ਇਸ ਤਰ੍ਹਾਂ ਸਿਹਤ ਸੁਰੱਖਿਆ ਵੀ ਸਰਕਾਰ ਦੀ ਜਾਇਦਾਦ ਹੈ। ਇਹ ਜਨਤਕ ਫੰਡ ਰਾਹੀਂ ਮਦਦ ਹਾਸਲ ਕਰਦੀ ਹੈ।

ਸਭ ਨੂੰ ਸਿਹਤ ਸੁਰੱਖਿਆ ਲੋੜ ਮੁਤਾਬਿਕ ਮਿਲਣੀ ਚਾਹੀਦੀ ਹੈ ਨਾ ਕਿ ਉਸ ਦੀ ਆਰਥਕ ਹੈਸੀਅਤ ਮੁਤਾਬਿਕ। ਸਿਹਤ ਕਾਮਿਆਂ ਨੂੰ ਲੋੜੀਂਦੀ ਤਨਖਾਹ, ਪੈਨਸ਼ਨਾਂ ਸਰਕਾਰ ਵੱਲੋਂ ਮਿਲਣੀਆਂ ਯਕੀਨੀ ਹੋਣ। ਸਿਹਤ ਕਾਮਿਆਂ ਦੀ ਆਪਣੀ

ਹੀ ਜਮਹੂਰੀ ਸਰਕਾਰ ਹੋਣੀ ਚਾਹੀਦੀ ਹੈ। ਸਰਕਾਰ ਜੋ ਮੈਡੀਕਲ ਸੁਧਾਰ ਕਰ ਰਹੀ ਹੈ (ਜਿਵੇਂ ਕਿ ਸਿਹਤ ਬੀਮੇ) ਇਹ ਲੋਕ ਹਿਤੈਸ਼ੀ ਨਹੀਂ ਹੈ।

ਅੱਜ ਡਾਕਟਰੀ ਅੰਦਰ ਵੀ ਦੋ ਰੁਝਾਣ ਆਪਸ 'ਚ ਟਕਰਾ ਰਹੇ ਹਨ। ਇਕ ਹੈ ਨਿੱਜੀ ਜਾਇਦਾਦ, ਨਿੱਜੀ ਹਿੱਤਾਂ ਤੇ ਮੁਨਾਫ਼ਾ ਅਧਾਰਤ, ਸਿਹਤ 'ਤੇ ਅਜ਼ਾਰੇਦਾਰੀ। ਦੂਜਾ ਹੈ ਡਾਕਟਰੀ ਦੀ ਪੁਜੀਸ਼ਨ ਨਾਲੋਂ ਵੱਧ ਹੈ ਡਾਕਟਰੀ ਦਾ ਕੰਮ। ਲੋਕਾਂ ਦੀ ਸਿਹਤ ਦੀ ਰਾਖੀ ਸਾਡਾ ਬੁਨਿਆਦੀ ਫਰਜ਼ ਹੈ। ਸਾਨੂੰ ਨਿੱਜੀ ਸਮਾਜਕ ਸੁੱਖ ਸਹੂਲਤਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ। ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਵਿਰੁੱਧ ਲੜਦਿਆਂ ਡਾਕਟਰ ਨੂੰ ਮੈਡਮ ਕਿਊਰੀ ਦੇ ਕਦਮ ਚਿੰਨ੍ਹਾਂ 'ਤੇ ਚੱਲਣਾ ਚਾਹੀਦੈ। ਫ੍ਰੈਡਰਿਕ ਗਰਾਂਟ ਬੰਤਿੰਗ ਨੇ ਸ਼ੂਗਰ ਦੀ ਬੀਮਾਰੀ ਵਿਰੁੱਧ ਲੜਾਈ ਕੀਤੀ ਤੇ ਇਨਸੂਲਿਨ ਦਾ ਪੇਟੈਂਟ ਕੈਨੇਡਾ ਸਰਕਾਰ ਨੂੰ ਦਿੱਤਾ। ਫਲੋਰੈਂਸ ਨਾਈਟਰਗੇਲ ਦੇ ਵਾਂਗੂੰ ਲੋਕਾਂ ਦੇ ਦੁੱਖਾਂ ਵਾਲੀ ਨਬਜ਼ ਤੇ ਹੱਥ ਰੱਖਦਿਆਂ ਅਧੁਨਿਕ ਨਰਸਿੰਗ ਕਿੱਤੇ 'ਚ ਸਦਾਚਾਰ ਲਾਗੂ ਕਰਦਿਆਂ ਸਫ਼ਾਈ ਪ੍ਰਬੰਧ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ। ਨਾਰਮਨ ਬੈਥਿਊਨ ਦੇ ਸੰਘਰਸ਼ 'ਚ ਡਾਕਟਰਾਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਡਾਕਟਰਾਂ, ਨਰਸਾਂ, ਵਿਦਿਆਰਥੀਆਂ ਤੇ ਦੂਜੇ ਸਿਹਤ ਕਾਮਿਆਂ ਨੂੰ ਆਪਣੀ ਸਮਾਜਕ ਡਿਊਟੀ ਅਦਾ ਕਰਨੀ ਚਾਹੀਦੀ ਹੈ।

ਅੱਜ ਜੋ ਅਸੀਂ ਸੰਸਾਰ ਪੱਧਰ 'ਤੇ ਵੇਖਦੇ ਹਾਂ ਉਸ ਪ੍ਰਤੀ ਸਾਡਾ ਗੰਭੀਰ ਸਰੋਕਾਰ ਹੋਣਾ ਚਾਹੀਦਾ ਹੈ। ਹੀਰੋਸ਼ੀਮਾ ਤਰਾਸਦੀ ਨਾਲ ਨਿਊਕਲੀਅਰ ਅਧਿਆਇ ਤੋਂ ਪਰਦਾ ਉੱਠਿਆ। ਅੱਜ ਦੁਨੀਆਂ 'ਚ ਹਥਿਆਰਾਂ ਦੀ ਦੌੜ ਲੱਗੀ ਹੋਈ ਹੈ। ਰਸਾਇਣਕ ਤੇ ਜੀਵਾਣੂ ਹਥਿਆਰ (ਅਮਰੀਕੀ ਸਾਮਰਾਜ ਵੱਲੋਂ ਵਿਕਸਿਤ) ਨੇ ਮਹਾਂ ਵਿਨਾਸ਼ ਕੀਤਾ ਹੈ ਅਤੇ ਕਈ ਪੁਸ਼ਤਾਂ ਵਾਸਤੇ ਵਿਅਤਨਾਮ ਤੋਂ ਇਰਾਕ ਤੱਕ ਸਿਹਤ ਦੇ ਖਤਰੇ ਖੜ੍ਹੇ ਕੀਤੇ ਹਨ। ਗਾਜਾ ਪੱਟੀ ਵਿਖੇ ਪਿੱਛੇ ਜਿਹੇ ਹੀ ਇਜ਼ਰਾਇਲੀ ਹਮਲਾ ਹੋਇਆ, ਅਮਰੀਕੀ ਸਾਮਰਾਜ ਦੀ ਸ਼ਹਿ 'ਤੇ ਬੰਬਾਰੀ ਕੀਤੀ ਗਈ। ਉੱਥੇ ਹਜ਼ਾਰਾਂ ਬੇਕਸੂਰ ਮਾਰੇ ਗਏ। ਜੰਗਬਾਜ਼ਾਂ ਨੇ ਹਸਪਤਾਲਾਂ, ਮੈਡੀਕਲ ਸਟੋਰਾਂ ਤੇ ਮੈਡੀਕਲ ਸਪਲਾਈ ਨੂੰ ਵੀ ਨਹੀਂ ਬਖਸ਼ਿਆ। ਮੌਜੂਦਾ ਆਰਥਕ ਮੰਦੀ ਦੇ ਮੱਦੇ ਨਜ਼ਰ, ਹਰ ਦੇਸ਼ 'ਚ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਫੌਜੀਕਰਨ ਨੂੰ ਹਥਿਆਰ ਵਜੋਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਹਥਿਆਰਾਂ ਦਾ ਸਭ ਤੋਂ ਵੱਡਾ ਵਿਕ੍ਰੇਤਾ ਅਮਰੀਕਾ ਹੈ। ਹਥਿਆਰਾਂ ਨੂੰ ਖਰੀਦ ਕੇ ਅੱਗੇ ਤੀਜੀ ਦੁਨੀਆਂ ਦੇ ਦੂਜੇ ਦੇਸ਼ਾਂ ਨੂੰ ਸਪਲਾਈ ਕਰਨ ਵਾਲਾ ਦੇਸ਼ ਭਾਰਤ ਹੈ। ਕੀ ਸਾਨੂੰ ਮੂਕ ਦਰਸ਼ਕ ਬਣੇ ਰਹਿਣਾ ਚਾਹੀਦਾ ਹੈ? ਨੰਦੀਗ੍ਰਾਮ ਦੀ ਲੋਕ ਲਹਿਰ ਦੌਰਾਨ ਜ਼ਖਮੀ, ਬਲਾਤਕਾਰ ਦਾ ਸ਼ਿਕਾਰ ਤੇ ਮਾਰੇ ਗਏ ਲੋਕਾਂ ਪ੍ਰਤੀ ਡਾਕਟਰਾਂ ਨੇ ਕਿਹੜਾ ਡਾਕਟਰੀ ਸਦਾਚਾਰ ਵਰਤਿਆ? ਸਾਨੂੰ ਇਹ ਵੇਖਣਾ ਚਾਹੀਦਾ ਹੈ। ਨਿੱਜੀ ਹਸਪਤਾਲਾਂ, ਨਰਸਿੰਗ ਹੋਮਾਂ ਤੇ ਸਿਹਤ ਕੇਂਦਰਾਂ 'ਚ ਸਾਡੇ ਡਾਕਟਰ ਕਿਹੜਾ ਡਾਕਟਰੀ ਸਦਾਚਾਰ ਅਪਣਾ ਰਹੇ ਹਨ। ਅੱਜਕੱਲ੍ਹ ਪੈਸੇ ਪਿੱਛੇ ਡਾਕਟਰੀ ਸਦਾਚਾਰ ਵੇਚਿਆ ਜਾ ਰਿਹਾ ਹੈ। ਡੋਨੇਸ਼ਨ ਫੀਸ ਦੇ ਕੇ ਦਾਖਲਾ ਲੈਣ ਵਾਲਾ ਵਿਦਿਆਰਥੀ ਦਾ ਡਾਕਟਰੀ ਸਦਾਚਾਰ ਕੀ ਹੋਣੈ? ਉਹ ਤਾਂ ਕੋਰਸ ਪਾਸ ਕਰਦਿਆਂ ਹੀ ਪੈਸਾ ਇਕੱਠਾ ਕਰਨ 'ਚ ਜੁੱਟ ਜਾਵੇਗਾ ਤੇ ਉਹਦੀ ਕੋਈ ਸਮਾਜਕ ਜ਼ਿੰਮੇਵਾਰੀ ਨਹੀਂ ਹੋਣੀ। ਡਾਕਟਰੀ ਸਦਾਚਾਰ ਕੋਈ ਵੱਖਰਾ ਨਹੀਂ ਹੁੰਦਾ ਬਲਕਿ ਇਹ ਤਾਂ ਸਮਾਜਕ ਸਦਾਚਾਰ ਦਾ ਹੀ ਇੱਕ ਹਿੱਸਾ

ਹੁੰਦਾ ਹੈ। ਇਹ ਸਦਾਚਾਰ ਸਿਰਫ ਡਾਕਟਰਾਂ 'ਤੇ ਨਹੀਂ ਬਲਕਿ ਉਨ੍ਹਾਂ ਸਾਰਿਆਂ 'ਤੇ ਲਾਗੂ ਹੁੰਦਾ ਹੈ ਜੋ ਸਿਹਤ ਪ੍ਰਬੰਧ 'ਚ ਸਰਗਰਮੀ ਨਾਲ ਕੰਮ ਕਰਦੇ ਹਨ। ਸਾਮਰਾਜੀਆਂ ਤੇ ਉਨ੍ਹਾਂ ਦੇ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਵੱਲੋਂ ਜਿਸ ਬਿਮਾਰ ਸਮਾਜ 'ਤੇ ਹਕੂਮਤ ਕੀਤੀ ਜਾ ਰਹੀ ਹੈ ਉੱਥੇ ਹਰ ਰੱਜਿਆ ਪੁੱਜਿਆ ਬੰਦਾ ਵੱਧ ਤੋਂ ਵੱਧ ਨਾਂ ਸ਼ੋਹਰਤ ਤੇ ਪੈਸਾ ਕਮਾਉਣ ਦੀ ਅੰਨ੍ਹੀ ਦੌੜ 'ਚ ਸ਼ਾਮਲ ਹੈ। ਨਿੱਜੀ ਹਿੱਤਾਂ 'ਤੇ ਕੇਂਦਰਿਤ ਮਹੌਲ ਅੰਦਰ ਮਨੁੱਖੀ ਨੈਤਿਕਤਾ ਤੇ ਕਦਰਾਂ ਕੀਮਤਾਂ ਦਾ ਭਾਰੀ ਸੰਕਟ ਆਇਆ ਹੋਇਆ ਹੈ। ਸਮਾਜਕ ਸਦਾਚਾਰ ਦਾ ਹਿੱਸਾ ਹੋਣ ਕਰਕੇ ਡਾਕਟਰੀ ਸਦਾਚਾਰ ਵੀ ਗੰਭੀਰ ਸੰਕਟ ਵਿਚ ਹੈ। ਪਰ ਇਹ ਵੀ ਇਕ ਤੱਥ ਹੈ ਕਿ ਅਜਿਹੇ ਡਾਕਟਰ ਤੇ ਸਿਹਤ ਕਾਮੇ ਵੀ ਹਨ ਜੋ ਭਾਰੀ ਮੁਸ਼ਕਲਾਂ, ਔਕੜਾਂ ਤੇ ਦਬਾਅ ਦੇ ਬਾਵਜੂਦ ਗਲਤ ਰੁਝਾਣਾਂ ਤੇ ਮਾੜੀ ਪ੍ਰੈਕਟਿਸ ਤੋਂ ਬਚ ਕੇ ਸਿਹਤ ਕਿੱਤੇ ਦਾ ਸਿਰ ਉੱਚਾ ਰੱਖ ਰਹੇ ਹਨ। ਇਕ ਡਾਕਟਰ ਜੋ ਬੀਤੇ ਸਮੇਂ 'ਚ ਇਕ ਦੋਸਤ, ਫਿਲਾਸਫਰ ਤੇ ਨਿਰਦੇਸ਼ਕ ਵਜੋਂ ਜਾਣਿਆ ਗਿਆ ਅੱਜ ਉਹ ਮੁਸ਼ਕਲ ਲੱਗਦਾ ਹੈ। ਬਜ਼ਾਰ 'ਤੇ ਅਧਾਰਤ ਸਰਮਾਏਦਾਰਾ ਸਮਾਜਕ ਪ੍ਰਬੰਧ ਨੇ ਡਾਕਟਰੀ ਇਲਾਜ ਨੂੰ ਇਕ ਵਿਕਣ ਯੋਗ ਵਸਤੂ ਬਣਾ ਦਿੱਤਾ ਹੈ। ਖਪਤਕਾਰ ਸੁਰੱਖਿਆ ਕਾਨੂੰਨ ਨੇ ਡਾਕਟਰ ਤੇ ਮਰੀਜ਼ ਦੇ ਰਿਸ਼ਤੇ ਨੂੰ ਵਿਕ੍ਰੇਤਾ ਤੇ ਖਰੀਦਦਾਰ ਵਾਲੇ ਆਪਸੀ ਸਬੰਧ 'ਤੇ ਮੋਹਰ ਲਾ ਦਿੱਤੀ ਹੈ। ਮੈਡੀਕਲ ਕਾਮੇ ਕਮਿਸ਼ਨ ਲੈਣਾ ਆਪਣਾ ਹੱਕ ਸਮਝਦੇ ਹਨ ਨਾ ਕਿ ਕਾਨੂੰਨੀ ਉਲੰਘਣਾ। ਮਰੀਜ਼ ਦੀ ਜ਼ਿੰਦਗੀ ਜਾਂ ਅਧਿਕਾਰ ਅੱਜ ਕੱਲ ਦਾ ਮੈਡੀਕਲ ਸਦਾਚਾਰ ਨਹੀਂ ਹੈ ਬਲਕਿ ਪ੍ਰਾਈਵੇਟ ਅਦਾਰਿਆਂ ਦੇ ਹਿੱਤਾਂ ਤੇ, ਸਰਕਾਰੀ ਪ੍ਰਬੰਧ ਦੇ ਹਿੱਤਾਂ ਦੀ ਰਾਖੀ ਹੀ ਉਨ੍ਹਾਂ ਦਾ ਡਾਕਟਰੀ ਸਦਾਚਾਰ ਹੈ। ਸਰਕਾਰ ਦੀਆ ਸਾਰੀਆਂ ਪਾਲਸੀਆਂ (NHP, PPP, NRHM, NUHM, NKC, WB, MSC, Ltd) ਸੰਸਾਰ ਬੈਂਕ, ਆਈ. ਐਮ. ਐਫ. ਡਬਲਯੂ ਟੀ. ਓ. ਗੈਟ ਆਦਿ ਅਨੁਸਾਰ ਘੜੀਆਂ ਗਈਆਂ ਹਨ। ਜਿਸ ਨਾਲ ਸਿਹਤ ਖੇਤਰ ਦਾ ਨਿੱਜੀਕਰਨ ਤੇ ਵਪਾਰੀਕਰਨ ਹੋ ਰਿਹਾ ਹੈ। ਬੀਮਾਰੀ ਦੇ ਸਰੋਤ ਲੱਭੇ ਬਗੈਰ, ਸਿਹਤ ਤੇ ਸਿੱਖਿਆ ਨੂੰ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕ ਵਜੋਂ ਚੇਤੰਨ ਕੀਤੇ ਬਿਨਾਂ ਅਤੇ ਵਪਾਰੀਕਰਨ ਤੇ ਨਿੱਜੀਕਰਨ ਵਿਰੁੱਧ ਸਾਂਝੀ ਲੜਾਈ ਬਿਨਾਂ ਡਾਕਟਰੀ ਸਦਾਚਾਰ ਨੂੰ ਬਰਕਰਾਰ ਰੱਖਣਾ ਅਸੰਭਵ ਹੈ। ਡਾਕਟਰੀ ਸਦਾਚਾਰ ਦੀ ਰਾਖੀ ਲਈ ਸਾਨੂੰ ਇਕੱਠੇ ਹੋ ਕੇ ਲੋਕਾਂ ਦੀ ਸਿਹਤ ਰਾਖੀ ਵਾਸਤੇ ਲੜਨਾ ਚਾਹੀਦਾ ਹੈ।

ਅੱਜ ਨਿੱਜੀਕਰਨ ਤੇ ਵਪਾਰੀਕਰਨ ਦੀ ਸਮੱਸਿਆ ਸੰਸਾਰ ਪੱਧਰ ਦੀ ਹੈ। ਕਿੱਤੇ 'ਚ ਜਿੱਥੇ ਵੀ ਕੋਈ ਕੰਮ ਕਰਦਾ ਹੈ ਉਸ ਦੀ ਇਹ ਨੈਤਿਕ ਡਿਊਟੀ ਹੈ ਕਿ ਉਹ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਲੋਕ ਵਿਰੋਧੀ ਨੀਤੀਆਂ ਵਿਰੁੱਧ ਲੜਦੇ ਹੋਇਆਂ ਜਨਤਕ ਸਿਹਤ ਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਰਾਖੀ ਕਰੇ। ਇਸ ਅੰਦਰ ਹੀ ਡਾਕਟਰੀ ਸਦਾਚਾਰ ਦਾ ਤੱਤ ਹੈ ਤੇ ਸਾਡੇ ਪੁਰਖਿਆਂ ਵੱਲੋਂ ਸਥਾਪਤ ਕੀਤੀਆਂ ਕਦਰਾਂ ਕੀਮਤਾਂ ਦੇ ਝੰਡੇ ਨੂੰ ਬੁਲੰਦ ਰੱਖਣ ਦਾ ਫਰਜ਼ ਹੈ।

# ਸਾਮਰਾਜੀ ਪੈਂਤਰੇਬਾਜ਼ੀ ਹੈ ਓਬਾਮਾ ਦੀ ਇਰਾਨ ਪ੍ਰਤੀ ਦੋਸਤੀ

ਇਰਾਨੀ ਨਵੇਂ ਸਾਲ ਨੌਰੋਜ਼ ਦੇ ਖੁਸ਼ਨੁਮਾ ਮਾਹੌਲ 'ਚ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਇਰਾਨ ਵੱਲ ਦੋਸਤੀ ਦਾ ਹੱਥ ਵਧਾਉਂਦਿਆਂ ਅੱਛੇ ਰਿਸ਼ਤੇ ਕਾਇਮ ਕਰਨ ਦਾ ਸੰਦੇਸ਼ ਦਿੱਤਾ ਹੈ। ਹੁਣ ਤੱਕ ਇਰਾਨ ਨੂੰ ਸ਼ੈਤਾਨ ਦਾ ਦਰਜਾ ਦਿੰਦੇ ਹੋਇਆ ਯੁੱਧ ਦੀਆਂ ਧਮਕੀਆਂ ਦੇਣ ਵਾਲੇ ਅਮਰੀਕੀ ਸਾਮਰਾਜ ਨੇ ਇਸ ਸ਼ਾਂਤੀ ਤੇ ਦੋਸਤਾਨਾ ਪੈਗਾਮ ਦੀ ਹਕੀਕਤ ਨੂੰ ਸਮਝਣਾ ਜ਼ਰੂਰੀ ਹੈ। ਕੀ ਇਹ ਚੌਂਕਾ ਦੇਣ ਵਾਲੀ ਗੱਲ ਨਹੀਂ ਹੈ ਕਿ ਹਕੂਮਤੀ ਲੁੱਟ ਘਸੁੱਟ ਦਾ ਸਾਮਰਾਜੀ ਚਿਹਰਾ ਓਬਾਮਾ ਨੇ ਜਾਦੂਈ ਕ੍ਰਿਸ਼ਮਾ ਕਰਦੇ ਹੋਇਆ ਮਾਨਵੀ ਬਣਾਉਣਾ ਸ਼ੁਰੂ ਕਰ ਦਿੱਤਾ ਹੈ? ਸਾਮਰਾਜ ਦੇ ਅਸਲੀ ਚਿਹਰੇ ਨੂੰ ਸਮਝਣ ਵਾਲੇ ਸਭ ਰਾਜਸੀ ਨੇਤਾ ਮੰਨਦੇ ਹਨ ਕਿ ਇਹ ਅਮਰੀਕੀ ਸਾਮਰਾਜਵਾਦ ਦਾ ਇਕ ਐਸਾ ਘਸਿਆ ਪਿਟਿਆ ਦਾਅ ਹੈ, ਜਿਸ ਦੀਆਂ ਚਾਲ ਬਾਜ਼ੀਆਂ ਦੇ ਜਾਲ 'ਚ ਕੋਈ ਫਸਣ ਵਾਲਾ ਨਹੀਂ ਹੈ। ਇਸ ਦਾਅ-ਪੇਚ ਨੂੰ ਕਈ ਸਾਲਾਂ ਦੇ ਅਨੁਭਵ ਨਾਲ ਸਮਝਣ ਵਾਲੇ ਇਰਾਨ ਦੇ ਚੋਟੀ ਦੇ ਨੇਤਾ ਆਇਤੁਲਾ ਖੁਮੈਨੀ ਨੇ ਸਿਰਫ ਇਕ ਛਲਾਵਾਂ ਦੱਸਿਆ ਹੈ। ਇਹਨਾਂ ਦਾ ਮੰਨਣਾ ਹੈ ਕਿ ਅਮਰੀਕੀ ਸਾਮਰਾਜਵਾਦ ਦੀਆਂ ਨੀਤੀਆਂ ਵਿਚ ਓਬਾਮਾ ਦੇ ਰਾਸ਼ਟਰਪਤੀ ਬਨਣ 'ਤੇ ਕੋਈ ਤਬਦੀਲੀ ਨਹੀਂ ਆਈ ਹੈ। ਇਹ ਸੰਦੇਸ਼ ਉਹਨਾਂ ਦੀਆਂ ਆਪਣੀਆਂ ਮਜ਼ਬੂਰੀਆਂ ਕਾਰਨ ਦਿੱਤਾ ਗਿਆ ਹੈ ਅਤੇ ਸਿਰਫ ਇਕ ਧੋਖਾ ਹੈ। ਬਿਲਕਲਿੰਟਨ ਸਮੇਂ ਤੋਂ ਹੀ ਅਮਰੀਕਾ ਐਲਾਨ ਕਰਦਾ ਰਿਹਾ ਹੈ ਕਿ ਇਰਾਨ ਇਕ ਸ਼ੈਤਾਨ ਅੱਤਵਾਦੀ ਦੇਸ਼ ਹੈ ਅਤੇ ਪ੍ਰਮਾਣੂ (ਨਿਊਕਲੀਰ) ਮਿਸ਼ਾਇਲਾਂ ਦੀ ਖੋਜ 'ਚ ਲੱਗਿਆ ਹੋਇਆ ਹੈ। ਭਾਵੇਂ ਇਸ ਕਥਨ ਨੂੰ ਸਿੱਧ ਕਰਨ ਲਈ ਇਸ ਕੋਲ ਪੁਖਤਾ ਸਬੂਤ ਨਹੀਂ ਸਨ। ਜਾਰਜ ਬੁਸ਼ ਨੇ ਰਾਸ਼ਟਰਪਤੀ ਕਾਲ ਵਿਚ ਤਾਂ ਈਰਾਨ ਨੂੰ ਸ਼ੈਤਾਨੀਅਤ ਦੀ ਧੁਰੀ ਤੱਕ ਕਿਹਾ। ਪੂਰੇ ਸੰਸਾਰ ਵਿਚ ਇਹਨਾਂ ਅਫਵਾਹਾਂ ਦਾ ਜਾਲ ਫੈਲਾਇਆ ਗਿਆ ਸੀ ਕਿ ਅਮਰੀਕਾ ਤੇ ਇਜ਼ਰਾਇਲ ਇਕ ਸੰਯੁਕਤ ਕਮਾਨ 'ਚ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕਰ ਸਕਦੇ ਹਨ। ਪਰ ਇਹ ਥੋਥੀਆਂ ਧਮਕੀਆਂ ਹੀ ਸਨ ਜੋ ਇਰਾਨ ਨੂੰ ਝੁਕਣ 'ਤੇ ਮਜ਼ਬੂਰ ਕਰਨ ਲਈ ਦਿੱਤੀਆਂ ਜਾ ਰਹੀਆਂ ਸਨ। ਅਮਰੀਕਾ ਆਪਣੀਆਂ ਸਾਮਰਾਜੀ ਲਾਲਸਾਵਾਂ ਤੇ ਅਬਾਧ ਲੁੱਟ ਦੇ ਚੱਕਰ ਵਿਚ ਇਰਾਨ ਤੇ ਅਫਗਾਨਿਸਤਾਨ 'ਤੇ ਫਿਰ ਦਾਅਵਾ ਕਾਇਮ ਕਰਨ ਦੇ ਭੰਬਾਲਭੂਸੇ 'ਚ ਉਲਝ ਚੁਕਿਆ ਸੀ। ਅਮਰੀਕਾ ਦੇ ਸਾਹਮਣੇ ਇਹ ਅਸਲੀਅਤ ਮੂਲ ਰੂਪ 'ਚ ਸਪਸ਼ਟ ਹੋ ਚੁੱਕੀ ਹੈ ਕਿ ਇਰਾਨ ਅਤੇ ਅਫਗਾਨਿਸਤਾਨ ਵਿਚ ਸ਼ਾਂਤੀਮਈ ਲੁੱਟ ਜਾਰੀ ਰੱਖਣ ਲਈ ਇਰਾਨ ਦੇ ਨਾਲ ਦੋਸਤਾਨਾ ਸੰਬੰਧ ਲਾਜ਼ਮੀ ਹਨ। ਇਸ ਲਈ ਓਬਾਮਾ ਵਾਰ-ਵਾਰ ਇਹ ਸੰਕੇਤ ਦੇ ਰਿਹਾ ਸੀ ਕਿ ਜੇ ਈਰਾਨ ਪ੍ਰਮਾਣੂ ਸਰਗਰਮੀਆਂ 'ਤੇ ਰੋਕ ਲਾਵੇ ਤਾਂ ਇਰਾਨ ਨਾਲ ਸਿੱਧੀ ਵਾਰਤਾ ਸੰਭਵ ਹੈ। ਕੌਮਾਂਤਰੀ ਰਾਜਸੀ ਸਰਗਰਮੀਆਂ ਦੇ ਕੁਝ ਜਾਣਕਾਰਾਂ ਦਾ ਇਹ ਵੀ ਮੰਨਣਾ ਹੈ ਕਿ ਜੂਨ 'ਚ ਪ੍ਰਸਤਾਵਿਤ ਇਰਾਨ ਦੇ ਰਾਸ਼ਟਰਪਤੀ ਦੀ ਚੋਣ ਨੂੰ ਪ੍ਰਭਾਵਿਤ ਕਰਨ ਲਈ ਓਬਾਮਾ

ਨੇ ਦੋਸਤੀ ਦਾ ਇਹ ਚਾਰਾ ਸੁਟਿਆ ਹੈ। ਇਰਾਨ ਦੇ ਚੋਟੀ ਦੇ ਨੇਤਾ ਖੁਮੈਨੀ ਤੇ ਰਾਸ਼ਟਰਪਤੀ ਅਹਿਮਦੀ ਨੇਜਾਦ ਵੀ ਭਾਰੀ ਦੁਵਿਧਾ ਵਿਚ ਹਨ। ਜੇ ਉਹ ਅਮਰੀਕਾ ਨਾਲ ਹੱਥ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਇਸਲਾਮ ਕੱਟੜਪੰਥੀ ਤਾਂ ਇਸਲਾਮੀ ਕੱਟੜਪੰਥੀ ਉਹਨਾਂ ਨੂੰ ਅਮਰੀਕਾ ਵਿਰੋਧੀ ਇਸਲਾਮੀ ਕ੍ਰਾਂਤੀ ਦੇ ਉਲਟ ਚਲਣ ਵਾਲਾ ਮੰਨ ਕੇ ਉਹਨਾਂ ਖਿਲਾਫ ਵਾਤਾਵਰਣ ਬਣਾ ਸਕਦੇ ਹਨ ਇਸ ਲਈ ਇਰਾਨੀ ਨੇਤਾਵਾਂ ਨੇ ਵੀ ਇਸ "ਦੋਸਤੀ ਦੇ ਪੈਗਾਮ" ਦੇ ਜੁਆਬ 'ਚ ਅਜਿਹੀਆਂ ਸ਼ਰਤਾਂ ਰੱਖੀਆਂ ਹਨ ਜੋ ਅਮਰੀਕਾ ਮੰਨ ਹੀ ਨਹੀਂ ਸਕਦਾ। ਖੁਮੈਨੀ ਚਾਹੁੰਦੇ ਹਨ ਕਿ ਅਮਰੀਕਾ ਇਜ਼ਰਾਇਲ ਨੂੰ ਹਮਾਇਤ ਦੇਣੀ ਬੰਦ ਕਰੇ ਅਤੇ ਇਰਾਨ ਦੇ ਪ੍ਰਮਾਣੂ ਪ੍ਰੋਗ੍ਰਾਮ ਨੂੰ ਲੈ ਕੇ ਜੰਗ ਦੀਆਂ ਧਮਕੀਆਂ ਦੇਣੀਆਂ ਬੰਦ ਕਰੇ। ਇਸ ਦੇ ਨਾਲ ਕੂਟਨੀਤਕ ਪੈਂਤਰੇਬਾਜ਼ੀ ਵਰਤਦਿਆਂ ਖੁਮੈਨੀ ਨੇ ਵੀ ਇਹ ਕਹਿ ਕੇ ਗਲਬਾਤ ਦੇ ਰਾਹ ਖੁੱਲੇ ਰੱਖੇ ਹਨ ਕਿ "ਜੇ ਤੁਸੀਂ ਬਦਲ ਦੇ ਹੋ ਤਾਂ ਸਾਡਾ ਵਰਤਾਅ ਵੀ ਬਦਲ ਜਾਵੇਗਾ।" ਸਾਮਰਾਜੀ ਨੀਤਆਂ ਦੇ ਅਮਰੀਕੀ ਸਹਾਇਕ ਬ੍ਰਿਟਿਸ਼ ਪ੍ਰਧਾਨ ਮੰਤਰੀ ਬ੍ਰਾਊਂਨ ਨੇ ਇਰਾਨ ਨੂੰ ਅਰਜ ਕੀਤੀ ਹੈ ਕਿ ਉਹ ਓਬਾਮਾ ਦੀ ਤਜ਼ਵੀਜ਼ ਮੰਨ ਲਵੇ। ਇਹ ਵੀ ਤੱਥ ਹੈ ਕਿ ਬਰਾਊਨ ਵੀ ਪ੍ਰਮਾਣੂ ਮੁੱਦੇ 'ਤੇ ਇਰਾਨ ਨੂੰ ਧਮਕੀ ਦਿੰਦੇ ਰਹੇ ਹਨ। ਉਧਰ ਗਾਜਾਪੱਟੀ 'ਤੇ ਅਮਰੀਕੀ ਹਮਾਇਤੀ ਇਜ਼ਰਾਇਲ ਦੇ ਬੇਰਹਿਮ ਹਮਲਿਆਂ ਨੇ ਸਾਰੀਆਂ ਚਾਲ ਬਾਜ਼ੀਆਂ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਇਜ਼ਰਾਇਲ ਵੱਲੋਂ ਕੀਤੇ ਹਰ ਕਤਲੇਆਮ ਦੀ 'ਦਰਿਆਦਿਲ" ਓਬਾਮਾ ਨੇ ਹੌਂਸਲਾ ਅਫ਼ਜ਼ਾਈ ਹੀ ਕੀਤੀ ਹੈ। ਇਸ ਪ੍ਰਕਾਰ ਇਰਾਕ ਤੇ ਅਮਰੀਕੀ ਕਬਜ਼ੇ ਦੇ ਸੱਤ ਸਾਲ ਹੋਣ 'ਤੇ ਸਥਿਤੀਆਂ ਬਦ ਤੋਂ ਬਦਤਰ ਹੋਈਆਂ ਹਨ। ਔਸਤਨ ਇਕ ਅਮਰੀਕੀ ਸੈਨਿਕ ਤੇ ਤਿੰਨ ਸੌ ਸਾਧਾਰਨ ਇਰਾਕੀ ਨਾਗਰਿਕ ਰੋਜ਼ਾਨਾ ਮਾਰੇ ਜਾ ਰਹੇ ਹਨ। ਭਰਿਸ਼ਟਾਚਾਰ ਤੇ ਤਸੀਹਿਆਂ ਦਾ ਸਿਲਸਿਲਾ ਸਿਰੇ 'ਤੇ ਹੈ। ਚਾਲੀ ਲੱਖ ਇਰਾਕੀ ਸਰਨਾਰਥੀ ਆਪਣੇ ਘਰਾਂ 'ਚ ਨਹੀਂ ਜਾ ਸਕਦੇ ਹਨ। ਇਹਨਾਂ ਭਿਅੰਕਰ ਤੇ ਨਰਦਈ ਹਾਲਤਾਂ 'ਚ ਵੀ ਇਰਾਕੀ ਜਨਤਾ ਦੇ ਹੌਂਸਲੇ ਬੁਲੰਦ ਹਨ। ਅਸਲੀਅਤ 'ਚ ਦੁਨੀਆਂ ਦਾ ਮਹਾਬਲੀ ਅੱਜ ਇਰਾਕੀ ਤੇ ਅਫਗਾਨੀ ਦੋ ਚੱਕੀਆਂ ਵਿਚਕਾਰ ਇਸ ਹੱਦ ਤੱਕ ਫਸ ਗਿਆ ਹੈ ਕਿ ਉਸ ਨੂੰ ਬਚਾਉਣ ਦਾ ਕੋਈ ਰਾਹ ਨਹੀਂ ਸੁਝ ਰਿਹਾ। ਇਸ ਲਈ ਇਰਾਨ ਵੱਲ ਦੋਸਤੀ ਦਾ ਹੱਥ ਵਧਾਉਣ ਦੀ, ਇਰਾਕ ਤੋਂ ਫੌਜ ਵਾਪਸ ਬੁਲਾਉਣ ਦੀ, ਫਿਲਸਤਾਨੀਆਂ ਦੀ ਸਮੱਸਿਆ 'ਤੇ ਸਕਾਰਤਮਕ ਰੁਖ ਅਪਣਾਉਣ ਦੀ ਤੇ ਕੋਰੀਆ ਤੇ ਵੈਨਜ਼ੂਵੇਲਾ ਨਾਲ ਅੱਛੇ ਸਬੰਧ ਕਾਇਮ ਕਰਨ ਦੀਆਂ ਛਲਾਵੇ ਭਰੀਆਂ ਗੱਲਾਂ ਕਰ ਰਿਹਾ ਹੈ।

ਇਰਾਕ ਦੀ ਹਾਲਤਾਂ ਦੇ ਮੱਦੇਨਜ਼ਰ ਕਈ ਅਮਰੀਕਨ ਸਹਿਯੋਗੀ ਦੇਸ਼ ਉਥੋਂ ਆਪਣੇ ਫੌਜੀਆਂ ਨੂੰ ਵਾਪਸ ਬੁਲਾ ਰਹੇ ਹਨ। ਕਨੇਡਾ ਆਪਣੇ ਫੌਜੀ ਵਾਪਸ ਬੁਲਾ ਰਿਹਾ ਹੈ। ਬ੍ਰਿਟੇਨ ਨੂੰ ਅਮਰੀਕਾ ਨੇ ਕਿਹਾ ਹੈ ਕਿ ਉਹ ਕੁਝ ਹੋਰ ਸੈਨਿਕ ਇਰਾਕ ਭੇਜਣ ਤਾਂ ਕਿ ਅਫਗਾਨਿਸਤਾਨ ਵਿਚ ਉਥੋਂ ਕੁਝ ਅਮਰੀਕੀ ਫੌਜੀ ਭੇਜੇ ਜਾ ਸਕਣ। ਪਰ ਅਮਰੀਕਾ ਲਈ ਖੁਦ ਉਸ ਦੇ ਫੌਜੀ ਜਾਨ ਦੇਣ ਨੂੰ ਤਿਆਰ ਨਹੀਂ ਹਨ ਤਾਂ ਦੂਜੇ ਦੇਸ਼ਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਪਿਛਲੇ ਦੋ ਤਿੰਨ ਸਾਲਾਂ ਤੋਂ ਤਾਲਿਬਾਨੀ ਬਾਗੀਆਂ ਦੇ ਹਮਲਿਆਂ 'ਚ ਲਗਭਗ ਚਾਲੀ ਫੀਸਦੀ ਵਾਧਾ ਹੋਇਆ ਹੈ। ਅਫਗਾਨਿਸਤਾਨ 'ਚ ਤਾਲਿਬਾਨ ਜਾਂ ਅੱਤਵਾਦ ਨੂੰ ਖਤਮ ਕਰਨ ਦਾ ਨਾਹਰਾ

ਅਮਰੀਕਾ ਸਿਰਫ ਦੁਨੀਆਂ ਨੂੰ ਬੇਵਕੂਫ ਬਣਾਉਣ ਲਈ ਲਾਉਂਦਾ ਰਿਹਾ ਹੈ। ਇਸ ਦਾ ਅਸਲੀ ਉਦੇਸ਼ ਅਫਗਾਨਿਸਤਾਨ 'ਚ ਕਰਜਈ ਨੂੰ ਹਟਾ ਕੇ ਐਸੀ ਸਰਕਾਰ ਬਣਾਉਣ ਦਾ ਹੈ ਜੋ ਅਫਗਾਨਿਸਤਾਨ ਦੇ ਕਾਕੇ ਸਿਆਨ ਤੇਲ ਤੇ ਗੈਸ ਨੂੰ ਸਿੱਧਾ ਅਮਰੀਕਾ ਪਹੁੰਚਾ ਦੇਵੇ ਅਤੇ ਰਾਹ 'ਚ ਰੂਸ ਤੇ ਇਰਾਨ ਨਾ ਹੋਣ। ਕਿਉਂਕਿ ਤੇਲ ਤੇ ਗੈਸ ਲਈ ਅਮਰੀਕਾ ਨੂੰ ਭਾਰੀ ਕੀਮਤ ਦੇਣੀ ਪੈ ਰਹੀ ਹੈ ਜਦ ਕਿ ਵਿਸ਼ਵ ਵਿਆਪੀ ਮੰਦੀ ਦੀ ਮਾਰ ਨਾਲ ਉਸ ਦੀ ਆਪਣੀ ਆਰਥਿਕ ਸਥਿਤੀ ਸੰਕਟ ਵਿਚ ਹੈ। ਹਾਲ ਹੀ ਦੀ ਮੰਦੀ ਨੇ ਅਫਗਾਨਿਸਤਾਨ ਲਈ ਤਹਿਸ਼ੁਦਾ ਵਿਦੇਸ਼ੀ ਫੰਡ 'ਚ ਵੀ ਕਮੀ ਲਿਆ ਦਿੱਤੀ ਹੈ। ਜਿਹਨਾਂ ਹੋਰ ਸਹਿਯੋਗੀ ਸਾਮਰਾਜਵਾਦੀ ਦੇਸ਼ਾਂ ਨੇ ਪਹਿਲਾਂ ਕੁਝ ਰਾਸ਼ੀ ਦੇਣੀ ਮਨਜ਼ੂਰ ਕੀਤੀ ਸੀ, ਉਹ ਵੀ ਹੁਣ ਪਿੱਛੇ ਹਟ ਰਹੇ ਹਨ। ਸਿਰਫ ਅਮਰੀਕਾ ਇਸ ਬੋਝ ਨੂੰ ਸਹਿ ਸਕਣ ਦੀ ਸਥਿਤੀ ਵਿਚ ਨਹੀਂ ਹੈ। ਇਸ ਲਈ ਅਫਗਾਨਿਸਤਾਨ ਤੇ ਇਰਾਕ ਵਿਚ ਅਮਰੀਕੀ ਸਾਮਰਾਜ ਆਪਣੀ ਹਾਰ ਨੂੰ ਨਿਸ਼ਚਤ ਮੰਨ ਕੇ ਦਿਲ ਭਰਮਾਉਣ ਵਾਲੇ ਫਰੇਬੀ ਨਾਹਰੇ ਵਿਸ਼ਵ ਜਨਮਤ ਦੇ ਸਾਹਮਣੇ ਸੁੱਟ ਰਿਹਾ ਹੈ।

# ਝਾਰਖੰਡ 'ਚ ਪੁਲਸੀ ਕਤਲੇਆਮ ਦੀ ਦਹਿਸ਼ਤ

ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਦੇ ਬੜਨਿਆ ਪਿੰਡ ਦੇ ਪੰਜ ਲੋਕਾਂ ਦੀ ਸੀ ਆਰ. ਪੀ. ਐਫ਼. ਦੇ ਜਵਾਨਾਂ ਵਲੋਂ ਹੱਤਿਆ ਕੀਤੇ ਜਾਣ ਪਿੱਛੋਂ ਇਲਾਕੇ ਵਿਚ ਸਨਾਟਾ ਛਾਇਆ ਹੋਇਆ ਹੈ। ਲੋਕ ਡਰੇ-ਸਹਿਮੇ ਹੋਏ ਹਨ ਅਤੇ ਉਹਨਾਂ ਨੂੰ ਨਹੀਂ ਪਤਾ ਕਿ ਆਖਰ ਸੀ ਆਰ. ਪੀ. ਐਫ਼. ਦੇ ਜਵਾਨਾਂ ਨੇ ਕਿਸ ਕਸੂਰ ਦੀ ਸਜ਼ਾ ਦਿੱਤੀ ਹੈ। ਪਿਛਲੀ 15 ਅਪ੍ਰੈਲ ਦੀ ਸਵੇਰ ਬੜਨਿਆਂ ਪਿੰਡ ਕੋਲ ਘਾਟੀ 'ਚ ਮਾਕਪਾ (ਮਾਓਵਾਦੀ) ਨਾਲ ਜੁੜੇ ਨਕਸਲੀਆਂ ਨੇ ਬਾਰੂਦੀ ਸੁਰੰਗ ਬਣਾ ਕੇ ਵਿਸਫੋਟ ਕੀਤਾ ਸੀ। ਵਿਸਫੋਟ ਪਿੱਛੋਂ ਨਕਸਲੀਆਂ ਅਤੇ ਸੀ. ਆਰ. ਪੀ. ਐਫ਼. (14ਵੀਂ ਬਟਾਲੀਅਨ) ਵਿਚਕਾਰ ਧੰਦਾਧੁੰਦ ਗੋਲੀਬਾਰੀ ਹੋਈ ਜਿਸ ਵਿਚ ਇਕ ਬੱਸ ਚਾਲਕ ਸਮੇਤ ਦੋ ਜਵਾਨਾਂ ਦੀ ਮੌਤ ਹੋ ਗਈ। ਆਪਣੇ ਸਾਥੀਆਂ ਦੀ ਮੌਤ ਨਾਲ ਬੌਖਲਾਏ ਜਵਾਨਾਂ ਨੇ ਬਿਨਾਂ ਕੁਝ ਸੋਚੇ ਸਮਝੇ ਪੰਜ ਪੇਂਡੂਆਂ ਸੁਪਾਏ ਬੋਦਰਾ (50 ਸਾਲ) ਸੰਜੈ ਬੋਦਰਾ (14 ਸਾਲ) ਤੇ ਪਿਤਾਏ ਮੁੰਡੂ (50 ਸਾਲ) ਨੂੰ ਦਬੋਚ ਲਿਆ ਅਤੇ ਉਹਨਾਂ ਨੂੰ ਵਿਸਫੋਟ ਵਾਲੀ ਥਾਂ ਵੱਲ ਲੈ ਗਏ। ਇਸ ਪਿੱਛੋਂ ਪੇਂਡੂਆਂ ਨੂੰ ਕਰੀਬ ਦਸ ਘੰਟਿਆਂ ਤੱਕ ਉਹਨਾਂ ਦਾ ਥਹੁ ਪਤਾ ਨਹੀਂ ਚਲ ਸਕਿਆ। ਪੇਂਡੂ ਫੁਲਮਨੀ ਬੋਦਰਾ ਅਤੇ ਜੱਗਾ ਕੁੰਡਲਨਾ ਨੇ ਜਿਹਨਾਂ ਨੇ ਪੰਜ ਪੇਂਡੂਆਂ ਨੂੰ ਜਬਰ ਲਿਜਾਂਦੇ ਹੋਇਆ ਵੇਖਿਆ ਸੀ ਦਸਿਆ ਕਿ ਜਵਾਨਾਂ ਦੀ ਮੰਸ਼ਾ ਨੂੰ ਭਾਂਪਦੇ ਹੋਇਆ ਪੇਂਡੂਆਂ ਨੇ ਉਹਨਾਂ ਦੀ ਤਲਾਸ਼ ਸ਼ੁਰੂ ਕੀਤੀ। ਸੰਯੋਗਵਸ ਹੁੰਤਾਰ ਕੋਲਿਆਰੀ ਦੇ ਜਿਸ ਜੰਗਲ ਭਰੇ ਰਾਹ ਤੋਂ ਉਹਨਾਂ ਲਭਦੇ ਹੋਇਆਂ ਬਰਵਾਹੀਡ ਪਹੁੰਚੇ, ਜਿਥੇ ਉਹਨਾਂ ਦੀ ਮੁਲਾਕਾਤ ਇਕ ਫੋਟੋਗ੍ਰਾਫਰ ਨਾਲ ਹੋ ਗਈ। ਫੋਟੋਗ੍ਰਾਫਰ ਨੇ ਉਹਨਾਂ ਪੰਜ ਲਾਪਤਾ ਪੇਂਡੂਆਂ ਦੀਆਂ ਲਾਸ਼ਾਂ ਨੂੰ ਕੈਮਰੇ 'ਚ ਕੈਦ ਕਰ ਲਿਆ ਸੀ। ਕੈਮਰੇ 'ਚ ਲਾਪਤਾ ਪੇਂਡੂਆਂ ਦੀਆਂ ਲਾਸ਼ਾਂ ਨੂੰ ਵੇਖ ਕੇ ਪਿੰਡ ਵਾਲੇ ਹੱਕੇ ਬੱਕੇ ਰਹਿ ਗਏ। ਮ੍ਰਿਤਕ ਸੁਪਾਏ ਬੋਦਰਾ ਦੀਆਂ ਤਿੰਨ ਧੀਆਂ, ਬੁਢੀ ਮਾਂ ਤੇ ਪਤਨੀ ਨੂੰ ਹੁਣ ਵੀ ਯਕੀਨ ਨਹੀਂ ਸੀ ਹੋ ਰਿਹਾ ਕਿ ਉਹਨਾਂ ਦੇ ਘਰ ਦੇ ਦੋ ਮੈਂਬਰ ਮਾਰੇ ਜਾ ਚੁੱਕੇ ਹਨ। ਗੁਆਂਢੀ ਨਉਰੀ ਬੋਦਰਾ ਦਾ ਪ੍ਰੀਵਾਰ ਬੇਹਾਲ ਹੈ। ਉਹਨਾਂ ਦੇ ਦੋ ਬੇਟੇ ਵੀ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। 50 ਸਾਲਾ ਸੁਪਾਏ ਬੋਦਰਾ ਸੀ. ਐਮ. ਪੀ. ਡੀ. ਆਈ. (ਰਾਂਚੀ) ਦੇ ਮੁਲਾਜ਼ਮ ਸਨ ਜਦ ਕਿ ਹੋਰ ਲੋਕ ਤਾਂ ਵਿਦਿਆਰਥੀ ਸਨ। ਪੁਲਸ ਨੇ ਮਾਮਲੇ ਨੂੰ ਰਫਾ ਦਫਾ ਕਰਨ ਲਈ ਪਹਿਲਾਂ ਪੇਂਡੂਆਂ ਨੂੰ ਨਕਸਲੀ ਦੱਸਿਆ। ਫਿਰ ਜਦ ਇਸ ਗੱਲ ਦਾ ਪਤਾ ਲੱਗ ਗਿਆ ਕਿ ਮਾਰੇ ਗਏ ਸਾਰੇ ਲੋਕ ਸਾਧਾਰਨ ਪੇਂਡੂ ਸਨ ਤੇ ਨਕਸਲੀਆ ਨਾਲ ਉਹਨਾਂ ਦਾ ਕੋਈ ਵਾਹ ਵਾਸਤਾ ਨਹੀਂ ਸੀ ਤਾਂ ਪੁਲਸ ਮਹਿਕਮੇ ਦਾ ਬਿਆਨ ਦਿਨ-ਬ-ਦਿਨ ਬਦਲਣ ਲੱਗਿਆ। ਇੱਧਰ ਪੇਂਡੂਆਂ ਦੇ ਮਾਰੇ ਜਾਣ ਕਰਕੇ ਗੁੱਸੇ 'ਚ ਆਏ ਨਕਸਲੀਆਂ ਨੇ ਝਾਰਖੰਡ ਬੰਦ ਦਾ ਐਲਾਨ ਕੀਤਾ। ਹੇਹੇਗਾੜਾ ਰੇਲਵੇ ਸਟੇਸ਼ਨ ਪਾਸ ਇਕ ਪੈਸੰਜਰ ਰੇਲ ਗੱਡੀ 'ਚ ਚਾਰ ਘੰਟੇ ਤੱਕ ਅਗਵਾ ਕਰਕੇ ਰੱਖਿਆ ਗਿਆ। ਲਗਾਤਾਰ 10 ਦਿਨ ਵਿਵਸਥਾ ਰਾਂਚੀ ਤੱਕ ਹੀ ਸ਼ਿਮਟ ਕੇ ਰਹਿ ਗਈ। ਨਕਸਲੀਆਂ ਗਰਮ ਉਦੋਂ ਹੋਏ ਜਦ ਇਕੋ ਵੇਲੇ ਪੰਜ ਪੇਂਡੂਆਂ ਦੀ ਹੱਤਿਆ ਕੀਤੀ ਗਈ। ਦੋ ਮਹੀਨੇ ਪਹਿਲਾਂ ਹੀ ਖੂੰਟੀ ਜ਼ਿਲੇ ਦੇ ਮੁਰਹੂ 'ਚ ਸੀ. ਆਰ. ਪੀ. ਐਫ਼.

ਦੇ ਜਵਾਨਾਂ ਨੇ ਮਹੂਆ ਚੁਗ ਰਹੇ 12 ਸਾਲਾ ਇਕ ਬੱਚੇ ਨੂੰ ਗੋਲੀ ਮਾਰ ਦਿੱਤੀ ਗਈ ਸੀ। ਉਕਤ ਬਾਲਕ ਨੇ ਇਹ ਦੱਸਣ ਤੋਂ ਨਾਹ ਕਰ ਦਿੱਤੀ ਸੀ ਕਿ ਇਸ ਇਲਾਕੇ ’ਚ ਨਕਸਲੀ ਵੀ ਆਉਂਦੇ ਹਨ। ਅੜਕੀ ਇਲਾਕੇ ’ਚ ਕੁਝ ਦਿਨ ਪਹਿਲਾਂ ਇਕ ਕਿਸਾਨ ਦੀ ਅਰਧਫੌਜੀ ਬਲਾਂ ਨੇ ਨਕਸਲੀ ਦਸ ਕੇ ਹੱਤਿਆ ਕਰ ਦਿੱਤੀ ਸੀ। ਦੂਜੇ ਪੜਾਅ ਦੇ ਮਤਦਾਨ ਨੂੰ ਪੂਰਾ ਕਰਨ ਲਈ ਜੁਟੇ ਆਲਾ ਅਧਿਕਾਰੀਆਂ ਦੇ ਹੋਸ਼ ਉੱਡ ਗਏ ਜਦ ਮਾਓਵਾਦੀਆਂ ਨੇ ਮੁਆਵਜ਼ੇ ਵਜੋਂ 10 ਲੱਖ ਰੁਪਏ ਤੇ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਨਾ ਦੇਣ ’ਤੇ ਵਿਧਾਨ ਸਭਾ ਉਡਾਉਣ ਦੀ ਧਮਕੀ ਦਿੱਤੀ। ਨਕਸਲੀਆਂ ਤੋਂ ਧਮਕੀ ਤੋਂ ਘਬਰਾਏ ਪੁਲਸ ਅਧਿਕਾਰੀ ਨੇ ਪੇਂਡੂਆਂ ਦੇ ਮਾਰੇ ਜਾਣ ਦਾ ਗੁਨਾਹ ਕਬੂਲ ਕਰ ਲਿਆ। ਅਧਿਕਾਰੀਆਂ ਦੇ ਚੁੱਪ ’ਤੇ ਮਾਓਵਾਦੀਆਂ ਦੀ ਧਮਕੀ ਨਾਲ ਮਾਮਲਾ ਕਾਫੀ ਪੇਚੀਂਦਾ ਬਣ ਚੁੱਕਿਆ ਹੈ। ਝਾਰਖੰਡ ਦੇ ਪਲਾਮੂ ਤੇ ਚਤਰਾ ਜ਼ਿਲ੍ਹੇ ਨਕਸਲੀਆਂ ਦੀਆਂ ਸਰਗਰਮੀਆਂ ਲਈ ਗੜ੍ਹ ਰਹੇ ਹਨ। ਫਿਲਹਾਲ ਇਹ ਇਲਾਕੇ ਜੇਲ੍ਹ ’ਚ ਬੰਦ ਨਕਸਲੀ ਨੇਤਾ ਕਾਮੇਸ਼ਵਰ ਬੈਠਾ ਅਤੇ ਦਿਨਕਰ ਯਾਦਵ ਦੇ ਲੋਕ ਸਭਾ ਚੋਣਾਂ ਲੜਨ ਕਾਰਨ ਵੀ ਸੁਰਖੀਆਂ ਵਿਚ ਹਨ।

# ਆਈ. ਐਮ. ਐਫ਼. ਦੀ ਅਜੀਬੋ ਗਰੀਬ ਵਾਪਸੀ

ਜੀ-20 ਦੀਆਂ ਦੋਨੋਂ ਬੈਠਕਾਂ ਨਾਲ ਕੌਮਾਂਤਰੀ ਮੁਦਰਾਕੋਸ਼ (IMF) ਇਕ ਵਾਰੀ ਫਿਰ ਪ੍ਰਾਸ਼ੰਗਿਕ ਹੀ ਨਹੀਂ ਹੋਇਆ ਹੈ ਬਲਕਿ ਇਹ ਵਿਸ਼ਵ ਅਰਥਚਾਰੇ ਦੇ ਕੇਂਦਰ ਵਿਚ ਆ ਗਿਆ ਹੈ। ਜਿਥੇ ਇਹ ਪੰਜ ਸਾਲ ਪਹਿਲਾਂ ਗੈਰ ਪ੍ਰਾਸ਼ੰਗਿਕ ਹੁੰਦਾ ਦਿਸ ਰਿਹਾ ਸੀ, ਉਥੇ ਇਹ ਹੁਣ ਫਿਰ ਸਰਗਰਮੀਆਂ ਦੇ ਕੇਂਦਰ ਵਿਚ ਪਹੁੰਚ ਗਿਆ ਹੈ। ਇਸ 2 ਅਪ੍ਰੈਲ ਦੀ ਜੀ-20 ਬੈਠਕ 'ਚ ਜਿਸ 1000 ਅਰਬ ਡਾਲਰ ਦੇ ਪੈਕੇਜ ਦਾ ਐਲਾਨ ਕੀਤਾ ਗਿਆ। ਉਸ ਦੀ ਨੋਡਲ ਏਜੰਸੀ ਕੌਮਾਂਤਰੀ ਮੁਦਰਾ ਨੂੰ ਬਣਾਇਆ ਗਿਆ। ਇਹ ਅਜੀਬ ਵਿਡੰਬਨਾ ਹੈ ਕਿ ਜਿਸ ਮੁਦਰਾ ਕੋਸ਼ ਦੀਆਂ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਮੌਜੂਦਾ ਸੰਕਟ ਆਇਆ ਉਸ ਤੋਂ ਉਭਰਨ ਦੀ ਨੋਡਲ ਏਜੰਸੀ ਉਸ ਨੂੰ ਹੀ ਬਣਾਇਆ ਜਾ ਰਿਹਾ ਹੈ। ਅਜਿਹੇ ਕਿਉਂ ਹੋਇਆ ਜਾਂ ਅਜਿਹਾ ਕਿਉਂ ਹੋ ਰਿਹਾ ਹੈ? ਮੌਜੂਦਾ ਸੰਕਟ ਦੇ ਕਾਰਨ ਉਸ ਦੀ ਜਨਮਦਾਤਾ ਨੀਤੀਆਂ ਦੇ ਅਦਾਰੇ ਨੂੰ ਕਿਨਾਰੇ ਲਾਉਣ ਦੀ ਬਜਾਏ ਉਸ ਨੂੰ ਏਨ ਮਹੱਤਤਾ ਕਿਉਂ ਦਿੱਤੀ ਜਾ ਰਹੀ ਹੈ? ਕੌਮਾਂਤਰੀ ਮੁਦਰਾ ਕੋਸ਼ ਦਾ ਜਨਮ 1944 'ਚ ਅਮਰੀਕਾ ਦੇ ਨਿਊ ਹੈਮਪਸ਼ਾਅਰ ਸ਼ਹਿਰ ਦੇ ਬ੍ਰਿਟੇਨ ਵੁਡਸ ਸਥਾਨ 'ਤੇ ਹੋਇਆ ਸੀ। ਇਹ ਬ੍ਰਿਟੇਨ ਵੁਡਸ ਦੀਆਂ ਤਿੰਨ ਸੰਸਥਾਵਾਂ ਵਿਚੋਂ ਇਕ ਸੀ। (ਹੋਰ ਦੋ ਸਨ ਸੰਸਾਰ ਬੈਂਕ ਤੇ ਕੌਮਾਂਤਰੀ ਵਪਾਰ ਸੰਗਠਨ) ਇਸ ਸੰਸਥਾ ਦਾ ਜਨਮ ਮੁਖ ਤੌਰ ਤੇ ਦੁਨੀਆਂ ਦੇ ਵਿਤੀ ਪ੍ਰਬੰਦ ਖਾਸ ਕਰਕੇ ਮੁਦਰਾ ਬਾਜ਼ਾਰ 'ਤੇ ਕੰਟਰੋਲ ਲਈ ਹੋਇਆ ਸੀ। 1929 ਦੀ ਮਹਾਂਮੰਦੀ ਦੌਰਾਨ ਪਹਿਲਾਂ ਤੋਂ ਚਲੀ ਆ ਰਹੀ ਮੁਦਰਾ ਵਿਵਸਥਾ ਢਹਿ ਢੇਰੀ ਹੋ ਗਈ ਸੀ। ਇਹ ਪ੍ਰਬੰਧ ਸਰਵਣ ਪੈਮਾਨਾ ਆਧਾਰਿਤ ਸੀ ਅਤੇ ਇਸ ਦੇ ਕੇਂਦਰ ਵਿਚ ਸੀ ਇੰਗਲੈਂਡ ਦੀ ਮੁਦਰਾ ਪਾਊਂਡ ਸਟਲਿੰਗ। ਮਹਾਂਮੰਦੀ ਦੌਰਾਨ ਵਪਾਰ ਦੇ ਆਪਸੀ ਮੁਕਾਬਲੇ ਕਾਰਨ ਸਾਰੀਆਂ ਹੀ ਮੁਦਰਾਵਾਂ ਤਹਿਸ ਨਹਿਸ ਹੋ ਗਈਆਂ ਸਨ। 1944 'ਚ ਸਥਾਪਤ ਹੋ ਰਹੀ ਨਵੀਂ ਵਿਵਸਥਾ 'ਚ ਇਸ ਘਟਨਾ ਦੀ ਦੁਹਰਾਈ ਤੋਂ ਬਚਣਾ ਮਹੱਤਵਪੂਰਨ ਟੀਚਾ ਸੀ। ਹੁਣ ਤੱਕ ਸੰਯੁਕਤ ਰਾਜ ਅਮਰੀਕੀ ਅਰਥਚਾਰਾ ਦੁਨੀਆਂ ਦਾ ਸਭ ਤੋਂ ਵੱਡਾ ਅਰਥਚਾਰਾ ਬਣ ਚੁੱਕਿਆ ਸੀ। ਉਹਨਾਂ ਕੋਲ ਸੋਨੇ ਦਾ ਵਿਸ਼ਾਲ ਭੰਡਾਰ ਸੀ। ਫ੍ਰਾਂਸ-ਇੰਗਲੈਂਡ ਵਰਗੇ ਦੇਸ਼ ਉਸ ਦੇ ਭਾਰੀ ਕਰਜਾਈ ਸਨ। ਅਮਰੀਕੀ ਮੁਦਰਾ ਡਾਲਰ ਹੁਣ ਵਿਸ਼ਵੀ ਮੁਦਰਾ ਬਣ ਗਈ ਸੀ। ਇਸ ਲਈ ਜਦ ਪੂੰਜੀਵਾਦੀ ਦੁਨੀਆਂ ਦੇ ਵਿਤ ਤੇ ਮੁਦਰਾ ਬਾਜ਼ਾਰ ਦੇ ਕੰਟਰੋਲ ਦੀ ਗੱਲ ਉਠੀ ਤਾਂ ਉਸ ਨੂੰ ਇਸ ਯਥਾਰਥ ਦੇ ਹਿਸਾਬ ਨਾਲ ਤਹਿ ਕੀਤਾ ਗਿਆ। ਅਮਰੀਕੀ ਡਾਲਰ ਨੂੰ ਦੁਨੀਆਂ ਦੀ ਪ੍ਰਵਾਨਿਤ ਮੁਦਰਾ ਐਲਾਨ ਦਿੱਤਾ ਗਿਆ। 35 ਡਾਲਰ ਦੇ ਬਦਲੇ ਆਊਂਸ ਜਾਂ 28.5 ਗ੍ਰਾਮ ਸੋਨਾ ਅਮਰੀਕੀ ਸਰਕਾਰ ਇਸ 'ਤੇ ਡਾਲਰ ਨੂੰ ਸੋਨੇ ਨਾਲ ਬਦਲਣ ਲਈ ਵਚਣਬੱਧ ਸੀ। ਬਾਕੀ ਮੁਦਰਾਵਾਂ ਨੂੰ ਇਸ ਦੇ ਹਿਸਾਬ ਨਾਲ ਨਿਯਮਿਤ ਕੀਤਾ ਜਾਣਾ ਸੀ। ਇਹ ਕੰਮ ਕੌਮਾਂਤਰੀ ਮੁਦਰਾ ਕੋਸ਼ ਨੇ ਕਰਨਾ ਸੀ। ਮੁਦਰਾ ਕੋਸ਼ ਸੰਕਟ ਗ੍ਰਸਿਤ ਦੇਸ਼ਾਂ ਨੂੰ ਵਿਦੇਸ਼ੀ ਮੁਦਰਾ ਦੇ ਕੇ ਉਹਨਾਂ ਦੀ ਮੁਦਰਾ ਨੂੰ ਨਿਸ਼ਚਿਤ ਦਾਇਰੇ ਵਿਚ ਸਥਿਰ ਕਰਨ ਵਿਚ ਮਦਦ ਕਰਦਾ। ਇਸ ਸਭ ਲਈ ਦੁਨੀਆਂ ਵਿਚ ਵਿਤ ਦੇ ਪ੍ਰਵਾਹ 'ਤੇ ਕੰਟਰੋਲ ਕਾਇਮ ਕੀਤਾ ਗਿਆ। ਸੰਸਥਾ ਵਜੋਂ ਇਸ ਵਿਵਸਥਾ

ਦੀ ਧੁਰੀ ਕੌਮਾਂਤਰੀ ਮੁਦਰਾ ਕੋਸ਼ ਸੀ। ਇਸ ਲਈ ਇਸ ਦੀ ਸੰਰਚਨਾ ਇਸ ਹਿਸਾਬ ਨਾਲ ਬਣਾਈ ਗਈ ਕਿ ਇਸ ’ਤੇ ਅਮਰੀਕੀ ਸਾਮਰਾਜੀਆਂ ਦਾ ਕੰਟਰੋਲ ਹੋਵੇ। ਉਹਨਾਂ ਨੇ ਇਸ ਵਿਚ ਵੀਹ ਫੀਸਦੀ ਤੋਂ ਵੀ ਘੱਟ ਵੋਟ ਤੇ ਵੀਟੋ ਹਾਸਲ ਸੀ। ਇਸ ਤਰ੍ਹਾਂ ਵਿਸ਼ਵ ਦੀ ਵਿਤ ਵਿਵਸਥਾ ’ਤੇ ਅਮਰੀਕੀ ਸਾਮਜਾਰੀਆਂ ਦਾ ਅਸਿੱਧਾ ਕੰਟਰੋਲ ਸੀ। ਯੂਰਪੀ ਸਾਮਰਾਜੀਆਂ ਨੂੰ ਬਸ ਏਨਾ ਹਾਸਲ ਸੀ ਕਿ ਇਸ ਮੁਦਰਾ ਕੋਸ਼ ਦਾ ਪ੍ਰਬੰਧ ਨਿਰਦੇਸ਼ਕ ਯੂਰਪੀ ਹੋਵੇਗਾ। ਲਗਭਗ ਕਈ ਦਹਾਕਿਆਂ ਤਕ ਇਹ ਵਿਵਸਥਾ ਚਲੀ। ਪਰ ਇਸ ਦੌਰਾਨ ਯੁੱਧ ਨਾਲ ਤਬਾਹ-ਬਰਬਾਦ ਇੰਗਲੈਂਡ, ਫਰਾਂਸ, ਜਪਾਨ, ਜਰਮਨੀ ਪੁਨਰਨਿਰਮਾਣ ਕਰਕੇ ਅੱਗੇ ਆ ਗਏ ਅਤੇ ਅਮਰੀਕਾ ਦੀ ਅਤੀ ਸ਼੍ਰੇਸ਼ਟਤਾ ਜਾਂਦੀ ਰਹੀ। ਐਸੇ ਵਿਚ ਵਿਸ਼ਵੀ ਵਿਤ ਵਿਵਸਥਾ ਤੇ ਕੰਟਰੋਲ ਦੀ ਬ੍ਰਿਟੇਨ ਵੁਡਸ ਵਿਵਸਥਾ ਜਾਂਦੀ ਰਹੀ। ਅਮਰੀਕਾ ਨੇ 15 ਅਗਸਤ 1971 ਨੂੰ ਸੋਨੇ ਡਾਲਰ ਦੇ ਨਿਸ਼ਚਤ ਅਨੁਪਾਤ ’ਤੇ ਪ੍ਰਵਰਤਨਸ਼ੀਲਤਾ ਨੂੰ ਤੋੜ ਦਿੱਤਾ ਅਤੇ ਉਸ ਪਿੱਛੋਂ ਡਾਲਰ ਦੀ ਕਦਰ ਘਟਾਈ ਕਰ ਦਿੱਤੀ।

ਏਨਾ ਹੀ ਨਹੀਂ, ਅਮਰੀਕੀ ਸਾਮਰਾਜੀ ਠਹਿਰਾਅ ਦਾ ਸ਼ਿਕਾਰ ਹੁੰਦੇ ਅਰਥਚਾਰੇ ’ਚ ਲਗਾਤਾਰ ਘਟਦੇ ਮੁਨਾਫੇ ’ਚੋਂ ਉਭਰਨ ਲਈ ਇੱਕ ਨਵੀਂ ਨੀਤੀ ’ਤੇ ਚਲ ਪਏ ਨਿਜੀਕਰਣ, ਉਦਾਰੀਕਰਨ, ਵਿਸ਼ਵੀਕਰਣ ਦੀ ਨੀਤੀ ’ਤੇ। ਵਿਸ਼ਵੀ ਉਦਾਰੀਕਰਨ ਇਸ ਦਾ ਅਹਿਮ ਹਿੱਸਾ ਸੀ। ਅਮਰੀਕੀ ਸਾਮਰਾਜੀਆਂ ਨੇ ਇਸ ਨੀਤੀ ਨੂੰ ਆਪਣੇ ਇਥੇ ਲਾਗੂ ਕਰਨ ਤੋਂ ਇਲਾਵਾ ਬਾਕੀ ਦੁਨੀਆਂ ’ਚ ਵੀ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕੌਮਾਂਤਰੀ ਮੁਦਰਾ ਕੋਸ਼ ਇਸ ਵਿਚ ਉਸ ਦਾ ਉਜਾਰ ਬਣ ਗਿਆ। ਇਥੇ ਪਹਿਲਾਂ ਕੌਮਾਂਤਰੀ ਮੁਦਰਾਕੋਸ਼ ਦਾ ਕੰਮ ਸੀ ਵਿਸ਼ਵ ਵਿਤੀ ਅਰਥਚਾਰੇ ਦਾ ਕੰਟਰੋਲ ਕਰਨਾ ਹੁਣ ਉਹੀ ਉਸ ਦਾ ਉਦਾਰੀਕਰਨ ਕਰਨ ਲੱਗਿਆ। ਯੂਰਪੀ ਸਾਮਰਾਜੀ ਵੀ ਨਾ ਨੁਕਰ ਦੇ ਨਾਲ ਇਸ ਵਿਚ ਸ਼ਾਮਲ ਸਨ। ਇਹਨਾਂ ਨੇਤੀਆਂ ਨੇ ਦੁਨੀਆਂ ’ਚ ਭਾਰੀ ਤਬਾਹੀ ਮਚਾਈ। ਦੁਨੀਆਂ ਦੀ ਜ਼ਿਆਦਤਰ ਅਬਾਦੀ ਦਾ ਜੀਣਾ ਹਰਾਮ ਹੋ ਗਿਆ। ਥਾਂ ਥਾਂ ਗੰਭੀਰ ਆਰਥਿਕ ਸੰਕਟ ਫੁਟਣ ਲੱਗੇ। ਇਸ ਸਭ ਦੇ ਲਈ ਸਾਮਰਾਜੀਆਂ ਦੇ ਨਾਲ ਉਹਨਾਂ ਦੀਆਂ ਸੰਸਥਾਵਾਂ-ਕੌਮਾਂਤਰੀ ਮੁਦਰਾ ਕੋਸ਼ ਸੰਸਾਰ ਬੈਂਕ ਤੇ ਵਿਸ਼ਵ ਵਪਾਰ ਸੰਗਠਨ-ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਖਾਸ ਕਰਕੇ ਕੌਮਾਂਤਰੀ ਮੁਦਰਾਕੋਸ਼ ਨੂੰ ਕਿਉਂ ਕਿ ਇਹੀ ਸੰਕਟ ਗ੍ਰਸਿਤ ਦੇਸ਼ਾਂ ਨੂੰ ਉਦਾਰੀਕਰਨ ਦੀਆਂ ਨੀਤੀਆਂ ਅਪਣਾਉਣ ਲਈ ਸ਼ਰਤਾਂ ਆਉਂਦਾ ਸੀ। ਇਸ ਕਾਰਨ ਮੁਦਰਾਕੋਸ਼ ਬਹੁਤ ਬਦਨਾਮ ਹੋ ਗਿਆ ਖਾਸ ਕਰਕੇ 1997-98 ਦੇ ਦੱਖਣ ਪੂਰਬ ਏਸ਼ੀਆ ਸੰਕਟ ਪਿੱਛੋਂ। ਉਦੋਂ ਤੱਕ ਉਦਾਰੀਕਰਨ ਦੀਆਂ ਨੀਤੀਆਂ ਆਪਣੇ ਸਿਖਰ ’ਤੇ ਪੁੱਜ ਗਈਆਂ ਸਨ ਅਤੇ ਕਈ ਦੇਸ਼ਾਂ ਵਿਚ ਇਸ ਦੀ ਪ੍ਰਤੀ ਕ੍ਰਿਆ ਵੀ ਸ਼ੁਰੂ ਹੋ ਚੁੱਕੀ ਸੀ। (ਦੱਖਣੀ ਅਮਰੀਕੀ ਦੇਸ਼ਾਂ ਵਿਚ) ਅਜਿਹੇ ਵਿਚ ਹੁਣ ਕੌਮਾਂਤਰੀ ਮੁਦਰਾ ਕੋਸ਼ ਪਾਸ ਕਰਨ ਨੂੰ ਕੁਝ ਰਿਹਾ ਨਹੀਂ। ਉਸ ਦੀ ਪ੍ਰਸੰਗਿਕਤਾ ’ਤੇ ਸੁਆਲ ਉਠਣ ਲੱਗੇ ਕਿ ਇਸ ਦਾ ਕੀ ਕੀਤਾ ਜਾਵੇ। ਉਸ ਕੋਲ ਕੋਸ਼ ਦੀ ਵੀ ਘਾਟ ਹੋਣ ਲੱਗੀ ਅਤੇ ਫਿਰ ਮੌਜੂਦਾ ਗੰਭੀਰ ਸੰਕਟ ਫੁੱਟ ਪਿਆ। ਪਰ ਇਸ ਨਾਲ ਵੀ ਵੱਡੀ ਇਕ ਗੱਲ ਹੋਈ ਮੌਜੂਦਾ ਸੰਕਟ ਵਿਚ ਵਿਤੀ ਤੰਤਰ ਦੀ ਅਰਾਜਕਤਾ ਦੀ ਭੂਮਿਕਾ ਨੂੰ ਵੇਖਦਿਆਂ ਪੂੰਜੀਵਾਦੀ-ਸਾਮਰਾਜੀ ਹਲਕਿਆਂ ’ਚ ਇਹ ਧਾਰਨਾ ਬਣੀ ਕਿ ਵਿਸ਼ਵ ਪੂੰਜੀਵਾਦੀ ਵਿਵਸਥਾ ਨੂੰ ਬਚਾਉਣ

ਲਈ ਇਸ ਦੇ ਵਿਤੀ ਤੰਤਰ ਦਾ ਦੁਨੀਆਂ ਦੇ ਪੈਮਾਨੇ ’ਤੇ ਨਿਯਮਨ ਕੀਤਾ ਜਾਣਾ ਚਾਹੀਦਾ ਹੈ। ਇਸ ਮੌਜੂਦਾ ਬੇਲਗਾਮ ਸਥਿਤੀ ਅਤੇ ਅਰਾਜਕਤਾ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਪੂਰਬੀ ਯੂਰਪ ਤੇ ਏਸ਼ੀਆ ਦੇ ਕਈ ਭਿਅੰਕਰ ਸੰਕਟ ਗ੍ਰਸਤ ਦੇਸ਼ਾਂ ਨੂੰ ਫਿਰ ਕੌਮਾਂਤਰੀ ਮੁਦਰਾ ਕੋਸ਼ ਦੇ ਸਾਹਮਣੇ ਹੱਥ ਅੱਡਣਾ ਪਿਆ। ਪਰ ਵੱਡਾ ਸੁਆਲ ਇਥੇ ਇਹ ਪੈਦਾ ਹੋ ਗਿਆ ਕਿ ਇਸ ਨਿਯਮਨ ਵਿਚ ਅਤੇ ਇਸ ਲਈ ਬਣਨ ਵਾਲੀ ਸੰਰਚਨਾ ਵਿਚ ਕਿਸ ਨੂੰ ਕਿੰਨਾ ਹਿੱਸਾ ਮਿਲੇ। ਅਮਰੀਕੀ ਸਾਮਰਾਜੀ ਆਪਣੀ ਪਹਿਲਾਂ ਹਾਸਲ ਸਥਿਤੀ ਛੱਡਣਾ ਨਹੀਂ ਚਾਹੁੰਦੇ ਜਦ ਕਿ ਫਰਾਂਸ, ਜਰਮਨੀ, ਰੂਸ ਵਰਗੇ ਸਾਮਰਾਜੀ ਹੀ ਨਹੀਂ ਭਾਰਤ ਦੇ ਚੀਨ ਵਰਗੇ ਪਿਛੜੇ ਦੇਸ਼ ਵੀ ਇਸ ਵਿਚ ਆਪਣਾ ਹਿੱਸਾ ਚਾਹੁੰਦੇ ਹਨ। ਇਸ ਤਰ੍ਹਾਂ ਇਹ 1944 ’ਚ ਗਠਿਤ ਰਚਨਾ ਨੂੰ ਬਦਲਣ ਅਤੇ ਇਸ ਨੂੰ 2009 ਦੇ ਯਥਾਰਥ ਦੇ ਹਿਸਾਬ ਨਾਲ ਢਾਲਣ ਦਾ ਸੰਘਰਸ਼ ਹੈ। ਅਜਿਹੀ ਹਾਲਤ ’ਚ ਸਭ ਨੇ ਵਿਚਕਾਰਲਾ ਰਾਹ ਕੱਢਿਆ ਕਿ ਇਸ ਕੰਮ ਲਈ ਕੌਮਾਂਤਰੀ ਮੁਦਰਾ ਕੋਸ਼ ਦੀ ਵਰਤੋਂ ਕੀਤੀ ਜਾਵੇ ਤੇ ਵਰਤਮਾਨ ਦੇ ਹਿਸਾਬ ਨਾਲ ਇਸ ਦੀ ਰਚਨਾ ’ਚ ਤਬਦੀਲੀ ਕੀਤੀ ਜਾਵੇ। ਇਸ ਲਈ ਸਾਰ ਸੰਕਲਨ ਦਾ ਕੰਮ ਜਨਵਰੀ 2011 ਤੱਕ ਪੂਰਾ ਕਰ ਲਿਆ ਜਾਣਾ ਹੈ। ਬਦਲਾਅ ਪੱਖੀ ਆਸਵੰਦ ਹਨ ਕਿ ਉਹ ਇਸ ਦੀ ਰਚਨਾ ’ਚ ਆਪਣੇ ਮਨੋਕੂਲ ਤਬਦੀਲੀ ਕਰ ਲੈਣਗੇ। ਜਦ ਕਿ ਅਮਰੀਕੀ ਸਾਮਰਾਜੀ ਆਪਣੀ ਪੁਰਾਣੀ ਹੈਸੀਅਤ ਪਹੁੰਚਾਉਦਾ ਚਾਹੁੰਣਗੇ। ਇਥੇ ਇਹ ਰੇਖਾਂਕਿਤ ਕਰਨਾ ਜ਼ਰੂਰੀ ਹੈ ਕਿ ਮੌਜੂਦਾ ਸੰਕਟ ਨਾਲ ਨਿਬੜਨ ਵਿਚ ਕੌਮਾਂਤਰੀ ਮੁਦਰਾ ਕੋਸ਼ ਦੀ ਜੋ ਭੂਮਿਕਾ ਬਣੀ ਹੈ ਸਾਮਰਾਜੀ ਉਸ ਦੀ ਭਰਪੂਰ ਵਰਤੋਂ ਕਰਨਗੇ। ਇਸ ਦੇ ਜ਼ਰੀਏ ਉਹ ਪਿਛੜੇ ਦੇਸ਼ਾਂ ’ਤੇ ਸ਼ਿਕੰਜਾ ਕਸਣਾ ਚਾਹੁਣਗੇ ਅਤੇ ਸੰਕਟ ਨੂੰ ਉਹਨਾਂ ਤੇ ਟਾਲ ਕੇ ਖੁਦ ਮੁਕਤ ਹੋ ਜਾਣਗੇ। ਦੱਖਣ-ਪੂਰਬ ਏਸ਼ੀਆ ਦੇ ਸੰਕਟ ਸਮੇਂ ਕੌਮਾਂਤਰੀ ਮੁਦਰਾ ਕੋਸ਼ ਦੀ ਘ੍ਰਿਣਤ ਭੂਮਿਕਾ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਵੀ ਇਕ ਕਾਰਨ ਸੀ ਜਿਸ ਕਾਰਨ ਸਾਮਰਾਜੀ ਕੌਮਾਂਤਰੀ ਮੁਦਰਾ ਕੋਸ਼ ਨੂੰ ਨੋਡਲ ਏਜੰਸੀ ਬਣਾਉਣ ਲਈ ਸਹਿਮਤ ਹੋ ਗਏ ਹਨ। ਇਹਨਾਂ ਸਭ ਸਮੀਕਰਨਾ ਕਰਕੇ ਕੌਮਾਂਤਰੀ ਮੁਦਰਾ ਕੋਸ਼ ਨੂੰ ਅਚਾਨਕ ਫਿਰ ਏਨਾ ਮਹੱਤਵਪੂਰਨ ਤੇ ਕੇਂਦਰੀ ਹੋ ਗਿਆ ਹੈ ਪਰ ਅਜੇ ਤਾਂ ਖਿਚੋਤਾਣ ਤੇ ਸੰਘਰਸ਼ ਦੀ ਸ਼ੁਰੂਆਤ ਹੀ ਹੋਈ ਹੈ। ਅਸਲੀ ਖੇਡ ਤਾਂ ਅਜੇ ਅੱਗੇ ਹੋਈ ਹੈ।

# ਕਿਸ ਕੀਮਤ ’ਤੇ ਪ੍ਰਮਾਣ ਬਿਜਲੀ?

ਅਮਰੀਕਾ ਨਾਲ ਹੋਏ ਕਰਾਰ ਪਿਛੋਂ ਲਗਣ ਵਾਲਾ ਪਹਿਲੇ ਪ੍ਰਮਾਣੂ ਕਾਰਖਾਨੇ ਲਈ ਹਰਿਆਣਾ ਦੇ ਫਤੇਹਾਬਾਦ ਜ਼ਿਲੇ ’ਚ ਤਿੰਨ ਪਿੰਡਾਂ ਦੀ 2300 ਏਕੜ ਖੇਤੀਯੋਗ ਜ਼ਮੀਨ ਆਪਣੇ ਕਬਜ਼ੇ ’ਚ ਲਈ ਗਈ ਹੈ (ਇਕਵਾਇਰ ਕੀਤੀ ਗਈ ਹੈ)। ਭਾਰਤ ਅਮਰੀਕੀ ਪ੍ਰਮਾਣੂ ਸਮਝੌਤੇ ਪਿਛੋਂ ਦੇਸ਼ ’ਚ ਪਹਿਲਾਂ ਪ੍ਰਮਾਣੂ ਊਰਜਾ ਉਪਕਰਣ ਲਾਉਣ ਦੀ ਮਨਜ਼ੂਰੀ ਕੇਂਦਰ ਤੋਂ ਮਿਲ ਗਈ ਹੈ। ਪਿਛਲੇ ਵੀਹ ਸਾਲਾਂ ਤੋਂ ਲਟਕੀ ਪਈ ਇਸ ਯੋਜਨਾ ਨੂੰ ਲਾਉਣ ਦੀ ਮਨਜ਼ੂਰੀ ਮਿਲਣ ਦੇ ਨਾਲ ਹੀ ਹਰਿਆਣਾ ਸਰਕਾਰ ਨੇ ਇਸਨੂੰ ਆਪਣੀਆਂ ਪ੍ਰਾਪਤੀਆਂ ਦੀ ਫੇਹਰਿਸਤ ’ਚ ਵੀ ਸ਼ਾਮਲ ਕਰ ਲਿਆ ਹੈ। ਹਰਿਆਣਾ ਦੇ ਫਤੇਹਾਬਾਦ ਜ਼ਿਲੇ ’ਚ ਕੁਮਹਾਰਿਆ ਨਿਊਕਲੀਅਰ ਪਾਵਰ ਪਲਾਂਟ’ ਦੇ ਨਾਂ ਨਾਲ ਸ਼ੁਰੂ ਕੀਤੀ ਜਾਣ ਵਾਲੀ ਇਸ ਯੋਜਨਾ ਨਾਲ ਕੇਂਦਰ ਸਰਕਾਰ ਨੂੰ 2800 ਮੈਗਾਵਾਟ ਬਿਜਲੀ ਪੈਦਾ ਹੋਣ ਦੀ ਉਮੀਦ ਹੈ। ਇਹ ਦੇਸ਼ ਦੀ ਸਭ ਤੋਂ ਵੱਡੀ ਪ੍ਰਮਾਣੂ ਊਰਜਾ ਉਤਪਾਦਕ ਇਕਾਈ ਹੋਵੇਗੀ। ਇਸ ਤੋਂ ਵੱਧ ਮੈਗਾਵਾਟ ਬਿਜਲੀ ਪੈਦਾ ਕਰਨ ਲਈ ਪ੍ਰਮਾਣੂ ਯੰਤਰ ਕਾਰਪੋਰੇਸ਼ਨ ਨੂੰ ਸਿੱਧੇ ਤੌਰ ’ਤੇ ਤਿੰਨ ਪਿੰਡਾਂ ਦੇ ਕਿਸਾਨਾਂ ਦੀ ਲਗਭਗ 2500 ਏਕੜ ਜ਼ਮੀਨ ਇਕਵਾਇਰ ਕਰਨੀ ਹੋਵੇਗੀ। ਇਸ ਤੋਂ ਇਲਾਵਾ ਸਰਕਾਰ ਲਗਭਗ 7500 ਏਕੜ ਹੋਰ ਜ਼ਮੀਨ ਆਪਣੇ ਕਬਜ਼ੇ ’ਚ ਲਵੇਗੀ। ਕਾਰਨ, ਪ੍ਰਮਾਣੂ ਊਰਜਾ ਸਯੰਤਰ ਦੀ ਸਥਾਪਨਾ ਪਿਛੋਂ ਹੋਣ ਵਾਲੇ ਵਿਕਰਣ ਨਾਲ ਘੱਟੋ ਘੱਟ ਏਨੀ ਦੂਰੀ ਦੇ ਖੇਤਰ ਪ੍ਰਭਾਵਿਤ ਹੋਣਗੇ। ਹਾਲਾਂਕਿ ਸਰਕਾਰ ਨੇ ਅਜੇ ਤਕ ਵਾਧੂ ਜ਼ਮੀਨ ਦੇ ਇਕਵਾਇਰ ਬਾਬਤ ਕੋਈ ਐਲਾਨ ਨਹੀਂ ਕੀਤਾ ਹੈ। ਪਰ ਦੇਸ਼ ’ਚ ਪ੍ਰਮਾਣੂ ਸਮਝੌਤੇ ਤੋਂ ਪਹਿਲਾਂ ਲਾਏ ਗਏ। 15 ਪ੍ਰਮਾਣੂ ਊਰਜਾ ਯੰਤਰਾਂ ਦੇ ਕੁਝ ਇਸ ਤਰ੍ਹਾਂ ਦੇ ਅਨੁਭਵ ਰਹੇ ਹਨ। ਯੂ. ਪੀ. ਏ. ਸਰਕਾਰ ਨੇ ਫਤੇਹਾਬਾਦ ਤੋਂ ਇਲਾਵਾ ਪ੍ਰਮਾਣੂ ਸਮਝੌਤੇ ਦੇ ਤਹਿਤ ਸੱਤ ਹੋਰ ਅਜਿਹੇ ਯੰਤਰਾਂ ਨੂੰ ਲਾਉਣ ਦੀ ਮਨਜ਼ੂਰੀ ਦਿੱਤੀ ਹੈ। ਇਹਨਾਂ ਲਾਲਸਾਵਾਂ ਕਾਰਨ ਫਤੇਹਾਬਾਦ ਦਾ ਕਿਸਾਨ ਕਿਸੇ ਵੀ ਕੀਮਤ ’ਤੇ ਜ਼ਮੀਨ ਦੇਣ ਲਈ ਤਿਆਰ ਨਹੀਂ ਹੈ। ਉਹਨਾਂ ਦਾ ਦੋਸ਼ ਹੈ ਕਿ ਸਰਕਾਰ ਸੂਚਿਤ ਕੀਤੇ ਬਗੈਰ ਉਹਨਾਂ ਦੀ ਖੇਤੀ ਯੋਗ ਭੂਮੀ ਦਾ ਸਰਵੇ ਕਰਵਾ ਕੇ ਇਕਵਾਇਰ ਕਰਨ ਦਾ ਐਲਾਨ ਕਰ ਚੁੱਕੀ ਹੈ। ਕੁਮਹਾਰਿਆ, ਗੋਰਖਪੁਰ ਤੇ ਕਾਜਲਹੇੜੀ, ਇਹਨਾਂ ਤਿੰਨਾਂ ਪਿੰਡਾਂ ’ਚ ਏਨਾ ਰੋਹ ਹੈ ਕਿ ਕਣਕ ਕਟਾਈ ਦਾ ਰੁਝੇਵੇਂ ਭਰਿਆ ਮੌਸਮ ਹੋਣ ਦੇ ਬਾਵਜੂਦ 19 ਅਪ੍ਰੈਲ ਨੂੰ ਇਕ ਮੀਟਿੰਗ ਕਰਕੇ ਪ੍ਰਮਾਣੂ ਯੰਤਰ ਲਾਏ ਜਾਣ ਖਿਲਾਫ ਕਿਸਾਨਾਂ ਨੇ ਮੰਗ ਪੱਤਰ ਤਿਆਰ ਕੀਤਾ। ਕੁਮਹਾਰਿਆ ਨਿਊਕਲੀਅਰ ਪਾਵਰ ਪਲਾਂਟ ਵਿਰੋਧੀ ਸੰਘਰਸ਼ ਸੰਮਤੀ ਦੇ ਸੰਯੋਜਕ ਬਲਵੀਰ ਸਿੰਘ ਅਨੁਸਾਰ, “ਇਸ ਵਾਰ ਉਹ ਉਸੇ ਪਾਰਟੀ ਨੂੰ ਵੋਟ ਦੇਣਗੇ ਜੋ ਪਿੰਡ ਦੀ ਉਪਜਾਊ, ਜ਼ਮੀਨ ਨੂੰ ਬਚਾਉਣ ਵਿਚ ਸਰਕਾਰ ਨੇ ਖਿਲਾਫ ਸਾਡੇ ਨਾਲ ਖੜ੍ਹੀ ਹੋਵੇਗੀ।” ਇਸ ਯੋਜਨਾ ’ਚ ਗੋਰਖਪੁਰ ਪਿੰਡ ਦੀ 1900 ਏਕੜ ਕੁਮਹਾਰਿਆ ਦੀ 300 ਏਕੜ ਅਤੇ 300 ਏਕੜ ਜ਼ਮੀਨ ਕਾਜਲਹੇੜੀ ਦੀ ਇਕਵਾਇਰ ਕੀਤੀ ਜਾਣੀ ਹੈ। ਪੇਂਡੂਆਂ ਨੇ ਇਸ ਸਾਲ ਰਿਕਾਰਡ ਤੋੜ ਪੈਦਾ ਹੋਈ ਕਣਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹਨਾਂ ਤਿੰਨੋ ਪਿੰਡਾਂ ਦੀ ਜ਼ਿਆਦਾਤਰ ਖੇਤੀ ਯੋਗ ਭੂਮੀ ’ਤੇ ਇਕ ਏਕੜ ’ਚ 28 ਕਇੰਟਲ ਕਣਕ ਪੈਦਾ ਹੁੰਦੀ ਹੈ। ਯਾਨੀ ਦੇਸ਼ ’ਚ ਸਭ ਤੋਂ ਵੱਧ

ਪੈਦਾਵਾਰ ਵਾਲੀ ਭੂਮੀ ਵਿਚੋਂ ਇਕ ਹੈ। ਗੋਰਖਪੁਰ ਪਿੰਡ ਦੇ ਕਿਸਾਨ ਪ੍ਰੇਮ ਦਾਸ ਕਹਿੰਦੇ ਹਨ, ਸਿਰਫ 200 ਏਕੜ ਭੂਮੀ ਐਸੀ ਹੈ ਜੋ ਬੰਜਰ ਹੋ ਚੁੱਕੀ ਹੈ ਉਸ ਦਾ ਵੀ ਕਾਰਨ 1995 'ਚ ਆਇਆ ਹੜ ਹੈ। ਹੜ ਨੂੰ 12 ਸਾਲਾਂ ਤੋਂ ਉਪਰ ਬੀਤ ਜਾਣ ਦੇ ਬਾਵਜੂਦ ਸਰਕਾਰ ਜਾਂ ਖੇਤੀ ਵਿਭਾਗ ਨੇ ਬੰਜਰ ਜ਼ਮੀਨ ਨੂੰ ਉਪਜਾਊ ਬਣਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ।' ਖੁਸ਼ਹਾਲ ਕਿਸਾਨ, ਮਜ਼ਬੂਤ ਫਸਲ ਤੇ ਦਰਵਾਜ਼ਿਆਂ 'ਤੇ ਬੰਨੇ ਦੁਧਾਰੂ ਪਸ਼ੂਆਂ ਦੀ ਜਿਸ ਵਿਰਾਸਤ ਨਾਲ ਹਰਿਆਣਾ ਦੇਸ਼ ਵਿਚ ਫਖਰ ਹੁੰਦਾ ਰਿਹਾ ਹੈ, ਉਸ ਬਾਰੇ ਇਕ ਨਵਾਂ ਸੱਚ ਇਹ ਹੈ ਕਿ ਸਭ ਤੋਂ ਵੱਧ 'ਸਪੈਸ਼ਲ ਇਕਨਾਮਿਕ ਜੋਨ' (ਸੇਜ਼) ਇਥੇ ਬਣਾਏ ਜਾ ਰਹੇ ਹਨ। ਇਸ ਸੰਬੰਧੀ ਦੇਸ਼ ਦੇ ਕਈ ਹਿੱਸਿਆਂ 'ਚ ਕਿਸਾਨ ਪਹਿਲਾਂ ਤੋਂ ਹੀ ਅੰਦੋਲਨ ਕਰ ਰਹੇ ਹਨ। ਹੁਣ ਪ੍ਰਮਾਣੂ ਊਰਜਾ ਕੇਂਦਰ ਲਾਏ ਜਾਣ ਦੀ ਯੋਜਨਾ ਨੇ ਲੋਕਾਂ ਨੂੰ ਹੋਰ ਰੋਹ ਭਰ ਦਿੱਤਾ ਹੈ ਪਰ ਇਹ ਚਰਚਾ ਉਹਨਾਂ ਪਿੰਡਾਂ ਤਕ ਹੀ ਸੀਮਤ ਹੋ ਕੇ ਰਹਿ ਜਾ ਰਹੀ ਹੈ ਇਸ ਦੀ ਭਿਣਕ ਅਜੇ ਰਾਜਸੀ ਗਲਹਿਰਿਆਂ 'ਚ ਨਹੀਂ ਹੈ। ਸ਼ਕਤੀਵੇਸ ਦਸਦੇ ਹਨ ਕਿ 'ਕਦੀ ਭਿਣਕ ਪਵੇਗੀ ਵੀ ਨਹੀਂ ਕਿਉਂਕਿ ਇਸ ਨਾਲ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਉਹਨਾਂ ਦੀਆਂ ਪਾਰਟੀਆਂ ਨੂੰ ਠੇਕੇ ਮਿਲਣਗੇ, ਲੁਟਣ ਦੇ ਦਰਵਾਜ਼ੇ ਖੁੱਲਣਗੇ।

ਜ਼ਾਹਿਰ ਹੈ ਕਿ ਜਿਥੇ ਜਨਤਾ ਇਸ ਊਰਜਾ ਯੰਤਰ ਲਾਏ ਜਾਣ ਦਾ ਵਿਰੋਧ ਕਰ ਰਹੀ ਹੈ ਉਥੇ ਆਮ ਚੋਣਾਂ ਦੇ ਮੱਦੇਨਜ਼ਰ ਰੈਲੀਆਂ ਨੂੰ ਸੰਬੋਧਨ ਕਰ ਰਹੇ ਕਾਂਗਰਸੀ ਨੇਤਾ ਯੂ. ਪੀ. ਏ. ਦੀਆਂ ਪਿਛਲੇ ਪੰਜ ਸਾਲਾਂ ਦੀਆਂ ਪ੍ਰਾਪਤੀਆਂ 'ਚ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਨੂੰ ਮੁੱਖ ਪ੍ਰਾਪਤੀ ਵਜੋਂ ਗਿਣਾ ਰਹੇ ਹਨ। ਕਾਂਗਰਸੀ ਦਸ ਰਹੇ ਹਨ ਕਿ ਕਿਸ ਤਰ੍ਹਾਂ ਨਾਲ ਵਿਰੋਧੀ ਪਾਰਟੀਆਂ ਦੇ ਵਿਰੋਧ ਤੇ ਖੱਬੇ ਮੋਰਚੇ ਦੀ ਹਮਾਇਤ ਵਾਪਸੀ ਦੇ ਬਾਵਜੂਦ ਯੂ. ਪੀ. ਏ. ਸਰਕਾਰ ਨੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਪ੍ਰਮਾਣੂ ਸਮਝੌਤੇ ਦੇ ਸੁਪਨੇ ਨੂੰ ਸਵੀਕਾਰ ਕੀਤਾ, ਜਿਸ ਨਾਲ ਸਾਡਾ ਦੇਸ਼ ਦੁਨੀਆਂ ਦੇ ਨਕਸ਼ੇ 'ਤੇ ਤਾਕਤਵਰ ਦੇਸ਼ਾਂ ਦੀ ਸ਼੍ਰੇਣੀ ਵਿਚ ਗਿਣਿਆ ਜਾਣ ਲੱਗਿਆ। ਤਾਕਤਵਾਰ ਦੇਸ਼ ਦੇ ਕੀ ਮਾਅਨੇ ਹੁੰਦੇ ਹਨ-ਮਹਿੰਗਾਈ, ਬੇਕਾਰੀ, ਫਿਰਕਾਪ੍ਰਸਤੀ ਤੋਂ ਤਰਿਸਦ ਲੋਕਾਂ ਨੂੰ ਸਮਝ 'ਚ ਨਹੀਂ ਆ ਰਿਹਾ ਹੈ ਕਿ ਖੱਬੀਆਂ ਪਾਰਟੀਆਂ ਆਖਰ ਕਿਉਂ ਕਹਿ ਰਹੀਆਂ ਹਨ ਕਿ ਕਾਂਗਰਸ ਨੇ ਪ੍ਰਮਾਣੂ ਸਮਝੌਤਾ ਕਰਕੇ ਭਾਰਤ ਨੂੰ ਅਮਰੀਕਾ ਦਾ ਬੰਧਕ ਬਣਾ ਦਿੱਤਾ ਹੈ ਪਰ ਇਸ ਗੱਲ ਨੂੰ ਪ੍ਰਮਾਣੂ ਉਪਕਰਣ ਖਿਲਾਫ ਅੰਦੋਲਨ ਕਰ ਰਹੇ ਪਿੰਡਾਂ ਦੇ ਲੋਕ ਅਸਾਨੀ ਨਾਲ ਸਮਝ ਰਹੇ ਹਨ। ਪ੍ਰਦੇਸ਼ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਕ ਰੈਲੀ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਕੰਹਾਰਿਆ ਸਯੰਤਰ ਨਾਲ 10 ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਹ ਸੁਣ ਕੇ ਕਿਸਾਨ ਹਸਦੇ ਹਨ ਅਤੇ ਕਹਿੰਦੇ ਹਨ ਕਿ 'ਇਹ ਤਾਂ ਉਜੜੇ ਤੋਂ ਪਹਿਲਾਂ ਫਸਾਉਣ ਵਾਸਤੇ ਬੁਣਿਆ ਜਾਲ ਹੈ।' ਪਿੰਡ ਵਾਸੀ ਅਸ਼ੋਕ ਕੁਮਾਰ ਮੁਤਾਬਕ ਸਿਰਫ ਗੋਰਖਪੁਰ ਪਿੰਡ ਨੂੰ ਹੀ ਲਈਏ ਤਾਂ ਜਾਟ, ਪੰਡਿਤ, ਵਿਸ਼ਨੋਈ ਵਾਲਮੀਕ ਤੇ ਹਰੀਜਨ ਜਾਤੀ ਮਿਲ ਕੇ ਪਿੰਡ ਦੀ ਆਬਾਦੀ ਲਗਭਗ 20 ਹਜ਼ਾਰ ਹੈ। ਕੁਮਹਾਰਿਆ, ਕਾਜਲਹੇਡੀ ਨੂੰ ਜੋੜ ਦਿੱਤਾ ਜਾਵੇ ਤਾਂ ਲਗਭਗ 40 ਹਜ਼ਾਰ ਤੋਂ ਵੱਧ ਲੋਕਾਂ ਦਾ ਗੁਜ਼ਾਰਾ ਖੇਤੀ ਨਾਲ ਹੋ ਰਿਹਾ ਹੈ। ਅਜੇਹੀ ਹਾਲਤ 'ਚ ਅਸੀਂ ਕੋਈ ਅਜਿਹਾ ਪ੍ਰੋਜੈਕਟ ਕਿਉਂ ਲੱਗਣ ਦਿਆਂਗੇ ਜਿਸ ਨਾਲ ਸਾਡੀ ਹੀ ਨਹੀਂ ਸਾਡੀਆਂ ਪੀੜੀਆਂ ਦੀ ਤਬਾਹੀ ਵੀ ਹੋ ਜਾਵੇਗੀ।

ਇਹਨਾਂ ਪਿੰਡਾਂ ਦੇ ਇਲਾਵਾ ਮੋਚੀ, ਚੌਬਾਰਾ, ਜਾਂਡਲੀ ਖੁਰਦ, ਚੰਦ੍ਰਾਵਲ, ਝਲਨਿਆਂ, ਸਿਵਾਨੀ ਆਦਿ ਪਿੰਡ ਪ੍ਰਮਾਣੂ ਸਯੰਤਰ ਦੀ ਲਪੇਟ 'ਚ ਆ ਜਾਣਗੇ।

ਚੌਥੇ ਪੜਾਅ 'ਚ 7 ਮਈ ਨੂੰ ਹਰਿਆਣਾ 'ਚ ਚੁਣਾਵ ਹੋਣ ਜਾਂ ਰਿਹਾ ਹੈ। ਫਤੇਹਾਬਾਦ ਦੇ ਇਸ ਖੇਤਰ ਦੇ ਕਿਸਾਨ ਸਮਝ ਰਹੇ ਹਨ ਕਿ ਜੇ ਉਹਨਾਂ ਨੇ ਇਸ ਮੌਕੇ 'ਤੇ ਪ੍ਰਮਾਣੂ ਊਰਜਾ ਸਯੰਤਰ ਮਸਲੇ ਨੂੰ ਠੀਕ ਤਰ੍ਹਾਂ ਨਹੀਂ ਉਠਾਇਆ ਤਾਂ ਚੋਣਾਂ ਪਿਛੋਂ ਪੰਜ ਸਾਲ ਤਕ ਕੌਣ ਪੁਛਣ ਵਾਲਾ ਹੈ। ਆਮ ਤੌਰ 'ਤੇ ਸਰਕਾਰ ਇਸ ਤਰ੍ਹਾਂ ਦੇ ਸਯੰਤਰ ਉਸ ਇਲਾਕੇ 'ਚ ਲਾਉਂਦੀ ਹੈ ਜਿਥੇ ਵਸੋਂ ਘੱਟੋ-ਘੱਟ 10 ਕਿਲੋਮੀਟਰ ਦੂਰ ਹੁੰਦੀ ਹੈ। ਪਰ ਹਰਿਆਣੇ 'ਚ ਲਾਏ ਜਾਣ ਵਾਲਾ ਇਹ ਪਹਿਲਾਂ ਪ੍ਰਮਾਣੂ ਸਯੰਤਰ ਦੇਸ਼ ਦਾ ਪਹਿਲਾਂ ਸਯੰਤਰ ਹੋਵੇਗਾ ਜਿਸ ਨੂੰ ਸਥਾਪਤ ਕਰਨ ਦੇ ਨਾਲ ਜਿੰਨੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਉਸ ਨਾਲ ਕਈ ਗੁਣਾ ਵੱਧ ਲੋਕ ਬਰਬਾਦ ਹੋ ਜਾਣਗੇ, ਉਜੜ ਜਾਣਗੇ। ਇਸ ਥਾਂ ਨੂੰ ਚੁਨਣ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ 2800 ਮੈਗਾਵਾਟ ਦੇ ਸਯੰਤਰ ਨੂੰ ਚਲਾਉਣ ਲਈ 300 ਕਿਊਸੇਕ ਪਾਣੀ ਦੀ ਲੋੜ ਹੈ। ਫਤੇਹਾਬਾਦ ਅਤੇ ਸਿੰਘ ਮੁੱਖ ਫੀਡਰ ਏਨਾ ਪਾਣੀ ਦੇਣ 'ਚ ਸਮਰਥ ਹੈ। ਜ਼ਾਹਿਰ ਹੈ ਪਾਣੀ ਵੰਡ ਕੀਤੇ ਜਾਣ ਨਾਲ ਕਿਸਾਨਾਂ ਲਈ ਪਾਣੀ ਦੀ ਕਮੀ ਹੋਵੇਗੀ। ਕਿਸਾਨ ਸਯੰਤਰ ਲਾਏ ਜਾਣ ਪਿਛੋਂ ਕਲ ਨੂੰ ਹੋਣ ਵਾਲੇ ਰੇਡਿਓ ਐਕਟਿਵ ਰਸਾਅ ਤੋਂ ਡਰੇ ਹੋਏ ਹਨ ਕਿ ਜੇ ਰਸਾਅ ਹੋ ਗਿਆ ਤਾਂ ਬੀਮਾਰੀਆਂ ਫੈਲਣਗੀਆਂ, ਦੂਰ ਦੂਰ ਤਕ ਜੀਵਨ ਤਹਿਸ ਨਹਿਸ ਹੋ ਜਾਵੇਗਾ।

ਇਸ ਪਿੰਡ 'ਚ ਠੀਕ ਤਰ੍ਹਾਂ ਨਾਲ ਆਪਣਾ ਨਾਂ ਨਾ ਲਿਖਣ ਸਕਣ ਵਾਲੇ ਕਈ ਅਜਿਹੇ ਕਿਸਾਨ ਹਨ ਜਿਹਨਾਂ ਨੇ ਹੀਰੋਸ਼ੀਮਾ-ਨਾਗਾਸਾਕੀ 'ਚ ਪ੍ਰਮਾਣੂ ਵਿਸਫੋਟ ਪਿੱਛੋਂ ਮੱਚੀ ਤਬਾਹੀ ਤੋਂ ਲੈ ਕੇ ਪ੍ਰਮਾਣੂ ਊਰਜਾ ਦੇ ਨਾਂ 'ਤੇ ਰਾਜਸਥਾਨ 'ਚ ਰਾਵਲਭਾਟਾ 'ਚ ਸਥਾਪਤ ਕੀਤੇ ਗਏ ਸਯੰਤਰ ਤੋਂ ਪੈਦਾ ਵਾਤਾਵਰਣ ਸੰਕਟ, ਜ਼ਮੀਨਾਂ 'ਤੇ ਪੈਣ ਵਾਲੇ ਪ੍ਰਭਾਵ ਤੇ ਬੀਅਰ ਪੈਦਾ ਹੋ ਰਹੀਆਂ ਪੀੜੀਆਂ ਬਾਰੇ ਵਿਸਥਾਰ ਨਾਲ ਦੱਸਿਆ। ਪਿੰਡਾਂ ਦਾ ਰੋਸ ਇਸ ਗੱਲ 'ਤੇ ਹੈ ਕਿ ਸਰਕਾਰ ਸਭ ਕੁਝ ਜਾਣਦੇ ਹੋਏ ਵੀ ਉਹਨਾਂ ਦੀ ਹਰੀ ਭਰੀ ਭੂਮੀ ਨੂੰ ਊਰਜਾ ਪੈਦਾ ਕਰਨ ਦੇ ਬਹਾਨੇ ਹਥਿਆ ਲੈਣਾ ਚਾਹੁੰਦੀ ਹੈ 'ਲੋਕ ਸੰਵਾਦ' ਪਤ੍ਰਿਕਾ ਦੇ ਸੰਪਾਦਕ ਪਿਊਸ਼ ਪੰਤ ਨੇ ਦੱਸਿਆ ਕਿ 'ਪ੍ਰਮਾਣੂ ਊਰਜਾ ਦੀ ਸਭ ਤੋਂ ਵੱਡੀ ਦਿੱਕਤ ਰੇਡਿਓ ਐਕਟਿਵ ਕ੍ਰਿਣਾ ਦਾ ਮਾੜਾ ਸਿੱਟਾ ਅਤੇ ਊਰਜਾ ਪੈਦਾ ਕਰਨ ਪਿਛੋਂ ਨਿਕਲਣ ਵਾਲੇ ਕਰਚੇ ਨੂੰ ਸੁਟਣ ਦਾ ਸੰਕਟ' ਅਮਰੀਕੀ ਸਾਮਰਾਜ ਦੀ ਗੱਲ ਕੀਤੀ ਜਾਵੇ ਤਾਂ ਉਥੇ ਸੌ ਪ੍ਰਮਾਣੂ ਸਯੰਤਰ ਹਨ ਪਰ ਇਹ ਕੁਲ ਪੈਦਾ ਹੋਣ ਵਾਲੀ ਊਰਜਾ ਦਾ ਸਿਰਫ 17 ਫੀਸਦੀ ਹੈ। ਭਾਰਤ ਵਰਗੇ ਦੇਸ਼ਾਂ 'ਚ ਇਸ ਤਰ੍ਹਾਂ ਦੇ ਊਰਜਾ ਸ੍ਰੋਤਾਂ ਨੂੰ ਉਤਸ਼ਾਹ ਦੇਣ ਵਾਲੇ ਅਮਰੀਕਾ 'ਚ ਨਵੇਂ ਊਰਜਾ ਸਯੰਤਰ ਨਾ ਦੇ ਬਰਾਬਰ ਲਾਏ ਜਾ ਰਹੇ ਹਨ ਕਿਉਂਕਿ ਉਹਨਾਂ ਤੋਂ ਹੋਣ ਵਾਲੇ ਵਿਕਰਣ ਨਾਲ ਵਾਤਾਵਰਣੀ ਸਮੱਸਿਆ ਵਿਕਰਾਲ ਹੁੰਦੀ ਜਾ ਰਹੀ ਹੈ। ਅਜਿਹੇ 'ਚ ਗੋਰਖਪੁਰ ਪਿੰਡ ਦੇ ਸਰਪੰਚ ਓਮ ਪ੍ਰਕਾਸ਼ ਸਰਕਾਰ ਤੋਂ ਜਾਨਣਾ ਚਾਹੁੰਦੇ ਹਨ ਕਿ 'ਦੁਨੀਆਂ ਭਰ 'ਚ ਅਤੇ ਆਪਣੇ ਦੇਸ਼ ਵਿਚ ਵੀ ਇਸ ਤਰ੍ਹਾਂ ਦੇ ਊਰਜਾ ਸਰੋਤਾਂ ਨਾਲ ਜਦ ਏਨੇ ਵਿਆਪਕ ਪੈਮਾਨੇ 'ਤੇ ਤਬਾਹੀ ਹੋ ਰਹੀ ਹੈ ਤਾਂ ਸਾਡੀ ਸਰਕਾਰ ਅੱਖਾਂ ਬੰਦ ਕਰਕੇ ਅਮਰੀਕਾ ਦੀ ਦਲਾਲੀ ਕਿਉਂ ਕਰਨਾ ਚਾਹੁੰਦੀ ਹੈ?'

# ਵੱਡੇ ਬਿਜਲੀ ਚੋਰਾਂ ਦੇ ਵੱਡੇ ਵੱਡੇ ਸਰਪ੍ਰਸਤ

ਬਿਹਾਰ ਬਿਜਲੀ ਬੋਰਡ ਦੇ ਚੇਅਰਮੈਨ ਸਵਪਨ ਮੁਖਰਜੀ ’ਤੇ ਹੀ ਬਿਜਲੀ ਦੇ ਵੱਡੇ ਚੋਰਾਂ ਦੀ ਸਰਪ੍ਰਸਤੀ ਦਾ ਕੇਸ ਹੈ। ਮੁਖ ਮੰਤਰੀ ਨਤੀਸ਼ ਕੁਮਾਰ ਦੇ ਬਿਹਾਰ ’ਚ ਕੁਝ ਵੀ ਸਹੀ ਨਹੀਂ ਚਲ ਰਿਹਾ ਹੈ। ਚਕਾਚੌਂਦ ਪ੍ਰਸਾਸ਼ਨ ਦੀ ਹਕੀਕਤ ਦਾ ਦੂਜਾ ਪਹਿਲੂ ਵੀ ਹੈ। ਦਸਤਾਵੇਜ਼ਾਂ ਤੋਂ ਸਾਫ ਖੁਲਾਸਾ ਹੁੰਦਾ ਹੈ ਕਿ ਚੋਟੀ ’ਤੇ ਬੈਠੇ ਅਧਿਕਾਰੀਆਂ ਦੇ ਭਰਿਸ਼ਟ ਕਾਰਨਾਮਿਆਂ ਦੇ ਉਜਾਗਰ ਹੋਣ ਦੇ ਬਾਵਜੂਦ ਬਿਹਾਰ ਸਰਕਾਰ ਸਿੱਧੀ ਕਾਰਵਾਈ ਤੋਂ ਹਿਚਕਚਾਉਂਦੀ ਹੈ। ਦਰਪੇਸ਼ ਮਾਮਲਾ ਬਿਹਾਰ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਸਵਪਨ ਮੁਖਰਜੀ ਨਾਲ ਜੁੜਿਆ ਹੋਇਆ ਹੈ। ਉਹਨਾਂ ’ਤੇ ਕਾਇਦੇ ਕਨੂੰਨ ਨੂੰ ਹਾਸ਼ੀਏ ’ਤੇ ਰੱਖ ਕੇ ਕਰੋੜਾਂ ਦੀ ਬਿਜਲੀ ਦੇ ਚੋਰਾਂ ਨੂੰ ਸਰਪਰਸਤੀ ਦੇਣ ਦਾ ਸਿੱਧਾ ਦੋਸ਼ ਹੈ। ਇਹ ਦੋਸ਼ ਕਿਸੇ ਰਾਹ ਚਲਦੇ ਮੁਸਾਫਿਰ ਨਹੀਂ, ਬੋਰਡ ਦੇ ਹੀ ਵਿਜੀਲੈਂਸ (ਨਿਗਰਾਨੀ) ਵਿਭਾਗ ਨੇ ਬਕਾਇਦਾ ਪੁਲਸ ’ਚ ਐਫ. ਆਈ. ਆਰ. (ਪ੍ਰਾਥਮਿਕੀ) ਦਰਜ ਕਰਵਾ ਕੇ ਮੁਖਰਜੀ ਤੇ ਬੋਰਡ ਦੇ ਸਾਰੇ ਅਫਸਰਾਂ ਨਾਲ ਮੱਥਾ ਮਾਰਿਆ ਹੈ। ਮਾਮਲਾ ਕੁਝ ਇਸ ਤਰ੍ਹਾਂ ਹੈ ਕੁੰਡੀ ਲਾ ਕੇ ਸੱਠ ਵਾਟ ਦਾ ਬਲਬ ਜਗਾਉਣ ਵਾਲਿਆਂ ’ਤੇ ਨਜ਼ਰਾਂ ਰੱਖਣ ਵਾਲਾ ਬਿਹਾਰ ਬਿਜਲੀ ਬੋਰਡ ਖੁਦ ਹੀ ਵੱਡੇ ਖਪਤਕਾਰਾਂ ਨੂੰ ਕਰੋੜਾਂ ਰੁਪਏ ਦੀ ਬਿਜਲੀ ਚੋਰੀ ਦਾ ਮੌਕਾ ਦੇ ਰਿਹਾ ਹੈ। ਬਦਲੇ ’ਚ ਕੀ ਮਿਲਦਾ ਹੋਵੇਗਾ? ਅਜਿਹੀ ਖੇਡ ਦੇ ਨਤੀਜੇ ਹੁਣ ਦੇਸ਼ ’ਚ ਖੁੱਲ੍ਹਾ ਸੱਚ ਬਣ ਗਏ ਹਨ। ਯਾਨੀ ਮਾਲ ਲੁਟੇ ਲੋਕਾਂ ਦਾ ਅਤੇ ਜੇਬ ਭਰੇ ਅਧਿਕਾਰੀਆਂ ਦੀ। ਬੀਤੇ ਸਾਲ ਬੋਰਡ ਦੇ ਨਿਗਰਾਨੀ ਵਿਭਾਗ ਨੂੰ ਖੁਫੀਆ ਸੂਚਨਾ ਮਿਲੀ ਕਿ ਰੋਲਿੰਗ ਮਿਲ, ਇੱਟਾਂ ਤੇ ਸਰੀਆ ਬਣਾਉਣ ਵਾਲੇ ਕੁਝ ਵੱਡੇ ਕਾਰਖਾਨੇਦਾਰ ਬੇਹਿਸਾਬ ਬਿਜਲੀ ਚੋਰੀ ਕਰ ਰਹੇ ਹਨ। ਦਰਅਸਲ ਇਹਨਾਂ ਕਾਰਖਾਨਿਆਂ ’ਚ ਬਿਜਲੀ ਇਕ ਤਰ੍ਹਾਂ ਨਾਲ ਕੱਚੇ ਮਾਲ ਵਾਂਗੂੰ ਵਰਤੀ ਜਾ ਰਹੀ ਸੀ ਅਤੇ ਬਦਲੇ ’ਚ ਸਰਕਾਰੀ ਖਜ਼ਾਨੇ ’ਚ ਅੱਧ-ਪਚੱਧ ਪਹੁੰਚ ਰਿਹਾ ਸੀ। ਜਾਣਕਾਰੀ ਲਈ ਦੱਸ ਦੇਈਏ, ਕਰੀਬ ਦਸ ਕਰੋੜ ਦੀ ਅਬਾਦੀ ਵਾਲੇ ਬਿਹਾਰ ’ਚ ਦੋ ਕਰੋੜਾਂ ਘਰਾਂ ਵਿਚ ਵੀ ਬਿਜਲੀ ਹੈ ਅਤੇ ਬਾਕੀ ਘਰਾਂ ’ਚ ਅੱਜ ਵੀ ਕਿਸਾਨ ਦੀਆਂ ਢਿੰਬਰੀਆਂ ਹੀ ਜਲਦੀਆਂ ਹਨ। ਚੋਰਾਂ ਤੋਂ ਬਚੀਏ ਤਾਂ ਨਾ ਉਜਾਲਾ ਹੋਵੇ ਗਰੀਬਾਂ ਦੀ ਬਸਤੀ ’ਚ? ਹਾਲ ਦੀ ਘੜੀ ਤਹਿਕੀਕਾਤ ਪਿਛੋਂ ਨਿਗਰਾਨ ਵਿਭਾਗ ਨੇ ਪਾਇਆ ਕਿ ਅਜਿਹੇ ਕਈ ਕਾਰਖਾਨੇਦਾਰ ਹਨ ਜਿਹਨਾਂ ਨੇ ਮੀਟਰ ਨਾਲ ਛੇੜਛਾੜ ਕੀਤੀ ਹੈ ਤੇ ਬੇਹਿਸਾਬ ਬਿਜਲੀ ਚੋਰੀ ਕਰ ਰਹੇ ਹਨ। ਹਾਲਾਂਕਿ ਇਹ ਮੀਟਰ ਇੰਟੇਲੀਜੈਂਟ ਕਿਸਮ ਦੇ ਮੀਟਰ ਹਨ ਜਿਹਨਾਂ ਵਿਚ ਜੀ. ਪੀ. ਐਸ. ਸਿਸਟਮ ਲੱਗਿਆ ਹੁੰਦਾ ਹੈ। ਸਿੱਧੀ ਜੁਬਾਨ ’ਚ ਕਹੀਏ ਤਾਂ ਇਸ ਮੀਟਰ ਨਾਲ ਛੇੜਛਾੜ ਦਾ ਪਤਾ ਤੁਰੰਤ ਹੀ ਕੰਟਰੋਲ ਰੂਮ ’ਚ ਲੱਗ ਜਾਂਦਾ ਹੈ। ਪਰ ਇਹਨਾਂ ਮਾਮਲਿਆਂ ਵਿਚ ਬੋਰਡ ਦੇ ਅਧਿਕਾਰੀਆਂ ਨੇ ਨਿਗਰਾਨੀ ਵਿਭਾਗ ਨੂੰ ਇਤਲਾਹ ਨਹੀਂ ਦਿੱਤੀ। ਮਤਲਬ ਸਾਫ ਹੈ। ਨਿਗਰਾਨ ਵਿਭਾਗ ਨੇ ਖੁਦ ਮੌਕਾ ਮੁਆਇਨੇ ਨਾਲ ਇਹਨਾਂ ਚੋਰੀਆਂ ਨੂੰ ਫੜਿਆ। ਸੂਤਰਾਂ ਮੁਤਾਬਿਕ ਮੁਹਿੰਮ ਤਹਿਤ ਨਿਗਰਾਨੀ ਵਿਭਾਗਾਂ ਨੇ 50 ਤੋਂ ਵੱਧ ਵੱਡੇ ਬਿਜਲੀ ਚੋਰਾਂ ਨੂੰ ਆਸਰਾ ਦਿੱਤਾ ਹੈ ਅਤੇ ਇਹਨਾਂ ਖਿਲਾਫ ਪੁਖਤਾ ਸਬੂਤਾਂ ਦੇ ਨਾਲ ਲੈਸ

ਨਿਗਰਾਨੀ ਵਿਭਾਗ ਜਲਦੀ ਕਾਰਵਾਈ ਸ਼ੁਰੂ ਕਰਨ ਜਾ ਰਿਹਾ ਹੈ। ਹਾਲਾਂਕਿ ਐਸੇ ਕੇਸ ਪਹਿਲਾਂ ਵੀ ਹੁੰਦੇ ਹਨ ਪਰ ਸੱਤਾ ਦੇ ਗਲਿਹਰਿਆ 'ਚ ਨਿਪਟਾ ਦਿੱਤੇ ਜਾਂਦੇ ਰਹੇ ਹਨ। ਇਸ ਵਾਰੀ ਖੇਡ ਉਲਟ ਗਈ ਤਾਂ ਨਿਗਰਾਨੀ ਵਿਭਾਗ ਦੀ ਵਜਾਹ ਨਾਲ ਕਿਉਂਕਿ ਨਿਗਰਾਨ ਵਿਭਾਗ ਦੇ ਅਫਸਰਾਂ ਨੇ ਖੇਡ ਵਿਚ ਸ਼ਾਮਲ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਇਸ ਨਾਲ ਜ਼ਾਹਰ ਹੋਇਆ ਕਿ ਇਸ ਖੇਡ 'ਚ ਵੱਡੇ-ਵੱਡੇ ਸ਼ਾਮਲ ਹਨ ਅਤੇ ਇਹਨਾਂ ਦੇ ਸਰਪਰਸ਼ਤਵੀ ਵੱਡੇ ਵੱਡੇ ਹਨ। ਨਿਗਰਾਨ ਵਿਭਾਗ ਵੱਲੋਂ ਬੀਤੇ ਸਾਲ ਇਕ ਮਾਮਲਾ ਦਰਜ਼ ਹੋਇਆ ਜਿਸ 'ਚ ਏਨਾ ਵੱਡੇ ਬਿਜਲੀ ਚੋਰਾਂ ਦੇ ਸਰਪ੍ਰਸਤਾਂ ਦਾ ਮਤਾ ਲੱਗਿਆ। ਪਟਨਾ ਦੇ ਸਬਾਲਪੁਰ ਇਲਾਕੇ 'ਚ ਇਕ ਕਾਰਖਾਨੇਦਾਰ ਹੈ। ਦਾਦੀ ਜੀ ਸਟੀਲ ਲਿਮਟਿਡ ਨਿਗਰਾਨੀ ਵਿਭਾਗ ਨੇ ਜਦ ਬੀਤੇ ਸਾਲ ਛੇ ਮਈ ਨੂੰ ਇਸ ਕਾਰਖਾਨੇ 'ਤੇ ਛਾਪਾ ਮਾਰਿਆ ਤਾਂ ਵੇਖਿਆ ਕਿ ਇੰਟੈਲੀਜੈਂਟ ਮੀਟਰ ਨੂੰ ਮੱਠਾ ਕਰਕੇ ਥੜੱਲੇ ਨਾਲ ਬਿਜਲੀ ਚੋਰੀ ਕਰ ਰਹੀ ਹੈ। ਹਿਸਾਬ-ਕਿਤਾਬ ਹੋਇਆ ਤਾਂ ਦਿਮਾਗ ਚਕਰਾ ਗਿਆ। ਦਾਦੀ ਜੀ ਨੇ ਕੋਈ 20 ਰੁਪਏ ਦੀ ਬਿਜਲੀ ਡਕਾਰ ਲਈ। ਦਾਦੀ ਜੀ ਦਾ ਮਾਮਲਾ ਜਦ ਬਾਹਰ ਆਇਆ ਤਾਂ ਬਿਜਲੀ ਬੋਰਡ 'ਚ ਬੈਠੇ ਸਰਪਰਸ ਸਰਗਰਮ ਹੋ ਗਏ ਅਤੇ ਫਟਾ-ਫਟ ਕਨੂੰਨੀ ਨੁਕਤਾ ਕੱਢਦਿਆਂ ਅਖਬਾਰਾਂ 'ਚ ਸਵੈਇਛਕ ਐਲਾਨ ਦਾ ਇਕ ਇਸ਼ਤਿਹਾਰ ਛਪਵਾ ਦਿੱਤਾ। ਜਿਸ ਤਹਿਤ ਫੜੇ ਗਏ ਚੋਰਾਂ ਨੂੰ ਹਿਰਦੇ ਪ੍ਰੀਵਰਤਨ ਦਾ ਮੌਕਾ ਦਿੰਦਿਆਂ ਅੱਧ ਪਚੱਧੇ 'ਚ ਛੱਡਣ ਦਾ ਐਲਾਨ ਕੀਤਾ ਗਿਆ। ਦਾਦਾ ਜੀ ਨੂੰ 20 ਕਰੋੜ ਦੇ ਬਦਲੇ ਇਕ ਕਰੋੜ ਜਮਾ ਕਰਾਉਣ ਲਈ ਕਿਹਾ ਗਿਆ। ਹਾਲਾਂਕਿ ਬਿਜਲੀ ਵਿਭਾਗ 'ਚ ਨਿਗਰਾਨੀ ਵਿਭਾਗ ਨੇ ਡੀ. ਜੀ. ਮਨੋਜ ਨਾਥ ਦਾ ਸਾਫ ਕਹਿਣਾ ਹੈ, ਕਿ "ਬਿਹਾਰ ਬਿਜਲੀ ਸਪਲਾਈ ਕੋਡ 2007 ਦੀ ਧਾਰਾ 11.4 ਤਹਿਤ ਸਿਰਫ ਉਹਨਾਂ ਹੀ ਖਪਤਕਾਰਾਂ ਨੂੰ ਮੌਕਾ ਦਿੱਤਾ ਜਾ ਸਕਦਾ ਹੈ ਜੋ ਪਹਿਲਾਂ ਕਿਸੇ ਬਿਜਲੀ ਚੋਰ 'ਚ ਨਾਂ ਫੜੇ ਗਏ ਹੋਣ। ਦੂਜੇ, ਇਕ ਵਾਰੀ ਅਪਰਾਧਿਕ ਮਾਮਲਾ ਦਰਜ ਹੋਣ ਪਿਛੋਂ ਸਵੈਇੱਕ ਐਲਾਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਜਦ ਕਿ ਸੂਤਰਾਂ ਮੁਤਾਬਕ ਦਾਦੀ ਜੀ ਸਮੇਤ ਫੜੇ ਗਏ ਕਈ ਕਾਰਖਾਨੇ ਪਹਿਲਾਂ ਹੀ ਚੋਰੀ 'ਚ ਲਿਪਤ ਪਾਏ ਗਏ ਹਨ। ਸਵੈਇਛਕ ਐਲਾਨ ਤਹਿਤ ਮੁਆਫੀ ਦੀ ਗੁੰਜਾਇਸ਼ ਦੇ ਕਤਈ ਕਾਬਲ ਨਹੀਂ ਹਨ ਇਹ ਲੋਕ ਹੁਣ ਸ਼ੁਰੂ ਹੁੰਦਾ ਹੈ ਬੋਰਡ 'ਚ ਬੈਠੇ ਵੱਡੇ ਸਰਪ੍ਰਸਤ ਅਧਿਕਾਰੀਆਂ ਵੱਲੋਂ ਬਿਜਲੀ ਚੋਰਾਂ ਨੂੰ ਬਚਾਉਣ ਦੀ ਖੇਡ, ਜੋ ਕਰੀਬ ਸਾਲ ਭਰ ਚੱਲੀ। ਜਦ ਨਿਗਰਾਨੀ ਵਿਭਾਗ ਨੇ ਇਤਰਾਜ ਕੀਤਾ ਤਾਂ ਬੋਰਡ ਦੇ ਮੁਖੀ ਸਵਪਨ ਮੁਖਰਜੀ ਨੇ ਪਾਲਾ ਬਦਲਦਿਆਂ ਐਲਾਨ ਕੀਤਾ ਕਿ 'ਮੈਨੂੰ ਕਨੂੰਨ ਬਾਰੇ ਜਾਣਕਾਰੀ ਨਹੀਂ ਸੀ' ਐਲਾਨ ਤਾਂ ਹੋਇਆ ਪਰ ਦਾਦੀ ਜੀ ਤੋਂ ਸਰਕਾਰੀ ਬਕਾਇਆ 19 ਕਰੋੜ ਰੁਪਏ ਦੀ ਅਦਾਇਗੀ ਲਈ ਬੋਰਡ ਨੇ ਕੁਝ ਨਹੀਂ ਕੀਤਾ। ਅੱਜ ਵੀ ਵਸੂਲਿਆ ਨਹੀਂ ਗਿਆ ਹੈ। ਏਨਾ ਹੀ ਨਹੀਂ ਬੋਰਡ ਨੇ ਦਾਦਾ ਜੀ 'ਤੇ ਇਕ ਕਰੋੜ ਰੁਪਏ ਦੀ ਰਕਮ ਵੀ ਭਾਰੀ ਮਹਿਸੂਸ ਕੀਤੀ ਅਤੇ ਕਿਸ਼ਤਾਂ ਵਿਚ ਵਸੂਲਣ ਦੀ ਸਹੂਲਤ ਦੇਣ ਦੀ ਸਿਫਾਰਸ਼ ਕੀਤੀ ਅਤੇ ਉਹ ਵੀ ਤਿੰਨ-ਤਿੰਨ ਕਿਸ਼ਤਾਂ। ਅਜਿਹੇ ਵਿਚ ਨਿਗਰਾਨੀ ਵਿਭਾਗ ਨੇ ਡਿਪਟੀ ਐਸ. ਪੀ. ਭੁਪਿੰਦਰ ਨਰਾਇਣ ਸਿਨਹਾ ਵਲੋਂ ਦੋ ਅਪ੍ਰੈਲ 2009 ਨੂੰ ਦੁਪਹਿਰ ਬਾਅਦ ਦਰਜ ਹੋਈ ਐਫ. ਆਈ. ਆਰ. ਦਾ ਮਜ਼ਮੂਨ ਕਾਬਲੇ ਗੌਰ ਹੈ। ਇਸ ਵਿਚ ਕਿਹਾ ਗਿਆ ਕਿ 'ਉਪਯੁਕਤ ਹਾਲਤਾਂ 'ਚ ਮੈਂ ਬਿਹਾਰ

ਰਾਜ ਬਿਜਲੀ ਬੋਰਡ ਦੇ ਹੇਠ ਲਿਖੇ ਅਹੁਦੇਦਾਰ ਕ੍ਰਮਵਾਰ 1. ਸ੍ਰੀ ਸਵਪਨ ਮੁਖਰਜੀ ਮੁਖੀ ਬਿਹਾਰ ਰਾਜ ਬਿਜਲੀ ਬੋਰਡ, ਐਮ. ਆਈ. ਅਨਸਾਰੀ ਮੁਖ ਅਭਿਅੰਤਾ (ਸੇਵਾ ਮੁਕਤ) 3. ਸ੍ਰੀ ਰਤਨੇਸ਼ਵਰ ਡਾ. ਸਾਬਕਾ ਅਧੀਕਸ਼ਣ ਅਭਿਅੰਤਾਂ (ਵਪਾਰ) ਅਤੇ ਹੋਰਾਂ ਨੂੰ ਧਾਰਾ 13 (1) (ਡੀ) ਭਰਿਸ਼ਟਾਚਾਰ ਵਿਰੋਧੀ ਮੁਹਿੰਮ ਕਨੂੰਨ 120-ਬੀ ਭਾਰਤੀ ਦੰਡ ਵਿਧਾਨ ਦੇ ਤਹਿਤ ਸਾਜਿਸ਼ ਅਧੀਨ ਭਰਿਸ਼ਟ ਆਚਰਣ ਅਪਣਾ ਕੇ ਮੈਸਰਜ਼ ਦਾਦਾ ਜੀ ਸਟੀਲ ਲਿਮਟਿਡ ਦੀ ਬਿਹਾਰ ਬਿਜਲੀ ਸਪਲਾਈ ਕੋਡ 2007 ਕੰਡਿਕਾ (ਧਾਰਾ) 11.4 ਦੇ ਤਹਿਤ ਮੀਟਰ ਟੈਂਪਰਿੰਗ ਦਾ ਸਵੈ ਇੱਛਕ ਐਲਾਨ 'ਚ ਪ੍ਰਦਤ ਸ਼ਕਤੀਆਂ ਦਾ ਅਨੂਪ ਯੁਕਤ ਤੇ ਬੇਈਮਾਨੀ ਯੁਕਤ ਵਰਤੋਂ ਕਰਕੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਇਆਂ ਸਵੈਇੱਛਕ ਐਲਾਨ ਸਵੀਕਰ ਕਰਦਿਆਂ ਬਿਜਲੀ ਬੋਰਡ ਨੂੰ ਕਰੀਬ 19 ਕਰੋੜ ਰੁਪਏ ਦਾ ਨਾਜ਼ਾਇਜ਼ ਆਰਥਿਕ ਹਰਜਾ ਪਹੁੰਚਾਉਣਾ ਤੇ ਉਨੀ ਹੀ ਰਾਸ਼ੀ ਦਾ ਨਜ਼ਾਇਜ਼ ਲਾਭ ਮੇਸਰਜ਼ ਦਾਦਾ ਜੀ ਲਿਮਟਿਡ ਨੂੰ ਪਹੁੰਚਾਉਣ ਲਈ ਆਰੋਪਿਤ ਕਰਦਾ ਹਾਂ। ਸੂਤਰਾਂ ਮੁਤਾਬਕ ਉਨੀ ਕਰੋੜ ਰੁਪਏ ਦੀ ਬਾਂਦਰਵੰਡ ਤਾਂ ਸਿਰਫ ਇਕ ਕਾਰਖਾਨੇ ਦੇ ਹਿੱਸੇ ਨਿਕਲੀ, ਅਜੇ 50 ਤੋਂ ਵੱਧ ਕੇਸ ਨਿਗਰਾਨੀ ਵਿਭਾਗ ਦੀਆਂ ਪਰਤਾਂ ਖੋਹਲ ਰਹੇ ਹਨ। ਡੀ. ਜੀ. ਮਨੋਜ ਨਾਥ ਦੀ ਸੁਲੀਏ ਤਾਂ ਬਿਜਲੀ ਚੋਰਾਂ ਦੀ ਹਕੀਕਤ ਸਰਕਾਰੀ ਲਿਪਾਪੋਚੀ ਦੇ ਵਰਕ 'ਚ ਲਿਪਟੀ ਬਾਹਰ ਆ ਗਈ ਤਾਂ ਬਿਜਲੀ ਚੋਰੀ ਦਾ ਮਾਮਲਾ ਸ਼ਾਇਦ ਬਿਹਾਰ ਦੇ ਚਾਰਾਂ ਘੋਟਾਲੇ ਦਾ ਰਿਕਾਰਡ ਤੋੜ ਦੇਵੇ।

ਬਿਜਲੀ ਚੋਰਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਜਦ ਨਿਗਰਾਨੀ ਵਿਭਾਗ ਵਲੋਂ ਦੋ ਅਪ੍ਰੈਲ 2009 ਨੂੰ ਐਫ. ਆਰ. ਆਈ. ਦਰਜ ਕਰਵਾਈ ਗਈ ਤਾਂ ਉਸੇ ਸ਼ਾਮ ਮੁਖ ਨਿਆਂਇਕ ਮੈਜਿਸਟ੍ਰੇਟ ਦੀ ਅਦਾਲਤ 'ਚ ਸਵਪਨ ਮੁਖਰਜੀ ਵਲੋਂ ਇਕ ਸ਼ਿਕਾਇਤ ਦਰਜ ਕਰਵਾਈ ਜਾਂਦੀ ਹੈ। ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਹੈ ਕਿ ਨਿਗਰਾਨੀ ਵਿਭਾਗ ਦੇ ਡੀ. ਜੀ. ਮਨੋਜ ਨਾਥ ਨੇ ਮੇਰੇ (ਸਵਪਨ ਮੁਖਰਜੀ) ਦਫਤਰ 'ਚ ਪਹੁੰਚ ਕੇ ਮੈਨੂੰ ਧਮਕਾਇਆ। ਧਮਕਾਉਣ ਦੀ ਵਜਾਹ ਦੱਸੀ ਗਈ। ਮਨੋਜ ਨਾਥ ਖੁਦ ਲਈ ਜ਼ਿਆਦਾ ਵੱਡੇ ਦਫਤਰ ਦੀ ਮੰਗ ਕਰ ਰਹੇ ਸਨ। ਇਸ 'ਤੇ ਮਨੋਜ ਨਾਥ ਦਾ ਕਹਿਣਾ ਹੈ ਕਿ ਤੱਥਾਂ ਦੀ ਕੜੀ ਜੋੜਨ ਪਿੱਛੋਂ ਇਸ ਸ਼ਿਕਾਇਤ ਪਿਛੋਂ ਛਿਪੀ ਬੋਰਡ ਮੁਖੀ ਦੀ ਹਤਾਸ਼ਾ ਤੇ ਮੰਸ਼ਾ ਦੋਨੋਂ ਖੁਦ-ਬ-ਖੁਦ ਸਾਫ ਹੋ ਜਾਣਗੀਆਂ, ਮੈਂ ਸਫਾਈ ਦੇਣ ਦੀ ਜ਼ਰੂਰਤ ਨਹੀ ਸਮਝਦਾ।

ਗਰੀਬ ਗੁਰਬਿਆਂ ਖਿਲਾਫ ਕਨੂੰਨ ਦੀ ਭਾਸ਼ਾ ਸਖਤ ਬੋਲਣ ਵਾਲਾ ਲੋਕਰਾਜੀ ਪ੍ਰਸਾਸ਼ਨ ਕੀ ਵੱਡੇ ਬਿਜਲੀ ਚੋਰਾਂ ਦੇ ਸਰਪ੍ਰਸਤਾਂ 'ਤੇ ਵੀ ਇਹੀ ਫਾਰਮੂਲਾ ਲਾਗੂ ਕਰੇਗਾ? ਨਾ ਉਮੀਦੀ ਵੱਧ ਹੈ। ਬਿਹਾਰ ਦੇ ਵਿਜੀਲੈਂਸ ਕਮਿਸ਼ਨਰ ਵਿਜੈ ਵਰਮਾ ਕਹਿੰਦੇ ਹਨ 'ਕੀ ਕੀਤਾ ਜਾਣਾ ਚਾਹੀਦਾ ਹੈ? ਕਾਨੂੰਨ ਆਪਣੇ ਹਿਸਾਬ ਨਾਲ ਕੰਮ ਕਰੇਗਾ' ਵਰਮਾ ਦੇ ਜੁਆਬ ਦੇ ਬੁਰੇ ਅਰਥ ਸਮਝਣ ਦੀ ਜ਼ਰੂਰਤ ਨਹੀਂ ਹੈ।

# ਖਪਤ ਸਭਿਆਚਾਰ

ਕਿਸੇ ਵੀ ਸਮਾਜ 'ਚ ਪੈਦਾਵਾਰ ਇਸ ਲਈ ਕੀਤੀ ਜਾਂਦੀ ਹੈ ਕਿ ਉਸ ਦੀ ਵਰਤੋਂ ਕੀਤੀ ਜਾ ਸਕੇ। ਜੇ ਵਸਤੂਆਂ (ਜਾਂ ਸੇਵਾਵਾਂ) ਦੀ ਵਰਤੋਂ ਨਾ ਕੀਤੀ ਜਾਵੇ ਜਾਂ ਨਾ ਕੀਤੀ ਜਾ ਸਕੇ ਤਾਂ ਪੈਦਾਵਾਰ ਕਰਨ ਦਾ ਅਰਥ ਹੀ ਨਹੀਂ ਰਹਿ ਜਾਵੇਗਾ। ਉਸ 'ਤੇ ਸੁਆਲੀਆ ਚਿੰਨ ਲੱਗ ਜਾਵੇਗਾ। ਜੇ ਕੱਪੜਾ ਪੈਦਾ ਕਰਨ ਵਾਲੀਆਂ ਪੈਦਾਵਾਰੀ ਇਕਾਈਆਂ ਦੀ ਇਸ ਪੈਦਾ ਕੀਤੀ ਵਸਤੂ ਦੀ ਵਰਤੋਂ ਕਿਸੇ ਵੀ ਵਜਾਹ (ਚਾਹੇ ਵੱਧ ਪੈਦਾਵਾਰ ਜਾਂ ਵਿਕ ਨਾ ਸਕਣ ਕਰਕੇ) ਜਾਂ ਉਸ ਦੇ ਕੱਚੇ ਮਾਲ (ਕਪਾਹ ਆਦਿ) ਨੂੰ ਪੈਦਾ ਕਰਨ ਵਾਲੀ ਸ਼ਾਖਾ ਖੇਤੀ ਦੀ ਪੈਦਾਵਾਰ 'ਚ ਲੱਗੀ ਆਬਾਦੀ ਨੂੰ ਇਹ ਅਮਲ ਥੋੜੇ ਸਮੇਂ ਲਈ ਬੰਦ ਕਰਨੀ ਪਵੇਗੀ। ਜਦ ਤਕ ਉਸ ਵਲੋਂ ਪੈਦਾ ਕੀਤਾ ਮਾਲ ਵਿਕ ਨਾ ਜਾਵੇ ਜਾਂ ਵਰਤ ਨਾ ਲਿਆ ਜਾਵੇ ਤਦ ਤਕ ਪੈਦਾਵਾਰ ਨੂੰ ਜਾਰੀ ਰੱਖਣਾ ਸੰਭਵ ਨਹੀਂ ਹੋਣ। ਅਸੀਂ ਜਾਣਦੇ ਹਾਂ ਕਿ ਇਕ ਪੂੰਜੀਵਾਦੀ ਸਮਾਜ ਦੀ ਰਚਨਾ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਇਸ 'ਚ ਕਿਸੇ ਵੀ ਵਸਤੂ (ਜਾਂ ਸੇਵਾਵਾਂ) ਦੀ ਪੈਦਾਵਾਰ ਇਸ ਲਈ ਕੀਤੀ ਜਾਂਦੀ ਹੈ ਕਿ ਉਹ ਬਾਜ਼ਾਰ 'ਚ ਵਿਕ ਸਕੇ ਯਾਨੀ ਇਥੇ ਪੈਦਾਵਾਰ ਬਾਜ਼ਾਰ ਨੂੰ ਧਿਆਨ 'ਚ ਰੱਖ ਕੇ ਕੀਤੀ ਜਾਂਦੀ ਹੈ ਅਤੇ ਬਾਜ਼ਾਰ ਤੋਂ ਕਿਸੇ ਵਸਤੂ ਨੂੰ ਉਹ ਬੰਦਾ ਹੀ ਖਰੀਦ ਸਕਦਾ ਹੈ ਜਿਸ ਕੋਲ ਉਸ ਵਸਤੂ ਨੂੰ ਖਰੀਦਣ ਲਈ ਪੈਸਾ ਜਾਂ ਦੂਜੇ ਸ਼ਬਦਾਂ ਵਿਚ ਕਾਰਜ ਸ਼ਕਤੀ ਹੋਵੇ। ਜੇ ਤੁਹਾਡੇ ਕੋਲ ਉਸ ਵਸਤੂ ਦੀ ਜਿਸ ਦੀ ਹੋ ਸਕਦਾ ਹੈ ਤੁਹਾਨੂੰ ਵੱਧ ਲੋੜ ਹੋਵੇ ਪਰ ਤੁਹਾਡੀ ਜੇਬ 'ਚ ਪੈਸਾ ਨਹੀਂ ਹੈ ਜਾਂ ਉਸ ਵਸਤੂ ਨੂੰ ਖਰੀਦਣਯੋਗ ਕਾਰਜ ਸ਼ਕਤੀ ਨਾ ਹੋਵੇ ਤਾਂ ਆਪ ਉਸ ਵਸਤੂ ਨੂੰ ਨਹੀਂ ਖਰੀਦ ਸਕਦੇ। ਇਕ ਰੋਗੀ ਦਵਾ ਨਾ ਖਰੀਦ ਸਕਣ ਕਰਕੇ ਮਰ ਸਕਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਪੂੰਜੀਵਾਦੀ ਸਮਾਜ 'ਚ ਵਸਤੂਆਂ (ਜਾਂ ਸੇਵਾਵਾਂ ਦੀ ਖਪਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਡੀ ਖਰੀਦ ਸ਼ਕਤੀ ਕੀ ਹੈ। ਕਾਰਜ ਸ਼ਕਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਸਮਾਜ 'ਚ ਕਿਸ ਜਮਾਤ ਨਾਲ ਸੰਬੰਧਤ ਹੋ। ਆਪ ਦੀ ਜੇਬ 'ਚ ਪੈਸਾ ਕਿੰਨਾ ਹੈ। ਤੁਹਾਡੇ ਪਾਸ ਕਿੰਨੀ ਨਿੱਜੀ ਜਾਇਦਾਦ ਹੈ? ਜਾਂ ਤਨਖਾਹ ਕਿੰਨੀ ਹੈ। ਉਕਤ ਗੱਲ ਨੂੰ ਇਕ ਹੋਰ ਤਰੀਕੇ ਨਾਲ ਇਸ ਪ੍ਰਕਾਰ ਵੀ ਕਹਿ ਸਕਦੇ ਹਾਂ ਕਿ ਤੁਸੀਂ ਕਿਸੇ ਫੈਕਟਰੀ ਦੇ ਮਾਲਕ ਹੋ ਜਾਂ ਉਸ ਫੈਕਟਰੀ 'ਚ ਕੰਮ ਕਰਨ ਵਾਲੇ ਮਜ਼ਦੂਰ। ਆਪ ਧਨੀ ਕਿਸਾਨ ਹੋ ਜਾਂ ਧਨੀ ਕਿਸਾਨ ਦੇ ਖੇਤ ਵਿਚ ਕੰਮ ਕਰਨ ਵਾਲੇ ਖੇਤ ਮਜ਼ਦੂਰ। ਆਪ ਸਰਕਾਰੀ ਕਰਮਚਾਰੀ ਹੋ ਜਾਂ ਕਿਸੇ ਸਰਕਾਰੀ ਕਰਮਚਾਰੀ ਦੇ ਘਰ ਵਿਚ ਝਾੜੂ ਪੋਚਾ ਲਾਉਣ ਵਾਲੀ ਇਕ ਮਾਈ। ਇਹਨਾਂ ਗੱਲਾਂ ਨਾਲ ਤੁਹਾਡੀ ਸਮਾਜਕ ਹੈਸੀਅਤ ਜਾਂ ਬਜ਼ਾਰ 'ਚ ਵਿਕਣ ਵਾਲੀ ਸਮੱਗਰੀ ਨੂੰ ਖਰੀਦਣ ਦੀ ਤਾਕਤ ਤਹਿ ਹੁੰਦੀ ਹੈ। ਆਪ ਦੀ ਕਾਰਜ ਸ਼ਕਤੀ ਹੀ ਇਸ ਗੱਲ ਨੂੰ ਨਿਰਧਾਰਿਤ ਕਰ ਰਹੀ ਹੁੰਦੀ ਹੈ ਕਿ ਤੁਸੀਂ ਕਿਸ ਗੁਣਵੰਣਤਾ (ਕਵਾਲੀਟੀ) ਦੀ ਵਸਤੂ ਜਾਂ ਸੇਵਾਦੀ ਵਰਤੋਂ ਕਰੋਗੇ ਅਤੇ ਕਦੋਂ ਤੱਕ ਕਰੋਗੇ। ਬਾਜ਼ਾਰ 'ਚ ਕਈ ਵਸਤੂਆਂ ਦੀ ਪੈਦਾਵਾਰ ਉਸ ਦੀ ਵਰਤੋਂ ਕਰ ਸਕਣ ਵਿਚ ਯੋਗ ਲੋਕਾਂ ਨੂੰ ਹੀ ਧਿਆਨ 'ਚ ਰਖ ਕੇ ਕੀਤਾ ਜਾਂਦਾ ਹੈ ਜਾਂ ਦੂਜੇ ਸ਼ਬਦਾਂ ਵਿਚ ਵੱਖ ਵੱਖ ਗੁਣ ਵੰਣਤਾ

ਹੁੰਦੀ ਹੈ ਜਾਂ ਉਸਦੇ ਬਰੈਂਡ ਵਿਚ ਫਰਕ ਹੁੰਦਾ ਹੈ। ਇਸ ਗੱਲ ਨੂੰ ਥੋੜਾ ਖੋਹਲ ਕੇ ਵੇਖਦੇ ਹਾਂ। ਜੁਤੇ ਦੀ ਲੋੜ ਹਰ ਬੰਦੇ ਦੀ ਹੈ। ਜੁੱਤਾ ਸਰਗਮਾਏਦਾਰ ਅੰਬਾਨੀ ਵੀ ਪਹਿਨੇਗਾ ਤੇ ਉਸਦੀ ਫੈਕਟਰੀ ’ਚ ਕੰਮ ਕਰਨ ਵਾਲਾ ਮੈਨੇਜਰ ਤੇ ਮਜ਼ਦੂਰ ਵੀ ਪਹਿਨੇਗਾ। ਅੰਬਾਨੀ ਵਰਗਿਆਂ ਨੂੰ ਧਿਆਨ ’ਚ ਰਖਕੇ ਜੁੱਤਾ ਬਣਾਉਣ ਵਾਲੀ ਕੰਪਨੀ ਵੱਧ ਗੁਣਵੰਣਤਾ (ਬ੍ਰਾਂਡ) ਤੇ ਕੀਮਤ ਦੇ ਜੁੱਤੇ ਬਣਾਏਗੀ ਜਾਂ ਅਜਿਹੀ ਜੁੱਤੀ ਬਣਾਉਣ ਵਾਲੀਆਂ ਕੰਪਨੀਆਂ ਹੋ ਸਕਦੀਆਂ ਹਨ ਜਿਹਨਾਂ ਦੇ ਟਾਰਗੇਟ ਗਾਹਕ ਵੱਖ ਵੱਖ ਹੋਣ। ਤਾਂ ਇਸ ਤਰ੍ਹਾਂ ਨਾਲ ਜੁੱਤਾ ਪੱਚੀ ਹਜ਼ਾਰ (ਜਾਂ ਇਸ ਤੋਂ ਵੀ ਵੱਧ ਤੋਂ ਲੈ ਕੇ ਸੌ ਰੁਪਏ) ਤਕ ਕਿਸੇ ਵੀ ਕੀਮਤ ਦਾ ਹੋ ਸਕਦਾ ਹੈ। ਇਹੀ ਗੱਲਾਂ ਉਹਨਾਂ ਸਾਰੀਆਂ ਵਸਤੂਆਂ ਅਤੇ ਸੇਵਾਵਾਂ ’ਤੇ ਵੀ ਲਾਗੂ ਹੁੰਦੀਆਂ ਹਨ। ਅਮਿਤਾਬ ਬਚਨ ਦਾ ਇਲਾਜ ਲੀਲਾਵਤੀ ਹਸਪਤਾਲ ’ਚ ਹੋਵੇਗਾ ਤਾਂ ਕਿਸੇ ਮਜ਼ਦੂਰ ਬਸਤੀ ’ਚ ਇਲਾਜ ਕੋਈ ਅਣਸਿਖਿਅਤ ਡਾਕਟਰ 10 ਰੁਪਏ ’ਚ ਸਲਾਹ ਤੇ ਦਵਾ ਦੋਨੋਂ ਮੁਹਈਆ ਕਰਵਾਏਗਾ।

ਮਜ਼ਦੂਰਾਂ ਨੂੰ ਪੂੰਜੀਵਾਦੀ ਸਮਾਜ ’ਚ ਆਮ ਤੌਰ ’ਤੇ ਸਭ ਵਸਤੂਆਂ ਤੇ ਸੇਵਾਵਾਂ ਦੀ ਸਭ ਤੋਂ ਸਸਤੀ ਤੇ ਸਭ ਤੋਂ ਨੀਵੀਂ ਗੁਣਵੰਣਤਾ ਵਾਲੀਆਂ ਵਸਤੂਆਂ ਮੁਹਈਆ ਹੁੰਦੀਆਂ ਹਨ ਜਾਂ ਉਹਨਾਂ ਦੀ ਮਜ਼ਦੂਰੀ ਜਾਂ ਤਨਖਾਹ ਏਨੀ ਘੱਟ ਹੁੰਦੀ ਹੈ ਕਿ ਉਹ ਅਜਿਹੀਆਂ ਵਸਤੂਆਂ ਜਾਂ ਸੇਵਾਵਾਂ ਨੂੰ ਹੀ ਖਰੀਦ ਸਕਦੇ ਹਨ ਜੋ ਸਭ ਤੋਂ ਸਸਤੀਆਂ ਤੇ ਘਟੀਆਂ ਵਸਤੂਆਂ ਹੀ ਆਪਣੀਆਂ ਯੋਜਨਾਵਾਂ ਜਾਂ ਸੰਸਥਾਵਾਂ (ਰਾਸ਼ਨ ਦੀ ਦੁਕਾਨ) ਰਾਹੀਂ ਮੁਹਈਆ ਕਰਵਾਉਂਦੀਆਂ ਹਨ। ਸਭ ਤੋਂ ਘਟੀਆ ਚਾਵਲ ਰਾਸ਼ਣ ਦੀ ਦੁਕਾਨ ’ਚ ਮਿਲੇਗਾ। ਕਿਸੇ ਸ਼ਹਿਰ ’ਚ ਨਗਰਪਾਲਿਕਾ ਸਫਾਈ ਆਦਿ ਦੀ ਸਹੂਲਤ ਸਭ ਤੋਂ ਪਹਿਲਾਂ ਪਾਸ਼ ਕਲੋਨੀ (ਅਮੀਰਾਂ ਦੇ ਮੁਹੱਲੇ) ਨੂੰ ਅਤੇ ਸਭ ਤੋਂ ਅਖੀਰ ’ਚ ਮਜ਼ਦੂਰ ਬਸਤੀ ਨੂੰ ਮੁਹਈਆ ਕਰਵਾਏਗੀ ਜਾਂ ਫਿਰ ਨਹੀਂ ਕਰਵਾਏਗੀ। ਕਿਸੇ ਵੀ ਬੰਦੇ ਵਾਂਗੂ ਮਜ਼ਦੂਰ ਵੀ ਚਾਹੁੰਦਾ ਹੈ ਕਿ ਉਸ ਨੂੰ ਅੱਛੀ ਗੁਣਵੰਣਤਾ ਵਾਲੀ ਵਸਤੂ ਮਿਲੇ ਅਤੇ ਇਸ ਲਈ ਕਿਸੇ ਵੀ ਬੰਦੇ ਵਾਂਗੂ ਉਹ ਆਪਣੇ ਅਦਾਰਿਆਂ ਦੀ ਸਭ ਤੋਂ ਬੇਹਤਰ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਅਕਸਰ ਹੀ ਉਸ ਦੀਆਂ ਬੁਨਿਆਦੀ ਲੋੜਾਂ (ਰੋਟੀ, ਕੱਪੜਾ ਤੇ ਮਕਾਨ) ਤੇ ਉਸ ਦੀ ਘੱਟ ਖਰੀਦ ਸ਼ਕਤੀ (ਘਟ ਜਾਂ ਘਟੋ ਘੱਟ ਮਜ਼ਦੂਰੀ) ਉਸ ਦੀ ਇਛਾ ਤੇ ਉਮੀਦਾਂ ’ਤੇ ਭਾਰੀ ਪੈ ਜਾਂਦੀ ਹੈ। ਇਹੀ ਹਾਲ ਕੁਲ ਮਿਲਾ ਕੇ ਛੋਟੇ-ਦਰਮਿਆਨੇ ਕਿਸਾਨਾਂ ਤੇ ਨੀਮ ਮੱਧ ਵਰਗ ਦਾ ਹੁੰਦਾ ਹੈ। ਅਜਿਹੇ ਮੌਕਿਆਂ ’ਤੇ ਧਰਮ ਤੇ ਧਾਰਮਿਕ ਉਪਦੇਸ਼ਕ ‘ਕਰਮ ਕਰੀ ਜਾ, ਫਲ ਦੀ ਇੱਛਾ ਨਾ ਰੱਖ’ ‘ਲਾਲਚ ਬੁਰੀ ਬਲਾ ਹੈ’ ‘ਚਾਦਰ ਵੇਖ ਕੇ ਪੈਰ ਪਸਾਰੋ’ ਵਰਗੀਆਂ ਗੱਲਾਂ ਲੈ ਕੇ ਹਾਜ਼ਰ ਹੋ ਜਾਂਦੇ ਹਨ। ਇਹਨਾਂ ਗੱਲਾਂ ਦੇ ਅਧਾਰ ’ਤੇ ਮਜ਼ਦੂਰਾਂ ਤੇ ਹੋਰ ਮੇਹਨਤਕਸ਼ਾਂ ਨੂੰ ਬੇਹੱਦ ਘੱਟ ਵਰਤੋਂ ਲਈ ਮਾਨਸਿਕ ਤੌਰ ’ਤੇ ਰਾਜੀ ਕਰਵਾਇਆ ਜਾਂਦਾ ਹੈ। ਕਈ ਦਫਾ ਮੱਧ ਤੇ ਉਚ ਵਰਗ ਉਹਨਾਂ ਨੂੰ ਭਰਮਾਉਂਦਾ ਹੋਇਆ ਜਾਂ ਕਈ ਦਫਾ ਸ਼ਿਕਾਇਤ ਕਰਦਾ ਹੋਇਆ ਮਿਲਦਾ ਹੈ ਕਿ ‘ਮਜ਼ਦੂਰਾਂ ਦਾ ਕੀ ਹੈ, ਦਿਨ ਭਰ ਕੰਮ ਕੀਤਾ, ਜੋ ਮਿਲਿਆ ਖਾ ਲਿਆ ਤੇ ਬੇਫਿਕਰ ਹੋ ਕੇ ਸੌਂ ਗਏ’ ਜਾਂ ਦੂਜੇ ਢੰਗ ਨਾਲ ਕਿ ‘ਸਾਨੂੰ ਕਿੰਨੀ ਮੇਹਨਤ ਤੇ ਕੋਸ਼ਿਸ਼ ਕਰਨੀ ਪੈਂਦੀ ਹੈ। ਚੀਜ਼ਾਂ ਚਲਾਉਣ ’ਚ ਸਭ ਕੁਝ ਵੇਖਣਾ ਪੈਂਦਾ ਹੈ’ ਇਹ ਉਪਦੇਸ਼ ਪੂੰਜੀਪਤੀ ਤੇ ਉਚ ਵਰਗ ਲਈ ਬੇਅਰਥ

ਹੋ ਜਾਂਦੇ ਹਨ।

ਪੂੰਜੀਵਾਦੀ ਸਮਾਜ 'ਚ ਇਕ ਪਾਸ ਪੂੰਜੀਪਤੀ ਜਮਾਤ ਵਸਤੂਆਂ ਤੇ ਸੇਵਾਵਾਂ ਦੀ ਬੇਹੱਦ ਵਰਤੋਂ ਕਰ ਰਹੀ ਹੁੰਦੀ ਹੈ ਅਤੇ ਦੂਜੇ ਪਾਸੇ ਮਜ਼ਦੂਰ ਜਮਾਤ ਇਹਨਾਂ ਦੀ ਬੇਹੱਦ ਘੱਟ ਵਰਤੋਂ ਕਰ ਰਹੀ ਹੁੰਦੀ ਹੈ। ਕਿੰਨੀਆਂ ਹੀ ਵਸਤੂਆਂ ਤੇ ਸੇਵਾਵਾਂ ਉਸ ਨੂੰ ਮੁਹੱਈਆ ਹੀ ਨਹੀਂ ਹੁੰਦੀਆਂ। ਮਜ਼ਦੂਰ ਵਰਗ ਦੇ ਮੁਕਾਬਲਤਨ ਮੱਧ ਵਰਗ ਦੀ ਇਹਨਾਂ ਤਕ ਪਹੁੰਚ ਵੱਧ ਹੁੰਦੀ ਹੈ। ਇਕ ਮੈਨੇਜਰ ਸਸਤੇ ਮਾਡਲ ਦੀ ਕਾਰ ਰਖ ਸਕਦਾ ਹੈ ਪਰ ਆਪਣੀ ਕੰਪਨੀ ਮਾਲਿਕ ਵਾਗੂੰ ਨਿਜੀ ਹੈਲੀਕਾਪਟਰ ਨਹੀਂ ਰੱਖ ਸਕਦਾ। ਆਪਣੀ ਸਸਤੇ ਮਾਡਲ ਦੀ ਕਾਰ ਸਬੰਧੀ ਚਿੰਤਤ ਇਹ ਮੈਨੇਜਰ ਘੱਟੋ-ਘੱਟ ਕਿਸੇ ਵੀ ਤਰੀਕੇ ਨਾਲ (ਨਵਾਂ ਕਰਜਾ ਲੈ ਕੇ, ਭਰਿਸ਼ਟ ਤਰੀਕੇ ਆਪਣਾ ਕੇ ਤੇ ਕੁਝ ਵੀ ਹੋਰ ਕਰਕੇ) ਉਹ ਕਾਰ ਹਾਸਲ ਕਰਨਾ ਚਾਹੁੰਦਾ ਹੈ ਜੋ ਉਹਨਾਂ ਦੇ ਗੁਆਂਢੀ ਮੈਨੇਜਰ ਕੋਲ ਹੈ ਤੇ ਇਸ ਕਾਰ ਦੀ ਮਸ਼ਹੂਰੀ ਜਦ ਵੀ ਉਹ ਟੈਲੀਵਿਜ਼ਨ 'ਤੇ ਵੇਖਦਾ ਹੈ ਤਾਂ ਉਸ ਦੀ ਇੱਛਾ ਉਸ ਨੂੰ ਖਰੀਦਣ ਦੀ ਵਧ ਜਾਂਦੀ ਹੈ। ਉਸ ਦੀ ਪਤਨੀ ਤੇ ਉਸ ਦੇ ਬੱਚੇ ਉਸ ਨੂੰ ਵੈਸੇ ਹੀ ਪ੍ਰੇਰਿਤ ਕਰਦੇ ਹਨ ਜਿਹੋ ਜਿਹੀ ਇਸ਼ਤਿਹਾਰਬਾਜ਼ੀ ਉਹ ਕਿਸੇ ਸ਼ਾਹੂਕਾਰ ਨੂੰ ਕਰਦੇ ਵੇਖਦੇ ਹਨ।

ਅਜਿਹੀ ਹੀ ਇਸ਼ਤਿਹਾਰਬਾਜ਼ੀ ਕਿਸੀ ਫੈਕਟਰੀ ਦੇ ਮਜ਼ਦੂਰ ਨੂੰ ਸਕੂਟਰ ਖਰੀਦਣ ਜਾਂ ਸਾਈਕਲ ਲੈਣ ਲਈ ਪ੍ਰੇਰਿਤ ਕਰ ਸਕਦੀ ਹੈ। ਟੈਲੀਵਿਜ਼ਨ ਦਾ ਨਵਾਂ ਮਾਡਲ, ਮੋਬਾਇਲ ਫੋਨ ਦੀ ਨਵੀਂ ਲੜੀ ਆਦਿ ਦੀ ਇਸ਼ਤਿਹਾਰਬਾਜ਼ੀ ਕਿਸੇ ਪੁਰਾਣੇ ਮਾਡਲ ਪ੍ਰਤੀ ਬੇਰੁਖੀ ਅਤੇ ਨਵੇਂ ਮਾਡਲ ਪ੍ਰਤੀ ਲਾਲਸਾ ਪੈਦਾ ਕਰ ਸਕਦੇ ਹਨ ਅਤੇ ਇਸ ਲਾਲਸਾ ਨੂੰ ਪੂਰਾ ਕਰਨ ਲਈ ਕਿਸੇ ਬੈਂਕ ਜਾਂ ਕਿਸੇ ਸੂਦਖੋਰ ਏਜੰਸੀ ਵਲੋਂ ਆਸਾਨ ਕਿਸ਼ਤਾਂ 'ਤੇ ਕਰਜ਼ਾ ਦੇਣ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਕਰੇਡਿਟ ਕਾਰਡ ਦਾ ਅਜੇਹਾ ਇਸ਼ਤਿਹਾਰ ਜਿਸ ਵਿਚ ਦੱਸਿਆ ਗਿਆ ਕਿ ਇਸ ਕ੍ਰੇਡਿਟ ਕਾਰਡ ਦੀ ਵਰਤੋਂ ਤੁਸੀਂ ਸ਼ਾਪਿੰਗ ਮਾਲ ਪੈਟ੍ਰੋਲ ਪੰਪ, ਹਸਪਤਾਲ ਜਾਂ ਛੁੱਟੀਆਂ ਮਨਾਉਣ ਲਈ ਕਿਸੇ ਹੋਟਲ 'ਚ ਵੀ ਕਰ ਸਕਦੇ ਹੋ। ਅਜਿਹੀ ਆਪਣੀ ਕਿਸੇ ਲਾਲਸਾ ਦੀ ਪੂਰਤੀ ਕਿਸੇ ਕਿਸਾਨ ਦਾ ਬੇਟਾ ਉਦੋਂ ਤੁਰੰਤ ਕਰਨਾ ਚਾਹੁੰਦਾ ਹੈ ਜਦ ਉਸ ਦੀ ਜ਼ਮੀਨ ਕਿਸੇ ਕਾਰਨ ਵਿਕ ਜਾਂਦੀ ਹੈ ਅਤੇ ਉਸ ਨੂੰ ਅੱਛਾ ਪੈਸਾ ਹੱਥ ਲੱਗਿਆ ਹੁੰਦਾ ਹੈ।

ਕਿਸੇ ਵਸਤੂ ਜਾਂ ਸੇਵਾ ਜਿਸ ਦੀ ਤੁਹਾਨੂੰ ਲੋੜ ਹੋਵੇ ਉਸ ਦੀ ਵਰਤੋਂ ਕਰਨ ਤੇ ਵਸਤੂਆਂ ਦੇ ਇਕ ਤੋਂ ਬਾਅਦ ਦੂਜੇ ਮਾਡਲ ਵੱਲ ਭੱਜਣ, ਸਟੋਰ ਕਰਨ, ਉਹਨਾਂ ਰਾਹੀਂ ਸਮਾਜਕ ਹੈਸੀਅਤ ਦਾ ਮੁਜਾਹਰਾ ਕਰਨ, ਉਹਨਾਂ ਨੂੰ ਹਾਸਲ ਕਰਨ ਲਈ ਕਰਜਾ ਲੈਣ ਜਾਂ ਤਿਕੜਮ ਲਾਉਣ 'ਚ ਬਹੁਤ ਫਰਕ ਹੈ। ਪਹਿਲੇ ਰੁਝਾਣ ਦਾ ਰੂਪ ਜਿਥੇ ਜ਼ਰੂਰਤ ਦੀ ਪੂਰਤੀ ਦਰਸਾਉਂਦਾ ਹੈ, ਉਥੇ ਦੂਜਾ ਰੁਝਾਣ ਤੇ ਉਸ ਦਾ ਸਭਿਆਚਾਰ ਵਰਤੋਂ ਕਰਨ ਦੀ ਇਕ ਅਜਿਹੀ ਲਾਲਸਾ ਨੂੰ ਵਿਖਾਉਂਦਾ ਹੈ ਜੋ ਕਦੀ ਸੰਤੁਸ਼ਟ ਨਹੀਂ ਹੋ ਸਕਦੀ। ਦੂਜੇ ਰੁਝਾਣ ਨੂੰ ਖਪਤ ਸਭਿਆਚਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਖਪਤ ਸਭਿਆਚਾਰ ਇਕ ਅਜਿਹੇ ਵਿਚਾਰ ਤੇ ਸਭਿਆਚਾਰ ਨੂੰ ਜਨਮ ਦਿੰਦਾ ਹੈ ਜੋ ਵਰਤੋਂ ਨੂੰ ਹੀ ਮਕਸਦ ਐਲਾਨਦਾ ਹੈ। ਕਿਸੇ ਵੀ ਵਿਅਕਤੀ ਦੀ ਪਹਿਚਾਨ ਤੇ ਹੈਸੀਅਤ ਇਸ ਗੱਲ ਤੋਂ ਤਹਿ ਕੀਤੀ ਜਾਂਦੀ ਹੈ ਕਿ ਉਹ ਕਿਹੜੀਆਂ ਵਸਤੂਆਂ ਤੇ ਸੇਵਾਵਾਂ ਦੀ ਕਿੰਨੀ ਵਰਤੋਂ ਕਰਦਾ ਹੈ। ਕੋਈ ਵਿਅਕਤੀ ਕਿਸ ਬ੍ਰਾਂਡ

ਦੀ ਕਾਰ ਵਿਚ ਘੁੰਮਦਾ ਹੈ ਕਿਸ ਬਰਾਂਡ ਤੇ ਫੈਸ਼ਨ ਦੇ ਜੁੱਤੇ ਪਹਿਨਦਾ ਹੈ, ਕਿਸ ਸੈਲਫੋਨ ਦੀ ਵਰਤੋਂ ਕਰਦਾ ਹੈ ਤੇ ਕਿਸੇ ਹੋਟਲ ਵਿਚ ਠਹਿਰਦਾ ਹੈ ਆਦਿ।

ਖਪਤ ਸਭਿਆਚਾਰ ਵਿਚਾਰ, ਦਰਸ਼ਨ ਤੇ ਸਭਿਆਚਾਰ ਦਾ ਵਾਹਕ ਤੇ ਪ੍ਰਚਾਰਕ ਬਣ ਕੇ ਪਿਛਲੇ ਦੋ ਦਹਾਕਿਆਂ ਵਿਚ ਵਿਸ਼ੇਸ਼ ਤੌਰ 'ਤੇ ਮੱਧ ਵਰਗ ਉਭਰਿਆ ਹੈ। ਇਸ ਵਿਚ ਰਵਾਇਤੀ ਮੱਧ ਵਰਗ ਦੀ ਥਾਂ 'ਤੇ ਅਜਿਹੇ ਮੱਧਵਰਗ ਦੀ ਵਿਸ਼ੇਸ਼ ਭੂਮਿਕਾ ਹੈ ਜੋ ਨੱਬੇ ਦੇ ਦਹਾਕੇ ਵਿਚ ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਉਭਰਿਆ ਹੈ। ਇਹਨਾਂ ਨੀਤੀਆਂ ਨੇ ਭਾਰਤ ਦੇ ਬਾਜ਼ਾਰ ਦਾ ਵਿਸ਼ਵ ਦੇ ਬਾਜ਼ਾਰ ਨਾਲ ਏਕੀਕਰਨ ਵਧਾਇਆ ਅਤੇ ਅਜਿਹੀਆਂ ਵਸਤੂਆਂ ਦੀਆਂ ਕੀਮਤਾਂ ਦੀ ਭਰਮਾਰ ਹੋ ਗਈ ਹੈ ਜੋ ਜਦ ਭਾਰਤ ਦੇ ਮੱਧ ਵਰਗ ਸਮੇਤ ਜਨਤਾ ਨੇ ਨਾਲ ਵੇਖੀਆਂ, ਨਾ ਸੁਣੀਆਂ ਸਨ। ਇਸ ਦਰਸ਼ਨ ਤੇ ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਵਿਚ ਦੇਸ਼ੀ ਵਿਦੇਸ਼ੀ ਪੂੰਜੀਪਤੀ ਵਰਗ ਇਸ ਦੌਰ ਵਿਚ ਖਾਸ ਕਰਕੇ ਪੂਰੇ ਜ਼ੋਰ ਸ਼ੋਰ ਨਾਲ ਜੁਟ ਗਿਆ ਫਿਲਮੀ ਸਿਤਾਰਿਆਂ ਤੋਂ ਲੈ ਕੇ ਕ੍ਰਿਕਟ ਖਿਡਾਰੀ ਹਰਮਨਪਿਆਰੇ ਪ੍ਰਚਾਰਕ ਬਣ ਕੇ ਉਭਰੇ। ਨੌਜਵਾਨ ਇਹਨਾਂ ਦੀ ਨਕਲ ਕਰਨ ਲੱਗੇ। ਕਿਸੇ ਬ੍ਰਾਂਡ ਨੂੰ ਹਰਮਨ ਪਿਆਰੀ, ਬਣਾਉਣ ਲਈ ਦੇਸ਼ੀ-ਵਿਦੇਸ਼ੀ ਕੰਪਨੀਆਂ, ਫਿਲਮੀ ਸਿਤਾਰਿਆਂ-ਖਿਡਾਰੀਆਂ ਨੂੰ ਕਰੋੜ ਕਰੋੜ ਰੁਪਏ ਤੱਕ ਦੇਣ ਲੱਗੀਆਂ। ਪੈਪਸੀ, ਕੋਕ, ਆਰਚੀ ਵਰਗੀਆਂ ਕੰਪਨੀਆਂ ਨੇ ਸਕੂਲਾਂ-ਕਾਲਜਾਂ ਦੇ ਪ੍ਰੋਗਰਾਮਾਂ ਨੂੰ ਲੈ ਕੇ ਸਥਾਨਕ ਤਿੱਥ ਤਿਉਹਾਰ ਤੇ ਮੇਲਿਆਂ ਤਕ ਨੂੰ ਪ੍ਰਯੋਜਿਤ ਕਰਨਾ ਆਰੰਭ ਕਰ ਦਿੱਤਾ।

'ਖਾਓ-ਪੀਓ-ਮੌਜ ਕਰੋ' 'ਯੂਜ਼ ਐਂਡ ਥਰੋ' ਖਪਤ ਸਭਿਆਚਾਰ ਤੇ ਦਰਸ਼ਨ ਦੇ ਨਾਹਰੇ ਬਣ ਕੇ ਉਭਰੇ। 'ਅੱਜ ਦੀ ਚਿੰਤਾ ਕਰੋ, ਕਲ ਕਿਸਨੇ ਵੇਖਿਆ ਹੈ। ਦੇ ਵਿਚਾਰ ਨੇ ਬੇਲਗਾਮ ਵਰਤੋਂ ਨੂੰ ਵਧਾ ਦਿੱਤਾ। ਅਜਿਹੇ ਵਰਗ ਲਈ ਇਹ ਵਿਚਾਰ ਬੇਹੱਦ ਅਨੁਕੂਲ ਸਨ। ਜਿਹਨਾਂ ਕੋਲ ਖੂਬ ਪੈਸਾ ਸੀ ਅਤੇ ਜੋ ਹੁਣੇ-ਹੁਣੇ ਧਨਾਢ ਬਣੇ ਸਨ। ਕਾਰਾਂ-ਮੋਟਰ ਸਾਈਕਲ, ਸੈਲਫੋਨ, ਰੋਜ਼ ਨਵੇਂ ਮਾਡਲ ਪੇਸ਼ ਕੀਤੇ ਜਾ ਰਹੇ ਹਨ। ਕਈ ਮਾਡਲ ਮਹੀਨਿਆਂ ਨਹੀਂ ਕੁਝ ਹਫਤਿਆਂ 'ਚ ਪੁਰਾਣੇ ਐਲਾਨ ਦਿੱਤੇ ਜਾਂਦੇ ਹਨ। ਪੂੰਜੀਪਤੀ ਜਮਾਤ ਦਿਲ ਖਿਚਵੇਂ ਪ੍ਰਚਾਰ ਰਾਹੀਂ ਇਹ ਕੰਮ ਕਰ ਰਿਹਾ ਹੈ। ਇਸ ਖਪਤ ਸਭਿਆਚਾਰ ਤੇ ਦਰਸ਼ਨ ਨਾਲ ਕਈ ਉਦਯੋਗਾਂ ਤੇ ਸੇਵਾਵਾਂ ਦੇ ਹਿੱਤ ਇਕਦਮ ਗਹਿਰਾਈ ਨਾਲ ਜੁੜੇ ਹਨ। ਮਾਲ, ਪੀ. ਵੀ. ਆਰ, ਸ਼ਾਪਿੰਗ ਕਮਪਲੈਕਸ, ਹੋਟਲ, ਫਿਲਮ, ਇਸ਼ਤਿਹਾਰਬਾਜ਼ੀ, ਗਹਿਣੇ ਤੇ ਫੈਸ਼ਨ, ਰਿਅਲ ਅਸਟੇਟ, ਕਰਜ਼ੇ ਮੁਹੱਈਆ ਕਰਾਉਣ ਵਾਲੇ ਬੈਂਕਾਂ ਤੇ ਸੰਸਥਾਵਾਂ, ਮਾਰਕੀਟਿੰਗ ਕੰਪਨੀਆਂ, ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਆਦਿ ਇਸ ਸਭਿਆਚਾਰ ਤੇ ਦਰਸ਼ਨ ਦੇ ਮੁੱਖ ਪ੍ਰਯੋਜਕ ਹਨ।

ਖਪਤ ਸਭਿਆਚਾਰ ਇਕ ਪੂੰਜਵਾਦੀ ਦਰਸ਼ਨ ਹੈ ਅਤੇ ਇਸ ਦਾ ਸਭਿਆਚਾਰ ਪੂੰਜੀਵਾਦੀ ਸਭਿਆਚਾਰ ਦਾ ਇਕ ਹਿੱਸਾ ਹੈ। ਇਹ ਵਿਅਕਤੀਵਾਦੀ ਉਪਭੋਗ ਤੇ ਆਜ਼ਾਦੀ ਨੂੰ ਖੂਬ ਮਹੱਤਵ ਦਿੰਦਾ ਹੈ। ਖੁਦਗਰਜੀ ਇਸ ਦਾ ਫੰਡਾ ਹੈ। ਵਰਤੋਂ ਤੇ ਵੱਧ ਵਰਤੋਂ ਨੂੰ ਇਹ ਜ਼ਿੰਦਗੀ ਦਾ ਉਦੇਸ਼ ਐਲਾਨਦਾ ਹੈ। ਇਸ ਦਰਸ਼ਨ ਤੇ ਸਭਿਆਚਾਰ ਰਾਹੀਂ ਪੂੰਜੀਪਤੀ ਵਰਗ ਤੇ ਮਾਲ ਅਤੇ ਸੇਵਾਵਾਂ ਨੂੰ ਬਚਾਉਣ ਲਈ ਪੂਰੇ ਸਮਾਜ 'ਚ ਮਹੌਲ ਬਣਾਉਂਦਾ ਹੈ। ਇਥੇ ਇਹ ਕੋਸ਼ਿਸ਼ ਕਰਦਾ ਹੈ ਕਿ ਪੂਰੀ ਮਜ਼ਦੂਰ ਤੇ ਮੇਹਨਤਕਸ਼ ਜਮਾਤ ਦਾ ਜੀਵਨ ਦਰਸ਼ਨ ਤੇ ਸਭਿਆਚਾਰ ਵੀ. ਖਪਤਕਾਰੀ ਬਣ ਗਏ। ਇਸ ਕੰਮ

ਇਹ ਕੁਝ ਹੱਦ ਤੱਕ ਕਾਮਯਾਬ ਵੀ ਹੋ ਜਾਂਦਾ ਹੈ ਪਰ ਇਹ ਕਾਮਯਾਬੀ ਥੁੜ ਚਿਰੀ ਹੁੰਦੀ ਹੈ। ਇਥੇ ਸਭ ਤੋਂ ਵੱਡਾ ਅੜਿਕਾ ਮਜ਼ਦੂਰ ਤੇ ਹੋਰ ਮੇਹਨਤਕਸ਼ ਜਮਾਤ ਦੀ ਬੇਹੱਦ ਘੱਟ ਵਰਤੋਂ ਸਮਰਥਾ ਤੇ ਉਸ ਵਿਚ ਵੀ ਨਿਰੰਤਰ ਕਟੌਤੀ ਸਾਬਤ ਹੁੰਦੀ ਹੈ। ਪੂੰਜੀਵਾਦੀ ਵਿਵਸਥਾ ਦੇ ਸੰਕਟ ਜਾਂ ਮੰਦੀ, ਸਿਕੇ ਦਾ ਫੈਲਾਅ (ਮਹਿੰਗਾਈ) ਦੇ ਕਾਰਨ ਮਜ਼ਦੂਰ ਵਰਗ ਦੀ ਕਾਰਜ ਸ਼ਕਤੀ ਹੋਰ ਡਿੱਗ ਪੈਂਦੀ ਹੈ। ਛਾਂਟੀ ਤੇ ਬੇਰੁਜ਼ਗਾਰੀ ਉਸ ਨੂੰ ਬਾਜ਼ਾਰ ਤੋਂ ਦੂਰ ਕਰ ਦਿੰਦੀ ਹੈ ਤੇ ਫਿਰ ਜਿਵੇਂ ਜਿਵੇਂ ਮਜ਼ਦੂਰ ਵਰਗ ਪੂੰਜੀਵਾਦੀ ਦਰਸ਼ਨ ਸਮਾਜ ਤੇ ਸਭਿਆਚਾਰ ਪ੍ਰਤੀ ਸੰਗਾਲੂ ਤੇ ਉਸ ਦਾ ਅਲੋਚਕ ਬਣ ਜਾਂਦਾ ਹੈ ਤੇ ਇਸ ਗੱਲ ਨੂੰ ਜਾਨਣ ਲਗਦਾ ਹੈ ਕਿ ਉਸਦੇ ਜੀਵਨ ਦੇ ਕਸ਼ਟ ਤੇ ਦੁੱਖ ਦਾ ਕਾਰਨ ਪੂੰਜੀਵਾਦੀ ਸਮਾਜ ਹੈ ਜੋ ਉਸ ਦੇ ਜੀਵਨ ਨੂੰ ਘਾਟ ਤੇ ਕਾਇਰਤਾ ਨਾਲ ਭਰਦਾ ਰਹਿੰਦਾ ਹੈ ਵੈਸੇ ਵੈਸੇ ਇਹ ਸਮਾਜਵਾਦੀ ਦਰਸ਼ਨ ਤੇ ਸਭਿਆਚਾਰ ਪ੍ਰਤੀ ਦਿਲ ਖਿਚਵਾਂ ਹੁੰਦਾ ਜਾਂਦਾ ਹੈ। ਇਸ ਸਮਾਜ ਦੀ ਸਿਰਜਣਾ 'ਚ ਸ਼ਾਮਲ ਹੋਣ ਦੌਰਾਨ ਇਹ ਇਸ ਗੱਲ ਨੂੰ ਸਮਝਦਾ ਹੈ ਕਿ ਕਿਵੇਂ ਪੈਦਾਵਾਰ ਤੇ ਵੰਡ ਦਾ ਸਹੀ ਢੰਗ ਨਾਲ ਨਿਯੋਜਿਤ ਕੀਤਾ ਜਾ ਸਕਦਾ ਹੈ। ਕਿਵੇਂ ਵਿਅਕਤੀਗ ਤੇ ਸਮਾਜਕ ਉਪਭੋਗ ਦੇ ਵਿਚਕਾਰ ਰਿਸ਼ਤੇ ਨੂੰ ਹੱਲ ਕੀਤਾ ਜਾਂਦਾ ਹੈ।

ਸਭ ਤੋਂ ਵੱਡੀ ਗੱਲ ਇਹ ਸਮਝਦਾ ਹੈ ਕਿ ਮਨੁੱਖ ਵਧ ਤੋਂ ਵਧ ਵਰਤੋਂ ਕਰਨ ਵਾਲਾ ਜਾਨਵਰ ਨਹੀਂ ਹੈ। ਮਨੁੱਖ ਦੀ ਸਮੁੱਚੀ ਹੋਂਦ ਅਧਿਕਾਧਿਤ ਉਪਭੋਗ ਤੱਕ ਸੀਮਤ ਨਹੀਂ ਹੈ। ਮਨੁੱਖ ਦੇ ਜਿਉਂਦੇ ਰਹਿਣ ਲਈ ਭੌਤਿਕ ਉਪਭੋਗ ਜ਼ਰੂਰੀ ਹੈ। ਇਸ ਦੇ ਲਈ ਉਸ ਨੇ ਮਜ਼ਦੂਰੀ ਵੀ ਕਰਨੀ ਹੈ। ਪਰ ਮਨੁੱਖ ਦੀ ਆਜ਼ਾਦੀ ਉਥੋਂ ਹੀ ਸ਼ੁਰੂ ਹੁੰਦੀ ਹੈ ਜਿਥੇ ਇਹ ਉਪਭੋਗ ਅਤੇ ਉਸ ਦੇ ਲਈ ਕਿਰਤ ਦੀਆਂ ਹੱਦਾਂ ਨੂੰ ਪਿੱਛੇ ਛੱਡ ਦਿੰਦਾ ਹੈ। ਇਥੋਂ ਹੀ ਜ਼ਰੂਰਤ ਦੇ ਰਾਜ ਬਦਲੇ ਆਜ਼ਾਦੀ ਦਾ ਰਾਜ ਸ਼ੁਰੂ ਹੁੰਦਾ ਹੈ। ਇਥੋਂ ਅਸਲ 'ਚ ਮਾਨਵ ਮਨੁੱਖੀ ਇਤਿਹਾਸ ਸ਼ੁਰੂ ਹੁੰਦਾ ਹੈ ਅਤੇ ਪਾਕੂ ਇਤਿਹਾਸ ਖਤਮ ਹੁੰਦਾ ਹੈ।

ਮਜ਼ਦੂਰ ਜਮਾਤ ਪੂੰਜੀਵਾਦ ਦਾ ਨਾਸ ਕਰਕੇ ਇਸ ਨੂੰ ਕਮਿਊਨਿਸਟ ਸਮਾਜ ਦੀ ਸਥਾਪਨ ਨੂੰ ਆਪਣਾ ਟੀਚਾ ਬਣਾਉਂਦਾ ਹੈ।

# ਮਜ਼ਦੂਰ ਅੰਦੋਲਨ ਦੀ ਸ਼ੁਰੂਆਤ

ਵੈਸੇ ਮਜ਼ਦੂਰ ਅੰਦੋਲਨ ਦੀ ਸ਼ੁਰੂਆਤ ਇਕ ਸਦੀ ਤੋਂ ਪਹਿਲਾਂ ਹੋ ਚੁੱਕੀ ਸੀ ਪਰ ਜਥੇਬੰਦ ਅੰਦੋਲਨ ਵਜੋਂ ਉਸ ਦਾ ਲਗਾਤਾਰ ਇਤਿਹਾਸ ਪਹਿਲੀ ਸੰਸਾਰ ਜੰਗ ਦੇ ਬਾਅਦ ਹੀ ਸ਼ੁਰੂ ਹੁਦਾ ਹੈ।

ਆਪਣੀ ਕਿਤਾਬ 'ਭਾਰਤ 'ਚ ਮਈ ਦਿਨ' (ਬੰਗਲਾ 'ਚ ਲਿਖਤ) 'ਚ ਸ੍ਰੀ ਗੋਪਾਲ ਘੋਸ਼ ਕਹਿੰਦੇ ਹਨਃ-

"ਜਦ ਅੱਠ ਘੰਟੇ ਦੇ ਕਾਰਜ ਦਿਵਸ ਦੀ ਮੰਗ ਕਰਦਿਆਂ ਦੁਨੀਆਂ 'ਚ ਕਿਸੇ ਵੀ ਥਾਂ ਅਜੇ ਤੱਕ ਹੜਤਾਲ ਨਹੀਂ ਹੋਈ ਸੀ ਉਸ ਸਮੇਂ 1862 'ਚ ਹਾਵੜਾ ਦੇ ਰੇਲਵੇ ਮਜ਼ਦੂਰਾਂ ਨੇ ਅੱਠ ਘੰਟੇ ਦੇ ਕਾਰਜ ਦਿਵਸ ਦੀ ਮੰਗ ਕਰਦਿਆਂ ਹੜਤਾਲ ਕੀਤੀ ਸੀ ਜਿਸ ਵਿਚ 1100 ਮਜ਼ਦੂਰਾਂ ਨੇ ਭਾਗ ਲਿਆ ਸੀ। ਹਾਲਾਂਕਿ ਇਤਿਹਾਸ ਵਿਚ ਇਹ ਗੱਲ ਦਰਜ ਨਹੀਂ ਹੈ ਕਿ ਇਹ ਹੜਤਾਲ ਸਫ਼ਲ ਹੋਈ ਜਾਂ ਨਹੀਂ ਪਰ ਉਸ ਸਮੇਂ ਦੇ ਇਕ ਅਖ਼ਬਾਰ "ਸੋਮ ਪ੍ਰਕਾਸ਼" ਨੇ ਹੜਤਾਲ ਦੀ ਹਮਾਇਤ ਕੀਤੀ ਸੀ।" (ਭਾਰਤ 'ਚ ਮਈ ਦਿਨ ਸੰਬੰਧੀ ਸ਼੍ਰੀ ਗੋਪਾਲ ਘੋਸ਼ ਦੀ ਇਸ ਪੁਸਤਕ ਵਿਚ 1860 ਦੇ ਬਾਅਦ ਤੋਂ 20ਵੀਂ ਸਦੀ ਦੇ ਚੌਥੇ ਦਹਾਕੇ ਤੱਕ ਭਾਰਤੀ ਮਜ਼ਦੂਰ ਅੰਦੋਲਨ ਦੇ ਹੁਣ ਤੱਕ ਦੇ ਅਨੇਕਾ ਅਗਿਆਤ ਤੱਥਾਂ ਸੰਬੰਧੀ ਅਨੇਕਾਂ ਸੂਚਨਾਵਾਂ ਹਨ) ਇੰਗਲੈਂਡ 'ਚ ਸਨਅਤੀ ਇਨਕਲਾਬ ਦੇ ਪਹਿਲੇ ਦਿਨਾਂ ਵਿਚ ਹੀ ਇਹ ਆਮ ਨਿਯਮ ਸੀ ਕਿ ਇਕ ਕਾਰਜ ਦਿਵਸ 'ਚ ਸੂਰਜ ਚੜ੍ਹਨ ਤੋਂ ਛਿਪਣ ਤੱਕ ਦੇ ਕੰਮ ਦੇ ਘੰਟੇ ਸ਼ਾਮਲ ਹੁੰਦੇ ਸਨ। ਬਿਹਾਰ ਵਿਚ ਇਸ ਦਾ ਮਤਲਬ ਸੀ ਕਿ 16 ਘੰਟੇ ਦਾ ਕਾਰਜ ਦਿਵਸ।

ਭਾਰਤ ਵਿਚ ਕਾਰਜ ਦਿਵਸ ਦੇ ਘੰਟੇ ਨਿਸ਼ਚਤ ਕਰਨ ਦੀ ਮੰਗ ਸਭ ਤੋਂ ਪਹਿਲਾਂ 1877 'ਚ ਮੁੰਬਈ ਦੇ ਸਾਪੁਰਜੀ ਬੰਗਾਲੀ ਦੇ ਸੂਤਰਬੱਧ ਕੀਤੀ ਸੀ। ਇਹਨਾਂ ਨੇ ਇਕ ਪ੍ਰਸਤਾਵਿਤ ਫੈਕਟਰੀ ਕਾਨੂੰਨ ਦੇ ਆਧਾਰ ਤੇ ਇਕ ਬਿਲ ਦਾ ਖਰੜਾ ਤਿਆਰ ਕੀਤਾ ਸੀ ਅਤੇ ਉਸ ਦੀ ਵੰਡ ਕਰਵਾਈ ਸੀ। ਇਸ ਨੇ ਥੋੜ੍ਹਾ ਪਹਿਲਾਂ ਬ੍ਰਾਹਾ ਸਮਾਜ ਅੰਦੋਲਨ ਦੇ ਸ਼ਸਿਪਦ ਬਨਰਜੀ ਅਨੇਕਾਂ ਜਨਤਕ ਸਭਾਵਾਂ 'ਚ ਭਾਰਤ ਨੇ ਪਹਿਲੇ ਫੈਕਟਰੀ ਕਾਨੂੰਨ ਦਾ ਮਸੌਦਾ 1881 'ਚ ਤਿਆਰ ਕੀਤਾ ਗਿਆ ਸੀ ਤੇ 8 ਘੰਟੇ ਦਾ ਕੰਮ ਦਾ ਦਿਨ ਤੇ ਵਾਧੂ ਘੰਟੇ ਆਰਾਮ ਸਨਅਤੀ ਮਜ਼ਦੂਰਾਂ ਲਈ ਮੰਨਜ਼ੂਰ ਕੀਤਾ ਗਿਆ ਸੀ। ਉਸ ਸਮੇਂ ਇੰਗਲੈਂਡ ਵਿਚ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਛਿਪਣ ਤੱਕ ਦਾ ਕੰਮ ਆਮ ਨਿਯਮ ਸੀ। ਸਤੰਬਰ 1884 'ਚ ਮੁੰਬਈ 'ਚ ਮਜ਼ਦੂਰਾਂ ਦੀ ਇਕ ਵੱਡੀ ਸਭਾ (ਜ਼ਿਆਦਾਤਰ ਕੱਪੜਾ ਮਿੱਲਾਂ ਦੀ) ਦਾ ਆਯੋਜਨ ਸ੍ਰੀ ਐਨ. ਐਮ. ਲੋਖਾਂਡੇ ਨੇ ਕੀਤਾ ਸੀ। ਇਹਨਾਂ ਨੇ ਕੰਮ ਦੇ ਘੰਟੇ ਸੀਮਿਤ ਕਰਨ, ਹਫਤਾਵਾਰੀ ਛੁੱਟੀ, ਦੁਪਹਿਰ ਵੇਲੇ ਬਰੇਕ ਅਤੇ ਜਖ਼ਮੀਆਂ ਦੀ ਹਰਜਾਨਾ ਪੂਰਤੀ ਦੀ ਮੰਗ ਦਾ ਇਕ ਮੰਗ ਪੱਤਰ ਤਿਆਰ ਕੀਤਾ ਸੀ। ਇਹ ਫੈਕਟਰੀ ਕਮਿਸ਼ਨ ਨੂੰ ਪੇਸ਼ ਕੀਤਾ ਗਿਆ। ਲੋਖਾਂਡੇ ਆਪਣੇ ਆਪ ਨੂੰ 'ਮੁੰਬਈ ਮਿਲ ਮਜ਼ਦੂਰ ਐਸੋਸੀਏਸ਼ਨ' ਦਾ ਪ੍ਰਧਾਨ ਕਹਿੰਦੇ ਸਨ ਜਿਸ ਦਾ ਜ਼ਿਕਰ ਭਾਰਤ ਵਿਚ ਪਹਿਲੇ ਮਜ਼ਦੂਰ ਸੰਗਠਨਾ ਵਜੋਂ ਕੀਤਾ ਗਿਆ ਸੀ।

ਜ਼ਜਨੀ ਪਾਮ ਦੱਤ ਅਨੁਸਾਰ "ਲੋਖਾਂਡੇ ਦੀ ਇਹ ਤਸਵੀਰ ਜਿਸ ਦੀ ਭਾਰਤ ਮਜ਼ਦੂਰ ਇਤਿਹਾਸ 'ਚ ਮਹੱਤਵਪੂਰਨ ਭੂਮਿਕਾ ਹੈ, ਭਾਰਤੀ ਮਜ਼ਦੂਰ ਅੰਦੋਲਨ ਦੇ

ਸ਼ੁਰੂਆਤੀ ਬਿੰਦੂ ਵਜੋਂ ਗਲਤਫਹਿਮੀ ਨਾਲ ਭਰੀ ਹੈ......" ਮੁੰਬਈ ਮਿਲ ਮਜ਼ਦੂਰ ਐਸੋਸੀਏਸ਼ਨ "ਕਿਸੇ ਦੀ ਅਰਥ ਵਿਚ ਮਜ਼ਦੂਰ ਸੰਗਠਨ ਨਹੀਂ ਸੀ ਅਤੇ ਨਾ ਹੀ ਇਸ ਦੀ ਕੋਈ ਮੈਂਬਰਸ਼ਿਪ, ਫੰਡ ਦੇ ਨਿਯਮ ਸਨ।"

23 ਸਤੰਬਰ 1890 ਨੂੰ ਭਾਰਤ ਸਰਕਾਰ ਨੇ ਇਕ ਕਮਿਸ਼ਨ ਦਾ ਗਠਨ ਕੀਤਾ। ਉਸ ਦੇ ਇਕ ਮੈਂਬਰ ਸਾਪੁਰਜੀ ਬੰਗਾਲੀ ਸਨ ਅਤੇ ਲੋਖਾਂਡੇ ਉਸ ਦੇ ਖੇਤਰੀ ਨੁਮਾਇੰਦੇ ਸਨ। ਕਮਿਸ਼ਨ ਨੇ 1891 'ਚ ਇਕ ਨਵੇਂ ਫੈਕਟਰੀ ਕਾਨੂੰਨ ਦੀ ਸਿਫਾਰਸ ਕੀਤੀ ਸੀ, ਜਿਸ ਨੂੰ ਜਨਵਰੀ 1892 ਨੂੰ ਲਾਗੂ ਕੀਤਾ ਗਿਆ। ਇਸ ਫੈਕਟਰੀ ਕਾਨੂੰਨ ਵਿਚ ਔਰਤ ਮਜ਼ਦੂਰਾਂ ਲਈ 7 ਘੰਟੇ ਦਾ ਕੰਮ ਤਹਿ ਕੀਤਾ ਗਿਆ ਸੀ। ਹਫ਼ਤਾਵਰੀ ਛੁੱਟੀ ਵੀ ਤਹਿ ਕੀਤੀ ਗਈ ਸੀ। ਮਰਦ ਮਜ਼ਦੂਰਾਂ ਲਈ ਅਜੇ ਕੰਮ ਦੇ ਘੰਟੇ ਤਹਿ ਨਹੀਂ ਹੋਏ ਸਨ। 1908 'ਚ ਬਾਲ ਗੰਗਾਧਰ ਤਿਲਕ ਦੇ ਉਨ੍ਹਾਂ ਦੇ ਆਪਣੇ ਅਖ਼ਬਾਰ 'ਚ ਪ੍ਰਕਾਸ਼ਿਤ ਇਕ ਲੇਖ ਲਈ 6 ਸਾਲ ਜੇਲ੍ਹ ਮਿਲੀ ਸੀ। ਤਿਲਕ ਦੀ ਗ੍ਰਿਫਤਾਰੀ 'ਤੇ ਮੁੰਬਈ ਦੇ ਮਜ਼ਦੂਰਾਂ ਨੇ ਆਮ ਹੜਤਾਲ ਕੀਤੀ। ਇਹ ਭਾਰਤੀ ਮਜ਼ਦੂਰ ਜਮਾਤ ਦੀ ਪਹਿਲੀ ਰਾਜਸੀ ਕਾਰਵਾਈ ਸੀ। ਪਰ ਲੈਨਿਨ ਨੇ ਜੋ ਉਨ੍ਹਾਂ ਦਿਨਾਂ 'ਚ ਜਨੇਵਾ ਵਿਚ ਸੀ, ਹੇਠ ਲਿਖੇ ਸ਼ਬਦਾਂ 'ਚ ਇਸ ਦਾ ਸੁਆਗਤ ਕੀਤਾ ਸੀ।

"ਬ੍ਰਿਟੇਨ ਦੀ ਉਦਾਰ ਪੂੰਜੀਪਤੀ ਜਮਾਤ ਆਪਣੇ ਦੇਸ਼ 'ਚ ਮਜ਼ਦੂਰ ਅੰਦੋਲਨ ਦੇ ਵਿਕਾਸ ਨਾਲ ਕਰਕ ਤੇ ਭਾਰਤ 'ਚ ਤੇਜ਼ ਹੋ ਰਹੇ ਇਨਕਲਾਬੀ ਸੰਘਰਸ਼ਾਂ ਤੋਂ ਭੈਭੀਤ ਹੋ ਕੇ ਜਥੇਬੰਦ ਰੂਪ 'ਚ ਅਕਸਰ ਸਾਫ ਤੇ ਤੇਜ਼ ਰਫ਼ਤਾਰ ਨਾਲ ਪ੍ਰਦਰਸ਼ਿਤ ਕਰ ਰਹੀ ਹੈ ਕਿ ਜਦ ਪੂੰਜੀ ਤੇ ਪੂੰਜੀਵਾਦੀ ਬਸਤੀਵਾਦੀ ਪ੍ਰਣਾਲੀ ਵਿਰੁਧ ਯਾਨੀ ਕਿਰਤ ਗੁਲਾਮੀ, ਲੁੱਟ ਤੇ ਹਿੰਸਾ ਵਿਰੁੱਧ ਲੋਕ ਸੰਘਰਸ਼ ਉੱਠਦਾ ਹੈ। ਤਦ ਉਹ 'ਸਭਿਅਕ' ਯੂਰਪੀ 'ਰਾਜਸੀ ਆਗੂਆਂ' ਨੂੰ ਜੰਗਲੀ ਬਣਾ ਦਿੰਦਾ ਹੈ......ਭਾਰਤ ਵਿਚ 'ਸਭਿਅਕ' ਅੰਗਰੇਜ਼ ਪੂੰਜੀਪਤੀਆਂ ਦੇ ਦੇਸੀ ਗੁਲਾਮ ਆਪਣੇ 'ਮਾਲਿਕਾ' ਲਈ ਚਿੰਤਾ ਦੇ ਸਰੋਤ ਹਨ। ਹਿੰਸਾ ਤੇ ਲੁੱਟ ਦਾ ਕੋਈ ਅੰਤ ਨਹੀਂ ਹੈ ਅਤੇ ਇਸ ਨੂੰ ਭਾਰਤ ਵਿਚ ਬ੍ਰਿਟਿਸ਼ ਪ੍ਰਣਾਲੀ ਦੀ ਸਰਕਾਰ ਕਿਹਾ ਜਾਂਦਾ ਹੈ......।

ਆਜ਼ਾਦ ਬ੍ਰਿਟੇਨ ਦੇ ਉਦਾਰ ਤੇ ਖਾੜਕੂ ਵਿਅਕਤਿਤਵ ਵਾਲੇ ਜਾਨ ਮਾਰਲੇ- ਉਹ ਰੂਸੀ ਤੇ ਰੂਸੀ ਕੈਡਿਟਾਂ ਦਾ ਅਧਿਕਾਰੀ, ਉਹ 'ਪ੍ਰਗਤੀਸ਼ੀਲ' ਪਤ੍ਰਿਕਾ ਦਾ ਪ੍ਰਕਾਸ਼ਿਕ ਤਾਰਾ (ਅਮਲ 'ਚ ਇਹ ਪੂੰਜੀਵਾਦ ਦੁੰਮ ਛੱਲਾ ਹੈ) ਇਹੋ ਜਿਹੇ ਲੋਕ ਜਦ ਭਾਰਤ 'ਚ ਹਕੂਮਤ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ ਤਾਂ ਅਸਲ ਵਿਚ ਚੰਗੇਜ਼ ਖਾਂ ਬਣ ਜਾਂਦੇ ਹਨ। ਇਹ ਆਪਣੇ ਅਧੀਨ ਲੋਕਾਂ ਨੂੰ 'ਸ਼ਾਂਤੀ ਰੱਖਣ' ਦੇ ਲਈ ਹਰ ਤਰੀਕੇ ਮੰਜ਼ੂਰ ਕਰਨ 'ਚ ਸਮਰਥ ਹੁੰਦੇ ਹਨ ਇਥੋਂ ਤਕ ਕਿ ਰਾਜਸੀ ਵਿਰੋਧੀਆਂ ਨੂੰ ਛਿੱਤਰ ਤੱਕ ਮਰਵਾਏ ਜਾਂਦੇ ਹਨ।

ਬ੍ਰਿਟਿਸ਼ ਸਮਾਜਿਕ-ਜਨਵਾਦੀਆਂ ਦੇ ਉਸ ਛੋਟੇ ਸਪਤਾਹਿਕ ਅਖ਼ਬਾਰ 'ਜਸਟਿਸ' 'ਤੇ ਮਾਰਲੇ ਵਰਗੇ ਉਦਾਰ ਤੇ 'ਖਾੜਕੂ' ਸ਼ੈਤਾਨਾਂ ਨੇ ਭਾਰਤ ਵਿਚ ਪਾਬੰਦੀ ਲਾ ਦਿੱਤੀ ਸੀ। ਜਦ ਕੀਰ ਹਾਠਡੀ ਨੇ ਜੋ ਬ੍ਰਿਟੇਨ ਦੇ ਸੰਸਦ ਮੈਂਬਰ ਸਨ ਅਤੇ ਆਜ਼ਾਦ ਮਜ਼ਦੂਰ ਪਾਰਟੀ ਦੇ ਨੇਤਾ ਸਨ, ਭਾਰਤ ਦੀ ਯਾਤਰਾ ਕਰਨ ਅਤੇ ਭਾਰਤੀਆਂ ਤੋਂ ਅਤੀ ਮੁੱਢਲੀਆਂ ਜਮਹੂਰੀ ਮੰਗਾਂ ਬਾਰੇ ਚਰਚਾ ਕਰਨ ਦੀ 'ਦਲੇਰੀ' ਵਿਖਾਈ ਤਾਂ ਬ੍ਰਿਟੇਨ ਦੇ ਸਭ ਪੂੰਜੀਵਾਦੀ ਅਖਬਾਰ ਇਸ 'ਬਗਾਵਤ' ਵਿਰੁੱਧ ਸ਼ੋਰ ਮਚਾਉਣ ਲੱਗੇ ਅਤੇ ਹੁਣ

ਸਭ ਤੋਂ ਪ੍ਰਭਾਵਸ਼ਾਲੀ ਬ੍ਰਿਟਿਸ਼ ਅਖ਼ਬਾਰ 'ਅੰਦੋਲਨਕਾਰੀ ਬਾਰੇ ਕੁਰਦ ਹਨ, ਜਿਨ੍ਹਾਂ ਨੇ ਭਾਰਤ ਦੀ ਸ਼ਾਂਤੀ ਭੰਗ ਕੀਤੀ ਹੈ ਅਤੇ ਉਹ ਸ਼ੁੱਧ ਰੂਸੀ ਪੁਲੇਵੇਂ (ਅੰਦਰੂਨੀ ਜਾਰ ਮੰਤਰੀ ਤੇ ਪੁਲਸ ਪ੍ਰਧਾਨ, ਜਿਸਨੇ ਇਨਕਲਾਬੀ ਵਿਰੁੱਧ ਬੇਕਿਰਕ ਜ਼ੁਲਮ ਜਥੇਬੰਦ ਕੀਤਾ) ਸ਼ੈਲੀ ਵਿਚ ਜਮਹੂਰੀ ਭਾਰਤੀ ਪੱਤਰਕਾਰਾਂ ਨੂੰ ਦਬਾਉਣ ਲਈ ਅਦਾਲਤ ਦੀਆਂ ਸਜਾਵਾਂ ਅਤੇ ਸਰਕਾਰੀ ਕਾਰਵਾਈਆਂ ਦਾ ਸੁਆਗਤ ਕਰ ਰਹੇ ਹਨ। ਭਾਰਤੀ ਜਮਹੂਰੀ ਤਿਲਕ ਨੂੰ ਅੰਗਰੇਜ਼ ਸਿਆਰਾਂ ਨੇ ਜੋ ਖੁਖਾਰ ਨਾਂ ਦਿੱਤਾ ਹੈ। ਉਸ ਨੂੰ ਲੰਬੇ ਸਮੇਂ ਲਈ ਨਿਰਵਾਸਨ ਕਿਹਾ ਸੀ ਜਿਸ ਸੰਬੰਧੀ ਪਿਛਲੇ ਦਿਨੀਂ ਬ੍ਰਿਟੇਨ ਦੇ ਹਾਊਸ ਆਫ ਕਾਮਨਸ 'ਚ ਪੁੱਛੇ ਗਏ ਪ੍ਰਸ਼ਨ ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਭਾਰਤੀ ਜੱਜਾਂ ਨੇ ਉਨ੍ਹਾਂ ਨੂੰ ਰਿਹਾ ਕਰਨ ਦਾ ਐਲਾਨ ਕੀਤਾ ਪਰ ਇਹ ਸਜ਼ਾ ਬ੍ਰਿਟਿਸ਼ਾ ਜੱਜਾਂ ਦੇ ਵੋਟ ਨਾਲ ਦਿੱਤੀ ਗਈ ਹੈ। ਅਮੀਰਾਂ ਦੇ ਜੁੱਤੇ ਚੱਟਨ ਵਾਲਿਆਂ ਨੇ ਇਕ ਜਮਹੂਰੀ ਵਿਰੁੱਧ ਜੋ ਇਹ ਬਦਲਾ ਲਿਆ ਉਸ ਦੀ ਵਜ੍ਹਾ ਨਾਲ ਮੁੰਬਈ 'ਚ ਸੜਕਾਂ ਤੇ ਮੁਜ਼ਹਾਰੇ ਤੇ ਹੜਤਾਲਾਂ ਹੋਈਆਂ। ਭਾਰਤ ਵਿਚ ਵੀ ਮਜ਼ਦੂਰ ਜਮਾਤ ਸੁਚੇਤ ਰਾਜਸੀ ਲੋਕ ਸੰਘਰਸ਼ ਤਕ ਵਿਕਸਤ ਹੋ ਗਿਆ ਹੈ ਅਤੇ ਜੇ ਇਹੀ ਰਿਹਾ ਤਾਂ ਭਾਰਤ ਵਿਚ ਰੂਸੀ ਤਰੀਕੇ ਨਾਲ ਬ੍ਰਿਟਿਸ਼ ਹਕੂਮਤ ਦਾ ਵਿਨਾਸ਼ ਨਿਸ਼ਚਿਤ ਹੈ.....। 1911 'ਚ ਮਿਲ-ਮਾਲਕਾਂ ਨੂੰ ਮਰਦ ਮਜ਼ਦੂਰਾਂ ਲਈ 12 ਘੰਟੇ ਦੇ ਕੰਮ ਦਾ ਦਿਨ ਅਤੇ ਬਾਲ ਮਜ਼ਦੂਰਾਂ ਲਈ 6 ਘੰਟੇ ਦੇ ਕੰਮ ਦਾ ਦਿਨ ਮੰਜ਼ੂਰ ਕਰਨਾ ਪਿਆ। ਮਜ਼ਦੂਰ ਵਰਗ ਅਜੇ ਇਸ ਸਥਿਤੀ 'ਚ ਨਹੀਂ ਪਹੁੰਚ ਸਕਿਆ ਸੀ ਕਿ ਉਹ 8 ਘੰਟੇ ਕੰਮ ਦੇ ਦਿਨ ਦੀ ਮੰਗ ਕਰੇ।

**ਏਟਕ ਦਾ ਜਨਮ** :- ਕੁਲ ਹਿੰਦ ਅਧਾਰ 'ਤੇ ਭਾਰਤੀ ਮਜ਼ਦੂਰ ਜਮਾਤ ਦਾ ਪਹਿਲਾਂ ਜਥੇਬੰਦ ਏਕਤਾ ਕੁਲ ਹਿੰਦ ਭਾਰਤੀ ਟ੍ਰੇਡ ਯੂਨੀਅਨ ਕਾਂਗਰਸ ਦੀ ਸਥਾਪਨਾ 1920 'ਚ ਹੋਈ। ਲਾਲਾ ਲਾਜਪਤ ਰਾਏ ਨੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਨੀ ਸੀ ਕਿਉਂਕਿ ਬਾਲ ਗੰਗਾਧਰ ਤਿਲਕ ਦੀ ਮੌਤ ਇਕ ਅਗਸਤ ਨੂੰ ਅਕਤੂਬਰ 1920 ਤੱਕ ਮੁਲਤਵੀ ਕ ਦਿੱਤਾ ਗਿਆ ਸੀ। ਏਟਕ ਦੀ ਸਭ ਤੋਂ ਵੱਡੀ ਅਸਫਲਤਾ ਇਹ ਸੀ ਕਿ ਏਟਕ ਦੇ ਸਥਾਪਨਾ ਸਮਾਰੋਹ 'ਚ ਕੌਮੀ ਅਜ਼ਾਦੀ ਤੇ ਸਵਰਾਜ ਦੇ ਪ੍ਰਸ਼ਨ 'ਤੇ ਇਕ ਵੀ ਰਾਜਸੀ ਪ੍ਰਸਤਾਵ ਮੰਜ਼ੂਰ ਨਹੀਂ ਕੀਤਾ ਗਿਆ ਕਿਉਂਕਿ ਏਟਕ ਮੁੱਖ ਤੌਰ 'ਤੇ ਕਾਂਗਰਸੀ ਨੇਤਾਵਾਂ ਵਲੋਂ ਨਿਰਦੇਸ਼ਿਤ ਸੀ। ਮਹਾਤਮਾ ਗਾਂਧੀ ਨੇ ਏਟਕ ਦੀ ਸਥਾਪਨਾ ਦੇ ਵਿਚਾਰ ਨੂੰ ਪ੍ਰਯੋਜਿਤ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਸੀ ਅਤੇ ਇਸ ਲਈ ਉਹ ਸ਼ਾਮਲ ਨਹੀਂ ਹੋਏ ਪਰ ਝਰਿਆ ਵਿਚ ਇਕ ਦਸੰਬਰ 1921 ਨੂੰ ਏਟਕ ਦਾ ਦੂਜਾ ਇਜਲਾਸ ਹੋਇਆ ਅਤੇ ਉਸ ਵਿਚ ਜੋ ਪਹਿਲੀ ਤਜਵੀਜ਼ ਪਾਸ ਕੀਤੀ ਗਈ ਉਹ ਸੀ ਕਿ 'ਇਹ ਟ੍ਰੇਡ ਯੂਨੀਅਨ ਐਲਾਨ ਕਰਦੀ ਹੈ ਕਿ ਭਾਰਤ ਦੀ ਜਨਤਾ ਵਲੋਂ ਸਵਰਾਜ ਹਾਸਿਲ ਕਰਨ ਦਾ ਸਮਾਂ ਆ ਗਿਆ ਹੈ।"

***ਮਈ ਦਿਨ ਦਾ ਪਹਿਲੀ ਵਾਰ ਮਨਾਇਆ ਜਾਣਾ :-***

ਅਧਿਕਾਰਿਕ ਤੌਰ 'ਤੇ 1927 'ਚ ਆਯੋਜਿਤ ਦਿੱਲੀ ਦੇ ਇਕ ਸੈਸ਼ਨ ਨੇ ਆਪਣੀਆਂ ਸਾਰੀਆਂ ਸੂਬਾਈ ਇਕਾਈਆਂ ਨੂੰ ਮਈ ਦਿਨ ਮਨਾਉਣ ਲਈ ਕਿਹਾ ਸੀ। ਇਸ ਅਨੁਸਾਰ ਵੱਡੇ ਤਿਉਹਾਰ ਦੇ ਨਾਲ ਕਲਕੱਤਾ, ਮਦਰਾਸ ਤੇ ਮੁੰਬਈ 'ਚ ਮਨਾਇਆ ਗਿਆ ਅਤੇ ਕੁਝ ਥਾਵਾਂ 'ਤੇ ਲਾਲ ਝੰਡੇ ਨਾਲ ਮੁਜ਼ਾਹਰੇ ਵੀ ਹੋਏ।

ਅਧਿਕਾਰਿਕ ਤੌਰ 'ਤੇ ਮਈ ਦਿਨ ਸਭ ਤੋਂ ਪਹਿਲਾਂ 1923 'ਚ ਮਨਾਇਆ

ਗਿਆ। ਮਦਰਾਸ ਦੇ ਸਮੁੰਦਰੀ ਤਟ 'ਤੇ ਕਾ. ਸਿੰਗਾਰਾਵੇਲੂ ਚੇਟਿਆਰ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਮੰਗ ਕੀਤੀ ਗਈ ਸੀ ਕਿ ਮਈ ਦਿਨ ਦੀ ਛੁੱਟੀ ਐਲਾਨੀ ਜਾਵੇ। ਕਾ. ਚੇਟਿਆਰ ਦੇ ਘਰ 'ਤੇ ਲਾਲ ਝੰਡਾ ਝੁਲਾਇਆ ਗਿਆ ਸੀ। ਇਹਨਾਂ ਹੀ ਕਾ. ਚੇਟਿਆਰ ਨੇ 25-27 ਦਸੰਬਰ 1925 ਨੂੰ ਕਾਨਪੁਰ ਭਾਰਤ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ 'ਤੇ ਉਦਘਾਟਨੀ ਭਾਸ਼ਨ ਦਿੱਤਾ ਸੀ। ਇਸ ਵਿਚ ਸ਼ੱਕ ਨਹੀਂ ਕਿ ਏਟਕ 'ਚ ਕਮਿਊਨਿਸ਼ਟਾਂ ਦੀ ਗਿਣਤੀ ਕਾਫੀ ਘੱਟ ਸੀ ਪਰ ਉਹ ਮਜ਼ਦੂਰ ਅੰਦੋਲਨ ਦੀ ਜਾਨ ਸਨ। 1926 'ਚ ਲਾਹੌਰ ਦੇ ਤਾਂਗਾ ਮਜ਼ਦੂਰ ਨੇ ਵੀ ਮਈ ਦਿਨ ਮਨਾਇਆ ਸੀ ਅਤੇ ਲਾਲ ਝੰਡਾ ਲਹਿਰਾਇਆ ਸੀ। 1925 'ਚ ਲੰਦਨ ਦੇ ਈਸ਼ਟ ਇੰਡੀਆ 'ਚ ਰਹਿਣ ਵਾਲੇ ਭਾਰਤੀ ਕਿਸ਼ਤੀ ਡਰਾਈਵਰਾਂ ਨੇ ਵੀ ਹਾਈਡ ਪਾਰਕ 'ਚ ਸਭਾ ਕਰਕੇ ਮਈ ਦਿਨ ਮਨਾਇਆ ਸੀ। 1928 'ਚ ਕਲਕੱਤਾ 'ਚ ਮਈ ਦਿਨ ਵੱਡੇ ਪੈਮਾਨੇ 'ਤੇ ਮਨਾਇਆ ਗਿਆ। ਜਦ ਸਰਧਾਨੰਦ ਪਾਰਕ ਤੋਂ ਇਕ ਮੀਲ ਲੰਬਾ ਮਜ਼ਦੂਰਾਂ ਦਾ ਜਲੂਸ ਨਿਕਲਿਆ ਤਾਂ ਪੁਲਿਸ ਕਮਿਸ਼ਨਰ ਨੇ ਉਸ 'ਤੇ ਪਾਬੰਦੀ ਲਾ ਦਿੱਤੀ। ਇਸ ਪਿੱਛੋਂ ਵੀ ਜਾਲੂਸ ਕਲਕੱਤਾ ਮੈਦਾਨ (ਮੌਜੂਦਾ ਸ਼ਹੀਦ ਮੀਨਾਰ) ਪਹੁੰਚ ਗਿਆ ਅਤੇ ਰੈਲੀ ਹੋਈ। ਇਸੇ ਸਾਲ ਕਲਕੱਤਾ ਦੇ ਮਜ਼ਦੂਰਾਂ ਨੇ ਕੌਮੀ ਕਾਂਗਰਸ ਸੈਸ਼ਨ ਦੇ ਪੰਡਾਲ 'ਤੇ ਦੋ ਘੰਟੇ ਕਬਜ਼ਾ ਕਰੀ ਰੱਖਿਆ ਅਤੇ ਆਪਣੀ ਰਾਜਸੀ ਮੰਗ ਰੱਖੀ। ਮਜ਼ਦੂਰਾਂ ਨੇ ਸਪੱਸ਼ਟ ਕਿਹਾ ਕਿ ਕੌਮੀ ਕਾਂਗਰਸ ਪੂਰਨ ਅਜ਼ਾਦੀ ਨੂੰ ਆਪਣਾ ਟੀਚਾ ਐਲਾਨ ਕਰੇ। ਇਨ੍ਹਾਂ ਅੰਦੋਲਨਾਂ ਦੇ ਸਿੱਟੇ ਵਜੋਂ ਹੀ 1929-30 ਦੇ ਕੌਮੀ ਕਾਂਗਰਸ ਦੇ ਸੈਸ਼ਨ ਵਿਚ ਇਸ ਨੂੰ ਮੰਨ ਲਿਆ ਗਿਆ ਅਤੇ 26 ਜਨਵਰੀ 1930 ਨੂੰ ਪਹਿਲੀ ਵਾਰ 'ਆਜ਼ਾਦੀ ਦਿਨ' ਵਜੋਂ ਮਨਾਇਆ ਗਿਆ।

1929 ਮੁੰਬਈ 'ਚ ਗਿਰਨੀ ਕਾਮਗਾਰ ਯੂਨੀਅਨ ਦੇ ਵਿਧਾਨ 'ਚ ਮਈ ਦਿਨ ਮੌਕੇ ਸਭ ਤੋਂ ਵੱਡੀ ਰੈਲੀ ਹੋਈ ਜੋ ਅੱਜ ਤੱਕ ਨਹੀਂ ਹੋਈ ਸੀ। ਉਥੇ ਮੇਰਠ ਸਾਜ਼ਿਸ਼ ਕੇਸ ਦੀ ਗ੍ਰਿਫਤਾਰੀਆਂ ਵਿਰੁੱਧ ਤਜਵੀਜ਼ਾਂ ਪਾਸ ਕੀਤੀਆਂ ਗਈਆਂ।

1 ਜਨਵਰੀ 1930 ਨੂੰ ਪੂਰਨ ਅਜ਼ਾਦੀ ਦੀ ਤਜਵੀਜ਼ ਲਾਹੌਰ ਸੈਸ਼ਨ 'ਚ ਪਾਸ ਕੀਤੀ ਗਈ। 18 ਅਪ੍ਰੈਲ 1930 ਨੂੰ ਸੂਰੀਆ ਸੇਨ ਦੀ ਅਗਵਾਈ 'ਚ ਚਿਟਾਗਾਂਵ ਦੇ ਅਸਲੇ ਖਾਨੇ 'ਤੇ ਹਮਲਾ ਕੀਤਾ ਗਿਆ ਅਤੇ ਇਕ ਦਿਨ ਲਈ ਚਿਟਾਗਾਂਵ ਨੂੰ ਅਜ਼ਾਦ ਐਲਾਨਿਆ ਗਿਆ। ਅਪ੍ਰੈਲ 1930 ਦੇ ਤੀਜੇ ਹਫ਼ਤੇ 'ਚ ਪੇਸ਼ਾਵਰ 'ਚ ਗੜ੍ਹਵਾਲੀ ਫੌਜ਼ੀਆਂ ਨੇ ਬਗਾਵਤ ਕੀਤੀ। ਜੁਲਾਈ 1934 'ਚ ਸਰਕਾਰ ਨੇ ਭਾਰਤ ਦੀ ਕਮਿਊਨਿਸ਼ਟ ਪਾਰਟੀ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ। 1933 'ਚ ਮੁੰਬਈ, ਨਾਗਪੁਰ, ਕਲਕੱਤਾ ਤੇ ਮਦਰਾਸ ਵਿਚ ਮਈ ਦਿਵਸ ਮਨਾਇਆ ਗਿਆ। ਦਿੱਲੀ ਕਲਾਥ ਮਿਲ ਵਿਚ ਵੀ ਮਈ ਦਿਵਸ 'ਤੇ ਹੜਤਾਲ ਹੋਈ ਅਤੇ ਅੰਮ੍ਰਿਤਸਰ 'ਚ ਮਈ ਦਿਵਸ 'ਤੇ ਜਲਿਆਂ ਵਾਲਾ ਬਾਗ 'ਚ ਸਭਾ ਹੋਈ।

**ਫੁੱਟ ਤੇ ਏਕਤਾ ਦੀ ਦਿਸ਼ਾ 'ਚ ਕੋਸ਼ਿਸ਼ਾਂ** :- ਮਾਰਚ 1929 (ਮੇਰਠ ਕੇਸ ਦੀਆਂ ਗ੍ਰਿਫਤਾਰੀਆਂ) ਪਿੱਛੋਂ ਦੇ ਪਹਿਲੇ ਸਾਲ ਭਾਰਤੀ ਮਜ਼ਦੂਰ ਅੰਦੋਲਨ ਲਈ ਕਠਿਨ ਸਮਾਂ ਸੀ। 1930-34 ਦੇ ਕੌਮੀ ਸੰਘਰਸ਼ ਦਾ ਫੈਸਲਾਕੁੰਠ ਅਰਸੇ 'ਚ ਮਜ਼ਦੂਰ ਅੰਦੋਲਨ ਦੇ ਚੋਟੀ ਦੇ ਤਟ ਨੇਤਾਵਾਂ ਦੇ ਹਟਾਏ ਜਾਣ ਨਾਲ ਲੀਡਰਸ਼ਿਪ 'ਚ ਜੋ ਪੱਖ ਪੈਦਾ ਹੋ ਗਿਆ ਸੀ, ਉਸ ਨੂੰ ਆਸਾਨੀ ਨਾਲ ਨਹੀਂ ਭਰਿਆ ਜਾ ਸਕਦਾ ਹੈ। ਮਜ਼ਦੂਰ ਵਰਗ

ਦੀ ਰਾਜਸੀ ਭੂਮਿਕਾ ਵੀ ਕਮਜ਼ੋਰ ਹੋ ਗਈ ਸੀ। 1929 ਦੇ ਅੰਤ ਵਿਚ ਨਾਗਪੁਰ ਟ੍ਰੇਡ ਯੂਨੀਅਨ ਕਾਂਗਰਸ ਵਿਚ ਖੱਬਿਆਂ ਦਾ ਬਹੁਮਤ ਸੀ। ਐਨ. ਐਸ. ਜੋਸ਼ੀ ਤੇ ਵੀ. ਵੀ. ਗਿਰੀ ਆਦਿ ਨੇ ਏਟਕ ਛੱਡ ਕੇ ਟ੍ਰੇਡ ਯੂਨੀਅਨ ਫੈਡਰੇਸ਼ਨ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਖੱਬੇਪੱਖੀ ਲੀਡਰਸ਼ਿਪ ਜੋ ਏਟਕ ਨੂੰ ਨਿਰਦੇਸ਼ਿਤ ਕਰਨ ਲੱਗਿਆ ਸੀ, ਉਹ ਮਜ਼ਦੂਰ ਜਮਾਤ ਦੀ ਆਜ਼ਾਦ ਰਾਜਸੀ ਭੂਮਿਕਾ ਦੇ ਸੁਆਲ 'ਤੇ ਹੋਰ ਵੱਧ ਵੰਡਿਆ ਗਿਆ ਅਤੇ ਉਸ ਨੇ ਲਾਲ ਟ੍ਰੇਡ ਯੂਨੀਅਨ ਕਾਂਗਰਸ ਸਥਾਪਤ ਕੀਤੀ ਇਹਨਾਂ ਫੁੱਟਾਂ ਨਾਲ ਟ੍ਰੇਡ ਯੂਨੀਅਨ ਅੰਦੋਲਨ ਬੁਰੀ ਤਰ੍ਹਾਂ ਕਮਜ਼ੋਰ ਹੋ ਗਿਆ।

1942, 1943, 1944, ਅਤੇ 1945 'ਚ ਜੋ ਮਈ ਦਿਨ ਮਲਾਇਆ ਗਿਆ ਉਸ 'ਚ ਮਜ਼ਦੂਰ ਜਮਾਤ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ।

1946 'ਚ ਏਟਕ 'ਚ ਫੁੱਟ ਪਾਉਣ ਦੀ ਨਵੀਂ ਮੁਹਿੰਮ ਸ਼ੁਰੂ ਹੋ ਗਈ ਸਾਬਕਾ ਕਾਂਗਰਸ ਸੋਸਲਿਸਟ ਪਾਰਟੀ ਦੇ ਮੈਂਬਰਾਂ ਨੇ ਹਿੰਦ ਮਜ਼ਦੂਰ ਸਭਾ ਕਾਇਮ ਕੀਤੀ ਅਤੇ ਕੁਝ ਕਾਂਗਰਸ ਮੈਂਬਰਾਂ ਨੇ ਏਟਕ 'ਚ ਹੋਰ ਫੁੱਟ ਪਾ ਕੇ ਭਾਰਤੀ ਮੌਕੀ ਟ੍ਰੇਡ ਯੂਨੀਅਨ (ਇੰਟਕ) ਦੀ ਸਥਾਪਨਾ ਕੀਤੀ ਏਟਕ ਤੋਂ ਇਲਾਵਾ ਐਚ. ਐਮ. ਐਸ., ਇੰਟਕ, ਸੀਟੂ, ਯੂਟਕ (ਲੈਨਿਨ ਸਾਰਨੀ) ਤੋਂ ਇਲਾਵਾ ਕਈ ਯੂਨੀਅਨ ਕੇਂਦਰ ਬਣ ਚੁੱਕੇ ਹਨ ਅਤੇ ਬਣਦੇ ਜਾ ਰਹੇ ਹਨ।

## *ਸੱਤਾ ਬਦਲੀ ਪਿੱਛੋਂ ਮਈ ਦਿਨ*

1948 'ਚ ਮਈ ਦਿਨ ਸਮਾਰੋਹ ਗੈਰ ਕਾਨੂੰਨੀ ਅਵਸਥਾ ਦੀਆਂ ਕਠਿਨ ਸਥਿਤੀਆਂ ਵਿਚ ਮਨਾਉਣਾ ਪਿਆ। ਭਾਰਤ ਦੇ ਜਨਵਾਦੀ ਤੇ ਮਜ਼ਦੂਰ ਜਮਾਤ ਅੰਦੋਲਨ ਦੇ ਨਾਲ ਕੌਮਾਂਤਰੀ ਏਕਤਾ ਦੀ ਇਕ ਉਦਾਹਰਣ ਇਹ ਹੈ ਕਿ ਉਸ ਸਮੇਂ ਭਾਰੀ ਜ਼ੁਲਮ ਦੇ ਬਾਵਜੂਦ ਲੰਦਨ 'ਚ ਭਾਰਤੀ ਵਿਦਿਆਰਥੀਆਂ ਤੇ ਕਿਸ਼ਤੀ ਡਰਾਈਵਰਾਂ ਨੇ ਮਈ ਦਿਨ ਫਿਲਾਸਫੀ ਦੇ ਇਕ ਅੰਗ ਵਜੋਂ ਸ਼ਾਨਦਾਰ ਮੁਜ਼ਹਾਰਾ ਲੰਦਨ ਟ੍ਰੇਡ ਯੂਨੀਅਨ ਕੌਂਸਲ ਵਲੋਂ ਕੀਤਾ ਗਿਆ। ਸਭਾਵਾਂ 'ਚ ਇਹ ਮੰਗ ਰੱਖੀ ਗਈ ਕਿ ਕਨੂੰਨੀ ਅਧਿਕਾਰ ਮੁੜ ਸਥਾਪਤ ਕੀਤੇ ਜਾਣ ਅਤੇ ਵਿਸ਼ੇਸ਼ ਤੌਰ 'ਤੇ ਪੱਛਮੀ ਬੰਗਾਲ 'ਤੇ ਆਂਧਰਾ ਪ੍ਰਦੇਸ਼ ਵਿਚ ਕਮਿਊਨਿਸ਼ਟ ਪਾਰਟੀ 'ਤੇ ਲੱਗੀ ਪਾਬੰਦੀ ਨੂੰ ਹਟਾਇਆ ਜਾਵੇ।

9 ਮਾਰਚ 1949 ਨੂੰ ਕੁਲ ਹਿੰਦ ਭਾਰਤੀ ਰੇਲਵੇ ਹੜਤਾਲ ਦਾ ਜੋ ਸੱਦਾ ਦਿੱਤਾ ਗਿਆ ਸੀ, ਉਸ ਨੂੰ ਥੋੜ੍ਹੀ ਸਫ਼ਲਤਾ ਮਿਲੀ। ਜ਼ੁਲਮ ਬਹੁਤ ਵੱਧ ਸੀ। ਕੇਵਲ ਮਜ਼ਦੂਰ ਜਮਾਤ ਅੰਦੋਲਨ 25000 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਪਿੱਛੋਂ ਵੀ ਮੁੰਬਈ 'ਚ ਝੰਡੇ ਦੀ ਸਲਾਮੀ ਅਤੇ ਇਕ ਮੀਲ ਲੰਬੇ ਜਲੂਸ ਨਾਲ ਮਈ ਦਿਵਸ ਮਨਾਇਆ ਗਿਆ। ਸਭਾਵਾਂ 'ਚ ਚੀਨੀ ਲੋਕ ਮੁਕਤੀ ਫੌਜ਼ ਦੀ ਮਹਾਨ ਜਿੱਤ ਦਾ ਸੁਆਗਤ ਕੀਤਾ ਗਿਆ। ਕਲਕੱਤਾ 'ਚ ਪੁਲਸ ਦਾ ਘੇਰਾ ਤੋੜਦੇ ਹੋਇਆ ਮਈ ਦਿਨ ਮਨਾਇਆ ਗਿਆ। ਤ੍ਰਾਵਿਨ ਕੌਰ 'ਚ 'ਚ ਅਲੇਪੀ ਦੇ ਮਜ਼ਦੂਰਾਂ ਨੇ ਮਈ ਦਿਨ ਦੀ ਸਭਾ 'ਚ ਭੁਖ ਹੜਤਾਲੀ ਨਜ਼ਰਬੰਦੀਆਂ ਦੀ ਹਮਾਇਤ 'ਚ ਆਮ ਹੜਤਾਲ ਕੀਤੀ। 1950 'ਚ ਮਈ ਦਿਨ ਮੌਕੇ ਬੰਬਈ ਦੇ ਕਾਮਗਰ ਮੈਦਾਨ 'ਚ ਬੰਬਈ ਟ੍ਰੇਡ ਯੂਨੀਅਨ ਕਾਂਗਰਸ ਅਤੇ ਮਜ਼ਦੂਰ ਤੇ ਕਿਸਾਨ ਪਾਰਟੀ ਦੇ 10,000 ਮਜ਼ਦੂਰਾਂ ਦੀ ਰੈਲੀ ਹੋਈ।

ਕਈ ਥਾਵਾਂ 'ਤੇ ਤੇਲਿੰਗਾਨਾ ਕਿਸਾਨ ਸੰਘਰਸ਼ ਦੇ ਨਾਲ ਇਕਜੁਟਤਾ ਜਾਹਰ ਕਰਦਿਆਂ ਵਿਸ਼ੇਸ਼ ਮਤੇਪਾਸ ਕੀਤੇ ਗਏ। ਇਹਨਾਂ ਕੋਸ਼ਿਸ਼ਾਂ ਕਾਰਨ ਤਿਲੰਗਾਨਾ ਦੇ ਅੱਠ ਕਿਸਾਨ ਆਗੂਆਂ ਦੀ ਮੌਤ ਦੀ ਸਜ਼ਾ ਘਟਾਉਣ 'ਚ ਸਫਲਤਾ ਮਿਲੀ।

1952 ਦੇ ਪਹਿਲੀਆਂ ਚੋਣਾਂ 'ਚ ਸਾਂਝੇ ਮੋਰਚੇ ਦੀ ਜਿੱਤ ਪਿੱਛੋਂ ਮਈ ਦਿਨ ਨੂੰ ਸਾਰੇ ਦੇਸ਼ 'ਚ ਮਨਾਇਆ ਗਿਆ। ਹਰ ਰੈਲੀ 'ਚ ਅਮਰੀਕੀ ਸਾਮਰਾਜ ਵੱਲੋਂ ਕੋਰੀਆ 'ਚ ਜਾ ਰਹੇ ਕੀਟਾਣੂ ਯੁੱਧ ਦੀ ਜ਼ੋਰਦਾਰ ਨਿੰਦਾ ਕੀਤੀ ਗਈ। ਕਲਕੱਤਾ ਤੇ ਮੁੰਬਈ 'ਚ ਵਿਸ਼ਾਲ ਜਲੂਸ ਨਿਕਲੇ। ਹੈਦਰਾਬਾਦ 'ਚ ਲਾਲ ਝੰਡੇ ਹੇਠਾਂ ਹੋਈ ਸਭਾ 'ਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ।

1953 'ਚ ਮਈ ਦਿਨ 'ਤੇ ਵਿਸ਼ਵ ਟ੍ਰੇਡ ਯੂਨੀਅਨ ਫੈਡਰੇਸ਼ਨ ਦੇ ਜਨਰਲ ਸਕੱਤਰ ਲੁਈਸ ਸਾਂਡਲਾ ਨੇ ਏਟਕ ਨੂੰ ਵਧਾਈ ਸੰਦੇਸ਼ ਭੇਜਿਆ। 1955 'ਚ ਮਈ ਦਿਨ ਵੱਡੇ ਪੈਮਾਨੇ 'ਤੇ ਮਨਾਇਆ ਗਿਆ। ਅਮਰੀਕੀ ਮਜ਼ਦੂਰ ਜਮਾਤ ਦੇ ਅਸਾਧਾਰਨ ਨੇਤਾ ਅਤੇ ਅਮਰੀਕੀ ਕਮਿਊਨਿਸ਼ਟ ਪਾਰਟੀ ਦੇ ਪ੍ਰਧਾਨ ਬਿਲੀਅਨ ਜੇਡ ਫਾਸਟਰ ਨੇ ਇਕ ਵਿਸ਼ੇਸ਼ ਸੰਦੇਸ਼ ਭੇਜਿਆ। ਇਸ ਤਰ੍ਹਾਂ ਦਾ ਸੰਦੇਸ਼ ਵਿਸ਼ਵ ਟ੍ਰੇਡ ਯੂਨੀਅਨ ਫੈਡਰੇਸ਼ਨ ਤੋਂ ਪ੍ਰਾਪਤ ਹੋਇਆ। 1963 ਵਿਚ ਮਈ ਦਿਨ ਦੇ ਮੌਕੇ 'ਤੇ ਇਕ ਐਲਾਨਨਾਮਾ ਪੱਤਰ ਮੰਜੂਰ ਕੀਤਾ ਗਿਆ ਜਿਸ 'ਚ ਕੀਮਤਾਂ ਦੇ ਵਾਧੇ 'ਤੇ ਰੋਕ ਲਾਉਣ ਅਤੇ ਲਾਜ਼ਮੀ ਜਮਾ ਯੋਜਨਾ ਖਤਮ ਕਰਨ ਦੀ ਮੰਗ ਕੀਤੀ।

ਏਟਕ ਦਾ 1964 ਦਾ ਮਈ ਦਿਨ ਦਾ ਐਲਾਨਨਾਮਾ ਇਸ ਲਈ ਵਿਸ਼ੇਸ਼ ਦਿਲਚਸਪੀ ਦਾ ਵਿਸ਼ਾ ਹੈ ਕਿ ਇਸ ਜ਼ਰੀਏ ਭਾਰਤ ਦੀ ਮਜ਼ਦੂਰ ਜਮਾਤ ਨੇ ਕੌਮਾਂਤਰੀ ਮਜ਼ਦੂਰ ਜਮਾਤ ਨੂੰ ਚੀਨ ਖਿਲਾਫ ਫੁੱਟ ਪਾਉਣ ਦੀ ਕਾਰਵਾਈ ਵਿਰੁੱਧ ਚਿਤਾਵਨੀ ਦਿੱਤੀ ਸੀ। ਇਸ 'ਚ ਕਿਹਾ ਗਿਆ ਸੀ–

"ਕੌਮਾਂਤਰੀ ਇਕਜੁੱਟਤਾ ਦੇ ਇਸ ਦਿਨ 'ਤੇ ਅਸੀਂ ਇਹ ਸੰਕਲਪ ਕਰਦੇ ਹਾਂ ਕਿ ਅਸੀਂ ਮਜ਼ਦੂਰਾਂ ਦੀ ਏਕਤਾ ਅਤੇ ਮਿਹਨਤਕਸ਼ਾ ਦੇ ਵਿਆਪਕ ਜਨ ਸਮੂਹ ਦੇ ਨਾਲ ਏਕਤਾ ਲਈ ਨਿਰੰਤਰ ਸੰਘਰਸ ਕਰਦੇ ਰਹਿਣਗੇ। ਕੌਮਾਂਤਰੀ ਮਜ਼ਦੂਰ ਜਮਾਤ ਦੇ ਅੰਦੋਲਨ 'ਚ ਅਜਿਹੇ ਨਵੇਂ ਰੁਝਾਣ ਉੱਭਰ ਰਹੇ ਹਨ ਜਿਸ ਨਾਲ ਸਾਡੀ ਏਕਤਾ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ। ਮਜ਼ਦੂਰ ਜਮਾਤ ਨੂੰ ਚਾਹੀਦਾ ਹੈ ਕਿ ਉਹ ਜਿਸ ਖੇਤਰ ਤੋਂ ਖਤਰਾ ਪੈਦਾ ਹੋਵੇ, ਉਸ ਨੂੰ ਲੁਕਾ ਦੇਵੇ।"

1964 'ਚ ਦਿੱਲੀ 'ਚ ਹੋਈ ਮਈ ਦਿਨ ਦੀ ਰੈਲੀ 'ਚ ਏਟਕ ਤੋਂ ਇਲਾਵਾ ਦਿਲੀ ਦੀਆਂ ਕਈ ਯੂਨੀਅਨਾਂ, ਸਟੇਟ ਬੈਂਕ ਕਰਮਚਾਰੀ ਫੈਡਰੇਸ਼ਨ ਤੇ ਦਿਲੀ ਸਮਾਦਾਰਪਤ ਕਰਮਚਾਰੀ ਫੈਡਰੇਸ਼ਨ ਆਦਿ ਨੇ ਭਾਗ ਲਿਆ ਸੀ। 1967 'ਚ ਪੱਛਮੀ ਬੰਗਾਲ ਤੇ ਕੇਰਲਾ 'ਤੇ ਸਾਂਝੇ ਮੋਰਚੇ ਦੀਆਂ ਸਰਕਾਰਾਂ ਦਾ ਪਹਿਲਾਂ ਕਦਮ ਸੀ। ਮਈ ਦਿਨ ਦੀ ਛੁੱਟੀ ਦਾ ਐਲਾਨ ਕਰਨਾ ਵਿਸ਼ਵ ਦੇ ਸਮਾਜਵਾਦ ਦੀ ਆਖਰੀ ਜਿੱਤ ਲਈ ਕਾਫੀ ਲੰਮੇ ਸਮੇਂ ਤੋਂ ਬਾਹਰਮੁਖੀ ਹਾਲਤਾਂ ਬਣੀਆਂ ਹੋਈਆਂ ਹਨ। ਮਜ਼ਦੂਰ ਜਮਾਤ ਨਾ ਸਿਰਫ਼ ਆਪਣੀ ਸ਼ਕਤੀ ਪ੍ਰਤੀ ਬਲਕਿ ਆਬਾਦੀ ਦੇ ਦੂਜੇ ਮਿਹਨਤਕਸ਼ ਹਿੱਸਿਆਂ ਨਾਲ ਇਕਜੁੱਟ ਕਰਨ ਦੀ ਆਪਣੀ ਭੂਮਿਕਾ ਤੇ ਬਰਾਬਰੀ ਤੇ ਅਧਾਰ ਲੁੱਟ ਰਹਿਤ ਸਮਾਜ ਸਿਰਜਨ 'ਚ ਆਪਣੇ ਨੂੰ ਪਹਿਚਾਣੇ–ਮਈ ਦਿਨ ਇਸ ਗੱਲ ਦੀ ਸਰਭ ਉੱਚ ਮਹੱਹਤਾ ਨੂੰ ਰੇਖਾਂਕਿਤ ਕਰਦਾ ਹੈ।

# ਪ੍ਰਮਾਣੂ ਹਥਿਆਰਾਂ ਤੋਂ ਹੋਵੇ ਮੁਕਤ ਸੰਸਾਰ

5 ਅਪ੍ਰੈਲ ਨੂੰ ਚੇਕ ਰਾਜਧਾਨੀ ਪ੍ਰਾਗ 'ਚ ਅਮਰੀਕੀ ਰਾਸ਼ਟਰਪਤੀ ਨੇ ਪ੍ਰਮਾਣੂ ਹਥਿਆਰਾਂ ਤੋਂ ਦੁਨੀਆਂ ਨੂੰ ਮੁਕਤ ਕਰਨ ਬਾਰੇ ਇਕ ਭਾਸ਼ਣ ਦਿੱਤਾ ਪਰ ਨਾਲ ਹੀ ਉਨ੍ਹਾਂ ਇਹ ਵੀ ਜੋੜ ਦਿੱਤਾ ਕਿ ਸ਼ਾਇਦ ਉਨ੍ਹਾਂ ਦੇ ਜੀਵਨ ਕਾਲ 'ਚ ਇਹ ਟੀਚਾ ਹਾਸਲ ਨਹੀਂ ਕੀਤਾ ਜਾ ਸਕਦਾ। ਇਸ ਦਾ ਮਤਲਬ ਬਹੁਤ ਸਪੱਸ਼ਟ ਹੈ। ਇਸ ਦਾ ਸਾਫ ਮਤਲਬ ਹੈ ਕਿ ਅਮਰੀਕੀ ਸਾਮਰਾਜੀਆਂ ਅੱਗੇ ਆਉਣ ਵਾਲੇ ਲੰਮੇਂ ਸਮੇਂ ਤੱਕ ਪ੍ਰਮਾਣੂ ਹਥਿਆਰਾਂ 'ਤੇ ਆਪਣੀ ਉਤਮਤਾ ਨੂੰ ਖਤਮ ਨਹੀਂ ਕਰਨਾ ਚਾਹੁੰਦੇ। ਇਸ ਤੋਂ ਠੀਕ ਪਹਿਲਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਰੂਸੀ ਰਾਸ਼ਟਰਪਤੀ ਦਿਮ੍ਰਿਤੀ ਮੇਡਬੇਡੇਵ ਨਾਲ ਮਿਲ ਕੇ ਨਵੇਂ ਰਾਜਸੀ ਅਸਤ ਪਰਿਸੀਮਨ ਸੰਧੀ 'ਤੇ ਸਮਝੌਤਾ ਸ਼ੁਰੂ ਕਰਨ ਦੇ ਇਰਾਦੇ ਦਾ ਐਲਾਨ ਕੀਤਾ ਸੀ। ਪ੍ਰਾਗ 'ਚ ਓਬਾਮਾ ਨੇ ਇਹ ਵੀ ਕਿਹਾ ਕਿ ਉਹ ਹੋਰ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ 'ਚ ਕਟੌਤੀ ਕਰਨ ਲਈ ਰਾਜੀ ਕਰਨਗੇ। ਉਤਰੀ ਕੋਰੀਆ ਦੇ ਉਪਗ੍ਰਹਿ ਛੱਡਣ ਬਾਰੇ ਉਨ੍ਹਾਂ ਕਿਹਾ ਕਿ ਜੋ ਦੇਸ਼ ਖੇਡ 'ਚ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ ਉਨ੍ਹਾਂ ਨੂੰ ਸਜ਼ਾ ਦੇਣੀ ਪਵੇਗੀ। ਓਬਾਮਾ ਬੁਸ਼ ਦੀ ਹੀ ਤਰ੍ਹਾਂ ਪ੍ਰਮਾਣੂ ਪਸਾਰ ਸੰਬੰਧੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੂੰ ਧਮਕੀ ਦੀ ਭਾਸ਼ਾ 'ਚ ਗੱਲ ਕਰ ਰਹੇ ਹਨ। ਉਹ ਅਜੇ ਤੱਕ ਖ਼ੁਦ ਤਾਂ ਵਿਆਪਕ ਤਜ਼ਰਬੇ 'ਤੇ ਪਾਬੰਦੀ (ਸੀ. ਟੀ. ਬੀ. ਟੀ.) 'ਤੇ ਪੁਸ਼ਟੀ ਦੇ ਦਸਤਖ਼ਤ ਨਹੀਂ ਕੀਤੇ ਪਰ ਦੂਜੇ ਦੇਸ਼ਾਂ ਨੂੰ ਉਸ ਦੇ ਦਸਤਖ਼ਤ ਕਰਨ ਲਈ ਦਬਾਅ ਪਾ ਰਹੇ ਹਨ। ਜੇ ਅਮਰੀਕਾ ਸੀ. ਟੀ. ਬੀ. ਟੀ. ਦੀ ਪੁਸ਼ਟੀ ਕਰ ਵੀ ਦਿੰਦਾ ਹੈ ਤਾਂ ਵੀ ਉਹ ਨਵੇਂ ਪ੍ਰਮਾਣੂ ਹਥਿਆਰਾਂ ਦੇ ਡਿਜ਼ਾਇਨ ਤੇ ਸੁਧਾਰ ਕਰਨ ਦੇ ਕੰਮ ਲਗਾਤਾਰ ਜਾਰੀ ਰੱਖ ਰਹੇ ਹਨ। ਇਸ ਪ੍ਰਕਾਰ ਇਕ ਪਾਸੇ ਤਾਂ ਅਮਰੀਕੀ ਸਾਮਰਾਜੀ ਦੁਨੀਆਂ ਦੇ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ ਵੰਚਿਤ ਰੱਖਣਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਖ਼ੁਦ ਨਵੇਂ-ਨਵੇਂ ਹਥਿਆਰ ਵਿਕਸਤ ਕਰ ਰਿਹਾ ਹੈ। ਉਹ ਆਪਣੀ ਪ੍ਰਮਾਣੂ ਬਹਾਦਰੀ ਕਾਇਮ ਰੱਖਣ ਦੀ ਕੋਸ਼ਿਸ਼ ਹੈ। ਇਸ ਦੇ ਨਾਲ ਹੀ ਅਮਰੀਕੀ ਸਾਮਰਾਜਵਾਦ ਦਾ ਨੁਮਾਇੰਦਾ ਬਰਾਕ ਓਬਾਮਾ ਜਦ ਦੁਨੀਆ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਕਰਨਾ ਦੀ ਗੱਲ ਕਰਦਾ ਹੈ ਤਾਂ ਇਹ ਸਹਿਜ ਪਾਖੰਡ ਹੈ। ਦੁਨੀਆਂ ਨੂੰ ਜੇ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਕਰਨ ਹੈ ਤਾਂ ਸਭ ਤੋਂ ਪਹਿਲਾਂ ਅਮਰੀਕਾ ਤੇ ਰੂਸ ਨੂੰ ਪ੍ਰਮਾਣੂ ਹਥਿਆਰਾਂ ਦੇ ਜ਼ਖੀਰੇ ਖ਼ਤਮ ਕਰਨੇ ਚਾਹੀਦੇ ਹਨ ਕਿਉਂਕਿ ਸਮੁੱਚੀ ਦੁਨੀਆ ਦੇ 90 ਫੀਸਦੀ ਪ੍ਰਮਾਣੂ ਹਥਿਆਰ ਅਮਰੀਕਾ ਤੇ ਰੂਸ ਪਾਸ ਹਨ। ਪਰ ਉਹ ਇਸ ਨੂੰ ਖਤਮ ਨਹੀਂ ਕਰ ਸਕਦੇ ਕਿਉਂਕਿ ਅਜਿਹਾ ਕਰਨ ਨਾਲ ਪ੍ਰਮਾਣੂ ਹਥਿਆਰਾਂ ਦੀ ਧੌਂਸਪੱਟੀ ਦਾ ਹਥਿਆਰ ਉਨ੍ਹਾਂ ਕੋਲ ਨਹੀਂ ਰਹਿ ਜਾਵੇਗਾ। ਇਸ ਲਈ ਦੋਨੋਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਤਾਕਤਾਂ ਸਮੇਂ ਸਮੇਂ ਸਿਰ ਪ੍ਰਮਾਣੂ ਹਥਿਆਰਾਂ 'ਚ ਕਟੌਤੀ ਬਾਰੇ ਸਮਝੌਤਾ ਵਾਰਤਾ ਕਰਦੇ ਹਨ ਅਤੇ ਖੁਦ ਹੀ ਇਸ ਦਾ ਉਲੰਘਨ ਕਰਦੇ ਰਹੇ ਹਨ ਜਾਂ ਵਾਰਤਾ ਨੂੰ ਖਤਮ ਕਰਦੇ ਰਹੇ ਹਨ। ਇਹਨਾਂ ਦੀ ਹਰ ਸਮਝੌਤਾ ਵਾਰਤਾ ਇਕ ਦੂਜੇ ਨੂੰ ਧੋਖਾ ਦੇ ਕੇ ਤੋੜਨ ਵੱਲ ਜਾਂਦੀ ਰਹੀ ਹੈ। ਇਸ ਵਾਰੀ ਦੀ ਨਵੀਂ ਵਾਰਤਾ ਸ਼ੁਰੂ ਕਰਨ ਦੇ ਇਰਾਦੇ ਦਾ ਐਲਾਨ ਇਸ ਦਾ ਕੋਈ ਹੱਲ ਨਹੀਂ

ਹੈ। ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਦਾ ਧੋਖਾਧੜੀ ਤੇ ਜ਼ੁਬਾਨ ਦੇ ਕੇ ਮੁਕਰਨ ਦਾ ਕਿਰਦਾਰ ਰਿਹਾ ਹੈ। ਜਦ ਤੱਕ ਦੁਨੀਆਂ ਵਿਚ ਸਾਮਰਾਜਵਾਦ ਮੌਜੂਦ ਹੈ ਤਦ ਤੱਕ ਮਹਾਂ ਵਿਨਾਸ਼ ਦੇ ਹਥਿਆਰਾਂ ਤੋਂ ਮੁਕਤੀ ਨਹੀਂ ਮਿਲੇਗੀ। ਇਨ੍ਹਾਂ ਦੇ ਹੁਣ ਤੱਕ ਦੇ ਇਤਿਹਾਸ ਤੋਂ ਇਹਨਾਂ ਦੇ ਇਸ ਪਾਖੰਡ ਦਾ ਵਿਹਾਰ ਦਿਖਾਈ ਦਿੰਦਾ ਹੈ। ਇਹ ਜਦ ਗੱਲਾਂ ਸ਼ਾਂਤੀ ਦੀਆਂ ਕਰਦੇ ਹਨ ਤਦ ਇਹ ਯੁੱਧ ਦੀ ਤਿਆਰੀ ਵਿਚ ਲੱਗੇ ਹੁੰਦੇ ਹਨ। ਇਹ ਜਦ ਹਥਿਆਰਾਂ ਤੋਂ ਮੁਕਤ ਦੁਨੀਆਂ ਦੀ ਗੱਲ ਕਰਦੇ ਹਨ ਤਾਂ ਇਹ ਨਵੇਂ ਮਹਾਂ ਵਿਨਾਸ਼ ਦੇ ਹਥਿਆਰ ਤਿਆਰ ਕਰ ਰਹੇ ਹੁੰਦੇ ਹਨ।

# ਅਲ-ਸਲਵਾ ਡੋਰ 'ਚ 'ਖੱਬੇਪੱਖੀ' ਪਾਰਟੀ ਦੀ ਜਿੱਤ

ਅਲ-ਸਲਵਾਡੋਰ ਮੱਧ ਅਮਰੀਕਾ ਦਾ 80 ਲੱਖ ਆਬਾਦੀ ਦਾ ਇਕ ਛੋਟਾ ਜਿਹਾ ਦੇਸ਼ ਹੈ। ਇਥੇ ਪਿੱਛੇ ਜਿਹੇ ਹੋਈਆਂ ਰਾਸ਼ਟਰਪਤੀ ਚੋਣਾਂ 'ਚ 80 ਦੇ ਦਹਾਕੇ 'ਚ ਛਾਪਾਮਾਰ ਜੰਗ ਚਲਾਉਣ ਵਾਲੇ ਸੰਗਠਨ ਫਾਰਾਬੁੰਦੋ ਮਾਰਤੀ ਕੌਮੀ ਮੁਕਤੀ ਮੋਰਚਾ (FMLN) ਦੇ ਉਮੀਦਵਾਰ ਮਾਓਰਿਸਿਓ ਫਯੂਨੇਸ ਨੇ ਜਿੱਤ ਦਰਜ ਕੀਤੀ ਹੈ। ਇਸ ਜਿੱਤ ਦੇ ਨਾਲ-ਨਾਲ ਅਮਰੀਕਾ 'ਚ ਇਕ ਹੋਰ "ਖੱਬੇਪੱਖੀ" ਦੀ ਤਰਫ ਰੁਝਾਣ ਰੱਖਣ ਵਾਲੀ ਹਕੂਮਤ ਸੱਤਾ ਵਿਚ ਆ ਗਈ। ਇਸ ਤੋਂ ਪਹਿਲਾਂ ਗੁਆਂਢੀ ਦੇਸ਼ ਨਿਕਾਰਾਗੁਆ ਵਿਚ ਵੀ ਇਕ ਸਮੇਂ ਛਾਪਾਮਾਰ ਯੁੱਧ ਚਲਾਉਣ ਵਾਲੇ ਹਕੂਮਤ 'ਚ ਆ ਚੁੱਕੇ ਹਨ। ਇਸ ਤਰ੍ਹਾਂ ਸਮੁੱਚੇ ਲਾਤੀਨੀ ਅਮਰੀਕਾ 'ਚ "ਖੱਬੇਪੱਖੀ" ਉਭਾਰ ਜਾਰੀ ਹੈ। ਅਲ-ਸਲਵਾਡੋਰ ਮੱਧ ਅਮਰੀਕਾ ਦਾ ਇਕ ਗਰੀਬ ਦੇਸ਼ ਹੈ। ਇਹ ਸੰਯੁਕਤ ਰਾਜ ਅਮਰੀਕਾ ਦੇ ਪਿਛਵਾੜੇ ਸਥਿਤ ਹੈ। ਇਸ ਨੇ ਰਾਜਸੀ ਆਜ਼ਾਦੀ ਸ਼ਾਇਦ 19ਵੀਂ ਸਦੀ 'ਚ ਹਾਸਿਲ ਕਰ ਲਈ ਸੀ ਪਰ ਇਹ ਅਮਰੀਕੀ ਸਾਮਰਾਜਵਾਦੀਆਂ ਦੀ ਨਵ-ਬਸਤੀ ਪੂਰੀ 20ਵੀਂ ਸਦੀ 'ਚ ਬਣਿਆ ਰਿਹਾ। ਅਮਰੀਕੀ ਸਾਮਰਾਜਵਾਦੀਆਂ ਦੀ ਨਵ-ਬਸਤੀਵਾਦੀ ਦਾਸਤਾਂ ਤੋਂ ਮੁਕਤ ਕਰਾਉਣ ਲਈ ਐਫ. ਐਮ. ਐਲ. ਐਨ. ਨੇ 1980 ਤੋਂ ਲੈ ਕੇ 1992 ਤਕ ਛਾਪਾਮਾਰ ਯੁੱਧ ਚਲਾਇਆ। ਉਸ ਸਮੇਂ ਅਮਰੀਕੀ ਸਾਮਰਾਜੀਆਂ ਦੀ ਕਠਪੁਤਲੀ ਫੌਜ਼ੀ ਸੱਤਾ ਵਿਰੁੱਧ ਚਲੇ ਛਾਪਾਮਾਰ ਯੁੱਧ ਦਾ ਅੰਤ 1992 ਦੇ ਇਕ ਸ਼ਾਂਤੀ ਸਮਝੌਤੇ ਵਜੋਂ ਹੋਇਆ ਸੀ। ਇਸ ਸ਼ਾਂਤੀ ਸਮਝੌਤੇ ਪਿੱਛੋਂ FLMN ਇਕ ਖਾੜਕੂ ਸੰਗਠਨ ਤੋਂ ਇਕ ਅਜਿਹੇ ਰਾਜਸੀ ਸੰਗਠਨ 'ਚ ਤਬਦੀਲ ਹੋ ਚੁੱਕਿਆ ਸੀ ਜੋ ਵਿਵਸਥਾ ਦੇ ਅੰਦਰੋਂ ਅੰਦਰੀ ਰਹਿ ਕੇ ਆਪਣੀ ਲੜਾਈ ਜਾਰੀ ਰੱਖ ਰਿਹਾ ਸੀ। ਤਦ ਵੀ ਅਮਰੀਕੀ ਸਾਮਰਾਜਵਾਦੀ FLMN ਨੂੰ ਸੱਤਾ ਤੋਂ ਬਾਹਰ ਰੱਖਣ ਦੀਆਂ ਹਰ ਤਰ੍ਹਾਂ ਦੀਆਂ ਸਾਜ਼ਿਸ਼ਾਂ ਅਤੇ ਕੋਸ਼ਿਸ਼ ਕਰ ਰਹੇ ਸਨ। 2004 ਦੀਆਂ ਚੋਣਾਂ ਵਿਚ ਅਮਰੀਕੀ ਸਾਮਰਾਜੀਆਂ ਦੀ ਸਿੱਧੀ ਮਦਦ ਨਾਲ FLMN ਨੂੰ ਸੱਤਾ ਤੋਂ ਬਾਹਰ ਰੱਖਿਆ ਗਿਆ।

1980 ਦੇ ਦਹਾਕੇ ਤੋਂ ਅਮਰੀਕੀ ਸਾਮਰਾਜੀਆਂ ਨੇ ਕਰੋੜਾਂ-ਅਰਬਾਂ ਡਾਲਰਾਂ ਦੀ ਫੌਜ਼ੀ ਮਦਦ ਇਨ੍ਹਾਂ ਛਾਪਾਮਾਰਾਂ ਨੂੰ ਕੁਚਲਣ ਲਈ ਦਿੱਤੀ। ਉਹਨਾਂ ਨੇ ਪਿੱਛਾਖੜੀ ਹਥਿਆਰਬੰਦ ਗਰੋਹਾਂ ਨੂੰ ਸਿਖਲਾਈ ਦਿੱਤੀ ਅਤੇ ਵਿਆਪਕ ਕਤਲੇਆਮ ਕਰਨ 'ਚ ਮਦਦ ਕੀਤੀ। 12 ਸਾਲ ਲੰਬੇ ਘਰੇਲੂ ਯੁੱਧ ਦੌਰਾਨ 70,000 ਸਲਵਾ ਪ੍ਰੋਰਵਾਸੀ ਮਾਰੇ ਗਏ, 6000 ਤੋਂ ਵੱਧ ਲੋਕ ਗਾਇਬ ਕਰ ਦਿੱਤੇ ਗਏ। ਇਨ੍ਹਾਂ ਵਿਚੋਂ ਬਹੁਤੇ ਪਿੱਛਾਖੜੀ ਹਥਿਆਰਬੰਦ ਗਰੋਹਾਂ ਵੱਲੋਂ ਕੀਤੇ ਗਏ। ਜਿਸ ਦਾ ਨੇਤਾ ਮੇਜਰ ਰੋਬਰਟੋ ਡੀ. ਅਬੀਸਨ ਸੀ। ਇਹ ਸਭ ਕੁਕਰਮ ਅਮਰੀਕੀ ਸਾਮਰਾਜੀਆਂ ਦੇ ਸਲਾਹਕਾਰਾਂ, ਫੌਜ਼ਾਂ ਤੇ ਸੀ. ਆਈ. ਏ. ਦੀ ਮਦਦ ਨਾਲ ਕੀਤਾ ਗਿਆ ਸੀ। ਇਹਨਾਂ ਹੱਤਿਆਵਾਂ ਵਿਚ ਆਰਚ ਵਿਸ਼ਪ ਆਸਕਰ ਟੋਮਰੋ ਦੀ ਹੱਤਿਆ ਵੀ ਸ਼ਾਮਲ ਹੈ। ਉਹ "ਮੁਕਤੀ ਦੇ ਧਰਮ ਸਾਸ਼ਤਰ" (ਲਿਬਰੇਸ਼ਨ ਥਿਓਲਾਗੀ) ਨੂੰ ਮੰਨਦੇ ਸਨ ਤੇ FLMN ਨਾਲ ਹਮਦਰਦੀ ਰੱਖਦੇ ਸਨ। ਉਹਨਾਂ ਨੇ ਨਾਗਰਿਕ ਅਬਾਦੀ 'ਤੇ ਬਰਸਾਏ ਕਹਿਰ ਤੇ ਕਤਲੇਆਮ ਦਾ ਵਿਰੋਧ ਕੀਤਾ ਸੀ। ਅਮਰੀਕੀ ਸਾਮਰਾਜੀ ਪਹਿਲਾਂ ਤਾਂ FLMN ਨੂੰ ਤਹਿਸ ਨਹਿਸ ਕਰਨਾ ਚਾਹੁੰਦੇ ਸਨ ਪਰ ਉਹ ਉਸ 'ਚ ਸਫ਼ਲ ਨਹੀਂ ਹੋਏ। ਜਦ FLMN ਨੇ ਵਿਵਸਥਾ ਅੰਦਰ ਰਹਿਣਾ ਵੀ ਮੰਨ ਲਿਆ ਤਦ ਵੀ ਇਸ ਸੰਗਠਨ ਨੂੰ ਦੁਸ਼ਮਣ ਵਾਂਗੂੰ ਦੇਖਦੇ ਸਨ। ਅਜੇ ਪਿੱਛੇ

ਜਿਹੇ ਬੁਸ਼ ਪ੍ਰਸਾਸ਼ਨ ਦੌਰਾਨ ਅਮਰੀਕੀ ਸਾਮਰਾਜੀਆਂ ਵਲੋਂ ਨਿਯੁਕਤ ਅਲ-ਸਲਵਾਡੋਰ ਦੇ ਰਾਜਦੂਤ ਨੇ FLMN ਨੂੰ ਕੋਲੰਬੀਆਂ ਦੇ ਪਾਰਕ ਵਰਗੇ ਅੱਤਵਾਦੀ ਗੁੱਟਾਂ ਦਾ ਹਮਾਇੰਤੀ ਕਹਿੰਦੇ ਹੋਇਆ ਅਲ-ਸਲਵਾਡੋਰ ਦੇ ਲੋਕਾਂ ਤੋਂ ਉਸ ਵਿਰੁੱਧ ਵੋਟ ਪਾਉਣ ਦੀ ਅਪੀਲ ਕੀਤੀ ਸੀ। ਅਲ-ਸਲਵਾਡੋਰ ਨੂੰ ਅਮਰੀਕੀ ਸਾਮਰਾਜੀ ਆਪਣੇ ਸ਼ਿਕੰਜੇ 'ਚ ਰੱਖਣਾ ਚਾਹੁੰਦੇ ਸਨ। ਇਹ ਇਸ ਖੇਤਰ ਦਾ ਇਕੋ ਇਕ ਦੇਸ਼ ਹੈ। ਜਿਸ ਨੇ ਅਮਰੀਕੀ ਸਾਮਰਾਜੀਆਂ ਦੀ ਯੋਜਨਾ ਨੂੰ ਲਾਗੂ ਕਰਨ ਲਈ ਇਰਾਕ 'ਤੇ ਆਪਣੀ ਫੌਜ਼ ਭੇਜੀ ਸੀ। ਲਤੀਨੀ ਅਮਰੀਕਾ ਨੇ ਦੇਸ਼ ਵਿਚ ਪ੍ਰਗਤੀਸ਼ੀਲ ਅੰਦੋਲਨਾਂ ਨੂੰ ਕੁਚਲਣ ਲਈ ਅਮਰੀਕੀ ਸਾਮਰਾਜੀਆਂ ਨੇ ਖੂੰਖਾਰ ਸਕੂਲ ਆਫ ਅਮਰੀਕਾ ਦਾ ਗਠਨ ਕੀਤਾ ਸੀ ਜੋ ਵੱਖ-ਵੱਖ ਦੇਸ਼ਾਂ ਦੇ ਫੌਜ਼ੀ ਅਧਿਕਾਰੀਆਂ ਨੂੰ ਸਿਖਲਾਈ ਦਿੰਦਾ ਸੀ। ਜਦ ਉਸ ਨੂੰ ਭੰਗ ਕਰ ਦਿੱਤਾ ਗਿਆ ਤਾਂ ਬੁਸ਼ ਪ੍ਰਸਾਸ਼ਨ ਦੌਰਾਨ ਕੌਮਾਂਤਰੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦਾ ਗਠਨ ਇਸ ਦੀ ਥਾਂ ਕੀਤਾ ਗਿਆ। ਇਸ ਦੀ ਮੇਜਮਾਨੀ ਦਾ ਕੰਮ ਅਲ-ਸਲਵਾਡੋਰ ਦੇ ਹਾਕਮਾਂ ਨੂੰ ਦਿੱਤਾ ਗਿਆ। 'ਪਲਾਨ ਕੋਲੰਬੀਆ' ਦੀ ਤਰਜ਼ ਤੇ ਬੁਸ਼ ਹਕੂਮਤ 'ਪਲਾਨ ਮੈਕਸੀਕੋ 2008' ਦਾ ਗਠਨ ਕੀਤਾ ਜਿਸ ਵਿਚ ਅਲ-ਸਲਵਾਡੋਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਸਭ ਪ੍ਰਗਤੀਸ਼ੀਲ ਅੰਦੋਲਨਾਂ ਨੂੰ ਕੁਚਲਣ ਲਈ ਅਤੇ ਅਤੇ ਅਮਰੀਕੀ ਸਾਮਰਾਜਵਾਦੀ ਆਪਣੀ ਹੋਂਦ ਬਚਾਈ ਰੱਖਣ ਲਈ ਕਰ ਰਹੇ ਹਨ। ਅਮਰੀਕੀ ਸਾਮਰਾਜਵਾਦੀ ਆਪਣੀਆਂ ਪਸਾਰਵਾਦੀ ਯੋਜਨਾਵਾਂ ਲਾਗੂ ਕਰਨ ਦੀ ਹਰ ਕੋਸ਼ਿਸ਼ ਕਰ ਰਹੇ ਹਨ। ਫਿਊਨੇਸ ਦੀ ਜਿੱਤ ਨਾਲ ਉਨ੍ਹਾਂ ਦੀਆਂ ਪਸਾਰਵਾਦੀ ਯੋਜਨਾਵਾਂ ਨੂੰ ਧੱਕਾ ਲੱਗਿਆ ਹੈ। ਫਿਊਨੇਸ ਨੇ ਅਮਰੀਕੀ ਸਾਮਰਾਜੀਆਂ ਨੂੰ ਨਰਾਜ਼ ਨਾ ਕਰਨ ਦਾ ਐਲਾਨ ਕੀਤਾ ਹੈ। 1992 ਦੇ ਸ਼ਾਂਤੀ ਸਮਝੌਤੇ ਵਿਚ ਸ਼ਾਮਲ ਧਾਰਾ 'ਤੇ ਅਮਲ ਕਰਨ ਦਾ ਵਚਨ ਦਿੱਤਾ ਹੈ ਕਿ ਗ੍ਰਹਿ ਯੁੱਧ ਦੌਰਾਨ ਗਾਇਬ ਕੀਤੇ ਗਏ ਤੇ ਕਤਲੇਆਮ ਦੇ ਸ਼ਿਕਾਰ ਲੋਕਾਂ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸ ਨਾਲ ਅਲ-ਸਲਵਾਡੋਰ ਦੀ ਜਨਤਾ 'ਚ ਨਿਰਾਸ਼ਾ ਹੀ ਫੈਲੀ ਹੈ।

ਫਿਊਨੇਸ ਅਮਰੀਕੀ ਸਾਮਰਾਜੀਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ ਕਿਉਂਕਿ ਅਲ-ਸਲਵਾਡੋਰ ਦੀ ਲੱਗਭਗ ਇਕ ਚੌਥਾਈ ਆਬਾਦੀ ਸੰਯੁਕਤ ਰਾਜ 'ਚ ਕੰਮ ਕਰਦੀ ਹੈ। ਉਥੋਂ ਦੇਸਕੂਲ ਘਰੇਲੂ ਪੈਦਾਵਾਰ ਦੀ ਲੱਗਭਗ 17 ਫੀਸਦੀ ਆਮਦਨ ਬਾਹਰ ਤੋਂ ਆਈ ਮਜ਼ਦੂਰੀ ਦੀ ਹੈ। ਉਥੋਂ ਦਾ ਅਰਥਚਾਰਾ ਖਿੰਡਿਆ ਪੁੰਡਿਆ ਹੈ। ਮੰਦੀ ਨੇ ਹੋਰ ਵੱਧ ਬੇਰੁਜ਼ਗਾਰੀ ਨੂੰ ਜਨਮ ਦਿੱਤਾ ਹੈ ਕਿਉਂਕਿ ਪੂੰਜੀਵਾਦ ਅੰਦਰ ਇਨ੍ਹਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ। ਇਸ ਲਈ ਫਿਊਨੇਸ ਪ੍ਰਤੀ ਦੇਰ ਸਵੇਰ ਅਸੰਤੋਸ਼ ਵਧੇਗਾ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਹ ਸਮਾਜਵਾਦ ਦੇ ਰਾਹ 'ਤੇ ਨਹੀਂ ਚੱਲਣਗੇ ਉਹ ਅਲ-ਸਲਵਾਡੋਰ ਨੂੰ ਅਮਰੀਕੀ ਸਾਮਰਾਜ ਵੱਲੋਂ ਗਠਿਤ ਕੇਂਦਰੀ ਅਮਰੀਕਾ ਦੇ ਆਜ਼ਾਦ ਵਪਾਰ ਖੇਤਰ ਦਾ ਮੈਂਬਰ ਬਣਾਏ ਹੋਏ ਹਨ। ਇਸ ਦੇ ਬਾਵਜੂਦ ਕਿਊਬਾ, ਬੋਲੀਵੀਆ ਤੇ ਵੇਨਜ਼ੁਵੇਲਾ ਦੀਆਂ ਹਕੂਮਤਾਂ ਦੀ ਤਾਰੀਫ ਕਰਦੇ ਹਨ। ਉਹ ਲੋਕ ਭਰਮਾਊ ਗੱਲਾਂ ਅਤੇ ਅਮਰੀਕੀ ਸਾਮਰਾਜ ਨੂੰ ਨਾਰਾਜ਼ ਨਹੀਂ ਕਰਨ ਦੀ ਦੋਹਰੀ ਨੀਤੀ 'ਤੇ ਚੱਲ ਰਹੇ ਹਨ। ਇਹ ਲਾਤਿਨ ਅਮਰੀਕੀ ਖੱਬੇਪੱਖੀ ਦੀ ਇਕ ਹੋਰ ਵੰਨਗੀ ਹੈ। ਉਹ ਪੂੰਜੀਵਾਦੀ ਪ੍ਰਬੰਧ ਅੰਦਰ ਕੁਝ ਸੁਧਾਰ ਦੀਆਂ ਗੱਲਾਂ ਤੇ ਕੰਮ ਕਰਨਗੇ। ਇਹੀ ਅਲ-ਸਲਵਾਡੋਰ 'ਚ "ਖੱਬਿਆਂ" ਦੀ ਜਿੱਤ ਦਾ ਅਰਥ ਹੈ।

# ਅਮੀਰਾਂ ਲਈ ਗੱਫੇ, ਗਰੀਬਾਂ ਲਈ ਧੱਕੇ

23 ਮਾਰਚ ਤੋਂ ਸਮਾਜਵਾਦੀ ਚਿੰਤਕ ਡਾ. ਰਾਮਮਨੋਹਰ ਲੋਹੀਆ ਦੀ ਜਨਮ ਵਰ੍ਹੇਗੰਢ ਮਨਾਈ ਜਾ ਰਹੀ ਹੈ। ਉਨ੍ਹਾਂ ਨੇ ਪਿਛੜੇ ਵਰਗ ਦੇ ਵਿਕਾਸ ਦੀ ਰਾਜਨੀਤੀ 'ਤੇ ਜ਼ੋਰ ਦਿੱਤਾ ਸੀ ਪਰ 'ਆਜ਼ਾਦ' ਭਾਰਤ ਵਿਚ ਸਮਾਜ ਦੀਆਂ ਸਭ ਤੋਂ ਪਿਛੜੀਆਂ ਜਮਾਤਾਂ ਦੇ ਵਿਕਾਸ ਤੇ ਉਹਨਾਂ ਦੀ ਆਰਥਿਕ-ਸਮਾਜਿਕ-ਸਭਿਆਚਾਰਕ ਪ੍ਰਗਿਤੀ ਬਾਰੇ ਕੁਝ ਨਹੀਂ ਹੋਇਆ। ਇਹ ਗੁਜਰਾਤ ਦੀ ਅਤੇ ਦੇਸ਼ ਦੀ ਵੀ ਬਦਨਸੀਬੀ ਕਹੀ ਜਾਵੇਗੀ। ਅੱਜਕੱਲ੍ਹ ਗੁਜਰਾਤ ਅਖਬਾਰਾਂ ਤੇ ਮੀਡੀਆ 'ਚ ਖੂਬ ਚਮਕ ਰਿਹਾ ਹੈ। 'ਵਾਈਬ੍ਰੇਟ ਗੁਜਰਾਤ' ਦੇ ਉਦਯੋਗਿਕ ਇਰਾਦਾ ਪੱਤਰ MOU ਦਾ ਬਹੁਤ ਸ਼ੋਰ ਸੁਣਾਈ ਦਿੰਦਾ ਹੈ। ਲੱਖਾਂ ਕਰੋੜਾਂ ਰੁਪਏ ਦੀ ਲਾਗਤ ਨਾਲ ਗੁਜਰਾਤ ਦੀ ਸੂਰਤ ਬਦਲ ਦੇਣ ਦੇ ਸੁਪਨਿਆਂ ਦੀ ਸੌਦਾਗਰੀ ਜ਼ੋਰਾਂ 'ਤੇ ਹੋ ਰਹੀ ਹੈ। ਪਰ ਦੇਸ਼ ਦੀਆਂ ਲੱਗਭਗ 400 ਪਿੱਛੜੀਆਂ ਜਾਤੀਆਂ ਵਿਚ 40 ਤੋਂ ਵੱਧ ਜਾਤੀਆਂ (ਜੋ ਅੰਗਰੇਜ਼ੀ ਵਿਚ ਨੋਮੇਡਿਕ ਕਬੀਲੇ ਤੇ ਡੀ-ਨੋਟੀਫਾਇਡ ਕਬੀਲੇ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ) ਨੂੰ ਉਨ੍ਹਾਂ ਸਹੂਲਤਾਂ ਤੋਂ ਵੰਚਿਤ ਕਰ ਦਿੱਤਾ ਗਿਆ ਹੈ ਜੋ ਉਨ੍ਹਾਂ ਨੂੰ 1947 ਤੋਂ ਬਾਅਦ ਦੇ ਸਾਲਾਂ 'ਚ ਮਿਲ ਰਹੀਆਂ ਸਨ। ਇਹ ਸਥਿਤੀ ਪੂਰੇ ਭਾਰਤ ਤੋਂ ਵੱਧ ਗਾਂਧੀ ਤੇ ਗੁਜਰਾਤ ਵਿਚ ਹੈ। ਦੇਸ਼ 'ਚ ਇਨ੍ਹਾਂ ਜਾਤੀਆਂ ਦੀ ਆਬਾਦੀ ਕਰੀਬ 5.5 ਫੀਸਦੀ ਹੈ। ਇਹ ਸਮਾਜ ਅਨਪੜ੍ਹ ਤੇ ਭਿਅੰਕਰ ਗਰੀਬੀ ਵਿਚ ਜੀਵਨ ਬਸਰ ਕਰ ਰਿਹਾ ਹੈ। ਇਨ੍ਹਾਂ ਜਾਤੀਆਂ ਦਾ ਰਵਾਇਤੀ ਕਿੱਤਾ ਹੱਥ-ਮਜ਼ਦੂਰੀ, ਖੇਤ ਮਜ਼ਦੂਰੀ ਸਬਜ਼ੀ ਵੇਚਣਾ ਆਦਿ ਹੈ। ਨਿੰਬੂ, ਬੇਰ ਦੇ ਖੇਤਾਂ 'ਚ ਸਰਦੀ-ਗਰਮੀ ਝਲਦਿਆਂ ਉਹ ਦਿਨ ਪਏ ਰਹਿੰਦੇ ਹਨ। ਪਰ ਸਾਰੀਆਂ ਮੁਸੀਬਤਾਂ ਝੱਲ ਕੇ ਵੀ ਉਹ ਰੋਟੀ ਦਾ ਜੁਗਾੜ ਨਹੀਂ ਕਰ ਪਾਉਂਦੇ। ਇਹ ਸਮਾਜ ਨਦੀਆਂ ਕੰਢੇ ਜਾਂ ਕਛਾਰ 'ਚ ਆਲੂ, ਪਿਆਜ਼, ਖਰਬੂਜ਼ੇ ਆਦਿ ਪੈਦਾ ਕਰਦਾ ਹੈ। ਘਰ ਦੀਆਂ ਔਰਤਾਂ ਸੁਬਾਹ ਤੋਂ ਸ਼ਾਮ ਤੱਕ ਟੋਕਰੀ 'ਚ ਸਬਜ਼ੀ ਵੇਚਣ ਲਈ ਨਿਕਲ ਜਾਂਦੀਆਂ ਹਨ। ਜਦ ਕੱਚਾ ਸੂਤ ਮਿਲਦਾ ਸੀ ਤਦ ਉਹ ਮੰਜਿਆਂ ਦਾ ਸੂਤ ਬੁਨਣ ਦਾ ਕੰਮ ਕਰਦੇ ਸਨ ਅਤੇ ਇਸ ਉਦਯੋਗ 'ਚ ਘਰ ਦੇ ਸਭ ਛੋਟੇ ਵੱਡੇ ਲੱਗ ਜਾਂਦੇ ਸਨ। ਲੋਕ ਇਹ ਸੂਤ ਬੜੇ ਚਾਅ ਨਾਲ ਖਰੀਦਦੇ ਸਨ। ਇਸ ਨਾਲ ਰੋਟੀ ਰੋਜ਼ੀ ਮਿਲਦੀ ਸੀ। ਪਰ ਅੱਜਕੱਲ੍ਹ ਸੂਤ ਮਹਿੰਗਾ ਹੋ ਗਿਆ ਹੈ। ਅੱਜਕਲ੍ਹ ਮਸ਼ੀਨ ਦੇ ਬਣੇ ਸੂਤ ਦੇ ਸਾਹਮਣੇ ਲੋਕ ਹੱਥ ਨਾਲ ਬੁਣੀ ਪੱਟੀ ਨੂੰ ਲੋਕ ਪਸੰਦ ਨਹੀਂ ਕਰਦੇ। ਅੱਜ ਸੂਤ ਬਣਾਉਣ ਦਾ ਹੱਥ ਉਦਯੋਗ ਮਰਨ ਕੰਢੇ ਹੈ। ਇਸ ਕੌਮ ਨੂੰ ਢੋਲ-ਸ਼ਹਿਨਾਈ ਬਜਾਉਣ ਵਿਚ ਵੀ ਰਵਾਇਤੀ ਮੁਹਾਰਤ ਹਾਸਲ ਹੈ। ਸ਼ਾਦੀ ਆਦਿ ਸਭ ਮੌਕਿਆਂ 'ਤੇ ਰਾਵਲ ਭਾਈ ਢੋਲ-ਸ਼ਹਿਨਾਈ ਵਜਾ ਕੇ ਪੰਜ ਪੈਸੇ ਕਮਾ ਲੈਂਦੇ ਸਨ ਪਰ ਅੱਜਕੱਲ੍ਹ ਬੈਂਡਬਾਜੇ ਦਾ ਬੋਲ ਬਾਲਾ ਹੋ ਜਾਣ ਕਾਰਨ ਇਹ ਕਿੱਤਾ ਵੀ ਦਮ ਤੋੜ ਰਿਹਾ ਹੈ। ਊਠ-ਗੱਡੀ ਤੇ ਮਾਲ ਢੋਹਣ ਦੇ ਕਿੱਤੇ ਵਿਚ ਵੀ ਟ੍ਰਕ ਲੋਡਿੰਗ ਰਿਕਸ਼ਾ ਆਦਿ ਸਾਧਨ ਆ ਜਾਣ ਕਰਕੇ ਰੋਕ ਲੱਗ ਗਈ ਹੈ। ਤੇਜ਼ ਗਤੀ ਦੇ ਸਾਧਨ ਸਾਹਮਣੇ ਮੱਠੀ ਰਫ਼ਤਾਰ ਨਾਲ ਚੱਲਣ ਵਾਲੀ ਇੱਟਾਂ ਵਾਲੀ ਗੱਡੀ ਕਿਵੇਂ ਮੁਕਾਬਲਾ ਕਰ ਸਕਦੀ ਹੈ। ਇਹ ਰਵਾਇਤੀ ਕਿੱਤਾ ਖਤਮ ਹੋ ਰਿਹਾ ਹੈ। ਅਣਪੜ੍ਹ ਹੋਣ ਕਰਕੇ ਇਸ ਸਮਾਜ ਕੋਲ ਨਾ ਕੋਈ ਨਵੀਂ ਤਕਨੀਕੀ ਕੌਸ਼ਲ ਹੈ, ਨਾ ਜ਼ਮੀਨ ਅਤੇ ਨਾ ਹੀ ਕੋਈ ਹੋਰ ਕਿੱਤਾ। ਹੱਥ-

ਮਜ਼ਦੂਰੀ 'ਤੇ ਹੀ ਇਹ ਸਮਾਜ ਦਿਨ ਕਟੀ ਕਰਦਾ ਹੈ। 57 ਸਾਲਾਂ ਬਾਅਦ ਮਨਮੋਹਨ ਸਿੰਘ ਸਰਕਾਰ ਨੇ ਮਹਾਂਰਾਸ਼ਟਰ ਦੇ ਬਾਲ ਕ੍ਰਿਸ਼ਨ ਰੈਂਕੇ ਦੀ ਪ੍ਰਧਾਨਗੀ 'ਚ ਇਕ ਕਮਿਸ਼ਨ ਦੀ ਨਿਯੁਕਤੀ ਕੀਤੀ ਸੀ। ਉਸ ਵਿਚ ਗੁਜਰਾਤ ਦੇ ਮਸ਼ਹੂਰ ਸਮਾਜ ਸੇਵਕ ਤੇ ਸਾਬਕਾ ਵਿਧਾਨ ਸਭਾ ਮੈਂਬਰ ਲੱਛਮਣ ਭਾਈ ਪਟਨੀ ਵੀ ਸਨ। ਉਹਨਾਂ ਨੇ ਬੰਜਾਰਿਆਂ ਤੇ ਘੁਮੰਤੂ ਪਿੱਛੜੀਆਂ ਜਾਤੀਆਂ ਦਾ ਬਹੁਤ ਹੀ ਅਹਿਮ ਸੁਆਲ ਉਠਾਇਆ ਸੀ। ਰੇਂਕੇ ਕਮਿਸ਼ਨ ਨੇ 2 ਜੁਲਾਈ 2008 ਨੂੰ ਭਾਰਤ ਸਰਕਾਰ ਨੂੰ ਰੀਪੋਰਟ ਦਿੱਤੀ। 15 ਅਗਸਤ 2008 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਪਿੱਛੋਂ ਲੋਕ ਸਭਾ 'ਚ ਦੋ ਵਾਰੀ ਇਸ ਮੁੱਦੇ 'ਤੇ ਚਰਚਾ ਵੀ ਹੋਈ। ਗੁਜਰਾਤ ਤੋਂ ਇਲਾਵਾ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਸਤੀਸ਼ਗੜ੍ਹ, ਰਾਜਸਥਾਨ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਕਰਨਾਟਕ 'ਚ ਵੱਸਣ ਵਾਲੀ ਇਸ ਘੁਮੰਤੂ ਪਿਛਲੀ ਜਾਤੀਆਂ ਬਾਰੇ 'ਚ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਕੋਈ ਫੈਸਲਾ ਨਹੀਂ ਲਿਆ ਗਿਆ। ਇਨ੍ਹਾਂ ਜਾਤੀਆਂ ਦੇ ਵਿਕਾਸ ਦੇ ਸੁਆਲ ਨੂੰ ਲੈ ਕੇ ਮਹਾਂਰਾਸ਼ਟਰ ਦੇ ਸੰਸਦ ਹਰਿਮਾਊ ਰਾਠੌੜ ਨੇ ਤਾਂ ਭਾਰਤੀ ਜਨਤਾ ਪਾਰਟੀ ਛੱਡ ਕੇ ਕਾਂਗਰਸ ਨਾਲ ਨਾਤਾ ਜੋੜ ਲਿਆ ਪਰ ਫੈਸਲਾ ਅਜੇ ਰੁਕਿਆ ਹੋਇਆ ਹੈ। ਭਾਰਤੀ ਸੰਵਿਧਾਨ ਦੀ ਧਾਰਾ 341 ਅਤੇ 342 ਮੁਤਾਬਕ 1963 ਤੋਂ 1983 ਤੱਕ ਇਸ ਕੌਮ ਦੇ ਲਈ ਅਨਸੂਚਿਤ ਜਨਜਾਤੀ ਦੀਆਂ ਜੋ ਕਲਿਆਣਕਾਰੀ ਯੋਜਨਾਵਾਂ ਸਨ ਉਹ ਲਾਗੂ ਰਹੀਆਂ। ਪਰ ਪਿੱਛੋਂ ਰਾਜ ਸਰਕਾਰ ਨੇ ਦੋ ਵੱਖ-ਵੱਖ ਪ੍ਰਸਤਾਵ ਕਰ ਕੇ ਇਹ ਸਹੂਲਤਾਂ ਦੇਣ ਦੀ ਵਿਵਸਥਾ ਕੀਤੀ। ਗੁਜਰਾਤ ਸਰਕਾਰ ਦੇ ਸਮਾਜ ਕਲਿਆਣ ਅਤੇ ਆਦਿ ਜਾਤੀ ਵਿਕਾਸ ਵਿਭਾਗ (ਆਂਧਰਾ ਪ੍ਰਦੇਸ਼) ਦੇ ਨਾਇਬ ਸਕੱਤਰ ਸ਼ਾਮ ਜੀ ਭਾਈ ਪਟੇਲ ਸਾਹਿਬ ਦੇ ਹਸਤਾਖਰ ਜਾਰੀ ਹੋਏ ਆਦੇਸ਼ ਨਾਲ ਇਸ ਜਾਤੀ ਨੂੰ ਦਿੱਤੀਆਂ ਗਈਆਂ ਸਭ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਇਹ ਭਾਰਤੀ ਜਨਤਾ ਪਾਰਟੀ ਦਾ ਫੈਸਲਾ ਸੀ। ਪ੍ਰਗਤੀਸ਼ੀਲ ਸਮਾਜ ਦੇ ਨਾਲ ਕਦਮ/ਤਾਲ ਕਰਨ 'ਚ ਅਸਫਲ ਰਿਹਾ ਇਹ ਸਮਾਜ ਵਿਕਾਸ ਦੇ ਰਾਹ ਦੀ ਖੋਜ਼ ਵਿਚ ਤਾਂ ਹੈ ਪਰ ਗਰੀਬੀ ਕਾਰਨ ਪਿੱਛੇ ਰਹਿ ਜਾਂਦਾ ਹੈ। ਉਸ 'ਚ ਈਸਾਈਆਂ ਮਿਸ਼ਨਰੀਆਂ ਵਲੋਂ ਵਿਕਾਸ ਦੇ ਲੋਭ-ਲਾਲਚ 'ਚ ਇਸ ਕੌਮ ਨੂੰ ਫਸਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਲਾਲਚ 'ਚ ਫਸ ਕੇ ਅੱਜ ਕਈ ਰਾਵਲ ਜੋਗੀ ਈਸਾਈ ਬਣ ਗਏ ਹਨ। ਉੱਤਰ ਗੁਜਰਾਤ 'ਚ ਧਰਮ ਤਬਦੀਲੀ ਨੇ ਜੇ ਵਿਆਪਕ ਰੂਪ ਧਾਰਨ ਕਰ ਲਿਆ ਤਾਂ ਡਰ ਹੈ ਕਿ ਰਾਵਲ ਜੋਗੀ ਜਾਤੀ ਗੁਜਰਾਤ 'ਚੋਂ ਖਤਮ ਹੀ ਹੋ ਜਾਵੇਗੀ। ਗੁਜਰਾਤ ਦੀ ਆਬਾਦੀ ਦੇ ਟੀਚੇ ਨੂੰ ਲੈਂਦਿਆਂ ਅਨਸੂਚਿਤ ਜਨਜਾਤੀ ਦੇ ਨਾਲ ਹੀ ਵਿਮੁਕ ਜਾਤੀਆਂ ਨੂੰ 13 ਫੀਸਦੀ ਰੱਖਵਾਕਰਨ ਉੱਚ ਸਿੱਖਿਆ, ਸਿਖਲਾਈ ਤੇ ਨੌਕਰੀਆਂ 'ਚ ਮਿਲਣ ਵਾਲਾ ਸੀ ਤਾਂ ਇਸ ਪ੍ਰਸਤਾਵ ਨਾਲ ਬੰਦ ਹੋ ਗਿਆ ਹੈ। ਇਹ ਇਨ੍ਹਾਂ ਜਾਤੀਆਂ ਲਈ ਕੁਠਾਰਘਾਤ ਹੈ। ਇਸ ਤਰ੍ਹਾਂ ਥੋੜ੍ਹੀਆਂ ਬਹੁਤੀਆਂ ਸਹੂਲਤਾਂ ਵੀ ਜੋ ਸੰਵਿਧਾਨ ਨੇ ਦੇ ਦਿੱਤੀਆਂ ਸਨ, ਉਨ੍ਹਾਂ ਤੋਂ ਵੀ ਸਭ ਤੋਂ ਪਿਛੜੀਆਂ ਜਾਤੀਆਂ ਨੂੰ ਵਾਂਝਿਆ ਕੀਤਾ ਜਾ ਰਿਹਾ ਹੈ। ਰਤਨ ਟਾਟਾ ਵਰਗੇ ਸਨਅਤਕਾਰਾਂ ਦਾ ਲਾਲ ਕਲੀਨ ਨਾਲ ਸੁਆਗਤ ਕਰਨ ਵਾਲੀ ਤੇ 0.1 ਫੀਸਦੀ ਦੀ ਦਰ 'ਤੇ ਰਿਆਇਤੀ ਵਿਆਜ ਦੇਣਾ ਵੀ ਗੁਜਰਾਤ ਦੀ ਮੌਜੂਦਾ ਸਰਕਾਰ ਦੀ ਨੀਤੀ ਗਰੀਬ ਤੇ ਵੰਚਿਤ ਨੂੰ ਹੋਰ ਵੱਧ ਵੰਚਿਤ ਬਣਾ ਰਹੀ ਹੈ।

# ਗਰੀਬਾਂ ਦੀ ਖੁਸਦੀ ਰੋਟੀ-ਰੋਜ਼ੀ

ਕਦੀ ਕਦੀ ਅਜਿਹਾ ਹੁੰਦਾ ਹੈ ਜਿਸ ’ਤੇ ਸੌਖਿਆ ਯਕੀਨ ਨਹੀਂ ਹੁੰਦਾ। ਕੀ ਤੁਸੀਂ ਮੰਨਣ ਨੂੰ ਤਿਆਰ ਹੋ ਕਿ ਦਿੱਲੀ ’ਚ ਇਕ ਔਰਤ ਦੇ ਨਾਂ ’ਤੇ 901 ਰਾਸ਼ਣ ਕਾਰਡ ਬਣੇ ਹਨ? ਇਕ ਨਾਂ ’ਤੇ ਰਾਸ਼ਣ ਕਾਰਡਾਂ ਦੀ ਗਿਣਤੀ 15 ਤੋਂ ਵੱਧ ਹੈ। ਰਾਜਧਾਨੀ ਦਿੱਲੀ ’ਚ ਕੁਲ ਰਾਸ਼ਣ ਕਾਰਡਾਂ ਦਾ 10 ਫੀਸਦੀ ਫਰਜੀ ਹਨ। ਅਫਸਰਾਂ ਦਲਾਲਾਂ ਤੇ ਰਾਸ਼ਣ ਦੁਕਾਨਦਾਰਾਂ ਨੇ ਮਿਲ ਕੇ ਗਰੀਬਾਂ ਦੇ ਨਾਂ ’ਤੇ ਪਿਛਲੇ ਚਾਰਾ ਸਾਲਾਂ ਵਿਚ 257 ਕਰੋੜ ਰੁਪਏ ਡਕਾਰ ਗਏ। ਇਸ ਦਾ ਖੁਲਾਸਾ ਇਕ ਸੰਸਥਾ ‘ਪ੍ਰੀਵਰਤਨ’ ਨੇ ਕਰਦਿਆਂ ਇਸ ਦੀ ਸੀ. ਬੀ. ਆਈ ਜਾਂਚ ਦੀ ਮੰਗ ਕੀਤੀ ਹੈ। ਸੰਸਥਾ ਨੇ ਰਾਸ਼ਣ ਕਾਰਡ ਰਾਹੀਂ ਸਬਸਿਡੀ ਵਜੋਂ ਕਰੋੜਾਂ ਨਿਗਲਣ ਵਾਲੇ ਇਕ ਅਜਿਹੇ ਘਪਲੇ ਦਾ ਪਰਦਾਫਾਸ਼ ਕੀਤਾ ਹੈ। ਜਿਸ ਨਾਲ ਕਈ ਹੈਰਾਨਕੁੰਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਫੂਡ-ਸਪਲਾਈ ਵਿਭਾਗ ਦੇ ਅਫ਼ਸਰ ਰਾਸ਼ਣ ਦੁਕਾਨਦਾਰਾਂ ਤੇ ਦਲਾਲਾਂ ਦੀ ਆਪਸੀ ਮਿਲੀ ਭੁਗਤ ਨਾਲ ਹੀ ਇਹ ਸੰਭਵ ਹੋ ਸਕਿਆ ਹੈ। ਇਨ੍ਹਾਂ ਲੋਕਾਂ ਆਪਸੀ ਘਾਲਾ ਮਾਲਾ ਕਰਕੇ ਇਕ-ਇਕ ਆਦਮੀ ਦੇ ਨਾਂ ’ਤੇ 15 ਤੋਂ ਵਧ ਰਾਸ਼ਣ ਕਾਰਡ ਬਣਾ ਕੇ ਸਬਸਿਡੀ ਦਾ ਸਾਰਾ ਮਾਲ ਹੜੱਪ ਲਿਆ। ਦੱਖਣੀ ਦਿਲੀ ਦੇ ਬਦਰਪੁਰ ਇਲਾਕੇ ਵਿਚ ਰਹਿਣ ਵਾਲੀ ਇਕ ਔਰਤ ਦੇ ਨਾਂ ’ਤੇ 901 ਰਾਸ਼ਣ ਕਾਰਡ ਮਿਲੇ। ਏਨਾ ਹੀ ਨਹੀਂ ਇਨ੍ਹਾਂ ਸਭ ਰਾਸ਼ਣ ਕਾਰਡਾਂ ’ਤੇ ਉਨ੍ਹਾਂ ਦਾ ਨਾਂ ਤੇ ਪਤਾ ਵੀ ਇਕੋ ਹੀ ਹੈ। ਇਸ ਤੋਂ ਇਲਾਵਾ ਦਲਾਲਾਂ ਤੇ ਅਫ਼ਸਰਾਂ ਨੇ ਇਕ ਹੀ ਪਤੇ ਅਤੇ ਨਾਂ ਨੂੰ ਹੇਰ ਫੇਰ ਕਰੇ ਇਕ ਹੀ ਵਿਅਕਤੀ ਦੇ ਨਾਂ ’ਤੇ 15 ਤੋਂ ਵੱਧ ਰਾਸ਼ਣ ਕਾਰਡ ਬਣਾਏ ਹਨ। ਇਸ ਦੀ ਜਾਣਕਾਰੀ ਲੋਕਾਂ ਨੂੰ ਵੀ ਨਹੀਂ ਕਿ ਉਨ੍ਹਾਂ ਦੇ ਨਾਂ ’ਤੇ ਏਨਾ ਵੱਡਾ ਫਰਜੀਵਾੜਾ ਹੋ ਰਿਹਾ ਹੈ। ਉੱਥੇ ਦੂਜੇ ਪਾਸੇ ਕੁੱਝ ਅਜਿਹੇ ਲੋਕ ਵੀ ਹਨ ਜਿਨ੍ਹਾਂ ਕੋਲ ਇਕ ਤੋਂ ਵੱਧ ਰਾਸ਼ਣ ਕਾਰਡ ਹਨ। ਬਦਰਪੁਰ ਵਿਧਾਨ ਸਭਾ ਦੇ 133 ਲੋਕਾਂ ਪਾਸ 15 ਤੋਂ ਵੱਧ ਰਾਸ਼ਣ ਕਾਰਡ ਪਏ ਗਏ। ਫਰਜੀ ਰਾਸ਼ਣ ਕਾਰਡ ਦਾ ਇਹ ਧੰਦਾ ਬਾਹਰੀ ਦਿੱਲੀ ਦੇ ਇਲਾਕੇ ਵਿਚ ਸਭ ਤੋਂ ਵੱਧ ਜ਼ੋਰਾਂ ’ਤੇ ਹੈ। ਰਾਜਧਾਨੀ ਵਿਚ 1,70,598 ਰਾਸ਼ਣ ਕਾਰਡ ਗਰੀਬੀ ਰੇਖਾ ਤੋਂ ਉੱਪਰ (ਏ. ਪੀ. ਐਲ.) ਵਾਲਿਆਂ ਦੀ ਹੈ। ਦੂਜੇ ਪਾਸੇ ਇਨ੍ਹਾਂ ਫਰਜੀ ਰਾਸ਼ਣ ਕਾਰਡਾਂ ਵਿਚੋਂ 28,620 ਗਰੀਬੀ ਦੇ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਅੰਤੋਦਿਆ ਕਾਰਡ ਹਨ। ਰਾਸ਼ਣ ਕਾਰਡਾਂ ਦੇ ਬਹਾਨੇ ਚਾਵਲ, ਮਿੱਟੀ ਦਾ ਤੇਲ, ਕਣਕ ਤੇ ਖੰਡ ’ਤੇ ਸਰਕਾਰੀ ਸਬਸਿਡੀ ਦਲਾਲਾਂ, ਅਫ਼ਸਰਾਂ ਤੇ ਰਾਸ਼ਣ ਦੁਕਾਨਦਾਰਾਂ ਦੇ ਪੇਟ ’ਚ ਜਾ ਰਹੀ ਹੈ। ਗਰੀਬਾਂ ਦੀ ਸਬਸਿਡੀ ਖਾ ਕੇ ਲੋਕ ਮਾਲਾ ਮਾਲ ਹੋ ਗਏ ਹਨ। 25 ਕਿਲੋ ਪ੍ਰਤੀ ਰਾਸ਼ਣ ਕਾਰਡ ਕਣਕ ਤੇ ਚੌਲ ਦੇ ਹਿਸਾਬ ਨਾਲ ਦਲਾਲਾਂ, ਦੁਕਾਨਦਾਰਾਂ ਤੇ ਅਫ਼ਸਰਾਂ ਦੇ ਇਸ ਗਠਜੋੜ ਨੇ 4 ਸਾਲ ਦੌਰਾਨ ਦੋ ਲੱਖ ਟਨ ਕਣਕ ਅਤੇ 82 ਹਜ਼ਾਰ ਟਨ ਚੌਲ ਨਿਗਲ ਚੁੱਕੇ ਹਨ ਜਿਨ੍ਹਾਂ ’ਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਬਸਿਡੀ ਲਗਭਗ 257 ਕਰੋੜ ਰੁਪਏ ਬੈਠਦੀ ਹੈ। ਇਹ ਸਥਿਤੀ ਉਦੋਂ ਹੈ ਜਦੋਂ ਜਾਂਚ ਸਖਤ ਮਾਪਦੰਡ ਦੀ ਵਰਤੋਂ ਕੀਤੀ ਗਈ ਹੈ। ਪਰ ਥੋੜੀ ਢਿੱਲ ਦਿੱਤੀ ਜਾਵੇ ਤਾਂ ਰਾਜਧਾਨੀ ’ਚ ਫਰਜੀ ਰਾਸ਼ਣ ਕਾਰਡਾਂ ਦੀ ਗਿਣਤੀ 3.5 ਲੱਖ ਤੱਕ ਹੋ ਸਕਦੀ ਹੈ ਜੋ ਕੁੱਝ ਰਾਸ਼ਣ ਕਾਰਡਾਂ ਦਾ 20 ਫੀਸਦੀ ਹੋਵੇਗੀ।

ਇਥੇ ਇਹ ਦੱਸ ਦੇਈਏ ਕਿ ਰਾਜਧਾਨੀ 'ਚ 32 ਲੱਖ ਰਾਸ਼ਣ ਕਾਰਡ ਹੁੰਦੇ ਸਨ ਕੁਝ ਫਰਜੀ ਮਾਮਲੇ ਸਾਹਮਣੇ ਆਉਂਦਿਆਂ ਤਕਰੀਬਨ 8 ਲੱਖ ਰਾਸ਼ਣ ਕਾਰਡਾਂ ਨੂੰ ਰੱਦ ਕਰ ਦਿੱਤਾ ਗਿਆ। ਇਸ ਪਿੱਛੋਂ ਕਰੀਬ 5 ਲੱਖ ਨਵੇਂ ਰਾਸ਼ਣ ਕਾਰਡ ਬਣੇ ਅਤੇ ਕੁੱਝ ਰਾਸ਼ਣ ਕਾਰਡਾਂ ਦੀ ਗਿਣਤੀ 28,9500 ਹਜ਼ਾਰ ਹੋ ਗਈ। ਇਸ ਪਿੱਛੋਂ ਰਾਸ਼ਣ ਕਾਰਡਾਂ ਦਾ ਕੰਪਿਊਟਰੀਕਰਨ ਕੀਤਾ ਗਿਆ ਅਤੇ ਘਪਲੇ ਦੀ ਨਵੇਂ ਸਿਰੇ ਤੋਂ ਜਾਂਚ ਅਜੇ ਵੀ ਜਾਰੀ ਹੈ।

ਦਿੱਲੀ ਦੇ ਫ਼ੂਡ-ਸਪਲਾਈ ਮੰਤਰੀ ਹਾਰੂਨ ਯੂਸਫ ਦਾ ਕਹਿਣਾ ਹੈ ਕਿ ਮਾਮਲੇ ਵਿਚ ਪਹਿਲਾਂ ਤੋਂ ਹੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਜੇ ਜਾਂਚ ਪੂਰੀ ਨਹੀਂ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਜਾਂਚ ਪੂਰੀ ਹੋਣ ਪਿੱਛੋਂ ਹੀ ਸਹੀ ਤਸਵੀਰ ਸਾਹਮਣੇ ਆਵੇਗੀ ਤੇ ਇਸ 'ਚ ਸ਼ਾਮਲ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ ਇਸ ਦਾ ਖੁਲਾਸਾ ਕਰਨ ਵਾਲੀ ਸੰਸਥਾ 'ਪਰਿਵਰਤਨ' ਦੇ ਮੁੱਖ ਕਰਤਾ ਧਰਤਾ ਮੈਗਸੇਸੇ ਪੁਰਸਕਾਰ ਵਿਜੇਤਾ ਅਰਵਿੰਦ ਕੇਜਰੀਵਾਲ ਵਿਸ਼ੇਸ਼ ਬੁਲਾਰੇ ਪ੍ਰਸ਼ਾਂਤ ਭੂਸ਼ਣ ਅਤੇ ਸਾਧੂ ਭਾਦੁੜੀ ਨੇ ਪਿਛਲੇ ਦਿਨੀ ਇਕ ਪ੍ਰੈੱਸ ਕਾਨਫਰੰਸ ਕਰਕੇ ਇਸ ਦਾ ਭਾਂਡਾ ਭੰਨਿਆ ਸੀ ਪਰਿਵਰਤਨ ਨੇ ਇਸ ਦੀ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਹੈ। ਪਰਿਵਰਤਨ ਕੋਈ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਇਸ ਲਈ ਕਹਿ ਸਕਦੇ ਹਾਂ ਕਿ ਇਹ ਕੋਈ ਐਨ. ਜੀ. ਓ. ਨਹੀਂ ਹੈ। ਦਰਅਸਲ ਇਹ ਲੋਕ ਰਾਜੀ ਮੁੱਲਾਂ ਨੂੰ ਸਥਾਪਤ ਕਰਨ ਵਾਲੇ ਲੋਕਾਂ ਦੀ ਇਕ ਐਸੀ ਲਹਿਰ ਹੈ ਜਿਸ ਦੇ ਕਰਮਚਾਰੀ ਆਪਣੀ ਮੁਹਿੰਮ ਦੌਰਾਨ ਕਈ ਵਾਰ ਦਲਾਲਾਂ ਤੇ ਅਪਰਾਧੀਆਂ ਤੋਂ ਪਿਟੇ ਹਨ। ਫਿਰ ਵੀ ਸੰਸਥਾ ਆਪਣੇ ਮੁੱਲਾਂ ਉਦੇਸ਼ਾਂ ਦਾ ਦਾਮਨ ਫੜੀ ਅੱਗੇ ਵਧ ਰਹੀ ਹੈ।

ਪਰਿਵਰਤਨ ਦੀ ਕਹਾਣੀ ਬੜੀ ਹੀ ਦਿਲਚਸਪ ਹੈ। ਆਈ. ਆਈ. ਟੀ. ਖੜਗਪੁਰ ਤੋਂ ਮੈਕੇਨਿਕਲ ਇੰਜੀਨੀਅਰ ਅਰਵਿੰਦ ਕੇਜਰੀਵਾਲ ਨੇ ਸਾਲ 1992 'ਚ ਸਿਵਲ ਸੇਵਾ ਜਾਇਨ ਕੀਤੀ। ਅੱਠ ਸਾਲ ਪਿੱਛੋਂ ਸ੍ਰੀ ਕੇਜਰੀ ਲਾਲ ਨੇ ਲੰਬੀ ਸਰਕਾਰੀ ਛੁੱਟੀ ਲੈ ਕੇ ਸਾਲ 2000 ਵਿਚ 'ਪ੍ਰੀਵਰਤਨ' ਨਾਂ ਦੀ ਸੰਸਥਾ ਦੀ ਨੀਂਹ ਰੱਖੀ ਗਈ। ਸਾਲ 2006 ਵਿੱਚ ਸਿਵਲ ਸੇਵਾ ਤੋਂ ਅਸਤੀਫਾ ਦਿੱਤਾ ਅਤੇ ਪੂਰਾ ਸਮਾਂ ਪਰਿਵਰਤਨ ਲਈ ਦੇਣ ਲੱਗੇ। ਪਰਿਵਰਤਨ ਦੀ ਇਸ ਕੋਸ਼ਿਸ਼ ਨਾਲ ਭ੍ਰਿਸ਼ਟਾਚਾਰ ਤੇ ਦਲਾਲਾਂ ਦੇ ਅਮਲ 'ਚ ਕੀ ਤਬਦੀਲੀ ਆਵੇਗੀ ਇਹ ਕਹਿਣਾ ਤਾਂ ਸੰਭਵ ਨਹੀਂ ਪਰ ਦਿੱਲੀ ਸਰਕਾਰ ਆਪਣੀ ਕਾਰਜ ਪ੍ਰਣਾਲੀ 'ਚ ਤਬਦੀਲੀ ਲਿਆਈ ਉਦੋਂ ਗਰੀਬਾਂ ਦੀ ਰੋਟੀ ਖੁਸਣੋ ਬਚ ਸਕਦੀ ਹੈ। ਸਿਰਫ ਜਾਂਚ ਕੀਤੀ ਜਾ ਰਹੀ ਹੈ ਇਹ ਕਹਿ ਕੇ ਫ਼ੂਡ-ਸਪਲਾਈ ਮੰਤਰੀ ਹਾਰੂਨ ਯੂਸਫ ਨੇ ਆਪਣਾ ਪੱਲਾ ਝਾੜ ਲਿਆ ਹੈ। ਪਰ ਉਨ੍ਹਾਂ ਗਰੀਬਾਂ ਦਾ ਕੀ ਹੋਵੇਗਾ ਜੋ ਸਸਤੇ ਰਾਸ਼ਣ ਦੀ ਆਸ ਲਾ ਕੇ ਬੈਠੇ ਰਹਿੰਦੇ ਹਨ। ਰਾਜਧਾਨੀ ਦਿੱਲੀ ਦੀ ਚਮਕ-ਦਮਕ ਵਿਚ ਗਰੀਬਾਂ ਦੇ ਘਰ ਦਾ ਹਨੇਰਾ ਮੁੱਖ ਮੰਤਰੀ ਸ਼ੀਲਾ ਦਿਕਸ਼ਤ ਨੂੰ ਦਿਸਦਾ ਹੈ, ਜਾਂ ਨਹੀਂ ਇਹ ਉਹੀ ਜਾਣੇ ਕਿਉਂਕਿ ਫਰਜ਼ੀ ਰਾਸ਼ਣ ਕਾਰਡ ਦੇ ਜ਼ੋਰ 'ਤੇ ਕਿ ਰਾਸ਼ਣ ਤੋਂ ਲੈ ਕੇ ਰਾਸ਼ਣ ਤੱਕ ਡਕਾਰ ਜਾਣ ਵਾਲੇ ਕਈ ਅਧਿਕਾਰੀ ਅੱਜ ਵੀ ਆਪਣੇ ਅਹੁਦੇ ਤੇ ਬਣੇ ਹੋਏ ਹਨ। ਪਰ ਜਲਦੀ ਹੀ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਨਹੀਂ ਹਟਾਇਆ ਗਿਆ ਤਾਂ ਇਸ ਤਰ੍ਹਾਂ ਘਪਲੇ ਹੁੰਦੇ ਰਹਿਣਗੇ ਅਤੇ ਗਰੀਬਾਂ ਦੀ ਰੋਟੀ ਰੋਜ਼ੀ ਖੁਸਦੀ ਰਹੇਗੀ।

# ਝਮੇਲਿਆਂ ’ਚ ਫਸਦੇ ਬਾਬੇ

ਬਾਪੂ! ਅਰਥਾਤ ਆਸਾਰਾਮ ਬਾਪੂ ਇਕ ਅਜਿਹਾ ਸੰਤ ਜਿਸ ਦੀ ਬਾਣੀ ’ਚ ਜਾਦੂ ਦਾ ਅਸਰ ਹੈ। ਕਰੋੜ ਲੋਕ ਉਨ੍ਹਾਂ ਦੇ ਪ੍ਰਵਚਨ ਦੇ ਕਾਬਿਲ ਅੱਜ ਸੰਤ ਆਸਾਰਾਮ ਬਾਪੂ ਇਸ ਸਭ ਦੇ ਬਾਵਜੂਦ ਝਮੇਲਿਆਂ ਦੇ ਟਾਪੂ ’ਤੇ ਖੜ੍ਹੇ ਹਨ। ਮੱਧ ਪ੍ਰਦੇਸ਼ ਦੇ ਛਿੰਦਵਾੜਾ ਸਥਿਤ ਬਾਪੂ ਵੱਲੋਂ ਸਥਾਪਤ ਸਕੂਲ ਵਿਚ ਬੱਚਿਆਂ ਦੀ ਹੋਈ ਮੌਤ ਨੇ ਸੰਤ ਆਸਾਰਾਮ ਦੀ ਆਸਾ ਤੇ ਪਾਣੀ ਫੇਰ ਦਿੱਤਾ। ਜਿੱਥੋਂ ਤੱਕ ਉਨ੍ਹਾਂ ਦੇ ਪੁੱਤ ’ਤੇ ਦੋਸ਼ ਹੈ ਕਿ ਉਹ ਤਾਂਤਰਿਕ ਕਿਰਿਆ ਕਰਦੇ ਹਨ ਤੇ ਉਸ ਦੀ ਆੜ ’ਚ ਕਈ ਗੈਰ ਮਨੁੱਖੀ ਕੰਮਾਂ ਨੂੰ ਅੰਜ਼ਾਮ ਦਿੰਦੇ ਹਨ। ਨੌਬਤ ਇੱਥੋਂ ਤੱਕ ਆ ਗਈ ਹੈ ਕਿ ਉਨ੍ਹਾਂ ਦੇ ਪੁੱਤ ਨੂੰ ਅਦਾਲਤ ’ਚ ਅਗਾਊ ਜਮਾਨਤ ਵਾਸਤੇ ਅਰਜੀ ਦੇਣੀ ਪਈ। ਬਾਪੂ ਖੁਦ ਮੀਡੀਆ ਸਾਹਮਣੇ ਹੱਥ ਜੋੜ ਕੇ ਅੱਖਾਂ ’ਚ ਹੰਝੂ ਭਰੀ ਬੇਵੱਸ ਨਜ਼ਰ ਆਏ। ਉਨ੍ਹਾਂ ਨੂੰ ਇੱਥੋਂ ਤੱਕ ਕਹਿਣਾ ਪਿਆ ਕਿ ਹੁਣ ਥੱਕ ਚੁੱਕਿਆ ਹਾਂ ਰਿਟਾਇਰ ਹੋਣਾ ਚਾਹੁੰਦਾ ਹਾਂ। ਤਲਾਸ਼ ਹੈ ਇਕ ਵਾਰਿਸ ਦੀ, ਉਸ ਦੇ ਮਿਲਦੇ ਹੀ ਇਹ ਸਭ ਕੁੱਝ ਛੱਡ ਦਿਆਂਗਾ। ਬਾਪੂ ਦੀਆਂ ਅੱਖਾਂ ’ਚ ਇਕ ਪੀੜਾ ਦੀ ਲਕੀਰ ਸਾਫ ਝਲਕ ਰਹੀ ਸੀ। ਹੁਣ ਸੁਆਲ ਇਹ ਉੱਠਦਾ ਹੈ ਕਿ ਕੀ ਬਾਪੂ ਪਹਿਲੀ ਵਾਰੀ ਵਿਵਾਦ ’ਚ ਫਸੇ ਹਨ? ਇਸ ਦਾ ਜੁਆਬ ਹੈ ਨਹੀਂ। ਦਿੱਲੀ ਇਕ ਵੱਡੀ ਜ਼ਮੀਨ ਦਾ ਝਮੇਲਾ ਵੀ ਬਾਪੂ ਦੇ ਨਾਂ ਨਾਲ ਹੀ ਜੁੜਿਆ ਹੋਇਆ ਹੈ। ਦਰਅਸਲ ਇਹ ਜ਼ਮੀਨ ਉਨ੍ਹਾਂ ਨੇ ਦਿੱਲੀ ਸਰਕਾਰ ਤੋਂ ਫੁਲਵਾੜੀ ਵਿਕਸਤ ਕਰਨ ਲਈ ਲਈ ਸੀ ਉੱਥੇ ਫੁਲ ਤਾਂ ਵਧੇ ਨਹੀਂ ਪਰ ਬਾਪੂ ਦਾ ਕਾਰੋਬਾਰ ਜ਼ਰੂਰ ਵਧਿਆ ਫੁਲਿਆ। ਵਾਤਾਵਰਣ ਦੀਆਂ ਧੱਜੀਆਂ ਉਡਾਉਂਦਿਆਂ ਉੱਥੇ ਕੰਕਰੀਟ ਦਾ ਮਕਾਨ ਬਣ ਗਿਆ, ਗਾਰਡ ਰੂਮ ਤਿਆਰ ਹੋ ਗਿਆ ਅਤੇ ਬਾਪੂ ਦੇ ਅਦਾਰਿਆਂ ਤੋਂ ਬਣੀਆਂ ਦਵਾਈਆਂ ਦੀ ਦੁਕਾਨ ਖੋਲ੍ਹ ਦਿੱਤੀ। ਧਰਮ ਅਧਿਆਤਮ ਦੇ ਨਾਂ ’ਤੇ ਪੁਸਤਕਾਂ ਦੀ ਵਿਕਰੀ ਵੀ ਕੀਤੀ ਜਾਣ ਲੱਗੀ। ਜਦ ਇਸ ਦਾ ਵਿਰੋਧ ਹੋਇਆ ਤਾਂ ਮਾਮਲਾ ਅਦਾਲਤ ਤੱਕ ਪਹੁੰਚ ਗਿਆ ਪਰ ਖਾਲੀ ਜ਼ਮੀਨ ਤੇ ਗੋਹੇ ਦੀ ਖਾਦ ਦਾ ਛਿੜਕਾਅ ਕਰਵਾਇਆ ਗਿਆ ਤੇ ਅਦਾਲਤ ਨੂੰ ਦੱਸਿਆ ਗਿਆ ਕਿ ਫੁੱਲਾਂ ਦੀ ਖੇਤੀ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਬਾਪੂ ਨੂੰ ਇਸ ਅਧਾਰ ’ਤੇ ਅਦਾਲਤ ਤੋਂ ਸਟੇਅ ਵੀ ਮਿਲ ਗਿਆ ਹੈ। ਸਟੇਅ ਮਿਲਦਿਆਂ ਹੀ ਭਵਨ ਉਸਾਰੀ ਸਮੇਤ ਕਾਰੋਬਾਰੀਆਂ ਸਰਗਰਮੀਆਂ ਵੀ ਸ਼ੁਰੂ ਹੋ ਗਈਆਂ ਜਿਸ ਦੀ ਚਰਚਾ ਉੱਪਰ ਕੀਤੀ ਜਾ ਚੁੱਕੀ ਹੈ। ਜਬਲਪੁਰ ਦਾ ਆਸ਼ਰਮ ਸ਼ੁਰੂ ਤੋਂ ਹੀ ਝਮੇਲਿਆਂ ’ਚ ਘਿਰਿਆ ਰਿਹਾ ਹੈ। ਬਾਪੂ ’ਤੇ ਦੋਸ਼ ਹੈ ਕਿ ਇਹ ਇਕ ਕੀਮਤ ਜ਼ਮੀਨ ਨੂੰ ਆਪਣੇ ਅਸਰ ਰਸੂਖ ਦੀ ਵਰਤੋਂ ਕਰਕੇ ਕੌਡੀਆਂ ਦੇ ਭਾਅ ਖਰੀਦ ਲਿਆ ਹੈ। ਇਸ ’ਤੇ ਬਾਪੂ ਨੇ ਸਫਾਈ ਦਿੱਤੀ ਕਿ ਦੋ ਹੈ ਕਿ ਇਹ ਜ਼ਮੀਨ ਤਿੰਨ ਕਰੋੜ ਦੀ ਹੈ, ਮੈਂ ਕਹਿੰਦੀ ਹਾਂ ਕੋਈ ਇਕ ਕਰੋੜ ਦੇ ਦਿਓ ਤੇ ਲੈ ਲਓ ਸਾਰੀ ਜ਼ਮੀਨ ਬਸ਼ਰਤੇ ਉੱਥੇ ਧਰਮ ਦੀ ਗੱਲ ਹੋਵੇ ਤੇ ਕੰਮ ਨੂੰ ਨੇਪਰੇ ਚਾੜਿਆ ਜਾਵੇ। ਤਰਕਾਂ ਦੇ ਧਨੀ ਬਾਪੂ ਨੂੰ ਚੁੱਪ ਕਰਾਉਣਾ ਸੌਖਾ ਨਹੀਂ ਹੈ। ਪਰ ਸੁਆਲ ਇਹ ਉੱਠਦਾ ਹੈ ਕਿ ਆਖਰ ਝਮੇਲਿਆਂ ਦੀ ਮੁੱਖ ਵਜ੍ਹਾ ਮਾੜਾ ਕਾਰੋਬਾਰ ਤਾਂ ਨਹੀਂ ਹੈ? ਸਮਾਜਸੇਵੀ ਮਹੇਸ਼ ਸੈਕਸੇਨਾ ਦਾ ਮੰਨਣਾ ਹੈ ਕਿ ਇਹ ਜਾਇਦਾਦ ਤੇ

ਕਾਰੋਬਾਰ ਕਾਰਨ ਹੋ ਰਿਹਾ ਹੈ। ਆਸ਼ਾ ਰਾਮ ਬਾਪੂ ਨੂੰ ਭਰੋਸਾ ਨਹੀਂ ਹੈ ਤਾਂ ਉਹ ਸਕੂਲ ਵੀ ਚਲਾਉਣਗੇ। ਬਾਬਾ ਰਾਮਦੇਵ ਨਾਲ ਦੂਜੀਆਂ ਦੁਕਾਨਾਂ ਵੀ ਖੋਲ੍ਹਣਗੇ ਜੇ ਕਦੇ ਇਕ ਫੇਲ ਹੋ ਜਾਵੇ ਤਾਂ ਦੂਜੀ ਤਾਂ ਚੱਲੇ। ਇਹ ਸਭ ਕੰਮ ਆਪ ਨੂੰ ਮਹੱਤਵਪੂਰਨ ਬਣਾਉਣ ਲਈ ਕੀਤਾ ਜਾ ਰਿਹਾ ਹੈ। ਇਮਾਨਦਾਰ ਵਿਰੋਧੀ ਮੁਕਾਬਲੇ 'ਚ ਨਹੀਂ ਹੈ ਜੋ ਇਨ੍ਹਾਂ ਨੂੰ ਭਗਵਾਨ ਦੇ ਨਾਂ 'ਤੇ ਮੰਨੇ ਤਾਂ ਠੀਕ ਨਹੀਂ ਤਾਂ ਲੋਕ ਇਨ੍ਹਾਂ ਦੇ ਖੇਡ ਤਮਾਸ਼ੇ 'ਚ ਫਸੇ ਰਹਿਣਾ ਜਿੱਥੋਂ ਤੱਕ ਛਿੰਦਵਾੜਾ ਸਕੂਲ 'ਚ ਹੋਈ ਬੱਚਿਆਂ ਦੀ ਮੌਤ ਦਾ ਸੁਆਲ ਹੈ ਤਾਂ ਇਹ ਕਦੀ ਸਾਫ ਮਨ ਨਾਲ ਗੱਲ ਨਹੀਂ ਕਰਦੇ। ਇਨ੍ਹਾਂ ਦੇ ਚੁੱਪ ਰਹਿਣ ਨਾਲ ਸ਼ੱਕ ਵਧ ਜਾਂਦਾ ਹੈ। ਸਮਾਜ ਸੇਵੀ ਮਹੇਸ਼ ਪਾਕ ਸਾਫ ਮੰਨਦੇ ਹਨ ਨਿਓਡਾ ਸਥਿਤ ਇਕ ਮਸ਼ਹੂਰ ਦਵਾ ਕੰਪਨੀ ਦੇ ਪ੍ਰਬੰਧ ਨਿਰਦੇਸ਼ਕ ਸੁਸ਼ੀਲ ਅਗਰਵਾਲ ਦਾ ਮੰਨਣਾ ਹੈ ਕਿ ਜੇ ਇਹ ਸੱਚਾਈ ਹੁੰਦੀ ਹੁਣ ਤੱਕ ਸਾਫ ਸਾਫ ਸਾਹਮਣੇ ਆ ਗਈ ਹੁੰਦੀ। ਇਹੀ ਵਜ੍ਹਾ ਹੈ ਕਿ ਇਸ ਵਿਵਾਦ ਦੇ ਬਾਵਜੂਦ ਬਾਪੂ ਦੇ ਪ੍ਰੋਗਰਾਮ 'ਚ ਬੇਸ਼ੁਮਾਰ ਭੀੜ ਇਕੱਠੀ ਹੋ ਰਹੀ ਹੈ। ਡਾ. ਸਸ਼ੀ ਰਾਓ ਪਟਨਾ ਸਥਿਤ ਸੰਤ ਜੇ ਵਿਅਰਸ ਟੀਚਰ ਟਰੇਨਿੰਗ 'ਚ ਹਿੰਦੀ ਵਿਭਾਗ ਦੀ ਰੀਡਰ ਹੈ ਤੇ ਬਾਪੂ ਦੀ ਚੇਲੀ ਹੈ। ਡਾ. ਸਸ਼ੀ ਕਹਿੰਦੀ ਹੈ – ਛਿੰਦਵਾੜਾ 'ਚ ਇਨ੍ਹੀਂ ਦਿਨੀਂ ਇਸਾਈ ਧਰਮ ਦਾ ਵਧ ਚੜ੍ਹ ਕੇ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਹੈ। ਉਸ ਥਾਂ 'ਤੇ ਬਾਪੂ ਵੱਲੋਂ ਚਲਾਇਆ ਜਾਂਦਾ ਸਕੂਲ ਬਹੁਤਿਆਂ ਨੂੰ ਨਹੀਂ ਭਾਅ ਰਿਹਾ ਹੈ ਕਿਉਂਕਿ ਉੱਥੇ ਸਨਾਤਨ ਸੰਸਕਾਰ ਸਿੱਖਿਆ ਜਾਂਦਾ ਹੈ। ਜਿੱਥੋਂ ਤੱਕ ਮੀਡੀਆ ਦੇ ਸਾਹਮਣੇ ਅੱਖ 'ਚ ਹੰਝੂ ਭਰ ਕੇ ਬੋਲਣ ਦੀ ਗੱਲ ਹੈ ਤਾਂ ਗੁਰੂ ਤੋਂ ਵੱਡਾ ਚੇਲਾ ਕੋਈ ਨਹੀਂ ਹੋ ਸਕਦਾ ਪਰ ਇਕ ਆਮ ਇਨਸਾਨ ਹੋਣ ਦੇ ਲਿਹਾਜ ਨਾਲ ਮੇਰਾ ਮੰਨਣਾ ਹੈ ਕਿ ਇਹ ਸਹੀ ਨਹੀਂ ਹੈ। ਗੱਲ ਰਹੀ ਉਸ ਦੇ ਪੁੱਤ ਦੀ, ਤਾਂ ਹਰੇਕ ਯੁੱਗ 'ਚ ਪਿਤਾ-ਪੁੱਤਰ 'ਚ ਅਸਮਾਨਤਾ ਪਾਈ ਗਈ ਹੈ। ਜੇ ਵੇਖਿਆ ਜਾਵੇ ਤਾਂ ਸੰਤ ਆਸਾ ਰਾਮ ਬਾਪੂ ਕੋਈ ਪਹਿਲੇ ਬਾਬਾ ਨਹੀਂ ਜੋ ਝਮੇਲਿਆਂ 'ਚ ਫਸੇ ਹਨ। ਇਸ ਦੀ ਲੰਮੀ ਫੇਹਰਿਸਤ ਹੈ। ਬਾਬਿਆਂ ਦਾ ਝਮੇਲਿਆਂ ਨਾਲ ਚੋਲੀ-ਦਾਮਨ ਦਾ ਰਿਸ਼ਤਾ ਹੈ। ਸੰਕਰਾਚਾਰੀਆ 2005 'ਚ ਉਸ ਸਮੇਂ ਝਮੇਲਿਆਂ 'ਚ ਘਿਰ ਗਏ ਜਦ ਉਨ੍ਹਾਂ 'ਤੇ ਪੀਠ ਦੇ ਮੈਨੇਜਰ ਸੰਕਰ ਅਮਨ ਦੇ ਕਾਤਿਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲੱਗਿਆ। ਪੰਜਾਬ ਦੇ ਬਾਬਾ ਹਰਚਰਨ ਸਿੰਘ 29 ਜੁਲਾਈ 2008 ਨੂੰ ਦਿੱਤੇ ਆਪਣੇ ਪ੍ਰਵਚਨ ਕਾਰਨ ਝਮੇਲਿਆਂ 'ਚ ਫਸ ਗਏ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਮਹਾਂਰਿਸ਼ੀ ਬਾਲਮਿਕ ਲਈ ਇਤਰਾਜ ਯੋਗ ਸ਼ਬਦਾਂ ਦੀ ਵਰਤੋਂ ਕੀਤੀ। ਇਸ 'ਤੇ ਇਕ ਦਲਿਤ ਨੇ ਵਿਰੋਧ ਕੀਤਾ ਤਾਂ ਬਾਬੇ ਨੇ ਗੋਲੀ ਚਲਾ ਦਿੱਤੀ ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਮਿੱਠੀ ਜ਼ੁਬਾਨ ਨਾਲ ਪ੍ਰਵਚਨ ਦੇਣ ਵਾਲੇ ਬਾਬੇ ਨੇ ਗੋਲੀ ਚਲਾ ਕੇ ਕਤਲ ਕਰ ਦਿੱਤਾ। ਜ਼ਿਕਰਯੋਗ ਹੈ ਕਿ ਹਰਚਰਨ ਸਿੰਘ ਜਲੰਧਰ ਜ਼ਿਲ੍ਹੇ ਦੇ ਮਹਿਤਪੁਰ ਥਾਣੇ ਦੇ ਬਲੌਂਦੀ ਪਿੰਡ 'ਚ ਸਥਾਨਕ ਡੇਰਾ ਮੁਖੀ ਹੈ। ਸੰਤ ਗੁਰਮੀਤ ਉਰਫ਼ ਬਾਬਾ ਰਾਮ ਰਹੀਮ ਵੀ ਡੇਰਾ ਸੱਚਾ ਸੌਦਾ ਦੇ ਮੁਖੀ ਹਨ। ਬਾਬਾ ਰਾਮ ਰਹੀਮ ਦਾ ਵਾਰ ਵਾਰ ਝਮੇਲਿਆਂ 'ਚ ਫਸਣਾ ਹੁਣ ਇਕ ਆਮ ਗੱਲ ਹੋ ਗਈ ਹੈ। ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਦਾ ਭੇਸ ਧਾਰ ਕੇ ਖੁਦ ਉਨ੍ਹਾਂ ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕਰਕੇ ਬਾਬਾ ਸੰਘਣੇ ਝਮੇਲਿਆਂ 'ਚ ਘਿਰ ਗਏ। ਇਨ੍ਹਾਂ 'ਤੇ ਡੇਰੇ ਦੀ ਸਾਧਵੀ ਨਾਲ ਬਲਾਤਕਾਰ ਕਰਨ, ਸਾਬਕਾ ਪ੍ਰਬੰਧਕ ਤੇ ਇਕ ਪੱਤਰਕਾਰ ਦਾ ਕਤਲ ਦਾ ਵੀ ਘ੍ਰਿਣਿਤ ਦੋਸ਼ ਹੈ। ਮੁੰਬਈ 'ਚ ਬਾਬੇ

ਦੇ ਗਾਰਡ ਨੇ ਚੋਲੀ ਚਲਾਈ ਜਿਸ ਨਾਲ ਇਕ ਸਿੱਖ ਮੁਜਾਹਰਾਕਾਰੀ ਦੀ ਮੌਤ ਹੋ ਗਈ। ਕਿਹਾ ਜਾਏ ਤਾਂ ਵੇਖਦਿਆਂ-ਵੇਖਦਿਆਂ ਬਾਬੇ ਦਾ ਹੱਥ ਖ਼ੂਨ ਨਾਲ ਰੰਗਿਆ ਗਿਆ। ਪੰਜਾਬ ਦੇ ਸੰਤ ਨਿਰੰਕਾਰੀ ਬਾਬੇ 'ਤੇ ਵੀ ਵਜੀਰਾਵਾਦ ਕੋਲ ਨਿਰੰਕਾਰੀ ਆਸ਼ਰਮ ਲਈ ਜ਼ਮੀਨ ਜਬਰੀ ਕਬਜ਼ੇ 'ਚ ਕਰਨ ਦਾ ਦੋਸ਼ ਹੈ। ਜ਼ਮੀਨ ਮਾਲਕ ਦੀ ਹੱਤਿਆ ਨੂੰ ਬਾਬੇ ਨਾਲ ਜੋੜ ਕੇ ਵੇਖਿਆ ਗਿਆ। ਜਿਸ ਨਾਲ ਬਾਬੇ ਦੇ ਨਾਂ 'ਤੇ ਖ਼ੂਬ ਝਮੇਲਾ ਉੱਠਿਆ ਸੀ। 22 ਜੁਲਾਈ 2008 ਨੂੰ ਜੈਪੁਰ ਦੇ ਇਕ ਸ਼ਟਲ ਟ੍ਰੇਡ 'ਚ ਰੇਲਵੇ ਪੁਲਿਸ ਨੇ ਇਕ ਬਾਬੇ ਨੂੰ ਅਗਵਾਅ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ। 10 ਸਾਲਾ ਬੱਚਾ ਚੰਦਨ ਸਿੰਘ ਤਿੰਨ ਸਾਲਾਂ ਤੋਂ ਲਾਪਤਾ ਸੀ ਜਿਸ ਨੂੰ ਬਾਬੇ ਦੇ ਚੁੰਗਲ 'ਚੋਂ ਮੁਕਤੀ ਮਿਲੀ। ਪਤਾ ਲੱਗਿਆ ਇਹ ਬਾਬਾ ਸਤਿਆਗਿਰੀ ਉਰਫ ਰਾਜੇਂਦਰ ਹੈ। ਬੀਤੇ ਸਾਲਾਂ ਦੀ ਗੱਲ ਕਰੀਏ ਤਾਂ ਸਤਿਆ ਸਾਈਂ ਬਾਬਾ ਵੀ ਝਮੇਲਿਆਂ 'ਚ ਘਿਰੇ ਰਹੇ। ਉਨ੍ਹਾਂ ਦੇ ਬੈਡ ਰੂਮ 'ਚ ਚਾਰ ਲੋਕਾਂ ਦਾ ਕਤਲ ਹੋਇਆ। ਇਸ ਨੂੰ ਪੁਲਸ ਮੁਕਾਬਲਾ ਦੱਸਿਆ ਗਿਆ ਕਿ ਇਹ ਚਾਰੋਂ ਲੋਕ ਬਾਬੇ ਦੀ ਹੱਤਿਆ ਕਰਾਉਣਾ ਚਾਹੁੰਦੇ ਸਨ। ਇਹ ਜਿਸ ਨੂੰ ਪੁਲਿਸ ਨੇ ਮਾਰ ਸੁੱਟਿਆ, ਜਾਂਚ ਪਿੱਛੋਂ ਸ਼ੱਕ ਦੀ ਸੂਈ ਸਤਿਆ ਸਾਂਈ ਬਾਬੇ 'ਤੇ ਜਾ ਟਿਕੀ। ਦੂਰ-ਦਰਸ਼ਨ 'ਤੇ ਯੋਗਾ ਦੀ ਸਿੱਖਿਆ ਦੇਣ ਵਾਲੇ ਗੁਰੂ ਸਵਾਰੀ ਧੀਰੇਂਦਰ ਬ੍ਰਹਮਚਾਰੀ (ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਫ਼ੀ ਕਰੀਬ ਮੰਨੇ ਜਾਂਦੇ ਸਨ) ਆਪਣੇ ਆਯੁਧ ਕਾਰਖਾਨੇ ਸਬੰਧੀ ਕਾਫੀ ਝਮੇਲਿਆਂ 'ਚ ਰਹੇ। ਹੋਰ ਤਾਂ ਹੋਰ ਓਸ਼ੋ ਰਜਨੀਸ਼ ਵੀ ਕਈ ਸਾਲਾਂ ਤੱਕ ਝਮੇਲਿਆਂ ਤੋਂ ਪਿੱਛਾ ਨਹੀਂ ਛੁਡਵਾ ਸਕੇ। ਸੈਕਟ ਪ੍ਰਤੀ ਅਤੀ ਖੁੱਲੇ ਵਿਚਾਰਾਂ ਕਾਰਨ ਉਨ੍ਹਾਂ ਦੀ ਕੈਸਟ ਤੇ ਪੁਸਤਕਾਂ ਉੱਪਰ ਕਈ ਝਮੇਲੇ ਹੋਏ।

ਜਿੱਥੋਂ ਤੱਕ ਝਮੇਲੇ 'ਚ ਫਸਣ ਦਾ ਸਬੰਧ ਹੈ ਤਾਂ ਸਮਾਜਸੇਵੀ ਮਹੇਸ਼ ਸਕਸੈਨਾ ਦੀ ਟਿੱਪਣੀ ਸਟੀਕ ਲੱਗਦੀ ਹੈ। ਮਹੇਸ਼ ਸਕਸੈਨਾ ਕਹਿੰਦੇ ਹਨ - ਇਸ ਨੂੰ ਤੁਸੀਂ ਦੋ ਭਾਗਾਂ 'ਚ ਵੰਡ ਕੇ ਸਮਾਜ ਦ੍ਰਿਸ਼ 'ਚ ਵੇਖੋ। ਪਹਿਲਾਂ ਇਹ ਕਿ ਅੱਜ ਜਾਇਦਾਦਾਂ ਦਾ ਜ਼ਮਾਨਾ ਹੈ। ਗਲਾ ਘੋਟੂ ਰਾਜਨੀਤੀ ਸਾਰਿਆਂ ਹੀ ਦਬਕਿਆਂ 'ਚ ਹੈ। ਬਾਬਾ ਰਾਮਦੇਵ ਦੀ ਮਸ਼ਹੂਰੀ ਕੀ ਹੋਈ ਦੂਜੇ ਬਾਬਿਆਂ ਨੂੰ ਲੱਗਦਾ ਹੈ ਕਿ ਏਨੀ ਛੋਟੀ ਉਮਰ 'ਚ ਏਨੀ ਕਾਮਯਾਬੀ ਕਿਵੇਂ ਮਿਲ ਗਈ। ਦਰਅਸਲ ਇਹ ਕੁਚੱਕਰ ਮੈਨੇਜਮੈਂਟ ਦਾ ਹਿੱਸਾ ਹੈ। ਦੂਜਾ ਪੱਖ ਵੇਖੀਏ ਤਾਂ ਜਦ ਵੀ ਇਨ੍ਹਾਂ ਬਾਬਿਆਂ 'ਤੇ ਇਲਜ਼ਾਮ ਲੱਗਦਾ ਹੈ ਤਾਂ ਸਾਫ਼ ਸਾਫ਼ ਕਦੀ ਨਹੀਂ ਕਹਿੰਦੇ ਕਿ ਇਨ੍ਹਾਂ ਦੀ ਜਾਂਚ ਸੀ ਬੀ. ਆਈ. ਤੋਂ ਕਰਵਾਈ ਜਾਵੇ ਜਾਂ ਇਨ੍ਹਾਂ ਨੂੰ ਸਾਫ ਸਾਫ ਬੋਲਣ ਦੀ ਆਦਤ ਹੀ ਨਹੀਂ ਹੁੰਦੀ ਸੀ। ਚਾਹੇ ਸੰਤ ਆਸਾ ਰਾਮ ਬਾਪੂ ਹੋਵੇ ਜਾਂ ਕੋਈ ਹੋਰ, ਇਨ੍ਹਾਂ ਕੇਸਾਂ ਵਿਚ ਸਭ ਦਾ ਰਵਈਆ ਬਸ ਪਿੱਛਾ ਛੁਡਾਉਣ ਦਾ ਹੈ। ਹੁਣ ਗੱਲ ਚਾਹੇ ਜੋ ਵੀ ਹੋਵੇ ਪਰ ਏਨਾ ਤਹਿ ਹੈ ਕਿ ਫਿਲਹਾਲ ਸਾਰੇ ਬਾਬਿਆਂ ਦੇ ਗ੍ਰਹਿ-ਨਛੱਤਰ ਠੀਕ ਹਨ ਸਿਵਾਏ ਸੰਤ ਆਸਾ ਰਾਮ ਬਾਪੂ ਦੇ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਦੂਜਿਆਂ ਨੂੰ ਮੁਸੀਬਤ ਤੋਂ ਰਾਹਤ ਦਵਾਉਣ ਵਾਲੇ ਬਾਪੂ ਖੁਦ ਇਸ ਮੁਸੀਬਤ ਨਾਲ ਕਿਵੇਂ ਸਿਝਦੇ ਹਨ।

# ਸ਼੍ਰੀ ਲੰਕਾ ਦੀ ਜਾਤੀ ਸਮੱਸਿਆ ਦਾ ਹੱਲ

ਸ੍ਰੀ ਲੰਕਾ 'ਚ ਕਈ ਹਫ਼ਤਿਆਂ ਤੋਂ 'ਫੈਸਲਾ ਕੁੰਨ ਜਿੱਤ' ਦੇ ਐਲਾਨ ਕੀਤੇ ਜਾ ਰਹੇ ਹਨ। ਸ੍ਰੀ ਲੰਕਾ ਦੀ ਫੌਜ ਵੱਲੋਂ ਲਿਟੇ ਖਿਲਾਫ ਕਾਰਵਾਈ ਦੌਰਾਨ ਸੈਂਕੜੇ ਤਾਮਿਲ ਮਾਰੇ ਜਾ ਚੁੱਕੇ ਹਨ ਅਤੇ ਹਿਜਰਤ ਕਰਨ ਵਾਲੇ ਨਾਗਰਿਕਾਂ ਦੀ ਗਿਣਤੀ ਤਾਂ ਕਈ ਹਜ਼ਾਰਾਂ 'ਚ ਪੁੱਜ ਚੁੱਕੀ ਹੈ। ਸ੍ਰੀ ਲੰਕਾ 'ਚ ਤਾਮਿਲਾਂ 'ਤੇ ਕੀਤੇ ਜਾ ਰਹੇ ਅਤਿਆਚਾਰਾਂ ਨੇ ਭਾਰਤ ਦੇ ਚੁਣਾਵੀ ਮੌਸਮ ਵਿਚ ਤਾਮਿਲਨਾਡੂ ਦੀ ਰਾਜਨੀਤੀ ਨੂੰ ਵੀ ਗਰਮ ਕਰ ਦਿੱਤਾ ਹੈ। ਤਾਮਿਲਨਾਡੂ ਦੀਆਂ ਸਾਰੀਆਂ ਮੁਖ ਪਾਰਟੀਆਂ ਇਸ ਸਮੇਂ ਇਕ ਤੋਂ ਇਕ ਖਾੜਕੂ ਐਲਾਨ ਕਰ ਰਹੀਆਂ ਹਨ। ਡੀ. ਐਮ. ਕੇ. ਦੇ ਮੁਖੀ ਕਰੁਣਾਨਿਧੀ ਵਰਤ ਦੇ ਨਾਲ ਐਲਾਨ ਕਰਦੇ ਰਹੇ ਕਿ 'ਪ੍ਰਭਾਕਰਣ ਉਨ੍ਹਾਂ ਦਾ ਦੋਸਤ' ਹੈ ਤਾਂ ਏ. ਆਈ. ਡੀ. ਐਮ. ਕੇ. ਦੀ ਹਮਾਇਤ ਕਰ ਰਹੀ ਹੈ। ਕਰੁਣਾਨਿਧੀ ਨੂੰ ਤਾਂ ਬਾਅਦ 'ਚ ਆਪਣਾ ਬਿਆਨ ਬਦਲਣਾ ਪਿਆ ਪਰ ਜੈ ਲਲਿਤਾ ਨੇ ਗੱਲ ਨੂੰ ਇੱਥੋਂ ਤੱਕ ਅੱਗੇ ਵਧਾ ਦਿੱਤਾ ਹੈ ਕਿ ਜੇ ਕੋਈ ਪਾਰਟੀ ਗਠਜੋੜ ਸ੍ਰੀ ਲੰਕਾ ਵਿਚ ਭਾਰਤੀ-ਫੌਜ ਭੇਜ ਕੇ ਬੰਗਲਾ ਦੇਸ਼ ਦੀ ਤਰਜ 'ਤੇ ਵੱਖਰੇ ਤਾਮਿਲ ਦੇਸ਼ ਦੀ ਉਸਾਰੀ ਕਰੇਗਾ। ਉਸ ਨੂੰ ਵੀ ਉਹ ਹਮਾਇਤ ਦੇਵੇਗੀ। ਜ਼ਾਹਿਰ ਜਿਹੀ ਗੱਲ ਹੈ ਕਿ ਭਾਰਤੀ ਰਾਜਸੀ ਪਾਰਟੀਆਂ ਤਾਮਿਲਨਾਡੂ 'ਚ ਸ੍ਰੀ ਲੰਕਾਈ ਤਾਮਿਲਾਂ ਪ੍ਰਤੀ ਆਪਣੀ ਹਮਦਰਦੀ ਤੇ ਭਾਈਚਾਰੇ ਦੀ ਵਰਤੋਂ ਸਿਆਸੀ ਲਾਹਾ ਤੇ ਵੋਟਾਂ ਵਟੋਰਨ ਲਈ ਕੀਤੀ ਜਾ ਰਹੀ ਹੈ। ਇਸ ਲਈ ਇਹ ਸਾਰੀਆਂ ਇਕ ਤੋਂ ਬਾਅਦ ਇਕ ਖਾੜਕੂ ਬਿਆਨ ਦੇ ਰਹੀਆਂ ਹਨ ਤੇ ਆਪਣੇ ਆਪ ਨੂੰ ਤਾਮਿਲਾਂ ਦੀ ਸਭ ਤੋਂ ਵੱਡੀਆਂ ਹਿਤੈਸ਼ੀ ਦੱਸ ਰਹੀਆਂ ਹਨ। ਸ੍ਰੀ ਲੰਕਾ ਦੀ ਰਾਜ ਪਕਸੇ ਦੀ ਸਰਕਾਰ ਤਾਮਿਲ ਸਮੱਸਿਆ ਦਾ ਫ਼ੌਜੀ ਹੱਲ ਕਰਨ 'ਚ ਪਿਛਲੇ ਕਈ ਸਾਲਾਂ ਤੋਂ ਲੱਗੀ ਹੋਈ ਹੈ ਅਤੇ ਇਸ ਵਕਤ ਉਸ ਨੂੰ ਵੱਡੀਆਂ ਫੌਜੀ ਸਫਲਤਾਵਾਂ ਹੱਥ ਲੱਗੀਆਂ ਹਨ। ਹਾਲਾਂ ਕਿ ਰਾਜ ਪਾਕਸੇ ਤੋਂ ਪਹਿਲਾਂ ਦੀਆਂ ਸਰਕਾਰਾਂ ਵੀ ਫੌਜੀ ਹੱਲ ਵਿਚ ਹੀ ਲੱਗੀਆਂ ਰਹੀਆਂ ਪਰ ਉਨ੍ਹਾਂ ਇਤਿਹਾਸ 'ਚ ਪਹਿਲੀ ਵਾਰੀ ਇਸ ਤਰ੍ਹਾਂ ਪਿੱਛੇ ਹਟਦਾ ਗਿਆ ਹੈ। ਰਾਜ ਪਾਕਸੇ ਦੇ ਸਰਕਾਰ ਆਪਣੀਆਂ ਸਥਾਨਕ ਸਫਲਤਾਵਾਂ 'ਚ ਮਦਹੋਸ਼ ਹੋ ਕੇ ਪੂਰੀ ਦੁਨੀਆਂ ਦੇ ਇਨਸਾਫ ਪਸੰਦ ਲੋਕਾਂ ਦੀਆਂ ਅਵਾਜ਼ਾਂ ਸੁਣੀਆਂ ਅਣਸੁਣੀਆਂ ਕਰ ਰਹੀ ਹੈ। ਤਾਮਿਲ ਆਬਾਦੀ 'ਤੇ ਸ੍ਰੀ ਲੰਕਾ ਦੀ ਫੌਜੀ ਆਕਾਸ਼ ਤੋਂ ਹਵਾਈ ਜਹਾਜ਼ਾਂ ਨਾਲ ਅਤੇ ਜ਼ਮੀਨ ਤੋਂ ਤੋਪਾਂ ਨਾਲ ਗੋਲੇ ਬਰਸਾ ਰਹੀ ਹੈ ਅਤੇ ਇਹ ਸਭ ਅੱਤਵਾਦ "ਲਿੱਟੇ ਦੇ ਦਹਿਸ਼ਤਗਰਦੀ" ਨਾਲ ਨਿਪਟਣ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ। ਰਾਜ ਪਾਕਸੇ ਦੀ ਸਰਕਾਰ ਨੇ ਮਨੁੱਖੀ ਅਧਿਕਾਰਾਂ ਕਾਰਕੁੰਨਾ ਤੋਂ ਲੈ ਕੇ ਮੀਡੀਆ ਤੱਕ 'ਤੇ ਪਾਬੰਦੀ ਲਾ ਦਿੱਤੀ ਹੈ। ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਅਨੁਮਾਨ ਲਾਇਆ ਜਾ ਰਿਹਾ ਹੈ ਕਿ ਜਨਵਰੀ ਤੋਂ ਮਈ ਤੱਕ 5000 ਨਾਗਰਿਕਾਂ ਦੀ ਮੌਤ ਸ੍ਰੀ ਲੰਕਾ ਦੀ ਸੈਨਾ ਦੇ ਹਮਲਿਆਂ ਨਾਲ ਹੋ ਚੁੱਕੀ ਹੈ। ਜਿਸ ਵਿਚ ਬੱਚਿਆਂ ਦੀ ਗਿਣਤੀ ਘੱਟੋ ਘੱਟ 500 ਤੋਂ ਵੱਧ ਹੈ। ਜ਼ਖਮੀ ਨਾਗਰਿਕਾਂ ਦੀ ਗਿਣਤੀ ਇਸ ਅਨੁਮਾਨ ਅਨੁਸਾਰ 10 ਹਜ਼ਾਰ ਤੋਂ ਵੱਧ ਹੈ। ਸ੍ਰੀ ਲੰਕਾ ਦੀ ਫੌਜ ਜਿਸ ਤਰ੍ਹਾਂ ਨਾਲ ਇਜ਼ਰਾਇਲੀ ਫੌਜ ਫਿਲਸਤੀਨੀ

ਜਨਤਾ ਉੱਪਰ ਘਾਤਕ ਬੰਬਾਂ ਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਦੀ ਰਹੀ ਹੈ। ਤਾਮਿਲ ਅਬਾਦੀ 'ਤੇ ਕੀਤੇ ਜਾ ਰਹੇ ਅਤਿਆਚਾਰ ਏਨੇ ਭਿਅੰਕਰ ਹਨ ਕਿ ਸੰਯੁਕਤ ਰਾਸ਼ਟਰ ਸੰਘ ਵਰਗੀ ਸੰਸਥਾ ਨੂੰ ਜੋ ਕਿ ਆਮ ਤੌਰ 'ਤੇ ਅਜਿਹੇ ਮਾਮਲਿਆਂ 'ਚ ਚੁੱਪ ਰਹਿੰਦੀ ਹੈ, ਨਿੰਦਾ ਕਰਨੀ ਪੈ ਰਹੀ ਹੈ। ਸ੍ਰੀ ਲੰਕਾ 'ਚ ਤਾਮਿਲ ਅਬਾਦੀ 'ਤੇ ਸ੍ਰੀ ਲੰਕਾ ਦੀ ਫੌਜ ਵੱਲੋਂ ਕੀਤੇ ਜਾ ਰਹੇ ਅਤਿਆਚਾਰਾਂ ਵਿਰੁੱਧ ਦੁਨੀਆਂ ਦੇ ਮੁੱਖ ਸ਼ਹਿਰਾਂ ਲੰਦਨ ਪੈਰਿਸ 'ਚ ਵਿਰੋਧੀ ਮੁਜਾਹਰੇ ਅਯੋਜਿਤ ਹੋਏ ਹਨ। ਇਨ੍ਹਾਂ ਮੁਜਾਹਰਿਆਂ 'ਚ ਸ੍ਰੀ ਲੰਕਾ ਦੀ ਸਰਕਾਰ ਤੋਂ ਫੌਰੀ ਜੰਗ ਬੰਦੀ ਦੀ ਮੰਗ ਕੀਤੀ ਗਈ।

ਇਨ੍ਹਾਂ ਮੁਜਾਹਰਿਆਂ 'ਚ ਸ਼ਾਮਲ ਲੋਕਾਂ ਦੀ ਗਿਣਤੀ ਹਜ਼ਾਰਾਂ 'ਚ ਰਹੀ ਹੈ। ਸ੍ਰੀ ਲੰਕਾ ਦੀ ਸਰਕਾਰ ਦੀ ਇਸ ਫੌਜੀ ਮੁਹਿੰਮ ਦੀ ਕਰੂਰਤਾ ਨੇ ਲਿਟੇ (ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਇਲਮ) ਦੇ ਸੰਘਰਸ਼ ਨੂੰ ਚਲਾਉਣ ਦੇ ਤਰੀਕਿਆਂ (ਆਤਮਘਾਤੀ ਹਮਲਿਆਂ, ਨਾਗਰਿਕ ਅਬਾਦੀ ਨੂੰ ਨਿਸ਼ਾਨਾ ਬਣਾਉਣ, ਆਪਣੇ ਰਾਜਸੀ ਵਿਰੋਧੀਆਂ ਨਾਲ ਬੁਰੇ ਤਰੀਕਿਆਂ ਨਾਲ ਨਿਪਟਣ, ਆਪਣੇ ਪ੍ਰਭਾਵ ਖੇਤਰ 'ਚ ਨਾਗਰਿਕਾਂ ਉੱਪਰ ਕਠੋਰ ਕੰਟਰੋਲ ਤੇ ਜਬਰ) ਤੇ ਉਠ ਰਹੇ ਸੁਆਲਾਂ ਨੂੰ ਸਿਸ਼ੋਪੰਜ 'ਚ ਪਾ ਦਿੱਤਾ ਹੈ। ਸ੍ਰੀ ਲੰਕਾ ਦੀ ਸਰਕਾਰ ਆਪਣੇ ਸਾਰੇ ਕੂੜ ਪ੍ਰਚਾਰ ਦੇ ਬਾਵਜੂਦ ਲਿੱਟੇ ਨੂੰ ਚਰਚਾ ਦਾ ਵਿਸ਼ਾ ਨਹੀਂ ਬਣਾ ਸਕੀ। ਭਾਰਤ 'ਚ ਖਾਸ ਕਰਕੇ ਤਾਮਿਲਨਾਡੂ 'ਚ ਲਿਟੇ ਪ੍ਰਤੀ ਜਬਰਦਸਤੀ ਹਮਦਰਦੀ ਪੈਦਾ ਹੋਈ ਹੈ ਤੇ ਤਾਮਿਲਨਾਡੂ 'ਚ ਕੁਝ ਥਾਵਾਂ 'ਤੇ ਖਾੜਕੂ ਤਮਿਲ ਜਥੇਬੰਦੀਆਂ ਨੇ ਭਾਰਤੀ ਫੌਜ ਦੇ ਟਰੱਕਾਂ 'ਤੇ ਇਸ ਸ਼ੱਕ ਦੇ ਕਾਰਨ ਹਮਲੇ ਕੀਤੇ ਕਿ ਇਨ੍ਹਾਂ ਟਰੱਕਾਂ ਰਾਹੀਂ ਸ੍ਰੀ ਲੰਕਾ ਨੂੰ ਯੁੱਧ ਸਮੱਗਰੀ ਭੇਜੀ ਜਾ ਰਹੀ ਹੈ।

ਸ੍ਰੀ ਲੰਕਾ 'ਚ ਤਾਮਿਲ ਕੌਮੀਅਤ ਦੀ ਸਮੱਸਿਆ ਦੇ ਇਤਿਹਾਸ 'ਤੇ ਜੇ ਗੌਰ ਕੀਤਾ ਜਾਵੇ ਤਾਂ ਉਸ ਨਾਲ ਇਹ ਗੱਲ ਸਪੱਸ਼ਟ ਤੌਰ 'ਤੇ ਸਾਹਮਣੇ ਆ ਜਾਂਦੀ ਹੈ ਕਿ ਕਿਉਂ ਰਾਜ ਪਾਕਸੇ ਵੱਲੋਂ ਕੀਤੇ ਜਾ ਰਹੇ ਫੌਜੀ ਹੱਲ ਨਾਲ 'ਤਾਮਿਲ ਸਮੱਸਿਆ' ਦਾ ਹੱਲ ਨਹੀਂ ਹੋ ਸਕਦਾ ਹੈ। ਸ੍ਰੀ ਲੰਕਾ 'ਚ 'ਤਾਮਿਲ ਸਮੱਸਿਆ' ਪੂਰੇ ਭਾਰਤੀ ਉਪ ਮਹਾਂਦੀਪ 'ਚ ਮੌਜੂਦ ਕੌਮੀਅਤਾਂ ਦੀ ਸਮੱਸਿਆ ਦਾ ਇੱਕ ਹਿੱਸਾ ਹੈ। ਭਾਰਤ ਪਾਕਿਸਤਾਨ ਦੀ ਤਰ੍ਹਾਂ ਸ੍ਰੀ ਲੰਕਾ ਵਿਚ ਵੱਖ ਵੱਖ ਕੌਮੀਅਤਾਂ ਨੂੰ ਆਤਮ ਨਿਰਣੇ ਦਾ ਅਧਿਕਾਰ ਹਾਸਲ ਨਹੀ ਹੈ। ਭਾਰਤ 'ਚ 1947 ਦੀ ਸੱਤਾ ਬਦਲੀ ਤੋਂ ਹੀ ਕਸ਼ਮੀਰ, ਅਸਾਮ, ਮਨੀਪੁਰ, ਨਾਗਾਲੈਂਡ ਆਦਿ ਰਾਜਾਂ 'ਚ ਰਹਿਣ ਵਾਲੀਆਂ ਕੌਮੀਅਤਾਂ ਖਾੜਕੂ ਹਥਿਆਰਬੰਦ ਸੰਘਰਸ਼ ਚਲਾਉਂਦੀਆਂ ਰਹੀਆਂ ਹਨ। ਇਸ ਤਰ੍ਹਾਂ ਨਾਲ ਪਾਕਿਸਤਾਨ 'ਚ ਬਲੋਚ, ਪਕਤੂਨ, ਸਿੰਧੀ ਆਦਿ ਕੌਮੀਅਤਾਂ ਪਾਕਿਸਤਾਨ ਦੀ ਸਰਕਾਰ ਵਿਰੁੱਧ ਸੰਘਰਸ਼ ਕਰ ਰਹੀਆਂ ਹਨ।

ਸ੍ਰੀ ਲੰਕਾ 'ਚ ਬੁੱਧ ਧਰਮ ਨੂੰ ਮੰਨਣ ਵਾਲੇ ਸਿੰਘਲੀ ਸਭ ਤੋਂ ਵੱਡੀ ਕੌਮੀਅਤ ਬਣਦੇ ਹਨ, ਉਨ੍ਹਾਂ ਦੀ ਆਬਾਦੀ 'ਚ ਲਗਭਗ ਤਿੰਨ ਚੌਥਾਈ ਹੈ। ਸਿੰਘਲੀ ਕੌਮੀਅਤਾਂ ਦਾ ਸ੍ਰੀ ਲੰਕਾ 'ਚ ਕਿਸ ਹੱਦ ਤੱਕ ਦਬਾਅ ਹੈ ਕਿ ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਸ੍ਰੀ ਲੰਕਾ ਦੀ ਫੌਜ 'ਚ 98 ਫੀਸਦੀ ਫੌਜੀ ਸਿੰਘਲੀ ਹਨ ਅਤੇ ਇਸ ਤਰ੍ਹਾਂ ਜਨਤਕ ਸੇਵਾਵਾਂ ਵਿੱਚ (ਸਰਕਾਰੀ ਮਹਿਕਮਿਆਂ ਨਗਰ ਪਾਲਿਕਾਵਾਂ ਆਦਿ) 95 ਫੀਸਦੀ ਲੋਕ ਸਿੰਘਲੀ ਹਨ। ਤਾਮਿਲ ਮੁਸਲਿਮਾ ਤੇ ਇਸਾਈਆਂ ਨੂੰ ਹਰ

ਥਾਂ (ਚਾਹੇ ਉਹ ਥਾਣੇ, ਸਕੂਲ, ਹਸਪਤਾਲ ਜਾਂ ਅਦਾਲਤਾਂ ਹੋਣ) ਸਿੰਘਲੀ ਭਾਸ਼ਾ ’ਚ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸ੍ਰੀ ਲੰਕਾ ’ਚ ਸਿੰਘਲੀ ਅੰਨੀ ਕੌਮ ਪ੍ਰਸਤੀ ਇਸ ਹੱਦ ਤੱਕ ਛਾਈ ਹੋਈ ਹੈ ਕਿ ਅਜਿਹਾ ਕਰਨ ’ਤੇ ਘੱਟ ਗਿਣਤੀ ਅਬਾਦੀ ਨੂੰ ਅਪਮਾਨ ਤੇ ਲੁਟ ਘਸੁੱਟ ਦਾ ਸਾਹਮਣਾ ਕਰਨਾ ਪੈਂਦਾ ਹੈ।

ਹਾਲੇ ਦੇ ਦਿਨਾਂ ’ਚ ਸਿੰਘਲੀ ਅੰਨੀ ਕੌਮ ਪ੍ਰਸਤੀ ਕਾਫੀ ਹਮਲਾਵਰ ਹੋਇਆ ਹੈ। ਸਿੰਘਲੀ ਅੰਨੀ ਕੌਮ ਪ੍ਰਸਤੀ ਨੇ ਆਪਣੇ ਕਈ ਤੌਰ ਤਰੀਕੇ ਭਾਰਤ ਦੇ ਹਿੰਦੂ ਫਾਸਿਸਟਾਂ ਵਾਂਗੂੰ ਅਪਣਾਏ ਹੋਏ ਹਨ। ਸ੍ਰੀ ਲੰਕਾ ’ਚ ਰਹਿਣ ਵਾਲੇ ਮੁਸਲਿਮਾਂ ਤੇ ਇਸਾਈਆਂ ’ਤੇ ਸਮੇਂ-ਸਮੇਂ ਸਿਰ ਹਮਲੇ ਕੀਤੇ ਜਾ ਰਹੇ ਹਨ। ਸ੍ਰੀ ਲੰਕਾ ਦੀ ਕੁਲ ਆਬਾਦੀ ’ਚ ਮੁਸਲਿਮ ਆਬਾਦੀ ਲਗਭਗ 8 ਫੀਸਦੀ ਹੈ। ਸਿੰਘਲੀ ਬੌਧੀ ਮੁਸਲਿਮਾਂ ’ਤੇ ਦੋਸ਼ ਲੱਗਦੇ ਹਨ ਕਿ ਉਹ ਪੂਰਬੀ ਸੂਬੇ ’ਚ ਇਕ ਵਖਰਾ ਦੇਸ਼ ‘ਨਾਸਿਰਿਸਤਾਨ’ ਬਣਾਉਣਾ ਚਾਹੁੰਦੇ ਹਨ। ਇਸ ਤਰ੍ਹਾਂ ਹਾਲ ਦੇ ਦਿਨਾਂ ’ਚ ਕਈ ਚਰਚਾਂ ਨੂੰ ਵੀ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ ਹੈ। ਤਾਮਿਲ ਅਬਾਦੀ ’ਚ ਵੱਡੀ ਗਿਣਤੀ ਹਿੰਦ ਧਰਮ ਨੂੰ ਮੰਨਣ ਵਾਲਿਆਂ ਦੀ ਹੈ ਪਰ ਲਿਟੇ ’ਚ ਕਈ ਇਸਾਈ ਉੱਚੇ ਅਹੁਦਿਆਂ ’ਤੇ ਰਹੇ ਹਨ। ਸਿੰਘਲੀ ਬੋਧੀ, ਚਾਮਿਲ ਮੁਸਲਿਮ ਤੇ ਇਸਾਈਆਂ ਨੂੰ ‘ਸਿੰਘਲੀ ਦੇਸ਼’ ਲਈ ਖਤਰਾ ਮੰਨਦੇ ਹਨ ਅਤੇ ਭਾਰਤ ’ਚ ਹਿੰਦੂ ਫਾਂਸ਼ੀਵਾਦੀਆਂ ਵਾਂਗੂੰ ਉਹ ਖਾੜਕੂ ਕੌਮਵਾਦ ਦਾ ਪ੍ਰਚਾਰ ਕਰਦੇ ਹਨ। ਲਿਟੇ ਤੇ ਤਾਮਿਲ ਅਬਾਦੀ ਖਿਲਾਫ ਜਾ ਰਹੇ ਮੌਜੂਦ ਫੌਜੀ ਮੁਹਿੰਮ ਪਿੱਛੇ ਇਹ ਸਿੰਘਲੀ ਕੌਮਵਾਦ ਹੀ ਕੰਮ ਕਰ ਰਿਹਾ ਹੈ।

ਸਿੰਘਲੀ ਕੌਮਵਾਦ ਸਚਾਈ ਤੇ ਮਿਥਕ ਦਾ ਅਜੀਬ ਤਾਲਮੇਲ ਤਿਆਰ ਕਰਕੇ ਇਹ ਦਾਅਵਾ ਕਰਦਾ ਹੈ ਕਿ ਸਿੰਘਲੀ ਹੀ ਸ੍ਰੀ ਲੰਕਾ ਦੇ ਮੂਲ ਨਿਵਾਸੀ ਹਨ ਇਨ੍ਹਾਂ ਦਾ ਕਹਿਣਾ ਹੈ ਕਿ ਬਾਕੀ ਧਰਮ ਵਾਲਿਆਂ ਕੋਲ ਆਪਣੇ ਆਪਣੇ ਦੇਸ਼ ਰਾਸ਼ਟਰ ਹਨ ਜਦ ਕਿ ਸਿੰਘਲੀ ਬੌਧੀਆਂ ਕੋਲ ਸਿਰਫ ਸ੍ਰੀ ਲੰਕਾ ਹੈ। ਅੱਗੇ ਉਹ ਕਹਿੰਦੇ ਹਨ ਕਿ ਬਾਕੀ ਧਰਮ ਵਾਲਿਆਂ ਨੂੰ ਸ੍ਰੀ ਲੰਕਾ ਛੱਡ ਕੇ ਆਪਣੇ ਮੂਲ ਦੇਸ਼ ਵਾਪਸ ਚਲੇ। ਚਾਹੀਦਾ ਹੈ, ਜਿਵੇਂ ਤਾਮਿਲਾਂ ਨੂੰ ਭਾਰਤ ਦੇ ਤਾਮਿਲਨਾਡੂ ਵਿਚ ਚਲੇ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ੍ਰੀ ਲੰਕਾ ਨੂੰ ਖਾਲੀ ਕਰ ਦੇਣਾ ਚਾਹੀਦਾ ਹੈ। ਅਜਿਹਾ ਨਹੀਂ ਹੈ ਕਿ ਸਿੰਘਲੀ ਅੰਨੀ ਕੌਮ ਪ੍ਰਸਤੀ ਹੁਣੇ ਹਮਲਾਵਰ ਹੋਈ ਹੈ ਬਲਕਿ ਸ੍ਰੀ ਲੰਕਾ ਜੋ ਕਿ 1948 ’ਚ ਬ੍ਰਿਟਿਸ਼ ਬਸਤੀਵਾਦ ਤੋਂ ਮੁਕਤ ਹੋਇਆ ਉਦੋਂ ਤੋਂ ਹੀ ਤਾਮਿਲ ਤੇ ਹੋਰ ਘੱਟ ਗਿਣਤੀ ਖਿਲਾਫ ਹਮਲਾਵਰ ਰਿਹਾ ਹੈ। ਲੰਬੇ ਸਮੇਂ ਤੱਕ ਤਾਂ ਤਾਮਿਲ ਭਾਸ਼ਾ ਨੂੰ ਸ੍ਰੀ ਲੰਕਾ ਵੱਲੋਂ ਮਾਨਤਾ ਹੀ ਹਾਸਲ ਨਹੀਂ ਸੀ। 1978 ’ਚ ਜਾ ਕੇ ਹੀ ਤਾਮਿਲ ਭਾਸ਼ਾ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿੱਤਾ ਗਿਆ।

ਸ੍ਰੀ ਲੰਕਾ ’ਚ ਰਹਿਣ ਵਾਲੀ ਤਾਮਿਲ ਆਬਾਦੀ ਦਾ ਇਕ ਹਿੱਸਾ ਸਦੀਆਂ ਤੋਂ ਸ੍ਰੀ ਲੰਕਾ ’ਚ ਰਹਿ ਰਿਹਾ ਹੈ। ਜਦ ਕਿ ਇਕ ਵੱਡੇ ਹਿੱਸੇ ਨੂੰ 1830 ’ਚ ਬ੍ਰਿਟਿਸ ਬਸਤੀਵਾਦੀ ਚਾਹ ਬਾਗਾਂ ’ਚ ਕੰਮ ਕਰਾਉਣ ਲਈ ਦੱਖਣੀ ਭਾਰਤ ਤੋਂ ਲਿਆਏ ਸਨ। ਇਨ੍ਹਾਂ ‘ਭਾਰਤੀ ਤਾਮਿਲਾਂ’ ਨੂੰ ਨਵੀਂ ਵੱਖ ਹੋਈ ਸ੍ਰੀ ਲੰਕਾ ਦੀ ਸਰਕਾਰ ਨੇ ਸ੍ਰੀ ਲੰਕਾ ਦੀ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਪਿੱਛੋਂ ਸਿੰਘਲੀ ਬੋਧੀ ਖਾੜਕੂ ਰਾਸ਼ਟਰਵਾਦੀਆਂ ਦਾ ਦਬਾਅ ਕੰਮ ਕਰ ਰਿਹਾ ਸੀ। ਉਹ ਕੂੜ ਪ੍ਰਚਾਰ ਕਰ ਰਹੇ ਸਨ ਕਿ ਇਸ ਸ੍ਰੀ ਲੰਕਾ ਵਿਚ ਸਿੰਘਲੀ ਬੋਧੀਆਂ ਨੂੰ ਬਹੁਲਤਾ ਪ੍ਰਭਾਵਿਤ ਹੋਵੇਗੀ

ਅਤੇ ਸਿੰਘਲੀ ਰਾਸ਼ਟਰ ਨੂੰ ਖ਼ਤਰਾ ਬਣ ਜਾਵੇਗਾ।

ਤਾਮਿਲ ਅਬਾਦੀ 'ਚ ਪੰਜਾਹ ਦੇ ਦਹਾਕੇ 'ਚ ਤਾਮਿਲ ਭਾਸ਼ਾ ਨੂੰ ਕੌਮੀ ਭਾਸ਼ਾ ਅਤੇ ਸਿੱਖਿਆ ਤੇ ਕੰਮ ਕਾਜ ਦੀ ਭਾਸ਼ਾ ਬਣਾਉਣ ਸਬੰਧੀ 'ਸਵਭਾਸ਼ਾ' ਅੰਦੋਲਨ ਚਲਾਇਆ ਸੀ। ਇਸ ਅੰਦੋਲਨ ਦਾ ਸ੍ਰੀ ਲੰਕਾ ਦੀ ਸਰਕਾਰ ਨੇ ਬੇਰਹਿਮੀ ਨਾਲ ਜਬਰ ਕੀਤਾ। 1956 'ਚ ਜਦ ਸ੍ਰੀਲੰਕਾ ਦੀ ਸਰਕਾਰ ਨੇ ਵਾਹਨਾਂ 'ਤੇ ਸਾਰਿਆਂ ਨੂੰ ਸਿੰਘਲੀ ਭਾਸ਼ਾ 'ਚ ਨੰਬਰ ਪਲੇਟ ਲਾਉਣ ਲਈ ਮਜ਼ਬੂਤ ਕੀਤਾ ਤਾਂ ਇਸ ਦਾ ਵਿਰੋਧ ਹੋਇਆ। ਤਾਮਿਲ ਜਦ ਸਰਕਾਰ ਦੇ 'ਸਿੰਘਲੀ ਔਨਲੀ ਐਕਟ' ਦਾ ਸੰਸਦ ਅੱਗੇ ਵਿਰੋਧ ਕਰ ਰਹੇ ਸਨ ਤਾਂ ਤਾਮਿਲਾਂ ਖਿਲਾਫ਼ ਦੰਗੇ ਭੜਕ ਉੱਠੇ। ਇਨ੍ਹਾਂ ਦੰਗਿਆਂ ਵਿਚ ਪੁਲਿਸ ਤੇ ਦੰਗਾਈਆਂ ਦੇ ਹੱਥੋਂ 150 ਤੋਂ ਵੱਧ ਤਾਮਿਲ ਮਾਰੇ ਗਏ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਲੁੱਟ ਲਿਆ। ਤਾਮਿਲਾਂ ਨੂੰ ਨਾ ਸਿਰਫ ਸਿੰਘਲੀ ਭਾਸ਼ਾ ਵਿਚ ਪੜ੍ਹਨ ਲਿਖਣ ਲਈ ਮਜ਼ਬੂਰ ਕੀਤਾ ਜਾਣ ਲੱਗਿਆ ਬਲਕਿ ਸਰਕਾਰੀ ਨੌਕਰੀਆਂ 'ਤੇ ਵੀ ਉਨ੍ਹਾਂ ਖਾਤਰ ਅਣ ਐਲਾਨੀ ਪਾਬੰਦੀ ਲਾ ਦਿੱਤੀ। ਇਸ ਤਰ੍ਹਾਂ ਨਾਲ ਤਾਮਿਲਾਂ ਉੱਪਰ ਅਤਿਆਚਾਰ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ ਜਿਨ੍ਹੀ ਪੁਰਾਣੀ ਸ਼੍ਰੀਲੰਕਾ ਦੀ ਸਤਾ ਬਦਲੀ ਹੇ। ਇਸ ਤਰ੍ਹਾਂ ਇਹ ਇਤਿਹਾਸ ਕਰੀਬ 6 ਦਹਾਕੇ ਪੁਰਾਣਾ ਹੈ। 1970 ਦੇ ਦਹਾਕੇ ਦੇ ਅੰਤ ਤੇ 1980 ਦੇ ਦਹਾਕੇ ਦੇ ਸ਼ੁਰੂ 'ਚ ਤਾਮਿਲ ਹਥਿਆਰਬੰਦ ਵਿਦਰੋਹ ਸ਼ੁਰੂ ਹੁੰਦਾ ਹੈ। ਲਿਟੇ ਦਾ ਗਠਨ 1972 'ਚ ਪ੍ਰਭਾਕਰਨ ਵੱਲੋਂ ਕੀਤਾ ਗਿਆ।

ਲਿਟੇ ਦੀਆਂ ਕਾਰਵਾਈਆਂ 1983 'ਚ ਮੁੱਖ ਤੌਰ 'ਤੇ ਉਦੋਂ ਸਾਹਮਣੇ ਆਈਆਂ ਜਦ 1979 'ਚ ਅੱਤਵਾਦ ਦੀ ਰੋਕਥਾਮ ਦੇ ਨਾਂ 'ਤੇ ਇਕ ਕਾਲਾ ਕਾਨੂੰਨ 'ਪ੍ਰਵੇਂਸ਼ਨ ਆਫ ਟੇਰੋਰਿਜਮ ਐਕਟ' ਬਣਾਇਆ ਸੀ। ਇਸ ਐਕਟ ਤਹਿਤ ਪੁਲਿਸ ਕਿਸੇ ਵੀ ਬਿਨਾ ਮੁਕੱਦਮਾ ਚਲਾਏ 18 ਮਹੀਨਿਆਂ ਲਈ ਜ਼ੇਲ੍ਹ 'ਚ ਰੱਖ ਸਕਦਾ ਸੀ। ਨਿਰਦੋਸ਼ ਤਾਮਿਲਾਂ ਨੂੰ ਫਸਾਏ ਜਾਣ ਤੇ ਤਾਮਿਲ ਆਬਾਦੀ ਖਿਲਾਫ ਭੜਕੇ ਦੰਗਿਆਂ ਤੇ ਪੁਲਿਸ ਅਤਿਆਚਾਰਾਂ ਨੇ ਤਾਮਿਲ ਅਬਾਦੀ 'ਚ ਵੀ ਖਾੜਕੂ ਸੰਗਠਨਾਂ ਨੂੰ ਜਨਮ ਦਿੱਤਾ। ਤਾਮਿਲ ਅਬਾਦੀ ਖਿਲਾਫ਼ ਵਧਦੇ ਦੰਗੇ ਅਤੇ ਸਰਕਾਰ ਦੇ ਇਸ਼ਾਰੇ 'ਤੇ ਜਾਫਨਾ ਸਥਿਤ ਪ੍ਰਸਿੱਧ ਤਾਮਿਲ ਲਾਈਬਰੇਰੀ ਨੂੰ ਗੁੰਡਿਆਂ ਤੇ ਫੌਜੀਆਂ ਵੱਲੋਂ ਸਾੜ ਦੇਣ 'ਤੇ ਤਾਮਿਲਾਂ ਦਾ ਰੋਹ ਫੁੱਟ ਪਿਆ। ਇਸ ਰੋਹ ਨੂੰ ਇਕ ਅਵਾਜ਼ ਲਿੱਟੇ ਨੇ ਦਿੱਤੀ। 1983 'ਚ ਲਿਟੇ ਨੇ ਉਕਤ ਦੇ ਜੁਆਬ 'ਚ 13 ਫੌਜੀਆਂ ਦੀ ਹੱਤਿਆ ਕਰ ਦਿੱਤੀ। ਇਸ ਪਿੱਛੋਂ ਤਾਮਿਲ ਵਿਰੋਧੀ ਦੰਗੇ ਪੂਰੇ ਦੀਪ 'ਚ ਫੈਲ ਗਏ।

1980 ਦੇ ਦਹਾਕੇ ਤੋਂ ਹੁਣ ਤੱਕ ਇਤਿਹਾਸ ਲਿੱਟੇ 'ਤੇ ਸ੍ਰੀ ਲੰਕਾ ਦੀ ਸਰਕਾਰ ਦੇ ਭੀਸ਼ਣ ਸੰਘਰਸ਼ ਤੇ ਸਮਝੌਤਿਆਂ ਦਾ ਇਤਿਹਾਸ ਹੈ। ਪਿਛਲੇ ਦੋ ਸਾਲਾਂ ਵਿਚ ਸ੍ਰੀ ਲੰਕਾ ਦੀ ਫੌਜ ਵੱਲੋਂ ਲਿੱਟੇ 'ਤੇ ਭੀਸ਼ਣ ਹਮਲੇ ਕੀਤੇ ਹਮਲੇ ਕੀਤੇ ਗਏ, ਉਦੋਂ ਤੋਂ ਲਿੱਟੇ ਕਮਜ਼ੋਰ ਹੁੰਦਾ ਗਿਆ ਤੇ ਆਪਣੇ ਪ੍ਰਭਾਵ ਵਾਲੇ ਖੇਤਰ ਗੁਆਉਂਦਾ ਗਿਆ ਹੈ ਇਸ ਨਾਲ ਇਕ ਮੁੱਖ ਭੂਮਿਕਾ ਲਿਟੇ ਸੰਗਠਨ 'ਚ ਪਈ ਫੁਟ ਦੀ ਵੀ ਰਹੀ ਹੈ। ਲਿਟੇ ਨੂੰ ਖੜਾ ਕਰਨ 'ਚ ਭਾਰਤੀ ਹਾਕਮਾਂ ਦੀ ਵੀ ਵਿਸ਼ੇਸ਼ ਭੂਮਿਕਾ ਰਹੀ ਹੈ। ਭਾਰਤ ਸਰਕਾਰ ਨੇ ਲਿਟੇ ਨੂੰ ਫੌਜ ਸਿਖਲਾਈ ਤੋਂ ਲੈ ਕੇ ਹਥਿਆਰ ਤੱਕ ਮੁਹਈਆ ਕਰਵਾਏ। ਇਸ 'ਚ ਪਿੱਛੋਂ ਤਬਦੀਲੀ ਆਈ। ਰਾਜੀਵ ਗਾਂਧੀ ਦੀ ਹਕੂਮਤ ਸਮੇਂ ਸ੍ਰੀ ਲੰਕਾ 'ਚ 'ਸ਼ਾਂਤੀ ਸਥਾਪਨਾ' ਪਿੱਛੇ ਭਾਰਤ ਦੀ ਹਾਕਮ ਜਮਾਤ ਦੇ ਵਿਸਥਾਰਵਾਦੀ ਮਨਸੂਬੇ ਕੰਮ ਕਰ

ਰਹੇ ਸਨ। ਭਾਰਤੀ ਫੌਜ ਸ਼ਾਂਤੀ ਸਥਾਪਤ ਤਾਂ ਨਹੀਂ ਕਰ ਸਕੀ ਪਰ ਸਿੰਘਲੀ ਅਬਾਦੀ ਦੇ ਖਾੜਕੂ ਵਿਰੋਧ ਤੇ ਲਿਟੇ ਨਾਲ ਯੁੱਧ 'ਚ ਹਜ਼ਾਰਾਂ ਫੌਜੀਆਂ ਦੀ ਮੌਤ ਪਿੱਛੋਂ ਭਾਰਤੀ ਫੌਜ ਨੂੰ ਵਾਪਸ ਬੁਲਾਇਆ ਗਿਆ। 1991 'ਚ ਰਾਜੀਵ ਗਾਂਧੀ ਦੀ ਤਾਮਿਲ ਖਾੜਕੂਆਂ ਵੱਲੋਂ ਹੱਤਿਆ ਕਰ ਦਿੱਤੀ ਗਈ। ਉਦੋਂ ਤੋਂ ਭਾਰਤੀ ਹਾਕਮ ਜਮਾਤ ਲਿਟੇ ਖਿਲਾਫ ਰਹੀ ਹੈ। ਹਾਲ ਦੇ ਸਾਲਾਂ ਵਿਚ ਹੀ ਲਿਟੇ ਦੇ ਪੱਖ 'ਚ ਹਮਾਇਤ ਦੀ ਅਵਾਜ਼ ਤਾਮਿਲਨਾਡੂ ਦੀ ਸਥਾਨਕ ਰਾਜਨੀਤੀ ਤੋਂ ਆਈ। ਇਸ ਵਾਰੀ ਦੀ ਲੋਕ ਸਭਾ ਚੋਣਾਂ 'ਚ ਲਿਟੇ ਤੇ ਸ੍ਰੀ ਲੰਕਾ ਤਾਮਿਲਾਂ ਪ੍ਰਤੀ ਉਪਜੀ ਜਬਰਦਸਤੀ ਹਮਦਰਦੀ ਨੂੰ ਆਪਣੇ ਪੱਖ 'ਚ ਭੁਗਤਾਉਣ ਲਈ ਤਾਮਿਲ ਪਾਰਟੀਆਂ 'ਚ ਡੂੰਘੀ ਹੋੜ ਮੱਚੀ ਹੋਈ ਹੈ। ਸ੍ਰੀ ਲੰਕਾ ਸਰਕਾਰ ਦੀ ਮੌਜੂਦਾ ਫੌਜੀ ਮੁਹਿੰਮ ਇਹ ਤਾਂ ਕਰ ਸਕਦੀ ਹੈ ਕਿ ਪੂਰੇ ਦੇਸ਼ ਵਿਚ ਆਪਣਾ ਕੰਟਰੋਲ ਕਾਇਮ ਕਰ ਲਵੇ। ਲਿਟੇ ਪੂਰੀ ਤਰ੍ਹਾਂ ਖਤਮ ਵੀ ਹੋ ਜਾਵੇ ਪਰ ਤਾਮਿਲ ਅਬਾਦੀ ਦੀ ਵੱਖ ਦੇਸ਼ ਦੀ ਮੰਗ ਨੂੰ ਦਬਾਉਣਾ ਜਾਂ ਰੱਦ ਕਰਨਾ ਸ੍ਰੀ ਲੰਕਾ ਸਰਕਾਰ ਤੇ ਸਿੰਘਲੀ ਰਾਸ਼ਟਰਵਾਦੀਆਂ ਲਈ ਸੰਭਵ ਨਹੀਂ ਹੋ ਸਕਦਾ ਹੈ। ਸ੍ਰੀ ਲੰਕਾ ਦੀ ਸਰਕਾਰ ਇਕ ਰਾਜਸੀ ਸਮੱਸਿਆ ਦਾ ਫੌਜੀ ਹੱਲ ਕਰ ਰਹੀ ਹੈ ਰਾਜਸੀ ਨਹੀਂ। ਰਾਜਸੀ ਹੱਲ ਤਾਮਿਲ ਅਬਾਦ ਦੇ ਆਤਮ ਨਿਰਣੇ ਦੇ ਅਧਿਕਾਰ ਨੂੰ ਮਨਜ਼ੂਰ ਕਰਨ ਨਾਲ ਹੀ ਸ਼ੁਰੂ ਹੋਵੇਗਾ। ਫੌਜੀ ਹੱਲ, ਖਾੜਕੂ ਸਿੰਘਲੀ ਰਾਸ਼ਟਰਵਾਦ ਇਸ ਸਮੱਸਿਆ ਨੂੰ ਹੋਰ ਡੂੰਘਾ ਕਰਨ ਵੱਲ ਵਧਣਗੇ।

# ਮਜ਼ਦੂਰਾਂ ਲਈ ਨਵੀਂ ਪੈਨਸ਼ਨ ਯੋਜਨਾ

ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਸਰਕਾਰ ਭਾਰਤ ਦੀ ਮੇਹਨਤਕਸ਼ ਜਨਤਾ ਤੋਂ ਪੈਸਾ ਇਕੱਠਾ ਕਰਨ ਲਈ ਪੈਂਸ਼ਨ ਫੰਡ ਵਜੋਂ ਤੋਹਫ਼ਾ ਚਾਹੁੰਦੀ ਹੈ। ਮਜ਼ਦੂਰੀ ਦਿਵਸ ਦੇ ਦਿਨ ਭਾਰਤ ਦੇ ਸਭ ਸ਼ਹਿਰੀਆਂ ਲਈ ਨਵੀਂ ਪੈਨਸ਼ਨ ਯੋਜਨਾ ਦਾ ਐਲਾਨ ਸਰਕਾਰ ਦੇ ਅਦਾਰੇ ਪੈਂਸ਼ਨ ਫੰਡ ਰੇਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਨੇ ਕੀਤੀ ਹੈ। ਇਸ ਵਿਚ ਭਾਰਤ ਦਾ ਕੋਈ ਵੀ ਸ਼ਹਿਰੀ ਪੈਨਸ਼ਨ ਲਈ ਪੈਸਾ ਜਮਾ ਕਰ ਸਕਦਾ ਹੈ। ਪਹਿਲੀ ਉਹ ਜਿਸ ਵਿਚੋਂ ਤੁਸੀਂ ਪੈਸਾ ਕੱਢ ਨਹੀਂ ਸਕਦੇ, ਦੂਜੀ ਉਹ ਜਿਸ ਵਿਚੋਂ ਜਮ੍ਹਾ ਕੀਤਾ ਪੈਸਾ ਤੁਸੀਂ ਕੱਢ ਸਕਦੇ ਹੋ। ਅਜੇ ਤਾਂ ਮਈ ਦਿਵਸ ਤੋਂ ਪਹਿਲੀ ਕਿਸਮ ਦੀ ਯੋਜਨਾ ਜਿਸ 'ਚੋਂ ਪੈਸਾ ਕੱਢਿਆ ਨਹੀਂ ਜਾ ਸਕਦਾ, ਸ਼ੁਰੂ ਕੀਤੀ ਜਾ ਰਹੀ ਹੈ। ਦੂਜੀ ਛੇ ਮਹੀਨਿਆਂ ਤੱਕ ਸ਼ੁਰੂ ਹੋਵੇਗੀ। ਇਹ ਪੈਂਸ਼ਨ ਫੰਡ ਜਾਊ ਕਿੱਥੇ? ਇਸ ਲਈ ਮੈਨੇਜਰ ਨਿਯੁਕਤ ਹਨ ਜੋ ਪੈਂਸ਼ਨ ਫੰਡ 'ਚ ਜਮਾ ਕੁਲ ਧਨ ਨੂੰ ਤਿੰਨ ਥਾਵਾਂ 'ਤੇ ਖਰਚ ਕਰਨਗੇ। ਇਕ ਹਿੱਸਾ ਸ਼ੇਅਰ ਬਜ਼ਾਰ ਨੂੰ ਦਿੱਤਾ ਜਾਵੇਗਾ ਜਿਸ ਵਿਚ ਬੀ. ਐਸ. ਈ. ਤੇ ਨਿਫਟੀ ਦੇ ਸ਼ੇਅਰਾਂ ਵਿਚ ਪੈਸੇ ਲਾਏ ਜਾਣਗੇ। ਪੈਨਸ਼ਨ ਫੰਡ 'ਚ ਜਮ੍ਹਾ ਕੁਲ ਧਨ ਰਾਸ਼ੀ ਦੇ 50 ਫੀਸਦੀ ਤੱਕ ਨੂੰ ਇਸ ਵਿਚ ਲਾਇਆ ਜਾ ਸਕਦਾ ਹੈ। ਬਾਕੀ ਦੇ 50 ਫੀਸਦੀ 'ਚੋਂ ਸਰਕਾਰੀ ਪੂਰਤੀ ਤੇ ਬਜ਼ਾਰ ਦੇ ਉਧਾਰ ਵਾਲੇ ਖਾਤੇ ਵਿਚ ਲਾਇਆ ਜਾਵੇਗਾ। ਖਤਰੇ ਵਾਲੇ ਇਸ ਖਾਤੇ 'ਚ ਪੈਸਾ ਜਮ੍ਹਾ ਕਰਾਉਣ 'ਤੇ ਪਰਮਾਨੈਂਟ ਰਿਟਾਇਰਐਂਡ ਅਕਾਊਂਟ ਨੰਬਰ ਦਿੱਤਾ ਜਾਵੇਗਾ ਇਸ ਪੈਨਸ਼ਨ ਯੋਜਨਾ ਵਿਚ ਨਾ ਤਾਂ ਸਰਕਾਰ ਆਪਣੀ ਤਰਫੋਂ ਪੈਸੇ ਲਾਵੇਗੀ ਨਾ ਹੀ ਨੌਕਰੀ ਦਾਤਾ (ਜਿਥੇ ਮਜ਼ਦੂਰ ਕੰਮ ਕਰਦੇ ਹਨ ਉਥੋਂ ਦਾ ਮਾਲਕ) ਪੈਸੇ ਜਮ੍ਹਾ ਕਰੇਗਾ। ਮਜ਼ਦੂਰ ਦਿਵਸ ਤੇ ਸਰਕਾਰ ਨੂੰ ਐਸੀ ਸ਼ਾਨਦਾਰ ਯੋਜਨਾ ਪੇਸ਼ ਕਰਨ ਦੀ ਲੋੜ ਕਿਉਂ ਪਈ? ਇਸ ਤਰਫ਼ ਦੀ ਯੋਜਨਾ ਲਈ ਜਨਤਾ ਦੀ ਤਰਫੋਂ ਸਰਕਾਰ 'ਤੇ ਕੋਈ ਦਬਾਅ ਪਾਇਆ ਨਹੀਂ ਗਿਆ ਹੈ। ਫਿਰ ਵੀ ਸਰਕਾਰ ਨੂੰ ਨਾਗਰਿਕਾਂ ਦੀ ਯਾਦ ਆ ਗਈ ਹੈ। ਇਸ ਦੇ ਦੋ ਕਾਰਨ ਹਨ। ਇਕ ਪੂੰਜੀਵਾਦੀ ਸਰਕਾਰ ਦੇ ਸਾਹਮਣੇ ਖੜ੍ਹੀ ਆਰਥਕ ਮੰਦੀ ਹੈ। ਆਰਥਕ ਮੰਦੀ 'ਚ ਸਰਕਾਰ ਬਜ਼ਾਰ 'ਚ ਪੈਸਾ ਪਾਉਣਾ ਚਾਹੁੰਦੀ ਹੈ। ਸੰਕਟ ਗ੍ਰਸਿਤ ਸਰਮਾਏਦਾਰਾਂ ਦੀ ਮਦਦ ਕਰਨ ਲਈ ਵੱਡੇ ਵੱਡੇ ਪੈਕੇਜ ਦੇ ਚੁੱਕੀ ਹੈ ਅਤੇ ਅੱਗੇ ਦੇਣਾ ਚਾਹੇਗੀ। ਸਰਕਾਰ ਜਿਸ ਦਾ ਬਜਟ ਜੋ ਕਿ ਘਾਟੇ ਵਿਚ ਹੀ ਚਲਦਾ ਹੈ ਅਤੇ ਪੈਸਾ ਸਰਮਾਏਦਾਰਾਂ 'ਤੇ ਲਾ ਰਹੀ ਹੈ। ਤਦ ਅਜਿਹੇ ਮੌਕੇ ਸਰਕਾਰ ਕੋਲ ਪੈਸਾ ਕਿੱਥੋਂ ਆਊ। ਸਰਕਾਰ ਪੂੰਜੀਪਤੀਆਂ ਨੂੰ ਤਾਂ ਟੈਕਸਾਂ 'ਚ ਵੀ ਲਗਾਤਾਰ ਛੋਟ ਦੇ ਰਹੀ ਹੈ ਤਾਂ ਕਿ ਆਪਣੇ ਆਪ ਨੂੰ ਸੰਭਾਲ ਸਕੇ ਮੇਹਨਤਕਸ਼ ਲੋਕਾਂ 'ਤੇ ਟੈਕਸ ਲਾ ਰਹੀ ਹੈ। ਅਜਿਹੇ 'ਚ ਧਨ ਇਕੱਠਾ ਕਰਨ ਲਈ ਸਰਕਾਰ ਸਮੇਂ-ਸਮੇਂ 'ਤੇ ਅਜਿਹੀਆਂ ਵੱਖ ਵੱਖ ਤਰ੍ਹਾਂ ਦੀਆਂ ਯੋਜਨਾਵਾਂ ਲੈ ਕੇ ਆਉਂਦੀ ਹੈ। ਜਿਸ ਨਾਲ ਵੇਖਣ ਤੋਂ ਇਹ ਲੱਗਦਾ ਹੈ ਕਿ ਨਾਗਰਿਕਾਂ ਦੇ ਫਾਇਦੇ ਲਈ ਕੀ ਕੀਤਾ ਜਾ ਰਿਹਾ ਹੈ ਪਰ ਸਰਮਾਏਦਾਰਾਂ ਦੀ ਸਰਕਾਰ ਅਤੇ ਪੂਜੀਪਤੀਆਂ ਲਈ ਪੈਸਾ ਇਕੱਠਾ ਕੀਤਾ ਜਾ ਰਿਹਾ ਹੁੰਦਾ ਹੈ। ਅਜਿਹਾ ਸਿਰਫ ਭਾਰਤ ਦੀ ਪੂੰਜੀਪਤੀਆਂ ਦੀ ਸਰਕਾਰ ਨਹੀਂ ਕਰਦੀ ਬਲਕਿ ਸਭ ਪੂੰਜੀਵਾਦੀ ਸਰਕਾਰਾਂ

ਕਰਦੀਆਂ ਹਨ। ਅਮਰੀਕੀ ਸਰਕਾਰ ਦਾ ਬਜਟ ਵੀ ਘਾਟੇ ਦਾ ਹੈ ਅਤੇ ਉਹ ਵੀ ਉਧਾਰ ’ਤੇ ਜਾਂ ਅਜਿਹੇ ਫੰਡ ਨੂੰ ਇਕੱਠਾ ਕਰਕੇ ਕੰਮ ਚਲਾ ਰਹੀ ਹੈ। ਭਾਰਤ ਸਰਕਾਰ ਨੇ ਸਰਕਾਰੀ ਨੌਕਰੀਆਂ ਵਾਲਿਆਂ ਨੂੰ ਦਿੱਤੀ ਜਾਣ ਵਾਲੀ ਪੈਂਸ਼ਨ ਸਾਲ 2004 ’ਚ ਪਿੱਛੋਂ ਨਿਯੁਕਤ ਲੋਕਾਂ ਲਈ ਖਤਮ ਕਰ ਦਿੱਤੀ ਹੈ। ਮਜ਼ਦੂਰਾਂ ਲਈ ਪੱਕੀ ਨੌਕਰੀ ਦੀ ਥਾਂ ਠੇਕਾ ਪ੍ਰਣਾਲੀ ਪੱਕੀ ਕਰ ਦਿੱਤੀ ਹੈ। ਠੇਕੇਦਾਰੀ ’ਚ ਕੰਮ ਕਰਨ ਵਾਲਿਆਂ ਲਈ ਪੈਂਸ਼ਨ ਹੁੰਦੀ ਹੀ ਨਹੀਂ ਯਾਨੀ ਸਰਕਾਰ ਆਪਣੀ ਤਰਫੋਂ ਕੋਈ ਪੈਸਾ ਪੈਂਸ਼ਨ ’ਤੇ ਖਰਚ ਕਰਨਾ ਨਹੀਂ ਚਾਹੁੰਦੀ ਹੈ ਅਤੇ ਨਾ ਹੀ ਸਰਮਾਏਦਾਰਾਂ ਨੂੰ ਇਹ ਕਸ਼ਟ ਦੇਣਾ ਚਾਹੁੰਦੀ ਹੈ। ਪਰ ਪੈਂਸ਼ਨ ਦੇ ਨਾਂ ’ਤੇ ਫੰਡ ਜ਼ਰੂਰ ਇਕੱਠਾ ਕਰ ਸਕਦੀ ਹੈ ਜਿਸ ਨੂੰ ਸਰਮਾਏਦਾਰਾਂ ਨੂੰ ਮੁਨਾਫਾ ਕਮਾਉਣ ਲਈ ਦਿੱਤਾ ਜਾ ਸਕੇ। ਇਹ ਯੋਜਨਾ ਚੋਣਾਂ ਸਮੇਂ ਲਿਆਂਦੀ ਗਈ। ਤਾਂ ਕਿ ਲੋਕਾਂ ਸਾਹਮਣੇ ਆਪਣੇ ਆਪ ਨੂੰ ਲੋਕਾਂ ਦਾ ਸੇਵਕ ਹੋਣ ਦਾ ਢੌਂਗ ਕੀਤਾ ਜਾ ਸਕੇ। ਏਨਾ ਹੀ ਨਹੀਂ ਇਸ ਨੂੰ ਮਈ ਦਿਨ ਮੌਕੇ ਸ਼ੁਰੂ ਕੀਤਾ ਗਿਆ ਹੈ। ਅਤੇ ਮਜ਼ਦੂਰ ਦਿਨ ਦਾ ਤੋਹਫ਼ਾ ਕਿਹਾ ਗਿਆ ਹੈ। ਇਹ ਮਜ਼ਦੂਰ ਦਿਵਸ ਦਾ ਤੋਹਫ਼ਾ ਤਾਂ ਹੈ ਪਰ ਹੈ ਸਰਮਾਏਦਾਰਾਂ ਲਈ।

# ਮਜ਼ਦੂਰਾਂ ਨੂੰ ਮੇਹਨਤ ਦੇ ਬਾਵਜੂਦ ਵੀ ਥੱਪੜ

ਜੀ ਹਾਂ, ਇਹ ਜਪਾਨੀ ਕੰਪਨੀ ਹੈ ਜੋ ਸਰਾਏ ਖਵਾਜਾ (ਫਰੀਦਾਬਾਦ) ਦੇ ਕੋਲ ਸਥਿਤ ਹੈ। ਇਹ ਜਪਾਨ ਕੰਪਨੀ ਹਿੰਦੁਸਤਾਨ ਦੇ ਪੰਜ ਸ਼ਹਿਰਾਂ ਵਿਚ ਹੈ : ਫਰੀਦਾਬਾਦ, ਨੋਇਡਾ, ਪੂਨਾ, ਬੰਗਲੌਰ, ਗੁੜਗਾਵਾਂ। ਜੋ ਫਰੀਦਾਬਾਦ 'ਚ ਕੰਪਨੀ ਹੈ ਉਹ ਮਦਨ ਸਨ ਸੁਮੀ ਸਿਸਟਮ ਪ੍ਰਾਈਵੇਟ ਲਿਮਿਟੇਡ ਦੇ ਨਾਲ ਨਾਲ ਜਾਣੀ ਜਾਂਦੀ ਹੈ। ਇਹ ਫੈਕਟਰੀ ਮਰੂਤੀ ਤੇ ਮੋਟਰ ਸਾਈਕਲ ਦੀ ਵਾਇਰਿੰਗ ਹਾਰਨੇਸ ਬਣਾਉਂਦੀ ਹੈ। ਇਹ ਵਾਇਰ ਬਲਵ ਜਲਾਉਣ 'ਚ ਕੰਮ ਆਉਂਦੀ ਹੈ। ਇਸ ਦੇ ਗੇਟ 'ਤੇ ਕੋਈ ਵੀ ਬੋਰਡ ਨਹੀਂ ਹੈ ਅਤੇ ਅੰਦਰ ਕਦਮ ਕਦਮ 'ਤੇ ਬੋਰਡ ਲੱਗੇ ਹੋਏ ਹਨ ਜੋ ਕਿ ਕੰਪਨੀ ਦੇ ਹਿੱਤ ਵਿਚ ਹਨ। ਇਹ ਕੰਪਨੀ ਮਜ਼ਦੂਰਾਂ ਨੂੰ ਹਰਿਆਣਾ ਗ੍ਰੇਡ ਦਿੰਦੀ ਹੈ। ਈ. ਐਸ. ਆਈ. ਤੇ ਫੰਡ ਕੱਟਦੀ ਹੈ। ਸਾਲ 'ਚ ਸੱਠ ਛੁਟੀਆਂ ਦਿੰਦੀ ਹੈ ਅਤੇ ਡਬਲ ਓਵਰ ਟਾਇਮ ਦਿੰਦੀ ਹੈ। ਇਸ ਕੰਪਨੀ 'ਚ ਲਗਭਗ 2000 ਮਜ਼ਦੂਰ ਹਨ ਜਿਨ੍ਹਾਂ ਵਿਚ ਲੜਕੀਆਂ ਦੀ ਗਿਣਤੀ ਲੜਕਿਆਂ ਤੋਂ ਵੱਧ ਹੈ। ਲਗਭਗ 125 ਦਾ ਸਟਾਫ ਹੈ। ਫੈਕਟਰੀ 'ਚ ਤਿੰਨ ਸ਼ਿਫਟਾਂ ਚਲਦੀਆਂ ਹਨ ਸੁਬਾਹ 6-2 ਵਜੇ ਤੱਕ 2 ਤੋਂ 10 ਵਜੇ ਤੱਕ ਅਤੇ 10 ਤੋਂ 6 ਵਜੇ ਤੱਕ ਮਜ਼ਦੂਰਾਂ ਨੂੰ ਆਉਣ ਜਾਣ ਲਈ ਕੰਪਨੀ ਨੇ ਗੱਡੀ ਦਿੱਤੀ ਹੈ ਜੋ ਅੱਧਾ ਪੌਣਾ ਘੰਟਾ ਪਹਿਲਾਂ ਹੀ ਮਜ਼ਦੂਰਾਂ ਨੂੰ ਲੈ ਕੇ ਫੈਕਟਰੀ 'ਚ ਪਹੁੰਚ ਜਾਂਦੀ ਹੈ। ਘੰਟਾ ਪਹਿਲਾਂ ਹੀ ਮਜ਼ਦੂਰਾਂ ਨੂੰ ਲੈ ਕੇ ਫੈਕਟਰੀ 'ਚ ਪਹੁੰਚ ਜਾਂਦੀ ਹੈ। ਅਤੇ ਉਦੋਂ ਹੀ ਮਜ਼ਦੂਰਾਂ ਦੀ ਡਿਊਟੀ ਸ਼ੁਰੂ ਹੋ ਜਾਂਦੀ ਹੈ। ਬਸ ਫੜਨ ਲਈ ਮਜ਼ਦੂਰ ਇਕ ਘੰਟਾ ਪਹਿਲਾਂ ਸੜਕ ਤੇ ਖੜੇ ਹੋ ਜਾਂਦੇ ਹਨ ਨਹੀਂ ਤਾਂ ਬਸ ਨਿਕਲ ਜਾਂਦੀ ਹੈ। ਜੇ ਕੋਈ ਮਜ਼ਦੂਰ ਸਾਈਕਲ ਰਾਹੀਂ ਡਿਊਟੀ 'ਤੇ ਪਹੁੰਚਦਾ ਹੈ ਤਾਂ ਕਿਹਾ ਜਾਂਦਾ ਹੈ ਲਿਖੋ, ਅਸੀਂ ਪੰਦਰਾਂ ਮਿੰਟ ਲੇਟ ਪਹੁੰਚੇ ਹਾਂ। ਕੰਪਨੀ 'ਚ ਕੰਟੀਨ ਹੈ ਜਿੱਥੇ ਮਜ਼ਦੂਰਾਂ ਨੂੰ ਖਾਣਾ ਦਿੱਤਾ ਜਾਂਦਾ ਹੈ ਅਤੇ ਪਰ ਡੇ 7 ਰੁਪਏ ਤਨਖਾਹ 'ਚੋਂ ਕੱਟਿਆ ਜਾਂਦਾ ਹੈ ਅਤੇ ਦੋ ਚਾਹ। ਖਾਣੇ ਵਕਤ ਏਨੀ ਸਖਤੀ ਵਰਤੀ ਜਾਂਦੀ ਹੈ ਕਿ 2-3 ਮਿੰਟ ਲੇਟ ਜਾਓ ਅਤੇ 2-3 ਮਿੰਟ ਪਹਿਲਾਂ ਮਸ਼ੀਨ 'ਤੇ ਪਹੁੰਚ ਜਾਓ। ਸਟਾਫ ਵਾਲੇ ਤਾਂ ਖੁਦ ਏ. ਸੀ. 'ਚ ਬੈਠਦੇ ਹਨ ਅਤੇ ਮਜ਼ਦੂਰਾਂ ਲਈ ਪੱਖਾ ਵੀ ਚਾਲੂ ਨਹੀਂ ਕਰਦੇ। ਮਜ਼ਦੂਰਾਂ ਦੇ ਵੱਡੀ ਪੱਧਰ 'ਤੇ ਕਹਿਣ ਬਾਅਦ ਹੀ ਚਾਲੂ ਕਰਦੇ ਹਨ। ਕੰਪਨੀ 'ਚ ਦਸਵੀਂ ਪਾਸ ਮਜ਼ਦੂਰਾਂ ਨੂੰ ਰੱਖਦੇ ਹਨ। ਇਸ ਵਿਚ ਜ਼ਿਆਦਾਤਰ ਮਜ਼ਦੂਰ ਸਕੂਲ ਦੇ ਵਿਦਿਆਰਥੀ ਹਨ ਜੋ ਆਪਣੀਆਂ ਘਰੇਲੂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਲਈ ਕੰਮ 'ਤੇ ਲੱਗੇ ਹਨ। ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਕੰਪਨੀ ਕੀ ਹੈ। ਉਹ ਤਾਂ ਕੰਪਨੀ ਨੂੰ ਹੀ ਸਕੂਲ ਸਮਝਦੇ ਹਨ ਤਾਂ ਹੀ ਗਲਤੀ ਹੋ ਜਾਣ 'ਤੇ ਇਹ ਸਮਝ ਜਾਂਦੇ ਹਨ ਕਿ ਥੱਪੜ ਲਾਉਣ ਵਾਲੀ ਹੈ ਤੇ ਫੌਰਨ ਗਲ੍ਹ 'ਤੇ ਹੱਥ ਰੱਖ ਲੈਂਦੇ ਹਨ। ਇਸ 'ਤੇ ਸੀਮਾ ਮੈਡਮ ਕਹਿੰਦੀ ਹੈ ਗਲ੍ਹ ਤੋਂ ਹੱਥ ਚੁੱਕੋ ਅਤੇ ਜਦੋਂ ਹੀ ਹੱਥ ਚੁਕਦੇ ਹਨ ਤਾਂ ਇਕ ਜ਼ੋਰਦਾਰ ਥੱਪੜ ਉਨ੍ਹਾਂ ਦੀ ਗਲ੍ਹ ਨੂੰ ਲਾਲ ਕਰ ਦਿੰਦਾ ਹੈ। ਬੱਚੇ ਹੱਸਦੇ ਚਲੇ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਕੀ ਹੋਇਆ ਸਾਡੀ ਗਲਤੀ ਤੇ ਹੀ ਤਾਂ ਮਾਰਦੀ ਹੈ ਅਤੇ ਸਾਨੂੰ ਕੰਮ ਵੀ ਤਾਂ ਸਿਖਾਉਂਦੀ ਹੈ ਅਤੇ ਥੋੜੀ ਜਿਹੀ ਗਲਤੀ 'ਤੇ ਫੌਰਨ ਮੀਟਿੰਗ ਰੱਖੀ ਜਾਂਦੀ ਹੈ। ਪੈਦਾਵਾਰ ਏਨੀ

ਹੈ ਕਿ ਇਕ ਮਿੰਟ ਵੀ ਮਜ਼ਦੂਰਾਂ ਨੂੰ ਫੁਰਸਤ ਨਹੀਂ। ਕਦੀ ਕਦੀ ਤਾਂ ਡਿਊਟੀ ਖ਼ਤਮ ਹੋਣ ਪਿੱਛੋਂ ਹੀ ਮੀਟਿੰਗ ਰੱਖੀ ਜਾਂਦੀ ਹੈ। ਜਿੰਨਾ ਸਮਾਂ ਪਹਿਲਾਂ ਕੰਪਨੀ ਪਹੁੰਚੋ, ਉਨ੍ਹਾਂ ਸਮਾਂ ਹੀ ਬਾਅਦ 'ਚ ਘਰ ਪਹੁੰਚਦੇ ਹਨ। ਮੰਦੀ ਦੇ ਬਹਾਨੇ ਸਾਰੇ ਮਜ਼ਦੂਰਾਂ ਨੂੰ ਕੱਢ ਦਿੱਤਾ ਸੀ। ਫਿਰ ਤੋਂ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੂੰ ਮਜ਼ਦੂਰ ਅਸਾਨੀ ਨਾਲ ਮਿਲ ਜਾਂਦੇ ਹਨ ਇਸ ਲਈ ਆਸਾਨੀ ਨਾਲ ਕੱਢ ਵੀ ਦਿੱਤੇ ਜਾਂਦੇ ਹਨ। ਕੁਝ ਥਾਵਾਂ 'ਤੇ ਡੱਬੇ ਲਾ ਰੱਖੇ ਹਨ ਤੇ ਕਹਿੰਦੇ ਹਨ ਕਿ ਕੋਈ ਵੀ ਮਜ਼ਦੂਰ ਕੰਪਨੀ ਦੇ ਫਾਇਦੇ 'ਚ ਜੋ ਸੁਝਾਅ ਦਿਮਾਗ 'ਚ ਆਵੇ ਲਿਖਕੇ ਡੱਬੇ 'ਚ ਪਾਉਣ। ਜੇ ਸੁਝਾਅ ਪਸੰਦ ਆਇਆ ਤਾਂ ਕੰਪਨੀ ਇਨਾਮ ਦੇਵੇਗੀ ਮਜ਼ਦੂਰਾਂ ਦੇ ਸਿਰ 'ਤੇ ਪੈਦਾਵਰ ਦਾ ਭਾਰ ਕਿ ਉਠ ਨਾ ਸਕੇ ਫਿਰ ਵੀ ਮਜ਼ਦੂਰ ਕੰਪਨੀ ਦੇ ਹਿੱਤ ਵਿਚ ਸੁਝਾਅ ਲਿਖਦਾ ਹੈ ਅਤੇ ਇਨਾਮ 'ਚ ਮਜ਼ਦੂਰਾਂ ਨੂੰ ਥੱਪੜ। ਵਾਹ! ਪੂੰਜੀਵਾਦੀ ਪ੍ਰਬੰਧ! ਆਪਣੇ ਮੁਨਾਫੇ ਲਈ ਕਿਸੇ ਦੀ ਜਾਨ ਲੈ ਲਵੋ।

✪✪✪